Sri Guru Granth Sahib

ENGLISH & PUNJABI TRANSLATION

VOL. 1

Publisher :
Shiromani Gurdwara Parbandhak Committee,
Amritsar

130/-

ੴ

SRI GURU GRANTH SAHIB

(English & Panjabi Translation)

Vol. I

Translated by
MANMOHAN SINGH

SHIROMANI GURDWARA PARBANDHAK COMMITTEE
AMRITSAR

First Impression
1962
Second Edition
1981
Third Edition
1987
Fourth Edition
August, 1993
Fifth Edition
November, 1996
Sixth Edition
May, 2000
Seventh Edition
October, 2004
Eighth Edition
January, 2009

Distributed in India and abroad by
The Shiromani Gurdwara Parbandhak Committee,
Teja Singh Samundri Hall, Golden Temple,
AMRITSAR.

PRINTED IN INDIA

Printed by:
GOLDEN OFFSET PRESS (S.G.P.C.)
Gurdwara Ramsar, Amritsar.

Dedicated
to my beloved wife
Sardarni Ajaib Kaur
through whose encouragement
and service, this
Divine work is
accomplished.

ਤਤਕਰਾ CONTENTS

ਪਹਿਲੀ ਪੋਥੀ Ist Volume

ACKNOWLEDGEMENT

It is my pleasure to record my gratitude to various persons for their generous spirit and wholehearted co-operation in reading the manuscript.

M. S.

PREFACE

In the wake of partition of the country in 1947, the Divine Guru ingrained in me the intuition of translating Sri Guru Granth Sahib into English and Panjabi, so that the meaning of each word in the text may be found in the versions concerned.

However, the actual work of translation was commenced at Nabha, where I was then staying as a refugee from Lyallpur, at 1 P.M. on.12-4-1948, the birthday of the Khalsā Panth. The relevant hymn of the time from the Holy Sri Guru Granth Sahib reads as :—

ਸਾਰਗ ਮਹਲਾ ੫ ॥

ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥
ਪੇਖਿ ਆਇਓ ਸਰਬ ਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ॥ ੧ ॥ ਰਹਾਉ ॥
ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥
ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥ ੧ ॥
ਗੁਣ ਨਿਧਾਨ ਮਨ ਮੋਹਨ ਲਾਲਨ ਸੁਖਦਾਈ ਸਰਬਾਂਗੈ ॥
ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥ ੨ ॥ ੫ ॥ ੨੮ ॥

By the Guru's Grace the entire work of translation was fully completed at 8 A.M. on 8-8-1960, at Patiala and the order of the time from Sri Guru Granth Sahib reads as :—

ਸੂਹੀ ਮਹਲਾ ੫ ॥

ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥
ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥ ੧ ॥ ਰਹਾਉ ॥
ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥
ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥
ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥
ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥ ੨ ॥ ੩ ॥ ੪੩ ॥

Thenceforth the revision of the manuscript has been taken in hand and I am doing my best to complete it at the earliest.

I have not adhered to the interpretation in conformity with the grammatical rules, or the principles enunciated in Shabdarath but have taken the simpler view in harmony with Sikh faith and tenets. It is a single-handed effort and attempt with no extraneous financial or scholarly help from any quarter. Prior to commencing the printing of the first volume on 12. 1. 62, the auspicious occasion of the birthday of the Tenth Guru, Guru Gobind Singh, the blessings of Guru Teg Bahadar were invoked by means of an *Ardasa* at Gurdwara Dukhniwarn Sahib, Patiala, for the success of the mission. The entire work shall be printed in eight volumes, covering about five thousand pages of the size and pattern of this first volume which has already been got printed by me.

To facilitate the understanding of translation, the following points may kindly be borne in mind :

(i) To know the meaning of a particular word in the text, the corresponding numbers in the English and Panjabi versions may be seen.

(ii) In case of compound words the number precedes the first part and succeeds the second one.

(iii) The corresponding numbers in the columns are at the end of the word or words concerned.

(iv) To make full sense, read either the words in the first pair or in the second pair of brackets. The words in the second pair denote the literal meaning.

(v) The sole number shown within the lines of the text denotes the page of 1430 pages edition of Sri Guru Granth Sahib.

My endeavour has been throughout to be very faithful to the text and to avoid unnecessary dilations.

At my request made in May, 1962, the Shiromani Gurdwara Prabandhak Committee, Amritsar has very kindly consented to print and sell all the eight volumes of this translation of Sri Guru Granth Sahib, at no profit no loss basis, vide its resolution No. 596 of 30. 5. 1962. I take this opportunity to thank the S. G. P. C. heartily for the same and agree to the terms of aforesaid resolution with respectful feelings of indebtedness.

This rendering makes available to the S. G. P. C. the word for word version of text into Panjabi and English. It is possible now to translate the text specially from English into Urdu, Hindi and other foreign languages. I earnestly beseech the S. G. P. C. to move in this direction as well, by securing the services of suitable persons and thereby earn the blessings of the Great Guru by propagating His faith and mission.

During this stupendous task I have mainly consulted the following books and treatises with whose help and guidance I have succeeded in my undertaking :

(i) The Sikh Religion by Max Arthur Macauliffe.
(ii) Teeka of Sri Guru Granth Sahib (Faridkot).
(iii) Teeka Sri Guru Granth Sahib (by Bhai Bishan Singh Gyani).
(iv) Shabad Ratnakar by Bhai Kahan Singh ji Nabha.
(v) Sri Guru Granth Kosh.
(vi) English version of Sri Guru Granth Sahib by Dr. Gopal Singh (At revision stage only).
(vii) Dictionaries of various languages and descriptions.

Detailed information about the following would be printed in the 8th volume of this work :

(i) Glossary of the technical terms employed in the

Sri Guru Granth Sahib.

(ii) Miscellaneous Information.

(iii) Table of Contents and Index.

(iv) Addendum and Corrigendum.

By means of an *Ardasa* at the Golden Temple (Sri Harimander Sahib), Amritsar at 12-00 Noon on 3. 8. 1962, I made this humble offering of the printed first volume and other relevant record and papers unto the Great Guru and handed over the same to the S.G.P.C., as it is the only representative body of the Panth. May the Divine Guru grant it the power to accomplish the task it has taken upon itself.

Blessed blessed is the Lord incarnate Guru who has very mercifully bestowed this unique service unto me, a meritless slave of His.

Village & P. O. Mohi,
District Ludhiana
and
Village & P.O. Bhadaur,
District Sangrur.

MANMOHAN SINGH
Advocate
Kothi No. 21,
Sector 11-A,
Chandigarh
Aug 4, 1962

੧	1	੧
[2]੧ਓ[3][4]	There is but[3] one[2] God[4].	ਵਾਹਿਗੁਰੂ[4] ਕੇਵਲ[3] ਇਕ[2] ਹੈ ।
ਸਤਿਨਾਮੁ[5] ਕਰਤਾ[6] ਪੁਰਖੁ[7] [8]ਨਿਰਭਉ[9] [11]ਨਿਰਵੈਰੁ[10] [12]ਅਕਾਲ[13] ਮੂਰਤਿ[14] ਅਜੂਨੀ[15] ਸੈਭੰ[16] ਗੁਰ[17] ਪ੍ਰਸਾਦਿ[18] ॥	True[5] is His Name, creative[6] His personality[7] and [12]immortal[13] His form[14]. He is without[8] fear[9], sans[11] enmity[10], unborn[15] and self-illumined[16]. By the Guru's[17] grace[18] (He is obtained).	ਸੱਚਾ[5] ਹੈ ਉਸ ਦਾ ਨਾਮ, ਰਚਨਹਾਰ[6] ਉਸ ਦੀ ਵਿਅਕਤੀ[7] ਅਤੇ [12]ਅਮਰ[13] ਉਸ ਦਾ ਸਰੂਪ[14] । ਉਹ [8]ਨਿਡਰ[9], ਕੀਨਾ[10]-ਰਹਿਤ[11], ਅਜਨਮਾ[15] ਤੇ ਸ੍ਵੈ-ਪ੍ਰਕਾਸ਼ਵਾਨ[16] ਹੈ । ਗੁਰਾਂ[17] ਦੀ ਦਯਾ[18] ਦੁਆਰਾ (ਉਹ ਪਰਾਪਤ ਹੁੰਦਾ ਹੈ) ।
॥ ਜਪੁ[19]॥	Embrace His meditation[19].	ਉਸ ਦਾ ਸਿਮਰਨ[19] ਕਰ ।
ਆਦਿ[20] ਸਚੁ[21] ਜੁਗਾਦਿ[22] ਸਚੁ ॥ ਹੈ ਭੀ[25] ਸਚੁ ਨਾਨਕ ਹੋਸੀ[23] ਭੀ[24] ਸਚੁ ॥੧॥	True[21] in the prime[20], True in the beginning of ages[22], True He is even now[25] and True He, verily[24], shall be[23], O Nanak !	ਪਰਾਰੰਭ[20] ਵਿਚ ਸੱਚਾ[21], ਯੁਗਾਂ ਦੇ ਸ਼ੁਰੂ[22] ਵਿਚ ਸੱਚਾ, ਸੱਚਾ ਉਹ ਹੁਣ ਭੀ[25] ਹੈ ਅਤੇ ਹੇ ਨਾਨਕ ! ਨਿਸਚਿਤ[24] ਹੀ, ਉਹ ਸੱਚਾ ਹੋਵੇਗਾ[23] ।
ਸੋਚੈ[26] ਸੋਚਿ[27] ਨ ਹੋਵਈ ਜੇ[29] ਸੋਚੀ ਲਖ ਵਾਰ[28] ॥	By pondering[26], man cannot have a conception[27] of God, even though[29] he may ponder over lacs of time[28].	ਵਿਚਾਰ[26] ਕਰਨ ਦੁਆਰਾ ਵਾਹਿਗੁਰੂ ਦੀ ਗਿਆਤ[27] ਨਹੀਂ ਹੁੰਦੀ, ਭਾਵੇਂ[29] ਆਦਮੀ ਲੱਖਾਂ ਵਾਰੀ[28] ਵਿਚਾਰ ਪਿਆ ਕਰੇ ।
ਚੁਪੈ[34] ਚੁਪ[30] ਨ ਹੋਵਈ[35] ਜੇ[32] ਲਾਇ ਰਹਾ[31] ਲਿਵ ਤਾਰ[33] ॥	Even though[32] one be silent[34] and remains absorbed[31] constantly[33] he obtains[35] not mind's silence[30].	ਭਾਵੇਂ[32] ਬੰਦਾ ਚੁਪ ਕਰ ਰਹੇ[34] ਅਤੇ ਲਗਾਤਾਰ[33] ਧਿਆਨ ਅੰਦਰ ਲੀਨ[31] ਰਹੇ, ਉਸ ਨੂੰ ਮਨ ਦੀ ਸ਼ਾਂਤੀ[30] ਪਰਾਪਤ[35] ਨਹੀਂ ਹੁੰਦੀ ।
ਭੁਖਿਆ[36] ਭੁਖ ਨ ਉਤਰੀ[37] ਜੇ ਬੰਨਾ[38] ਪੁਰੀਆ[39] ਭਾਰ[40] ॥	The hunger of the hungry[36] departs[37] not, even though he may pile up[38] loads[40] of the worlds[39] (valuables).	ਖੁਧਿਆਵੰਤਾਂ[36] ਦੀ ਖੁਧਿਆ ਦੂਰ[37] ਨਹੀਂ ਹੁੰਦੀ, ਭਾਵੇਂ ਉਹ ਜਹਾਨਾਂ[39] (ਦੇ ਪਦਾਰਥਾਂ) ਦੀਆਂ ਪੰਡਾਂ[40] ਦੇ ਢੇਰ ਹੀ ਕਿਉਂ ਨਾ ਲਾ[38] ਲੈਣ ।
ਸਹਸ[41] ਸਿਆਣਪਾ[42] ਲਖ ਹੋਹਿ[43] ਤ[44] ਇਕ ਨ ਚਲੈ[45] ਨਾਲਿ[46] ॥	Man may possess[43] thousands[41] and lacs of wits[42], but[44] not even one goes[45] with[46] (him) or (avails him in the Lord's court).	ਇਨਸਾਨ ਦੇ ਕੋਲ ਹਜ਼ਾਰਾਂ[41] ਤੇ ਲੱਖਾਂ ਅਕਲ-ਮੰਦੀਆਂ[42] ਹੋਣ[43], ਪਰ[44] ਇਕ ਭੀ (ਉਸ ਦੇ) ਨਾਲ[46] ਨਹੀਂ ਜਾਂਦੀ[45] (ਸਾਈਂ ਦੇ ਦਰਬਾਰ ਅੰਦਰ ਉਸ ਨੂੰ ਲਾਭ ਨਹੀਂ ਪੁਚਾਉਂਦੀ) ।
ਕਿਵ[47] ਸਚਿਆਰਾ[48] ਹੋਈਐ ਕਿਵ ਕੂੜੈ[49] ਤੁਟੈ[50] ਪਾਲਿ[51] ॥ ਹੁਕਮਿ[52] ਰਜਾਈ[53] ਚਲਣਾ[54] ਨਾਨਕ ਲਿਖਿਆ[55] ਨਾਲਿ ॥੧॥	How[47] can we be true[48] and how can the screen[51] of untruth[49] be rent[50] ? By obeying[54], O Nanak ! the pre-ordained[55] order[52] of the Lord of will[53].	ਅਸੀਂ ਕਿਸ ਤਰ੍ਹਾਂ[47] ਸੱਚੇ[48] ਹੋ ਸਕਦੇ ਹਾਂ ਅਤੇ ਕਿਸ ਤਰ੍ਹਾਂ ਝੂਠ[49] ਦਾ ਪੜਦਾ[51] ਪਾੜਿਆ[50] ਜਾ ਸਕਦਾ ਹੈ ? ਹੇ ਨਾਨਕ ! ਮਰਜ਼ੀ ਦੇ ਮਾਲਕ[53] ਦੇ ਧੁਰ ਦੇ ਲਿਖੇ[55] ਹੋਏ ਫ਼ੁਰਮਾਨ[52] ਦੇ ਮੰਨਣ[54] ਦੁਆਰਾ ।
ਹੁਕਮੀ[56] ਹੋਵਨਿ[57] ਆਕਾਰ[58] ਹੁਕਮੁ ਨ ਕਹਿਆ[59] ਜਾਈ ॥	By the Lord's order[56] bodies[58] are produced[57]. His order cannot be narrated[59].	ਸਾਈਂ ਦੇ ਅਮਰ[56] ਦੁਆਰਾ ਸਰੀਰ[58] ਬਣਦੇ[57] ਹਨ । ਉਸ ਦਾ ਅਮਰ ਵਰਨਣ[59] ਕੀਤਾ ਨਹੀਂ ਜਾ ਸਕਦਾ ।

ਹੁਕਮੀ ਹੋਵਨਿ[60] ਜੀਅ[61] ਹੁਕਮਿ ਮਿਲੈ[62] ਵਡਿਆਈ[63] ॥	With His fiat the souls[61] come into being[60] and with His fiat greatness[63] is obtained[62].	ਉਸ ਦੇ ਫ਼ੁਰਮਾਨ ਨਾਲ ਰੂਹਾਂ[61] ਹੋਂਦ ਵਿਚ ਆਉਂਦੀਆਂ[60] ਹਨ ਅਤੇ ਉਸ ਦੇ ਫ਼ੁਰਮਾਨ ਨਾਲ ਹੀ ਮਾਨ[63]ਪਰਾਪਤ[62] ਹੁੰਦਾ ਹੈ।
ਹੁਕਮੀ ਉਤਮੁ[64] ਨੀਚੁ[65] ਹੁਕਮਿ ਲਿਖਿ[66]ਦੁਖ[67]ਸੁਖ[68] ਪਾਈਅਹਿ ॥	By His command the mortals are made high[64] and low[65] and by His written[66] command they obtain woe[67] and weal[68].	ਉਸ ਦੇ ਫ਼ੁਰਮਾਨ ਦੁਆਰਾ ਪ੍ਰਾਨੀ ਚੰਗੇ[64] ਤੇ ਮੰਦੇ[65] ਹੁੰਦੇ ਹਨ ਅਤੇ ਉਸ ਦੇ ਲਿਖੇ[66] ਫ਼ੁਰਮਾਨ ਦੁਆਰਾ ਹੀ ਉਹ ਗ਼ਮੀ[67] ਤੇ ਖ਼ੁਸ਼ੀ[68] ਪਾਉਂਦੇ ਹਨ।
ਇਕਨਾ[69]ਹੁਕਮੀ ਬਖਸੀਸ[70] ਇਕਿ ਹੁਕਮੀ ਸਦਾ[71] ਭਵਾਈਅਹਿ[72] ॥	Some[69] obtain gifts[70] through His order and some through His order are ever[71] made to wander[72] in transmigration.	ਕਈਆਂ ਨੂੰ[69] ਉਸ ਦੀ ਆਗਿਆ ਰਾਹੀਂ ਦਾਤ[70] ਮਿਲਦੀਆਂ ਹਨ ਅਤੇ ਕਈ ਉਸ ਦੀ ਆਗਿਆ ਰਾਹੀਂ ਆਵਾਗਉਣ ਅੰਦਰ ਸਦੀਵ[71] ਹੀ ਭੁਆਈਦੇ[72] ਹਨ।
ਹੁਕਮੈ ਅੰਦਰਿ[74] ਸਭੁ ਕੋ[73] ਬਾਹਰਿ[75] ਹੁਕਮ ਨ ਕੋਇ ॥ ਨਾਨਕ ਹੁਕਮੈ ਜੇ[76] ਬੁਝੈ[77] ਤ[78] ਹਉਮੈ[79] ਕਹੈ[80] ਨ ਕੋਇ ॥੨॥	All[73] are subject[74] to His fiat and none is exempt[75] from His fiat. O Nanak ! If[76] man were to understand[77] Lord's fiat, then[78] no one would take[80] pride[79].	ਸਾਰੇ[73] ਉਸ ਦੇ ਅਮਰ ਵਿਚ[74] ਹਨ ਅਤੇ ਉਸ ਦੇ ਅਮਰ ਤੋਂ ਬਾਹਰ[75] ਕੋਈ ਨਹੀਂ। ਹੇ ਨਾਨਕ ! ਜੇਕਰ[76] ਇਨਸਾਨ ਪ੍ਰਭੂ ਦੇ ਫ਼ੁਰਮਾਨ ਨੂੰ ਸਮਝ[77] ਲਵੇ, ਤਦ[78] ਕੋਈ ਭੀ ਹੰਕਾਰ[79] ਨਾ ਕਰੇ[80]।
ਗਾਵੈ[81] ਕੋ[82] ਤਾਣੁ[83] ਹੋਵੈ ਕਿਸੈ[84] ਤਾਣੁ[85] ॥	Who[82] can sing[81] His might[83] ? Who[84] has power[85] to sing it ?	ਉਸਦੀ ਸ਼ਕਤੀ[83]ਨੂੰ ਕੌਣ[82] ਗਾਇਨ[81] ਕਰ ਸਕਦਾ ਹੈ ? ਇਸ ਨੂੰ ਗਾਇਨ ਕਰਨ ਦਾ ਕੀਹਦੇ[84] ਕੋਲ ਬਲ[85] ਹੈ ?
ਗਾਵੈ[89] ਕੋ ਦਾਤਿ[86] ਜਾਣੈ[87] ਨੀਸਾਣੁ[88] ॥	Who can sing[89] His bounties[86] and know[87] His resplendent effulgence[88] ?	ਕੌਣ ਉਸ ਦੀਆਂ ਬਖ਼ਸ਼ੀਸ਼ਾਂ[86] ਨੂੰ ਅਲਾਪ[89] ਅਤੇ ਉਸ ਦੇ ਨੂਰਾਨੀ ਪਰਤਾਪ[88] ਨੂੰ ਸਮਝ[87] ਸਕਦਾ ਹੈ ?
ਗਾਵੈ[93] ਕੋ ਗੁਣ[90] ਵਡਿਆਈਆ[91] ਚਾਰ[92] ॥	Some chant[93] the Lord's beautiful[92] excellences[90] and magnificences[91].	ਕਈ ਸੁਆਮੀ ਦੀਆਂ ਸੁੰਦਰ[92] ਵਡਿਆਈਆਂ[90] ਅਤੇ ਬਜ਼ੁਰਗੀਆਂ[91] ਗਾਇਨ[93] ਕਰਦੇ ਹਨ।
੨	2	੨
ਗਾਵੈ ਕੋ ਵਿਦਿਆ[94]ਵਿਖਮੁ[95] ਵੀਚਾਰੁ[96] ॥	Who can chant (God's) knowledge[94], whose study[96] is arduous[95] ?	(ਵਾਹਿਗੁਰੂ ਦੇ) ਇਲਮ[94] ਨੂੰ, ਜਿਸ ਦੀ ਸੋਚ ਵਿਚਾਰ[96] ਕਠਨ[95] ਹੈ, ਕੌਣ ਗਾ ਸਕਦਾ ਹੈ ?
ਗਾਵੈ ਕੋ ਸਾਜਿ ਕਰੇ[97] ਤਨੁ[98] ਖੇਹ[99] ॥	Some sing that (He) fashions[97] the body[98](and then) reduces it to dust[99].	ਕਈ ਇਕ ਗਾਇਨ ਕਰਦੇ ਹਨ ਕਿ (ਉਹ) ਦੇਹ[98] ਨੂੰ ਰਚਦਾ[97] ਹੈ (ਤੇ ਫੇਰ) ਇਸ ਨੂੰ ਮਿੱਟੀ[99] ਕਰ ਦਿੰਦਾ ਹੈ।
ਗਾਵੈ ਕੋ ਜੀਅ[100] ਲੈ[2] ਫਿਰਿ[3] ਦੇਹ[4] ॥	Some sing (that God) takes away[2] life[100] and again[3] restores[4] it.	ਕਈ ਇਕ ਗਾਇਨ ਕਰਦੇ ਹਨ (ਕਿ ਵਾਹਿਗੁਰੂ) ਪ੍ਰਾਣ[100] ਲੈ ਲੈਂਦਾ[2] ਹੈ ਤੇ ਮੁੜ[3] ਵਾਪਸ[4] ਦੇ ਦਿੰਦਾ ਹੈ।
ਗਾਵੈ ਕੋ ਜਾਪੈ[5] ਦਿਸੈ[6] ਦੂਰਿ[7] ॥	Some sing (that God) seems[5] and appears[6] to be far off[7].	ਕਈ ਗਾਇਨ ਕਰਦੇ ਹਨ (ਕਿ ਹਰੀ) ਦੁਰੇਡੇ[7] ਮਲੂਮ ਹੁੰਦਾ[5] ਅਤੇ ਸੁੱਝਦਾ[6] ਹੈ।
ਗਾਵੈ ਕੋ ਵੇਖੈ[8] ਹਾਦਰਾ ਹਦੂਰਿ[9] ॥	Some sing (that He) is beholding[8] (us) just face to face[9].	ਕਈ ਗਾਇਨ ਕਰਦੇ ਹਨ (ਕਿ ਉਹ ਸਾਨੂੰ) ਐਨ ਪਰਤੱਖ[9] ਹੀ ਦੇਖ[8] ਰਿਹਾ ਹੈ।
ਕਥਨਾ[10] ਕਥੀ[11] ਨ ਆਵੈ ਤੋਟਿ[12] ॥	There is no dearth[12](of persons) who dwell upon[11](the Lord's)discourses[10].	(ਗੋਬਿੰਦ ਦੀਆਂ) ਗਿਆਨ ਗੋਸਟਾਂ[10] ਵਿਚਾਰਨ[11] ਵਾਲਿਆਂ (ਪੁਰਸ਼ਾਂ) ਦੀ ਕੋਈ ਕਮੀ[12] ਨਹੀਂ।

ਕਥਿ[13] ਕਥਿ[14] ਕਥੀ[15] ਕੋਟੀ ਕੋਟਿ[16] ਕੋਟਿ[17] ॥	Millions[16] give[15] millions upon millions[17] of descriptions[13] and sermons[14] (regarding God).	ਕਰੋੜਾਂ[16] ਹੀ (ਹਰੀ ਬਾਰੇ) ਕਰੋੜਾਂ ਉਤੇ ਕਰੋੜਾਂ[17] ਬਿਆਨ[13] ਅਤੇ ਧਰਮ-ਭਾਸ਼ਨ[14] ਦਿੰਦੇ[15] ਹਨ।
ਦੇਦਾ[18] ਦੇ[19] ਲੈਦੇ[20] ਥਕਿ ਪਾਹਿ[21] ॥	The Giver[18] continues giving[19] (but) the recipients[20] grow weary[21] of receiving.	ਦੇਣ ਵਾਲਾ[18] ਦੇਈ[19] ਜਾਂਦਾ ਹੈ (ਪਰੰਤੂ) ਲੈਣ ਵਾਲੇ[20] ਲੈ ਕੇ ਹਾਰ ਹੁਟ[21] ਜਾਂਦੇ ਹਨ।
ਜੁਗਾ ਜੁਗੰਤਰਿ[22] ਖਾਹੀ[23] ਖਾਹਿ[24] ॥	All the ages through[22] the partakers[23] partake[24] (of His provisions).	ਸਮੂਹ ਜੁਗਾਂ[22] ਅੰਦਰ ਖਾਣ ਵਾਲੇ[23] (ਉਸ ਦੇ ਪਦਾਰਥਾਂ ਨੂੰ) ਖਾਂਦੇ[24] ਹਨ।
ਹੁਕਮੀ[25] ਹੁਕਮੁ[26] ਚਲਾਏ[27] ਰਾਹੁ[28] ॥	The Commander[25], by His command[26], makes (all) walk[27] on His path[28].	ਹਾਕਮ[25], ਆਪਣੇ ਅਮਰ[26] ਦੁਆਰਾ (ਸਭ) ਨੂੰ ਆਪਣੇ ਰਸਤੇ[28] ਉਤੇ ਟੋਰਦਾ[27] ਹੈ।
ਨਾਨਕ ਵਿਗਸੈ[29] ਵੇਪਰਵਾਹੁ[30] ॥੩॥	O Nanak ! the carefree Master[30] makes merry[29].	ਹੇ ਨਾਨਕ ! ਬੇ-ਮੁਹਤਾਜ ਮਾਲਕ[30] ਮੌਜਾਂ ਮਾਣਦਾ[29] ਹੈ।
ਸਾਚਾ[31] ਸਾਹਿਬੁ[32] ਸਾਚੁ ਨਾਇ[33] ਭਾਖਿਆ[34] ਭਾਉ[35] ਅਪਾਰੁ[36] ॥	True[31] is the Lord[32], true His Name[33] and the true have repeated[34] His Name with infinite[36] love[35].	ਸੱਚਾ[31] ਹੈ ਸੁਆਮੀ[32], ਸੱਚਾ ਹੈ ਉਸਦਾ ਨਾਮ[33] ਅਤੇ ਸਚਿਆਰਾਂ ਨੇ ਉਸ ਦੇ ਨਾਮ ਨੂੰ ਬੇਅੰਤ[36] ਪਿਆਰ[35] ਨਾਲ ਉਚਾਰਨ[34] ਕੀਤਾ ਹੈ।
ਆਖਹਿ[37] ਮੰਗਹਿ[38] ਦੇਹਿ[39] ਦੇਹਿ ਦਾਤਿ[40] ਕਰੇ ਦਾਤਾਰੁ[41] ॥	People pray[37] and beg[38]: "give[39] us alms, give us alms", and the bestower[41] bestows His gifts[40].	ਲੋਕੀਂ ਪ੍ਰਾਰਥਨਾ[37] ਤੇ ਯਾਚਨਾ[38] ਕਰਦੇ ਹਨ : "ਸਾਨੂੰ ਖੈਰ[39] ਪਾ, ਸਾਨੂੰ ਖੈਰ ਪਾ", ਤੇ ਦਾਤਾ[41] ਬਖ਼ਸ਼ਿਸ਼[40] ਕਰਦਾ ਹੈ।
ਫੇਰਿ[42] ਕਿ[43] ਅਗੈ[44] ਰਖੀਐ[45] ਜਿਤੁ[46] ਦਿਸੈ[47] ਦਰਬਾਰੁ[48] ॥	Then[42], what[43] should be placed[45] before[44] Him where-by[46] His court[48] may be seen[47]?	ਤਾਂ[42], ਉਸ ਦੇ ਅਗੇ[44] ਕੀ[43] ਧਰਿਆ[45] ਜਾਵੇ ਜਿਸ ਦੁਆਰਾ[46] ਉਸ ਦੀ ਦਰਗਾਹ[48] ਦਾ ਦਰਸ਼ਨ ਹੋ ਜਾਵੇ[47] ?
ਮੁਹੌ[49] ਕਿ[50] ਬੋਲਣੁ[51] ਬੋਲੀਐ[52] ਜਿਤੁ[53] ਸੁਣਿ ਧਰੇ[54] ਪਿਆਰੁ[55] ॥	Which[50] words[51] should we utter[52] with our mouths[49] by hearing which[53], He may begin to bear[54] us love[55]?	ਅਸੀਂ ਆਪਣੇ ਮੁੱਖਾਂ[49] ਤੋਂ ਕੇਹੜੇ[50] ਬਚਨ[51] ਉਚਾਰਨ[52] ਕਰੀਏ ਜਿੰਨ੍ਹਾਂ[53] ਨੂੰ ਸਰਵਣ ਕਰਕੇ, ਉਹ ਸਾਡੇ ਨਾਲ ਮੁਹੱਬਤ[55] ਕਰਨ[54] ਲੱਗ ਜਾਵੇ ?
ਅੰਮ੍ਰਿਤ ਵੇਲਾ[56] ਸਚੁ ਨਾਉ[57] ਵਡਿਆਈ[58] ਵੀਚਾਰੁ[59] ॥	Early in the morning[56] utter the True Name[57] and reflect[59] upon God's greatness[58].	ਸੁਬ੍ਹਾ ਸਵੇਰੇ[56] ਸਤਿਨਾਮ[57] ਦਾ ਉਚਾਰਨ ਕਰ ਅਤੇ ਵਾਹਿਗੁਰੂ ਦੀਆਂ ਬਜ਼ੁਰਗੀਆਂ[58] ਦਾ ਧਿਆਨ[59] ਧਰ।
ਕਰਮੀ[60] ਆਵੈ[61] ਕਪੜਾ[62] ਨਦਰੀ[63] ਮੋਖੁ[64] ਦੁਆਰੁ[65] ॥	By good actions[60] the physical robe[62] is obtained[61] and by the Lord's benediction[63] the gate[65] of salvation[64].	ਚੰਗੇ ਅਮਲਾਂ[60] ਦੁਆਰਾ ਦੇਹ ਪੁਸ਼ਾਕ[62] ਪਰਾਪਤ[61] ਹੁੰਦੀ ਹੈ ਅਤੇ ਸੁਆਮੀ ਦੀ ਦਯਾ[63] ਦੁਆਰਾ ਮੁਕਤੀ[64] ਦਾ ਦਰਵਾਜ਼ਾ[65]।
ਨਾਨਕ ਏਵੈ[66] ਜਾਣੀਐ[67] ਸਭੁ[68] ਆਪੇ[69] ਸਚਿਆਰੁ[70] ॥੪॥	Know[67] thus[66], O Nanak ! that the True One[70] is all[68] by Himself[69].	ਇਸ ਤਰ੍ਹਾਂ[66] ਸਮਝ[67] ਲੈ, ਹੇ ਨਾਨਕ ! ਕਿ ਸਤਿਪੁਰਖ[70] ਸਾਰਾ[68] ਕੁਛ ਆਪਣੇ[69] ਆਪ ਤੋਂ ਹੀ ਹੈ।
ਥਾਪਿਆ[71] ਨ ਜਾਇ ਕੀਤਾ[72] ਨ ਹੋਇ ॥ ਆਪੇ ਆਪਿ[73] ਨਿਰੰਜਨੁ[74] ਸੋਇ[75] ॥	That[75] Pure One[74] is all in all Himself[73]. He[75] is neither established[71] nor created[72] by any one.	ਉਹ[75] ਪਵਿਤਰ ਪੁਰਖ[74] ਸਾਰਾ ਕੁਛ ਆਪ[73] ਹੀ ਹੈ। ਉਹ ਕਿਸੇ ਦਾ ਨਾ ਅਸਥਾਪਨ[71] ਕੀਤਾ ਅਤੇ ਨਾ ਹੀ ਬਣਾਇਆ[72] ਹੋਇਆ ਹੈ !

ਜਿਨਿ[78] ਸੇਵਿਆ[76] ਤਿਨਿ[79] ਪਾਇਆ ਮਾਨੁ[77] ॥	They[79] who[78] serve[76] Him, obtain honour[77].	ਜਿਨ੍ਹਾਂ[78] ਨੇ ਉਸ ਦੀ ਟਹਿਲ ਸੇਵਾ[76] ਕਮਾਈ, ਉਨ੍ਹਾਂ ਨੂੰ[79] ਇਜ਼ਤ[77] ਪਰਾਪਤ ਹੋਈ ।
ਨਾਨਕ ਗਾਵੀਐ[80] ਗੁਣੀ[81] ਨਿਧਾਨੁ[82] ॥	O Nanak ! sing[80] parises of the Lord who is the treasure[82] of excellences[81].	ਹੇ ਨਾਨਕ ! ਉਸ ਦੀ ਸਿਫ਼ਤ ਸ਼ਲਾਘਾ ਗਾਇਨ[80] ਕਰ ਜੋ ਉਤਕ੍ਰਿਸ਼ਟਤਾਈਆਂ[81] ਦਾ ਖ਼ਜ਼ਾਨਾ[82] ਹੈ ।
ਗਾਵੀਐ ਸੁਣੀਐ[83] ਮਨਿ[84] ਰਖੀਐ[85] ਭਾਉ[86] ॥	With[85] the Lord's love[86] reposed in thy heart[84] sing and hear[83] His praises.	ਪ੍ਰਭੂ ਦੀ ਪ੍ਰੀਤ[86] ਨੂੰ ਆਪਣੇ ਦਿਲ[84] ਅੰਦਰ ਟਿਕਾ ਕੇ[85] ਉਸ ਦੀ ਕੀਰਤੀ ਗਾਇਨ ਤੇ ਸਰਵਣ[83] ਕਰ ।
ਦੁਖੁ[87] ਪਰਹਰਿ[88] ਸੁਖੁ[89] ਘਰਿ[90] ਲੈ ਜਾਇ[91] ॥	Thus shalt thou shed[88] pain[87] and shalt take[91] happiness[89] to thy home[90].	ਇਸ ਤਰ੍ਹਾਂ ਤੇਰੀ ਤਕਲੀਫ਼[87] ਦੂਰ[88] ਹੋ ਜਾਵੇਗੀ ਅਤੇ ਤੂੰ ਖ਼ੁਸ਼ੀ[89] ਆਪਣੇ ਗ੍ਰਹਿ[90] ਨੂੰ ਲੈ ਜਾਵੇਂਗਾ[91] ।
ਗੁਰਮੁਖਿ[92] ਨਾਦੰ[93] ਗੁਰਮੁਖਿ ਵੇਦੰ[94] ਗੁਰਮੁਖਿ ਰਹਿਆ ਸਮਾਈ[95] ॥	Gurbani[92] is the Divine Word[93], Gurbani the Lord's knowledge[94] and through Gurbani the Lord is realised to be all pervading[95].	ਗੁਰਬਾਣੀ[92] ਰੱਬੀ ਕਲਾਮ[93] ਹੈ, ਗੁਰਬਾਣੀ ਸਾਹਿਬ ਦਾ ਗਿਆਨ[94] ਅਤੇ ਗੁਰਬਾਣੀ ਰਾਹੀਂ ਹੀ ਸੁਆਮੀ ਨੂੰ ਸਾਰੇ ਵਿਆਪਕ[95] ਅਨੁਭਵ ਕੀਤਾ ਜਾਂਦਾ ਹੈ ।
ਗੁਰੁ ਈਸਰੁ[96] ਗੁਰੁ ਗੋਰਖੁ[97] ਬਰਮਾ ਗੁਰੁ[98] ਪਾਰਬਤੀ[99] ਮਾਈ[100] ॥	The Guru is Shiva[96], the Guru Vishnu[97] and Brahma[98], the Guru is Shiva's consort–Parbati[99], Vishnu's consort–Lakhshmi and Brahma's consort–Saraswati[100].	ਗੁਰੂ ਸ਼ਿਵ[96] ਹੈ, ਗੁਰੂ ਹੀ ਵਿਸ਼ਨੂੰ[97] ਤੇ ਬ੍ਰਹਮਾ[98], ਗੁਰੂ ਹੀ ਸ਼ਿਵ ਦੀ ਪਤਨੀ–ਪਾਰਬਤੀ[99], ਵਿਸ਼ਨੂੰ ਦੀ ਪਤਨੀ–ਲਖਸ਼ਮੀ ਅਤੇ ਬ੍ਰਹਮਾ ਦੀ ਪਤਨੀ–ਸੁਰਸਵਤੀ[100] ਹੈ ।
ਜੇ[2] ਹਉ[3] ਜਾਣਾ ਆਖਾ[4] ਨਾਹੀ ਕਹਣਾ[5] ਕਥਨੁ[6] ਨ ਜਾਈ ॥	Even though[2] I[3] know God, I cannot narrate[4] Him. He cannot be described[5] by words[6].	ਭਾਵੇਂ[2] ਮੈਂ[3] ਵਾਹਿਗੁਰੂ ਨੂੰ ਜਾਣਦਾ ਹਾਂ, ਮੈਂ ਉਸ ਨੂੰ ਵਰਣਨ[4] ਨਹੀਂ ਕਰ ਸਕਦਾ । ਬਚਨਾਂ[6] ਦੁਆਰਾ ਉਹ ਬਿਆਨ[5] ਨਹੀਂ ਕੀਤਾ ਜਾ ਸਕਦਾ ।
ਗੁਰਾ ਇਕ ਦੇਹਿ ਬੁਝਾਈ[7] ॥	The Guru has explained[7] one thing to me.	ਗੁਰੂ ਨੇ ਮੈਨੂੰ ਇਕ ਚੀਜ਼ ਸਮਝਾ ਦਿਤੀ[7] ਹੈ ।
ਸਭਨਾ ਜੀਆ ਕਾ ਇਕੁ[8] ਦਾਤਾ[9] ਸੋ[10] ਮੈ ਵਿਸਰਿ[11] ਨ ਜਾਈ ॥੫॥	There is but one[8] Bestower[9] for all the beings. May, I never forget[11] Him[10].	ਸਮੂਹ ਜੀਵਾਂ ਦਾ ਕੇਵਲ[8] ਇਕ ਦਾਤਾਰ[9] ਹੈ । ਉਹ[10] ਮੈਨੂੰ ਕਦੇ ਭੀ ਨਾ ਭੁਲੇ[11] ।
ਤੀਰਥਿ[12] ਨਾਵਾ[13] ਜੇ[14] ਤਿਸੁ[15] ਭਾਵਾ[16] ਵਿਣੁ ਭਾਣੇ ਕਿ ਨਾਇ ਕਰੀ ॥	If[14] I become pleasing[16] to Him[15] that is my pilgrimage[12] bath[13]. Without pleasing Him of what avail is the ablution ?	ਜੇਕਰ[14] ਮੈਂ ਉਸਨੂੰ[15] ਚੰਗਾ ਲੱਗ ਜਾਵਾਂ[16] ਤਾਂ ਇਹੀ ਮੇਰਾ ਧਰਮ ਅਸਥਾਨ[12] ਤੇ ਨ੍ਹਾਉਣਾ[13] ਹੈ । ਉਸਨੂੰ ਚੰਗਾ ਲੱਗਣ ਦੇ ਬਿਨਾ ਇਸ਼ਨਾਨ ਦਾ ਕੀ ਲਾਭ ਹੈ ?
ਜੇਤੀ[17] ਸਿਰਠਿ[18] ਉਪਾਈ[19] ਵੇਖਾ[20] ਵਿਣੁ[21] ਕਰਮਾ[22] ਕਿ[23] ਮਿਲੈ[24] ਲਈ[25] ॥	All[17] the created[19] beings[18], that I behold[20], without[21] good acts[22] what[23] are they given[24] and what do they obtain[25] ?	ਸਮੂਹ[17] ਸਾਜੇ ਹੋਏ[19] ਜੀਵਾਂ[18] ਨੂੰ, ਜਿਹੜੇ ਮੈਂ ਤਕਦਾ[20] ਹਾਂ, ਸ਼ੁਭ ਅਮਲਾਂ[22] ਬਾਝੋਂ[21] ਉਨ੍ਹਾਂ ਨੂੰ ਕੀ[23] ਮਿਲਦਾ[24] ਹੈ, ਅਤੇ ਉਹ ਕੀ ਲੈਂਦੇ[25] ਹਨ ?
ਮਤਿ[26] ਵਿਚਿ[27] ਰਤਨ[28] ਜਵਾਹਰ[29] ਮਾਣਿਕ[30] ਜੇ[31]	In[27] the mind[26] are gems[28], jewels[29] and rubies[30], provided[31] thou	ਮਨ[26] ਅੰਦਰ[27] ਹੀਰੇ[28], ਜਵਾਹਰ[29] ਤੇ ਲਾਲ[30] ਹਨ, ਜੇਕਰ[31] ਤੂੰ ਗੁਰਾਂ ਦੀ ਇਕ[34] ਸਿਖਿਆ[32] ਸਰਵਣ[33]

ਇਕ[34] ਗੁਰ ਕੀ ਸਿਖ[32] ਸੁਣੀ[33] ॥	hearken to[33] (and act upon) one[34] instruction[32] of the Guru.	ਕਰ ਕੇ (ਅਮਲ ਕਰ ਲਵੇਂ)।
ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥	The Guru has explained one thing to me.There is but one Bestower for all the beings.May, I never forget Him.	ਗੁਰੂ ਨੇ ਮੈਨੂੰ ਇਕ ਗਲ ਸਮਝਾ ਦਿਤੀ ਹੈ। ਸਮੂਹ ਜੀਵਾਂ ਦਾ ਕੇਵਲ ਇਕ ਦਾਤਾਰ ਹੈ। ਉਹ ਮੈਨੂੰ ਕਦੇ ਭੀ ਨਾ ਭੁੱਲੇ।
ਜੇ[39] ਜੁਗ ਚਾਰੇ ਆਰਜਾ[35] ਹੋਰ[36] ਦਸੂਣੀ[37] ਹੋਇ[38] ॥	Though[39] a man's age[35] be equal to four yugas and grows[38] even ten times[37] more[36],	ਭਾਵੇਂ[39] ਇਨਸਾਨ ਦੀ ਉਮਰ[35] ਚਾਰ ਜੁਗਾਂ ਦੀ ਹੋਵੇ ਅਤੇ ਦਸਗੁਣਾ[37] ਵਧੇਰੇ[36] ਭੀ ਹੋ ਜਾਏ[38],
ਨਵਾ ਖੰਡਾ[40] ਵਿਚਿ ਜਾਣੀਐ[41] ਨਾਲਿ[42] ਚਲੈ[43] ਸਭੁ ਕੋਇ[44] ॥ ਚੰਗਾ[45] ਨਾਉ[46] ਰਖਾਇ ਕੈ[47] ਜਸੁ[48] ਕੀਰਤਿ[49] ਜਗਿ[50] ਲੇਇ[51] ॥	And he be known[41] in the nine continents[40] and all[44] were to walk[43] with[42] him or (follow in his train), Though he were to assume[47] good[45] name[46], and obtain[51] praise[48] and renown[49] in the world[50],	ਭਾਵੇਂ ਉਹ ਨਵਾਂ ਹੀ ਮਹਾਂਦੀਪਾਂ[40] ਅੰਦਰਿ ਪ੍ਰਸਿਧ[41] ਹੋਵੇ ਅਤੇ ਸਾਰੇ[44] ਉਸ ਦੇ (ਮਗਰ ਲੱਗਦੇ) ਜਾਂ ਨਾਲ[42] ਟੁਰਦੇ[43] ਹੋਣ, ਤੇ ਭਾਵੇਂ ਉਹ ਸਰੇਸ਼ਟ[45] ਨਾਮ[46] ਰਖਵਾ[47] ਲਵੇ ਅਤੇ ਸੰਸਾਰ[50] ਅੰਦਰ ਉਪਮਾ[48] ਤੇ ਸ਼ੋਭਾ[49] ਪਰਾਪਤ[51] ਕਰ ਲਵੇ।
ਜੇ[52] ਤਿਸੁ[53] ਨਦਰਿ[54] ਨ ਆਵਈ[55] ਤ[56] ਵਾਤ[57] ਨ ਪੁਛੈ ਕੇ ॥ ਕੀਟਾ[58] ਅੰਦਰਿ[59] ਕੀਟੁ[60] ਕਰਿ[61] ਦੋਸੀ[62] ਦੋਸੁ[63] ਧਰੇ[64] ॥	If[52] His[53] gracious[54] glance falls[55] not on him, then[56], no one would care[57] for him, he is accounted[61] a vermin[60] amongst[59] worms[58] and even the sinners[62] impute[64] accusations[63] to him.	ਜੇਕਰ[52] ਉਹ ਉਸ[53] ਦੀ ਦਯਾ ਦ੍ਰਿਸ਼ਟੀ[54] ਦਾ ਪਾਤਰ[55] ਨਹੀਂ, ਤਦ[56], ਉਸ ਦੀ ਕੋਈ ਪਰਵਾਹ[57] ਨਹੀਂ ਕਰੇਗਾ, ਉਹ ਕੀੜਿਆਂ[58] ਵਿਚ[59] ਨੀਚ ਮਕੌੜਾ[60] ਗਿਣਿਆ[61] ਜਾਂਦਾ ਹੈ ਅਤੇ ਪਾਂਬਰ[62] ਭੀ ਉਸ ਉਤੇ ਦੂਸ਼ਨ[63] ਲਾਉਂਦੇ ਹਨ[64]।
ਨਾਨਕ ਨਿਰਗੁਣਿ[65] ਗੁਣੁ[66] ਕਰੇ[67] ਗੁਣਵੰਤਿਆ[68] ਗੁਣੁ[69] ਦੇ[70] ॥	O Nanak ! God grants[67] virtue[66] to the non-virtuous[65] and bestows[70] piety[69] on the pious[68].	ਹੇ ਨਾਨਕ ! ਵਾਹਿਗੁਰੂ ਨੇਕੀ-ਬਿਹੂਨਾਂ[65] ਨੂੰ ਨੇਕੀ[66] ਬਖ਼ਸ਼ਦਾ[67] ਹੈ ਅਤੇ ਪਵਿੱਤਰ ਆਤਮਾਵਾਂ[68] ਨੂੰ ਪਵਿਤ੍ਰਤਾਈ[69] ਪ੍ਰਦਾਨ[70] ਕਰਦਾ ਹੈ।
ਤੇਹਾ[71] ਕੋਇ ਨ ਸੁਝਈ[72] ਜਿ[73] ਤਿਸੁ[74] ਗੁਣੁ[75] ਕੋਇ ਕਰੇ[76] ॥੭॥	I can think[72] of no such[71] one who[73] can show[76] any goodness[75] unto Him[74].	ਮੈਂ ਕਿਸੇ ਇਹੋ ਜੇਹੇ[71] ਦਾ ਖ਼ਿਆਲ[72] ਨਹੀਂ ਕਰ ਸਕਦਾ ਜਿਹੜਾ[73] ਉਸ[74] ਉਤੇ ਕੋਈ ਮੇਹਰਬਾਨੀ[75] ਕਰ[76] ਸਕਦਾ ਹੋਵੇ।
ਸੁਣਿਐ[77] ਸਿਧ[78] ਪੀਰ[79] ਸੁਰਿ[80] ਨਾਥ[81] ॥	By hearing[77] (God's Name) the mortal becomes a perfect person[78], religious guide[79], spiritual hero[80] and a great[81] yogi.	(ਵਾਹਿਗੁਰੂ ਦੇ ਨਾਮ ਨੂੰ) ਸਰਵਣ[77] ਕਰਨ ਦੁਆਰਾ ਪ੍ਰਾਨੀ ਪੂਰਨ ਪੁਰਸ਼[78], ਧਾਰਮਕ ਆਗੂ[79], ਰੂਹਾਨੀ ਜੋਧਾ[80] ਅਤੇ ਵੱਡਾ ਯੋਗੀ[81] ਹੋ ਜਾਂਦਾ ਹੈ।
ਸੁਣਿਐ ਧਰਤਿ[82] ਧਵਲ[83] ਆਕਾਸ[84] ॥	By hearing (God's Name) the reality of the earth[82], it's (supposed) supporting[83] bull and the heaven[84] is revealed unto the mortal.	(ਵਾਹਿਗੁਰੂ ਦੇ ਨਾਮ ਨੂੰ) ਸਰਵਣ ਕਰਣ ਦੁਆਰਾ ਪ੍ਰਾਨੀ ਨੂੰ ਧਰਤੀ[82], ਇਸ ਦੇ ਚੁੱਕਣ[83] ਵਾਲੇ (ਕਲਪਤ) ਬਲਦ ਅਤੇ ਅਸਮਾਨ[84] ਦੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ।

ਸੁਣਿਐ ਦੀਪ[85] ਲੋਅ[86] ਪਾਤਾਲ[87] ॥	By hearkening to (the Lord's Name) man comes to have the knowledge of the continents[85], the worlds[86] and the nether regions[87].	(ਸਾਈਂ ਦੇ ਨਾਮ ਨੂੰ)ਸਰਵਣ ਕਰਣ ਦੁਆਰਾ ਆਦਮੀ ਨੂੰ ਮਹਾਂ-ਦੀਪਾਂ[85], ਪੁਰੀਆਂ[86] ਅਤੇ ਹੇਠਲਿਆਂ ਲੋਆਂ[87] ਦੀ ਗਿਆਤ ਹੋ ਜਾਂਦੀ ਹੈ।
ਸੁਣਿਐ ਪੋਹਿ[88] ਨ ਸਕੈ[89] ਕਾਲੁ[90] ॥ ਨਾਨਕ ਭਗਤਾ[91] ਸਦਾ[92] ਵਿਗਾਸੁ[93] ॥	By hearing(the Lord's Name) death[90] cannot[89] touch[88] (torment) the mortal. O Nanak ! the devotees[91] ever[92] enjoy happiness[93].	(ਰੱਬ ਦੇ ਨਾਮ ਨੂੰ) ਸਰਵਣ ਕਰਨ ਦੁਆਰਾ ਮੌਤ[90] (ਪ੍ਰਾਨੀ) ਦੇ ਲਾਗੇ[88] ਨਹੀਂ ਲੱਗ ਸਕਦੀ[89] (ਅਜ਼ਾਬ ਨਹੀਂ ਦੇਂਦੀ)। ਹੇ ਨਾਨਕ ! ਅਨੁਰਾਗੀ[91] ਹਮੇਸ਼ਾ[92] ਅਨੰਦ[93] ਮਾਣਦੇ ਹਨ।
ਸੁਣਿਐ ਦੂਖ[94] ਪਾਪ[95] ਕਾ ਨਾਸੁ[96] ॥੮॥	By hearkening to (the Master's Name) sorrow[94] and sin[95] meet with destruction[96].	(ਮਾਲਕ ਦੇ ਨਾਮ ਨੂੰ) ਸਰਵਣ ਕਰਣ ਦੁਆਰਾ ਕਸ਼ਟ[94] ਤੇ ਕਸਮਲ[95] ਤਬਾਹ[96] ਹੋ ਜਾਂਦੇ ਹਨ।
ਸੁਣਿਐ ਈਸਰੁ[97] ਬਰਮਾ[98] ਇੰਦੁ[99] ॥	By hearing (the Lord's Name the status of) god of death[97],god of creation[98] and god of rain[99] is obtained.	(ਸਾਹਿਬ ਦੇ ਨਾਮ ਨੂੰ)ਸੁਣਨ ਦੁਆਰਾ ਮੌਤ ਦੇ ਦੇਵਤੇ[97], ਉਤਪਤੀ ਦੇ ਦੇਵਤੇ[98] ਅਤੇ ਮੀਂਹ ਦੇ ਦੇਵਤੇ[99] (ਦੀ ਪਦਵੀ) ਪਰਾਪਤ ਹੋ ਜਾਂਦੀ ਹੈ।
ਸੁਣਿਐ ਮੁਖਿ[100] ਸਾਲਾਹਣ[2] ਮੰਦੁ[3] ॥	By hearing (God's Name) even the evil[3] come to sing Lord's[2] praises with their mouth[100].	(ਰੱਬ ਦਾ ਨਾਮ) ਸੁਣਨ ਦੁਆਰਾ ਬਦਕਾਰ[3] ਭੀ ਆਪਣੇ ਮੂੰਹ[100] ਨਾਲ ਸਾਈਂ ਦੀ ਸਿਫ਼ਤ[2] ਗਾਇਨ ਕਰਨ ਲੱਗ ਜਾਂਦੇ ਹਨ।
ਸੁਣਿਐ ਜੋਗ[4] ਜੁਗਤਿ[5] ਤਨਿ[6] ਭੇਦ[7] ॥	By hearing (God's Name the mortal) understands the ways[5] of uniting[4] with the Lord and the body's[6] secrets[7].	(ਹਰੀ ਦਾ ਨਾਮ) ਸੁਣਨ ਦੁਆਰਾ (ਜੀਵ) ਸਾਹਿਬ ਨਾਲ ਜੁੜਨ[4] ਦੇ ਰਸਤੇ[5] ਅਤੇ ਸਰੀਰ ਦੇ[6] ਭੇਤਾਂ[7] ਨੂੰ ਜਾਣ ਲੈਂਦਾ ਹੈ।
ਸੁਣਿਐ ਸਾਸਤ[8] ਸਿਮ੍ਰਿਤਿ[9] ਵੇਦ[10] ॥	By hearing (the Lord's Name the knowledge of) the four religious books[10], six school of philosophy[8] and twentyseven ceremonial treatise[9] is acquired.	(ਮਾਲਕ ਦੇ ਨਾਮ ਨੂੰ) ਸੁਣਨ ਦੁਆਰਾ ਚੌਹਾਂ ਹੀ ਧਾਰਮਿਕ ਗ੍ਰੰਥਾਂ[10], ਛੇ ਫਲਸਫੇ ਦਿਆਂ ਗ੍ਰੰਥਾਂ[8] ਅਤੇ ਸਤਾਈ ਕਰਮਕਾਂਡੀ ਪੁਸਤਕਾਂ[9] ਦੀ ਗਿਆਤ ਪਰਾਪਤ ਹੋ ਜਾਂਦੀ ਹੈ।
੩	3	੩
ਨਾਨਕ ਭਗਤਾ[11] ਸਦਾ[12] ਵਿਗਾਸੁ[13] ॥	Ever[12] blissful[13] are the saints[11], O Nanak.	ਸਦੀਵੀ[12] ਸੁਪ੍ਰਸੰਨ[13] ਹਨ ਸਾਧੂ[11], ਹੇ ਨਾਨਕ !
ਸੁਣਿਐ ਦੂਖ[14] ਪਾਪ[15] ਕਾ ਨਾਸੁ[16] ॥੯॥	By hearing(the Lord's Name)disease[14] and wickedness[15] are wiped[16] off.	(ਸੁਆਮੀ ਦੇ ਨਾਮ ਨੂੰ) ਸਰਵਣ ਕਰਣ-ਦੁਆਰਾ ਬੀਮਾਰੀ[14] ਤੇ ਗੁਨਾਹ[15] ਦੂਰ ਹੋ ਜਾਂਦੇ[16] ਹਨ।
ਸੁਣਿਐ ਸਤੁ[17] ਸੰਤੋਖੁ[18] ਗਿਆਨੁ[19] ॥	By hearkening to (the Lord's Name) truthfulness[17], contentment[18] and Divine knowledge[19] are abtained.	(ਸਾਹਿਬ ਦੇ ਨਾਮ ਨੂੰ) ਸਰਵਣ ਕਰਣ-ਦੁਆਰਾ ਸਚਾਈ[17] ਸਬੂਰੀ[18] ਅਤੇ ਬ੍ਰਹਮ ਵੀਚਾਰ[19] ਪਰਾਪਤ ਹੋ ਜਾਂਦੇ ਹਨ।
ਸੁਣਿਐ ਅਠਸਠਿ[20] ਕਾ ਇਸਨਾਨੁ[21] ॥	By hearing (the Lord's Name) the fruit of the ablution[21] at sixty-eight[20] holies is attained.	(ਪ੍ਰਭੂ ਦੇ ਨਾਮ ਨੂੰ) ਸਰਵਣ ਕਰਨ ਦੁਆਰਾ ਅਠਾਹਠ[20] ਤੀਰਥਾਂ ਉਤੇ ਨ੍ਹਾਉਣ[21] ਦਾ ਫਲ ਪਰਾਪਤ ਹੋ ਜਾਂਦਾ ਹੈ।

ਸੁਣਿਐ ਪੜਿ ਪੜਿ[22]ਪਾਵਹਿ ਮਾਨੁ[23] ॥	By hearing and constantly reading[22] (God's Name) man gains honour[23].	(ਹਰੀ ਦੇ ਨਾਮ ਨੂੰ) ਸੁਣਨ ਅਤੇ ਇਕ-ਰਸ ਵਾਚਣ[22] ਦੁਆਰਾ ਆਦਮੀ ਇੱਜ਼ਤ[23] ਪਾਉਂਦਾ ਹੈ ।
ਸੁਣਿਐ ਲਾਗੈ[24] ਸਹਜਿ[25] ਧਿਆਨੁ[26] ॥	By hearing (the Name) man easily[25] procures[24] the Lord's meditation[26].	(ਸਾਹਿਬ ਦੇ ਨਾਮ ਨੂੰ)ਸੁਣਨ ਦੁਆਰਾ ਆਦਮੀ ਨੂੰ ਸੁਖੈਨ[25] ਹੀ ਸਾਹਿਬ ਦਾ ਸਿਮਰਨ[26] ਪਰਾਪਤ[24] ਹੋ ਜਾਂਦਾ ਹੈ ।
ਨਾਨਕ ਭਗਤਾ ਸਦਾ ਵਿਗਾਸੁ ॥	Ever blissful are the saints, O Nanak !	ਹੇ ਨਾਨਕ ! ਅਨੁਰਾਗੀ ਹਮੇਸ਼ਾ ਅਨੰਦ ਮਾਣਦੇ ਹਨ ।
ਸੁਣਿਐ ਦੂਖ ਪਾਪ ਕਾ ਨਾਸੁ ॥੧੦॥	By hearing (the Lord's Name) disease and wickedness are wiped off.	(ਮਾਲਕ ਦੇ ਨਾਮ ਨੂੰ) ਸਰਵਣ ਕਰਨ ਦੁਆਰਾ ਕਸ਼ਟ ਅਤੇ ਕਸਮਲ ਤਬਾਹ ਹੋ ਜਾਂਦੇ ਹਨ ।
ਸੁਣਿਐ ਸਰਾ[27] ਗੁਣਾ[28] ਕੇ ਗਾਹ[29] ॥	By hearing (the Lord's Name) man dives deep[29] into the oceans[27] of virtues[28].	(ਸੁਆਮੀ ਦੇ ਨਾਮ ਨੂੰ) ਸਰਵਣ ਦੁਆਰਾ ਆਦਮੀ ਨੇਕੀਆਂ[28] ਦੇ ਸਮੁੰਦਰ[27] ਵਿਚ ਡੂੰਘੀ ਚੁੱਭੀ ਲਾਉਂਦਾ[29] ਹੈ ।
ਸੁਣਿਐ ਸੇਖ[30] ਪੀਰ[31] ਪਾਤਿਸਾਹ[32] ॥	The hearkening to (the Lord's Name) renders (the mortal) a scholar[30], spiritual guide[31] and a monarch[32].	(ਸੁਆਮੀ ਦੇ ਨਾਮ ਦਾ) ਸਰਵਣ ਕਰਨਾ (ਪ੍ਰਾਨੀ ਨੂੰ) ਵਿਦਵਾਨ[30], ਰੂਹਾਨੀ ਰਹਬਰ[31] ਅਤੇ ਬਾਦਸ਼ਾਹ[32] ਬਣਾ ਦਿੰਦਾ ਹੈ ।
ਸੁਣਿਐ ਅੰਧੇ[33] ਪਾਵਹਿ[34] ਰਾਹੁ[35] ॥	By hearing (the Master's Name) the blind[33] find[34] their way[35].	(ਮਾਲਕ ਦੇ ਨਾਮ ਨੂੰ) ਸੁਣਨ ਦੁਆਰਾ ਅੰਨ੍ਹੇ ਇਨਸਾਨ[33] ਰਸਤਾ[35] ਲੱਭ[34] ਲੈਂਦੇ ਹਨ ।
ਸੁਣਿਐ ਹਾਥ ਹੋਵੈ[36] ਅਸਗਾਹੁ[37] ॥	By hearkening to (God's Name) the unfathomable[37] Lord becomes fathomable[36].	(ਰੱਬ ਦਾ ਨਾਮ) ਸਰਵਣ ਕਰਨ ਦੁਆਰਾ ਅਥਾਹ ਸਾਹਿਬ[37] ਦੀ ਥਾਹ ਆ ਜਾਂਦੀ[36] ਹੈ ।
ਨਾਨਕ ਭਗਤਾ ਸਦਾ ਵਿਗਾਸੁ ॥	Ever blissful are the saints, O Nanak !	ਹੇ ਨਾਨਕ ! ਅਨੁਰਾਗੀ ਹਮੇਸ਼ਾਂ ਅਨੰਦ ਮਾਣਦੇ ਹਨ ।
ਸੁਣਿਐ ਦੂਖ ਪਾਪ ਕਾ ਨਾਸੁ ॥੧੧॥	By hearing (the Lord's Name)disease and wickedness are wiped off.	(ਮਾਲਕ ਦੇ ਨਾਮ ਨੂੰ) ਸਰਵਣ ਕਰਨ ਦੁਆਰਾ ਕਸ਼ਟ ਅਤੇ ਪਾਪ ਦੂਰ ਹੋ ਜਾਂਦੇ ਹਨ ।
ਮੰਨੇ[38] ਕੀ ਗਤਿ[39]ਕਹੀ[40] ਨ ਜਾਇ ॥	The condition[39] of (the mortal) who obeys[38]the Lord cannot be described[40].	ਜੋ (ਪ੍ਰਾਨੀ) ਸਾਹਿਬ ਦੀ ਤਾਬੇਦਾਰੀ[38] ਕਰਦਾ ਹੈ ਉਸ ਦੀ ਹਾਲਤ[39] ਬਿਆਨ[40] ਨਹੀਂ ਕੀਤੀ ਜਾ ਸਕਦੀ ।
ਜੇ[41] ਕੋ[42] ਕਹੈ ਪਿਛੈ[44] ਪਛੁਤਾਇ[43] ॥	If[41] someone[42] tries to describe he repents[43] afterwards[44].	ਜੇਕਰ[41] ਕੋਈ ਜਣਾ[42] ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ ਉਹ ਮਗਰੋਂ[44] ਪਛਤਾਉਂਦਾ[43] ਹੈ ।
ਕਾਗਦਿ[45] ਕਲਮ[46] ਨ ਲਿਖਣਹਾਰੁ[47] ॥ ਮੰਨੇ ਕਾ[48] ਬਹਿ[49] ਕਰਨਿ ਵੀਚਾਰੁ[50]॥	There is no paper[45], pen[46], and scribe[47] with whom to sit[49] and reflect over[50] (write) the state of (God's) obeyer[48].	ਕੋਈ ਕਾਗ਼ਜ਼[45], ਲੇਖਣੀ[46] ਤੇ ਲਿਖਾਰੀ[47] ਨਹੀਂ ਜਿਸ ਨਾਲ ਬੈਠ ਕੇ[49] (ਰੱਬ ਦੇ) ਫ਼ਰਮਾਂਬਰਦਾਰ[48] ਦੀ ਦਸ਼ਾ ਸੱਚੀ ਵਿਚਾਰੀ[50] (ਲਿਖੀ) ਜਾਵੇ ।
ਐਸਾ[51] ਨਾਮੁ ਨਿਰੰਜਨੁ[52] ਹੋਇ ॥ ਜੇ[53] ਕੋ[54] ਮੰਨਿ[55] ਜਾਣੈ[56] ਮਨਿ[57] ਕੋਇ[58] ॥੧੨॥	Such[51] is the Name of the immaculate[52]Lord.If[53]some one[54]obeys[55]God, such a solitary[58] being understands[56] the bliss there-of in his very mind[57].	ਇਹੋ ਜਿਹਾ[51] ਹੈ ਪਵਿੱਤਰ ਪ੍ਰਭੂ[52] ਦਾ ਨਾਮ । ਜੇਕਰ[53] ਕੋਈ ਜਣਾ[54] (ਰੱਬ ਦੀ) ਤਾਬੇਦਾਰੀ[55] ਕਰੇ, ਐਸਾ ਵਿਰਲਾ[58] (ਜੀਵ) ਆਪਣੇ ਚਿੱਤ[57] ਅੰਦਰ ਹੀ ਉਸ ਦੀ ਖ਼ੁਸ਼ੀ ਨੂੰ ਸਮਝਦਾ[56] ਹੈ ।

ਮੰਨੈ[60]ਸੁਰਤਿ[59] ਹੋਵੈ ਮਨਿ[61] ਬੁਧਿ[62] ॥	By truly believing[60] (in the Lords' Name)Divine comprehension[59]enters (man's) mind[61] and understanding[62].	(ਨਾਮ ਵਿਚ) ਸੱਚਾ ਭਰੋਸਾ[60] ਕਰਨ ਦੁਆਰਾ (ਇਨਸਾਨ ਦੇ) ਚਿੱਤ[61] ਤੇ ਸਮਝ[62] ਅੰਦਰ ਈਸ਼ਵਰੀ ਗਿਆਤ[59] ਪਰਵੇਸ਼ ਕਰ ਜਾਂਦੀ ਹੈ।
ਮੰਨੈ ਸਗਲ[63] ਭਵਣ[64] ਕੀ ਸੁਧਿ[65] ॥	By truly believing (in God's Name) the knowledge[65] of all[63] the spheres[64] is acquired.	(ਨਾਮ ਵਿਚ) ਦਿਲੀ ਨਿਸਚਾ ਕਰਣ ਨਾਲ ਸਾਰੀਆਂ[63] ਪੁਰੀਆਂ[64] ਦੀ ਗਿਆਤ[65] ਪਰਾਪਤ ਹੋ ਜਾਂਦੀ ਹੈ।
ਮੰਨੈ[65]* ਮੁਹਿ[66] ਚੋਟਾ[67] ਨਾ ਖਾਇ[68] ॥	The worshipper[65]* (of God) suffers[68] not blows[67] on his face[66].	(ਵਾਹਿਗੁਰੂ ਦਾ) ਉਪਾਸ਼ਕ[65]* ਆਪਣੇ ਚਿਹਰੇ[66] ਉਤੇ ਸੱਟਾਂ[67] ਨਹੀਂ ਸਹਾਰਦਾ[68]।
ਮੰਨੈ ਜਮ[69] ਕੈ ਸਾਥਿ[70] ਨ ਜਾਇ[71] ॥	Through inner belief (in the Lord's Name) (man) goes[71]not with[70]death's minister[69].	(ਸਾਈਂ ਦੇ ਨਾਮ ਵਿਚ)ਅੰਤ੍ਰੀਵ ਇਤਬਾਰ ਰਾਹੀਂ(ਬੰਦਾ) ਮੌਤ ਦੇ ਦੂਤ[69] ਦੇ ਨਾਲ[70] ਨਹੀਂ ਜਾਂਦਾ[71]।
ਐਸਾ[73] ਨਾਮੁ ਨਿਰੰਜਨੁ[72] ਹੋਇ ॥ ਜੇ[74] ਕੋ[75] ਮੰਨਿ[76] ਜਾਣੈ[77] ਮਨਿ[78] ਕੋਇ[79] ॥੧੩॥	Such[73]is the stainless[72]Name(of God). If[74] someone[75] puts[76] faith in (the Lord's Name), he[79] shall, then understand[77] it within his mind[78].	ਇਹੋ ਜੇਹਾ[73] ਹੈ (ਵਾਹਿਗੁਰੂ ਦਾ) ਬੇ-ਦਾਗ਼[72] ਨਾਮ। ਜੇਕਰ[74] ਕੋਈ ਜਣਾ[75] (ਸਾਈਂ ਦੇ ਨਾਮ ਉਤੇ) ਭਰੋਸਾ ਧਾਰਨ[76] ਕਰ ਲਵੇ, ਤਦ ਉਹ[79] ਆਪਣੇ ਚਿੱਤ[78] ਅੰਦਰ ਇਸ ਨੂੰ ਸਮਝ[77] ਲਵੇਗਾ।
ਮੰਨੈ ਮਾਰਗਿ[80] ਠਾਕ[81] ਨ ਪਾਇ[82] ॥	The believer (in God's Name) meets[82] not obstruction[81]in the way[80].	(ਹਰੀ-ਨਾਮ ਉਤੇ) ਭਰੋਸਾ ਰੱਖਣ ਵਾਲੇ ਨੂੰ ਰਾਹ[80] ਵਿਚ ਰੁਕਾਵਟ[81] ਨਹੀਂ ਵਾਪਰਦੀ[82]।
ਮੰਨੈ ਪਤਿ[83] ਸਿਉ[84] ਪਰਗਟੁ[85] ਜਾਇ[86] ॥	(The Name's) believer departs[86] with[84] honour[83] and renown[85].	(ਨਾਮ ਉਤੇ) ਨਿਸਚਾ ਰੱਖਣ ਵਾਲਾ ਇੱਜ਼ਤ[83] ਅਤੇ ਪਰਸਿੱਧਤਾ[85] ਨਾਲ[84] ਜਾਂਦਾ[86] ਹੈ।
ਮੰਨੈ ਮਗੁ[87] ਨ ਚਲੈ[88] ਪੰਥੁ[89] ॥	(The Name's) believer walks[88] not in the worldly ways[87], ritualistic religious paths[89].	(ਨਾਮ ਉਤੇ) ਭਰੋਸਾ ਰੱਖਣ ਵਾਲਾ ਸੰਸਾਰੀ ਰਾਹਾਂ[87] ਅਤੇ ਕਰਮਕਾਂਡੀ ਧਾਰਮਕ ਰਸਤਿਆਂ[89] ਤੇ ਨਹੀਂ ਟੁਰਦਾ[88]।
ਮੰਨੈ ਧਰਮ[90] ਸੇਤੀ[91] ਸਨਬੰਧੁ[92] ॥	The believer (in God's Name) has an alliance[92] with[91] righteousness[90].	(ਹਰੀ ਨਾਮ.ਅੰਦਰ) ਭਰੋਸਾ ਧਾਰਨ ਕਰਨ ਵਾਲੇ ਦਾ ਸਚਾਈ[90] ਨਾਲ[91] ਮੇਲ[92] ਹੁੰਦਾ ਹੈ।
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥	Such is the stainless Name (of God). If someone puts faith in the Lord's Name, he shall, then, understand it within his mind.	ਇਹੋ ਜਿਹਾ ਹੈ (ਵਾਹਿਗੁਰੂ ਦਾ) ਬੇਦਾਗ਼ ਨਾਮ। ਜੇਕਰ ਕੋਈ ਜਣਾ (ਸਾਈਂ ਦੇ ਨਾਮ ਉਤੇ) ਭਰੋਸਾ ਧਾਰਨ ਕਰ ਲਵੇ, ਤਦ ਉਹ ਆਪਣੇ ਚਿੱਤ ਅੰਦਰ ਇਸ ਨੂੰ ਸਮਝ ਲਵੇਗਾ।
ਮੰਨੈ ਪਾਵਹਿ[95] ਮੋਖੁ[93] ਦੁਆਰੁ[94] ॥	The obeyer (of the Lord's dictates) obtains[95] the door[94] of salvation[93].	(ਪ੍ਰਭੂ ਦੀ) ਆਗਿਆ ਦਾ ਪਾਲਣ ਕਰਨ ਵਾਲਾ ਮੁਕਤੀ[93] ਦਾ ਦਰਵਾਜ਼ਾ[94] ਪਾ ਲੈਂਦਾ[95] ਹੈ।
ਮੰਨੈ ਪਰਵਾਰੈ[96] ਸਾਧਾਰੁ[97]॥	The obeyer (of the Lord's dictates) reforms[97] his kith[96] and kin.	(ਪ੍ਰਭੂ ਦੀ) ਆਗਿਆ ਦਾ ਪਾਲਣ ਕਰਨਹਾਰ ਆਪਣੇ ਸਾਕਸੈਨ[96] ਨੂੰ ਸੁਧਾਰ[97] ਲੈਂਦਾ ਹੈ।
ਮੰਨੈ ਤਰੈ[98] ਤਾਰੈ[99] ਗੁਰੁ ਸਿਖ[100] ॥	The obeyer (of the Lord's fiat) saves[98] himself and saves[99] the Sikhs[100] of the Guru.	(ਪ੍ਰਭੂ ਦਾ) ਹੁਕਮ ਮੰਨਣ ਵਾਲਾ ਆਪਣੇ ਆਪ ਨੂੰ ਬਚਾ[98] ਲੈਂਦਾ ਹੈ ਅਤੇ ਗੁਰੂ ਦੇ ਸਿੱਖਾਂ[100] ਦਾ ਪਾਰ-ਉਤਾਰਾ[99] ਕਰ ਦਿੰਦਾ ਹੈ।

ਮੰਨੈ ਨਾਨਕ ਭਵਹਿ[2] ਨ ਭਿਖ[3] ॥	The obeyer (of the Lord's fiat) goes[2] not abegging[3].	(ਪ੍ਰਭੂ ਦਾ) ਹੁਕਮ ਮੰਨਣ ਵਾਲਾ ਮੰਗਦਾ ਪਿੰਨਦਾ[3] ਨਹੀਂ ਫਿਰਦਾ[2] ।
ਐਸਾ ਨਾਮੁ ਨਿਰੰਜਨੁ ਹੋਇ ॥	Such is the stainless Name (of God).	ਐਹੋ ਜਿਹਾ ਹੈ (ਵਾਹਿਗੁਰੂ ਦਾ) ਬੇਦਾਗ ਨਾਮ ।
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥	If some one puts faith (in the Lord's Name), he shall, then, understand it within his mind.	ਜੇਕਰ ਕੋਈ ਜਣਾ (ਸਾਈਂ ਦੇ ਨਾਮ ਉਤੇ) ਭਰੋਸਾ ਧਾਰੇ, ਤਾਂ ਉਹ ਇਸ ਨੂੰ ਆਪਣੇ ਚਿਤ ਵਿਚ ਸਮਝ ਲਵੇਗਾ ।
ਪੰਚ[4] ਪਰਵਾਣ[5] ਪੰਚ ਪਰਧਾਨੁ[6] ॥	The elect[4] are acceptable[5] and the elect supreme[6].	ਮੁਖੀਏ[4] ਮਕਬੂਲ[5] ਹਨ ਤੇ ਮੁਖੀਏ ਹੀ ਮਹਾਨ[6] ।
ਪੰਚੇ ਪਾਵਹਿ ਦਰਗਹਿ[7] ਮਾਨੁ[8] ॥	The saints obtain honour[8] in the (Lord's) Court[7].	ਸਾਧੂ (ਸੁਆਮੀ ਦੇ) ਦਰਬਾਰ[7] ਅੰਦਰ ਆਦਰ[8] ਪਾਉਂਦੇ ਹਨ ।
ਪੰਚੇ ਸੋਹਹਿ ਦਰਿ ਰਾਜਾਨੁ ॥	(God's) slaves look beauteous in the Courts of kings.	(ਰੱਬ ਦੇ) ਗੋਲੇ ਰਾਜਿਆਂ ਦਿਆਂ ਦਰਬਾਰਾਂ ਅੰਦਰ ਸੁੰਦਰ ਲੱਗਦੇ ਹਨ ।
ਪੰਚਾ[9] ਕਾ ਗੁਰੁ ਏਕੁ[10] ਧਿਆਨੁ[11] ॥	The chosen[9] centre their attention[11] on the Guru alone[10].	ਚੁਣੇ[9] ਹੋਏ ਕੇਵਲ[10] ਗੁਰੂ ਉਤੇ ਹੀ ਆਪਣੀ ਬਿਰਤੀ[11] ਇਕੱਤਰ ਕਰਦੇ ਹਨ ।
ਜੇ[12] ਕੋ[13] ਕਹੈ[14] ਕਰੈ ਵੀਚਾਰੁ[15] ॥ ਕਰਤੇ[16] ਕੈ ਕਰਣੈ[17] ਨਾਹੀ ਸੁਮਾਰੁ[18] ॥	However much, though[12] someone[13] may narrate[14] and reflect[15], (but) there can be no enumeration[18] of the Creator's[16] doings[17].	ਜਿੰਨਾ ਹੀ ਚਾਹੇ ਭਾਵੇਂ[12] ਕੋਈ ਜਣਾ[13] ਵਰਨਣ[14] ਤੇ ਸੋਚ ਵਿਚਾਰ[15] ਪਿਆ ਕਰੇ, (ਪ੍ਰੰਤੂ) ਸਿਰਜਣਹਾਰ[16] ਦੇ ਕੰਮਾਂ[17] ਦੀ ਗਿਣਤੀ[18] ਨਹੀਂ ਹੋ ਸਕਦੀ ।
ਧੌਲੁ[19] ਧਰਮੁ[20] ਦਇਆ[21] ਕਾ ਪੂਤੁ[22] ॥ ਸੰਤੋਖੁ[23] ਥਾਪਿ ਰਖਿਆ[24] ਜਿਨਿ[25] ਸੂਤਿ[26] ॥	(The mythical) bull[19] is piety[20], the off spring[22] of compassion[21], which[25] is patiently[23] holding[24] the earth in order[26].	(ਕਲਪਤ) ਬਲਦ[19] ਦਿਆਲਤਾ[21] ਦਾ ਪੁੱਤ੍ਰ[22] ਪਵਿੱਤ੍ਰਤਾ[20] ਹੈ, ਜਿਸ ਨੇ[25] ਸਹਨਸ਼ੀਲਤਾ[23] ਨਾਲ ਠੀਕ ਤੌਰ[26] ਤੇ ਧਰਤੀ ਨੂੰ ਠਲ੍ਹਿਆ[24] ਹੋਇਆ ਹੈ ।
ਜੇ[27] ਕੋ[28] ਬੁਝੈ[29] ਹੋਵੈ[30] ਸਚਿਆਰੁ[31] ॥ ਧਵਲੈ[32] ਉਪਰਿ[33] ਕੇਤਾ[34] ਭਾਰੁ[35] ॥	How much[34] load[35] there is on[33] the bull[32] ? If[27] some one[28] understands[29] this, he becomes[30] a true man[31].	ਬਲਦ[32] ਉਤੇ[33] ਕਿੰਨਾ ਕੁ[34] ਬੋਝ[35] ਹੈ ? ਜੇਕਰ[27] ਕੋਈ ਜਣਾ[28] ਇਸ ਨੂੰ ਸਮਝ[29] ਲਵੇ ਤਾਂ, ਉਹ ਸੱਚਾ-ਇਨਸਾਨ[31] ਬਣ ਜਾਂਦਾ[30] ਹੈ ।
ਧਰਤੀ[36] ਹੋਰੁ[37] ਪਰੈ[38] ਹੋਰੁ ਹੋਰੁ[39] ॥	There are more[37] worlds[36] beyond[38] (this) earth, more and more[39].	(ਇਸ) ਧਰਤੀ ਤੋਂ ਪਰੇ[38] ਘਣੇਰੇ[37] ਆਲਮ[36] ਹਨ, ਘਣੇਰੇ ਅਤੇ ਘਣੇਰੇ[39] ।
ਤਿਸ[40] ਤੇ ਭਾਰੁ[41] ਤਲੈ[42] ਕਵਣੁ[43] ਜੋਰੁ[44] ॥	What[43] power[44] is that which supports their[40] weight[41] from underneath[42] ?	ਉਹ ਕਿਹੜੀ[43] ਤਾਕਤ[44] ਹੈ, ਜੋ[40] ਉਨ੍ਹਾਂ ਦੇ ਬੋਝ[41] ਨੂੰ ਹੇਠੋਂ[42] ਚੁੱਕੀ ਹੋਈ ਹੈ ?
ਜੀਅ[45] ਜਾਤਿ[46] ਰੰਗਾ[53] ਕੇ[47] ਨਾਵ[48] ॥ ਸਭਨਾ[49] ਲਿਖਿਆ[50] ਵੁੜੀ[51] ਕਲਾਮ[52] ॥	The ever-flowing[51] pen[52] (of God), did inscribe[50] the kinds[46], colours[53] and names[48] of[47] all[49] the beings[45].	(ਵਾਹਿਗੁਰੂ ਦੀ) ਸਦਾ-ਵਗਦੀ[51] ਹੋਈ ਕਲਮ[52] ਨੇ ਸਾਰੇ[49] ਜੀਵਾਂ[45] ਦੀਆਂ[47] ਵੰਨਗੀਆਂ[46], ਰੰਗਤਾਂ[53] ਅਤੇ ਨਾਮ[48] ਉਕਰੇ[50] ਹਨ ।
ਏਹੁ ਲੇਖਾ[54] ਲਿਖਿ[55] ਜਾਣੈ ਕੋਇ[56] ॥	A few[56] know how to pen[55] this account[54].	ਇਹ ਹਿਸਾਬ ਕਿਤਾਬ[54] ਵਿਰਲੇ[56] ਹੀ ਲਿਖਣਾ[55] ਜਾਣਦੇ ਹਨ ।

ਲੇਖਾ[57] ਲਿਖਿਆ[58] ਕੇਤਾ[59] ਹੋਇ[60] ॥	The scribed[58] scroll[57]—how[59] voluminous it would be[60] ?	ਨਿਵਿਸਤ-ਸ਼ੁਦਾ[58] ਲੇਖਾ-ਪਤ[57] ਕਿੱਡਾ[59] ਵੱਡਾ ਹੋਵੇਗਾ[60] ?
ਕੇਤਾ[61] ਤਾਣੁ[62] ਸੁਆਲਿਹੁ[63] ਰੂਪੁ[64] ॥	What[61] might[62] and fascinating[63] beauty[64] (are Thine, O Lord) ?	(ਤੇਰੀ) ਕਿੰਨੀ[61] ਸ਼ਕਤੀ[62] ਅਤੇ ਮਨਮੋਹਣੀ[63] ਸੁੰਦ੍ਰਤਾ[64] ਹੈ, (ਹੇ ਸਾਹਿਬ) ?
ਕੇਤੀ[65] ਦਾਤਿ[66] ਜਾਣੈ[67] ਕੌਣੁ[68] ਕੂਤੁ[69] ॥	How great[65] is (Thy) gift[66] ? Who[68] can assess[67] its extent[69].	ਕਿੱਡੀ ਵੱਡੀ[65] ਹੈ (ਤੇਰੀ) ਬਖ਼ਸ਼ੀਸ਼[66] ? ਇਸ ਦਾ ਅੰਦਾਜ਼ਾ[69] ਕੌਣ[68] ਲਾ ਸਕਦਾ[67] ਹੈ ?
ਕੀਤਾ[70] ਪਸਾਉ[71] ਏਕੋ ਕਵਾਉ[72] ॥ ਤਿਸਤੇ[73] ਹੋਏ[74] ਲਖ[75] ਦਰੀਆਉ[76] ॥	With One Word[72] Thou didst effect[70] the world's expansion[71] and where by[73] lacs[75] of rivers[76] began to flow[74].	ਇਕ ਸ਼ਬਦ[72] ਨਾਲ (ਤੂੰ) ਜਗਤ ਦਾ ਖਿਲਾਰਾ[71] ਕਰ ਦਿਤਾ[70] ਤੇ ਇਸ[73] ਦੁਆਰਾ ਲਖੂਖਾਂ[75] ਦਰਿਆ[76] ਵਹਿਣੇ[74] ਸ਼ੁਰੂ ਹੋ ਗਏ।
ਕੁਦਰਤਿ[77] ਕਵਣ[78] ਕਹਾ[79] ਵੀਚਾਰੁ[80] ॥	What[78] power[77] have I to describe[79] (Thee) or Thine doctrines[80] ?	ਤੇਰੇ ਇਲਮ[80] ਨੂੰ (ਤੈਨੂੰ) ਬਿਆਨ[79] ਕਰਨ ਦੀ ਮੇਰੇ ਵਿਚ ਕਿਹੜੀ[78] ਤਾਕਤ[77] ਹੈ ?
ਵਾਰਿਆ ਨ ਜਾਵਾ[81] ਏਕ ਵਾਰ[82] ॥	(I) cannot even once[82] be a sacrifice[81] unto Thee.	(ਮੈਂ) ਇਕ ਵਾਰੀ[82] ਵੀ ਤੇਰੇ ਉਤੇ ਕੁਰਬਾਨ[81] ਨਹੀਂ ਹੋ ਸਕਦਾ।
ਜੋ ਤੁਧੁ[83] ਭਾਵੈ[84] ਸਾਈ[85] ਭਲੀ[86] ਕਾਰ[87] ॥	Whatever pleases[84] Thee[83], that[85] is a good[86] pursuit[87].	ਜੋ ਕੁਛ ਤੈਨੂੰ[83] ਚੰਗਾ ਲਗਦਾ[84] ਹੈ, ਓਹੀ[85] ਚੰਗਾ[86] ਕੰਮ ਕਾਜ[87] ਹੈ।
ਤੂ ਸਦਾ[88] ਸਲਾਮਤਿ[89] ਨਿਰੰਕਾਰ[90] ॥੧੬॥	Thou art ever[88] safe and sound[89], O Formless[90] One !	ਤੂੰ ਸਦੀਵੀ ਹੀ[88] ਨਵਾਂ ਨਰੋਆ[89] ਹੈਂ, ਹੇ ਸਰੂਪ-ਰਹਿਤ[90] (ਪੁਰਖ) !
ਅਸੰਖ[91] ਜਪ[92] ਅਸੰਖ ਭਾਉ[93] ॥	Countless[91] are Thine meditations[92] and countless (those who meditate on Thee with) love[93].	ਅਣਗਿਣਤ[91] ਹਨ ਤੇਰੇ ਭਜਨ ਪਾਠ[92] ਤੇ ਅਣਗਿਣਤ ਹਨ (ਉਹ ਜੋ) ਪ੍ਰੇਮ[93] (ਨਾਲਿ ਤੇਰਾ ਭਜਨ ਪਾਠ ਕਰਦੇ ਹਨ)।
ਅਸੰਖ ਪੂਜਾ[94] ਅਸੰਖ ਤਪ[95] ਤਾਉ[96] ॥	Countless are (Thine) worships[94] and countless they who practise[96] penance[95].	ਅਣਗਿਣਤ ਹਨ (ਤੇਰੀਆਂ) ਉਪਾਸ਼ਨਾਂ[94] ਅਤੇ ਅਣ-ਗਿਣਤ ਹਨ ਜੋ ਤਪੱਸਿਆ[95] ਕਰਦੇ[96] ਹਨ।
ਅਸੰਖ ਗਰੰਥ[97] ਮੁਖਿ[98] ਵੇਦ ਪਾਠ[99] ॥	Countless are the scriptures[97] and extempore[98] reciters[99] of Vedas.	ਅਣਗਿਣਤ ਹਨ ਧਾਰਮਕ ਪੁਸਤਕਾਂ[97] ਅਤੇ ਵੇਦਾਂ ਦਾ ਮੂੰਹ ਜ਼ਬਾਨੀ[98] ਪਾਠ ਕਰਨ ਵਾਲੇ[99]।
੪	4	੪
ਅਸੰਖ ਜੋਗ[100] ਮਨਿ[2] ਰਹਹਿ[3] ਉਦਾਸ[4] ॥	Countless are the yogies[100], in mind[2], who remain[3] detatched[4] (from the world).	ਅਣਗਿਣਤ ਹਨ ਯੋਗੀ[100], ਚਿਤ[2] ਵਿਚ, (ਜੋ ਦੁਨੀਆਂ ਵਲੋਂ) ਉਪਰਾਮ[4] ਰਹਿੰਦੇ[3] ਹਨ।
ਅਸੰਖ ਭਗਤ[5] ਗੁਣ[6] ਗਿਆਨ[7] ਵੀਚਾਰ[8] ॥	Countless are the votaries[5] who reflect[8] over (the Lord's) excellences[6] and theology[7].	ਅਣਗਿਣਤ ਹਨ ਅਨਿੰਨ ਅਨੁਰਾਗੀ[5] (ਜੋ ਪ੍ਰਭੂ ਦੀਆਂ) ਵਡਿਆਈਆਂ[6] ਅਤੇ ਬੋਧ[7] ਨੂੰ ਸੋਚਦੇ[8] ਸਮਝਦੇ ਹਨ।
ਅਸੰਖ ਸਤੀ[9] ਅਸੰਖ ਦਾਤਾਰ[10] ॥	Countless are the men of piety[9] and countless the men of bounty[10].	ਅਣਗਿਣਤ ਹਨ ਪਵਿੱਤਰ ਪੁਰਸ਼[9] ਅਤੇ ਅਣਗਿਣਤ ਹੀ ਪੁੰਨਦਾਨ ਕਰਨ ਵਾਲੇ[10]।

ਅਸੰਖ ਸੂਰ[11] ਮੁਹ[12] ਭਖ[13] ਸਾਰ[14] ॥	Countless are the warriors[11] who eat[13] with their mouth[12] steel[14] (bear on their face the brunt).	ਅਣਗਿਣਤ ਹਨ ਯੋਧੇ[11] ਜਿਹੜੇ ਮੂੰਹ[12] ਨਾਲ ਲੋਹਾ[14] ਖਾਂਦੇ[13] (ਮੂੰਹ ਉੱਤੇ ਲੋਹੇ ਦੀਆਂ ਸੱਟਾਂ ਸਹਾਰਦੇ) ਹਨ।
ਅਸੰਖ ਮੋਨਿ[15] ਲਿਵ[16] ਲਾਇ[17] ਤਾਰ[18] ॥	Countless are the silent sages[15] who centre[17] their love[16] and attention[18] on the Lord.	ਅਣਗਿਣਤ ਹਨ ਚੁੱਪ ਕੀਤੇ ਰਿਸ਼ੀ[15], ਜੋ ਆਪਣੀ ਪ੍ਰੀਤ[16] ਤੇ ਬ੍ਰਿਤੀ[18] ਪ੍ਰਭੂ ਉੱਤੇ ਕੇਂਦਰ[17] ਕਰਦੇ ਹਨ।
ਕੁਦਰਤਿ ਕਵਣ ਕਹਾ ਵੀਚਾਰੁ ॥	What power have I to describe Thine doctrines (Thee) ?	ਤੇਰੇ ਇਲਮ ਨੂੰ (ਤੈਨੂੰ) ਬਿਆਨ ਕਰਨ ਦੀ ਮੇਰੇ ਵਿਚ ਕਿਹੜੀ ਤਾਕਤ ਹੈ ?
ਵਾਰਿਆ ਨ ਜਾਵਾ ਏਕ ਵਾਰ ॥	I cannot even once be a sacrifice unto Thee.	ਮੈਂ ਇਕ ਵਾਰੀ ਭੀ ਤੇਰੇ ਉਤੋਂ ਕੁਰਬਾਨ ਨਹੀਂ ਹੋ ਸਕਦਾ।
ਜੋ ਤੁਧੁ ਭਾਵੈ ਸਾਈ ਭਲੀ ਕਾਰ ॥	Whatever pleases Thee, that is a good pursuit.	ਜੋ ਕੁਛ ਤੈਨੂੰ ਚੰਗਾ ਲੱਗਦਾ ਹੈ, ਓਹੀ ਚੰਗਾ ਕੰਮ ਕਾਜ ਹੈ।
ਤੂ ਸਦਾ ਸਲਾਮਤਿ ਨਿਰੰਕਾਰ ॥੧੭॥	Thou art ever safe and sound, O Formless One !	ਤੂੰ ਸਦੀਵ ਹੀ ਨਵਾਂ ਨਰੋਆ ਹੈਂ, ਹੇ ਸਰੂਪ-ਰਹਿਤ (ਪੁਰਖ)!
ਅਸੰਖ ਮੂਰਖ[19] ਅੰਧ[20] ਘੋਰ[21] ॥	Numberless are the fools[19], appallingly[21] blind[20].	ਅਣਗਿਣਤ ਮਹਾਨ[21] ਅੰਨ੍ਹੇ[20] ਮੂੜ੍ਹ[19] ਹਨ।
ਅਸੰਖ ਚੋਰ[22] ਹਰਾਮਖੋਰ[23]॥	Numberless are the thieves[22] and the devourers of other's property[23].	ਅਣਗਿਣਤ ਤਸਕਰ[22] ਅਤੇ ਹੋਰਨਾਂ ਦਾ ਮਾਲ ਖਾਣ[23] ਵਾਲੇ ਹਨ।
ਅਸੰਖ ਅਮਰ[24] ਕਰਿ[25] ਜਾਹਿ[26] ਜੋਰ[27] ॥	Numberless depart[26] after establishing[25] their sovereignty[24] by force[27].	ਅਣਗਿਣਤ ਧੱਕੇ[27] ਨਾਲ ਰਾਜ[24] ਕਰਕੇ[25] ਟੁਰ[26] ਜਾਂਦੇ ਹਨ।
ਅਸੰਖ ਗਲਵਢ[28] ਹਤਿਆ[29] ਕਮਾਹਿ[30] ॥	Numberless are the cut-throats[28] who commit[30] murders[29].	ਅਣਗਿਣਤ ਹਨ ਗਲ ਵੱਢਣ ਵਾਲੇ[28], ਜੋ ਖੂਨ[29] ਕਰਦੇ[30] ਹਨ।
ਅਸੰਖ ਪਾਪੀ[31] ਪਾਪੁ[32] ਕਰਿ[33] ਜਾਹਿ[34] ॥	Numberless are the sinners[31] who go on[34] committing[33] sins[32].	ਅਣਗਿਣਤ ਗੁਨਾਹਗਾਰ[31] ਹਨ ਜਿਹੜੇ ਗੁਨਾਹ[32] ਕਮਾਈ[33] ਜਾਂਦੇ ਹਨ[34]।
ਅਸੰਖ ਕੂੜਿਆਰ[35] ਕੂੜੇ[36] ਫਿਰਾਹਿ[37] ॥	Numberless are the liars[35] who wander[37] in falsehood[36].	ਅਣਗਿਣਤ ਝੂਠੇ[35] ਹਨ ਜਿਹੜੇ ਝੂਠ[36] ਅੰਦਰ ਭਟਕਦੇ[37] ਹਨ।
ਅਸੰਖ ਮਲੇਛ[38] ਮਲੁ[39] ਭਖਿ[40] ਖਾਹਿ[41] ॥	Numberless are the dirty-wretch[38] who partake[41] filth[39] as their ration[40].	ਅਣਗਿਣਤ ਗੰਦੇ[38] ਹਨ ਜੋ ਗੰਦਗੀ[39] ਨੂੰ ਆਪਣੇ ਅਹਾਰ[40] ਵਜੋਂ ਖਾਂਦੇ[41] ਹਨ।
ਅਸੰਖ ਨਿੰਦਕ[42] ਸਿਰਿ[43] ਕਰਹਿ[44] ਭਾਰੁ[45] ॥	Numberless are the slanderers[42] who carry[44] on their heads[43] loads[45] (of sins).	ਅਣਗਿਣਤ ਕਲੰਕ ਲਾਉਣ ਵਾਲੇ[42] ਹਨ ਜੋ ਆਪਣੇ ਸਿਰ[43] ਤੇ (ਪਾਪਾਂ ਦਾ) ਬੋਝ[45] ਚੁਕਦੇ[44] ਹਨ।
ਨਾਨਕੁ ਨੀਚੁ[46] ਕਹੈ[47] ਵੀਚਾਰੁ[48] ॥	Nanak, the lowly[46] ! gives[47] description[48].	ਨਾਨਕ, ਨੀਵਾਂ[46] ! ਵਰਨਣ[48] ਕਰਦਾ[47] ਹੈ।
ਵਾਰਿਆ ਨਾ ਜਾਵਾ ਏਕ ਵਾਰ ॥	I cannot even once be a sacrifice unto Thee.	ਮੈਂ ਇਕ ਵਾਰੀ ਭੀ ਤੇਰੇ ਉਤੋਂ ਕੁਰਬਾਨ ਨਹੀਂ ਹੋ ਸਕਦਾ।

ਜੋ ਤੁਧੁ ਭਾਵੈ ਸਾਈ ਭਲੀ ਕਾਰ ॥	What ever pleases Thee, that is a good pursuit.	ਜੋ ਕੁਛ ਤੈਨੂੰ ਚੰਗਾ ਲੱਗਦਾ ਹੈ, ਓਹੀ ਚੰਗਾ ਕੰਮ ਕਾਜ ਹੈ।
ਤੂ ਸਦਾ ਸਲਾਮਤਿ ਨਿਰੰਕਾਰ ॥੧੮॥	Thou art ever safe and sound, O Formless One !	ਤੂੰ ਸਦੀਵ ਹੀ ਨਵਾਂ ਨਰੋਆ ਹੈਂ, ਹੇ ਸਰੂਪ-ਰਹਿਤ (ਪੁਰਖ) !
ਅਸੰਖ ਨਾਵ[49] ਅਸੰਖ ਥਾਵ[50] ॥	Innumerable are (Thine) Names[49] and innumerable Thine abodes[50], (O Lord)!	ਬੇ-ਗਿਣਤ ਹਨ (ਤੇਰੇ) ਨਾਮ[49] ਅਤੇ ਬੇ-ਗਿਣਤ (ਤੇਰੇ) ਨਿਵਾਸ ਅਸਥਾਨ[50], (ਹੇ ਪ੍ਰਭੂ) !
ਅਗੰਮ[51] ਅਗੰਮ[52] ਅਸੰਖ ਲੋਅ[53] ॥	Innumerable are (Thine) realms[53], inaccessible[51] and inscrutable[52]	ਬੇ-ਗਿਣਤ ਹਨ (ਤੇਰੇ) ਮੰਡਲ[53]—ਅਪਹੁੰਚ[51] ਅਤੇ ਅਖੋਜ[52]।
ਅਸੰਖ[54] ਕਹਹਿ[55] ਸਿਰਿ[56] ਭਾਰੁ[57] ਹੋਇ[58] ॥	Even to call[55] them myriad[54] amounts to carrying[58] load[57] of sin on the head[56].	ਉਨ੍ਹਾਂ ਨੂੰ ਗਿਣਤ-ਰਹਿਤ[54] ਆਖਣਾ[55] ਭੀ ਸਿਰ[56] ਉਤੇ ਪਾਪ ਦਾ ਬੋਝ[57] ਚੁਕਣ[58] ਦੇ ਤੁੱਲ ਹੈ।
ਅਖਰੀ[59] ਨਾਮੁ ਅਖਰੀ ਸਾਲਾਹ[60] ॥	Through words[59] (Thy) Name is uttered and through words (Thou art) praised[60].	ਸ਼ਬਦਾਂ[59] ਰਾਹੀਂ (ਤੇਰਾ) ਨਾਮ ਉਚਾਰਿਆ ਜਾਂਦਾ ਹੈ ਅਤੇ ਸ਼ਬਦਾਂ ਰਾਹੀਂ ਹੀ (ਤੇਰਾ) ਜਸ ਕੀਤਾ[60] ਜਾਂਦਾ ਹੈ।
ਅਖਰੀ ਗਿਆਨੁ[61] ਗੀਤ[62] ਗੁਣ[63] ਗਾਹ[64] ॥	Through words the songs[62] of (Thy) theology[61] and (Thine) attributes[63] are hymned[64].	ਸ਼ਬਦਾਂ ਰਾਹੀਂ (ਤੇਰੀ) ਗਿਆਤ[61] ਅਤੇ (ਤੇਰੀਆਂ) ਵਡਿਆਈਆਂ[63] ਦੇ ਗਾਉਣ[62] ਗਾਏ[64] ਜਾਂਦੇ ਹਨ।
ਅਖਰੀ[65] ਲਿਖਣੁ[66] ਬੋਲਣੁ[67] ਬਾਣਿ[68] ॥	In letters[65] the uttered[67] hymns[68] are hymned[66].	ਅੱਖਰਾਂ[65] ਅੰਦਰ ਉਚਾਰਨ[67] ਕੀਤੀ ਹੋਈ ਬਾਣੀ[68] ਲਿਖੀ[66] ਜਾਂਦੀ ਹੈ।
ਅਖਰਾ ਸਿਰਿ[69] ਸੰਜੋਗੁ[70] ਵਖਾਣਿ[71] ॥	With letters on (mortal's) brow[69] (his) destiny[70] is described[71].	ਅੱਖਰਾਂ ਨਾਲ (ਪ੍ਰਾਨੀ ਦੇ) ਮੱਥੇ[69] ਉਤੇ (ਉਸਦੀ) ਕਿਸਮਤ[70] ਬਿਆਨ[71] ਕੀਤੀ ਹੋਈ ਹੈ।
ਜਿਨਿ[72] ਏਹਿ[73] ਲਿਖੇ[74] ਤਿਸੁ[75] ਸਿਰਿ[76] ਨਾਹਿ ॥	(But God) who[72] scribed[74] these[73] destinies, His[75] head[76] bears it not.	(ਪ੍ਰੰਤੂ ਵਾਹਿਗੁਰੂ), ਜਿਸਨੇ[72] ਇਹ[73] ਪਰਾਲਬੱਧਾਂ ਲਿਖੀਆਂ[74] ਹਨ, ਉਸਦੇ[75] ਸੀਸ[76] ਉਤੇ ਇਹ ਨਹੀਂ ਹੈ।
ਜਿਵ[77] ਫੁਰਮਾਏ[78] ਤਿਵ ਤਿਵ[79] ਪਾਹਿ[80] ॥	As[77] He ordains[78], so[79] do men obtain[80].	ਜਿਸ ਤਰ੍ਹਾਂ[77] ਉਹ ਹੁਕਮ[78] ਕਰਦਾ ਹੈ, ਉਸੇ ਤਰ੍ਹਾਂ[79] ਹੀ ਇਨਸਾਨ ਹਾਸਲ ਕਰਦੇ[80] ਹਨ।
ਜੇਤਾ[81] ਕੀਤਾ[82] ਤੇਤਾ[83] ਨਾਉ[84] ॥	As great[81] is (Thy) creation[82], so great[83] is (Thine) celebrity[84].	ਜਿੰਨੀ[81] ਵੱਡੀ ਹੈ (ਤੇਰੀ) ਰਚਨਾ[82], ਓਡੀ[83] ਵੱਡੀ ਹੀ ਹੈ (ਤੇਰੀ) ਕੀਰਤੀ[84]।
ਵਿਣੁ[85] ਨਾਵੈ ਨਾਹੀ ਕੋ ਥਾਉ[86] ॥	Without[85] (Thy) Name, there is no place[86].	(ਤੇਰੇ) ਨਾਮ ਤੋਂ ਬਿਨਾਂ[85] ਕੋਈ ਥਾਂ[86] ਨਹੀਂ।
ਕੁਦਰਤਿ ਕਵਣ ਕਹਾ ਵੀਚਾਰੁ ॥	What power have I to describe Thine doctrines (Thee) ?	ਤੇਰੇ ਇਲਮ ਨੂੰ (ਤੈਨੂੰ) ਬਿਆਨ ਕਰਨ ਦੀ ਮੇਰੇ ਵਿਚ ਕਿਹੜੀ ਤਾਕਤ ਹੈ ?
ਵਾਰਿਆ ਨਾ ਜਾਵਾ ਏਕ ਵਾਰ ॥	I cannot even once be a sacrifice unto Thee.	ਮੈਂ ਇਕ ਵਾਰੀ ਭੀ ਤੇਰੇ ਉਤੋਂ ਕੁਰਬਾਨ ਨਹੀਂ ਹੋ ਸਕਦਾ ?
ਜੋ ਤੁਧੁ ਭਾਵੈ ਸਾਈ ਭਲੀ ਕਾਰ ॥	Whatever pleases Thee; that is a good pursuit.	ਜੋ ਕੁਛ ਤੈਨੂੰ ਚੰਗਾ ਲੱਗਦਾ ਹੈ; ਓਹੀ ਚੰਗਾ ਕੰਮ ਕਾਜ ਹੈ।

ਤੂ ਸਦਾ ਸਲਾਮਤਿ ਨਿਰੰਕਾਰ ॥੧੯॥	Thou art ever safe and sound, O Formless One !	ਤੂੰ ਸਦੀਵ ਵੀ ਨਵਾਂ ਨਰੋਆ ਹੈਂ, ਹੇ ਸਰੂਪ-ਰਹਿਤ (ਪੁਰਖ) !
ਭਰੀਐ[87] ਹਥੁ[88] ਪੈਰੁ[89] ਤਨੁ[90] ਦੇਹ[91] ॥ ਪਾਣੀ[92] ਧੋਤੈ[93] ਉਤਰਸੁ[94] ਖੇਹ[95] ॥	By washing[93] with water[92] the dust[95], of the besmeared[87] hands[88], feet[89] and other parts[91] of the body[90], is removed[94].	ਜਲ[92] ਨਾਲ ਧੋਣ[93] ਦੁਆਰਾ ਲਿਬੜੇ[87] ਹੋਏ ਕਰਾਂ[88], ਪਗਾਂ[89], ਅਤੇ ਸਰੀਰ[90] ਦੇ ਹੋਰ ਹਿੱਸਿਆਂ[91] ਦਾ ਘੱਟਾ[95] ਲਹਿ[94] ਜਾਂਦਾ ਹੈ ।
ਮੂਤ[96] ਪਲੀਤੀ[97] ਕਪੜੁ[98] ਹੋਇ ॥ ਦੇ[99] ਸਾਬੂਣੁ[100] ਲਈਐ ਓਹੁ[2] ਧੋਇ[3] ॥	The garment[98] polluted[97] with urine[96], that[2] is washed clean[3] by applying[99] soap[100].	ਪਿਸ਼ਾਬ[96] ਨਾਲ ਗੰਦਾ[97] ਹੋਇਆ ਹੋਇਆ ਬਸਤਰ[98]; ਉਸਨੂੰ[2] ਸਾਬਣ[100] ਲਾ ਕੇ[99] ਸਾਫ਼ ਸੁਥਰਾ[3] ਕਰ ਲਈਦਾ ਹੈ ।
ਭਰੀਐ[4] ਮਤਿ[5] ਪਾਪਾ[6] ਕੈ ਸੰਗਿ[8] ॥ ਓਹੁ ਧੋਪੈ[7] ਨਾਵੈ ਕੈ ਰੰਗਿ[9] ॥	The soul[5], defiled[4] with[8] sins[6], that is cleaned[7] with the love[9] of (God's) Name.	ਗੁਨਾਹਾਂ[6] ਦੇ ਨਾਲ[4] ਪਲੀਤ[8] ਹੋਈ ਹੋਈ ਆਤਮਾ[5], ਉਹ (ਹਰੀ) ਨਾਮ ਦੀ ਪ੍ਰੀਤ[9] ਨਾਲ ਧੋਤੀ[7] ਜਾਂਦੀ ਹੈ ।
ਪੁੰਨੀ[10] ਪਾਪੀ[11] ਆਖਣੁ[12] ਨਾਹਿ ॥	Virtuous[10] and vicious[11] man becomes not by mere words of mouth[12].	ਕੇਵਲ ਮੂੰਹ ਜ਼ਬਾਨੀ[12] ਕਹਿਣ ਨਾਲ ਆਦਮੀ ਨੇਕ[10] ਅਤੇ ਐਬੀ[11] ਨਹੀਂ ਬਣਦਾ ।
ਕਰਿ ਕਰਿ[13] ਕਰਣਾ[14] ਲਿਖਿ ਲੈ ਜਾਹੁ[15] ॥	The often repeated[13] actions[14] are engraved[15] on the heart.	ਬਾਰੰਬਾਰ ਕੀਤੇ[13] ਹੋਏ ਕਰਮ[14] ਦਿਲ ਉਤੇ ਉਕਰੇ ਜਾਂਦੇ[15] ਹਨ ।
ਆਪੇ[16] ਬੀਜਿ[17] ਆਪੇ ਹੀ ਖਾਹੁ[18] ॥	(Man) himself[16] sows[17] and himself eats[18] (reaps).	(ਆਦਮੀ) ਖ਼ੁਦ[16] ਬੀਜਦਾ[17] ਹੈ ਅਤੇ ਖ਼ੁਦ ਹੀ ਖਾਂਦਾ[18] (ਵੱਢਦਾ) ਹੈ ।
ਨਾਨਕ ਹੁਕਮੀ[19] ਆਵਹੁ[20] ਜਾਹੁ[21] ॥੨੦॥	By (God's) Order[19], O Nanak ! man comes[20] and goes[21].	(ਵਾਹਿਗੁਰੂ ਦੇ) ਫ਼ੁਰਮਾਨ[19] ਦੁਆਰਾ, ਹੇ ਨਾਨਕ ! ਇਨਸਾਨ ਆਉਂਦਾ[20] ਤੇ ਜਾਂਦਾ[21] ਹੈ ।
ਤੀਰਥੁ[22] ਤਪੁ[23] ਦਇਆ[24] ਦਤੁ[25] ਦਾਨੁ[26] ॥ ਜੇ ਕੋ[27] ਪਾਵੈ[28] ਤਿਲ ਕਾ[29] ਮਾਨੁ[30] ॥	Pilgrimage[22], penance[23], compassion[24] and alms[26] giving[26] fetch[28], if any[27], a sesame[29] of honour[30] (merit).	ਯਾਤਰਾ[22], ਤਪੱਸਿਆ[23], ਰਹਿਮ[24] ਅਤੇ ਖ਼ੈਰਾਤ[26] ਦੇਣੀ[26], ਜੇਕਰ[27] ਪਾਉਣ ਤਾਂ ਕੁਝਕੁ[29] ਮਾਤ੍ਰ ਸਨਮਾਨ[30] (ਕਦਰ) ਪਾਉਂਦੀਆਂ[28] ਹਨ ।
ਸੁਣਿਆ[31] ਮੰਨਿਆ[32] ਮਨਿ[33] ਕੀਤਾ ਭਾਉ[34] ॥ ਅੰਤਰ[35] ਗਤਿ[36] ਤੀਰਥਿ[37] ਮਲਿ ਨਾਉ[38] ॥	(Whoever) heartily[33] hears[31], believes[32] and loves[34] (God's Name, obtains) salvation[36] by thoroughly bathing[38] in the shrine[37] within[35] himself.	(ਜੋ ਕੋਈ) ਦਿਲ ਨਾਲ[33] (ਹਰੀ ਨਾਮ ਨੂੰ) ਸਰਵਣ[31], ਮੰਨਣ[32] ਅਤੇ ਪ੍ਰੀਤ ਕਰਦਾ[34] ਹੈ, (ਉਹ) ਆਪਣੇ ਅੰਦਰਲੇ[35] ਧਰਮ ਅਸਥਾਨ[37] ਵਿਚ ਚੰਗੀ ਤਰ੍ਹਾਂ ਨਹਾਕੇ[38] ਮੁਕਤੀ[36] ਪਾ ਲੈਂਦਾ ਹੈ ।
ਸਭਿ ਗੁਣ[39] ਤੇਰੇ ਮੈ ਨਾਹੀ ਕੋਇ ॥	All virtues[39] are Thine, (O Lord !) I have none.	ਸਮੂਹ ਨੇਕੀਆਂ[39] ਤੇਰੀਆਂ ਹਨ, (ਹੇ ਸਾਈਂ !) ਮੇਰੇ ਵਿਚ ਕੋਈ ਨਹੀਂ ।
ਵਿਣੁ[40] ਗੁਣ[41] ਕੀਤੇ[42] ਭਗਤਿ[43] ਨ ਹੋਇ[44] ॥	Without[40] acquiring[42] excellences[41], (Lord's) devotional service[43] can not be performed[44].	ਉਤਕ੍ਰਿਸ਼ਟਤਾਈਆਂ[41] ਹਾਸਲ[42] ਕਰਨ ਦੇ ਬਾਝੋਂ[40] (ਸੁਆਮੀ ਦੀ) ਪਰੇਮ-ਮਈ ਸੇਵਾ[43] ਨਹੀਂ ਕੀਤੀ[44] ਜਾ ਸਕਦੀ ।
ਸੁਅਸਤਿ[45] ਆਥਿ[46] ਬਾਣੀ[47]	(My) obeisance[45] is unto (God), who	(ਮੇਰੀ) ਨਿਮਸਕਾਰ[45] ਹੈ (ਪ੍ਰਭੂ ਨੂੰ), ਜੋ ਆਪ ਹੀ ਸੰਸਾਰੀ

[48]ਬਰਮਾਉ[49] ॥	Himself is worldy valuables[46] and words[47] like Barhma[48] etc[49].	ਪਦਾਰਥ[46] ਅਤੇ ਲਫ਼ਜ਼[47] ਬਰ੍ਹਮਾ[48] ਆਦਿਕ[49] ਹੈ ।
ਸਤਿ[50] ਸੁਹਾਣੁ[51] ਸਦਾ[52] ਮਨਿ[53] ਚਾਉ[54] ॥	He is true[50] and beautiful[51] and rapture[54] ever[52] abides within His mind[53].	ਉਹ ਸੱਚਾ[50] ਅਤੇ ਸੁੰਦਰ[51] ਹੈ ਅਤੇ ਪਰਮ-ਅਨੰਦ[54] ਸਦੀਵ[52] ਹੀ ਉਸਦੇ ਚਿੱਤ[53] ਅੰਦਰ ਵਸਦਾ ਹੈ ।
ਕਵਣੁ[55] ਸੁ[56] ਵੇਲਾ[57] ਵਖਤੁ[58] ਕਵਣੁ ਕਵਣ ਥਿਤਿ[59] ਕਵਣੁ ਵਾਰੁ[60] ॥ ਕਵਣਿ ਸਿ[61] ਰੁਤੀ[62] ਮਾਹੁ[63] ਕਵਣੁ ਜਿਤੁ[64] ਹੋਆ[65] ਆਕਾਰੁ[66] ॥	What[55] the[56] time[57], what moment[58], what lunar day[59], what week day[60], what the[61] season[62] and what month[63], when[64] the creation[66] came into being[65] ?	ਉਹ[56] ਕਿਹੜਾ[55] ਸਮਾ[57], ਕਿਹੜਾ ਮੁਹਤ[58], ਕਿਹੜੀ ਤਿੱਥ[59], ਕਿਹੜਾ ਦਿਨ[60], ਉਹ[61] ਕਿਹੜਾ ਮੌਸਮ[62] ਅਤੇ ਕਿਹੜਾ ਮਹੀਨਾ[63] ਸੀ ਜਦ[64] ਰਚਨਾ[66] ਦਾ ਪਸਾਰਾ ਹੋਇਆ[65] ?
ਵੇਲ[67] ਨ ਪਾਈਆ[68] ਪੰਡਤੀ ਜਿ[69] ਹੋਵੈ[70] ਲੇਖੁ[71] ਪੁਰਾਣੁ ॥	The Pandits find[68] (known) not the time[67], even though[69] it be mentioned[70] in the Purans' texts[71].	ਪੰਡਤਾਂ ਨੂੰ ਵੇਲੇ[67] ਦਾ ਪਤਾ[68] ਨਹੀਂ ਭਾਵੇਂ[69] ਪੁਰਾਨਾਂ ਦੀ ਲਿਖਤ[71] ਅੰਦਰ ਇਸ ਦਾ ਜ਼ਿਕਰ[70] ਭੀ ਹੋਵੇ ।
ਵਖਤੁ[72] ਨ ਪਾਇਓ[73] ਕਾਦੀਆ[74] ਜਿ[75] ਲਿਖਨਿ[76] ਲੇਖੁ[77] ਕੁਰਾਣੁ ॥	Nor do the Qazis[74], who[75] scribe[76] the writing[77] of Quran, know[73] the time[72].	ਨਾ ਹੀ ਕਾਜ਼ੀ[74], ਜਿਹੜੇ[75] ਕੁਰਾਨ ਦੀ ਲਿਖਤ[77] ਲਿਖਦੇ[76] ਹਨ, ਸਮੇਂ[72] ਨੂੰ ਜਾਣਦੇ[73] ਹਨ ।
ਥਿਤਿ[78] ਵਾਰੁ[79] ਨਾ ਜੋਗੀ ਜਾਣੈ ਰੁਤਿ[80] ਮਾਹੁ[81] ਨਾ ਕੋਈ[82] ॥	Neither the yogi nor any one[82] else knows the lunar day[78], week day[79] season[80] and the month[81].	ਨਾ ਯੋਗੀ, ਨਾ ਹੀ ਕੋਈ ਹੋਰ[82], ਚੰਦ ਦਾ ਦਿਹਾੜਾ[78], ਸਪਤਾਹ ਦਾ ਦਿਨ[79], ਮੌਸਮ[80], ਅਤੇ ਮਹੀਨਾ[81] ਜਾਣਦਾ ਹੈ ।
ਜਾ[83] ਕਰਤਾ[84] ਸਿਰਠੀ[85] ਕਉ ਸਾਜੇ[86] ਆਪੇ[87] ਜਾਣੈ ਸੋਈ[88] ॥	The[83] Creator[84] who creates[86] the world[85]; He[88] Himself[87] knows (the time).	ਜੋ[83] ਸਿਰਜਣਹਾਰ[84] ਸ੍ਰਿਸ਼ਟੀ[85] ਨੂੰ ਰਚਦਾ[86] ਹੈ; ਉਹ[88] ਆਪ[87] ਹੀ (ਵੇਲੇ ਨੂੰ) ਜਾਣਦਾ ਹੈ ।
੫	**5**	**੫**
ਕਿਵ ਕਰਿ[89] ਆਖਾ[90] ਕਿਵ ਸਾਲਾਹੀ[91] ਕਿਉ ਵਰਨੀ[92] ਕਿਵ ਜਾਣਾ[93] ॥	How[89] to express[90], how to praise[91], how to describe[92] and how to know[93] (Thee, O Lord) ?	(ਤੈਨੂੰ) ਕਿਸ ਤਰ੍ਹਾਂ[89] ਕਹਿਆ[90], ਕਿਸ ਤਰ੍ਹਾਂ ਸਲਾਹਿਆ[91] ਕਿਸ ਤਰ੍ਹਾਂ ਬਿਆਨ[92] ਕੀਤਾ ਅਤੇ ਕਿਸ ਤਰ੍ਹਾਂ ਜਾਣਿਆ[93] ਜਾਵੇ, (ਹੇ ਸਾਈਂ) ?
ਨਾਨਕ ਆਖਣਿ[94] ਸਭੁ[95] ਕੋ ਆਖੈ[96] ਇਕਦੂ[97] ਇਕੁ ਸਿਆਣਾ[98] ॥	Nanak ! all[95] describe[96] Thy discourse[94] and each is wiser[98] than[97] the other.	ਨਾਨਕ ! ਸਾਰੇ[95] ਤੇਰੀ ਕਥਾ[94] ਵਰਨਣ[96] ਕਰਦੇ ਹਨ ਤੇ ਇਕ ਨਾਲੋਂ[97] ਇਕ ਵਧੇਰੇ ਅਕਲਮੰਦ[98] ਹੈ ।
ਵਡਾ[99] ਸਾਹਿਬੁ[100] ਵਡੀ ਨਾਈ[2] ਕੀਤਾ ਜਾ ਕਾ ਹੋਵੈ[5] ॥	Great[99] is the Master[100], and great His Name[2] and what he does, comes to[5] pass.	ਵਿਸ਼ਾਲ[99] ਹੈ ਮਾਲਕ[100], ਤੇ ਵਿਸ਼ਾਲ ਉਸ ਦਾ ਨਾਮ[2] ਅਤੇ ਜੋ ਕੁਛ ਓਹ ਕਰਦਾ ਹੈ, ਉਹੀ[5] ਹੁੰਦਾ ਹੈ ।
ਨਾਨਕ ਜੇ[3] ਕੋ[4] ਆਪੌ[6] ਜਾਣੈ[7] ਅਗੈ[8] ਗਇਆ[9] ਨ ਸੋਹੈ[10] ॥੨੧॥	Nanak ! if[3] someone[4] deems[7] himself[6] potent to do, he shall not look adorned[10] on his arrival[9] in the world hereafter[8]	ਨਾਨਕ ! ਜੇਕਰ[3] ਕੋਈ[4] ਆਪਣੇ[6] ਆਪ ਨੂੰ ਕਰਣ-ਯੋਗ ਮੰਨ ਲਵੇ[7], ਅਗਲੇ[8] ਲੋਕ ਵਿਚ ਪੁੱਜਣ[9] ਤੇ ਉਹ ਸੁਭਾਇਮਾਨ[10] ਨਹੀਂ ਲੱਗੇਗਾ ।

ਪਾਤਾਲਾ[11] ਪਾਤਾਲ ਲਖ[12] ਆਗਾਸਾ[13] ਆਗਾਸ ॥	There are nether[11]-worlds below the nether-worlds and lacs[12] of skies[13] over skies.	ਪਇਆਲਾਂ[11] ਦੇ ਹੇਠਾਂ ਪਇਆਲ ਹਨ ਅਤੇ ਲਖੂਖਾਂ[12] ਅਸਮਾਨਾਂ ਉਤੇ ਅਸਮਾਨ[13]।
ਓੜਕ[14] ਓੜਕ[15] ਭਾਲਿ[16] ਥਕੇ[17] ਵੇਦ[18] ਕਹਨਿ[19] ਇਕ ਵਾਤ[20] ॥	The scriptures[18] say[19] one thing[20]; searching[16] after (God's) limit[14] and bounds[15], (without success, people) have grown weary[17].	ਧਾਰਮਕ ਗ੍ਰੰਥ[18] ਇਕ ਗੱਲ[20] ਆਖਦੇ[19] ਹਨ; (ਰੱਬ ਦੇ) ਅੰਤ[14] ਅਤੇ ਹੱਦ ਬੰਨਿਆਂ[15] ਨੂੰ ਲੱਭਦੇ[16] ਹੋਏ, (ਨਾਕਾਮਯਾਬ ਹੋ, ਲੋਕ) ਹਾਰ ਹੁਟ ਗਏ[17] ਹਨ।
ਸਹਸ[21] ਅਠਾਰਹ ਕਹਨਿ[22] ਕਤੇਬਾ[23] ਅਸੁਲੂ[24] ਇਕੁ ਧਾਤੁ[25] ॥	The semitic scriptures[23] say[22] that there are eighteen thousand[21] worlds, but in reality[24] there is only one essence[25],(that the Lord is limitless).	ਯਹੂਦੀ, ਈਸਾਈ ਤੇ ਮੁਸਲਿਮ ਧਾਰਮਕ ਗਰੰਥ[23] ਆਖਦੇ[22] ਹਨ, ਕਿ ਅਠਾਰਾਂ ਹਜ਼ਾਰ[21] ਆਲਮ ਹਨ, ਪ੍ਰੰਤੂ ਅਸਲ ਵਿਚ[24] ਇਕੋ ਹੀ ਸਾਰ-ਤਤ[25] ਹੈ, (ਕਿ ਪ੍ਰਭੂ ਬੇਅੰਤ ਹੈ)।
ਲੇਖਾ[26] ਹੋਇ[30] ਤ[27] ਲਿਖੀਐ[31] ਲੇਖੈ[28] ਹੋਇ ਵਿਣਾਸੁ[29] ॥	If there be[30] any account[26] (of His), then[27] alone man can write[31] that the Lord's account finishes not and whilst describing the account[28] (man himself) finishes[29].	ਜੇਕਰ (ਉਸਦਾ) ਕੋਈ ਹਿਸਾਬ ਕਿਤਾਬ[26] ਹੋਵੇ[30], ਕੇਵਲ[27] ਤਾਂ ਹੀ (ਇਨਸਾਨ) ਉਸਨੂੰ ਲਿਖ ਸਕਦਾ[31] ਹੈ ਕਿ (ਵਾਹਿਗੁਰੂ ਦਾ ਹਿਸਾਬ ਕਿਤਾਬ ਮੁਕਦਾ ਨਹੀਂ) ਅਤੇ ਹਿਸਾਬ ਕਿਤਾਬ[28] ਨੂੰ ਬਿਆਨ ਕਰਦਾ ਹੋਇਆ (ਇਨਸਾਨ ਖ਼ੁਦ ਹੀ) ਮੁਕ[29] ਜਾਂਦਾ ਹੈ।
ਨਾਨਕ ਵਡਾ[32] ਆਖੀਐ[33] ਆਪੇ[34] ਜਾਣੈ ਆਪੁ[35] ॥੨੨॥	O Nanak ! call[33] Him great[32]. He Himself[34] knows His Own-self[35].	ਹੇ ਨਾਨਕ ! ਉਸਨੂੰ ਵਿਸ਼ਾਲ[32] ਵਰਨਣ[33] ਕਰ। ਉਹ ਆਪ ਹੀ[34] ਆਪਣੇ ਆਪ[35] ਨੂੰ ਜਾਣਦਾ ਹੈ।
ਸਾਲਾਹੀ[36] ਸਾਲਾਹਿ[37] ਏਤੀ[38] ਸੁਰਤਿ[39] ਨ ਪਾਈਆ[40] ॥ ਨਦੀਆ[41] ਅਤੈ[42] ਵਾਹ[43] ਪਵਹਿ[44] ਸਮੁੰਦਿ[45] ਨ ਜਾਣੀਅਹਿ[46] ॥	The praisers[36] praise[37] (the Lord), but they obtain[40] not this much[38] understanding[39] (that they may know His greatness), as the steams[41] and[42] the rivers[43] falling[44] into the ocean[45] understand[46] not (its extent).	ਸ਼ਲਾਘਾ ਕਰਨ ਵਾਲੇ[36] (ਸਾਹਿਬ ਦੀ) ਸਲਾਘਾ[37] ਕਰਦੇ ਹਨ, ਪਰ ਉਨ੍ਹਾਂ ਨੂੰ ਏਨੀ[38] ਸਮਝ[39] ਪਰਾਪਤ[40] ਨਹੀਂ ਹੁੰਦੀ, (ਕਿ ਉਹ ਉਸਦੀ ਵਿਸ਼ਾਲਤਾ ਨੂੰ ਜਾਣ ਲੈਣ), ਜਿਸ ਤਰ੍ਹਾਂ ਸਮੁੰਦਰ[45] ਵਿਚ ਡਿੱਗਣ[44] ਵਾਲੇ ਨਾਲੇ[41] ਤੇ[42] ਦਰਿਆ[43] (ਇਸਦੇ ਵਿਸਥਾਰ ਨੂੰ) ਨਹੀਂ ਸਮਝਦੇ[46]।
ਸਮੁੰਦ[47] ਸਾਹ[48] ਸੁਲਤਾਨ[49] ਗਿਰਹਾ[50] ਸੇਤੀ[51] ਮਾਲੁ[52] ਧਨੁ[53] ॥ ਕੀੜੀ[54] ਤੁਲਿ[55] ਨ ਹੋਵਨੀ ਜੇ[56] ਤਿਸੁ[59] ਮਨਹੁ[57] ਨ ਵੀਸਰਹਿ[58] ॥੨੩॥	The kings[48] and emperors[49], with[51] oceans[47] and mountains[50] of property[52] and wealth[53], equal[55] not an ant[54] if[56], in her mind[57], she[59] forgets[58] not (the Lord).	ਜਾਇਦਾਦ[52] ਅਤੇ ਦੌਲਤ[53] ਦੇ ਸਮੁੰਦਰਾਂ[47] ਤੇ ਪਹਾੜਾਂ[50] ਦੇ ਸਮੇਤਿ[51], ਰਾਜੇ[48] ਅਤੇ ਮਹਾਰਾਜੇ[49], ਕੀੜੀ[54] ਦੇ ਬਰਾਬਰ[55] ਨਹੀਂ ਹੁੰਦੇ ਜੇਕਰ[56] ਆਪਣੇ ਚਿੱਤ[57] ਅੰਦਰ, ਉਸ ਨੂੰ[59] (ਪ੍ਰਭੂ) ਨ ਭੁਲੇ[58]।
ਅੰਤੁ[50] ਨ ਸਿਫਤੀ[61] ਕਹਣਿ[62] ਨ ਅੰਤੁ ॥	There is no limit[60] to (the Lord's) praises[61] and there is no limit to its repeaters[62].	(ਸੁਆਮੀ ਦੀ) ਸਿਫ਼ਤ ਸ਼ਲਾਘਾ[60] ਦਾ ਕੋਈ ਓੜਕ[61] ਨਹੀਂ ਤੇ ਨਾਂਹੀ ਓੜਕ ਹੈ ਇਸ ਦੇ ਆਖਣ ਵਾਲਿਆਂ[62] ਦਾ।
ਅੰਤੁ ਨ[63] ਕਰਣੈ[64] ਦੇਣਿ[65] ਨ ਅੰਤੁ ॥	Limitless[63] are (His) workings[64] and limitless (His) givings[65].	ਬੇ-ਅੰਦਾਜ਼ਾ[63] ਹਨ (ਉਸਦੇ) ਕੰਮ[64] ਅਤੇ ਬੇ-ਅੰਦਾਜ਼ਾ (ਉਸ ਦੀਆਂ) ਦਾਤਾਂ[65]।
ਅੰਤੁ ਨ ਵੇਖਣਿ[66] ਸੁਣਣਿ[67] ਨ ਅੰਤੁ ॥	There is no limit to (God's) seeing[66] and no limit to (His) hearing[67].	(ਵਾਹਿਗੁਰੂ ਦੇ) ਦੇਖਣ[66] ਦਾ ਕੋਈ ਓੜਕ ਨਹੀਂ ਅਤੇ ਨਾਂਹੀ ਓੜਕ ਹੈ (ਉਸਦੇ) ਸਰਵਣ[67] ਕਰਨ ਦਾ।

ਅੰਤੁ ਨ ਜਾਪੈ[68] ਕਿਆ[69] ਮਨਿ[70] ਮੰਤੁ[71] ॥	What[69] is (the Lord's) mind's[70] motive[71] ? It's limit is not known[68].	(ਸਾਹਿਬ ਦੇ) ਦਿਲ[70] ਦਾ ਕੀ[69] ਮਨੋਰਥ[71] ਹੈ? ਇਸ ਦਾ ਓੜਕ ਜਾਣਿਆ[68] ਨਹੀਂ ਜਾਂਦਾ।
ਅੰਤੁ ਨ ਜਾਪੈ[72] ਕੀਤਾ[73] ਆਕਾਰੁ[74] ॥	The limit of(His)created[73] creation[74] is not discerned[72].	(ਉਸਦੀ) ਰਚੀ[73] ਹੋਈ ਰਚਨਾ[74] ਦਾ ਓੜਕ ਮਲੂਮ[72] ਨਹੀਂ ਹੁੰਦਾ।
ਅੰਤੁ[75] ਨ ਜਾਪੈ ਪਾਰਾਵਾਰੁ[76] ॥	The bound[75] of (His) this and yonder[76] end is not known.	(ਉਸਦੇ) ਇਸ ਤੇ ਉਸ ਕਿਨਾਰੇ[76] ਦਾ ਥਹੁ ਪਤਾ[75] ਜਾਣਿਆਂ ਨਹੀਂ ਜਾਂਦਾ।
ਅੰਤ[80] ਕਾਰਣਿ[77] ਕੇਤੇ[78] ਬਿਲਲਾਹਿ[79] ॥ ਤਾ[81] ਕੇ ਅੰਤ ਨ ਪਾਏ[82] ਜਾਹਿ ॥	Good many[78] bewail[79] for knowing[77] (His) bounds[80], but His[81] limits are not found[82].	(ਉਸਦਾ) ਹੱਦ-ਬੰਨਾ[80] ਜਾਣਨ ਲਈ[77] ਘਨੇਰੇ[78] ਵਿਰਲਾਪ[79] ਕਰਦੇ ਹਨ, ਪ੍ਰੰਤੂ ਉਸਦੇ ਓੜਕਾਂ[81] ਦਾ ਪਤਾ[82] ਨਹੀਂ ਲੱਗਦਾ।
ਏਹੁ ਅੰਤੁ[83] ਨ ਜਾਣੈ ਕੋਇ॥	This limit[83] none can know.	ਇਹ ਪਾਰਾਵਾਰ[83] ਕੋਈ ਨਹੀਂ ਜਾਣ ਸਕਦਾ।
ਬਹੁਤਾ[84] ਕਹੀਐ[85] ਬਹੁਤਾ ਹੋਇ[86] ॥	The more[84] we describe[85], the more obscure He becomes[86].	ਜਿੰਨਾ ਵਧੇਰੇ[84] ਅਸੀਂ ਬਿਆਨ[85] ਕਰਦੇ ਹਾਂ, ਓਨਾ ਵਧੇਰੇ ਅਗਿਆਤ ਉਹ ਹੋ ਜਾਂਦਾ[86] ਹੈ।
ਵਡਾ[89] ਸਾਹਿਬੁ ਊਚਾ[87] ਥਾਉ[88] ॥	Great[89] is the Lord and high[87] (His) seat[88].	ਵਿਸ਼ਾਲ[89] ਹੈ ਸੁਆਮੀ ਅਤੇ ਬੁਲੰਦ[87] (ਉਸ) ਦਾ ਆਸਣ[88]।
ਊਚੇ[90] ਉਪਰਿ[91] ਊਚਾ[92] ਨਾਉ[93] ॥	His Name[93] is the higher[92] than[91] the high[90].	ਉਸਦਾ ਨਾਮ[93] ਉੱਚਿਆਂ[90] ਤੋਂ[91] ਮਹਾਨ ਉੱਚਾ[92] ਹੈ।
ਏਵਡੁ[94] ਊਚਾ ਹੋਵੈ ਕੋਇ[95]॥ ਤਿਸੁ[96] ਊਚੇ[98] ਕਉ ਜਾਣੈ ਸੋਇ[97] ॥	If any one[95] be as great and high[94] as He is, then alone he[97] would know that[96] Lofty Being[98].	ਜੇਕਰ ਕੋਈ ਜਣਾ[95] ਐਡਾ ਵੱਡਾ[94] ਤੇ ਉੱਚਾ ਹੋਵੇ, ਜਿੱਡਾ ਉਹ ਹੈ, ਤਦ ਉਹ[97] ਉਸ[96] ਪੁਰਖੋਤਮ[98] ਨੂੰ ਜਾਣ ਲਵੇਗਾ।
ਜੇਵਡੁ[99] ਆਪਿ[100] ਜਾਣੈ ਆਪਿ ਆਪਿ[2] ॥	How great[99] He[100] is, He Himself[2] knows.	ਉਹ[100] ਕਿੱਡਾ ਵੱਡਾ[99] ਹੈ, ਉਹ ਖ਼ੁਦ[2] ਹੀ ਜਾਣਦਾ ਹੈ।
ਨਾਨਕ ਨਦਰੀ[3] ਕਰਮੀ[4] ਦਾਤਿ[5] ॥੨੪॥	O Nanak ! the compassionate Lord[3] by His grace[4] bestows gifts[5].	ਹੇ ਨਾਨਕ ! ਕ੍ਰਿਪਾਲੂ ਪ੍ਰਭੂ[3] ਆਪਣੀ ਦਇਆ[4] ਦੁਆਰਾ ਬਖ਼ਸ਼ੀਸ਼ਾਂ[5] ਬਖ਼ਸ਼ਦਾ ਹੈ।
ਬਹੁਤਾ[6] ਕਰਮੁ[7] ਲਿਖਿਆ ਨਾ ਜਾਇ ॥	Good many[6] are His bounties[7], these cannot be recorded.	ਘਨੇਰੀਆਂ[6] ਹਨ ਉਸ ਦੀਆ ਬਖ਼ਸ਼ਿਸ਼ਾਂ[7] ਇਹ ਲਿਖੀਆਂ ਨਹੀਂ ਜਾ ਸਕਦੀਆਂ।
ਵਡਾ[8] ਦਾਤਾ[9] ਤਿਲੁ[10] ਨ ਤਮਾਇ[11] ॥	He is the great[8] Giver[9] and has not even an iota[10] of avarice[11].	ਉਹ ਭਾਰਾ[8] ਦਾਤਾਰ[9] ਹੈ ਅਤੇ ਉਸਨੂੰ ਭੋਰਾ[10] ਭੀ ਤਮਾ[11] ਨਹੀਂ।
ਕੇਤੇ[12] ਮੰਗਹਿ[13] ਜੋਧ[14] ਅਪਾਰ[15] ॥	The multitudes[12] of warriors[14] beg[13] from the Infinite Lord[15].	ਸੂਰਮਿਆਂ[14] ਦੇ ਸਮੁਦਾਇ[12] ਬੇ-ਅੰਤ ਸਾਹਿਬ[15] ਤੋਂ ਖ਼ੈਰ ਮੰਗਦੇ[13] ਹਨ।
ਕੇਤਿਆ[16] ਗਣਤ[17] ਨਹੀ[18] ਵੀਚਾਰੁ[19] ॥	Good many[16], beyond[18] reckoning[17], ponder[19] over Him	ਘਣੇ ਹੀ[16] ਗਿਣਤੀ[17] ਤੋਂ ਬਾਹਰ[18] ਉਸਨੂੰ ਸੋਚਦੇ ਸਮਝਦੇ[19] ਹਨ।
ਕੇਤੇ ਖਪਿ[20] ਤੁਟਹਿ[21] ਵੇਕਾਰ[22] ॥	Many pine away[20] to extinction[21] in wickedness[22].	ਬਹੁਤੇ ਵੈਲ[22] ਅੰਦਰ ਖੁਰ ਕੇ[20] ਖ਼ਤਮ[21] ਹੋ ਜਾਂਦੇ ਹਨ।
ਕੇਤੇ[23] ਲੈ ਲੈ[24] ਮੁਕਰੁ[25] ਪਾਹਿ ॥	Some[23] continually take[24] gifts (and yet) deny[25] them.	ਕਈ[23] ਲਗਾਤਾਰ[24] ਦਾਤਾਂ ਲੈਂਦੇ ਹਨ (ਅਤੇ ਤਾਂ ਭੀ) ਉਨ੍ਹਾਂ ਤੋਂ ਮੁਨਕਰ[25] ਹੋ ਜਾਂਦੇ ਹਨ।

ਕੇਤੇ ਮੂਰਖ[26] ਖਾਹੀ[27] ਖਾਹਿ[28] ॥	Many foolish[26] devourers[27] continue devourering[28].	ਕਈ ਬੇ-ਸਮਝ[26] ਖਾਣ ਵਾਲੇ[27] ਖਾਈ ਹੀ[28] ਜਾਂਦੇ ਹਨ।
ਕੇਤਿਆ[29] ਦੂਖ[30] ਭੂਖ[31] ਸਦ[32] ਮਾਰ[33] ॥	Good many[29] endure distress[30], hunger,[31] and perpetual[32] chastisement[33].	ਘਣੇ ਹੀ[29] ਤਕਲੀਫ਼[30], ਫਾਕਾ-ਕਸ਼ੀ[31] ਅਤੇ ਹਮੇਸ਼ਾਂ[32] ਦੀ ਕੁਟਫਾਟ[33] ਸਹਾਰਦੇ ਹਨ।
ਏਹਿ[34] ਭਿ ਦਾਤਿ[35] ਤੇਰੀ ਦਾਤਾਰ[36] ॥	Even these[34] are Thine gifts[35], O Bestower[36] !	ਇਹ ਭੀ[34] ਤੇਰੀਆਂ ਬਖ਼ਸ਼ੀਸ਼ਾਂ[35] ਹਨ, ਹੇ ਦਾਤੇ[36] !
ਬੰਦਿ[37] ਖਲਾਸੀ[38] ਭਾਣੈ[39] ਹੋਇ[40] ॥ ਹੋਰੁ[41] ਆਖਿ[42] ਨ ਸਕੈ ਕੋਇ ॥ ਜੇ[43] ਕੋ[44] ਖਾਇਕੁ[45] ਆਖਣਿ[46] ਪਾਇ ॥ ਓਹੁ ਜਾਣੈ ਜੇਤੀਆ[47] ਮੁਹਿ[48]ਖਾਇ[49]॥	Liberation[38] from bondage[37] is effected[40] by (God's) will[39]. No one else[41] has any say[42] in it. If[43] any[44] fool[45], dare intervene[46], he shall know, how[47] many lashes he receives[49] on his face[48].	ਕੈਦ[37] ਤੋਂ ਰਿਹਾਈ[38](ਹਰੀ ਦੇ)ਹੁਕਮ[39] ਨਾਲ ਹੁੰਦੀ[40]ਹੈ। ਹੋਰਸ ਕਿਸੇ[41] ਦਾ ਇਸ ਵਿਚ ਕੋਈ ਦਖ਼ਲ[42] ਨਹੀਂ। ਜੇਕਰ[43] ਕੋਈ[44] ਮੂਰਖ[45] ਦਖ਼ਲ ਦੇਣ[46] ਦਾ ਹੀਆ ਕਰੇ, ਉਹੀ ਜਾਣੇਗਾ, ਕਿ ਉਸ ਦੇ ਮੂੰਹ[48] ਉਤੇ ਕਿੰਨੀਆਂ[47] ਕੁ ਸੱਟਾਂ ਪੈਂਦੀਆਂ[49] ਹਨ।
ਆਪੇ[50]ਜਾਣੈਆਪੇ ਦੇਇ[51]॥	(The Lord) Himself[50] knows everything and Himself gives[51].	(ਸਾਈਂ) ਸਾਰਾ ਕੁਛ ਖ਼ੁਦ[50] ਜਾਣਦਾ ਹੈ ਤੇ ਖ਼ੁਦ ਹੀ ਦਿੰਦਾ[51] ਹੈ।
ਆਖਹਿ[52] ਸਿ ਭਿ[53] ਕੇਈ ਕੇਇ[54] ॥	Again[53] few[54] are they who acknowledge[52] (God's gifts).	ਪੁਨਾਂ[53], ਵਿਰਲੇ[54] ਹਨ ਉਹ ਜੋ (ਰੱਬ ਦੀਆਂ ਦਾਤਾਂ ਨੂੰ) ਮੰਨਦੇ ਹਨ[52]।
ਜਿਸਨੋ[59]ਬਖਸੇ[55] ਸਿਫਤਿ[56] ਸਾਲਾਹ[57] ॥ ਨਾਨਕ ਪਾਤਿਸਾਹੀ ਪਾਤਿਸਾਹੁ[58] ॥੨੫॥	He, to whom[59] (the Lord) grants[55] praising[56] and eulogizing[57] Him, O Nanak ! is the king of kings[58].	ਜਿਸ ਨੂੰ[59], (ਸਾਹਿਬ) ਆਪਣੀ ਕੀਰਤੀ[56] ਅਤੇ ਸ਼ਲਾਘਾ[57] ਕਰਨੀ ਪਰਦਾਨ[55] ਕਰਦਾ ਹੈ, ਹੇ ਨਾਨਕ ! ਉਹ ਬਾਦਸ਼ਾਹਾਂ ਦਾ[58] ਬਾਦਸ਼ਾਹ ਹੈ।
ਅਮੁਲ[60] ਗੁਣ[61] ਅਮੁਲ ਵਾਪਾਰ[62] ॥	Priceless[60] are Thine merits[61], (O Lord !) and priceless Thy dealings[62].	ਅਨਮੁਲ[60] ਹਨ ਤੇਰੀਆਂ ਚੰਗਿਆਈਆਂ[61], ਹੇ ਸਾਹਿਬ ! ਅਤੇ ਅਨਮੁਲ ਤੇਰਾ ਵਣਜ[62]।
ਅਮੁਲ ਵਾਪਾਰੀਏ[63] ਅਮੁਲ ਭੰਡਾਰ[64] ॥	Priceless are Thine dealers[63] and priceless Thy treasures[64].	ਅਨਮੁਲ ਹਨ ਤੇਰੇ ਵਣਜਾਰੇ[63] ਤੇ ਅਨਮੁਲ ਤੇਰੇ ਖ਼ਜ਼ਾਨੇ[64]।
ਅਮੁਲ ਆਵਹਿ[65] ਅਮੁਲ ਲੈ ਜਾਹਿ[66] ॥	Priceless are who come[65] (to Thee) and priceless who fetch[66] goods (from Thee)	ਅਨਮੁਲ ਹਨ ਜੋ (ਤੇਰੇ ਕੋਲ) ਆਉਂਦੇ[65] ਹਨ ਅਤੇ ਅਨਮੁਲ ਜੋ (ਤੇਰੇ ਕੋਲੋਂ) ਸੌਦਾ ਲੈ ਜਾਂਦੇ[66] ਹਨ।
ਅਮੁਲ ਭਾਇ[67] ਅਮੁਲਾ ਸਮਾਹਿ[68] ॥	Priceless is Thy affection[67] and priceless the absorption[68] in Thee.	ਅਨਮੁਲ ਹੈ ਤੇਰੀ ਪ੍ਰੀਤ[67] ਅਤੇ ਅਨਮੁਲ ਤੇਰੇ ਅੰਦਰ ਲੀਨਤਾ[68]।
ਅਮੁਲੁ ਧਰਮੁ[69] ਅਮੁਲੁ ਦੀਬਾਣੁ[70] ॥	Priceless is Thy Divine law[69] and priceless Thy Court[70].	ਅਨਮੁਲ ਹੈ ਤੇਰਾ ਈਸ਼ਵਰੀ ਕਾਨੂੰਨ[69] ਅਤੇ ਅਨਮੁਲ ਤੇਰਾ ਦਰਬਾਰ[70]।
ਅਮੁਲੁ ਤੁਲੁ[71] ਅਮੁਲੁ ਪਰਵਾਣੁ[72] ॥	Priceless are Thy scales[71] and priceless Thine weights[72].	ਅਨਮੁਲ ਹੈ ਤੇਰੀ ਤਕੜੀ[71] ਅਤੇ ਅਨਮੁਲ ਤੇਰੇ ਵੱਟੇ[72] !
ਅਮੁਲੁ ਬਖਸੀਸ[73] ਅਮੁਲੁ ਨੀਸਾਣੁ[74] ॥	Priceless are Thine gifts[73] and priceless Thy mark[74] of acceptance.	ਅਨਮੁਲ ਹਨ ਤੇਰੀਆਂ ਦਾਤਾਂ[73] ਅਤੇ ਅਨਮੁਲ ਹੈ ਤੇਰੀ ਪਰਵਾਨਗੀ ਦਾ ਚਿੰਨ੍ਹ[74] !

ਅਮੁਲੁ ਕਰਮੁ[75] ਅਮੁਲੁ ਫੁਰਮਾਣੁ[76] ॥	Priceless is Thy benevolence[75] and priceless Thy order[76].	ਅਨਮੁਲ ਹੈ ਤੇਰੀ ਰਹਿਮਤ[75] ਅਤੇ ਅਨਮੁਲ ਤੇਰਾ ਹੁਕਮ[76] ।
ਅਮੁਲੋ[77] ਅਮੁਲੁ[78] ਆਖਿਆ[79] ਨ ਜਾਇ ॥	Beyond price[77] and invaluable[78], Lord cannot be expressed[79].	ਮੁਲ-ਤੋਂ-ਪਰੇ[77] ਅਤੇ ਅਮੋਲਕ[78], ਸਾਹਿਬ ਬਿਆਨ[79] ਨਹੀਂ ਕੀਤਾ ਜਾ ਸਕਦਾ ।
ਆਖਿ ਆਖਿ[80] ਰਹੇ ਲਿਵ[81] ਲਾਇ[82] ॥	Those who continually speak[80] of Thee, remain absorbed[82] in Thy love[81].	ਲਗਾਤਾਰ ਤੇਰਾ ਉਚਾਰਣ[80] ਕਰਨ ਦੁਆਰਾ, ਹੇ ਮਾਲਕ ! ਮੈਂ ਤੇਰੀ ਪ੍ਰੀਤ[81] ਅੰਦਰ ਲੀਨ[82] ਰਹਿੰਦਾ ਹਾਂ ।
ਆਖਹਿ[83] ਵੇਦ ਪਾਠ[84] ਪੁਰਾਣ ॥	The reciters[84] of the Vedas and the Puranas Proclaim[83] Thee.	ਵੇਦਾਂ ਅਤੇ ਪੁਰਾਣਾਂ ਦੇ ਪਾਠੀ[84] ਤੈਨੂੰ ਹੀ ਪੁਕਾਰਦੇ[83] ਹਨ ।
ਆਖਹਿ[85] ਪੜੇ[86] ਕਰਹਿ ਵਖਿਆਣ[87] ॥	The literate[86] repeat[85] Thy Name and deliver discourses[87] apropos Thee.	ਪੜ੍ਹੇ ਲਿਖੇ[86] ਤੇਰਾ ਨਾਮ ਉਚਾਰਦੇ[85] ਅਤੇ ਤੇਰੇ ਬਾਰੇ ਭਾਸ਼ਨ[87] ਦਿੰਦੇ ਹਨ ।
ਆਖਹਿ[88] ਬਰਮੇ ਆਖਹਿ ਇੰਦ[89] ॥	Brahmas speak[88] of Thee and Indras[89] speak of Thee, as well.	ਬ੍ਰਹਮੇ ਤੇਰਾਂ ਜ਼ਿਕਰ[88] ਕਰਦੇ ਹਨ ਅਤੇ ਇੰਦ੍ਰ[89] ਭੀ ਤੇਰਾ ਹੀ ਜ਼ਿਕਰ ਕਰਦੇ ਹਨ ।
੬	6	੬
ਆਖਹਿ ਗੋਪੀ[90] ਤੁ[91] ਗੋਵਿੰਦ[92] ॥	The milk-maids[90] and[91] Krishna[92] speak of Thee.	ਗੁਆਲਣਾਂ[90] ਅਤੇ[91] ਕ੍ਰਿਸ਼ਨ[92] ਤੇਰਾ ਹੀ ਜ਼ਿਕਰ ਕਰਦੇ ਹਨ ।
ਆਖਹਿ ਈਸਰ[93] ਆਖਹਿ ਸਿਧ[94] ॥	The Shivas[93] speak of Thee and the miracle-mongers[94] speak of Thee, as well.	ਸ਼ਿਵਜੀ[93] ਤੈਨੂੰ ਆਖਦਾ ਹੈ ਅਤੇ ਕਰਾਮਾਤਾਂ ਕਰਨ ਵਾਲੇ[94] ਭੀ ਤੇਰਾ ਹੀ ਜ਼ਿਕਰ ਕਰਦੇ ਹਨ ।
ਆਖਹਿ ਕੇਤੇ[95] ਕੀਤੇ[96] ਬੁਧ ॥	All[95] the Buddhas, created[96] by Thee, proclaim Thee.	ਸਾਰੇ[95] ਬੁਧ, ਜੋ ਤੂੰ ਸਾਜੇ[96] ਹਨ, ਤੈਨੂੰ ਹੀ ਪੁਕਾਰਦੇ ਹਨ ।
ਆਖਹਿ ਦਾਨਵ[97] ਆਖਹਿ ਦੇਵ[98] ॥	The demons[97] proclaim Thee and the gods[98] proclaim Thee.	ਦੈਂਤ[97] ਤੈਨੂੰ ਪੁਕਾਰਦੇ ਹਨ ਅਤੇ ਦੇਵਤੇ[98] ਭੀ ਤੈਨੂੰ ਹੀ ਪੁਕਾਰਦੇ ਹਨ ।
ਆਖਹਿ ਸੁਰਿ[99] ਨਰ[100] ਮੁਨਿ ਜਨ[2] ਸੇਵ[3] ॥	The demi-gods[99], the men[100], the silent persons[2] and the servants[3] speak of Thee.	ਦੇਵਤੇ[99], ਮਨੁੱਖ[100], ਮੋਨਧਾਰੀ[2] ਅਤੇ ਸੇਵਕ[3] ਤੇਰਾ ਹੀ ਜ਼ਿਕਰ ਕਰਦੇ ਹਨ ।
ਕੇਤੇ[6] ਆਖਹਿ[4] ਆਖਣਿ ਪਾਹਿ[5] ॥	Good many[6] describe[4] Thee and attempt[5] to describe Thee.	ਘਨੇਰੇ[6] ਤੈਨੂੰ ਬਿਆਨ[4] ਕਰਦੇ ਹਨ ਅਤੇ ਬਿਆਨ ਕਰਨ ਦਾ ਹੀਆ[5] ਕਰਦੇ ਹਨ ।
ਕੇਤੇ[7] ਕਹਿ ਕਹਿ[8] ਉਠਿ ਉਠਿ[9] ਜਾਹਿ[10] ॥	Many[7] have repeatedly described[8] Thee and arising and getting ready[9] have departed[10].	ਬਹੁਤਿਆਂ[7] ਨੇ ਤੈਨੂੰ ਬਾਰੰਬਾਰ ਬਿਆਨ[8] ਕੀਤਾ ਹੈ ਅਤੇ ਉਹ ਖੜੇ ਤੇ ਤਿਆਰ[9] ਹੋ ਟੁਰ ਗਏ[10] ਹਨ ।
ਏਤੇ[11] ਕੀਤੇ[12] ਹੋਰਿ ਕਰੇਹਿ ॥ ਤਾ[13] ਆਖਿ[15] ਨ ਸਕਹਿ ਕੇਈ[14] ਕੇਇ ॥	Were Thou to create as many more as[11] already created[12], even then[13], they can not describe[15] a few[14] virtues of Thine.	ਜੇਕਰ ਤੂੰ ਐਨੇ ਹੋਰ ਰਚ ਦੇਵੇਂ ਜਿੰਨੇ[11] ਅੱਗੇ ਰਚੇ[12] ਹਨ, ਤਾਂ ਭੀ[13], ਉਹ ਤੇਰੀਆਂ ਥੋੜੀਆਂ ਜਿਹੀਆਂ[14] ਨੇਕੀਆਂ ਭੀ ਬਿਆਨ[15] ਨਹੀਂ ਕਰ ਸਕਦੇ ।
ਜੇਵਡੁ[16] ਭਾਵੈ[17] ਤੇਵਡੁ[18] ਹੋਇ[19] ॥	The Lord becomes[19] so great[18], as great[16] He pleases[17].	ਸੁਆਮੀ ਐਡਾ[18] ਵੱਡਾ ਹੋ ਜਾਂਦਾ[19] ਹੈ ਜੇਡਾ[16] ਵੱਡਾ ਉਸ ਨੂੰ ਚੰਗਾ[17] ਲੱਗਦਾ ਹੈ ।

ਨਾਨਕ ਜਾਣੈ ਸਾਚਾ[20] ਸੋਇ[21] ॥	O Nanak ! His greatness, that[21] True[20] Lord Himself knows.	ਹੇ ਨਾਨਕ ! ਆਪਣੀ ਵਿਸ਼ਾਲਤਾ[21] ਉਹ ਸੱਚਾ[20] ਸਾਈਂ ਖ਼ੁਦ ਹੀ ਜਾਣਦਾ ਹੈ ।
ਜੇ[22] ਕੋ[23] ਆਖੈ[28] ਬੋਲੁ ਵਿਗਾੜੁ[24] ਤਾ[25] ਲਿਖੀਐ[26] ਸਿਰਿ[27] ਗਾਵਾਰਾ[29] ਗਾਵਾਰੁ[30] ॥੨੬॥	If[22] some[23] prater[24] says[28] (that he can describe God), then[25], write[26] him down as the most[27] foolish[29] of the foolish[30].	ਜੇਕਰ[22] ਕੋਈ[23] ਬਕਵਾਸੀ[24] ਕਹੇ[28] (ਕਿ ਉਹ ਵਾਹਿਗੁਰੂ ਨੂੰ ਵਰਨਣ ਕਰ ਸਕਦਾ ਹੈ), ਤਦ[25] ਉਸ ਨੂੰ ਮੂਰਖਾਂ[30] ਦਾ ਮਹਾਂ[27] ਮੂਰਖ[29] ਲਿਖ[26] ਛੱਡੋ ।
ਸੋ[31] ਦਰੁ[32] ਕੇਹਾ[33] ਸੋ ਘਰੁ[34] ਕੇਹਾ ਜਿਤੁ ਬਹਿ[35] ਸਰਬ ਸਮਾਲੇ[36] ॥	Which[33] is that[31] gate[32] and which the mansion[34], sitting[35] where-in (Thou) takest[36] care of all, (O Lord) !	ਉਹ[31] ਦਰਵਾਜ਼ਾ[32] ਕਿਹੋ ਜਿਹਾ[33] ਹੈ ਅਤੇ ਉਹ ਮੰਦਰ[34] ਕੈਸਾ ਹੈ ਜਿਸ ਵਿਚ ਬੈਠ ਕੇ[35] (ਤੂੰ) ਸਾਰਿਆਂ ਦੀ ਸੰਭਾਲ ਕਰਦਾ[36] ਹੈਂ, (ਹੇ ਸਾਈਂ) ।
ਵਾਜੇ[37] ਨਾਦ[38] ਅਨੇਕ[39] ਅਸੰਖਾ[40] ਕੇਤੇ[41] ਵਾਵਣਹਾਰੇ[42] ॥	Countless[40] musical instruments[38] of various types[39] resound[37] (there) and various[41] are the musicians[42] (there).	ਬਹੁਤੀਆਂ[39] ਕਿਸਮਾਂ ਦੇ ਅਣਗਿਣਤ[40] ਸੰਗੀਤਕ ਸਾਜ[38] ਉਥੇ ਗੂੰਜਦੇ[37] ਹਨ ਅਤੇ ਅਨੇਕਾਂ[41] ਹੀ ਹਨ ਉਥੇ ਰਾਗ ਕਰਨ ਵਾਲੇ[42] ।
ਕੇਤੇ[48] ਰਾਗ[43] ਪਰੀ[44] ਸਿਉ[45] ਕਹੀਅਨਿ[46] ਕੇਤੇ ਗਾਵਣਹਾਰੇ[47] ॥	Good many[48] measures[43] with[45] their consorts[44] and good many ministrels[47] hymn[46] (Thee).	ਅਨੇਕਾਂ[48] ਤਰਾਨੇ[43] ਆਪਣੀਆਂ ਰਾਗਨੀਆਂ[44] ਸਮੇਤ[45] ਤੇ ਅਨੇਕਾਂ ਰਾਗੀ[47] (ਤੇਰਾ) ਜੱਸ[46] ਗਾਉਂਦੇ ਹਨ ।
ਗਾਵਹਿ ਤੁਹਨੋ ਪਉਣੁ[49] ਪਾਣੀ[50] ਬੈਸੰਤਰੁ[51] ਗਾਵੈ[52] ਰਾਜਾ ਧਰਮੁ[53] ਦੁਆਰੇ[54] ॥	Sing Thee wind[49], water[50] and fire[51], and the Righteous Justice[53] sing (Thine) praises[52] at (Thy) door[54].	ਗਾਉਂਦੇ ਹਨ ਤੈਨੂੰ ਹਵਾ[49], ਜਲ[50], ਤੇ ਅੱਗ[51] ਅਤੇ ਧਰਮਰਾਜ[53] (ਤੇਰੇ) ਬੂਹੇ ਉਤੇ[54] (ਤੇਰੀ) ਕੀਰਤੀ ਗਾਇਨ[52] ਕਰਦਾ ਹੈ ।
ਗਾਵਹਿ[55] ਚਿਤੁ ਗੁਪਤੁ ਲਿਖਿ[56] ਜਾਣਹਿ[57] ਲਿਖਿ[58] ਲਿਖਿ[59] ਧਰਮੁ[60] ਵੀਚਾਰੇ[61] ॥	Chitra Gupat (the recording angels), who know[57] how to write[56] and on the basis of whose scribed[58] writ[59], the Righteous Judge[60] adjudicates[61], hymn[55] (Thee).	ਚਿਤ੍ਰ ਤੇ ਗੁਪਤ (ਲਿਖਣ ਵਾਲੇ ਫ਼ਰਿਸ਼ਤੇ), ਜੋ ਲਿਖਣਾ[56] ਜਾਣਦੇ[57] ਹਨ ਅਤੇ ਜਿਨ੍ਹਾਂ ਦੀ ਲਿਖੀ[58] ਹੋਈ ਲਿਖਤ[59] ਦੇ ਆਧਾਰ ਤੇ ਧਰਮਰਾਜ[60] ਨਿਆਇ[61] ਕਰਦਾ ਹੈ, (ਤੇਰਾ ਜੱਸ) ਗਾਇਨ ਕਰਦੇ ਹਨ[55] ।
ਗਾਵਹਿ ਈਸਰੁ[62] ਬਰਮਾ ਦੇਵੀ[63] ਸੋਹਨਿ[64] ਸਦਾ[65] ਸਵਾਰੇ[66] ॥	Shiva[62], Barhma and goddess[63], ever[65] beautiful[64], as adorned[66] (by Thee), sing (Thee).	(ਤੇਰੇ) ਸ਼ਿੰਗਾਰੇ[66] ਹੋਏ ਸਦੀਵੀ[65] ਸੁੰਦਰ[64], ਮਹਾਂ ਦੇਉ[62], ਬ੍ਰਹਮਾ ਅਤੇ ਭਵਾਨੀ[63] (ਤੈਨੂੰ) ਗਾਇਨ ਕਰਦੇ ਹਨ ।
ਗਾਵਹਿ ਇੰਦ ਇਦਾਸਣਿ[67] ਬੈਠੇ[68] ਦੇਵਤਿਆ[69] ਦਰਿ[70] ਨਾਲੇ[71] ॥	Indra, seated[68] on his throne[67] with[71] the deities[69] at Thy gate[70], sings (Thee).	ਆਪਣੇ ਤਖ਼ਤ[67] ਤੇ ਬੈਠਾ[68] ਹੋਇਆ ਇੰਦਰ, ਤੇਰੇ ਦਰਵਾਜ਼ੇ[70] ਤੇ ਸੁਰਾਂ[69] ਸਮੇਤ[71], (ਤੈਨੂੰ) ਗਾਉਂਦਾ ਹੈ ।
ਗਾਵਹਿ ਸਿਧ[72] ਸਮਾਧੀ[73] ਅੰਦਰਿ ਗਾਵਨਿ ਸਾਧ[74] ਵਿਚਾਰੇ[75] ॥	In the meditative[73] mood, the perfect[72] persons sing (of Thee) and the saints[74] in their contemplation[75] sing as well.	ਆਪਣੀ ਧਿਆਨ-ਅਵਸਥਾ[73] ਅੰਦਰ ਪੂਰਨ ਪੁਰਸ਼[72] ਤੈਨੂੰ ਗਾਇਨ ਕਰਦੇ ਹਨ ਅਤੇ ਸੰਤ[74] ਆਪਣੀ ਦਿੱਬਦ੍ਰਿਸ਼ਟੀ[75] ਅੰਦਰ ਭੀ ਤੈਨੂੰ ਹੀ ਗਾਉਂਦੇ ਹਨ ।
ਗਾਵਨਿ ਜਤੀ[76] ਸਤੀ[77] ਸੰਤੋਖੀ[78] ਗਾਵਹਿ ਵੀਰ[79] ਕਰਾਰੇ[80] ॥	The continent[76], the true[77] and the patient[78] sing (Thine praises) and the dauntless[80] warriors[79] admire (Thee).	ਕਾਮ ਚੇਸ਼ਟਾ ਰਹਿਤ[76], ਸੱਚੇ[77] ਅਤੇ ਸੰਤੁਸ਼ਟ[78] ਪੁਰਸ਼ ਤੇਰਾ ਜਸ ਗਾਉਂਦੇ ਅਤੇ ਨਿਧੜਕ[80] ਯੋਧੇ[79] ਤੇਰੀ ਹੀ ਪ੍ਰਸੰਸਾ ਕਰਦੇ ਹਨ ।
ਗਾਵਨਿ[86] ਪੰਡਿਤ[81] ਪੜਨਿ[82]	The scholars[81], the readers[82] of the	ਸਾਰਿਆਂ[84] ਯੁਗਾਂ ਤੋਂ ਵੇਦਾਂ ਨੂੰ ਵਾਚਣ ਵਾਲੇ

ਰਖੀਸਰ[83]ਜੁਗੁ[84]ਜੁਗੁ ਵੇਦਾ ਨਾਲੇ[85] ॥	Vedas of all the ages[84],together[85]with seven supreme[83] sages exalt[86](Thee).	ਵਿਦਵਾਨ[81] ਸਮੇਤ[85] ਸੱਤੇ ਸ਼ਰੋਮਣੀ[83] ਰਿਸ਼ੀਆਂ ਦੇ, (ਤੇਰੀ ਹੀ) ਪ੍ਰਸੰਸਾ[86] ਕਰਦੇ ਹਨ।
ਗਾਵਹਿ ਮੋਹਣੀਆ[87] ਮਨੁ[88] ਮੋਹਨਿ[89] ਸੁਰਗਾ[90] ਮਛ[91] ਪਇਆਲੇ[92] ॥	The captivating She-seraphs[87], who beguile[89] the heart[88] in paradise[90], this world[91] and the nether-regions[92], sing (Thee).	ਮੋਹ ਲੈਣ ਵਾਲੀਆਂ ਪਰੀਆਂ[87], ਜੋ ਬਹਿਸ਼ਤ[90], ਇਸ ਲੋਕ[91] ਅਤੇ ਪਾਤਾਲ[92] ਅੰਦਰ ਦਿਲ[88] ਨੂੰ ਛਲ[89] ਲੈਂਦੀਆਂ ਹਨ, (ਤੈਨੂੰ) ਗਾਉਂਦੀਆਂ ਹਨ।
ਗਾਵਨਿ[93]ਰਤਨ[94]ਉਪਾਏ[95] ਤੇਰੇ ਅਠਸਠਿ[96] ਤੀਰਥ[97] ਨਾਲੇ[98] ॥	The (fourteen) invaluable objects,[94] created[95] by Thee, with[98] sixty-eight[96] places of pilgrimage[97], hymn[93] (Thee).	ਤੇਰੇ ਰਚੇ ਹੋਏ[95](ਚੌਦਾਂ) ਅਮੋਲਕ ਪਦਾਰਥ[94],ਅਠਾਹਠ[96] ਯਾਤ੍ਰਾ ਅਸਥਾਨ[97] ਸਮੇਤ[98], (ਤੇਰੀ) ਕੀਰਤੀ ਕਰਦੇ[93] ਹਨ।
ਗਾਵਹਿ ਜੋਧ[99] ਮਹਾ[100] ਬਲ[2] ਸੂਰਾ[3] ਗਾਵਹਿ[5] ਖਾਣੀ[4] ਚਾਰੇ ॥	The supremely[100] mighty[2] warriors[99] and Divine heroes[3] (sing Thee) and four sources of creation[4] magnify[5] (Thee).	ਪਰਮ[100] ਬਲਵਾਨ[2] ਯੋਧੇ[99] ਅਤੇ ਈਸ਼ਵਰੀ ਸੂਰਮੇ[3] (ਤੈਨੂੰ) ਗਾਉਂਦੇ ਹਨ ਅਤੇ ਚਾਰੇ ਹੀ ਉਤਪਤੀ ਦੇ ਮੰਬੇ[4] (ਤੈਨੂੰ) ਸਲਾਹੁੰਦੇ[5] ਹਨ।
ਗਾਵਹਿ[6] ਖੰਡ[7] ਮੰਡਲ[8] ਵਰਭੰਡਾ[9] ਕਰਿ[10] ਕਰਿ[11] ਰਖੇ ਧਾਰੇ[12] ॥	The continents[7], worlds[8] and solar systems[9], created[11] and installed[12] by (Thy) hand[10], chant (Thine) glories[6].	(ਤੇਰੇ) ਹੱਥ[10] ਦੇ ਰਚੇ[11] ਅਤੇ ਅਸਥਾਪਨ[12] ਕੀਤੇ ਹੋਏ ਬਰਿਆਜ਼ਮ[7], ਸੰਸਾਰ[8] ਅਤੇ ਸੂਰਜ-ਬੰਧਾਨ[9] (ਤੇਰੀਆਂ) ਬਜ਼ੁਰਗੀਆਂ ਅਲਾਪਦੇ[6] ਹਨ।
ਸੇਈ[13] ਤੁਧੁਨੋ[21] ਗਾਵਹਿ[14]ਜੋ ਤੁਧੁ ਭਾਵਨਿ[15]ਰਤੇ[16] ਤੇਰੇ[20] ਭਗਤ[17] [18]ਰਸਾਲੇ[19] ॥	They also[13] eulogise[14] Thee[21], who are Thy[20] saints[17] and are pleasing[15] to Thee and are steeped[16](in Name), and Thy bliss-impairing[19] love[18].	ਕੇਵਲ ਉਹੀ[13] ਤੈਨੂੰ[21] ਸਲਾਹੁੰਦੇ[14] ਹਨ ਜੋ ਤੇਰੇ[20] ਸਾਧੂ[17] ਹਨ, ਜੇਹੜੇ ਤੈਨੂੰ ਚੰਗੇ[15] ਲੱਗਦੇ ਹਨ ਅਤੇ ਜੋ ਪ੍ਰੇਮ-ਮਈ ਅਨੰਦ[18] ਵਿਚ ਮਤੇ[19] ਤੇਰੇ (ਨਾਮ) ਅੰਦਰ ਰੰਗੀਜੇ[16] ਹਨ।
ਹੋਰਿ ਕੇਤੇ[22] ਗਾਵਨਿ[23] ਸੇ ਮੈ ਚਿਤਿ[24] ਨ ਆਵਨਿ[25] ਨਾਨਕੁ ਕਿਆ[26]ਵੀਚਾਰੇ[27]॥	Many others[22], whom[23] I cannot re-collect[25]within my mind[24],sing(Thee). How[26] can Nanak think[27] of them ?	ਹੋਰ ਬਹੁਤੇਰੇ[22], ਜਿਨ੍ਹਾਂ[23] ਨੂੰ ਮੈਂ ਆਪਣੇ ਮਨ[24] ਅੰਦਰ ਚਿਤਵਨ[25] ਨਹੀਂ ਕਰ ਸਕਦਾ, (ਤੈਨੂੰ) ਗਾਉਂਦੇ ਹਨ। ਨਾਨਕ ਉਨ੍ਹਾਂ ਦਾ ਕਿਸ ਤਰ੍ਹਾਂ[26] ਖਿਆਲ[27] ਕਰ ਸਕਦਾ ਹੈ?
ਸੋਈ[28] ਸੋਈ ਸਦਾ[29] ਸਚੁ ਸਾਹਿਬੁ ਸਾਚਾ[30] ਸਾਚੀ ਨਾਈ[31] ॥	That[28] and that Lord is ever true[29]. He is true[30] and true is His Name[31].	ਉਹ[28], ਉਹ ਸੁਆਮੀ ਸਦੀਵ ਹੀ ਸੱਚਾ ਹੈ। ਉਹ[29] ਸੱਤ[30] ਹੈ, ਅਤੇ ਸੱਤ ਹੈ ਉਸ ਦਾ ਨਾਮ[31]।
ਹੈ ਭੀ ਹੋਸੀ[32] ਜਾਇ[33] ਨ ਜਾਸੀ[34] ਰਚਨਾ[35] ਜਿਨਿ[36] ਰਚਾਈ[37] ॥	He, who[36] created[37] the creation[35] is and shall also[32] be. He shall not depart[34] when the creation shall depart[33] (disappear).	ਜਿਸ ਨੇ[36] ਸ੍ਰਿਸ਼ਟੀ[35] ਸਾਜੀ[37] ਹੈ, ਉਹ ਹੈ ਤੇ ਹੋਵੇਗਾ ਭੀ[32], ਜਦ ਸ੍ਰਿਸ਼ਟੀ (ਬਿਨਸ) ਜਾਏਗੀ (ਅਲੋਪ ਹੋ ਜਾਏਗੀ)[33], ਉਹ ਨਹੀਂ ਜਾਵੇਗਾ[34]।
ਰੰਗੀ ਰੰਗੀ[38]ਭਾਤੀ[39]ਕਰਿ[40] ਕਰਿ[41]ਜਿਨਸੀ[42]ਮਾਇਆ[43] ਜਿਨਿ[44] ਉਪਾਈ[45] ॥	(God), who[44]fashioned[45]the world[43], has by diverse contrivances[39] created[40] the creation[41] of various colours[38] and kinds[42],	(ਵਾਹਿਗੁਰੂ), ਜਿਸ ਨੇ[44] ਸੰਸਾਰ[43] ਸਾਜਿਆ[45] ਹੈ ਨੇ ਵਭਿੰਨ ਤਰੀਕਿਆਂ[39] ਦੁਆਰਾ ਅਨੇਕਾਂ ਰੰਗਤਾਂ[38] ਅਤੇ ਕਿਸਮਾਂ[42] ਦੀ ਰਚਨਾ[41] ਰਚੀ[40] ਹੈ,
ਕਰਿ[46]ਕਰਿ[47]ਵੇਖੈ[48] ਕੀਤਾ[49]	Having created[46] the creation[47],(He)	ਰਚਨਾ[47] ਨੂੰ ਰੱਚ ਕੇ[46], (ਉਹ) ਜਿਸ ਤਰ੍ਹਾਂ[50] ਉਸ[51]

ਆਪਣਾ ਜਿਵ[50] ਤਿਸ[51] ਦੀ ਵਡਿਆਈ[52] ॥	as it[50] pleases His[51] Honour[52], beholds[48] His handiwork[49].	ਹਜ਼ੂਰ[52] ਨੂੰ ਚੰਗਾ ਲੱਗਦਾ ਹੈ, ਆਪਣੇ ਕੀਤੇ ਕੰਮ[49] ਨੂੰ ਦੇਖਦਾ[48] ਹੈ।
ਜੋ[53] ਤਿਸੁ[54] ਭਾਵੈ[55] ਸੋਈ[56] ਕਰਸੀ[57] ਹੁਕਮੁ[58] ਨ ਕਰਣਾ ਜਾਈ[59] ॥	Whatever[53] pleases[55] Him[54], He does[57] that[56]. (To Him) no one can issue[59] an order[58].	ਜੋ ਕੁਛ[53] ਉਸ ਨੂੰ[54] ਭਾਉਂਦਾ[55] ਹੈ, ਉਹੀ[56] ਉਹ ਕਰਦਾ[57] ਹੈ। ਕੋਈ (ਉਸ ਨੂੰ) ਫੁਰਮਾਨ[58] ਜਾਰੀ[59] ਨਹੀਂ ਕਰ ਸਕਦਾ।
ਸੋ[60] ਪਾਤਿਸਾਹੁ[61] ਸਾਹਾ[62] ਪਾਤਿਸਾਹਿਬੁ[63] ਨਾਨਕ ਰਹਣੁ ਰਜਾਈ[64] ॥ ੨੭ ॥	He[60] is the king[61], the Emperor[63] of the kings[62]. Nanak remains subject to (His) will[64].	ਉਹ[60] ਰਾਜਾ[61] ਹੈ, ਰਾਜਿਆਂ[62] ਦਾ ਮਹਾਰਾਜਾ[63] ਹੈ ਨਾਨਕ (ਉਸਦੀ) ਰਜ਼ਾ ਦੇ ਤਾਬੇ[64] ਰਹਿੰਦਾ ਹੈ।
ਮੁੰਦਾ[65] ਸੰਤੋਖੁ[66] ਸਰਮੁ[67] ਪਤੁ[68] ਝੋਲੀ[69] ਧਿਆਨ[70] ਕੀ ਕਰਹਿ[71] ਬਿਭੂਤਿ[72] ॥	Make[71] contentment[66] thy ear-rings[65], modesty[67] thy begging bowl[68] and wellet[69] and the Lord's meditation[70] thy ashes[72].	ਸੰਤੁਸ਼ਟਤਾ[66] ਨੂੰ ਆਪਣੀਆਂ ਮੁੰਦ੍ਰਾਂ[65], ਲਜਿਆ[67] ਨੂੰ ਆਪਣਾ ਮੰਗਣ ਵਾਲਾ ਖੱਪਰ[68] ਤੇ ਥੈਲਾ[69] ਅਤੇ ਸਾਹਿਬ ਦੇ ਸਿਮਰਨ[70] ਨੂੰ ਆਪਣੀ ਸੁਆਹ[72] ਬਣਾ[71]।
ਖਿੰਥਾ[73] ਕਾਲੁ[74] ਕੁਆਰੀ[75] ਕਾਇਆ[76] ਜੁਗਤਿ[77] ਡੰਡਾ[78] ਪਰਤੀਤਿ[79] ॥	Let thought of death[74] be thy patched[73] coat, chastity like that of virgin's[75] body,[76] thy life's department[77] and faith[79] in God thy staff[78].	ਮੌਤ[74] ਦਾ ਖਿਆਲ ਤੇਰੀ ਖਫਨੀ[73], ਕੁਮਾਰੀ ਕੰਨਿਆਂ[75] ਦੇ ਸਰੀਰ[76] ਵਰਗੀ ਪਵਿੱਤ੍ਰਤਾ ਤੇਰੀ ਜੀਵਨ ਰਹੁ-ਰੀਤੀ[79] ਅਤੇ ਵਾਹਿਗੁਰੂ ਵਿਚ ਭਰੋਸਾ[77] ਤੇਰਾ ਸੋਟਾ[78] ਹੋਵੇ।
ਆਈ ਪੰਥੀ[80] ਸਗਲ ਜਮਾਤੀ[81] ਮਨਿ[82] ਜੀਤੈ[83] ਜਗੁ[84] ਜੀਤੁ[85] ॥	Make the brother-hood with[81] all, the highest sect of yogic order[80] and deem the conquering[83] of self[82] the conquest[85] of the world[84].	ਸਾਰਿਆਂ ਨਾਲ ਭਾਈਚਾਰੇ[81] ਨੂੰ ਯੋਗਮਤ ਦਾ ਸ਼ਰੋਮਣੀ[80] ਭੇਖ ਬਣਾ ਅਤੇ ਆਪਣੇ ਆਪ[82] ਦੇ ਜਿੱਤਣ[83] ਨੂੰ ਜਗਤ[84] ਦੀ ਜਿੱਤ[85] ਖ਼ਿਆਲ ਕਰ।
ਆਦੇਸੁ[86] ਤਿਸੈ[87] ਆਦੇਸੁ ॥	Obeisance[86], my obeisance is unto that[87] Lord.	ਨਿਮਸ਼ਕਾਰ[86], ਮੇਰੀ ਨਿਮਸ਼ਕਾਰ ਹੈ ਉਸ[87] ਸਾਹਿਬ ਨੂੰ।
ਆਦਿ[88] ਅਨੀਲੁ[89] ਅਨਾਦਿ[90] ਅਨਾਹਤਿ[91] ਜੁਗੁ ਜੁਗੁ[92] ਏਕੋ[93] ਵੇਸੁ[94] ॥੨੮॥	He is primal[88], pure[89], sans beginning[90], indestructible[91] and of the same one[93] vesture[94] through all the ages[92].	ਉਹ ਮੁਢਲਾ[88], ਪਵਿਤ੍ਰ[89], ਆਰੰਭ-ਰਹਿਤ[90], ਅਵਿਨਾਸ਼ੀ[91] ਅਤੇ ਸਮੂਹ ਯੁਗਾਂ[92] ਅੰਦਰ ਉਸੇ ਇਕੋ[93] ਲਿਬਾਸ[94] ਵਾਲਾ ਹੈ।
ਭੁਗਤਿ[95] ਗਿਆਨੁ[96] ਦਇਆ[97] ਭੰਡਾਰਣਿ[98] ਘਟਿ ਘਟਿ[99] ਵਾਜਹਿ[100] ਨਾਦ[2] ॥	Make Divine knowledge[96] thy food[95] and mercy[97] thy steward[98] (and listen) to the Divine music[2] that beats[100] in every heart[99].	ਬ੍ਰਹਮ ਗਿਆਤ[96] ਨੂੰ ਆਪਣਾ ਭੋਜਨ[95] ਅਤੇ ਰਹਿਮ[97] ਨੂੰ ਆਪਣਾ ਮੋਦੀ[98] ਬਣਾ ਅਤੇ ਈਸ਼ਵਰੀ[2] ਰਾਗ, ਜੋ ਹਰ ਦਿਲ[99] ਅੰਦਰ ਹੁੰਦਾ[100] ਹੈ, (ਨੂੰ ਸ੍ਰਵਣ ਕਰ)।
ਆਪਿ[3] ਨਾਥੁ[4] ਨਾਥੀ[5] ਸਭ ਜਾ ਕੀ[6] ਰਿਧਿ[7] ਸਿਧਿ[8] ਅਵਰਾ[9] ਸਾਦ[10] ॥	He Himself[3] is supreme[4] Lord who[6] has snaffled[5] all Riches[7] and miracles[8] are relishes[10] for others ?	ਉਹ ਖ਼ੁਦ ਸ਼ਰੋਮਣੀ ਸਾਹਿਬ[4] ਹੈ ਜਿਸਨੇ[6] ਸਾਰਿਆਂ ਨੂੰ ਨਕੇਲ ਪਾਈ[5] ਹੋਈ ਹੈ। ਧਨਸੰਪਦਾ[7] ਤੇ ਕਰਾਮਾਤਾਂ[8] ਹੋਰਾਂ ਲਈ[9] ਸੁਆਦ[10] ਹਨ।
ਸੰਜੋਗੁ[11] ਵਿਜੋਗੁ[12] ਦੁਇ[13]	Union[11] and separation[12] both[13]	ਮਿਲਾਪ[11] ਅਤੇ ਵਿਛੋੜਾ[12] ਦੋਨੋ[13] ਸੰਸਾਰ ਦੇ

ਕਾਰ[14] ਚਲਾਵਹਿ[15] ਲੇਖੈ[16] ਆਵਹਿ[17] ਭਾਗੁ[18] ॥	regulate[15] the world's business[14] and by destiny[16] one obtains[17] his shaıe[18].	ਕੰਮ[14] ਚਲਾਉਂਦੇ[15] ਹਨ ਅਤੇ ਪਰਾਲਬਧ[16] ਦੁਆਰਾ ਬੰਦਾ ਆਪਣਾ ਹਿੱਸਾ[18] ਪਰਾਪਤ ਕਰਦਾ ਹੈ[17] ।
੭	7	੭
ਆਦੇਸੁ ਤਿਸੈ ਆਦੇਸੁ ॥	Obeisance, my obeisance is unto that Lord.	ਨਿਮਸਕਾਰ, ਮੇਰੀ ਨਿਮਸਕਾਰ ਹੈ ਉਸ ਸਾਹਿਬ ਨੂੰ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥	He is primal, pure, sans begining, indestructible and of the same one vesture through all the ages.	ਉਹ ਮੁੱਢਲਾ, ਪਵਿਤ੍ਰ, ਆਰੰਭ-ਰਹਿਤ, ਅਵਿਨਾਸ਼ੀ ਅਤੇ ਸਮੂਹ ਯੁਗਾਂ ਅੰਦਰ ਉਸੇ ਇਕੋ ਲਿਬਾਸ ਵਾਲਾ ਹੈ ।
ਏਕਾ[19] ਮਾਈ[20] ਜੁਗਤਿ[21] ਵਿਆਈ[22] ਤਿਨਿ ਚੇਲੇ[24] ਪਰਵਾਣੁ[23] ॥	The unique[19] (Divine) Mother[20] (Master) formulating a plan[21] of propagation[22] installed three approved[24] disciples[23].	ਅਦੁੱਤੀ[19] (ਮਾਲਕ) ਮਾਤਾ[20] ਨੇ. ਉਤਪਤੀ[22] ਦੀ ਵਿਉਂਤ[21] ਰਚ ਕੇ ਤਿੰਨ ਮੰਨੇ[24] ਮੁਰੀਦ[23] ਅਸਥਾਪਨ ਕੀਤੇ ।
ਇਕੁ ਸੰਸਾਰੀ[25] ਇਕੁ ਭੰਡਾਰੀ[26] ਇਕੁ ਲਾਏ[27] ਦੀਬਾਣੁ[28] ॥	One the world's[25] creator, (Barhma) one steward[26] who gives sustenance (Vishnu) and one who has the disposition[28] of destroying[27]. (Shiva).	ਇਕ ਸੰਸਾਰ ਰਚਨਵਾਲਾ[25] (ਬ੍ਰਹਮਾ), ਇਕ ਮੋਦੀ[26] (ਜੋ ਰੋਜ਼ੀ ਦਿੰਦਾ ਹੈ, ਵਿਸ਼ਨੂੰ) ਅਤੇ ਇਕ ਨੂੰ ਨਾਸ[27] ਕਰਨ ਦੀ ਵਾਦੀ[28] ਹੈ (ਸ਼ਿਵ ਜੀ) ।
ਜਿਵ ਤਿਸੁ[32] ਭਾਵੈ[33] ਤਿਵੈ[34] ਚਲਾਵੈ[35] ਜਿਵ[29] ਹੋਵੈ[30] ਫੁਰਮਾਣੁ[31] ॥	As[29] it pleases[33] Him[32] and as is[30] His order[31], He makes them walk[35].	ਜਿਸ ਤਰ੍ਹਾਂ[29] ਉਸ ਨੂੰ[32] ਭਾਉਂਦਾ[33] ਹੈ, ਤੇ ਉਸ ਦਾ ਹੁਕਮ[31] ਹੈ[30], ਉਹ ਉਸੇ[34] ਤਰ੍ਹਾਂ ਉਨ੍ਹਾਂ ਨੂੰ ਤੋਰਦਾ[35] ਹੈ ।
ਓਹੁ ਵੇਖੈ ਓਨਾ ਨਦਰਿ[36] ਨ ਆਵੈ ਬਹੁਤਾ[37] ਏਹੁ ਵਿਡਾਣੁ[38] ॥	He beholds them but they see[36] Him not. This is the greatest[37] wonder[38].	ਉਹ ਉਨ੍ਹਾਂ ਨੂੰ ਤੱਕਦਾ ਹੈ ਪ੍ਰੰਤੂ, ਉਹ ਉਸ ਨੂੰ ਨਹੀਂ ਦੇਖਦੇ[36] । ਇਹ ਸਭ ਤੋਂ ਵੱਡੀ[37] ਹੈਰਾਨੀ[38] ਹੈ ।
ਆਦੇਸੁ ਤਿਸੈ ਆਦੇਸੁ ॥	Obeisance, my obeisance is unto that Lord.	ਨਿਮਸਕਾਰ, ਮੇਰੀ ਨਿਮਸਕਾਰ ਹੈ ਉਸ ਸਾਹਿਬ ਨੂੰ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥	He is primal, pure, sans beginning, indestructible and of the same one vesture all the ages through.	ਉਹ ਮੁੱਢਲਾ, ਪਵਿਤ੍ਰ, ਆਰੰਭ-ਰਹਿਤ, ਅਵਿਨਾਸ਼ੀ ਅਤੇ ਸਮੂਹ ਯੁਗਾਂ ਅੰਦਰ ਉਸੇ ਇਕੋ ਲਿਬਾਸ ਵਾਲਾ ਹੈ ।
ਆਸਣੁ[39] ਲੋਇ ਲੋਇ[40] ਭੰਡਾਰ[41] ॥	Lord's seat[39] and store houses[41] are in all the worlds[40].	ਸਾਰਿਆਂ ਸੰਸਾਰਾਂ[40] ਅੰਦਰ ਸੁਆਮੀ ਦਾ ਟਿਕਾਣਾ[39] ਅਤੇ ਮਾਲ ਗੁਦਾਮ[41] ਹਨ ।
ਜੋ ਕਿਛੁ[42] ਪਾਇਆ ਸੁ ਏਕਾ ਵਾਰ[43] ॥	Whatever[42] was put into them, was put but once[43] for all.	ਜੋ ਕੁਝ[42] ਭੀ ਉਨ੍ਹਾਂ ਵਿਚ ਪਾਇਆ ਗਿਆ ਸੀ, ਕੇਵਲ ਇਕੋ ਵਾਰੀ[43] ਹੀ ਪਾਇਆ ਗਿਆ ਸੀ ।
ਕਰਿ[44] ਕਰਿ[45] ਵੇਖੈ[46] ਸਿਰਜਣਹਾਰੁ[47] ॥	Having created[44] the creation[45] the Creator[47] is beholding[46] it.	ਰਚਨਾ[45] ਨੂੰ ਰਚ ਕੇ[44] ਰਚਨਹਾਰ[47] ਇਸ ਨੂੰ ਦੇਖ[46] ਰਿਹਾ ਹੈ ।
ਨਾਨਕ ਸਚੇ[48] ਕੀ ਸਾਚੀ ਕਾਰ[49] ॥	O Nanak ! true is the work[49] of the True[48] Lord.	ਹੇ ਨਾਨਕ ! ਸੱਚੇ ਸੁਆਮੀ[48] ਦਾ ਕੰਮ[49] ਸੱਚਾ ਹੈ ।

ਆਦੇਸੁ ਤਿਸੈ ਆਦੇਸੁ ॥	Obeisance, my obeisance is unto that Lord.	ਨਿਮਸ਼ਕਾਰ, ਮੇਰੀ ਨਿਮਸ਼ਕਾਰ ਹੈ ਉਸ ਸਾਹਿਬ ਨੂੰ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥	He is primal, pure, sans beginning, indestructible and of the same one vesture all the ages through.	ਉਹ ਮੁਢਲਾ, ਪਵਿੱਤ੍ਰ, ਆਰੰਭ-ਰਹਿਤ, ਅਵਿਨਾਸ਼ੀ ਅਤੇ ਸਮੂਹ ਯੁਗਾਂ ਅੰਦਰ ਉਸੇ ਇਕੋ ਲਿਬਾਸ ਵਾਲਾ ਹੈ ।
ਇਕ ਦੂ[52] ਜੀਭੌ[50] ਲਖ ਹੋਹਿ ਲਖ ਹੋਵਹਿ ਲਖ ਵੀਸ[51] ॥	From one[52] tongue[50] let my tongues become a lakh and the hunderd thousand become twenty[51] lakhs.	ਮੇਰੀ ਇਕ ਜ਼ਬਾਨ[50] ਤੋਂ[52] ਇਕ ਲੱਖ ਜ਼ਬਾਨਾਂ ਹੋ ਜਾਣ ਅਤੇ ਇਕ ਲੱਖ ਵੀਹ[51] ਲੱਖ ਹੋ ਜਾਣ ।
ਲਖੁ ਲਖੁ[53] ਗੇੜਾ[54] ਆਖੀਅਹਿ[55] ਏਕੁ[56] ਨਾਮੁ ਜਗ[57] ਦੀਸ[58] ॥	With each[56] tongue, lakhs over[53] lakhs times[54], I would repeat[55] the Name of the world's[57] Lord[58].	ਹਰ ਇਕ[56] ਜੀਭ ਨਾਲ ਮੈਂ ਲਖੂਖਾਂ[53] ਵਾਰੀ[54] ਸ੍ਰਿਸ਼ਟੀ[57] ਦੇ ਸੁਆਮੀ[58] ਦੇ ਨਾਮ ਦਾ ਉਚਾਰਨ[55] ਕਰਾਂਗਾ ।
ਏਤੁ[59] ਰਾਹਿ[60] ਪਤਿ[61] ਪਵੜੀਆ[62] ਚੜੀਐ[63] ਹੋਇ ਇਕੀਸ[64] ॥	In this[59] way[60] of the Bridegroom[61], there are ladders[62], by ascending[63] whose steps, I would become one with[64] Him.	ਪਤੀ[61] ਦੇ ਇਸ[59] ਰਸਤੇ[60] ਅੰਦਰ ਪਉੜੀਆਂ[62] ਹਨ, ਜਿਨ੍ਹਾਂ ਦੇ ਡੰਡਿਆਂ ਉਤੇ ਦੀ ਚੜ੍ਹ ਕੇ[63] ਮੈਂ ਉਸ ਨਾਲ ਇਕ ਮਿਕ[64] ਹੋ ਜਾਵਾਂਗੀ ।
ਸੁਣਿ[65] ਗਲਾ[66] ਆਕਾਸ[67] ਕੀ ਕੀਟਾ[68] ਆਈ ਰੀਸ[69] ॥	By hearing[65] celestial[67] things[66] even worms[68] (the vile) wish to emulate[69].	ਬੈਕੁੰਠੀ[67] ਬਾਤਾਂ[66] ਸ੍ਰਵਣ[65] ਕਰਕੇ ਕੀੜੇ[68] (ਨੀਚ) ਭੀ ਨਕਲ[69] ਕਰਨੀ ਚਾਹੁੰਦੇ ਹਨ ।
ਨਾਨਕ ਨਦਰੀ[70] ਪਾਈਐ ਕੂੜੀ[71] ਕੂੜੈ ਠੀਸ[72] ॥੩੨॥	O Nanak ! by His grace[70] God is obtained, and false[71] is the boasting[72] of the false.	ਹੇ ਨਾਨਕ ! ਉਸਦੀ ਮਿਹਰ ਸਦਕਾ[70] ਵਾਹਿਗੁਰੂ ਪ੍ਰਾਪਤ ਹੁੰਦਾ ਹੈ ਅਤੇ ਝੂਠੇ ਦੀ ਝੂਠੀ[71] ਹੀ ਗੱਪ[72] ਹੈ ।
ਆਖਣਿ[73] ਜੋਰੁ[74] ਚੁਪੈ[75] ਨਹ ਜੋਰੁ ॥	(I have) no power[74] to speak[73] and no power to remain silent[75].	(ਮੇਰੇ ਵਿਚ) ਬੋਲਣ[73] ਦੀ ਕੋਈ ਤਾਕਤ[74] ਨਹੀਂ ਅਤੇ ਨਾ ਹੀ ਤਾਕਤ ਹੈ ਖ਼ਾਮੋਸ਼[75] ਰਹਿਣ ਦੀ ।
ਜੋਰੁ ਨ ਮੰਗਣਿ[76] ਦੇਣਿ[77] ਨ ਜੋਰੁ ॥	(I have) no strength to live[76] and no power to give[77].	(ਮੇਰੇ ਕੋਲ) ਯਾਚਨਾ[76] ਕਰਨ ਦੀ ਕੋਈ ਸਤਿਆ ਨਹੀਂ ਤੇ ਨਾ ਹੀ ਸਤਿਆ ਹੈ ਦੇ ਦੇਣ[77] ਦੀ ।
ਜੋਰੁ ਨ ਜੀਵਣਿ[78] ਮਰਣਿ[79] ਨਹ ਜੋਰੁ ॥	(I have) no strength to live[78] and no strength to die[79].	(ਮੇਰੇ ਵਿਚ) ਜੀਊਣ[78] ਦਾ ਬਲ ਨਹੀਂ ਤੇ ਨਾ ਹੀ ਮਰ ਜਾਣ[79] ਦਾ ਬਲ ਹੈ ।
ਜੋਰੁ ਨ ਰਾਜਿ[80] ਮਾਲਿ[81] ਮਨਿ[82] ਸੋਰੁ[83] ॥	(I have) no strength (to acquire) empire[80] and wealth[81] which stir up a commotion[83] in the mind[82].	(ਮੇਰੇ ਵਿਚ) ਹਕੂਮਤ[80] ਅਤੇ ਦੌਲਤ[81], ਜੋ ਚਿਤ[82] ਅੰਦਰ ਸ਼ੋਰ ਸ਼ਰਾਬਾ[83] ਪੈਦਾ ਕਰ ਦਿੰਦੀਆਂ ਹਨ, (ਨੂੰ ਹਾਸਲ ਕਰਨ) ਦਾ ਕੋਈ ਬਲ ਨਹੀਂ ।
ਜੋਰੁ ਨ ਸੁਰਤੀ[84] ਗਿਆਨ[85] ਵੀਚਾਰਿ[86] ॥	(I have) no power to gain understanding[84] of Divine knowledge[85] and Lord's meditation[86].	(ਮੇਰੇ ਕੋਲਿ) ਸਮਝ[84], ਈਸ਼ਵਰੀ[85] ਗਿਆਤ ਅਤੇ ਸਾਹਿਬ ਦਾ ਸਿਮਰਨ[86] ਪਰਾਪਤ ਕਰਨ ਦੀ ਕੋਈ ਤਾਕਤ ਨਹੀਂ ।
ਜੋਰੁ ਨ ਜੁਗਤੀ[87] ਛੁਟੈ[88] ਸੰਸਾਰੁ[89] ॥	(I have) no power to find the way[87] to escape[88] from the world[89].	(ਮੇਰੇ ਅੰਦਰ) ਦੁਨੀਆਂ[89] ਤੋਂ ਖਲਾਸੀ[88] ਪਾਉਣ ਦਾ ਰਸਤਾ[87] ਲੱਭਣ ਦੀ ਕੋਈ ਸ਼ਕਤੀ ਨਹੀਂ ।

ਜਿਸੁ[91] ਹਥਿ[90]ਜੋਰੁ ਕਰਿ[92] ਵੇਖੈ[93] ਸੋਇ[94] ॥	He[94], in whose[91] hand[90] the power be let him exercise[92] and see[93] it.	ਜੀਹਦੇ[91] ਕਰ[90] ਵਿਚ ਤਾਕਤ ਹੈ, ਉਹ[94] ਇਸ ਨੂੰ ਵਰਤਦਾ[92] ਅਤੇ ਦੇਖਦਾ[93] ਹੈ ।
ਨਾਨਕ ਉਤਮੁ[95] ਨੀਚੁ[96] ਨ ਕੋਇ ॥੩੩॥	(By his own strength), O Nanak ! none can be good[95] or bad[96].	(ਆਪਣੀ ਨਿਜ ਦੀ ਸਤਿਆ ਦੁਆਰਾ), ਹੇ ਨਾਨਕ ! ਕੋਈ ਜਣਾ ਚੰਗਾ[95] ਜਾਂ ਮੰਦਾ[96] ਨਹੀਂ ਹੋ ਸਕਦਾ ।
ਰਾਤੀ[97] ਰੁਤੀ[98] ਥਿਤੀ[99] ਵਾਰ[100] ॥ ਪਵਣ[2] ਪਾਣੀ[3] ਅਗਨੀ[4] ਪਾਤਾਲ[5] ॥	(God created) nights[97], seasons[98], lunar days[99], week days[100], wind[2], water[3], fire[4] and nether[5]-lands	(ਵਾਹਿਗੁਰੂ ਨੇ) ਰਾਤਾਂ[97], ਮੌਸਮ[98], ਚੰਦ ਦੇ ਦਿਨ[99] ਹਫ਼ਤੇ ਦੇ ਦਿਹਾੜੇ[100], ਹਵਾ[2], ਜਲ[3], ਅੱਗ[4] ਤੇ ਪਇਆਲ[5] (ਪੈਦਾ ਕੀਤੇ) ।
ਤਿਸੁ[6]ਵਿਚਿ[7] ਧਰਤੀ[8] ਥਾਪਿ ਰਖੀ[9] ਧਰਮ[10] ਸਾਲ[11] ॥	In the midst[7] of these[6] He established[9] the earth[8] as a home[11] for the Lord's meditation[10].	ਇਨ੍ਹਾਂ[6] ਦੇ ਵਿਚਕਾਰ[7] ਉਸ ਨੇ ਜ਼ਮੀਨ[8], ਸਾਈਂ ਦੇ ਸਿਮਰਨ[10] ਦੇ ਘਰ[11] ਵਜੋਂ, ਅਸਥਾਪਨ[9] ਕੀਤੀ ।
ਤਿਸੁ ਵਿਚਿ[12] ਜੀਅ[13] ਜੁਗਤਿ[14] ਕੇ[15] ਰੰਗ[16] ॥	There-in[12] (He placed) beings[13] of various[15] types[14] and colours[16].	ਉਸ-ਅੰਦਰ[12] (ਉਸ ਨੇ) ਕਈ[15] ਤਰ੍ਹਾਂ[14] ਅਤੇ ਰੰਗਤਾਂ[16] ਦੇ ਜੀਵ[13] (ਟਿਕਾ ਦਿਤੇ) ।
ਤਿਨ[17] ਕੇ ਨਾਮ ਅਨੇਕ[18] ਅਨੰਤ[19] ॥	Various[18] and endless[19] are their[17] names.	ਅਨੇਕਾਂ[18] ਅਤੇ ਹਦਬੰਨਾ-ਰਹਿਤ[19] ਹਨ ਉਨ੍ਹਾਂ[17] ਦੇ ਨਾਮ ।
ਕਰਮੀ ਕਰਮੀ[20] ਹੋਇ ਵੀਚਾਰੁ[21] ॥	(They are) judged[21] according to their deeds and actions[20].	(ਉਨ੍ਹਾਂ ਦੇ) ਕੰਮਾਂ ਤੇ ਅਮਲਾਂ[20] ਅਨੁਸਾਰ ਉਨ੍ਹਾਂ ਦਾ ਫ਼ੈਸਲਾ[21] ਹੁੰਦਾ ਹੈ ।
ਸਚਾ ਆਪਿ[22] ਸਚਾ ਦਰਬਾਰੁ[23] ॥	The Lord Himself[22] is true and true His Court[23].	ਸੁਆਮੀ ਖ਼ੁਦ[22] ਸੱਚਾ ਹੈ ਅਤੇ ਸੱਚੀ ਹੈ ਉਸ ਦੀ ਦਰਗਾਹ[23] ।
ਤਿਥੈ[24] ਸੋਹਨਿ[25] ਪੰਚ ਪਰਵਾਣੁ[26] ॥ ਨਦਰੀ[27] ਕਰਮਿ[28] ਪਵੈ ਨੀਸਾਣੁ[29] ॥	There[24] the accepted[26] saint look graceful[26] and they come to bear the mark[29] of the grace[28] of the merciful[27] Master.	ਉਥੇ[24] ਕਬੂਲ ਪਏ[26] ਹੋਏ ਸਾਧੂ ਸੁੰਦਰ[26] ਲੱਗਦੇ ਹਨ ਅਤੇ ਉਨ੍ਹਾਂ ਉਤੇ ਮਿਹਰਬਾਨ[27] ਮਾਲਕ ਦੀ ਮਿਹਰ[28] ਦਾ ਚਿੰਨ੍ਹ[29] ਪੈ ਜਾਂਦਾ ਹੈ ।
ਕਚ[30] ਪਕਾਈ[31] ਓਥੈ[32] ਪਾਇ[33] ॥	The bad[30] and the good[31] shall, there[32], be assayed[33].	ਮੰਦੇ[30] ਅਤੇ ਚੰਗੇ[31] ਉਥੇ[32] ਪਰਖੇ[33] ਜਾਣਗੇ ।
ਨਾਨਕ ਗਇਆ[34] ਜਾਪੈ[35] ਜਾਇ[36] ॥੩੪॥	O Nanak ! on arrival[34] at that place[36] this shall be seen[35].	ਹੇ ਨਾਨਕ ! ਉਸ ਜਗ੍ਹਾ[36] ਉਤੇ ਪੁਜਣ[34] ਤੇ ਇਹ ਮਲੂਮ[35] ਹੋ ਜਾਏਗਾ ।
ਧਰਮ ਖੰਡ[37] ਕਾ ਏਹੋ[38] ਧਰਮੁ[39] ॥	This[38] (aforesaid) is the moral duty[39] of the realm of righteousness[37].	ਇਹ[38] (ਉਪਰੋਕਤ ਕਥਿਤ) ਇਖ਼ਲਾਕੀ[39] ਫ਼ਰਜ਼ ਸਚਾਈ ਦੇ[37] ਮੰਡਲ ਦਾ ਹੈ ।
ਗਿਆਨ ਖੰਡ[40]ਕਾ ਆਖਹੁ[41] ਕਰਮੁ[42] ॥	Now I describe[41] the doings[42] of the realm of knowledge[40].	ਹੁਣ ਮੈਂ ਗਿਆਤ[40] ਦੇ ਮੰਡਲ ਦੇ ਅਮਲ[42] ਬਿਆਨ[41] ਕਰਦਾ ਹਾਂ ।
ਕੇਤੇ[43] ਪਵਣ[44] ਪਾਣੀ[45] ਵੈਸੰਤਰ[46] ਕੇਤੇ ਕਾਨ[47] ਮਹੇਸ[48] ॥	Good many[43] are winds[44], waters[45], fires[46] and good many Krishnas[47] and Shivas[48].	ਘਨੇਰੇ[43] ਹਨ ਹਵਾਵਾਂ[44], ਜਲ[45], ਅਗਾਂ[46] ਅਤੇ ਘਨੇਰੇ ਕ੍ਰਿਸ਼ਨ[47] ਤੇ ਸ਼ਿਵਜੀ[48] ।
ਕੇਤੇ ਬਰਮੇ ਘਾੜਤਿ[49] ਘੜੀਅਹਿ[50] ਰੂਪ[51] ਰੰਗ[52] ਕੇ[54] ਵੇਸ[53] ॥	There are many Barhmas, who are fashioning[50] forms[49], and many[54] beauties[51], colours[52] and raiments[53].	ਬਹੁਤੇ ਹਨ ਬਰ੍ਹਮੇ, ਜੋ ਸ਼ਕਲਾਂ[49] ਸਾਜ ਰਹੇ[50] ਹਨ ਅਤੇ ਘਨੇਰੀਆਂ[54] ਸੁੰਦ੍ਰਤਾਈਆਂ[51], ਰੰਗਤਾਂ[52] ਤੇ ਲਿਬਾਸ[53] ।

ਕੇਤੀਆ[55] ਕਰਮ[56] ਭੂਮੀ[57] ਮੇਰ[58] ਕੇਤੇ ਕੇਤੇ[59] ਧੂ[60] ਉਪਦੇਸ[61] ॥	Numberless[56] are the earths[57] and the mountains[58] for doing virtuous deeds[56] and numberless over[59] numberless Dhrus[60], instruction[61]-receivers.	ਅਣਗਿਣਤ[55] ਹਨ ਧਰਤੀਆਂ[57] ਤੇ ਪਹਾੜ[58] ਨੇਕ ਅਮਲ[56] ਕਮਾਉਣ ਦੇ ਵਾਸਤੇ ਅਤੇ ਅਣਗਿਣਤ[59] ਉਤੇ ਅਣਗਿਣਤ ਸਿੱਖਿਆ[61] ਲੈਣ ਵਾਲੇ ਧਰੂ[60] ।
ਕੇਤੇ ਇੰਦ[62] ਚੰਦ[63] ਸੂਰ[64] ਕੇਤੇ[65] ਕੇਤੇ[66] ਮੰਡਲ[67] ਦੇਸ[68] ॥	Numberless are Indras[62], the moons[63] the suns[64], numberless[65] universes[67], and numberless[66] countries[68].	ਅਣਗਿਣਤ ਹਨ ਇੰਦ੍ਰ[62], ਚੰਦਰਮੇ[63] ਅਤੇ ਸੂਰਜ[64], ਅਣਗਿਣਤ[65] ਆਲਮ[67] ਅਤੇ ਅਣਗਿਣਤ[66] ਮੁਲਕ[68] ।
ਕੇਤੇ ਸਿਧ[69] ਬੁਧ[70] ਨਾਥ[71] ਕੇਤੇ ਕੇਤੇ ਦੇਵੀ[72] ਵੇਸ[73] ॥	Innumberable there are proficients[69], Gautamas[70], great yogis[71] and innumberable over innumerable the forms[73] of goddesses[72].	ਬੇਗਿਣਤ ਹਨ ਗੁਣੀ-ਜਨ[69], ਗੌਤਮ[70], ਵੱਡੇ ਯੋਗੀ[71] ਅਤੇ ਬੇਗਿਣਤ ਉਤੇ ਬੇਗਿਣਤ ਭਵਾਨੀਆਂ[72] ਦੇ ਸਰੂਪ[73]।
ਕੇਤੇ ਦੇਵ[74] ਦਾਨਵ[75] ਮੁਨਿ[76] ਕੇਤੇ ਕੇਤੇ[78] ਰਤਨ[77] ਸਮੁੰਦ[79] ॥	Many deities[74], demons[75] and silent sages[76] and many over[78] many oceans[79] and jewels[77].	ਕਿੰਨੇ ਕੁ ਦੇਵਤੇ[74], ਰਾਖਸ਼[75] ਤੇ ਚੁੱਪ ਕੀਤੇ[76] ਰਿਸ਼ੀ ਅਤੇ ਕਿੰਨਿਆਂ ਉਤੇ[78] ਕਿੰਨੇ ਹੀ ਸਮੁੰਦਰ[79] ਅਤੇ ਜਵਾਹਿਰਰਾਤ[77] ।
ਕੇਤੀਆ ਖਾਣੀ[80] ਕੇਤੀਆ ਬਾਣੀ[81] ਕੇਤੇ ਪਾਤ[82] [83]ਨਰਿੰਦ[84] ॥	Numberless the mines[80] of production. Numberless languages[81] and many the dynasties[82] of masters[84] of men[83] (kings).	ਕਿੰਨੀਆਂ ਹੀ ਉਤਪਤੀ ਦੀਆਂ ਕਾਨਾਂ[80], ਕਿੰਨੀਆਂ ਹੀ ਬੋਲੀਆਂ[81] ਅਤੇ ਕਿੰਨੇ ਹੀ ਰਾਜਿਆਂ ਜਾਂ ਮਨੁੱਖਾਂ[83] ਦਿਆਂ ਮਾਲਕਾਂ[84] ਦੇ ਖ਼ਾਨਦਾਨ[82] ।
ਕੇਤੀਆ[89] ਸੁਰਤੀ[85] ਸੇਵਕ[86] ਕੇਤੇ ਨਾਨਕ ਅੰਤੁ[87] ਨ ਅੰਤੁ[88] ॥੩੫॥	Countless[89] are the men of Divine knowledge[85] and countless the servants[86] of God. O' Nanak ! there is no limit[87] to His bounds[88].	ਬੇਸ਼ੁਮਾਰ[89] ਹਨ ਗਿਆਨਵਾਨ[85] ਅਤੇ ਬੇਸ਼ੁਮਾਰ ਵਾਹਿਗੁਰੂ ਦੇ ਟਹਿਲੂਏ[86] । ਹੇ ਨਾਨਕ ! ਉਸ ਦੇ ਹੱਦ ਬੰਨੇ[88] ਦਾ ਕੋਈ ਓੜਕ[87] ਨਹੀਂ ।
ਗਿਆਨ ਖੰਡ ਮਹਿ[89] ਗਿਆਨੁ[90] ਪਰਚੰਡੁ[91] ॥	In[89] the domain of knowledge Divine deliberation[90] is greatly resplendent[91].	ਗਿਆਤ ਦੇ ਮੰਡਲ ਅੰਦਰ[89] ਬ੍ਰਹਮ ਵਿਚਾਰ[90] ਬਹੁਤ ਹੀ ਪ੍ਰਕਾਸ਼ਵਾਨ[91] ਹੁੰਦੀ ਹੈ ।
ਤਿਥੈ[92] ਨਾਦ[93] ਬਿਨੋਦ[94] ਕੋੜ[95] ਅਨੰਦੁ[96] ॥	Celestial strain[93] resounds there[92] from whom myriads[95] of amusements[94] and joys[96] proceed.	ਉਥੇ[92] ਇਲਾਹੀ ਕੀਰਤਨ[93] ਗੂੰਜਦਾ ਹੈ, ਜਿਸ ਤੋਂ ਕਰੋੜਾਂ[95] ਹੀ ਦਿਲ ਪਰਚਾਵੇ[94] ਤੇ ਖੁਸ਼ੀਆਂ[96] ਉਤਪੰਨ ਹੁੰਦੀਆਂ ਹਨ।
੮	8	੮
ਸਰਮ[97] ਖੰਡ ਕੀ ਬਾਣੀ[98] ਰੂਪੁ[99] ॥	Beauty[99] is the language[98] of the realm of spiritual effort[97].	ਰੂਹਾਨੀ ਉਦਮ[97] ਦੇ ਮੰਡਲ ਦੀ ਬੋਲੀ[98] ਸੁੰਦ੍ਰਤਾ[99] ਹੈ।
ਤਿਥੈ[100] ਘਾੜਤਿ[2] ਘੜੀਐ[3] ਬਹੁਤੁ[4] ਅਨੂਪੁ[5] ॥	There[100], an extremely[4] incomparable[5] make[2], is made[3].	ਉਥੇ[100] ਪ੍ਰਮ[4]-ਲਾਸਾਨੀ[5] ਬਣਾਵਟ[2] ਬਣਾਈ[3] ਜਾਂਦੀ ਹੈ ।
ਤਾ ਕੀਆ[6] ਗਲਾ[7] ਕਥੀਆ[8] ਨ ਜਾਹਿ ॥	The proceedings[7] of that place[6] can not be described[8].	ਉਸ ਥਾਂ[6] ਦੀਆਂ ਕਾਰਵਾਈਆਂ[7] ਬਿਆਨ[8] ਨਹੀਂ ਕੀਤੀਆਂ ਜਾ ਸਕਦੀਆਂ ।

ਜੇ[9] ਕੋ[10] ਕਹੈ[13] ਪਿਛੈ[11] ਪਛੁਤਾਇ[12] ॥	If[9] any one[10] endeavours to describe[13], he shall afterwards[11] repent[12].	ਜੇਕਰ[9] ਕੋਈ ਜਣਾ[10] ਬਿਆਨ[13] ਕਰਨ ਦੀ ਕੋਸ਼ਿਸ਼ ਕਰੇ, ਉਹ ਮਗਰੋਂ[11] ਪਸਚਾਤਾਪ[12] ਕਰੇਗਾ।
ਤਿਥੈ[14] ਘੜੀਐ[15] ਸੁਰਤਿ[16] ਮਤਿ[17] ਮਨਿ[18] ਬੁਧਿ[19] ॥	There[14] inner consciousness[16], intellect[17], soul[18] and understanding[19] are moulded[15] (afresh).	ਉਥੇ[14] ਅੰਤ੍ਰੀਵੀ ਗਿਆਤ[16], ਅਕਲ[17], ਆਤਮਾ[18] ਅਤੇ ਸਮਝ ਸੋਚ[19] (ਨਵੇਂ ਸਿਰਿਓਂ) ਢਾਲੇ[15] ਜਾਂਦੇ ਹਨ।
ਤਿਥੈ ਘੜੀਐ ਸੁਰਾ[20] ਸਿਧਾ[21] ਕੀ ਸੁਧਿ[22] ॥੩੬॥	There the genius[22] of the pious persons[20] and men of occult-powers[21] is moulded (anew).	ਉਥੇ ਪਵਿੱਤ੍ਰ ਪੁਰਸ਼ਾਂ[20] ਅਤੇ ਕਰਾਮਾਤੀ ਬੰਦਿਆਂ[21] ਦੀ ਖਸਲਤ[22] (ਨਵੇਂ ਸਿਰਿਓਂ) ਢਾਲੀ ਜਾਂਦੀ ਹੈ।
ਕਰਮ ਖੰਡ[23] ਕੀ ਬਾਣੀ[24] ਜੋਰੁ[25] ॥	There is spiritual force[25] in the language[24] (of the man) of the realm of grace[23].	ਬਖ਼ਸ਼ਿਸ਼ ਦੇ ਮੰਡਲ[23] (ਦੇ ਬੰਦੇ) ਦੀ ਬੋਲੀ[24] ਵਿਚ ਰੂਹਾਨੀ ਬਲ[25] ਹੁੰਦਾ ਹੈ।
ਤਿਥੈ[26] ਹੋਰੁ[27] ਨ ਕੋਈ ਹੋਰੁ ॥ ਤਿਥੈ ਜੋਧ[28] ਮਹਾ[29] ਬਲ[30] ਸੂਰ[31] ॥	(Except those mentioned below) no one else[27] resides in that domain[26]. The very[29] powerful[30] warriors[28] and heroes[31] dwell there.	(ਹੇਠਾਂ ਦੱਸਿਆਂ ਹੋਇਆਂ ਦੇ ਬਾਝੋਂ), ਹੋਰ ਕੋਈ[27] ਉਸ ਮੰਡਲ[26] ਅੰਦਰ ਨਹੀਂ ਵੱਸਦਾ। ਪ੍ਰਮ[29] ਬਲਵਾਨ[30] ਜੋਧੇ[28] ਅਤੇ ਸੂਰਮੇ[31] ਉਥੇ ਨਿਵਾਸ ਰੱਖਦੇ ਹਨ।
ਤਿਨ[32] ਮਹਿ[33] ਰਾਮੁ[34] ਰਹਿਆ ਭਰਪੂਰ[35] ॥	Within[33] them[32] the might of the Pervading[34] Lord remains fully-filled[35].	ਉਨ੍ਹਾਂ[32] ਅੰਦਰ[33] ਵਿਆਪਕ[34] ਪ੍ਰਭੂ ਦਾ ਜ਼ੋਰ ਪਰੀਪੂਰਨ[35] ਹੋਇਆ ਰਹਿੰਦਾ ਹੈ।
ਤਿਥੈ[39] ਸੀਤੋ ਸੀਤਾ[36] ਮਹਿਮਾ[37] ਮਾਹਿ[38] ॥	They, who are fully[36] sewn in[38] the Lord's admiration[37], abide there[39].	ਜੋ ਸੁਆਮੀ ਦੀ ਸਿਫ਼ਤ[37] ਸ਼ਲਾਘਾ ਅੰਦਰ[38] ਮੁਕੰਮਲ ਤੌਰ ਤੇ ਸਿਉਂਤੇ[36] ਹੋਏ ਹਨ, ਉਹ ਉਥੇ[39] ਰਹਿੰਦੇ ਹਨ।
ਤਾ ਕੇ[40] ਰੂਪ[41] ਨ ਕਥਨੇ[42] ਜਾਹਿ ॥	Their[40] beauty[41] cannot be narrated[42].	ਉਨ੍ਹਾਂ[40] ਦੀ ਸੁੰਦਰਤਾ[41] ਵਰਨਣ[42] ਨਹੀਂ ਕੀਤੀ ਜਾ ਸਕਦੀ।
ਨਾ ਓਹਿ ਮਰਹਿ ਨ ਠਾਗੇ[43] ਜਾਹਿ ॥ ਜਿਨ[45] ਕੈ ਰਾਮੁ ਵਸੈ[44] ਮਨ ਮਾਹਿ[46] ॥	They, in[46] whose[45] hearts God abides[44] die not and nor are they hood-winked[43].	ਜਿਨ੍ਹਾਂ[45] ਦੇ ਦਿਲਾਂ ਅੰਦਰ[46] ਵਾਹਿਗੁਰੂ ਨਿਵਾਸ[44] ਰੱਖਦਾ ਹੈ, ਉਹ ਨਾ ਮਰਦੇ ਹਨ ਤੇ ਨਾ ਹੀ ਛਲੇ ਜਾਂਦੇ[43] ਹਨ।
ਤਿਥੈ ਭਗਤ[47] ਵਸਹਿ ਕੇ[48] ਲੋਅ[49] ॥	The saints[47] of various[48] worlds[49] dwell there.	ਅਨੇਕਾਂ[48] ਪੁਰੀਆਂ[49] ਦੇ ਸਾਧੂ[47] ਉਥੇ ਰਹਿੰਦੇ ਹਨ।
ਕਰਹਿ ਅਨੰਦੁ[50] ਸਚਾ ਮਨਿ ਸੋਇ[51] ॥	They make merry[50], That[51] True Lord is in their hearts.	ਉਹ ਮੌਜਾਂ[50] ਮਾਣਦੇ ਹਨ। ਉਹ[51] ਸੱਚਾ ਸੁਆਮੀ ਉਨ੍ਹਾਂ ਦੇ ਦਿਲਾਂ ਅੰਦਰ ਹੈ।
ਸਚ ਖੰਡਿ[52] ਵਸੈ[53] ਨਿਰੰਕਾਰੁ[54] ॥	In the realm[52] of Truth abides[53] the Formless[54] Lord.	ਸੱਚਾਈ ਦੇ ਮੰਡਲ[52] ਵਿਚ ਸ਼ਕਲ-ਸੂਰਤ-ਰਹਿਤ[54] ਸੁਆਮੀ ਨਿਵਾਸ[53] ਰੱਖਦਾ ਹੈ।
ਕਰਿ[55] ਕਰਿ[56] ਵੇਖੈ[57] ਨਦਰਿ[58] ਨਿਹਾਲ[59] ॥	God beholds[57] the creation[56] which He has created[55] and renders them happy[59] (when He casts upon the beings) His merciful glance[58].	ਰਚਨਾ[56] ਨੂੰ ਰਚ ਕੇ[55] ਵਾਹਿਗੁਰੂ ਉਸਨੂੰ ਤੱਕਦਾ[57] ਹੈ (ਜਦ ਉਹ ਜੀਵਾਂ ਉਤੇ ਆਪਣੀ) ਦਿਆ-ਦ੍ਰਿਸ਼ਟੀ[58] ਧਾਰਦਾ ਹੈ, ਉਹ ਉਨ੍ਹਾਂ ਨੂੰ ਪ੍ਰਸੰਨ[59] ਕਰ ਦਿੰਦਾ ਹੈ।

ਤਿਥੈ[60] ਖੰਡ[61] ਮੰਡਲ[62] ਵਰਭੰਡ[63]॥ ਜੇ[64] ਕੋ[65] ਕਥੈ[66] ਤ[67] ਅੰਤ[68] ਨ ਅੰਤ[69] ॥	In that realm[60] there are continents[61], worlds[62] solar systems[63]. If[64] some one[65] tries to describe[66] them, then[67], know that there is no limit[68] or bound[69] of them.	ਉਸ[60] ਮੰਡਲ ਵਿਚ ਮਹਾਂਦੀਪ[61], ਧਰਤੀਆਂ[62] ਅਤੇ ਸੂਰਜ-ਬੰਧਾਨ[63] ਹਨ । ਜੇਕਰ[64] ਕੋਈ ਜਣਾ[65] ਉਨ੍ਹਾਂ ਨੂੰ ਬਿਆਨ[66] ਕਰਨ ਦੀ ਕੋਸ਼ਿਸ਼ ਕਰੇ, ਤਾਂ[67] ਜਾਣ ਲਓ ਕਿ ਉਨ੍ਹਾਂ ਦਾ ਕੋਈ ਓੜਕ[68] ਜਾਂ ਹਦ-ਬੰਨਾ[69] ਨਹੀਂ ।
ਤਿਥੈ[70] ਲੋਅ[71] ਲੋਅ ਆਕਾਰ[72] ॥	There[70] are universes[71] upon universes and creations[72] over creations.	ਉਥੇ[70] ਆਲਮਾਂ[71] ਉਤੇ ਆਲਮ, ਅਤੇ ਮਖ਼ਲੂਕਾਤਾਂ[72] ਤੇ ਮਖ਼ਲੂਕਾਤਾਂ ਹਨ ।
ਜਿਵ ਜਿਵ[73] ਹੁਕਮੁ[74] ਤਿਵੈ ਤਿਵ[75] ਕਾਰ[76] ॥	As[73] is the Master's mandate[74], so[75] are their functions[76].	ਜਿਸ ਤਰ੍ਹਾਂ[73] ਦਾ ਮਾਲਕ ਦਾ ਫੁਰਮਾਨ[74] ਹੈ, ਉਸੇ ਤਰ੍ਹਾਂ[75] ਦੇ ਹਨ ਉਨ੍ਹਾਂ ਦੇ ਕਾਰ ਵਿਹਾਰ[76] ।
ਵੇਖੈ[77] ਵਿਗਸੈ[78] ਕਰਿ ਵੀਚਾਰੁ[79] ॥	The Lord beholds[77] His creation and feels happy[78] by contemplating[79] over it.	ਸੁਆਮੀ ਆਪਣੀ ਰਚਨਾ ਨੂੰ ਦੇਖਦਾ[77] ਹੈ ਤੇ ਇਸ ਦਾ ਧਿਆਨ ਧਰ ਕੇ[79] ਖੁਸ਼[78] ਹੁੰਦਾ ਹੈ ।
ਨਾਨਕ ਕਥਨਾ[80] ਕਰੜਾ[81] ਸਾਰੁ[82] ॥੩੭॥	O' Nanak ! to describe[80] (the realm of truth) is hard[81] like iron[82].	ਹੇ ਨਾਨਕ ! (ਸੱਚਾਈ ਦੇ ਮੰਡਲ ਨੂੰ) ਬਿਆਨ[80] ਕਰਨਾ ਲੋਹੇ[82] ਵਰਗਾ ਸਖ਼ਤ[81] ਹੈ ।
ਜਤੁ[83] ਪਾਹਾਰਾ[84] ਧੀਰਜੁ[85] ਸੁਨਿਆਰੁ[86] ॥ ਅਹਰਣਿ[87] ਮਤਿ[88] ਵੇਦੁ[89] ਹਥੀਆਰੁ[90]॥ ਭਉ[91] ਖਲਾ[92] ਅਗਨਿ[93] ਤਪ[94] ਤਾਉ[95] ॥ ਭਾਂਡਾ[96] ਭਾਉ[97] ਅੰਮ੍ਰਿਤੁ[98] ਤਿਤੁ[99] ਢਾਲਿ[100] ॥	Make continence[83] thy furnaoe[84], patience[85] thy goldsmith[86], understanding[88] thy anvil[87], Divine knowledge[89] thy tools[90], God's fear[91] thine bellows[92], practising[95] of penance[94] thy fire[93] and Lord's love[97] thy pot[96], where[99] in filter[100] the Nectar[98] of God's Name.	ਬ੍ਰਹਮਚਰਜ[83] ਨੂੰ ਆਪਣੀ ਭੱਠੀ[84], ਸਬਰ[85] ਨੂੰ ਆਪਣਾ ਸੁਨਿਆਰਾ[86], ਸਮਝ[88] ਨੂੰ ਆਪਣੀ ਆਰਣ[87], ਬ੍ਰਹਮ-ਗਿਆਨ[89] ਨੂੰ ਆਪਣੇ ਸੰਦ[90], ਰੱਬ ਦੇ ਡਰ[91] ਨੂੰ ਆਪਣੀਆਂ ਧੌਂਕਣੀਆਂ[92] ਤਪੱਸਿਆ[94] ਕਰਨ[95] ਨੂੰ ਆਪਣੀ ਅੱਗ[93] ਅਤੇ ਪ੍ਰਭੂ ਦੇ ਪਿਆਰ[97] ਨੂੰ ਆਪਣਾ ਬਰਤਨ[96] ਬਣਾ, ਜਿਸ ਅੰਦਰ[99] ਰੱਬ ਦੇ ਨਾਮ ਦੇ ਸੁਧਾ ਰਸ[98] ਚੋ[100] ।
ਘੜੀਐ[2] ਸਬਦੁ[3] ਸਚੀ[4] ਟਕਸਾਲ[5] ॥	Thus in the true[4] mint[5] the Divine word[3] is fashioned[2].	ਇਸ ਤਰ੍ਹਾਂ ਸੱਚੀ[4] ਸਿਕਸ਼ਾਲਾ[5] ਅੰਦਰ ਰੱਬੀ ਕਲਾਮ[3] ਰਚੀ[2] ਜਾਂਦੀ ਹੈ ।
ਜਿਨ ਕਉ[6] ਨਦਰਿ[7] ਕਰਮੁ[8] ਤਿਨ[9] ਕਾਰ[10] ॥	This is the (daily) routine[10] of those[9] on whom[6] God casts His gracious[8] glance[7].	ਇਹ ਉਨ੍ਹਾਂ[9] ਦਾ (ਨਿੱਤ) ਕ੍ਰਮ[10] ਹੈ ਜਿਨ੍ਹਾਂ[6] ਉਤੇ ਵਾਹਿਗੁਰੂ ਆਪਣੀ ਦਇਆ[8]-ਦ੍ਰਿਸ਼ਟੀ[7] ਕਰਦਾ ਹੈ ।
ਨਾਨਕ ਨਦਰੀ[11] ਨਦਰਿ[12] ਨਿਹਾਲ[13] ॥੩੮॥	O' Nanak! the Merciful Master[11], with his kind look[12], makes them happy[13].	ਹੇ ਨਾਨਕ ! ਮਿਹਰਬਾਨ ਮਾਲਕ[11], ਆਪਣੀ ਮਿਹਰ ਦੀ ਨਿਗ੍ਹਾ[12] ਨਾਲ ਉਨ੍ਹਾਂ ਨੂੰ ਅਨੰਦ ਪ੍ਰਸੰਨ[13] ਕਰ ਦਿੰਦਾ ਹੈ।
॥ ਸਲੋਕੁ ॥[14]	Shloka[14] (Last sermon)	ਸਲੋਕ[14] (ਅਖ਼ੀਰਲਾ ਉਪਦੇਸ਼) ।
ਪਵਣੁ[15] ਗੁਰੂ ਪਾਣੀ[25] ਪਿਤਾ[16] ਮਾਤਾ[17] ਧਰਤਿ[18] ਮਹਤੁ[19] ॥ ਦਿਵਸੁ[20] ਰਾਤਿ[21] ਦੁਇ[22] ਦਾਈ[23] ਦਾਇਆ[24] ਖੇਲੈ[26] ਸਗਲ[27] ਜਗਤੁ[28]॥	Air[15] is the Guru, water[25] the Father[16], earth[18] the great[19] Mother,[17] and day[20] and night[21] the two[22] female and male[24] nurses[23], in whose lap the entire[27] world[28] play[26].	ਹਵਾ[15] ਗੁਰੂ ਹੈ, ਜਲ[25] ਬਾਬਲ[16], ਧਰਤੀ[18] ਵੱਡੀ[19] ਅੰਮੜੀ[17] ਅਤੇ ਦਿਨ[20] ਤੇ ਰੈਣ[21] ਦੋਨੋਂ[22], ਉਪ-ਪਿਤਾ[24] ਤੇ ਉਪ-ਮਾਤਾ[23] ਹਨ, ਜਿਨ੍ਹਾਂ ਦੀ ਗੋਦੀ ਵਿਚ ਸਾਰਾ[27] ਜਹਾਨ[28] ਖੇਡਦਾ[26] ਹੈ ।

ਚੰਗਿਆਈਆ[29] ਬੁਰਿਆਈਆ[30] ਵਾਚੈ[31] ਧਰਮੁ[32] ਹਦੂਰਿ[33] ॥ ਕਰਮੀ[34] ਆਪੋ ਆਪਣੀ[35] ਕੇ[36] ਨੇੜੈ[37] ਕੇ ਦੂਰਿ[38] ॥	The merits[29] and demerits[30] shall be read[31] in the presence[33] of Righteous Judge[32]. According to their respective[35] deeds[34], some[36] shall be near[37] and some distant[38] (from the Lord).	ਨੇਕੀਆਂ[29] ਤੇ ਬਦੀਆਂ[30], ਧਰਮ ਰਾਜ[32] ਦੀ ਹਜ਼ੂਰੀ[33] ਵਿਚ ਪੜ੍ਹੀਆਂ[31] ਜਾਣਗੀਆਂ। ਆਪੋ ਆਪਣੇ[35] ਅਮਲਾਂ[34] ਅਨੁਸਾਰ ਕਈ[36] (ਸੁਆਮੀ ਦੇ) ਨਜ਼ਦੀਕ[37] ਤੇ ਕਈ ਦੁਰੇਡੇ[38] ਹੋਣਗੇ।
ਜਿਨੀ ਨਾਮੁ ਧਿਆਇਆ[39] ਗਏ[40] ਮਸਕਤਿ[41] ਘਾਲਿ[42] ॥ ਨਾਨਕ ਤੇ[43] ਮੁਖ[44] ਉਜਲੇ[45] ਕੇਤੀ[46] ਛੁਟੀ[47] ਨਾਲਿ[48] ॥੧॥	Who have pondered on[39] the Name, and have departed[40] after putting[42] in toil[41]; O' Nanak ! their[43] faces[44] shall be bright[45] and many[46] shall be emancipated[47] along with[48] them.	ਜਿਨ੍ਹਾਂ ਨੇ ਨਾਮ ਸਿਮਰਿਆ[39] ਹੈ ਤੇ ਜੋ ਕਰੜੀ[41] ਘਾਲ ਕਮਾ ਕੇ[42] ਤੁਰੇ[40] ਹਨ, ਹੇ ਨਾਨਕ ! ਉਨ੍ਹਾਂ[43] ਦੇ ਚੇਹਰੇ[44] ਰੋਸ਼ਨ[45] ਹੋਣਗੇ, ਅਤੇ ਅਨੇਕਾਂ[46] ਹੀ ਉਨ੍ਹਾਂ ਦੇ ਸਾਥ[48] ਖਲਾਸੀ[47] ਪਾ ਜਾਣਗੇ।
ਸੋ ਦਰੁ ਰਾਗੁ ਆਸਾ ਮਹਲਾ ੧ ॥	Sodar Asa Measure First Guru.	ਸੋ ਦਰ ਆਸਾ ਰਾਗ ਪਹਿਲੀ ਪਾਤਿਸ਼ਾਹੀ।
੧ ਓ ਸਤਿਗੁਰ ਪ੍ਰਸਾਦਿ ॥	There is but one God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਜਾਣਿਆ ਜਾਂਦਾ ਹੈ।
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥	Which is Your gate and which the mansion, sitting where-in (Thou) takest care of all, (O' Lord) !	ਉਹ ਤੇਰਾ ਦਰਵਾਜ਼ਾ ਕੇਹੋ ਜੇਹਾ ਹੈ ਅਤੇ ਉਹ ਮੰਦਰ ਕੈਸਾ ਹੈ, ਜਿਸ ਵਿਚ ਬੈਠ ਕੇ (ਤੂੰ) ਸਾਰਿਆਂ ਦੀ ਸੰਭਾਲ ਕਰਦਾ ਹੈਂ, (ਹੇ ਸਾਈਂ) !
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥	Countless are Your musical instruments of various types which resound there and various are musicians there.	ਬਹੁਤੀਆਂ ਕਿਸਮਾਂ ਦੇ ਤੇਰੇ ਅਣਗਿਣਤ ਸੰਗੀਤਕ ਸਾਜ਼ ਉਥੇ ਗੂੰਜਦੇ ਹਨ ਅਤੇ ਅਨੇਕਾਂ ਹੀ ਹਨ ਉਥੇ ਤੇਰੇ ਰਾਗ ਕਰਨ ਵਾਲੇ।
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥	Good many are Your measures with their consorts and good many Your minstrels hymn Thee.	ਅਨੇਕਾਂ ਹਨ ਤੇਰੇ ਤਰਾਨੇ ਆਪਣੀਆਂ ਰਾਗਨੀਆਂ ਸਮੇਤ ਅਤੇ ਅਨੇਕਾਂ ਹੀ ਰਾਗੀ ਤੇਰਾ ਜਸ ਗਾਉਂਦੇ ਹਨ।
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥	Sing Thee wind, water and fire; and the Righteous Justice sings (Thine) praises at (Thy) door.	ਗਾਉਂਦੇ ਹਨ ਤੈਨੂੰ ਹਵਾ, ਜਲ ਅਤੇ ਅੱਗ, ਅਤੇ ਧਰਮ ਰਾਜ (ਤੇਰੇ) ਬੂਹੇ ਉਤੇ (ਤੇਰੀ) ਕੀਰਤੀ ਗਾਇਨ ਕਰਦਾ ਹੈ।
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥	Chitra Gupta (the recording angels), who know how to write and on the basis of whose scribed writ, the Righteous Judge adjudicates, hymn Thee.	ਚਿਤ੍ਰ ਗੁਪਤ (ਲਿਖਣ ਵਾਲੇ ਫਰਿਸ਼ਤੇ), ਜੋ ਲਿਖਣਾ ਜਾਣਦੇ ਹਨ, ਤੇ ਜਿਨ੍ਹਾਂ ਦੀ ਲਿਖੀ ਹੋਈ ਲਿਖਤ ਦੇ ਆਧਾਰ ਤੇ ਧਰਮ ਰਾਜ ਨਿਆਇ ਕਰਦਾ ਹੈ, ਤੇਰਾ ਜਸ ਗਾਇਨ ਕਰਦੇ ਹਨ।

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥	Shiva, Brahma, and goddess, ever beautiful as adorned by Thee, sing Thee.	ਤੇਰੇ ਸ਼ਿੰਗਾਰੇ ਹੋਏ ਸਦੀਵੀ ਸੁੰਦਰ, ਮਹਾਂ ਦੇਉ, ਬਰ੍ਹਮਾ ਅਤੇ ਭਵਾਨੀ, ਤੈਨੂੰ ਗਾਇਨ ਕਰਦੇ ਹਨ ।
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਨਿ ਬੈਠੇ ਦੇਵਤਿਆ ਦਰਿ ਨਾਲੇ ॥	Indra, seated on his throne, with the deities at Thy gate, sings Thee.	ਆਪਣੇ ਤਖ਼ਤ ਤੇ ਬੈਠਾ ਹੋਇਆ ਇੰਦਰ, ਤੇਰੇ ਦਰਵਾਜ਼ੇ ਤੇ ਸੁਰਾਂ ਸਮੇਤ, ਤੈਨੂੰ ਗਾਉਂਦਾ ਹੈ ।
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥	In their meditative mood, the perfect persons sing of Thee and the saints in their contemplation sing Thee as well.	ਆਪਣੀ ਧਿਆਨ ਅਵਸਥਾ ਅੰਦਰ ਪੂਰਨ ਪੁਰਸ਼ ਤੈਨੂੰ ਗਾਇਨ ਕਰਦੇ ਹਨ ਅਤੇ ਸੰਤ ਆਪਣੀ ਦਿਬ-ਦ੍ਰਿਸ਼ਟੀ ਅੰਦਰ ਭੀ ਤੈਨੂੰ ਹੀ ਗਾਉਂਦੇ ਹਨ ।
੯	9	੯
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥	The continents, the true and the patients sing Thine praises and the dauntless warriors, admire Thee.	ਕਾਮ-ਚੇਸ਼ਟਾ ਰਹਿਤ, ਸੱਚੇ ਅਤੇ ਸੰਤੁਸ਼ਟ ਪੁਰਸ਼ ਤੇਰਾ ਜੱਸ ਗਾਉਂਦੇ ਹਨ ਅਤੇ ਨਿਧੜਕ ਯੋਧੇ, ਤੇਰੀ ਹੀ ਪ੍ਰਸੰਸਾ ਕਰਦੇ ਹਨ ।
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥	The scholars,the readers of the Vedas of all the ages, together with the seven supreme sages, exalt Thee.	ਸਾਰਿਆਂ ਜੁਗਾਂ ਤੋਂ ਵੇਦਾਂ ਨੂੰ ਵਾਚਣ ਵਾਲੇ ਵਿਦਵਾਨ, ਸਮੇਤ ਸੱਤੇ ਸ਼ਰੋਮਣੀ ਰਿਸ਼ੀਆਂ ਦੇ, ਤੇਰੀ ਪ੍ਰਸੰਸਾ ਕਰਦੇ ਹਨ ।
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥	The captivating she-seraphs, who beguile the heart in paradise, this world and the nether-regions, sing Thee.	ਮੋਹਿਤ ਕਰ ਲੈਣ ਵਾਲੀਆਂ ਪਰੀਆਂ, ਜੋ ਬਹਿਸ਼ਤ, ਇਸ ਲੋਕ ਅਤੇ ਪਾਤਾਲ ਅੰਦਰ ਦਿਲ ਨੂੰ ਛਲ ਲੈਂਦੀਆਂ ਹਨ, ਤੈਨੂੰ ਹੀ ਗਾਉਂਦੀਆਂ ਹਨ ।
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥	The (fourteen) invaluable objects, created by Thee with sixty-eight places of pilgrimage, hymn (Thee).	ਤੇਰੇ ਰਚੇ ਹੋਏ ਚੌਦਾਂ ਅਮੋਲਕ ਪਦਾਰਥ, ਅਠਾਹਠ ਅਸਥਾਨਾਂ ਸਮੇਤ, (ਤੇਰੀ) ਕੀਰਤੀ ਕਰਦੇ ਹਨ ।
ਗਾਵਨਿ ਤੁਧਨੋ ਜੋਧ ਮਹਾ ਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥	The supremely mighty warriors and Divine heroes sing Thee and the four sources of creation magnify Thee.	ਪਰਮ ਬਲਵਾਨ ਯੋਧੇ ਅਤੇ ਈਸ਼੍ਵਰੀ ਸੂਰਮੇ ਤੈਨੂੰ ਗਾਉਂਦੇ ਹਨ ਅਤੇ ਚਾਰੇ ਹੀ ਉਤਪਤੀ ਦੇ ਮੰਬੇ ਤੈਨੂੰ ਸਲਾਹੁੰਦੇ ਹਨ ।
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥	The continents, the worlds and solar system, created and installed by Thy hand, chant Thine glories.	ਤੇਰੇ ਹੱਥਾਂ ਦੇ ਰਚੇ ਅਤੇ ਅਸਥਾਪਨ ਕੀਤੇ ਹੋਏ ਬਰਿਆਜ਼ਮ, ਸੰਸਾਰ ਅਤੇ ਸੂਰਜ-ਬੰਧਾਨ ਤੇਰੀਆਂ ਬਜ਼ੁਰਗੀਆਂ ਅਲਾਪਦੇ ਹਨ ।
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥	They also eulogise Thee, who are Thy saints, and are pleasing to Thee and are steeped (in Name) and Thy bliss impairing love.	ਤੇਰੇ ਸਾਧੂ, ਜਿਹੜੇ ਤੈਨੂੰ ਚੰਗੇ ਲਗਦੇ ਹਨ ਅਤੇ ਜੋ ਅੰਮ੍ਰਿਤ ਦੇ ਘਰ, ਤੇਰੇ ਨਾਮ ਅੰਦਰ ਰੰਗੀਜੇ ਹਨ, ਉਹ ਭੀ ਤੈਨੂੰ ਸਲਾਹੁੰਦੇ ਹਨ ।
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ	Many others,whom I cannot rocollect within my mind, sing Thee. How	ਹੋਰ ਬਹੁਤੇਰੇ, ਜਿਨ੍ਹਾਂ ਨੂੰ ਮੈਂ ਆਪਣੇ ਮਨ ਅੰਦਰ ਚਿਤਵਨ ਨਹੀਂ ਕਰ ਸਕਦਾ, ਤੈਨੂੰ ਗਾਉਂਦੇ ਹਨ ।

ਨਾਨਕ ਕਿਆ ਬੀਚਾਰੇ ॥	can Nanak think of them ?	ਨਾਨਕ ਉਨ੍ਹਾਂ ਦਾ ਕਿਸ ਤਰ੍ਹਾਂ ਖ਼ਿਆਲ ਕਰ ਸਕਦਾ ਹੈ ?
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥	That, and that Lord is ever True. He is True, and True is His Name.	ਉਹ, ਸੁਆਮੀ ਸਦੀਵ ਹੀ ਸੱਚਾ ਹੈ। ਉਹ ਸੱਤ ਹੈ, ਅਤੇ ਸੱਤ ਹੈ ਉਸ ਦਾ ਨਾਮ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥	He, who created the creation is and shall also be. He shall not depart when the creation shall depart (disappear).	ਜਿਸ ਨੇ ਸ੍ਰਿਸ਼ਟੀ ਸਾਜੀ ਹੈ, ਉਹ ਹੈ, ਤੇ ਹੋਵੇਗਾ ਭੀ। ਜਦ ਸ੍ਰਿਸ਼ਟੀ (ਅਲੋਪ ਹੋਏਗੀ) ਜਾਂ (ਜਾਏਗੀ) ਉਹ ਨਹੀਂ ਜਾਵੇਗਾ।
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥	(God), who fashioned the world, has by diverse contrivances created the creation of various colours and kinds.	ਵਾਹਿਗੁਰੂ ਜਿਸ ਨੇ ਸੰਸਾਰ ਸਾਜਿਆ ਹੈ, ਨੇ ਮੁਖ਼ਤਲਿਫ਼ ਤਰੀਕਿਆਂ ਦੁਆਰਾ ਅਨੇਕਾਂ ਰੰਗਤਾਂ ਅਤੇ ਕਿਸਮਾਂ ਦੀ ਰਚਨਾ ਰਚੀ ਹੈ।
ਕਰਿ ਕਰਿ ਵੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥	Having created the creation He, as it pleases His Honour, beholds His handiwork.	ਰਚਨਾ ਨੂੰ ਰਚ ਕੇ, ਉਹ ਜਿਸ ਤਰ੍ਹਾਂ ਉਸ ਹਜ਼ੂਰ ਨੂੰ ਚੰਗਾ ਲੱਗਦਾ ਹੈ, ਆਪਣੀ ਕੀਤੀ ਹੋਈ ਕਾਰੀਗਰੀ ਵੇਖਦਾ ਹੈ।
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥	Whatever pleases Him, He does that. (To Him) then no one can issue an order.	ਜੋ ਕੁਛ ਉਸ ਨੂੰ ਭਾਉਂਦਾ ਹੈ, ਉਹੀ ਕਰਦਾ ਹੈ। ਫਿਰ ਕੋਈ (ਉਸਨੂੰ) ਫ਼ੁਰਮਾਨ ਜਾਰੀ ਨਹੀਂ ਕਰ ਸਕਦਾ।
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੧॥	He is the king, the Emperor of the kings. Nanak remains subject to (His) will.	ਉਹ ਰਾਜਾ ਹੈ, ਰਾਜਿਆਂ ਦਾ ਮਹਾਰਾਜਾ, ਨਾਨਕ (ਉਸ ਦੀ) ਰਜ਼ਾ ਦੇ ਤਾਬੇ ਰਹਿੰਦਾ ਹੈ।
ਆਸਾ ਮਹਲਾ ੧ ॥	Asa measure, First Guru.	ਰਾਗ ਆਸਾ, ਪਹਿਲੀ ਪਾਤਸ਼ਾਹੀ।
ਸੁਣਿ[49] ਵਡਾ[50] ਆਖੈ ਸਭੁ ਕੋਇ[51] ॥ ਕੇਵਡੁ[52] ਵਡਾ ਡੀਠਾ[53] ਹੋਇ ॥	By hearing[49] every one[51] calls Thee great[50], (O' Lord !) But one, who has seen[53] Thee knows, how[52] great Thou art.	ਸੁਣ ਸੁਣਾ ਕੇ[49] ਹਰ ਕੋਈ[51] ਤੈਨੂੰ ਵਿਸ਼ਾਲ[50] ਆਖਦਾ ਹੈ (ਹੇ ਸੁਆਮੀ !) ਪਰ ਜਿਸ ਨੇ ਤੈਨੂੰ ਵੇਖਿਆ[53] ਹੈ, ਉਹ ਜਾਣਦਾ ਹੈ, ਕਿ ਤੂੰ ਕਿੱਡਾ ਕੁ[52] ਵਿਸ਼ਾਲ ਹੈਂ।
ਕੀਮਤਿ[54] ਪਾਇ ਨ ਕਹਿਆ[55] ਜਾਇ ॥	None can appraise[54] and narrate[55] (Thee).	ਕੋਈ (ਤੇਰਾ) ਮੁੱਲ[54] ਨਹੀਂ ਪਾ ਸਕਦਾ ਤੇ ਨਾ ਹੀ (ਤੈਨੂੰ) ਬਿਆਨ[55] ਕਰ ਸਕਦਾ ਹੈ।
ਕਹਣੈ ਵਾਲੇ[56] ਤੇਰੇ ਰਹੇ ਸਮਾਇ[57] ॥ ੧ ॥	Thine describers[56] remain absorbed[57] in Thee.	ਤੈਨੂੰ ਵਰਨਣ ਕਰਨ ਵਾਲੇ[56] ਤੇਰੇ ਅੰਦਰ ਲੀਨ[57] ਰਹਿੰਦੇ ਹਨ।
ਵਡੇ[58] ਮੇਰੇ ਸਾਹਿਬਾ ਗਹਿਰ[59] ਗੰਭੀਰਾ[60] ਗੁਣੀ[61] ਗਹੀਰਾ[62] ॥	O' my great[58] Master of unfathomable[60] depth[59], (Thou art) an ocean[62] of excellences[61].	ਹੇ ਮੇਰੇ ਅਥਾਹ[60] ਡੂੰਘਾਈ ਵਾਲੇ[59] ਭਾਰੇ[58] ਮਾਲਕ, (ਤੂੰ) ਵਡਿਆਈਆਂ[61] ਦਾ ਸਮੁੰਦਰ[62] ਹੈਂ।
ਕੋਇ ਨ ਜਾਣੈ ਤੇਰਾ ਕੇਤਾ[63] ਕੇਵਡੁ[64] ਚੀਰਾ[65] ॥੧॥	None knows, how much[63] and how great[64], Thy expanse[65] is.	ਕੋਈ ਨਹੀਂ ਜਾਣਦਾ ਤੇਰਾ ਕਿੰਨਾ ਜ਼ਿਆਦਾ[63] ਤੇ ਕਿੱਡਾ ਵੱਡਾ[64] ਵਿਸਥਾਰ[65] ਹੈ।

ਰਹਾਉ[66] ॥ ਸਭਿ ਸੁਰਤੀ[67] ਮਿਲਿ[68] ਸੁਰਤਿ[69] ਕਮਾਈ[70] ॥	Pause[66]. All the contemplatives[67] have met[68] and practised[70] contemplation[69].	ਠਹਿਰਾਉ[66] । ਸਾਰੇ ਵਿਚਾਰਵਾਨਾਂ[67] ਨੇ ਇਕੱਠੇ[68] ਹੋ ਕੇ ਵੀਚਾਰ[69] ਕੀਤੀ[70] ਹੈ ।
ਸਭ ਕੀਮਤਿ[71] ਮਿਲਿ ਕੀਮਤਿ[72] ਪਾਈ ॥	All the appraisers[71], having met together, have appraised (Thy) worth[72].	ਸਮੂਹ ਮੁੱਲ ਪਾਉਣ ਵਾਲਿਆਂ[71] ਨੇ, ਇਕੱਤ੍ਰ ਹੋ ਕੇ, (ਤੇਰਾ) ਮੁੱਲ[72] ਪਾਇਆ ਹੈ ।
ਗਿਆਨੀ[73] ਧਿਆਨੀ[74] ਗੁਰ[75] ਗੁਰਹਾਈ[76] ॥	The theologians[73], the visualisers[74] and they, who[76] are the preachers of preachers[75], (have described Thee).	ਬ੍ਰਹਮਵੇਤਿਆਂ[73] ਬਿਰਤੀ ਜੋੜਨ ਵਾਲਿਆਂ[74] ਅਤੇ ਉਹ, ਜੋ[76] ਪ੍ਰਚਾਰਕਾਂ ਦੇ ਪ੍ਰਚਾਰਕ ਹਨ[75], (ਨੇ ਤੈਨੂੰ ਬਿਆਨ ਕੀਤਾ ਹੈ) ।
ਕਹਣੁ[77] ਨ ਜਾਈ ਤੇਰੀ ਤਿਲੁ[78] ਵਡਿਆਈ[79] ॥੨॥	They cannot tell[77] even an iota[78] of Thy greatness[79].	ਉਹ ਤੇਰੀ ਮਹਾਨਤਾ[79] ਨੂੰ ਇਕ ਭੋਰਾ ਭੀ[78] ਨਹੀਂ ਦੱਸ ਸਕਦੇ[77] ।
ਸਭਿ ਸਤ[80] ਸਭਿ ਤਪ[81] ਸਭਿ ਚੰਗਿਆਈਆ[82] ॥ ਸਿਧਾ ਪੁਰਖਾ ਕੀਆ[83] ਵਡਿਆਈਆ[84] ॥ ਤੁਧੁ ਵਿਣੁ[85] ਸਿਧੀ[86] ਕਿਨੈ ਨ ਪਾਈਆ ॥	All truths[80], all austerities[81], all goodnesses[82] and the magnificences[84] of the men of occult powers[83] without[85] Thee, none has ever attained such powers[86].	ਸਾਰੀਆਂ ਸਚਾਈਆਂ[80], ਸਾਰੀਆਂ ਕਰੜੀਆਂ[81] ਘਾਲਣਾ, ਸਮੂਹ ਨੇਕੀਆਂ[82] ਅਤੇ ਕਰਾਮਾਤੀ ਬੰਦਿਆਂ[83] ਦੀਆਂ ਮਹਾਨਤਾਈਆਂ[84], ਤੇਰੇ ਬਾਝੋਂ[85], ਕਦੇ ਕਿਸੇ ਨੂੰ ਐਸੀਆਂ ਤਾਕਤਾਂ[86] ਪਰਾਪਤ ਨਹੀਂ ਹੋਈਆਂ ।
ਕਰਮਿ[87] ਮਿਲੈ ਨਾਹੀ ਠਾਕਿ[88] ਰਹਾਈਆ[89] ॥੩॥	With Thy grace[87] they are procured. No one can obstruct[88] and stop[89] (their flow).	ਤੇਰੀ ਕਿਰਪਾ[87] ਨਾਲ ਉਹ ਮਿਲਦੀਆਂ ਹਨ । ਕੋਈ (ਉਨ੍ਹਾਂ ਦੇ ਵਹਾਉ ਨੂੰ) ਠਲ੍ਹ ਕੇ[88] ਬੰਦ[89] ਨਹੀਂ ਕਰ ਸਕਦਾ ।
ਆਖਣ[90] ਵਾਲਾ ਕਿਆ[91] ਵੇਚਾਰਾ[92] ॥ ਸਿਫਤੀ[93] ਭਰੇ[94] ਤੇਰੇ ਭੰਡਾਰਾ[95] ॥ ਜਿਸੁ ਤੂ ਦੇਹਿ[96] ਤਿਸੈ ਕਿਆ[98] ਚਾਰਾ[97] ॥	What[91] can the helpless[92] narrator[90] do ? Thine treasures[95] are brimful[94] with Thy praises[93]. Why[98] should he, whom Thou givest[96], think of some other means[97] ?	ਨਿਰਬਲ[92] ਉਚਾਰਨ ਕਰਨ ਵਾਲਾ[90] ਕੀ[91] ਕਰ ਸਕਦਾ ਹੈ ? ਤੇਰੇ ਖ਼ਜ਼ਾਨੇ[95] ਤੇਰੀਆਂ ਕੀਰਤੀਆਂ[93] ਨਾਲ ਲਬਾਲਬ[94] ਹਨ । ਜਿਸਨੂੰ ਤੂੰ ਦਿੰਦਾ[96] ਹੈਂ, ਉਹ ਕਿਉਂ[98] ਕਿਸੇ ਹੋਰ ਜ਼ਰੀਏ[97] ਦਾ ਖ਼ਿਆਲ ਕਰੇ ?
ਨਾਨਕ ਸਚੁ[99] ਸਵਾਰਣਹਾਰਾ[100] ॥੪॥੨॥	O, Nanak ! the True one[99] Himself is the decorator[100].	ਹੇ ਨਾਨਕ ! ਸਤਿਪੁਰਖ[99] ਖ਼ੁਦ ਹੀ ਸ਼ਿੰਗਾਰਣ ਵਾਲਾ[100] ਹੈ ।
ਆਸਾ ਮਹਲਾ ੧ ॥	Asa Measure, First Guru.	ਰਾਗ ਆਸਾ ਪਹਿਲੀ ਪਾਤਸ਼ਾਹੀ ।
ਆਖਾ[2] ਜੀਵਾ ਵਿਸਰੈ[3] ਮਰਿ ਜਾਉ ॥	By repeating[2] Thy Name, I live, by forgetting[3] It, I die.	ਤੇਰਾ ਨਾਮ ਉਚਾਰਨ[2] ਕਰਨ ਦੁਆਰਾ ਮੈਂ ਜੀਉਂਦਾ ਹਾਂ, ਇਸ ਨੂੰ[3] ਭੁਲਾ ਕੇ, ਮੈਂ ਮਰ ਜਾਂਦਾ ਹਾਂ ।
ਆਖਣਿ ਅਉਖਾ[4] ਸਾਚਾ ਨਾਉ[5] ॥	Difficult[4] to utter is the True Name[5].	ਮੁਸ਼ਕਲ[4] ਹੈ ਸੱਤਨਾਮ[5] ਦਾ ਉਚਾਰਨ ਕਰਨਾ ।
ਸਾਚੇ ਨਾਮ ਕੀ ਲਾਗੈ ਭੂਖ[6] ॥ ਉਤੁ[7] ਭੂਖੈ ਖਾਇ ਚਲੀਅਹਿ[8] ਦੂਖ[9] ॥੧॥	If man feels hunger[6] for the True Name, that[7] hunger shall consume[8] his pains[9].	ਜੇਕਰ ਇਨਸਾਨ ਨੂੰ ਸੱਤਨਾਮ ਦੀ ਖੁੱਧਿਆ[6] ਲਗ ਜਾਵੇ ਉਹ[7] ਭੁਖ ਉਸ ਦੇ ਦੁਖੜਿਆਂ[9] ਨੂੰ ਖਾ ਜਾਏਗੀ[8] ।

ਸੋ ਕਿਉ[10] ਵਿਸਰੈ[11] ਮੇਰੀ ਮਾਇ[12] ॥ ਸਾਚਾ ਸਾਹਿਬੁ[13] ਸਾਚੈ ਨਾਇ[14]॥੧॥ਰਹਾਉ॥	True is the Lord[13] and true His Name.[14] How[10] can He be forgotton[11] O' my Mother[12] ? Pause	ਸੱਚਾ ਹੈ ਸੁਆਮੀ[13] ਅਤੇ ਸੱਚਾ ਹੈ ਉਸਦਾ ਨਾਮ[14] । ਉਹ ਕਿਸ ਤਰ੍ਹਾਂ[10] ਭੁਲਾਇਆ[11] ਜਾ ਸਕਦਾ ਹੈ, ਹੇ ਮੇਰੀ ਮਾਤਾ[12] । ਠਹਿਰਾਉ ।
ਸਾਚੇ ਨਾਮ ਕੀ ਤਿਲੁ[16] ਵਡਿਆਈ[17]॥ਆਖਿ[18]ਥਕੇ[19] ਕੀਮਤਿ[20] ਨਹੀ ਪਾਈ ॥	Men have grown weary[19] of recounting[18] the greatness of[17] the True Name but they have not been able to appraise[20] even a jot[16] of it.	ਇਨਸਾਨ ਸੱਚੇ ਨਾਮ ਦੀ ਬਜ਼ੁਰਗੀ[17] ਨੂੰ ਬਿਆਨ[18] ਕਰਦੇ ਹੋਏ ਹਾਰ ਹੁਟ[19] ਗਏ ਹਨ ਪ੍ਰੰਤੂ ਉਹ ਇਸ ਦੇ ਤਿਲ[16] ਮਾਤ੍ਰ ਦਾ ਭੀ ਮੁੱਲ[20] ਨਹੀਂ ਪਾ ਸਕੇ ।
ਜੇ[21] ਸਭਿ ਮਿਲਿ ਕੈ ਆਖਣਿ ਪਾਹਿ[22] ॥ ਵਡਾ[23] ਨ ਹੋਵੈ ਘਾਟਿ[24] ਨ ਜਾਇ ॥੨॥	Were[21] all men to meet and glorify[22] (Thee, Thou) would grow neither greater[23] nor lesser[24].	ਜੇਕਰ[21] ਸਮੂਹ ਇਨਸਾਨ ਮਿਲ ਕੇ (ਤੇਰੀ) ਪਰਸੰਸਾ ਕਰਨ[22], (ਤੂੰ) ਨਾ ਹੀ ਹੋਰ ਵਿਸ਼ਾਲ[23] ਹੋਵੇਂਗਾ, ਨਾ ਹੀ ਘਟ[24] ।
ਨਾ ਓਹੁ ਮਰੈ[25] ਨ ਹੋਵੈ ਸੋਗੁ[26] ॥	That Lord dies[25] not, nor there is any mourning[26].	ਉਹ ਸਾਹਿਬ ਮਰਦਾ[25] ਨਹੀਂ, ਤੇ ਨਾ ਹੀ ਕੋਈ ਵਿਰਲਾਪ[26] ਹੁੰਦਾ ਹੈ ।
ਦੇਦਾ ਰਹੈ ਨ ਚੂਕੈ[27] ਭੋਗੁ[28] ॥	He continues to give;His provisions[28] never run short[27].	ਉਹ ਦੇਈ ਜਾਂਦਾ ਹੈ, ਉਸ ਦੇ ਭੰਡਾਰੇ[28] ਮੁਕਦੇ[27] ਨਹੀਂ ।
ਗੁਣੁ[29] ਏਹੋ[30] ਹੋਰੁ[31] ਨਾਹੀ ਕੋਇ ॥ ਨਾ ਕੋ ਹੋਆ[32] ਨਾ ਕੋ ਹੋਇ[33] ॥੩॥	This alone[30] is His merit[29] that like Him none else[31] is. There has been[32] none, nor there shall be[33] any.	ਉਸ ਦੀ ਇਹੋ ਹੀ[30] ਖੂਬੀ[29] ਹੈ ਕਿ ਉਸਦੇ ਵਰਗਾ ਹੋਰ[31] ਕੋਈ ਨਹੀਂ । ਨਾ ਕੋਈ ਹੋਇਆ[32] ਹੈ, ਤੇ ਨਾ ਹੀ ਕੋਈ ਹੋਵੇਗਾ[33] ।
ਜੇਵਡੁ[34] ਆਪਿ[35] ਤੇਵਡ[36] ਤੇਰੀ ਦਾਤਿ[37] ॥	As great[34] as Thou[35] art, O' Lord ! so, great[36] are Thine gift[37].	ਜਿੱਡਾ[34] ਵੱਡਾ ਤੂੰ[35] ਹੈਂ, ਹੇ ਸਾਹਿਬ ! ਓਡੀਆਂ[36] ਵੱਡੀਆਂ ਹਨ ਤੇਰੀਆਂ ਬਖਸ਼ੀਸ਼ਾਂ[37] ।
੧੦	10	੧੦
ਜਿਨਿ[38] ਦਿਨੁ[39] ਕਰਿ[40] ਕੈ ਕੀਤੀ ਰਾਤਿ[41] ॥	(Thine is the personality) who[38] makest[40] the day[39] and the night[41] (too).	(ਤੇਰੀ ਹੀ ਵਿਅਕਤੀ ਹੈ) ਜੋ[38] ਦਿਨ[39] ਬਣਾਉਂਦੀ[40] ਹੈ ਅਤੇ ਰੈਣ[41] ਨੂੰ (ਭੀ) ਬਣਾਉਂਦੀ ਹੈ ।
ਖਸਮੁ[42] ਵਿਸਾਰਹਿ[43] ਤੇ[44] ਕਮਜਾਤਿ[45] ॥	Vile[45] are they[44] who forget[43] their Master[42].	ਅਧਮ[45] ਹਨ ਉਹ ਜਿਹੜੇ ਆਪਣੇ[44] ਮਾਲਕ[42] ਨੂੰ ਭੁਲਾਉਂਦੇ[43] ਹਨ ।
ਨਾਨਕ ਨਾਵੈ ਬਾਝੁ[46] ਸਨਾਤਿ[47] ॥੪॥੩॥	O' Nanak ! without[46] God's Name, men are outcaste wretches.[47]	ਹੇ ਨਾਨਕ ! ਰੱਬ ਦੇ ਨਾਮ ਦੇ ਬਗੈਰ[46] ਇਨਸਾਨ ਛੇਕੇ ਹੋਏ ਨੀਚ[47] ਹਨ ।
ਰਾਗੁ ਗੂਜਰੀ ਮਹਲਾ ੪ ॥	Gujri Measure. Fourth Guru.	ਰਾਗ ਗੂਜਰੀ, ਚੌਥੀ ਪਾਤਸ਼ਾਹੀ ।
ਹਰਿ ਕੇ ਜਨ[48] ਸਤਿਗੁਰ[49] ਸਤਪੁਰਖਾ[50] ਬਿਨਉ[51] ਕਰਉ ਗੁਰ[52] ਪਾਸਿ[53] ॥	O' my Great[52] Sat Guru[49], the accepted one of the Lord[48] and the True Person[50], I make a supplication[51] before[53] Thee.	ਹੇ ਸੁਆਮੀ ਦੇ ਪ੍ਰਵਾਣਿਤ[48], ਸੱਚੇ ਪੁਰਸ਼[50] ਮੇਰੇ ਵਿਸ਼ਾਲ[52] ਸਤਿਗੁਰੂ[49], ਮੈਂ ਤੇਰੇ ਅੱਗੇ[53] ਇਕ ਪ੍ਰਾਰਥਨਾ[51] ਕਰਦਾ ਹਾਂ ।
ਹਮ[54] ਕੀਰੇ[55] ਕਿਰਮ[56] ਸਤਿਗੁਰ[57]ਸਰਣਾਈ[58] ਕਰਿ ਦਇਆ ਨਾਮੁ[59] ਪਰਗਾਸਿ[60] ॥	I[54], an insect[55] and a worm[56], have sought Thy shelter[58], mercifully[59] bestow on me the light[60] of God's Name, O' True Guru[57] !	ਮੈਂ[54], ਇਕ ਕੀੜੇ[55] ਤੇ ਮਕੌੜੇ[56] ਨੇ ਤੇਰੀ ਸਰਣਾਗਤ[58], ਸੰਭਾਲੀ ਹੈ, ਮਿਹਰ ਧਾਰ[59], ਮੈਨੂੰ ਹਰੀ ਨਾਮ ਦੀ ਰੋਸ਼ਨੀ[60] ਪਰਦਾਨ ਕਰ, ਹੇ ਸੱਚੇ ਗੁਰਦੇਵ ਜੀ[57] !

॥੧॥ਮੇਰੇ ਮੀਤ[61]ਗੁਰਦੇਵ[62] ਮੋਕਉ[63] ਰਾਮ[64] ਨਾਮੁ ਪਰਗਾਸਿ[65] ॥	O' my friend[61], the bright Guru[62] ! illumine[65] me[63] with the Name of the Omnipresent Lord[64].	ਹੇ, ਪ੍ਰਕਾਸ਼ਵਾਨ[62] ਗੁਰੂ ਮੇਰੇ ਮਿੱਤ੍ਰ[61] ! ਮੈਨੂੰ[63] ਸਰਬ ਵਿਆਪਕ ਸੁਆਮੀ[64] ਦੇ ਨਾਮ ਨਾਲ ਰੋਸ਼ਨ ਕਰ[65] ।
ਗੁਰਮਤਿ[66]ਨਾਮੁਮੇਰਾਪ੍ਰਾਨ[67] ਸਖਾਈ[68] ਹਰਿ ਕੀਰਤਿ[69] ਹਮਰੀ[71] ਰਹਿਰਾਸਿ[70] ॥ ੧ ॥ ਰਹਾਉ ॥	The Name revealed to me by Guru's instruction[66] is the friend[68] of my very life[67] and God's praise[69] is my life's[71] vocation[70]. Pause.	ਗੁਰਾਂ ਦੀ ਸਿਖ ਮਤ[66] ਦੁਆਰਾ ਮੈਨੂੰ ਦਰਸਾਇਆ ਹੋਇਆ ਨਾਮ ਮੇਰੀ ਜਿੰਦ ਜਾਨ[67] ਦਾ ਮਿੱਤ੍ਰ[68] ਹੈ ਅਤੇ ਵਾਹਿਗੁਰੂ ਦੀ ਸਿਫ਼ਤ ਸ਼ਲਾਘਾ[69] ਮੇਰੇ ਜੀਵਨ[71] ਦੀ ਰਹੁ-ਰੀਤੀ[70] ਹੈ । ਠਹਿਰਾਉ ।
ਹਰਿਜਨ[72] ਕੇ ਵਡ ਭਾਗ[73] ਵਡੇਰੇ[74] ਜਿਨ ਹਰਿ ਹਰਿ[75] ਸਰਧਾ[76] ਹਰਿ ਪਿਆਸ[77] ॥	The greatest[74] good fortune[73] is of the people[72] of God who have faith[76] in the Lord Master[75] and thirst[77] for God.	ਪ੍ਰਮਭਾਰੀ[74] ਚੰਗੀ ਕਿਸਮਤ[73] ਹੈ, ਰੱਬ ਦੇ ਬੰਦਿਆਂ[72] ਦੀ ਜਿਨ੍ਹਾਂ ਦਾ ਸੁਆਮੀ ਮਾਲਕ[75] ਉਪਰ ਭਰੋਸਾ[76] ਹੈ ਅਤੇ ਜਿਨ੍ਹਾਂ ਨੂੰ ਵਾਹਿਗੁਰੂ ਦੀ ਤਰੇਹ[77] ਹੈ ।
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ[78] ਮਿਲਿ ਸੰਗਤਿ[79]ਗੁਣ[80]ਪਰਗਾਸਿ[81] ॥ ੨ ॥	By obtaining the Name of the Lord God they are satiated[78] and by meeting the society of[79] saints their virtues[80] shine forth[81].	ਵਾਹਿਗੁਰੂ ਸੁਆਮੀ ਦੇ ਨਾਮ ਨੂੰ ਪ੍ਰਾਪਤ ਕਰਨ ਦੁਆਰਾ, ਉਹ ਰੱਜ ਜਾਂਦੇ[78] ਹਨ - ਅਤੇ ਸਾਧ ਸੰਗਤ[79] ਅੰਦਰ ਜੁੜਣ ਦੁਆਰਾ ਉਨ੍ਹਾਂ ਦੀਆਂ ਨੇਕੀਆਂ[80] ਰੋਸ਼ਨ[81] ਹੋ ਆਉਂਦੀਆਂ ਹਨ ।
ਗੁਰਮੁਖਿ[35]ਨਾਮੁਸਲਾਹੀਐ[36] ਹਉਮੈ[37]ਨਿਵਰੀ[38]ਭਾਹਿ[39]॥ ੧ ॥ ਰਹਾਉ ॥	By Guru's grace[35] praise[36] the Name, thus the fire[39] of egotism[37] is quenched[38]. Pause.	ਗੁਰਾਂ ਦੀ ਦਇਆ[35] ਦੁਆਰਾ ਨਾਮ ਦੀ ਪਰਸੰਸਾ[36] ਕਰ ਇਸ ਤਰ੍ਹਾਂ ਹੰਕਾਰ[37] ਦੀ ਅੱਗ[39] ਬੁਝ ਜਾਂਦੀ[38] ਹੈ। ਠਹਿਰਾਉ।
ਸੁਣ[40] ਸੁਣਿ ਗੰਢਣੁ[41] ਗੰਢੀਐ[42] ਲਿਖਿ[43] ਪੜਿ[44] ਬੁਝਹਿ[45] ਭਾਰੁ[46] ॥	(We) repeatedly hear[40] and coin[42] stories[41]. (As also we) write[43], read[44] and understand[45] a huge load[46] (of knowledge).	(ਅਸੀਂ) ਬਾਰੰਬਾਰ ਸ੍ਰਵਣ[40] ਕਰ ਕੇ ਕਹਾਣੀਆਂ[41] ਘੜਦੇ[42] ਹਾਂ। (ਏਸੇ ਤਰ੍ਹਾਂ ਹੀ ਆਪਾਂ ਇਲਮ ਦੇ) ਭਾਰੇ ਬੋਝ[46] ਲਿਖਦੇ[43], ਵਾਚਦੇ[44] ਅਤੇ ਸਮਝਦੇ[45] ਹਾਂ।
ਤ੍ਰਿਸਨਾ[47] ਅਹਿ[48] ਨਿਸਿ[49] ਅਗਲੀ[50] ਹਉਮੈ[51] ਰੋਗੁ[52] ਵਿਕਾਰੁ[53] ॥	(Nevertheless) day[48] and night[49] our desires[47] increase[50] and the ailment[52] of vanity[51] produces evil passions[53].	(ਤਾਂ ਭੀ) ਦਿਨ[48] ਰੈਣ[49] ਸਾਡੀਆਂ ਖ਼ਾਹਿਸ਼ਾਂ[47] ਵਧਦੀਆਂ[50] ਜਾਂਦੀਆਂ ਹਨ ਅਤੇ ਤਕੱਬਰ[51] ਦੀ ਬੀਮਾਰੀ[52] ਮੰਦ-ਵਿਸ਼ੇ[53] ਪੈਦਾ ਕਰਦੀ ਹੈ।
ਓਹੁ ਵੇਪਰਵਾਹੁ[54] ਅਤੋਲਵਾ[55] ਗੁਰਮਤਿ[56] ਕੀਮਤਿ[57] ਸਾਰੁ[58] ॥ ੨ ॥	That Care-free-Lord[54] is unweighable[55] and His real[58] worth[57] is known through Guru's instruction[56].	ਉਹ ਬੇ-ਮੁਹਤਾਜ[54] ਪ੍ਰਭੂ ਅਜੋਖ[55] ਹੈ ਅਤੇ ਉਸ ਦਾ ਅਸਲੀ[58] ਮੁੱਲ[57] ਗੁਰਾਂ ਦੇ ਉਪਦੇਸ਼[56] ਰਾਹੀਂ ਜਾਣਿਆ ਜਾਂਦਾ ਹੈ।
ਲਖ[59] ਸਿਆਣਪ[60] ਜੇ[61] ਕਰੀ ਲਖ ਸਿਉ[62] ਪ੍ਰੀਤਿ[63] ਮਿਲਾਪੁ[64] ॥ ਬਿਨੁ ਸੰਗਤਿ[65] ਸਾਧ ਨ ਧ੍ਰਾਪੀਆ[66] ਬਿਨੁ ਨਾਵੈ ਦੂਖ[67] ਸੰਤਾਪੁ[68] ॥	If[61] man performs lakhs[59] of deeds of[61] wisdom[60] and bears love[63] and company[64] with[62] lakhs of people, but he is not satiated[66] without saint's society[65] and undergoes suffering[67] and sorrow[68] without the Name.	ਜੇਕਰ[61] ਆਦਮੀ ਲੱਖਾਂ[59] ਅਕਲਮੰਦੀ[60] ਦੇ ਕੰਮ ਕਰੇ ਅਤੇ ਲੱਖਾਂ ਬੰਦਿਆਂ[62] ਨਾਲ ਪਿਆਰ[63] ਤੇ ਮੇਲ-ਮੁਲਾਕਾਤ[64] ਰੱਖੇ, ਪਰ ਸੰਤਾਂ ਦੇ ਸਮਾਗਮ[65] ਬਗ਼ੈਰ ਉਸ ਨੂੰ ਰੱਜ[66] ਨਹੀਂ ਆਉਂਦਾ ਤੇ ਨਾਮ ਦੇ ਬਾਝੋਂ ਉਹ ਕਸ਼ਟ[67] ਤੇ ਗਮ[68] ਸਹਾਰਦਾ ਹੈ।
ਹਰਿ ਜਪਿ[69] [70]ਜੀਅਰੇ[71] ਛੁਟੀਐ[72] ਗੁਰਮੁਖਿ[73]ਚੀਨੈ[74] ਆਪੁ[75] ॥ ੩ ॥	O'[71] my soul[70] ! by understanding[74] thy ownself[75] and meditating[69] on God, through the[73] Guru, thou shall be released[72].	ਹੇ[71] ਮੇਰੀ ਜਿੰਦੇ[70] ! ਗੁਰਾਂ ਦੇ[73] ਰਾਹੀਂ, ਆਪਣੇ ਆਪ[75] ਦੀ ਪਛਾਣ[74] ਅਤੇ ਵਾਹਿਗੁਰੂ ਦਾ ਅਰਾਧਨ[69] ਕਰਨ ਦੁਆਰਾ ਤੂੰ ਬੰਦਖ਼ਲਾਸ[72] ਹੋ ਜਾਵੇਂਗੀ।

ਤਨੁ[76] ਮਨੁ[77] ਗੁਰ ਪਹਿ[78] ਵੇਚਿਆ[79] ਮਨੁ[80] ਦੀਆ[81] ਸਿਰੁ[82] ਨਾਲਿ[83] ॥	I have sold[79] my body[76] and soul[77] to[78] the Guru and have given[81] my heart[80] and head[82] alongwith[83].	ਮੈਂ ਆਪਣੀ ਦੇਹ[76] ਤੇ ਅਤਮਾ[77] ਗੁਰਾਂ ਕੋਲਿ[78] ਵੇਚ[79] ਛੱਡੇ ਹਨ ਅਤੇ ਆਪਣਾ ਦਿਲ[80] ਤੇ ਸੀਸ[82] ਭੀ ਸਾਥ[83] ਹੀ ਦੇ ਦਿਤੇ[81] ਹਨ।
[84]ਤ੍ਰਿਭਵਣੁ[85] ਖੋਜਿ[86] ਢੰਢੋਲਿਆ[87] ਗੁਰਮੁਖਿ[88] ਖੋਜਿ[89] ਨਿਹਾਲਿ[90] ॥	Seeking[89], under Guru's guidance[88] I have seen[90] Him, whom I did track[86] and search[87] in the three[84] worlds[85].	ਗੁਰਾਂ ਦੀ ਅਗਵਾਈ[88] ਹੇਠ ਭਾਲ[89] ਕੇ ਮੈਂ ਉਸ ਨੂੰ ਵੇਖ ਲਿਆ[90] ਹੈ, ਜਿਸ ਨੂੰ ਮੈਂ ਤਿੰਨਾਂ[84] ਜਹਾਨਾਂ[85] ਅੰਦਰ ਲਭਦਾ[86] ਤੇ ਟੋਲਦਾ[87] ਫਿਰਦਾ ਸਾਂ।
ਸਤਗੁਰਿ ਮੇਲਿ[91] ਮਿਲਾਇਆ[92] ਨਾਨਕ ਸੋ[93] ਪ੍ਰਭੁ ਨਾਲਿ[94] ॥੪॥੧੭॥	Nanak ! the True Guru has united[92] me in the union[91] of that[93] Lord who is ever with[94] me.	ਨਾਨਕ ! ਸੱਚੇ ਗੁਰਦੇਵ ਜੀ ਨੇ ਮੈਨੂੰ ਉਸ[93] ਠਾਕਰ ਦੇ ਮਿਲਾਪ[91] ਅੰਦਰ ਜੋੜ ਦਿੱਤਾ[92] ਹੈ ਜੋ ਸਦੀਵ ਹੀ ਮੇਰੇ ਸਾਥ[94] ਹੈ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਮਰਣੈ[95] ਕੀ ਚਿੰਤਾ[96] ਨਹੀ ਜੀਵਣ[97] ਕੀ ਨਹੀ ਆਸ[98] ॥	I have no anxiety[96] regarding fear of death[95] nor any hope[98] (craving) for life[97].	ਮੈਨੂੰ ਮੌਤ[95] ਬਾਰੇ ਫ਼ਿਕਰ[96] ਨਹੀਂ, ਨਾ ਹੀ ਜ਼ਿੰਦਗੀ[97] ਦੀ ਉਮੀਦ[98] (ਲਾਲਸਾ) ਹੈ।
ਤੂ ਸਰਬ[99] ਜੀਆ ਪ੍ਰਤਿਪਾਲਹੀ[100] ਲੇਖੈ[2] ਸਾਸ[3] ਗਿਰਾਸ[4] ॥	Thou cherisheth[100] all the beings[99], (O' Lord !) In account[2] are the breathings[3] and morseles[4] of all.	ਤੂੰ ਸਮੂਹ ਜੀਵਾਂ[99] ਦੀ ਪਾਲਣਾ-ਪੋਸਣਾ ਕਰਦਾ[100] ਹੈਂ, (ਹੇ ਸੁਆਮੀ !) ਹਿਸ਼ਾਬ ਕਿਤਾਬ[2] ਵਿਚ ਹਨ ਸਾਰਿਆਂ ਦੇ ਸਾਹ[3] ਤੇ ਗਿਰਾਹੀਆਂ[4]।
ਅੰਤਰਿ[5] ਗੁਰਮੁਖਿ[6] ਤੂ ਵਸਹਿ[7] ਜਿਉ[8] ਭਾਵੈ[9] ਤਿਉ[10] ਨਿਰਜਾਸਿ[11] ॥੧॥	Through the Guru[6] Thou abidest[7] within the heart[5] and as[8] Thou willest[9] so[10] dost Thou decide[11].	ਗੁਰਾਂ ਦੁਆਰਾ[6], ਤੂੰ ਦਿਲ[5] ਅੰਦਰ ਨਿਵਾਸ[7] ਕਰਦਾ ਹੈਂ ਤੇ ਜਿਸ ਤਰ੍ਹਾਂ[8] ਤੈਨੂੰ ਭਾਉਂਦਾ[9] ਹੈ ਉਸੇ[10] ਤਰ੍ਹਾਂ ਹੀ ਤੂੰ ਫ਼ੈਸਲਾ[11] ਕਰਦਾ ਹੈਂ।
[12]ਜੀਅਰੇ[13] ਰਾਮ[14]ਜਪਤ[15] ਮਨੁ[16] ਮਾਨੁ[17] ॥	O[13] my Soul[12] ! by meditating[15] on the Omnipresent Lord[14] the mind[16] is propitiated[17].	ਹੇ[13] ਮੇਰੀ ਜਿੰਦੇ[12] ! ਸਰਬ-ਵਿਆਪਕ ਸੁਆਮੀ[14] ਦਾ ਸਿਮਰਨ[15] ਕਰਨ ਦੁਆਰਾ ਮਨੂਆ[16] ਪਤੀਜ[17] ਜਾਂਦਾ ਹੈ।
੨੧	**21**	**੨੧**
ਅੰਤਰਿ[18] ਲਾਗੀ[19] ਜਲਿ[20] ਬੁਝੀ[21] ਪਾਇਆ[22] ਗੁਰਮੁਖਿ[23] ਗਿਆਨੁ[24] ॥ ੧ ॥ ਰਹਾਉ ॥	By Guru's instruction[23] Divine knowledge[24] is obtained[22] and the fire[20] raging[19] within[18] is extinguished[21]. Pause.	ਗੁਰਾਂ ਦੀ ਸਿੱਖ-ਮੱਤ[23] ਦੁਆਰਾ ਬ੍ਰਹਮ ਵਿਚਾਰ[24] ਪਰਾਪਤ[22] ਹੁੰਦੀ ਹੈ ਅਤੇ ਅੰਦਰ[18] ਲੱਗੀ[19] ਹੋਈ ਅੱਗ[20] ਠੰਢੀ ਹੋ ਜਾਂਦੀ[21] ਹੈ। ਠਹਿਰਾਉ।
ਅੰਤਰਿ[25] ਕੀ ਗਤਿ[26] ਜਾਣੀਐ[27] ਗੁਰ ਮਿਲੀਐ ਸੰਕ[28] ਉਤਾਰਿ[29] ॥	Cast away[29] thy doubt[28], meet the Guru and thou shalt know[27] the condition[26] of the innerself[25].	ਵਹਿਮ[28] ਦੂਰ[29] ਕਰ ਦੇ, ਗੁਰਦੇਵ ਜੀ ਨੂੰ ਮਿਲ ਅਤੇ ਤੂੰ ਆਪਣੇ ਅੰਦਰਵਾਰ[25] ਦੀ ਹਾਲਤ[26] ਨੂੰ ਜਾਣ[27] ਲਵੇਂਗਾ।
ਮੁਇਆ[30] ਜਿਤੁ[31] ਘਰਿ[32] ਜਾਈਐ[33] ਤਿਤੁ[34] ਜੀਵਦਿਆ[35] ਮਰੁ[36] ਮਾਰਿ ॥	Whilst alive[35] annihilate[36] thine evil inclinations for that[34] House[32] where[31] thou hast to reach[33] after death[30].	ਜਿਸ[31] ਗ੍ਰਿਹ[32] ਤੂੰ ਮਰ ਕੇ[30] ਪੁਜਣਾ[33] ਹੈ ਉਸ[34] ਦੇ ਲਈ ਤੂੰ ਜੀਊਂਦੇ[35] ਜੀ ਆਪਣੀਆਂ ਮੰਦ-ਵਾਸਨਾ ਨੂੰ ਮਲੀਆਮੇਟ[36] ਕਰ।

ਅਨਹਦ ਸਬਦ[37] ਸੁਹਾਵਣੇ[38] ਪਾਈਐ[39] ਗੁਰ ਵੀਚਾਰਿ[40] ॥ ੨ ॥

The fascinating[38] celestial strain[37] is obtained[39] through the discerning wisdom[40] imparted by the Guru.

ਗੁਰਾਂ ਦੀ ਦਿੱਤੀ ਹੋਈ ਪਰਬੀਨ ਸਿਆਣਪ[40] ਦੁਆਰਾ ਮਨਮੋਹਨ[38] ਬੈਕੁੰਠੀ ਕੀਰਤਨ[37] ਪਰਾਪਤ[39] ਹੁੰਦਾ ਹੈ।

ਅਨਹਦ[41] ਬਾਣੀ[42] ਪਾਈਐ ਤਹ[43] ਹਉਮੈ[44] ਹੋਇ ਬਿਨਾਸੁ[45] ॥

Through Gurbani[42], that unbeaten melody[41] is procured and therewith[43] egotism[44] is annulled[45].

ਗੁਰਬਾਣੀ[42] ਦੁਆਰਾ ਉਹ ਬਿਨਾ ਅਲਾਪਿਆ[41] ਰਾਗ ਪਾਇਆ ਜਾਂਦਾ ਹੈ ਤੇ ਉਸ[43] ਨਾਲ ਹੰਕਾਰ[44] ਨਵਿਰਤ[45] ਹੋ ਜਾਂਦਾ ਹੈ।

ਸਤਿਗੁਰੁ ਸੇਵੇ[46] ਆਪਣਾ ਹਉ[47] ਸਦ[48] ਕੁਰਬਾਣੈ[49] ਤਾਸੁ[50] ॥

I am[47] ever[48] a sacrifice[49] unto him[50] who serves[46] his True Guru.

ਮੈਂ[47] ਉਸ[50] ਉਤੋਂ ਸਦੀਵ[48] ਹੀ ਬਲਿਹਾਰ[49] ਜਾਂਦਾ ਹੀ, ਜੋ ਆਪਣੇ ਸੱਚੇ ਗੁਰਾਂ ਦੀ ਟਹਿਲ ਕਮਾਉਂਦਾ[46] ਹੈ।

ਖੜਿ[51] ਦਰਗਹ[52] ਪੈਨਾਈਐ[53] ਮੁਖਿ[54] ਹਰਿ ਨਾਮ ਨਿਵਾਸੁ[55] ॥ ੩ ॥

He, within whose mouth[54] God's Name abides[55], is taken[51] to God's Court[52] and is dressed[53] (with the robe of honour).

ਜਿਸ ਦੇ ਮੂੰਹ[54] ਅੰਦਰ ਰੱਬ ਦਾ ਨਾਮ ਵੱਸਦਾ[55] ਹੈ, ਉਸ ਨੂੰ ਵਾਹਿਗੁਰੂ[52] ਦੇ ਦਰਬਾਰ ਅੰਦਰ ਲਿਜਾ[51] ਕੇ (ਇਜ਼ਤ ਦਾ ਪੁਸ਼ਾਕਾ) ਪਹਿਨਾਇਆ[53] ਜਾਂਦਾ ਹੈ।

ਜਹ[56] ਦੇਖਾ[57] ਤਹ[58] ਰਵਿਰਹੇ[59] ਸਿਵ[60]ਸਕਤੀ[61] ਕਾ ਮੇਲੁ[62] ॥

In the universe, the union[62] of sensitiveness[60] and stupefaction[61], wherever[56] I see[57], I find God pervading[59] there[58].

ਬ੍ਰਹਿਮੰਡ ਵਿਚ ਚੇਤੰਨਤਾ[60] ਤੇ ਜੜ੍ਹਤਾ[61] ਦੇ ਮਿਲਾਪ[62] ਅੰਦਰ ਜਿਧਰ[56] ਭੀ ਮੈਂ ਵੇਖਦਾ[57] ਹਾਂ, ਮੈਂ ਉਥੇ[58] ਵਾਹਿਗੁਰੂ ਨੂੰ ਵਿਆਪਕ[59] ਪਾਉਂਦਾ ਹਾਂ।

ਤ੍ਰਿਹੁ[63] ਗੁਣ[64] ਬੰਧੀ[65] ਦੇਹੁਰੀ[66] ਜੋ[67] ਆਇਆ ਜਗਿ[68] ਸੋ[69] ਖੇਲੁ[70] ॥

The body[66] is bound down[65] by three[63] dispositions[64]. Who-so-ever[67] comes in this world[68] he[69] plays[70] (subject to their hint).

ਸਰੀਰ[66] ਤਿੰਨਾਂ[63] ਸੁਭਾਵਾਂ[64] ਦਾ ਬੰਨ੍ਹਿਆ[65] ਹੋਇਆ ਹੈ। ਜਿਹੜਾ[67] ਕੋਈ ਭੀ ਇਸ ਸੰਸਾਰ[68] ਵਿਚ ਆਉਂਦਾ ਹੈ, ਉਹ[69] (ਉਨ੍ਹਾਂ ਦੇ ਇਸ਼ਾਰੇ ਅਧੀਨ) ਖੇਡਦਾ[70] ਹੈ।

ਵਿਜੋਗੀ[71] ਦੁਖਿ[72]ਵਿਛੁੜੇ[73] ਮਨਮੁਖਿ[74] ਲਹਹਿ[75] ਨ ਮੇਲੁ[76] ॥ ੪ ॥

The separatists[71] part way[73] with the Lord and are in anguish[72]. Those self-willed[74] obtain[75] not union[76] (with Him).

ਵਿਛੁੰਨੇ ਹੋਏ[71] ਸੁਆਮੀ ਨਾਲੋਂ ਵੱਖਰੇ[73] ਹੋ ਜਾਂਦੇ ਹਨ ਅਤੇ ਉਹ ਤਕਲੀਫ਼[72] ਵਿਚ ਹਨ। ਉਨ੍ਹਾਂ ਆਪ-ਹੁਦਰਿਆਂ[74] ਦਾ (ਉਸ ਨਾਲ) ਮਿਲਾਪ[76] ਨਹੀਂ ਹੁੰਦਾ[75]।

ਮਨੁ[77] ਬੈਰਾਗੀ[78] ਘਰਿ ਵਸੈ[79] ਸਚ[80] ਭੈ[81] ਰਾਤਾ[82] ਹੋਇ ॥ ਗਿਆਨ[83] ਮਹਾ[84] ਰਸੁ[85] ਭੋਗਵੈ[86] ਬਾਹੁੜਿ[87] ਭੂਖ[88] ਨ ਹੋਇ[89] ॥

Becoming desire-free[78], if the mind[77] abides[79] in home and is dyed[82] red in the fear[81] of the True Lord[80], it shall then enjoy[86] the Supreme[84] Nectar[85] of Divine knowledge[83] and shall not feel[89] hunger[88], again[87].

ਇਛਾ-ਰਹਿਤ[78] ਹੋ ਕੇ, ਜੇਕਰ ਮਨੂਆ[77] ਗ੍ਰਿਹ ਅੰਦਰ ਰਹੇ[79] ਅਤੇ ਸੱਚੇ ਸੁਆਮੀ[80] ਦੇ ਡਰ[81] ਨਾਲ ਰੰਗਿਆ[82] ਜਾਵੇ, ਤਾਂ ਇਹ ਬ੍ਰਹਮ ਵਿਚਾਰ[83] ਦੇ ਪਰਮ[84] ਅੰਮ੍ਰਿਤ[85] ਨੂੰ ਮਾਣੇਗਾ[86] ਅਤੇ ਮੁੜ[87] ਭੁੱਖ[88] ਮਹਿਸੂਸ[89] ਨਹੀਂ ਕਰੇਗਾ।

ਨਾਨਕ ਇਹੁ ਮਨੁ[90] ਮਾਰਿ[91] ਮਿਲੁ[92] ਭੀ ਫਿਰਿ[93] ਦੁਖੁ[94] ਨ ਹੋਇ ॥ ੫ ॥ ੧੮ ॥

Nanak, subdue[91] this mind[90] and meet[92] the Lord, thus thou shalt suffer agony[94] no more[93].

ਨਾਨਕ ਇਸ ਮਨੂਏ[90] ਨੂੰ ਕਾਬੂ[91] ਕਰ ਅਤੇ ਮਾਲਕ ਨੂੰ ਮਿਲ[92]। ਇੰਜ ਤੈਨੂੰ[93] ਮੁੜ ਕੇ ਕਸ਼ਟ[94] ਨਹੀਂ ਹੋਵੇਗਾ।

ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਏਹੁ ਮਨੁ[75] ਮੂਰਖੁ[76] ਲੋਭੀਆ[77] ਲੋਭੇ[78] ਲਗਾ[79] ਲੋੁਭਾਨੁ[80] ॥	This foolish[76] and greedy[77] mind[78] is attached[79] with and lured[80] by greed[78].	ਇਹ ਬੇਵਕੂਫ਼[76] ਤੇ ਲਾਲਚੀ[77] ਜਿੰਦੜੀ[78] ਲਾਲਚ[78] ਨਾਲ ਜੁੜੀ[79] ਅਤੇ ਉਸ ਦੀ ਬਹਿਕਾਈ[80] ਹੋਈ ਹੈ।
ਸਬਦਿ[81] ਨ ਭੀਜੈ[82] ਸਾਕਤਾ[83] [84]ਦੁਰਮਤਿ[85] ਆਵਨੁ ਜਾਨੁ[86] ॥	Being materialist[83] and evil[84] intellected[85], it drenches[82] not in God's Name[81] and continues coming and going[86].	ਮਾਦਾ-ਪ੍ਰਸਤ[83] ਅਤੇ ਮੰਦ[84]-ਅਕਲ[85] ਹੋਣ ਕਰਕੇ ਇਹ ਹਰੀ ਨਾਮ[81] ਅੰਦਰ ਨਹੀਂ ਭਿਜਦੀ[82] ਅਤੇ ਆਉਂਦੀ ਤੇ ਜਾਂਦੀ[86] ਰਹਿੰਦੀ ਹੈ।
ਸਾਧੂ[87] ਸਤਿਗੁਰੁ ਜੇ[88] ਮਿਲੈ ਤਾ[89] ਪਾਈਐ ਗੁਣੀ[90] ਨਿਧਾਨੁ[91] ॥ ੧ ॥	If[88] man meets the Saintly[87] True Guru, then[89], does he find (God), the treasure[91] of excellences[90].	ਜੇਕਰ[88] ਬੰਦੇ ਨੂੰ ਸੰਤ-ਸਰੂਪ[87] ਸੱਚੇ ਗੁਰੂ ਜੀ ਮਿਲ ਪੈਣ, ਤਦ[89], ਉਹ ਉੱਚੇ ਗੁਣਾਂ[90] ਦੇ ਖ਼ਜ਼ਾਨੇ[91] (ਹਰੀ) ਨੂੰ ਪਾ ਲੈਂਦਾ ਹੈ।
ਮਨ[92] ਰੇ[93] ਹਉਮੈ[94] ਛੋਡਿ[95] ਗੁਮਾਨੁ[96] ॥	O'[93] (my) mind[92] ! renounce[95] self-worship[94] and self-conceit[96].	ਹੇ[93] (ਮੇਰੇ) ਮਨ[92] ! ਸਵੈ-ਪੂਜਾ[94] ਤੇ ਸਵੈ-ਹੰਗਤਾ[96] ਨੂੰ ਤਿਆਗ[95] ਦੇ।
ਹਰਿਗੁਰੁ[97]ਸਰਵਰੁ[98]ਸੇਵਿ[99] ਤੂ ਪਾਵਹਿ ਦਰਗਹ[100] ਮਾਨੁ[2] ॥ ੧ ॥ ਰਹਾਉ ॥	Serve[99] thou God-Model Guru[97], an ocean[98] of piety, so that thou mayest obtain[2] honour in His Court[100]. Pause.	ਤੂੰ ਪਵਿੱਤਰਤਾ ਦੇ ਸਮੁੰਦਰ[98] ਰੱਬ-ਰੂਪ ਗੁਰਾਂ[97] ਦੀ ਟਹਿਲ[99] ਕਮਾ, ਤਾਂ ਜੋ ਤੂੰ ਉਸ ਦੇ ਦਰਬਾਰ[100] ਅੰਦਰ ਇਜ਼ਤ[2] ਪਾਵੇਂ। ਠਹਿਰਾਉ।
ਰਾਮ ਨਾਮੁ ਜਪਿ[3] ਦਿਨਸੁ ਰਾਤਿ[6] ਗੁਰਮੁਖਿ[4] ਹਰਿ ਧਨੁ ਜਾਨੁ[5] ॥	Meditate[3] on God's Name day and night[6] and by Guru's grace[4] deem[5] God's Name thy treasure.	ਦਿਨ[6] ਰੈਣ ਹਰੀ ਦੇ ਨਾਮ ਦਾ ਸਿਮਰਨ[3] ਕਰ ਅਤੇ ਗੁਰਾਂ ਦੀ ਦਇਆ[4] ਦੁਆਰਾ ਹਰੀ ਨਾਮ ਨੂੰ ਆਪਣੀ ਦੌਲਤ ਮੰਨ[5]।
ਸਭਿ ਸੁਖ[7] ਹਰਿਰਸੁ[8] ਭੋਗਣੇ[9] ਸੰਤ ਸਭਾ[10]ਮਿਲਿ[11] ਗਿਆਨੁ[12] ॥	By meeting[11] the society of saints[10], thou shalt acquire Divine knowledge[12] and enjoy[9] all comforts[7] and God's elixir[8].	ਸਾਧ ਸੰਗਤ[10] ਅੰਦਰ ਜੁੜਨ[11] ਦੁਆਰਾ ਤੂੰ ਬ੍ਰਹਮ-ਗਿਆਨ[12] ਪਰਾਪਤ ਕਰ ਲਵੇਂਗਾ ਅਤੇ ਸਾਰੇ ਆਰਾਮ[7] ਤੇ ਵਾਹਿਗੁਰੂ ਦੇ ਅੰਮ੍ਰਿਤ[8] ਨੂੰ ਮਾਣੇਂਗਾ[9]।
ਨਿਤਿ[13] ਅਹਿ[14] ਨਿਸਿ[15] ਹਰਿ ਪ੍ਰਭੁ ਸੇਵਿਆ[16] ਸਤਿਗੁਰਿ ਦੀਆ ਨਾਮੁ॥੨॥	He, whom the True Guru has given the Name, ever[13] serves[16] Lord God day[14] and night[15].	ਜਿਸ ਨੂੰ ਸੱਚੇ ਗੁਰਾਂ ਨੇ ਨਾਮ ਦਿੱਤਾ ਹੈ, ਉਹ ਦਿਨ[14] ਰਾਤ[15] ਹਮੇਸ਼ਾਂ[13] ਵਾਹਿਗੁਰੂ ਸੁਆਮੀ ਦੀ ਟਹਿਲ ਕਮਾਉਂਦਾ[16] ਹੈ।
ਕੂਕਰ[17] ਕੂੜੁ[18] ਕਮਾਈਐ[19] ਗੁਰਨਿੰਦਾ[20] ਪਚੈ[21] ਪਚਾਨੁ[22] ॥	He, who practises[19] falsehood[18], is like a dog[17] and burns[21] in the fire[22] of slandering[20] the Guru.	ਜੋ ਕੂੜ[18] ਦੀ ਕਿਰਤ[19] ਕਰਦਾ ਹੈ ਉਹ ਕੁੱਤੇ[17] ਦੀ ਮਾਨਿੰਦ ਹੈ ਅਤੇ ਗੁਰਾਂ ਦੀ ਬਦਖੋਈ[20] ਕਰਨ ਦੀ ਅੱਗ[22] ਵਿਚ ਸੜਦਾ[21] ਹੈ।
ਭਰਮੇ[23] ਭੂਲਾ[24] ਦੁਖੁ ਘਣੋ[25] ਜਮੁ[26] ਮਾਰਿ[27] ਕਰੈ ਖੁਲਹਾਨੁ[28] ॥	He goes astray[24] in doubt[23] and suffers great agony[25]. Death's myrmidon[26] beats[27] him to pulp[28].	ਉਹ ਵਹਿਮ[23] ਅੰਦਰ ਭੰਬਲਭੂਸੇ[24] ਖਾਂਦਾ ਹੈ ਅਤੇ ਬਹੁਤ ਕਸ਼ਟ[25] ਉਠਾਉਂਦਾ ਹੈ। ਮੌਤ ਦੇ ਫ਼ਰਿਸ਼ਤੇ[26] ਉਸ ਨੂੰ ਕੁਟ[27] ਕੇ ਪੀਪੂ[28] ਬਣਾ ਦਿੰਦੇ ਹਨ।

ਮਨਮੁਖਿ[29] ਸੁਖੁ ਨ ਪਾਈਐ ਗੁਰਮੁਖਿ[30] ਸੁਖੁ[31] ਸੁਭਾਨੁ[32] ॥ ੩ ॥	An apostate[29] procures not peace. One resigned to Guru's[30] will is wonderfully[32] joyous[31].	ਅਧਰਮੀ[29] ਆਰਾਮ ਨਹੀਂ ਪਾਉਂਦਾ । ਗੁਰੂ-ਅਨੁਸਾਰੀ[30] ਅਦਭੁਤ[32] ਤੌਰ ਤੇ ਪ੍ਰਸੰਨ[31] ਹੈ ।
ਐਥੈ[33] ਧੰਧੁ[34] ਪਿਟਾਈਐ[35] ਸਚੁ[36] ਲਿਖਤੁ[37] ਪਰਵਾਨੁ[38] ॥	Here[33] man is engrossed[35] in false pursuits[34] (but there) the writ[37] of true actions[36] is acceptable[38].	ਏਥੇ[33] ਆਦਮੀ ਕੂੜੇ ਵਿਹਾਰਾਂ[34] ਅੰਦਰ ਗਲਤਾਨ[35] ਹੈ (ਪਰ ਉਥੇ) ਸੱਚੇ ਅਮਲਾਂ[36] ਦੀ ਲਿਖਤਾਕਾਰ[37] ਕਬੂਲ[38] ਹੁੰਦੀ ਹੈ ।
ਹਰਿ ਸਜਣੁ[39] ਗੁਰੁ ਸੇਵਦਾ ਗੁਰ ਕਰਣੀ[40] ਪਰਧਾਨੁ[41] ॥	The Guru serves God, his intimate[39], and Guru's actions[40] are the most exalted[41].	ਗੁਰੂ, ਆਪਣੇ ਯਾਰ[39], ਵਾਹਿਗੁਰੂ ਦੀ ਟਹਿਲ ਕਮਾਉਂਦਾ ਹੈ ਅਤੇ ਗੁਰੂ ਦੇ ਅਮਲ[40] ਪਰਮ ਉਤ੍ਰਿਸ਼ਟ[41] ਹਨ ।
ਨਾਨਕ ਨਾਮੁ ਨ ਵੀਸਰੈ[42] ਕਰਮਿ[43] ਸਚੈ[44] ਨੀਸਾਣੁ[45] ॥ ੪ ॥ ੧੯ ॥	Nanak, he forgets[42] not God's Name and he bears the mark[45] of the True Lord's[44] grace[43].	ਨਾਨਕ, ਉਹ ਹਰੀ ਨਾਮ ਨੂੰ ਨਹੀਂ ਭੁਲਦਾ[42] ਅਤੇ ਉਸ ਉਤੇ ਸੱਚੇ ਸੁਆਮੀ[44] ਦੀ ਰਹਿਮਤ[43] ਦਾ ਚਿੰਨ੍ਹ[45] ਹੈ ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਇਕੁ ਤਿਲੁ[46] ਪਿਆਰਾ[47] ਵੀਸਰੈ[48] ਰੋਗੁ[49] ਵਡਾ[50] ਮਨ[51] ਮਾਹਿ[52] ॥	To forget[48] the Beloved[47], even for an instant[46], produces great[50] affliction[49] in[52] the soul[51].	ਇਕ ਮੁਹਤ[46] ਲਈ ਭੀ ਪ੍ਰੀਤਮ[47] ਨੂੰ ਭੁਲਾਉਣਾ[48], ਆਤਮਾ[51] ਵਿਚ[52] ਇਕ ਭਾਰੀ[50] ਜ਼ਹਿਮਤ[49] ਪੈਦਾ ਕਰ ਦਿੰਦਾ ਹੈ ।
ਕਿਉ[53] ਦਰਗਹ[54] ਪਤਿ[55] ਪਾਈਐ ਜਾ[56] ਹਰਿ ਨ ਵਸੈ[57] ਮਨ ਮਾਹਿ ॥	How[53] can honour[55] be acquired in God's Court[54], if[56] He dwells[57] not in mortal's mind ?	ਰੱਬ ਦੇ ਦਰਬਾਰ[54] ਅੰਦਰ ਕਿਸ ਤਰ੍ਹਾਂ[53] ਇੱਜ਼ਤ[55] ਪਾਈ ਜਾ ਸਕਦੀ ਹੈ, ਜੇਕਰ[56] ਉਹ ਪ੍ਰਾਣੀ ਦੇ ਚਿਤ ਵਿਚ ਨਿਵਾਸ[57] ਨਾ ਕਰੇ ?
ਗੁਰਿ ਮਿਲਿਐ[58] ਸੁਖੁ[59] ਪਾਈਐ ਅਗਨਿ[60] ਮਰੈ[61] ਗੁਣ[62] ਮਾਹਿ[63] ॥ ੧ ॥	By meeting[58] the Guru, peace[59] is obtained and the fire[60] of desire is quenched[61] in[63] (by singing) Lord's praises[62].	ਗੁਰਾਂ ਨੂੰ ਭੇਟਣ[58] ਦੁਆਰਾ ਠੰਢ-ਚੈਨ[59] ਪ੍ਰਾਪਤ ਹੋ ਜਾਂਦੀ ਹੈ ਤੇ ਸੁਆਮੀ ਦੀ ਸਿਫ਼ਤ ਸ਼ਲਾਘਾ[62] ਅੰਦਰ[63] (ਗਾਇਨ ਕਰਨ ਨਾਲ) ਖ਼ਾਹਿਸ਼ ਦੀ ਅੱਗ[60] ਬੁੱਝ[61] ਜਾਂਦੀ ਹੈ ।
ਮਨ ਰੇ[64] ਅਹਿ[65] ਨਿਸਿ[66] ਹਰਿ ਗੁਣ[67] ਸਾਰਿ[68] ॥	O' my Soul[64] ! day[65] and night[66] deliberate[68] over the excellences[67] of God.	ਹੇ[64] ਮੇਰੀ ਜਿੰਦੇ ! ਦਿਨ[65] ਰੈਣ[66], ਵਾਹਿਗੁਰੂ ਦੀਆਂ ਸਰੇਸ਼ਟਤਾਈਆਂ[67] ਦਾ ਚਿੰਤਨ[68] ਕਰ ।
ਜਿਨ[69] ਖਿਨੁ[70] ਪਲੁ[71] ਨਾਮੁ ਨ ਵੀਸਰੈ[72] ਤੇ ਜਨ[73] ਵਿਰਲੇ[74] ਸੰਸਾਰਿ[75] ॥ ੧ ॥ ਰਹਾਉ ॥	Who[69] forget[72] not God's Name even for a moment[70] and an instant[71]; such persons[73] are rare[74] in this world[75]. Pause.	ਜਿਹੜੇ[69] ਹਰੀ ਦੇ ਨਾਮ ਨੂੰ ਇਕ ਲਮ੍ਹੇ[70] ਤੇ ਮੁਹਤ[71] ਭਰ ਲਈ ਭੀ ਨਹੀਂ ਭੁਲਾਉਂਦੇ[72] ਐਸੇ ਪੁਰਸ਼[73] ਇਸ ਜਹਾਨ[75] ਅੰਦਰ ਬਹੁਤ[74] ਹੀ ਘੱਟ ਹਨ । ਠਹਿਰਾਉ ।

ਜੋਤੀ[76]ਜੋਤਿ[77]ਮਿਲਾਈਐ[78] ਸੁਰਤੀ[79]ਸੁਰਤਿ[80]ਸੰਜੋਗੁ[81]॥ ਹਿੰਸਾ[82] ਹਉਮੈ[83] ਗਤੁ ਗਏ[84] ਨਾਹੀ[85] ਸਹਸਾ[86] ਸੋਗੁ[87] ॥	When human light[77] blends[78] with the Supreme Light[76] and the union[81] of wisdom[80] is effaced with the universal wisdom[79], then, mortal's killing-instinct[82] and egotism[83] depart[84] and suscepticism[86] and sorrow[87] afflict him not[88].	ਜਦ ਮਨੁਖੀ[77] ਨੂਰ ਪਰਮ ਨੂਰ[76] ਨਾਲ ਅਭੇਦ[78] ਹੋ ਜਾਂਦਾ ਹੈ ਅਤੇ ਸਿਆਣਪ[80] ਤੇ ਸੰਪੂਰਨ ਸਿਆਣਪ[79] ਦਾ ਮਿਲਾਪ[81] ਹੋ ਜਾਂਦਾ ਹੈ, ਤਾਂ ਪ੍ਰਾਣੀ ਦੀ ਮਾਰ ਦੇਣ ਵਾਲੀ[82] ਖ਼ਸਲਤ ਤੇ ਹੰਗਤਾ[83] ਦੂਰ ਹੋ[84] ਜਾਂਦੇ ਹਨ ਅਤੇ ਸੰਦੇਹ[86] ਤੇ ਗ਼ਮ[87] ਉਸ ਨੂੰ ਦੁਖੀ ਨਹੀਂ[88] ਕਰਦੇ।
ਗੁਰਮੁਖਿ[88] ਜਿਸੁ[93] ਹਰਿ ਮਨਿਵਸੈ[89] ਤਿਸੁ[90] ਮੇਲੇ[91] ਗੁਰੁ ਸੰਜੋਗੁ[92] ॥ ੨ ॥	The Guru-ward[88], within whose[93] mind abides[89] the Lord, him[90] the Guru unites[91] with Lord's union[92].	ਗੁਰੂ-ਪਰਵਰਦਾ[88], ਜਿਸ[93] ਦੇ ਚਿੱਤ ਅੰਦਰ ਸਾਹਿਬ ਨਿਵਾਸ[89] ਰੱਖਦਾ ਹੈ, ਉਸ[90] ਨੂੰ ਗੁਰੂ ਜੀ ਸਾਹਿਬ ਦੇ ਮਿਲਾਪ[92] ਅੰਦਰ ਮਿਲਾ[91] ਦਿੰਦੇ ਹਨ।
ਕਾਇਆ[94] ਕਾਮਣਿ[95] ਜੇ[96] ਕਰੀ[97] ਭੋਗੇ[98] ਭੋਗਣਹਾਰੁ[99] ॥	If[96] I surrender[97] my body[94] like a bride[95] to the Master, the Enjoyer[99] will enjoy[98] me.	ਜੇਕਰ[96] ਮੈਂ ਆਪਣੀ ਦੇਹਿ[94] ਪਤਨੀ[95] ਦੀ ਤਰ੍ਹਾਂ ਮਾਲਕ ਦੇ ਹਵਾਲੇ ਕਰ[97] ਦੇਵਾਂ ਤਾਂ ਰੰਗ ਮਾਨਣ[99] ਵਾਲਾ ਮੈਨੂੰ ਮਾਣ[98] ਲਵੇਗਾ।
ਤਿਸੁ[100] ਸਿਉ[2] ਨੇਹੁ[3] ਨ ਕੀਜਈ[4] ਜੋ ਦੀਸੈ[5] ਚਲਣਹਾਰੁ[6] ॥	Make[4] not love[3] with[2] him[100], who appears[5] to be but a passing-show[6].	ਉਸ[100] ਨਾਲ[2] ਪਿਆਰ[3] ਨਾ ਪਾ[4], ਜਿਹੜਾ ਕਿ ਟੁਰ-ਜਾਣ[6] ਵਾਲਾ ਨਜ਼ਰੀਂ[5] ਪੈਂਦਾ ਹੈ।
ਗੁਰਮੁਖਿ[7] ਰਵਹਿ[8] ਸੋਹਾਗਣੀ[9] ਸੋ[10] ਪ੍ਰਭੁ[11] ਸੇਜ[12] ਭਤਾਰੁ[13] ॥ ੩ ॥	That[10] Lord[11] Consort[13], on His couch[12], enjoys[8] the virtuous[7] and chaste brides[9].	ਉਹ[10] ਸੁਆਮੀ[11] ਕੰਤ[13], ਆਪਣੇ ਪਲੰਘ[12] ਉਤੇ, ਪਵਿੱਤਰ[7] ਤੇ ਪਾਕ-ਦਾਮਨ[9] ਪਤਨੀਆਂ ਨੂੰ ਭੋਗਦਾ[8] ਹੈ।
੨੨	**22**	**੨੨**
ਚਾਰੇ ਅਗਨਿ[14] ਨਿਵਾਰਿ[15] ਮਰੁ[16] ਗੁਰਮੁਖਿ[17] ਹਰਿ[20] ਜਲੁ[18] ਪਾਇ[19] ॥	By obtaining[19] the water[18] of God's Name[20], through the Guru[17], quench[15] the four fires[14] (of cruelty, worldly-love, anger and greed) and remain dead[16] in life.	ਗੁਰਾਂ ਦੇ ਰਾਹੀਂ[17], ਵਾਹਿਗੁਰੂ ਦੇ ਨਾਮ[20] ਦਾ ਪਾਣੀ[18] ਪਰਾਪਤ[19] ਕਰ ਕੇ (ਨਿਰਦਈ-ਪੁਣੇ, ਸੰਸਾਰੀ-ਮਮਤਾ, ਕ੍ਰੋਧ ਅਤੇ ਲੋਭ ਦੀਆਂ) ਚਾਰੇ ਅੱਗਾਂ[14] ਨੂੰ ਬੁਝਾ[15] ਦੇ, ਅਤੇ ਜੀਉਂਦੇ ਜੀ ਮਰਿਆ[16] ਰਹੁ।
ਅੰਤਰਿ[21] ਕਮਲੁ[22] ਪ੍ਰਗਾਸਿਆ[23] ਅੰਮ੍ਰਿਤੁ[24] ਭਰਿਆ[25] ਅਘਾਇ[26] ॥	Thus the heart[21]-lotus[22] blossom[23] be filled[25] with Nectar[24] and thou shalt be satiated[26].	ਇਸ ਤਰ੍ਹਾਂ ਮਨ[21]-ਕੰਵਲ[22] ਫੁੱਲ[23] ਸੁਧਾਰਸ[24] ਨਾਲ ਲਬਾਲਬ[25] ਹੋ ਜਾਏਗਾ ਅਤੇ ਤੂੰ ਰੱਜ[26] ਜਾਏਂਗਾ।
ਨਾਨਕ ਸਤਿਗੁਰੁ ਮੀਤੁ[27] ਕਰਿ[28] ਸਚੁ[29] ਪਾਵਹਿ[30] ਦਰਗਹ[31] ਜਾਇ[32] ॥ ੪ ॥ ੨੦ ॥	Nanak, make[28] the True Guru thy friend[27], then going[32] to His Court[31] thou shalt obtain[30] the True One[29].	ਨਾਨਕ, ਸੱਚੇ ਗੁਰਦੇਵ ਜੀ ਨੂੰ ਆਪਣਾ ਮਿੱਤ੍ਰ[27] ਬਣਾ[28], ਤਦ ਉਸ ਦੇ ਦਰਬਾਰ[31] ਨੂੰ ਜਾ[32] ਕੇ ਤੂੰ ਸਤਿਪੁਰਖ[29] ਪਰਾਪਤ[30] ਕਰ ਲਵੇਂਗਾ।

ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਹਰਿ ਹਰਿ[33] ਜਪਹੁ[34] ਪਿਆਰਿਆ[35] ਗੁਰਮਤਿ[36] ਲੇ[37] ਹਰਿ[38] ਬੋਲਿ[39] ॥	Obtain[37] Guru's instruction[36], O' my dear[35] ! repeat[39] God's Name[38] and contemplate[34] over Lord God[33].	ਗੁਰੂ ਤੋਂ ਸਿੱਖ ਮਤ[36] ਲੈ[37], ਹੇ ਮੇਰੇ ਪ੍ਰੀਤਮ[35] ! ਵਾਹਿਗੁਰੂ ਦੇ ਨਾਮ[38] ਨੂੰ ਉਚਾਰ[39] ਅਤੇ ਪ੍ਰਮੇਸ਼ਰ ਪ੍ਰਭੂ[33] ਦਾ ਸਿਮਰਨ ਕਰ[34] ।
ਮਨੁ[40] ਸਚ[41] ਕਸਵਟੀ[42] ਲਾਈਐ[43] ਤੁਲੀਐ[44] ਪੂਰੈ[45] ਤੋਲਿ[46] ॥	Apply[43] the touch-stone[42] of Truthfullness[41] to thy soul[40], and see if it weighs[44] its full[45] weight[46].	ਆਪਣੀ ਆਤਮਾ[40] ਨੂੰ ਸੱਚਾਈ[41] ਦੀ ਘਸ-ਵੱਟੀ[42] ਉਤੇ ਪਰਖ[43], ਤੇ ਵੇਖ ਕਿ ਇਹ ਆਪਣੇ ਪੂਰਨ[45] ਵਜ਼ਨ[46] ਦੀ ਉਤਰਦੀ[44] ਹੈ ।
ਕੀਮਤਿ[47] ਕਿਨੈ ਨ ਪਾਈਐ ਰਿਦ[48] ਮਾਣਕ[49] ਮੋਲਿ[50] ਅਮੋਲਿ[51] ॥੧॥	No one has found its worth[47]. Invaluable[51] is the value[50] of the soul[48] emerald[49].	ਕਿਸੇ ਨੂੰ ਭੀ ਇਸ ਦੇ ਮੋਖ[47] ਦਾ ਪਤਾ ਨਹੀਂ ਲੱਗਾ । ਅਣਮੋਲ[51] ਹੈ ਆਤਮਾ[48] ਮਣੀ[49] ਦਾ ਮੁੱਲ[50] ।
ਭਾਈ ਰੇ[52] ਹਰਿ ਹੀਰਾ[53] ਗੁਰ ਮਾਹਿ[54] ॥	O' Brother[52] ! God, the jewel[53], resides in[54] the Guru.	ਹੇ ਵੀਰ[52] ! ਵਾਹਿਗੁਰੂ ਜਵੇਹਰ[53] ਗੁਰਾਂ ਅੰਦਰ[54] ਵੱਸਦਾ ਹੈ ।
ਸਤਸੰਗਤਿ[55] ਸਤਿਗੁਰੁ ਪਾਈਐ ਅਹਿ[56] ਨਿਸਿ[57] ਸਬਦਿ[58] ਸਲਾਹਿ[59] ॥੧॥ ਰਹਾਉ ॥	In the society of Saints[55], the True Guru is obtained. Day[56] and night[57] praise[59] God's Name[58], (O' Man !) Pause.	ਸਾਧ ਸਮਾਗਮ[55] ਅੰਦਰ ਸੱਚੇ ਗੁਰੂ ਜੀ ਪਰਾਪਤ ਹੁੰਦੇ ਹਨ । ਦਿਨ[56] ਰੈਣ[57] ਵਾਹਿਗੁਰੂ[58] ਦੇ ਨਾਮ ਦੀ ਪਰਸੰਸਾ[59] ਕਰ, (ਹੇ ਬੰਦੇ !) ਠਹਿਰਾਉ ।
ਸਚੁ[60] ਵਖਰੁ[61] ਧਨੁ[62] ਰਾਸਿ[63] ਲੈ[64] ਪਾਈਐ[65] ਗੁਰਪਰਗਾਸਿ[66] ॥	By obtaining[65] light[66] from the Guru, acquire[64] the true[63] wealth[62] and real[60] merchandise[61].	ਗੁਰਾਂ ਤੋਂ ਰੌਸ਼ਨੀ[66] ਪਰਾਪਤ[65] ਕਰਕੇ ਅਸਲੀ[60] ਸੌਦਾ-ਸੂਤ[61] ਤੇ ਸੱਚੀ[63] ਦੌਲਤ[62] ਹਾਸਲ[64] ਕਰ ।
ਜਿਉ[67] ਅਗਨਿ[68] ਮਰੈ[69] ਜਲਿ[70] ਪਾਈਐ[71] ਤਿਉ[72] ਤ੍ਰਿਸਨਾ[73] ਦਾਸਨਿ[74] ਦਾਸਿ[75] ॥	As[67] fire[68] is extinguished[69] by pouring[71] water[70], similarly[72] the desire[73] becomes the slave of[75] (is quenched by) God's slaves[74].	ਜਿਸ ਤਰ੍ਹਾਂ[67] ਪਾਣੀ[70] ਪਾਉਣ[71] ਦੁਆਰਾ ਅੱਗ[68] ਬੁਝ[69] ਜਾਂਦੀ ਹੈ, ਉਸੇ ਤਰ੍ਹਾਂ[72] ਖ਼ਾਹਿਸ਼[73] ਹਰੀ ਦੇ ਗੋਲਿਆਂ[74] ਦੁਆਰਾ ਗੋਲੀ[75] (ਨਾਸ) ਹੋ ਜਾਂਦੀ ਹੈ ।
ਜਮ[76] ਜੰਦਾਰੁ[77] ਨ ਲਗਈ[78] ਇਉ[79] ਭਉ[80] ਜਲੁ[81] ਤਰੈ[82] ਤਰਾਸਿ[83] ॥ ੨ ॥	The courier[77] of death[76] shall touch[78] thee not and like this[79] thou shalt cross[82] and cause others to[83] cross the terrible[80] life-ocean[81].	ਮੌਤ[76] ਦਾ ਦੂਤ[77] ਤੈਨੂੰ ਛੂਹੇਗਾ[78] ਨਹੀਂ ਅਤੇ ਇਸ[79] ਤਰ੍ਹਾਂ ਤੂੰ ਭਿਆਨਕ[80] ਜੀਵਨ ਸਮੁੰਦਰ[81] ਤੋਂ ਆਪ ਤਰ[82] ਜਾਵੇਂਗਾ ਅਤੇ ਹੋਰਨਾਂ ਨੂੰ ਤਾਰ[83] ਲਵੇਂਗਾ ।
ਗੁਰਮੁਖਿ[84] ਕੂੜੁ[85] ਨ ਭਾਵਈ[86] ਸਚਿ[87] ਰਤੇ[88] ਸਚ[89] ਭਾਇ[90] ॥	The Guru's slaves[84] like[86] not untruth[85]. With sincere[89] love[90] they are dyed[88] in nothing but Truth[87].	ਗੁਰਾਂ ਦੇ ਗੋਲਿਆਂ[84] ਨੂੰ ਝੂਠ[85] ਚੰਗਾ[86] ਨਹੀਂ ਲੱਗਦਾ । ਦਿਲੀ[89]-ਪ੍ਰੀਤ[90] ਨਾਲ ਉਹ ਕੇਵਲ ਸੱਚਾਈ[87] ਅੰਦਰ ਹੀ ਰੰਗੇ[88] ਹੋਏ ਹਨ ।
ਸਾਕਤ[91] ਸਚੁ[92] ਨ ਭਾਵਈ ਕੂੜੇ[93] ਕੂੜੀ[94] ਪਾਂਇ[95] ॥	The mammon-worshipper[91] likes not Truthfulness[92]. False[94] is the foundation[95] of the false[93].	ਮਾਇਆ ਦੇ ਉਪਾਸ਼ਕ[91] ਨੂੰ ਸੱਚਾਈ[92] ਚੰਗੀ ਨਹੀਂ ਲਗਦੀ । ਝੂਠਿਆਂ[93] ਦੀ ਬੁਨਿਆਦ[95] ਝੂਠੀ[94] ਹੀ ਹੁੰਦੀ ਹੈ ।

ਸਚਿ[96] ਰਤੇ[97] ਗੁਰਿ ਮੇਲਿਐ[98] ਸਚੇ[99] ਸਚਿ[100] ਸਮਾਇ[2] ॥੩॥	Being tinctured[97] with Truth[96], one meets[98] the Guru. The true persons[99] are absorbed[2] in the True Lord[100].	ਸੱਚ[96] ਨਾਲ ਰੰਗੀਜਣ[97] ਦੁਆਰਾ ਬੰਦਾ ਗੁਰਾਂ ਨੂੰ ਮਿਲ[98] ਪੈਂਦਾ ਹੈ । ਸੱਚੇ[99] ਪੁਰਸ਼ ਸੱਚੇ ਸੁਆਮੀ[100] ਅੰਦਰ ਲੀਨ[2] ਹੋ ਜਾਂਦੇ ਹਨ ।
ਮਨ[3] ਮਹਿ[4] ਮਾਣਕੁ[5] ਲਾਲੁ[6] ਨਾਮੁ[7] ਰਤਨੁ[8] ਪਦਾਰਥੁ[9] ਹੀਰੁ[10] ॥	In[4] the mind[3] are emerald[5], rubbies[6], pearls[8], valuables[9], and jewels[10] of God's Name[7].	ਚਿੱਤ[3] ਵਿਚ[4] ਵਾਹਿਗੁਰੂ ਦੇ ਨਾਮ[7] ਦੀਆਂ ਮਣੀਆਂ[5] ਜਵੇਹਰ[6], ਮੋਤੀ[8], ਵਡਮੁੱਲੇ ਵੱਖਰ[9] ਤੇ ਸਬਜ਼ੇ-ਪੰਨੇ[10] ਹਨ ।
ਸਚੁ ਵਖਰੁ[11] ਧਨੁ[12] ਨਾਮੁ ਹੈ ਘਟਿ ਘਟਿ[13] ਗਹਿਰ[14] ਗੰਭੀਰੁ[15] ॥	The True merchandise[11] and wealth[12] is the Name of the infinitely[15] deep[14] Lord, who permeates all the hearts[13].	ਸੱਚਾ ਸੌਦਾ-ਸੂਤ[11] ਤੇ ਮਾਲਧਨ[12] ਬੇਅੰਤ[15] ਡੂੰਘੇ[14] ਸਾਹਿਬ, ਜੋ ਸਾਰਿਆਂ ਦਿਲਾਂ[13] ਅੰਦਰ ਰਮਿਆ ਹੋਇਆ ਹੈ, ਦਾ ਨਾਮ ਹੈ ।
ਨਾਨਕ ਗੁਰਮੁਖਿ[16] ਪਾਈਐ[17] ਦਇਆ[18] ਕਰੇ[20] ਹਰਿ ਹੀਰੁ[19] ॥੪॥੨੧॥	Nanak, were God, the Gem[19], to show[20] favour[18], He is obtained[17] through the Exalted Guru[16].	ਨਾਨਕ, ਜੇਕਰ ਵਾਹਿਗੁਰੂ ਹੀਰਾ[19] ਆਪਣੀ ਮਿਹਰ[18] ਧਾਰੇ[20], ਤਾਂ ਉਹ ਮੁਖੀ ਗੁਰਾਂ[16] ਦੇ ਰਾਹੀਂ ਪਰਾਪਤ[17] ਹੁੰਦਾ ਹੈ ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ; ਪਹਿਲੀ ਪਾਤਸ਼ਾਹੀ ।
ਭਰਮੈ[21] ਭਾਹਿ[22] ਨ ਵਿਝਵੈ[23] ਜੇ[24] ਭਵੈ[25] ਦਿਸੰਤਰ[26] ਦੇਸੁ[27] ॥	The fire[22] of doubt[21] extinguishes[23] not, even though[24] man may wander[25] in foreign lands[26] and countries[27].	ਭਾਵੇਂ[24] ਆਦਮੀ ਪ੍ਰਦੇਸਾਂ[26] ਅਤੇ ਮੁਲਕਾਂ[27] ਦਾ ਚੱਕਰ ਪਿਆ[25] ਕੱਟੇ, ਉਸ ਦੀ ਵਹਿਮ[21] ਦੀ ਅੱਗ[22] ਨਹੀਂ ਬੁਝਦੀ[23] ।
ਅੰਤਰਿ[28] ਮੈਲੁ[29] ਨ ਉਤਰੈ[30] ਧ੍ਰਿਗੁ[31] ਜੀਵਣੁ[32] ਧ੍ਰਿਗੁ ਵੇਸੁ[33] ॥	Accursed[31] is the life[32] and doomed the religious garb[33] of him, whose heart's[28] filth[29] is not removed[30].	ਭ੍ਰਸ਼ਟ[31] ਹੈ ਜਿੰਦਗੀ[32] ਤੇ ਲਾਹਨਤ ਮਾਰੀ ਹੈ ਉਸ ਦੀ ਧਾਰਮਕ ਪੁਸ਼ਾਕ[33], ਜਿਸ ਦੇ ਦਿਲ[28] ਦੀ ਪਲੀਤੀ[29] ਦੂਰ[30] ਨਹੀਂ ਹੋਈ।
ਹੋਰੁ ਕਿਤੈ[34] ਭਗਤਿ[35] ਨ ਹੋਵਈ ਬਿਨੁ[36] ਸਤਿਗੁਰ ਕੇ ਉਪਦੇਸ[37] ॥੧॥	Except[36] through the True Guru's instruction[37], there is no other[34] way to perform Lord's devotional service[35].	ਸੱਚੇ ਗੁਰਾਂ ਦੀ ਸਿੱਖਿਆ[37] ਦੇ ਬਗੈਰ[36] ਹੋਰ ਕੋਈ[34] ਰਸਤਾ ਸੁਆਮੀ ਦੀ ਪ੍ਰੇਮ-ਮਈ ਸੇਵਾ[35] ਕਰਨ ਦਾ ਨਹੀਂ ।
ਮਨ[38] ਰੇ[39] ਗੁਰਮੁਖਿ[40] ਅਗਨਿ[41] ਨਿਵਾਰਿ[42] ॥	O'[39] my Soul[38] ! extinguish[42] the fire[41] through the Guru[40].	ਹੇ[39] ਮੇਰੀ ਜਿੰਦੇ[38] ! ਗੁਰਾਂ ਦੇ ਰਾਹੀਂ[40] ਆਪਣੀ ਅੱਗ[41] ਨੂੰ ਬੁਝਾ[42] ।
ਗੁਰ ਕਾ ਕਹਿਆ[43] ਮਨਿ ਵਸੈ[44] ਹਉਮੈ[45] ਤ੍ਰਿਸਨਾ[46] ਮਾਰਿ[47] ॥੧॥ਰਹਾਉ ॥	Abide[44] by Guru's word[43] within thy mind and still[47] thy ego[45] and desire[46]. Pause.	ਗੁਰਾਂ ਦੇ ਬਚਨ[43] ਨੂੰ ਆਪਣੇ ਚਿੱਤ ਅੰਦਰ ਟਿਕਾ[44] ਅਤੇ ਆਪਣੀ ਹੰਗਤਾ[45] ਤੇ ਖ਼ਾਹਿਸ਼[46] ਨੂੰ ਨਵਿਰਤ[47] ਕਰ । ਠਹਿਰਾਉ ।
ਮਨੁ[48] ਮਾਣਕੁ[49] ਨਿਰਮੋਲੁ[50] ਹੈ ਰਾਮ ਨਾਮਿ[51] ਪਤਿ[52] ਪਾਇ[53] ॥	The mind[48] jewel[49] is priceless[50], but it is through Lord's[51] Name that it attains[53] honour[52].	ਚਿੱਤ[48] ਜਵੇਹਰ[49] ਅਮੋਲਕ[50] ਹੈ, ਪਰ ਸਾਹਿਬ[51] ਦੇ ਨਾਮ ਰਾਹੀਂ ਹੀ ਇੱਜ਼ਤ[52] ਪਾਉਂਦਾ[53] ਹੈ ।

ਮਿਲਿ[54] ਸਤਸੰਗਤਿ[55] ਹਰਿ ਪਾਈਐ[56] ਗੁਰਮੁਖਿ[57] ਹਰਿ ਲਿਵ[58] ਲਾਇ[59] ॥	By Guru's grace[57], embrace[59] love[58] for God and by associating[54] with the true congregation[55], obtain[56] the Lord.	ਗੁਰਾਂ ਦੀ ਦਇਆ[57] ਦੁਆਰਾ ਵਾਹਿਗੁਰੂ ਨਾਲ ਪਿਆਰ[58] ਪਾ[59] ਅਤੇ ਸੱਚੀ[55] ਸੰਗਤ ਨਾਲ ਜੁੜ[54] ਕੇ ਪ੍ਰਭੂ ਨੂੰ ਪਰਾਪਤ[56] ਹੋ ।
ਆਪੁ[60] ਗਇਆ[61] ਸੁਖੁ[62] ਪਾਇਆ ਮਿਲ[63] ਸਲਲੈ[64] ਸਲਲ ਸਮਾਇ[65] ॥੨॥	By erasing[61] self-conceit[60] man attains[62] peace, and like water[64] merging[63] with water, blends[65] (with the Lord).	ਸਵੈ-ਹੰਗਤਾ[60] ਨੂੰ ਮੇਸਣ[61] ਦੁਆਰਾ ਬੰਦਾ ਆਰਾਮ[62] ਪਾ ਲੈਂਦਾ ਹੈ ਅਤੇ ਪਾਣੀ[64] ਦੇ ਪਾਣੀ ਨਾਲ ਰਲ ਜਾਣ[63] ਦੀ ਤਰ੍ਹਾਂ (ਸਾਈਂ ਵਿਚ) ਲੀਨ[65] ਹੋ ਜਾਂਦਾ ਹੈ ।
ਜਿਨਿ[66] ਹਰਿ ਹਰਿ[67] ਨਾਮੁ ਨ ਚੇਤਿਓ[68] ਸੁ[69] ਅਉਗੁਣਿ[70] ਆਵੈ ਜਾਇ[71] ॥	Those[66], who have not contemplated[68] over the Name of Lord[67] God, they[69] are without merits[70] and continue coming and going[71].	ਜਿਨ੍ਹਾਂ[66] ਨੇ ਵਾਹਿਗੁਰੂ ਸੁਆਮੀ[67] ਦੇ ਨਾਮ ਦਾ ਸਿਮਰਨ[68] ਨਹੀਂ ਕੀਤਾ ਉਹ[69] ਨੇਕੀਆਂ-ਵਿਹੂਣ[70] ਹਨ, ਆਉਂਦੇ ਤੇ ਜਾਂਦੇ[71] ਹੀ ਰਹਿੰਦੇ ਹਨ ।
ਜਿਸੁ ਸਤਗੁਰੁ ਪੁਰਖੁ[72] ਨ ਭੇਟਿਓ[73] ਸੁ [74]ਭਉਜਲਿ[75] ਪਚੈ ਪਚਾਇ[76] ॥	He, who has not met[73] the Divine[72] True Guru, bothers and suffers[76] in the terrible[74] life-ocean[75].	ਜੋ ਰੱਬ ਰੂਪ[72] ਸੱਚੇ ਗੁਰਾਂ ਨੂੰ ਨਹੀਂ ਮਿਲਿਆ[73], ਉਹ ਡਰਾਉਣੇ[74] ਜੀਵਨ ਸਮੁੰਦਰ[75] ਵਿਚ ਖ਼ਰਾਬ ਤੇ ਦੁਖੀ[76] ਹੁੰਦਾ ਹੈ ।
ਇਹੁ ਮਾਣਕੁ[77] ਜੀਉ[78] ਨਿਰਮੋਲੁ[79] ਹੈ ਇਉ[80] ਕਉਡੀ[81] ਬਦਲੈ[82] ਜਾਇ[83] ॥ ੩ ॥	This soul[78] jewel[77] is priceless[79]. In this way[80] it is being lost[83] in exchange[82] for a shell[81].	ਇਹ ਹੀਰਾ[77] ਆਤਮਾ[78] ਅਮੋਲਕ[79] ਹੈ । ਇਸ ਤਰ੍ਹਾਂ[80] ਇਹ ਇਕ ਕੌਡੀ[81] ਦੇ ਵਟਾਂਦਰੇ[82] ਵਿਚ ਹਥੋਂ ਨਿਕਲ[83] ਰਹੀ ਹੈ ।
ਜਿੰਨਾ ਸਤਗੁਰੁ ਰਸਿ[84] ਮਿਲੈ[85] ਸੇ[86] ਪੂਰੇ[87] ਪੁਰਖ[88] ਸੁਜਾਣ[89] ॥	Whom the True Guru joyfully[84] meets[85], they[86] are the perfectly[87] wise[89] persons[88].	ਜਿਨ੍ਹਾਂ ਨੂੰ ਸੱਚਾ ਗੁਰੂ ਖ਼ੁਸ਼[84] ਹੋ ਕੇ ਭੇਟਦਾ[85] ਹੈ, ਉਹ[86] ਪੂਰਨ[87] ਸਿਆਣੇ[89] ਪੁਰਸ਼[88] ਹਨ ।
ਗੁਰ ਮਿਲਿ[90] [91]ਭਉਜਲੁ[92] ਲੰਘੀਐ[93] ਦਰਗਹ[94] ਪਤਿ[95] ਪਰਵਾਣੁ[96] ॥	By meeting[90] the Guru, the terrible[91] world-ocean[92] is crossed[93] and man's honour[95] becomes accceptable[96] in God's Court[94].	ਗੁਰਾਂ ਨੂੰ ਭੇਟਣ[90] ਦੁਆਰਾ ਭਿਆਨਕ[91] ਸੰਸਾਰ-ਸਮੁੰਦਰ[92] ਤੋਂ ਪਾਰ ਹੋ ਜਾਈਦਾ[93] ਹੈ ਅਤੇ ਇਨਸਾਨ ਦੀ ਇਜ਼ਤ[95] ਹਰੀ ਦੇ ਦਰਬਾਰ[94] ਵਿਚ ਕਬੂਲ[96] ਪੈ ਜਾਂਦੀ ਹੈ ।
ਨਾਨਕ[97] ਤੇ ਮੁਖ[98] ਉਜਲੇ[99] ਧੁਨਿ[100] ਉਪਜੈ[2] ਸਬਦੁ[3] ਨੀਸਾਣੁ[4]॥੪॥੨੨॥	O' Nanak ! bright[99] are the faces[98] of those[97] within whose mind the music[100] of Gurbani[3] is apparently[4] struck[2].	ਹੇ ਨਾਨਕ ! ਰੌਸ਼ਨ[99] ਹਨ ਚਿਹਰੇ[98] ਉਨ੍ਹਾਂ[97] ਦੇ, ਜਿਨ੍ਹਾਂ ਦੇ ਅੰਤਰ ਆਤਮੇ ਅਨਹਦ ਬਾਣੀ[3] ਦਾ ਕੀਰਤਨ[100] ਪਰਗਟ[4] ਹੁੰਦਾ[2] ਹੈ ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਵਣਜੁ[7] ਕਰਹੁ ਵਣਜਾਰਿਹੋ[5] ਵਖਰੁ[6] ਲੇਹੁ ਸਮਾਲਿ ॥[8]	O' traders[5] ! strike the bargain[7], and take care[8] of (the True)merchandise[6].	ਹੇ ਸੁਦਾਗਰੋ[5] ! ਸੁਦਾਗਰੀ[7] ਕਰੋ, ਅਤੇ (ਸੱਚੇ) ਸੌਦੇ-ਸੂਤ[6] ਨੂੰ ਸੰਭਾਲੋ[8] ।

ਤੈਸੀ[9] ਵਸਤੁ[10]ਵਿਸਾਹੀਐ[11] ਜੈਸੀ[12] ਨਿਬਹੈ ਨਾਲਿ[13] ॥	Purchase[11] such[9] goods[10] as[12] may last with[13] thee.	ਇਹੋ ਜੇਹਾ[9] ਸੌਦਾ[10] ਖ਼ਰੀਦ[11] ਜੇਹੋ ਜੇਹਾ[12] ਕਿ ਤੇਰਾ ਸਾਥ[13] ਦੇਵੇ ।
ਅਗੈ[14] ਸਾਹੁ[15] ਸੁਜਾਣੁ[16] ਹੈ ਲੈਸੀ[17] ਵਸਤੁ[18] ਸਮਾਲਿ[19] ॥੧॥	In the next world[14] the wise[16] Merchant[15] will take[17] and preserve[19] the genuine article[18].	ਅਗਲੇ ਜਹਾਨ[14] ਵਿਚ ਸਿਆਣਾ[16] ਵਣਜਾਰਾ[15] ਅਸਲੀ ਸ਼ੈ[18] ਨੂੰ ਲੈ[17] ਕੇ ਸੰਭਾਲ[19] ਲਵੇਗਾ ।
ਭਾਈ ਰੇ[20] ਰਾਮੁ[21] ਕਹਹੁ[22] ਚਿਤੁ[23] ਲਾਇ[24] ॥	O' Brother[20] ! repeat[22] God's Name[21] by fixing[24] thy attention[23].	ਹੇ ਭਰਾ[20] ! ਆਪਣੀ ਬ੍ਰਿਤੀ[23] ਜੋੜ[24] ਕੇ ਹਰੀ ਦੇ ਨਾਮ[21] ਦਾ ਉਚਾਰਣ[22] ਕਰ ।
ਹਰਿਜਸੁ[25] ਵਖਰੁ[26] ਲੈ[27] ਚਲਹੁ[28] ਸਹੁ[29] ਦੇਖੈ[30] ਪਤੀਆਇ[31] ॥ ੧ ॥ ਰਹਾਉ ॥	Take[27] and depart[28] with the merchandise[26] of God's praises[25]. The Spouse[29] shall view[30] and be satisfied[31] with it. Pause.	ਵਾਹਿਗੁਰੂ ਦੀ ਸਿਫ਼ਤ[25] ਸ਼ਲਾਘਾ ਦਾ ਸੌਦਾ[26] ਲੈ ਕੇ[27] ਟੁਰ[28] । ਕੰਤ[29] ਇਸ ਨੂੰ ਵੇਖ[30] ਕੇ ਪਤੀਜ[31] ਜਾਵੇਗਾ । ਠਹਿਰਾਉ ।
੨੩	23	੨੩
ਜਿਨਾ ਰਾਸਿ[32] ਨ ਸਚੁ[33] ਹੈ ਕਿਉ[34] ਤਿਨਾ[35] ਸੁਖੁ[36] ਹੋਇ ॥	Who have not the capital[32] of righteousness[33], how[34] shall they[35] find peace[36] ?	ਜਿਨ੍ਹਾਂ ਦੇ ਕੋਲ ਸਚਾਈ[33] ਦੀ ਪੂੰਜੀ[32] ਨਹੀਂ, ਉਹ[35] ਆਰਾਮ[36] ਕਿਸ ਤਰ੍ਹਾਂ[34] ਪਾਉਣਗੇ ?
ਖੋਟੈ[37]ਵਣਜਿ[38] ਵਣੰਜਿਐ[39] ਮਨੁ[40] ਤਨੁ[41] ਖੋਟਾ ਹੋਇ ॥	By dealing in[39] false[37] trade[38], soul[40] and body[41] become false.	ਕੂੜੇ[37] ਵਪਾਰ[38] ਦਾ ਵਪਾਰ ਕਰਨ[39] ਦੁਆਰਾ, ਆਤਮਾ[40] ਤੇ ਦੇਹਿ[41] ਕੂੜੇ ਹੋ ਜਾਂਦੇ ਹਨ ।
ਫਾਹੀ[42] ਫਾਥੇ[43] ਮਿਰਗ[44] ਜਿਉ[45] ਦੂਖੁ[46] ਘਣੋ[47] ਨਿਤ[48] ਰੋਇ[49] ॥ ੨ ॥	Like[45] the deer[44] ensnared[43] in a snare[42], they come to great[47] grief[46] and ever[48] bewail[49].	ਫੰਧੇ[42] ਵਿਚ ਫਸੇ[43] ਹੋਏ ਹਰਣ[44] ਦੀ ਤਰ੍ਹਾਂ[45] ਉਹ ਘਨੇਰਾ[47] ਕਸ਼ਟ[46] ਪਾਉਂਦੇ ਹਨ ਅਤੇ ਸਦਾ[48] ਹੀ ਵਿਰਲਾਪ ਕਰਦੇ[49] ਹਨ ।
ਖੋਟੇ[50] ਪੋਤੈ[51] ਨ ਪਵਹਿ[52] ਤਿਨ[53] ਹਰਿ ਗੁਰ[54] ਦਰਸੁ[55] ਨ ਹੋਇ ॥	The counterfeit[50] are not consigned[52] to the divine treasury[51]. They[53] obtain not the sight[55] of the great God[54].	ਜਾਹਲੀ[50] ਈਸ਼ਵਰੀ-ਖ਼ਜ਼ਾਨੇ[51] ਅੰਦਰ ਨਹੀਂ ਪੈਂਦੇ[52], ਉਨ੍ਹਾਂ[53] ਨੂੰ ਵੱਡੇ ਵਾਹਿਗੁਰੂ[54] ਦਾ ਦੀਦਾਰ[55] ਪਰਾਪਤ ਨਹੀਂ ਹੁੰਦਾ ।
ਖੋਟੇ[56] ਜਾਤਿ[57] ਨ ਪਤਿ[58] ਹੈ ਖੋਟਿ ਨ ਸੀਝਸਿ[59] ਕੋਇ ॥	The false one[56] has no caste[57] and honour[58]. No one succeeds[59] through falsehood.	ਕੂੜੇ ਪੁਰਸ਼[56] ਦੀ ਕੋਈ ਜਾਤੀ[57] ਤੇ ਇਜ਼ਤ[58] ਨਹੀਂ । ਕੂੜ ਦੇ ਰਾਹੀਂ ਕੋਈ ਜਣਾ ਕਾਮਯਾਬ[59] ਨਹੀਂ ਹੁੰਦਾ ।
ਖੋਟੇ ਖੋਟੁ[64] ਕਮਾਵਣਾ[60] ਆਇ ਗਇਆ[61] ਪਤਿ[62] ਖੋਇ[63] ॥ ੩ ॥	The untrue mortal practises[60] untruth[64] and loses[63] his honour[62] in transmigration[61].	ਝੂਠਾ ਪ੍ਰਾਣੀ ਝੂਠ[64] ਦੀ ਕਿਰਤ ਕਰਦਾ[60] ਹੈ ਅਤੇ ਆਵਾਗਉਣ[61] ਅੰਦਰ ਆਪਣੀ ਇੱਜ਼ਤ ਆਬਰੂ[62] ਗੁਆ ਲੈਂਦਾ[63] ਹੈ ।
ਨਾਨਕ ਮਨੁ[64]* ਸਮਝਾਈਐ[65] ਗੁਰ ਕੈ ਸਬਦਿ[66] ਸਾਲਾਹ[67] ॥	O' Nanak ! by Guru's instruction[66] and counsel[67] instruct[65] thy mind[64]*.	ਹੇ ਨਾਨਕ ! ਗੁਰਾਂ ਦੇ ਉਪਦੇਸ਼[66] ਅਤੇ ਸਲਾਹ-ਮਸ਼ਵਰੇ[67] ਦੁਆਰਾ ਆਪਣੇ ਮਨੂਏ[64]* ਨੂੰ ਸਿੱਖ-ਮੱਤ[65] ਦੇ ।

ਰਾਮ[68] ਨਾਮ ਰੰਗਿ[69] ਰਤਿਆ[70] ਭਾਰੁ[71] ਨ ਭਰਮੁ[72] ਤਿਨਾਹ[73] ॥	Those[73], who are imbued[70] with the love[69] of the Name of Pervading Lord[68], have no load[71] of sin and no scepticism[72].	ਜਿਹੜੇ ਵਿਆਪਕ[68] ਪ੍ਰਭੂ ਦੇ ਨਾਮ ਦੀ ਪ੍ਰੀਤ[69] ਨਾਲ ਰੰਗੀਜੇ[70] ਹਨ, ਉਨ੍ਹਾਂ[73] ਨੂੰ ਨਾ ਹੀ ਪਾਪਾਂ ਦਾ ਬੋਝ[71] ਹੁੰਦਾ ਹੈ ਅਤੇ ਨਾ ਹੀ ਸੰਦੇਹ[72] ।
ਹਰਿ ਜਪਿ[74] ਲਾਹਾ[75] ਅਗਲਾ[76] ਨਿਰਭਉ[77] ਹਰਿ ਮਨ[78] ਮਾਹ[79] ॥੪॥੨੩॥	Those, in[79] whose heart[78] God abides, are dauntless[77] and by meditating[74] on God, they earn a great[76] gain[75].	ਜਿਨ੍ਹਾਂ ਦੇ ਦਿਲ[78] ਵਿਚ[79] ਵਾਹਿਗੁਰੂ ਵੱਸਦਾ ਹੈ, ਉਹ ਭੈ-ਰਹਿਤ[77] ਹਨ ਅਤੇ ਵਾਹਿਗੁਰੂ ਦਾ ਆਰਾਧਨ[74] ਕਰਨ ਦੁਆਰਾ ਉਹ ਭਾਰਾ[76] ਨਫ਼ਾ[75] ਕਮਾਉਂਦੇ ਹਨ ।
ਸਿਰੀ ਰਾਗੁ ਮਹਲਾ ੧ ਘਰੁ ੨॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਧਨੁ[80] ਜੋਬਨੁ[81] ਅਰੁ[82] ਫੁਲੜਾ[83] ਨਾਠੀਅੜੇ[84] ਦਿਨ ਚਾਰਿ[85] ॥	Wealth[80], youth[81], and[82] flowers[83] are guests[84] only for four days[85].	ਦੌਲਤ[80], ਜੁਆਨੀ[81], ਅਤੇ[82] ਫੁਲ[83] ਕੇਵਲ ਚਹੁੰ ਦਿਹਾੜਿਆਂ[85] ਦੇ ਪ੍ਰਾਹੁਣੇ[84] ਹਨ ।
ਪਬਣਿ[86] ਕੇਰੇ[87] ਪਤ[88] ਜਿਉ[89] ਢਲਿ[90] ਢੁਲਿ[91] ਜੁੰਮਣਹਾਰ[92] ॥੧॥	Like[89] the leaves[88] of[87] water lily[86], they whither[90], fade[91] (and finally) die away[92].	ਚੁਪਤੀ[86] ਦੇ[87] ਪੱਤਿਆਂ[88] ਵਾਂਙੂ[89] ਉਹ ਮੁਰਝਾ[90], ਸੁਕ-ਸੜ[91] (ਤੇ ਆਖਰ) ਨਾਸ[92] ਹੋ ਜਾਂਦੇ ਹਨ ।
ਰੰਗੁ[93] ਮਾਣਿ[94] ਲੈ ਪਿਆਰਿਆ[95] ਜਾ[96] ਜੋਬਨੁ[97] ਨਉ[98] ਹੁਲਾ[99] ॥	Enjoy[94] Lord's love[93], O' dear[95] one ! so long as[96] thou hast bouyant[99] fresh[98] youth[97].	ਪ੍ਰਭੂ ਦੀ ਪ੍ਰੀਤ[93] ਦਾ ਅਨੰਦ[94] ਲੈ, ਹੇ ਪ੍ਰੀਤਮ[95] ! ਜਦ ਤੋੜੀ[96] ਤੇਰੀ ਹੁਲਾਰੇ[99] ਵਾਲੀ ਨਵੀਂ[98] ਜੁਆਨੀ[97] ਹੈ ।
ਦਿਨ ਥੋੜੜੇ[100] ਥਕੇ[2] ਭਇਆ ਪੁਰਾਣਾ[3] ਚੋਲਾ[4] ॥ ੧ ॥ ਰਹਾਉ ॥	Few[100] are thine days, thou hast grown weary[2] and thy body vesture[4] has grown old[3]. Pause.	ਤੇਰੇ ਦਿਨ ਬਹੁਤ[100] ਘਟ ਹਨ, ਤੂੰ ਹਾਰ ਹੁੱਟ[2] ਗਿਆ ਹੈਂ ਅਤੇ ਤੇਰੀ ਦੇਹਿ ਪੁਸ਼ਾਕ[4] ਬਿਰਧ[3] ਹੋ ਗਈ ਹੈ । ਠਹਿਰਾਉ ।
ਸਜਣ[5] ਮੇਰੇ ਰੰਗੁਲੇ[6] ਜਾਇ ਸੁਤੇ[7] ਜੀਰਾਣਿ[8] ॥	My sportful[6] friend[5] has gone to sleep[7] in the graveyard[8].	ਮੇਰੇ ਖਿਲੰਦੜੇ[6] ਮਿੱਤ੍ਰ[5] ਜਾ ਕੇ ਕਬਰਸਤਾਨ[8] ਵਿਚ ਸੌਂ ਗਏ[7] ਹਨ ।
[9]ਹੰਭੀ[10] ਵੰਞਾ[11] ਡੁਮਣੀ[12] ਰੋਵਾ[13] ਝੀਣੀ[14] ਬਾਣਿ[15] ॥ ੨ ॥	I[9], double minded[12], too[10] shall depart[11] and weep[13] with a feeble[14] voice[15].	ਮੈਂ[9] ਦੁਚਿੱਤੀ[12] ਹੀ[10] ਟੁਰ[11] ਜਾਵਾਂਗੀ ਅਤੇ ਧੀਮੀ[14] ਆਵਾਜ਼[15] ਨਾਲ ਰੋਵਾਂਗੀ[13] ।
ਕੀ[16] ਨ ਸੁਣੇਹੀ[17] ਗੋਰੀਏ[18] ਆਪਣ ਕੰਨੀ[19] ਸੋਇ[20] ॥	Within thine ears[17], O' my fair-coloured[18] soul ! why[16] thou hearest[19] not this fact[20] ?	ਆਪਣਿਆਂ ਕੰਨਾਂ[19] ਨਾਲ ਹੇ ਮੇਰੀ ਸੁਫ਼ੈਦ ਰੰਗ ਵਾਲੀਏ[18] ਰੂਹੇ ! ਤੂੰ ਕਿਉਂ[16] ਇਹ ਕਨਸੋ[20] ਨੂੰ ਸ੍ਰਵਣ[17] ਨਹੀਂ ਕਰਦੀ ?
ਲਗੀ ਆਵਹਿ[21] ਸਾਹੁਰੈ[22] ਨਿਤ[23] ਨ ਪੇਈਆ[24] ਹੋਇ ॥ ੩ ॥	Thou shalt go[21] to thy in-laws[22] and cannot stay with thy parents[24] for ever[23].	ਤੂੰ ਆਪਣੇ ਸਾਹੁਰੇ-ਘਰ[22] ਟੁਰ[21] ਜਾਵੇਂਗੀ ਅਤੇ ਸਦਾ ਲਈ[23] ਆਪਣੇ ਬਾਬਲ[24] ਦੇ ਘਰ ਨਹੀਂ ਰਹੇਂਗੀ ।

ਨਾਨਕ ਸੁਤੀ[25] ਪੇਈਐ[26] ਜਾਣੁ[27] ਵਿਰਤੀ[28] ਸੰਨਿ[29]॥	O' Nanak, know[27] that she, who is asleep[25] in her parent's home[26], is burgled[29] in broad-day[28] light.	ਹੇ ਨਾਨਕ! ਸਮਝ[27] ਲੈ ਕਿ ਜਿਹੜੀ ਆਪਣੇ ਪੇਕੇ ਘਰ[26] ਵਿਚ ਸੁੱਤੀ[25] ਪਈ ਹੈ, ਉਸ ਨੂੰ ਦਿਨ-ਦਿਹਾੜੇ[28] ਪਾੜ[29] ਲੱਗ ਗਿਆ ਹੈ।
ਗੁਣਾ[30] ਗਵਾਈ[31] ਗੰਠੜੀ[32] ਅਵਗਣ[33] ਚਲੀ[34] ਬੰਨਿ[35] ॥੪॥੨੪॥	She is departing[34] after having lost[31] her bundle[32] of merits[30] and has tied[35] one of demerits[33].	ਉਸ ਨੇ ਨੇਕੀਆਂ[30] ਦੀ ਗੰਢ[32] ਗੁਆ[31] ਲਈ ਹੈ, ਬਦੀਆਂ[33] ਦੀ ਬੰਨ੍ਹ ਲਈ[35] ਹੈ ਅਤੇ ਟੁਰ[34] ਚਲੀ ਹੈ।
ਸਿਰੀ ਰਾਗੁ ਮਹਲਾ ੧ ਘਰੁ ਦੂਜਾ ੨ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਆਪੇ[36] ਰਸੀਆ[37] ਆਪਿ ਰਸੁ[38] ਆਪੇ ਰਾਵਣਹਾਰੁ[39] ॥	Lord Himself[36] is the Relisher[37], Himself the Relish[38], and Himself the Enjoyer[39].	ਪ੍ਰਭੂ ਖੁਦ[36] ਸੁਆਦ[37] ਲੈਣ ਵਾਲਾ ਹੈ, ਖੁਦ ਹੀ ਸੁਆਦ[38], ਅਤੇ ਖੁਦ ਹੀ ਭੋਗਣ ਵਾਲਾ[39]।
ਆਪੇ ਹੋਵੈ ਚੋਲੜਾ[40] ਆਪੇ ਸੇਜ[41] ਭਤਾਰੁ[42] ॥੧॥	He Himself is the Vesture[40] (bride) and Himself the Couch[41] and Bridegroom[42].	ਉਹ ਆਪ ਚੋਲੀ[40] (ਪਤਨੀ) ਹੈ ਅਤੇ ਆਪ ਹੀ ਪਲੰਘ[41] ਤੇ ਪਤੀ[42]।
ਰੰਗਿ[43] ਰਤਾ[44] ਮੇਰਾ ਸਾਹਿਬੁ ਰਵਿ ਰਹਿਆ[45] ਭਰਪੂਰਿ[46] ॥੧॥ਰਹਾਉ॥	My Master is dyed[44] with love[43] and is fully[46] pervading[45] every where. Pause.	ਮੇਰਾ ਮਾਲਕ ਪ੍ਰੀਤ[43] ਨਾਲ ਰੰਗੀਜਿਆ[44] ਹੋਇਆ ਹੈ ਅਤੇ ਹਰ ਥਾਂ ਪਰੀ-ਪੂਰਨ[46] ਹੋ ਸਮਾ[45] ਰਿਹਾ ਹੈ। ਠਹਿਰਾਉ।
ਆਪੇ ਮਾਛੀ[47] ਮਛੁਲੀ[48] ਆਪੇ ਪਾਣੀ[49] ਜਾਲੁ[50] ॥	He Himself is the fisherman[47] and the fish[48] and Himself the water[49] and the net[50].	ਉਹ ਆਪ ਹੀ ਮਾਹੀਗੀਰ[47] ਤੇ ਮੱਛੀ[48] ਹੈ ਤੇ ਆਪ ਹੀ ਜਲ[49] ਤੇ ਫੰਧਾ[50]।
ਆਪੇ ਜਾਲ ਮਣਕੜਾ[51] ਆਪੇ ਅੰਦਰਿ[52] ਲਾਲੁ[53] ॥ ੨ ॥	He Himself is the metal ball[51] of the net and Himself the bait[53] within[52].	ਉਹ ਖ਼ੁਦ ਫੰਧੇ ਦਾ ਧਾਤ ਦਾ ਮਣਕਾ[51] ਹੈ ਅਤੇ ਖ਼ੁਦ ਹੀ ਉਸ ਦੇ ਵਿਚਲੀ[52] ਕੁੰਡੀ[53]।
ਆਪੇ ਬਹੁ ਬਿਧਿ[54] ਰੰਗਲਾ[55] ਸਖੀਏ[56] ਮੇਰਾ ਲਾਲੁ[57] ॥	My maid[56] ! my Beloved[57] is in every way[54] playful[55].	ਮੇਰੀ ਸਹੇਲੀਏ[56] ! ਮੇਰਾ ਪ੍ਰੀਤਮ[57] ਹਰ ਤਰ੍ਹਾਂ[54] ਨਾਲ ਖਿਲੰਦੜਾ[55] ਹੈ।
ਨਿਤ[58] ਰਵੈ[59] ਸੋਹਾਗਣੀ[60] ਦੇਖੁ[61] ਹਮਾਰਾ[62] ਹਾਲੁ[63] ॥੩॥	He ever[58] enjoys[59] the virtuous wife[60]. Behold[61] my[62] plight[63] (away from Him.)	ਉਹ ਸਦਾ[58] ਹੀ ਪਵਿੱਤ੍ਰ ਪਤਨੀ[60] ਨੂੰ ਮਾਣਦਾ[59] ਹੈ। ਮੇਰੀ[62] ਦਸ਼ਾ[63] (ਜੋ ਉਸ ਤੋਂ ਦੂਰ ਹਾਂ) ਵਲ ਨਿਗ੍ਹਾ[61] ਕਰ।
ਪ੍ਰਣਵੈ[64] ਨਾਨਕੁ ਬੇਨਤੀ[65] ਤੂ ਸਰਵਰੁ[66] ਤੂ ਹੰਸੁ[67] ॥	Prays[64] Nanak, listen to my supplication[65]. Thou art the tank[66] and Thou the swan[67].	ਨਾਨਕ ਜੋਦੜੀ[64] ਕਰਦਾ ਹੈ, ਮੇਰੀ ਪ੍ਰਾਰਥਨਾ[65] ਸੁਣ। ਤੂੰ ਤਲਾਬ[66] ਹੈਂ ਅਤੇ ਤੂੰ ਹੀ ਰਾਜ-ਹੰਸ[67]।

ਕਉਲੁ[68] ਤੂ ਹੈ ਕਵੀਆ[69] ਤੂ ਹੈ ਆਪੇ ਵੇਖਿ[70] ਵਿਗਸੁ[71] ॥੪॥੨੫॥	Thou art the lotus[68] and Thou the water-lily[69]. Thou Thyself art pleased[71] on beholding[70] (them).	ਤੂੰ ਕੰਵਲ[68] ਹੈਂ ਅਤੇ ਤੂੰ ਹੀ ਕਵੀਆ[69] । (ਉਨ੍ਹਾਂ ਨੂੰ) ਵੇਖ[70] ਕੇ ਤੂੰ ਆਪ ਹੀ ਖੁਸ਼[71] ਹੁੰਦਾ ਹੈਂ ।
ਸਿਰੀ ਰਾਗੁ ਮਹਲਾ ੧ ਘਰੁ ੩ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਇਹੁ ਤਨੁ[72] ਧਰਤੀ[73] ਬੀਜੁ[74] ਕਰਮਾ[75] ਕਰੋ[76] ਸਲਿਲ[77] ਆਪਾਉ[78] ਸਾਰਿੰਗਪਾਣੀ[79] ॥	Make[76] this body[72] the field[73], good actions[75] the seed[74], and irrigate[78] it with the water[77] of the Name of God, the holder of earth in his hands[79].	ਇਸ ਦੇਹਿ[72] ਨੂੰ ਪੈਲੀ[73] ਤੇ ਚੰਗੇ ਅਮਲਾਂ[75] ਨੂੰ ਬੀ[74] ਬਣਾ[76], ਅਤੇ ਧਰਤੀ ਨੂੰ ਹੱਥਾਂ ਵਿਚ ਧਾਰਨ ਕਰਨ ਵਾਲੇ[79] ਵਾਹਿਗੁਰੂ ਦੇ ਨਾਮ ਦੇ ਪਾਣੀ[77] ਨਾਲ ਇਸ ਨੂੰ ਸਿੰਜ[78] ।
ਮਨੁ[80] ਕਿਰਸਾਣੁ[81] ਹਰਿ ਰਿਦੈ[82] ਜੰਮਾਇ[83] ਲੈ ਇਉ[84] ਪਾਵਸਿ[85] ਪਦੁ[86] ਨਿਰਬਾਣੀ[87] ॥੧॥	Make thy soul[80] the cultivator[81], God will germinate[83] in thy heart[82] and thou shalt, thus[84], obtain[85] the dignity[86] of emancipation[87].	ਆਪਣੀ ਆਤਮਾ[80] ਨੂੰ ਖੇਤੀ ਕਰਨ ਵਾਲਾ[81] ਬਣਾ । ਵਾਹਿਗੁਰੂ ਇਸ ਤਰ੍ਹਾਂ[84] ਤੇਰੇ ਦਿਲ[82] ਅੰਦਰ ਉਗਵ[83] ਪਏਗਾ ਅਤੇ ਤੂੰ ਮੋਖਸ਼[87] ਦਾ ਉਤਮ ਦਰਜਾ[86] ਪਾ ਲਵੇਂਗਾ[85] ।
ਕਾਹੇ[88] ਗਰਬਸਿ[89] ਮੂੜੇ[90] ਮਾਇਆ[91] ॥	O' Fool[90]! why[88] takest thou pride[89] on wealth[91]?	ਹੇ ਮੂਰਖ[90]! ਤੂੰ ਧਨ ਦੌਲਤ[91] ਦਾ ਕਿਉਂ[88] ਹੰਕਾਰ ਕਰਦਾ[89] ਹੈਂ ?
ਪਿਤ[92] ਸੁਤੋ[93] ਸਗਲ[94] ਕਾਲਤ੍ਰ[95] ਮਾਤਾ[96] ਤੇਰੇ[98] ਹੋਹਿ[97] ਨ ਅੰਤਿ[99] ਸਖਾਇਆ[100] ॥ ਰਹਾਉ ॥	Father[92], sons[93], wife[95], mother[96] and all other[94] (relations) become[97] not thy[98] helpers[100] in the end[99].	ਬਾਬਲ[92], ਪੁਤ੍ਰ[93], ਪਤਨੀ[95], ਅੰਮੜੀ[96] ਤੇ ਹੋਰ ਸਾਰੇ[94] (ਸਨਬੰਧੀ), ਅਖੀਰ[99] ਨੂੰ ਤੇਰੇ[98] ਸਹਾਇਕ[100] ਨਹੀਂ ਹੁੰਦੇ[97] ।
ਬਿਖੈ[2] ਬਿਕਾਰ[3] ਦੁਸਟ[4] ਕਿਰਪਾ ਕਰੇ[5] ਇਨ[6] ਤਜਿ[7] ਆਤਮੈ[8] ਹੋਇ[9] ਧਿਆਈ[10] ॥	Weed out[5] evil[4] wickednesses[2] and sins[3]. Leaving[7] these[6] and becoming[9] single-minded[8], meditate[10] (on the Lord).	ਮੰਦੇ[4] ਵੈਲਾਂ[2] ਤੇ ਪਾਪਾਂ[3] ਨੂੰ ਪੁਟ[5] ਛੱਡ । ਇਨ੍ਹਾਂ[6] ਨੂੰ ਛੱਡ[7] ਕੇ ਤੇ ਇਕਚਿੱਤ[8] ਹੋ[9] (ਸੁਆਮੀ ਦਾ) ਸਿਮਰਨ[10] ਕਰ ।
ਜਪੁ[11] ਤਪੁ[12] ਸੰਜਮੁ[13] ਹੋਹਿ[14] ਜਬ[15] ਰਾਖੇ[16] ਕਮਲੁ[17] ਬਿਗਸੈ[18] ਮਧੁ[19] ਆਸ੍ਰਮਾਈ[20] ॥ ੨ ॥	When[15] Lord's meditation[11], arduous service[12] and control of evil passions[13] become[14] guides[16], then does the heart-lotus[17] bloom[18] and honey[19] trickles[20].	ਜਦ[15] ਸਾਹਿਬ ਦਾ ਸਿਮਰਨ[11], ਕਰੜੀ ਘਾਲ[12] ਅਤੇ ਵਿਸ਼ੇ ਵੇਗਾਂ ਦੀ ਰੋਕ-ਥਾਮ[13] ਰਖਵਾਲੇ[16] ਹੋ ਜਾਂਦੇ[14] ਹਨ ਤਾਂ ਦਿਲ-ਕੰਵਲ[17] ਖਿੜ ਜਾਂਦਾ[18] ਹੈ ਤੇ ਸ਼ਹਿਤ[19] ਉਸ ਅੰਦਰ ਟਪਕਦਾ[20] ਹੈ ।
ਬੀਸ[21] ਸਪਤਾਹਰੋ[22] ਬਾਸਰੋ[23] ਸੰਗ੍ਰਹੈ[24] ਤੀਨਿ[25] ਖੋੜਾ[26] ਨਿਤ[27] ਕਾਲੁ[28] ਸਾਰੈ[29] ॥	Amass[24] (control) thy body, residing place[23] of twenty[21] seven elements[22], and ever[27] remember[29] death[28] in the three[25] caves (stages) of life[26].	ਵੀਹ[21] ਤੇ ਸੱਤ[22] ਤੱਤਾਂ ਦੇ ਵੱਸਣ ਦੀ ਥਾਂ[23] ਆਪਣੀ ਦੇਹਿ ਨੂੰ ਇਕੱਤ੍ਰ[24] (ਕਾਬੂ) ਕਰ ਤੇ ਜੀਵਨ ਦੀਆਂ ਤਿੰਨੇ[25] ਹੀ (ਦਸ਼ਾ) ਜਾਂ (ਕੰਦਰਾਂ[26]) ਅੰਦਰ ਮੌਤ[28] ਨੂੰ ਹਮੇਸ਼ਾਂ[27] ਚੇਤੇ ਰੱਖ[29] ।
ਦਸ[30] ਅਠਾਰ[31] ਮੈ[32]	Behold[34] the limitless[33] Lord	ਦਸਾਂ[30] ਹੀ ਪਾਸਿਆਂ ਅਤੇ ਅਠਾਰਾਂ[31] (ਭਾਵ ਬਨਾਸਪਤੀ)

ਅਪਰੰਪਰੋ[33] ਚੀਨੈ[34] ਕਹੈ[35] ਨਾਨਕੁ ਇਵ[36] ਏਕੁ[37] ਤਾਰੈ[38] ॥੩॥੨੬॥

in[32] ten[30] directions and eighteen[31] (loads of vegetation). Says[35] Nanak, like this[36] the One Master[37] shall save[38] thee.

N. B. (I) 27 elements ; 5 subtle, 5 manifest, 5 organs of preception, 5 organs of action, 5 life-breaths, one mind and one intellect.

N. B (II) 3 caves of life; childhood, youth and old age.

ਵਿਚ[32] ਹੱਦ-ਬੰਨਾ ਰਹਿਤ ਸੁਆਮੀ[33] ਨੂੰ ਵੇਖ[34] । ਨਾਨਕ ਜੀ ਫੁਰਮਾਉਂਦੇ[35] ਹਨ ਕਿ ਇਸ ਤਰ੍ਹਾਂ[36] ਇਕ ਮਾਲਕ[37] ਤੈਨੂੰ ਪਾਰ ਕਰ[38] ਦੇਵੇਗਾ !

ਨੋਟ—(੧)੨੭ ਤੱਤ—੫ ਸੂਖਮ, ੫ ਅਸਥੂਲ,੫ ਗਿਆਨ ਇੰਦ੍ਰੇ, ੫ ਕਰਮਇੰਦ੍ਰੇ, ੫ ਪ੍ਰਾਣ, ਇਕ ਮਨ ਤੇ ਇਕ ਬੁੱਧੀ ।

ਨੋਟ—(੨) ਜੀਵਨ ਦੀਆਂ ੩ ਗੁਫ਼ਾਂ—ਬਚਪਨ, ਜੁਆਨੀ ਤੇ ਬੁਢੇਪਾ ।

੨੪

ਸਿਰੀ ਰਾਗੁ ਮਹਲਾ ੧ ਘਰੁ ੩ ॥

ਅਮਲੁ[39] ਕਰਿ[40] ਧਰਤੀ[41] ਬੀਜੁ[42] ਸਬਦੋ[43] ਕਰਿ ਸਚ ਕੀ ਆਬ[44] ਨਿਤ[45] ਦੇਹਿ ਪਾਣੀ[46] ॥
ਹੋਇ[55] ਕਿਰਸਾਣੁ[47] ਈਮਾਨੁ[48] ਜੰਮਾਇ[49] ਲੈ ਭਿਸਤੁ[50] ਦੋਜਕੁ[51] ਮੂੜੇ[52] ਏਵ[53] ਜਾਣੀ[54] ॥੧॥
ਮਤੁ[56] ਜਾਣ[57] ਸਹਿ[58] ਗਲੀ[59] ਪਾਇਆ[60] ॥
ਮਾਲ[61] ਕੈ ਮਾਣੈ[62] ਰੂਪ[63] ਕੀ ਸੋਭਾ[64] ਇਤੁ[65] ਬਿਧੀ[66] ਜਨਮੁ[67] ਗਵਾਇਆ[68] ॥ ੧ ॥ ਰਹਾਉ ॥
ਐਬ[69] ਤਨਿ[70] ਚਿਕੜੋ[71] ਇਹੁ[72] ਮਨੁ[73] ਮੀਡਕੋ[74] ਕਮਲ[75] ਕੀ ਸਾਰ[76] ਨਹੀ ਮੂਲਿ[77] ਪਾਈ ॥
ਭਉਰੁ[78] ਉਸਤਾਦੁ[79] ਨਿਤ[80]

24

Sri Rag, First Guru.

Make[40] pious deeds[39] thy farm[41], Guru's Word[43] do thou make thy seed[42] and ever[45] irrigate[46] with the water[44] of truth.

Become[55] a husbandman[47] and thy faith[48] shall germinate[49]. O' fool[52] ! know[54] thus[53], thy paradise[50] and hell[51].

Deem[57] not[56] that the Spouse[58] is obtained[60] by mere words[59].

In the pride[62] of wealth[61] and the splendour[64] of beauty[63], in this[65] way[66] thou hast lost[68] thy life[67].

Pause.

The sin[69] of the body[70] is the puddle[71] and this[72] soul[73] the frog[74], which values[76] not at all[77] the lotus-flower[75].

Guru[79], the bumble-bee[78], ever[80]

੨੪

ਸਿਰੀ ਰਾਗ, ਪਹਿਲੀ ਪਾਤਸਾਹੀ ।

ਨੇਕ ਕਰਮਾਂ[39] ਨੂੰ ਆਪਣਾ ਖੇਤ[41] ਬਣਾ[40] ਬੀ[42] ਤੂੰ ਬਣਾ ਗੁਰਬਾਣੀ[43] ਨੂੰ ਅਤੇ ਸੱਚ ਦੇ ਜਲ[44] ਨਾਲ ਸਦੀਵ[45] ਹੀ ਸਿੰਜ[46] ।

ਕਿਸਾਨ[47] ਬਣ ਜਾ[55] ਅਤੇ ਤੇਰੀ ਸ਼ਰਧਾ[48] ਉਗ ਪਏਗੀ[49] । ਹੇ ਮੂਰਖ[52] ! ਇਸ ਤਰ੍ਹਾਂ[53] ਤੂੰ ਆਪਣੇ ਸੁਰਗ[50] ਤੇ ਨਰਕ[51] ਨੂੰ ਸਮਝ[54] ।

ਖ਼ਿਆਲ[57] ਨਾ[56] ਕਰ ਕਿ ਕੰਤ[58] ਨਿਰੀਆਂ ਗੱਲਾਂ[59] ਨਾਲ ਹੀ ਪਾ ਲਈਦਾ[60] ਹੈ ।

ਧਨ-ਦੌਲਤ[61] ਦੇ ਹੰਕਾਰ[62] ਅਤੇ ਸੁੰਦਰਤਾ[63] ਦੀ ਹਮਕ-ਦਮਕ[64] ਵਿਚ, ਇਸ[65] ਢੰਗ[66] ਨਾਲ ਤੂੰ ਆਪਣਾ ਜੀਵਨ[67] ਗਵਾ[68] ਲਿਆ ਹੈ ।

ਠਹਿਰਾਉ ।

ਸਰੀਰ[70] ਦਾ ਪਾਪ[69] ਚਿੱਕੜ[71] ਹੈ ਤੇ ਇਹ[72] ਆਤਮਾ[73] ਡੱਡੂ[74], ਜੋ ਕੰਵਲ-ਫੁੱਲ[75] ਦੀ ਕਦਰ[76], ਬਿਲਕੁਲ[77] ਹੀ ਨਹੀਂ ਪਾਉਂਦਾ ।

ਗੁਰੂ[79], ਭੌਰਾ[78], ਸਦੀਵ[80] ਹੀ ਈਸ਼ਵਰੀ ਭਾਸ਼ਨ[81]

ਭਾਖਿਆ[81] ਬੋਲੈ[82] ਕਿਉ[83] ਬੂਝੈ[84] ਜਾ[85] ਨਹਿ ਬੁਝਾਈ[86] ॥ ੨ ॥	repeats[82] the Divine sermons[81] but how[83] can man understand[84] them, when[85] (God) does not make him understand[86] ?	ਉਚਾਰਨ[82] ਕਰਦਾ ਹੈ, ਪਰ ਉਨ੍ਹਾਂ ਨੂੰ ਆਦਮੀ ਕਿਸ ਤਰ੍ਹਾਂ[83] ਸਮਝ[84] ਸਕਦਾ ਹੈ, ਜਾਂਦ[85] (ਵਾਹਿਗੁਰੂ) ਉਸ ਨੂੰ ਨਹੀਂ ਸਮਝਾਉਂਦਾ[86] ।
ਆਖਣੁ[87] ਸੁਨਣਾ[88] ਪਉਣ[89] ਕੀ ਬਾਣੀ[90] ਇਹੁ ਮਨੁ[91] ਰਤਾ[92] ਮਾਇਆ[93] ॥	The preaching[87] and listening[88] of religious discourse is like the sough[90] of wind[89] for those, whose soul[91] is tinctured[92] with mammon[93].	ਉਨ੍ਹਾਂ ਲਈ ਧਰਮ ਵਾਰਤਾ ਦਾ ਪਰਚਾਰਨਾ[87], ਤੇ ਸ੍ਰਵਣ ਕਰਨਾ[88] ਹਵਾ[89] ਦੀ ਆਵਾਜ਼[90] ਮਾਨਿੰਦ ਹੈ, ਜਿਨ੍ਹਾਂ ਦੀ ਇਹ ਆਤਮਾ[91] ਧਨ-ਦੌਲਤ[93] ਨਾਲ ਰੰਗੀ[92] ਹੋਈ ਹੈ ।
ਖਸਮ[94] ਕੀ ਨਦਰਿ[95] ਦਿਲਹਿ[96] ਪਸਿੰਦੇ[97] ਜਿਨੀ[98] ਕਰਿ[99] ਏਕੁ[100] ਧਿਆਇਆ[2] ॥ ੩ ॥	Centring[99] their attention on the Husband[94] alone[100], those who[98] meditate[2] on Him; His grace[95] decends on them and they become pleasing[97] to His heart[96].	ਆਪਣੀ ਬਿਰਤੀ ਕੇਵਲ[100] ਕੰਤ[94] ਉਤੇ ਕੇਂਦਰ[99] ਕਰਕੇ ਜੋ[98] ਉਸ ਨੂੰ ਸਿਮਰਦੇ[2] ਹਨ; ਉਸ ਦੀ ਰਹਿਮਤ[95] ਉਨ੍ਹਾਂ ਉਤੇ ਵਰਸਦੀ ਹੈ ਅਤੇ ਉਹ ਉਸ ਦੇ ਦਿਲ[96] ਨੂੰ ਚੰਗੇ[97] ਲੱਗਦੇ ਹਨ ।
ਤੀਹ[3] ਕਰਿ ਰਖੇ[4] ਪੰਜ[11] ਕਰਿ[5] ਸਾਥੀ[6] ਨਾਉ[7] ਸੈਤਾਨੁ[8] ਮਤੁ[9] ਕਟਿ ਜਾਈ[10] ॥	Even though thou keepest[4] thirty[3] (fasts) and takest with[5] the five[11] comrades[6] (i. e. the five prayers) but beware, lest[9] the one, who goes by the name[7] of Satan[8] should undo[10] their merit.	ਭਾਵੇਂ ਤੂੰ ਤ੍ਰੀਹ[3] (ਰੋਜ਼ੇ) ਰੱਖਦਾ[4] ਹੈਂ ਅਤੇ ਪੰਜ[11] (ਨਮਾਜ਼ਾਂ) ਨੂੰ ਆਪਣਾ ਸੰਗੀ[6] ਬਣਾਂਦਾ[5] ਹੈਂ; ਪਰ ਖ਼ਬਰਦਾਰ ਹੋ ਜਾ ਮਤੇ[9] ਜਿਸ ਦਾ ਨਾਮ[7] ਸ਼ੈਤਾਨ[8] ਹੈ, ਇਨ੍ਹਾਂ ਦੇ ਫਲ ਨੂੰ ਨਸ਼ਟ ਕਰ[10] ਦੇਵੇ ।
ਨਾਨਕੁ ਆਖੈ[12] ਰਾਹਿ[13] ਪੈ ਚਲਣਾ[14] ਮਾਲੁ[15] ਧਨੁ[16] ਕਿਤਕੂ[17] ਸੰਜਿਆਹੀ[18] ॥ ੪ ॥ ੨੭ ॥	Says[12] Nanak, thou hast to go[14] the way[13] (of death). What for[17] hast thou amassed[18] property[15] and wealth[16] ?	ਗੁਰੂ ਜੀ ਫ਼ੁਰਮਾਉਂਦੇ[12] ਹਨ; ਤੂੰ (ਮੌਤ ਦੇ) ਰਸਤੇ[13] ਪੈ ਕੇ ਤੁਰਨਾ[14] ਹੈਂ । ਤੂੰ ਜਾਇਦਾਦ[15] ਤੇ ਦੌਲਤ[16] ਕਾਹਦੇ ਲਈ[17] ਇਕੱਤਰ[18] ਕੀਤੀ ਹੋਈ ਹੈ ?
ਸਿਰੀ ਰਾਗੁ ਮਹਲਾ ੧ ਘਰੁ ੪ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਸੋਈ[19] ਮਉਲਾ[20] ਜਿਨਿ ਜਗੁ[21] ਮਉਲਿਆ[22] ਹਰਿਆ[23] ਕੀਆ ਸੰਸਾਰੋ[24] ॥	He[19] is the Master[20] who has made the world[21] blossom[22] and reverdured[23] the universe[24].	ਉਹੀ[19] ਮਾਲਕ[20] ਹੈ, ਜਿਸ ਨੇ ਜਹਾਨ[21] ਨੂੰ ਪ੍ਰਫੁਲਤ[22] ਕੀਤਾ ਹੋਇਆ ਅਤੇ ਆਲਮ[24] ਨੂੰ ਸਰਸਬਜ਼ ਬਣਾਇਆ[23] ਹੋਇਆ ਹੈ ।
ਆਬ[25] ਖਾਕੁ[26] ਜਿਨਿ ਬੰਧਿ ਰਹਾਈ[27] ਧੰਨੁ[28] ਸਿਰਜਣਹਾਰੋ[29] ॥ ੧ ॥	Hail[28] ! unto the Creator[29] who has kept in bondage[27] the water[25] and land[26].	ਸ਼ਾਬਾਸ਼[28] ਹੈ ! ਰਚਨਹਾਰ[29] ਨੂੰ, ਜਿਸ ਨੇ ਪਾਣੀ[25] ਤੇ ਜ਼ਮੀਨ[26] ਨੂੰ ਬੰਨ੍ਹ ਕੇ ਰਖਿਆ[27] ਹੋਇਆ ਹੈ ।
ਮਰਣਾ[30] ਮੁਲਾ[31] ਮਰਣਾ ॥ ਭੀ[32] ਕਰਤਾਰਹੁ[33] ਡਰਣਾ[34] ॥੧॥ਰਹਾਉ॥	Death[30], O' Maulvi[31] ! death must come. All the same[32] abide in the fear[34] of the Maker[33]. Pause.	ਮੌਤ[30], ਹੇ ਮੌਲਵੀ[31] ! ਮੌਤ ਜ਼ਰੂਰ ਆਏਗੀ । ਤਾਹਮ[32], ਸਾਜਣ-ਹਾਰ[33] ਦੇ ਭੈ[34] ਅੰਦਰ ਰਹੁ । ਠਹਿਰਾਉ ।

ਤਾ[35] ਤੂ ਮੁਲਾ ਤਾ ਤੂ ਕਾਜੀ ਜਾਣਹਿ[36] ਨਾਮੁ ਖੁਦਾਈ[37] ॥	Then[35] alone thou art a Mullah or then alone thou art a Qazi, if thou knowest[36] the Name of God[37].	ਕੇਵਲ ਤਦ[35] ਹੀ ਤੂੰ ਮੁੱਲਾਂ ਹੈਂ ਤੇ ਕੇਵਲ ਤਦ ਹੀ ਤੂੰ ਕਾਜ਼ੀ, ਜੇਕਰ ਤੂੰ ਖ਼ੁਦਾ[37] ਦੇ ਨਾਮ ਨੂੰ ਜਾਣਦਾ[36] ਹੈਂ।
ਜੇ[38] ਬਹੁਤੇਰਾ[39] ਪੜਿਆ[40] ਹੋਵਹਿ ਕੋ ਰਹੈ[41] ਨ ਭਰੀਐ[42] ਪਾਈ[43] ॥੨॥	Even though[38] man be very[39] learned[40] none can stay[41] here when his measure[43] of life becomes full[42].	ਭਾਵੇਂ[38] ਬੰਦਾ ਬਹੁਤਾ[39] ਹੀ ਵਿਦਵਾਨ[40] ਹੋਵੇ, ਜਦ ਉਸ ਦੀ ਜ਼ਿੰਦਗੀ ਦੀ ਪੜੋਪੀ[43] ਲਬਾਲਬ[42] ਹੋ ਜਾਂਦੀ ਹੈ, ਏਥੇ ਕੋਈ ਠਹਿਰ[41] ਨਹੀਂ ਸਕਦਾ।
ਸੋਈ[44] ਕਾਜੀ ਜਿਨਿ ਆਪੁ[45] ਤਜਿਆ[46] ਇਕੁ[47] ਨਾਮੁ ਕੀਆ ਆਧਾਰੋ[48] ॥	He[44] is the Qazi who has renounced[46] self-conceit[45] and made the Name of God alone[47] his support[48].	ਉਹੀ[44] ਕਾਜ਼ੀ ਹੈ, ਜਿਸ ਨੇ ਸਵੈ-ਹੰਗਤਾ[45] ਛੱਡ[46] ਦਿੱਤੀ ਹੈ ਅਤੇ ਕੇਵਲ[47] ਵਾਹਿਗੁਰੂ ਦੇ ਨਾਮ ਨੂੰ ਹੀ ਆਪਣਾ ਆਸਰਾ[48] ਬਣਾਇਆ ਹੈ।
ਹੈ ਭੀ ਹੋਸੀ[49] ਜਾਇ[50] ਨ ਜਾਸੀ[51] ਸਚਾ ਸਿਰਜਣਹਾਰੋ[52] ॥ ੩ ॥	That True Creator[52] is, and shall also[49] be, was not born[50] and shall not perish[51].	ਸੱਚਾ ਕਰਤਾਰ[52] ਹੈ, ਹੋਵੇਗਾ[49] ਭੀ, ਉਹ ਪੈਦਾ[50] ਨਹੀਂ ਹੋਇਆ ਅਤੇ ਨਾ ਹੀ ਨਾਸ[51] ਹੋਵੇਗਾ।
ਪੰਜ ਵਖਤ[53] ਨਿਵਾਜ[54] ਗੁਜਾਰਹਿ[55] ਪੜਹਿ[56] ਕਤੇਬ[57] ਕੁਰਾਣਾ[58] ॥	Thou recitest[55] prayer[54] five times[53] a day and readest[56] holy books[57] and the Quran[58].	ਤੂੰ ਦਿਨ ਵਿਚ ਪੰਜ ਵਾਰੀ[53] ਨਮਾਜ਼[54] ਪੜ੍ਹਦਾ[55] ਹੈਂ ਅਤੇ ਧਾਰਮਿਕ ਕਿਤਾਬਾਂ[57] ਤੇ ਕੁਰਾਨ[58] ਵਾਚਦਾ[56] ਹੈਂ।
ਨਾਨਕੁ ਆਖੈ[59] ਗੋਰ[60] ਸਦੇਈ[61] ਰਹਿਓ[62] ਪੀਣਾ ਖਾਣਾ[63] ॥੪॥੨੮॥	Says[59] Nanak, the grave[60] calls[61] thee and now thine food and drink[63] have come to an end[62].	ਗੁਰੂ ਜੀ ਫ਼ੁਰਮਾਉਂਦੇ[59] ਹਨ ਤੈਨੂੰ ਕਬਰ[60] ਸੱਦਦੀ[61] ਹੈ ਤੇ ਹੁਣ ਤੇਰਾ ਖਾਣਾ ਪੀਣਾ[63] ਮੁਕ ਗਿਆ[62] ਹੈ।
ਸਿਰੀ ਰਾਗੁ ਮਹਲਾ ੧ ਘਰੁ ੪ ॥	Sri Rag, First Guru.	ਸਿਰੀ ਰਾਗ, ਪਾਤਸ਼ਾਹੀ ਪਹਿਲੀ।
ਏਕੁ ਸੁਆਨੁ[64] ਦੁਇ[65] ਸੁਆਨੀ[66] ਨਾਲਿ[67] ॥	I have a dog[64] and two[65] bitches[66] with[67] me.	ਮੇਰੇ ਸਾਥ[67] ਇਕ ਕੁੱਤਾ[64] ਤੇ ਦੋ[65] ਕੁੱਤੀਆਂ[66] ਹਨ।
ਭਲਕੇ[68] ਭਉਕਹਿ[69]ਸਦਾ[70] ਬਇਆਲਿ[71] ॥	Early in the morn[68], they ever[70] bark[69] at the wind[71].	ਸੁਬ੍ਹਾ ਸਵੇਰੇ[68] ਉਹ ਹਮੇਸ਼ਾਂ[70] ਹਵਾ[71] ਨੂੰ ਭੌਂਕਦੇ[69] ਹਨ।
ਕੂੜੁ[74] ਛੁਰਾ[75] ਮੁਠਾ[76] ਮੁਰਦਾਰੁ[77] ॥	Falsehood[74] is my dagger[75] and to eat by defrauding[76] is carrion[77].	ਝੂਠ[74] ਮੇਰੀ ਖ਼ੰਜਰ[75] ਹੈ ਅਤੇ ਠੱਗ[76] ਕੇ ਖਾਣਾ ਲਾਸ਼[77] ਵਾਂਗ ਹੈ।
ਧਾਣਕ[78] ਰੂਪਿ[79] ਰਹਾ ਕਰਤਾਰ[80] ॥੧॥	I live in the form[79] of a hunts-man[78], O' Creator[80]!	ਮੈਂ ਸ਼ਿਕਾਰੀ[78] ਦੇ ਸਰੂਪ[79] ਵਿਚ ਰਹਿੰਦਾ ਹਾਂ, ਹੇ ਸਿਰਜਣਹਾਰ[80]!
ਮੈ ਪਤਿ[81] ਕੀ ਪੰਦਿ[82] ਨ ਕਰਣੀ[83] ਕੀ ਕਾਰ[84] ॥	I follow not the counsel[82] of my Spouse[81], nor do I do[84] good deeds[83].	ਮੈਂ ਆਪਣੇ ਪਤੀ[81] (ਮਾਲਕ) ਦੀ ਨਸੀਹਤ[82] ਤੇ ਅਮਲ ਨਹੀਂ ਕਰਦਾ ਤੇ ਨਾ ਹੀ ਨੇਕ ਅਮਲ[83] ਕਮਾਉਂਦਾ[84] ਹਾਂ।
ਹਉ ਬਿਗੜੈ[85]ਰੂਪਿ[86]ਰਹਾ[87]	I appear[87] [88]deformed[86] and	ਮੈਂ[85] ਕਰੂਪ[86] ਅਤੇ ਭਿਆਨਕ[88] ਹੋ

ਬਿਕਰਾਲ[88] ॥	terrible[88].	ਰਿਹਾ[87] ਹਾਂ ।
ਤੇਰਾ ਏਕੁ[91] ਨਾਮੁ ਤਾਰੇ[89] ਸੰਸਾਰੁ[90] ॥	Thy Name alone[91] saves[89] the world[90].	ਕੇਵਲ[91] ਤੇਰਾ ਨਾਮ ਹੀ ਜਗਤ[90] ਦਾ ਪਾਰ[89] ਉਤਾਰਾ ਕਰਦਾ ਹੈ ।
ਮੈ ਏਹਾ[92] ਆਸੁ[93] ਏਹੋ ਆਧਾਰੁ[94] ॥ ੧ ॥ ਰਹਾਉ ॥	This alone[92] is my hope[93] and this the mainstay[94]. Pause.	ਕੇਵਲ ਇਹ[92] ਹੀ ਮੇਰੀ ਉਮੀਦ[93] ਹੈ ਤੇ ਇਹ ਹੀ ਆਸਰਾ[94] । ਠਹਿਰਾਉ ।
ਮੁਖਿ[95] ਨਿੰਦਾ[96] ਆਖਾ[97] ਦਿਨੁ ਰਾਤਿ[98] ॥	With my mouth[95], I utter[97] calumny[96] day and night[98].	ਆਪਣੇ ਮੂੰਹ[95] ਨਾਲ ਮੈਂ ਦਿਨ ਰੈਣ[98] ਬਦਖੋਈ[96] ਕਰਦਾ[97] ਹਾਂ ।
ਪਰ[99] ਘਰੁ[100] ਜੋਹੀ[2] ਨੀਚ[3] ਸਨਾਤਿ[4] ॥	I am base[3] and a wretch[4] and spy[2] other's[99] house[100].	ਮੈਂ ਕਮੀਨਾ[3] ਤੇ ਅਦਨਾ[4] ਹਾਂ ਤੇ ਹੋਰਨਾਂ[99] ਦਾ ਗ੍ਰਿਹ[100] ਤਕਾਉਂਦਾ[2] ਹਾਂ ।
ਕਾਮੁ[5] ਕ੍ਰੋਧੁ[6] ਤਨਿ[7] ਵਸਹਿ[8] ਚੰਡਾਲ[9] ॥	Lust[5] and wrath[6], the pariahs[9], abide[8] in my body[7].	ਵਿਸ਼ੇ-ਭੋਗ[5] ਤੇ ਰੋਹ[6], ਕਮੀਣ[9] ਮੇਰੀ ਦੇਹ[7] ਵਿਚ ਰਹਿੰਦੇ[8] ਹਨ ।
ਧਾਣਕ ਰੂਪਿ ਰਹਾ ਕਰਤਾਰ ॥ ੨ ॥	I live in the form of huntsman, O' Creator !	ਮੈਂ ਸ਼ਿਕਾਰੀ ਦੇ ਸਰੂਪ ਵਿਚ ਰਹਿੰਦਾ ਹਾਂ, ਹੇ ਸਿਰਜਣਹਾਰ !
ਫਾਹੀ[10] ਸੁਰਤਿ[11] ਮਲੂਕੀ[12] ਵੇਸੁ[13] ॥	I am gentle[12] in appearance[13], but my intent[11] is to entrap[10] others.	ਵੇਖਣ ਪਾਖਣ[13] ਵਿਚ ਮੈਂ ਸ਼ਰੀਫ[12] ਹਾਂ, ਪਰ ਮੇਰੀ ਨੀਅਤ[11] ਹੋਰਨਾਂ ਨੂੰ ਫਾਹੁਣ[10] ਦੀ ਹੈ ।
ਹਉ ਠਗਵਾੜਾ[14] ਠਗੀ ਦੇਸੁ[15] ॥	I am a cheat[14]and cheat the country[15] (world).	ਮੈਂ ਠੱਗ[14] ਹਾਂ ਅਤੇ ਮੁਲਕ[15] (ਦੁਨੀਆਂ) ਨੂੰ ਠੱਗਦਾ ਹਾਂ ।
ਖਰਾ[16] ਸਿਆਣਾ[17] ਬਹੁਤਾ[18] ਭਾਰੁ[19] ॥	I am very[16] clever[17] and carry the great[18] load[19] of sin.	ਮੈਂ ਬਹੁਤਾ[16] ਚਾਲਾਕ[17] ਹਾਂ ਤੇ ਮੈਂ ਪਾਪਾਂ ਦਾ ਭਾਰਾ[18] ਬੋਝ[19] ਚੁਕਿਆ ਹੋਇਆ ਹੈ ।
ਧਾਣਕ ਰੂਪਿ ਰਹਾ ਕਰਤਾਰ ॥ ੩ ॥	I live in the form of hunstman, O' Creator !	ਮੈਂ ਸ਼ਿਕਾਰੀ ਦੇ ਰੂਪ ਵਿਚ ਰਹਿੰਦਾ ਹਾਂ, ਹੇ ਸਿਰਜਣਹਾਰ !
ਮੈ ਕੀਤਾ[20] ਨ ਜਾਤਾ[21] ਹਰਾਮਖੋਰੁ[22] ॥	I, a partaker of other's wealth[22], have not appreciated[21] what Thou hast done[20] for me.	ਮੈਂ ਪਰਾਇਆ-ਮਾਲ ਖਾਣ ਵਾਲੇ[22] ਨੇ, ਤੇਰੀ ਕੀਤੀ ਹੋਈ[20] ਨੇਕੀ ਦੀ ਕਦਰ[21] ਨਹੀਂ ਪਾਈ ।
ਹਉ ਕਿਆ[24] ਮੁਹੁ[23] ਦੇਸਾ[25] ਦੁਸਟੁ[26] ਚੋਰੁ[27] ॥	What[24] face[23] shall I, a villainous[26] thief[27] show[25] Thee, O' Lord ?	ਮੈਂ ਲੁੱਚਾ[26] ਤਸਕਰ[27], ਤੈਨੂੰ ਕਿਹੜਾ[24] ਮੂੰਹ[23] ਵਿਖਾਵਾਂਗਾ[25], ਹੇ ਸੁਆਮੀ ?
ਨਾਨਕ ਨੀਚੁ[28] ਕਹੈ[29] ਬੀਚਾਰੁ[30] ॥	Nanak, the lowly[28], sayeth,[29] this thought[30].	ਨੀਵਾਂ[28] ਨਾਨਕ ਇਹ ਵੀਚਾਰ[30] ਕਹਿੰਦਾ[29] ਹੈ ।
ਧਾਣਕ ਰੂਪਿ ਰਹਾ ਕਰਤਾਰ ॥੪॥ ੨੯ ॥	I live in the form of huntsman, O' Creator !	ਮੈਂ ਸ਼ਿਕਾਰੀ ਦੇ ਸਰੂਪ ਵਿਚ ਰਹਿੰਦਾ ਹਾਂ, ਹੇ ਸਿਰਜਣਹਾਰ !
ਸਿਰੀ ਰਾਗੁ ਮਹਲਾ ੧ ਘਰੁ ੪ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।

ਏਕਾ[31] ਸੁਰਤਿ[32] ਜੇਤੇ[33] ਹੈ ਜੀਅ[34] ॥	There is the same[31] inner consciousness[32] amongst all[33] the beings[34].	ਸਮੂਹ[33] ਜੀਵਾਂ[34] ਅੰਦਰ ਉਹੋ[31] ਹੀ ਅੰਤ੍ਰੀਵੀ-ਗਿਆਤ[32] ਹੈ ।
ਸੁਰਤਿ[35] ਵਿਹੂਣਾ[36] ਕੋਇ ਨ ਕੀਅ[37] ॥	Without[36] inner consciousness[35] He has created[37] none.	ਅੰਤ੍ਰੀਵੀ ਗਿਆਤ[35] ਦੇ ਬਗ਼ੈਰ[36], ਉਸ ਨੇ ਕੋਈ ਭੀ ਪੈਦਾ ਨਹੀਂ ਕੀਤਾ[37] ।
੨੫	**25**	**੨੫**
ਜੇਹੀ[38] ਸੁਰਤਿ ਤੇਹਾ[39] ਤਿਨ[40] ਰਾਹੁ[41] ॥	As[38] is the consciousness, so is[39] their[40] way[41].	ਜੇਹੋ ਜੇਹੀ[38] ਗਿਆਤ ਹੈ, ਉਹੋ[39] ਜੇਹਾ ਉਨ੍ਹਾਂ[40] ਦਾ ਰਸਤਾ[41] ਹੈ ।
ਲੇਖਾ[42] ਇਕੋ[43] ਆਵਹੁ ਜਾਹੁ[44] ॥ ੧ ॥	He alone[43] (calls mortals) to account[42] (and subject to His order) they come and go[44].	ਕੇਵਲ[43] ਉਹੀ (ਪ੍ਰਾਣੀਆਂ ਤੋਂ) ਹਿਸਾਬ ਕਿਤਾਬ[42] ਲੈਂਦਾ ਹੈ ਤੇ (ਉਸ ਦੇ ਹੁਕਮ ਦੇ ਅਧੀਨ ਹੀ) ਉਹ ਆਉਂਦੇ[44] ਤੇ ਜਾਂਦੇ ਹਨ ।
ਕਾਹੇ[45] ਜੀਅ[46] ਕਰਹਿ ਚਤੁਰਾਈ[47] ॥	O' mortals[46] ! why[45] dost thou practise cleverness[47] ?	ਹੇ ਪ੍ਰਾਣੀ[46] ! ਤੂੰ ਕਿਉਂ[45] ਚਲਾਕੀ[47] ਕਰਦਾ ਹੈਂ ?
ਲੇਵੈ[48] ਦੇਵੈ[49] ਢਿਲ[50] ਨ ਪਾਈ[51] ॥੧॥ ਰਹਾਉ ॥	In taking back[48] and giving[49] God makes[51] no delay[50]. Pause.	ਵਾਪਸ ਲੈਣ[48] ਅਤੇ ਦੇਣ[49] ਵਿਚ ਵਾਹਿਗੁਰੂ ਚਿਰ[50] ਨਹੀਂ ਲਾਉਂਦਾ[51] ! ਠਹਿਰਾਉ ।
ਤੇਰੇ[52] ਜੀਅ ਜੀਆ ਕਾ ਤੋਹਿ[53] ॥	The beings are Thine[52] and Thou[53] art their (Master).	ਜੀਵ ਤੇਰੇ[52] ਹਨ ਅਤੇ ਤੂੰ[53] ਜੀਵਾਂ ਦਾ (ਮਾਲਕ) ਹੈਂ ।
ਕਿਤ[54] ਕਉ ਸਾਹਿਬ ਆਵਹਿ ਰੋਹਿ[55] ॥	What for[54] art Thou then enraged[55] with them, O' Lord ?	ਕਾਹਦੇ ਲਈ[54] ਤੂੰ ਤਦ ਉਨ੍ਹਾਂ ਉਤੇ ਗੁੱਸੇ[55] ਹੁੰਦਾ ਹੈਂ, ਹੇ ਸੁਆਮੀ ?
ਜੇ[56] ਤੂ ਸਾਹਿਬ ਆਵਹਿ ਰੋਹਿ ॥	If[56] Thou in rage be O' Lord !	ਜੇਕਰ[56] ਤੈਨੂੰ ਗੁੱਸਾ ਭੀ ਆਉਂਦਾ ਹੈ ਹੇ ਸਾਈਂ !
ਤੂ ਓਨਾ[57] ਕਾ ਤੇਰੇ[58] ਓਹਿ ॥ ੨ ॥	Still, Thou art theirs[57] and they are Thine[58].	ਫਿਰ ਭੀ, ਤੂੰ ਉਨ੍ਹਾਂ[57] ਦਾ ਹੈਂ ਅਤੇ ਉਹ ਤੇਰੇ[58] ।
ਅਸੀ[59] ਬੋਲਵਿਗਾੜ[60] ਵਿਗਾੜਹ[61] ਬੋਲ[62] ॥	We[59] the foul-tongued[60] spoil[61] every thing by (our thoughtless) words[62].	ਆਪਾਂ[59] ਬਦਜ਼ਬਾਨ[60], (ਆਪਣੇ ਵਿਚਾਰ-ਹੀਣ) ਬਚਨਾਂ[62] ਦੁਆਰਾ ਸਾਰਾ ਕੁਝ ਖ਼ਰਾਬ[61] ਕਰ ਲੈਂਦੇ ਹਾਂ ।
ਤੂ ਨਦਰੀ[63] ਅੰਦਰਿ[64] ਤੋਲਹਿ[65] ਤੋਲ[66] ॥	Within[64] Thy sight[63], Thou weighest[65] their weight[66] (worth).	ਆਪਣੀ ਨਿਗ੍ਹਾ[63] ਹੇਠਾਂ[64] ਤੂੰ ਉਨ੍ਹਾਂ ਦਾ ਭਾਰ[66] (ਮੁੱਲ) ਜੋਖਦਾ[65] ਹੈਂ ।
ਜਹ[67] ਕਰਣੀ[68] ਤਹ[69] ਪੂਰੀ[70] ਮਤਿ[71] ॥	Where[67] the deeds are[68] virtuous, there[69] is the perfect[70] understanding[71].	ਜਿਥੇ[67] ਅਮਲ ਨੇਕ[68] ਹਨ ਉਥੇ[69] ਮੁਕੰਮਲ[70] ਸੋਚ ਸਮਝ[71] ਹੈ ।
ਕਰਣੀ ਬਾਝਹੁ[72] ਘਟੇ ਘਟਿ[73] ॥੩॥	Sans[72] meritorious actions, it is awefully deficient[73].	ਚੰਗੇ ਕਰਮਾ ਦੇ ਬਗ਼ੈਰ[72] ਇਹ ਬਹੁਤ ਹੀ ਥੋੜ੍ਹੀ[73] ਹੈ ।
ਪ੍ਰਣਵਤਿ[74] ਨਾਨਕ ਗਿਆਨੀ[75] ਕੈਸਾ[76] ਹੋਇ ॥	Supplicates[74] Nanak, of what kind[76] is the man of Divine knowledge[75] ?	ਨਾਨਕ ਬੇਨਤੀ ਕਰਦਾ[74] ਹੈ, ਬ੍ਰਹਮ ਵੀਚਾਰ ਵਾਲਾ[75] ਪੁਰਸ਼ ਕੇਹੋ ਜੇਹਾ[76] ਹੈ ?

ਆਪੁ[77] ਪਛਾਣੈ[78] ਬੂਝੈ[79] ਸੋਇ[80] ॥	He who recognises[78] his ownself[77] comprehends[79] Him[80].	ਉਹ ਜੋ ਆਪਣੇ[77] ਆਪ ਨੂੰ ਸਿਞਾਣਦਾ[78] ਹੈ ਉਸ[80] ਨੂੰ ਸਮਝਦਾ[79] ਹੈ ।
ਗੁਰ ਪਰਸਾਦਿ[81] ਕਰੇ ਬੀਚਾਰੁ[82] ॥ ਸੋ[83] ਗਿਆਨੀ[84] ਦਰਗਹ[85] ਪਰਵਾਣੁ[86] ॥੪॥੩੦॥	The[83] divine[84], who by Guru's grace[81], embraces Lord's meditation[82], becomes acceptable[86] in His Court[85].	ਜਿਹੜਾ[83] ਬ੍ਰਹਮ ਬੇਤਾ[84], ਗੁਰਾਂ ਦੀ ਦਯਾ[81] ਦੁਆਰਾ ਸਾਹਿਬ ਦਾ ਸਿਮਰਨ[82] ਕਰਦਾ ਹੈ, ਉਹ ਉਸ ਦੇ ਦਰਬਾਰ[85] ਅੰਦਰ ਕਬੂਲ[86] ਪੈ ਜਾਂਦਾ ਹੈ ।
ਸਿਰੀ ਰਾਗੁ ਮਹਲਾ ੧ ਘਰੁ ੪ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਤੂ ਦਰੀਆਉ[87] ਦਾਨਾ[88] ਬੀਨਾ[89] ਮੈ ਮਛੁਲੀ[90] ਕੈਸੇ[91] ਅੰਤੁ[92] ਲਹਾ[93] ॥	Thou art the River[87], All-knowing[88] and All-seeing[89]. How[91] can I, a fish[90], find[93] Thy limit[92] ?	ਤੂੰ ਸਾਰਾ ਕੁਝ ਜਾਨਣਹਾਰ[88] ਤੇ ਸਭ ਕੁਝ ਦੇਖਣ ਵਾਲਾ[89] ਦਰਿਆ[87] ਹੈਂ । ਮੈਂ ਇਕ ਮੱਛੀ[90] ਤੇਰਾ ਓੜਕ[92] ਕਿਸ ਤਰ੍ਹਾਂ[91] ਪਾ ਸਕਦੀ[93] ਹਾਂ ?
ਜਹ ਜਹ[94] ਦੇਖਾ[95] ਤਹ ਤਹ[96] ਤੂ ਹੈ ਤੁਝ[98] ਤੇ ਨਿਕਸੀ[97] ਫੂਟਿ[99] ਮਰਾ[100] ॥੧॥	Wherever[94] I look[95] there[96] Thou art. Getting out[97] of Thee[98] I burst[99] and die[100].	ਜਿਧਰ[94] ਭੀ ਮੈਂ ਵੇਖਦੀ[95] ਹਾਂ ਓਥੇ[96] ਤੂੰ ਹੈਂ । ਤੇਰੇ[98] ਵਿਚੋਂ ਬਾਹਰ ਨਿਕਲ[97] ਕੇ ਮੈਂ ਪਾਟ[99] ਕੇ ਮਰ ਜਾਂਦੀ[100] ਹਾਂ ।
ਨ ਜਾਣਾ[2] ਮੇਉ[3] ਨ ਜਾਣਾ ਜਾਲੀ[4] ॥	I know[2] not the fisherman[3], nor do I know the net[4].	ਮੈਂ ਮਾਹੀਗੀਰ[3] ਨੂੰ ਨਹੀਂ ਜਾਣਦੀ[2] ਤੇ ਨਾ ਹੀ ਮੈਂ ਜਾਣਦੀ ਹਾਂ ਜਾਲ[4] ਨੂੰ ।
ਜਾ[5] ਦੁਖੁ[6] ਲਾਗੈ[7] ਤਾ[8] ਤੁਝੈ[10] ਸਮਾਲੀ[9] ॥੧॥ ਰਹਾਉ ॥	When[5] pain[6] comes[7], then[8], do I call on[9] Thee[10]. Pause.	ਜਦ[5] ਤਕਲੀਫ[6] ਵਾਪਰਦੀ[7] ਹੈ, ਤਦ[8] ਮੈਂ ਤੈਨੂੰ[10] ਯਾਦ[9] ਕਰਦੀ ਹਾਂ । ਠਹਿਰਾਉ ।
ਤੂ ਭਰਪੂਰਿ[11] ਜਾਨਿਆ[12] ਮੈ ਦੂਰਿ[13] ॥	Thou art Omnipresent[11], I thought[12] Thee distant[13].	ਤੂੰ ਸਰਬ-ਵਿਆਪਕ[11] ਹੈਂ, ਮੈਂ ਤੈਨੂੰ ਦੁਰੇਡੇ[13] ਖਿਆਲ[12] ਕੀਤਾ ਹੈ ।
ਜੋ ਕਛੁ[14] ਕਰੀ ਸੁ ਤੇਰੈ ਹਦੂਰਿ[15] ॥	Whatever[14] I do, that is in Thine presence[15].	ਜਿਹੜਾ ਕੁਝ[14] ਮੈਂ ਕਰਦੀ ਹਾਂ ਉਹ ਤੇਰੀ ਹਜ਼ੂਰੀ[15] ਵਿਚ ਹੈ ।
ਤੂ ਦੇਖਹਿ ਹਉ[16] ਮੁਕਰਿ[17] ਪਾਉ ॥	Thou see-est my actions, yet I[16]. deny[17].	ਤੂੰ ਮੇਰੇ ਅਮਲ ਵੇਖਦਾ ਹੈਂ, ਤਾਂ ਵੀ[16] ਮੈਂ ਇਨਕਾਰੀ[17] ਹਾਂ ।
ਤੇਰੈ ਕੰਮਿ[18] ਨ ਤੇਰੈ ਨਾਇ[19] ॥ ੨ ॥	I have not performed Thy service[18], nor have I pondered on Thy Name[19].	ਮੈਂ ਤੇਰੀ ਘਾਲ[18] ਨਹੀਂ ਕਮਾਈ ਤੇ ਨਾ ਹੀ ਮੈਂ ਤੇਰੇ ਨਾਮ[19] ਦਾ ਅਰਾਧਨ ਕੀਤਾ ਹੈ ।
ਜੇਤਾ[20] ਦੇਹਿ[21] ਤੇਤਾ[22] ਹਉ ਖਾਉ[23] ॥	Whatever[20] Thou givest[21] me, that[22] I eat[23].	ਜੋ ਕੁਝ[20] ਤੂੰ ਮੈਨੂੰ ਦਿੰਦਾ[21] ਹੈਂ, ਉਹੀ[22] ਮੈਂ ਖਾਂਦੀ[23] ਹਾਂ ।
ਬਿਆ[24] ਦਰੁ[25] ਨਾਹੀ ਕੈ[26] ਦਰਿ ਜਾਉ[27] ॥	There is no other[24] door[25], to which[26] door should I go[27] ?	ਹੋਰ ਕੋਈ[24] ਬੂਹਾ[25] ਨਹੀਂ ਮੈਂ ਕੀਹਦੇ[26] ਬੂਹੇ ਤੇ ਜਾਵਾਂ[27] ?
ਨਾਨਕੁ ਏਕ ਕਹੈ[28] ਅਰਦਾਸਿ[29] ॥ ਜੀਉ[30] ਪਿੰਡੁ[31] ਸਭੁ ਤੇਰੈ ਪਾਸਿ[32] ॥ ੩ ॥	Nanak makes[28] one supplication[29], my soul[30] and body[31] are all at Thy disposal[32].	ਨਾਨਕ ਇਕ ਪ੍ਰਾਰਥਨਾ[29] ਕਰਦਾ[28] ਹੈ, ਮੇਰੀ ਜਿੰਦੜੀ[30] ਤੇ ਸਰੀਰ[31] ਸਮੂਹ ਤੇਰੇ ਹਵਾਲੇ[32] ਹਨ ।

ਆਪੇ[33] ਨੇੜੈ[34] ਦੂਰਿ[35] ਆਪੇ ਹੀ ਆਪੇ ਮੰਝਿ-ਮਿਆਨੋੁ[36] ॥	The Lord Himself[33] is near[34], Himself far off[35], and Himself mid-between[36].	ਪ੍ਰਭੂ ਆਪ[33] ਨੇੜੇ[34] ਹੈ, ਆਪੇ ਦੁਰੇਡੇ[35] ਅਤੇ ਆਪੇ ਹੀ ਅਧ-ਵਿਚਕਾਰ[36] ।
ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ[37] ਕਰੇ[38] ਜਹਾਨੋੁ[39]	He Himself beholds and Himself hears. By His own might[37] He creates[38] the world[39].	ਆਪੇ ਉਹ ਦੇਖਦਾ ਹੈ ਅਤੇ ਆਪੇ ਹੀ ਸ੍ਰਵਣ ਕਰਦਾ ਹੈ । ਆਪਣੀ ਸਤਿਆ[37] ਦੁਆਰਾ ਉਸ ਨੇ ਸੰਸਾਰ[39] ਸਾਜਿਆ[38] ਹੈ ।
ਜੋ[44] ਤਿਸੁ[40] ਭਾਵੈ[41] ਨਾਨਕਾ ਹੁਕਮੁ[42] ਸੋਈ[43] ਪਰਵਾਨੋੁ[45] ॥੪॥੩੧॥	Whatever[44] pleases[41] Him[40] O' Nanak ! that[43] order[42] is acceptable[45].	ਜੋ ਕੁਛ[44] ਉਸ[40] ਨੂੰ ਭਾਉਂਦਾ[41] ਹੈ, ਹੇ ਨਾਨਕ ! ਉਹੀ[43] ਫੁਰਮਾਣ[42] ਪਰਮਾਣੀਕ[45] ਹੁੰਦਾ ਹੈ ।
ਸਿਰੀ ਰਾਗੁ ਮਹਲਾ ੧ ਘਰੁ ੪ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਕੀਤਾ[46] ਕਹਾ[47] ਕਰੇ ਮਨਿ[48] ਮਾਨੁ[49] ॥	Why[47] should the created[46] one take pride[49] within his mind[48].	ਰਚਿਆ ਹੋਇਆ[46] ਆਪਣੇ ਚਿੱਤ[48] ਅੰਦਰ ਹੰਕਾਰ[49] ਕਿਉਂ[47] ਕਰੇ ?
ਦੇਵਣਹਾਰੇ[50] ਕੈ[51] ਹਥਿ[52] ਦਾਨੁ[53] ॥	The gift[53] is in the power[52] of[51] the Giver[50].	ਦਾਤ[53] ਤਾਂ ਦੇਣ ਵਾਲੇ[50] ਦੇ[51] ਵੱਸ[52] ਵਿਚ ਹੈ ।
ਭਾਵੈ[54] ਦੇਇ[55] ਨ ਦੇਈ ਸੋਇ[56] ॥	By His pleasure[54], He[56] may give[55] or may not give.	ਆਪਣੀ ਰਜ਼ਾ[54] ਦੁਆਰਾ ਉਹ[56] ਦੇਵੇ[55] ਜਾਂ ਨਾ ਦੇਵੇ ।
ਕੀਤੇ[57] ਕੈ ਕਹਿਐ[58] ਕਿਆ[59] ਹੋਇ[60] ॥੧॥	What[59] can be done[60] at the bidding[58] of the created[57] one ?	ਬਣਾਏ[57] ਹੋਏ ਦੇ ਆਖਣ[58] ਤੇ ਕੀ[59] ਹੋ ਸਕਦਾ[60] ਹੈ ?
ਆਪੇ[61] ਸਚੁ[62] ਭਾਵੈ[63] ਤਿਸੁ[64] ਸਚੁ ॥	True[62] He Himself[61] is and Truth it is that He[64] likes[63].	ਸੱਚਾ[62] ਉਹ ਆਪੇ[61] ਹੈ ਤੇ ਸੱਚ ਹੀ ਉਸ ਨੂੰ[64] ਚੰਗਾ[63] ਲੱਗਦਾ ਹੈ ।
ਅੰਧਾ[65] ਕਚਾ[66] ਕਚੁ-ਨਿਕਚੁ[67] ॥੧॥ ਰਹਾਉ ॥	(Spiritually) blind[65] is worthless[66]—(nay rather)—is worthless of the worthless[67]. Pause.	ਆਤਮਕ ਤੌਰ ਤੇ ਅੰਨ੍ਹਾ[65] ਨਿਕੰਮਾ[66] ਹੈ, (ਨਹੀਂ ਸਗੋਂ), ਨਿਕੰਮਿਆਂ ਤੋਂ ਨਿਕੰਮਾ[67] ਹੈ। ਠਹਿਰਾਉ ।
ਜਾ[68] ਕੇ ਰੁਖ[69] ਬਿਰਖ[70] ਆਰਾਉ[71]॥ ਜੇਹੀ[72] ਧਾਤੁ[73] ਤੇਹਾ[74] ਤਿਨ[75] ਨਾਉ[76] ॥	He, who[68] owns forest-trees[69], the garden[71] and the plants[70] gives them[75] such[74] names[76] as[72] is their inherent nature[73].	ਜਿਸ[68] ਦੇ ਵਣ ਦੇ ਬ੍ਰਿਛ[69], ਬਾਗ਼[71] ਤੇ ਬੂਟੇ[70] ਹਨ, ਉਹ ਉਨ੍ਹਾਂ[75] ਦੇ ਐਸੇ[74] ਨਾਮ ਰੱਖਦਾ[76] ਹੈ, ਜੇਹੋ ਜੇਹੀ[72] ਉਨ੍ਹਾਂ ਦੀ ਜਮਾਂਦਰੂ ਖ਼ਸਲਤ[73] ਹੈ ।
ਫੁਲੁ[77] ਭਾਉ[78] ਫਲੁ[79] ਲਿਖਿਆ[80] ਪਾਇ[81] ॥	According to the ordained[80] destiny the mortal attains[81] the flower[77] and fruit[79] of Lord's love.[78]	ਲਿਖੀ ਹੋਈ[80] ਪ੍ਰਾਲਭਧ ਅਨੁਸਾਰ ਪ੍ਰਾਣੀ ਪ੍ਰਭੂ ਦੀ ਪ੍ਰੀਤ[78] ਦਾ ਪੁਸ਼ਪ[77] ਤੇ ਮੇਵਾ[79] ਪਾਉਂਦਾ[81] ਹੈ ।
ਆਪਿ[82] ਬੀਜਿ[83] ਆਪੇ ਹੀ ਖਾਇ[84] ॥੨॥	He himself[82] sows[83] and himself eats[84] (reaps).	ਉਹ ਆਪੇ[82] ਬੀਜਦਾ[83] ਹੈ ਤੇ ਆਪੇ ਹੀ (ਵੱਢਦਾ) ਜਾਂ (ਖਾਂਦਾ)[84] ਹੈ ।
ਕਚੀ[85] ਕੰਧ[86] ਕਚਾ ਵਿਚਿ[87] ਰਾਜੁ[88] ॥	Transient[85] (the body) wall[86] and transient (the life) mason[88] within[87] it.	ਆਰਜ਼ੀ[85] ਹੈ (ਦੇਹਿ ਰੂਪੀ) ਦੀਵਾਰ[86] ਅਤੇ ਆਰਜ਼ੀ ਇਸ ਦੇ ਅੰਦਰਲਾ[87] (ਭਉਰ) ਮਿਸਤਰੀ[88] ।

ਮਤਿ[89] ਅਲੂਣੀ[90] ਫਿਕਾ[91] ਸਾਦੁ[92] ॥	Insipid[91] is the relish[92] of intellect[89], without salt[90] (sans God's Name).	ਲੂਣ (ਹਰੀ ਨਾਮ) ਤੋਂ ਬਗੈਰ[90] ਅਕਲ[89] ਦਾ ਫਿੱਕਾ[91] ਸੁਆਦ[92] ਹੈ।
ਨਾਨਕ ਆਣੈ[93] ਆਵੈ ਰਾਸਿ[94] ॥	O' Nanak ; if the Lord does[93] then it gets adjusted[94].	ਜੇਕਰ ਸਾਹਿਬ ਕਰੇ[93] ਤਾਂ ਇਹ ਠੀਕ ਹੋ ਜਾਂਦੀ[94] ਹੈ, ਹੇ ਨਾਨਕ !
ਵਿਣੁ[95] ਨਾਵੈ ਨਾਹੀ ਸਾਬਾਸਿ[96] ॥੩॥ ੩੨॥	Without[95] God's Name, there is no acclamation.[96]	ਵਾਹਿਗੁਰੂ ਦੇ ਨਾਮ ਬਾਝੋਂ[95] ਕੋਈ ਨਾਮਵਰੀ[96] ਨਹੀਂ।
ਸਿਰੀ ਰਾਗੁ ਮਹਲਾ ੧ ਘਰੁ ੫ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਅਛਲ[97] ਛਲਾਈ[98] ਨਹ ਛਲੈ[99] ਨਹ ਘਾਉ[100] ਕਟਾਰਾ[2] ਕਰਿ[3] ਸਕੈ ॥	The undeceivable[97] (mammon) can not be deceived[99] by deceiving,[98] nor can a dagger[2] inflict[3] wound[100] (on it).	ਨ ਠੱਗੀ ਜਾਣ ਵਾਲੀ[97] (ਮਾਇਆ) ਠੱਗਣ[98] ਦੁਆਰਾ ਠੱਗੀ[99] ਨਹੀਂ ਜਾਂਦੀ, ਨਾ ਹੀ ਖੰਜਰ[2] (ਇਸ ਉਤੇ) ਜ਼ਖ਼ਮ[100] ਲਾ[3] ਸਕਦੀ ਹੈ।
ਜਿਉ[4] ਸਾਹਿਬੁ ਰਾਖੈ[6] ਤਿਉ[5] ਰਹੈ ਇਸੁ ਲੋਭੀ[7] ਕਾ ਜੀਉ[8] ਟਲਪਲੈ[9] ॥੧॥	As[4] the Lord keeps[6] it, so[5] does it live. (Under its influence,) the mind[8] of this greedy-man[7] is tossed[9] about.	ਜਿਵੇਂ[4] ਸੁਆਮੀ ਇਸ ਨੂੰ ਰਖਦਾ[6] ਹੈ, ਇਹ ਉਵੇਂ[5] ਹੀ ਰਹਿੰਦੀ ਹੈ। (ਇਸ ਦੇ ਅਸਰ ਹੇਠਾਂ) ਇਸ ਲਾਲਚੀ-ਬੰਦੇ[7] ਦਾ ਮਨ[8] ਡਿੱਕੋ-ਡੋਲੇ[9] ਖਾਂਦਾ ਹੈ।
ਬਿਨੁ ਤੇਲ[10] ਦੀਵਾ[11] ਕਿਉ[12] ਜਲੈ[13] ॥੧॥ ਰਹਾਉ ॥	Without oil[10] how[12] can the lamp[11] be lighted[13] ? Pause.	ਤੇਲ[10] ਤੋਂ ਬਿਨਾਂ ਦੀਵਾ[11] ਕਿਵੇਂ[12] ਬਲ[13] ਸਕਦਾ ਹੈ ? ਠਹਿਰਾਉ।
ਪੋਥੀ ਪੁਰਾਣ[14] ਕਮਾਈਐ[15] ॥ ਭਉ[16] ਵਟੀ[17] ਇਤੁ[18] ਤਨਿ[19] ਪਾਈਐ[20] ॥	In this[18] body[19] (lamp), put[20] the oil of the practice[15] of reciting the religious books[14] and the wick[17] of Lord's fear[16].	ਇਸ[18] ਦੇਹਿ[19] (ਦੇ ਦੀਵੇ) ਵਿਚ ਧਾਰਮਕ ਗ੍ਰੰਥਾਂ[14] ਦੇ ਪਾਠ ਦੇ ਅਭਿਆਸ[15] ਦਾ ਤੇਲ ਅਤੇ ਸੁਆਮੀ ਦੇ ਡਰ[16] ਦੀ ਬੱਤੀ[17] ਪਾ[20]।
ਸਚੁ[21] ਬੂਝਣੁ[22] ਆਣਿ[23] ਜਲਾਈਐ[24] ॥੨॥	Light[24] this lamp with the fire[23] of the knowledge[22] of the Truth[21].	ਸੱਚ[21] ਦੇ ਗਿਆਨ[22] ਦੀ ਅੱਗ[23] ਨਾਲ ਇਸ ਦੀਵੇ ਨੂੰ ਬਾਲ[24]।
ਇਹੁ[25] ਤੇਲੁ[26] ਦੀਵਾ ਇਉ[27] ਜਲੈ[28] ॥	With this[25] oil[26] thus[27] shall (thy) lamp burn[28].	ਇਸ[25] ਤੇਲ[26] ਨਾਲ ਇੰਵ[27] (ਤੇਰਾ) ਦੀਵਾ ਬਲੇਗਾ[28]।
ਕਰਿ ਚਾਨਣੁ[29] ਸਾਹਿਬ ਤਉ[30] ਮਿਲੈ[31] ॥੧॥ ਰਹਾਉ ॥	Make such light[29] and then[30] shalt thou meet[31] the Lord. Pause.	ਅਜੇਹਾ ਚਾਨਣ[29] ਕਰ, ਤਦ[30] ਤੂੰ ਸੁਆਮੀ ਨੂੰ ਮਿਲ[31] ਪਵੇਂਗਾ। ਠਹਿਰਾਉ।
ਇਤੁ[32] ਤਨਿ[33] ਲਾਗੈ[34] ਬਾਣੀਆ[35] ॥ ਸੁਖੁ[36] ਹੋਵੈ[37] ਸੇਵ[38] ਕਮਾਣੀਆ[39] ॥	When the Word[35] (of His Name) softens[34] this[32] body-soul[33] and service[38] is performed[39], happiness[36] is obtained[37].	ਜਦ (ਨਾਮ ਰੂਪੀ) ਬਾਣੀ[35] ਇਸ[32] ਦੇਹ-ਆਤਮਾ[33] ਨੂੰ ਮੋਮ[34] ਕਰ ਦਿੰਦੀ ਹੈ ਅਤੇ ਘਾਲ[38] ਕਮਾਈ[39] ਜਾਂਦੀ ਹੈ ਤਾਂ ਸੁਖ[36] ਪਾਈਦਾ[37] ਹੈ।
੨੬	26	੨੬
ਸਭ ਦੁਨੀਆ[40] ਆਵਣ ਜਾਣੀਆ[41] ॥੩॥	All the world[40] continues coming and going[41].	ਸਾਰਾ ਜਗ[40] ਆਉਂਦਾ ਤੇ ਜਾਂਦਾ[41] ਰਹਿੰਦਾ ਹੈ।
ਵਿਚਿ ਦੁਨੀਆ ਸੇਵ[42]	In this world perform[43] Lord's	ਇਸ ਸੰਸਾਰ ਅੰਦਰ ਸੁਆਮੀ ਦੀ ਚਾਕਰੀ[42]

ਕਮਾਈਐ[43] ॥	service[42].	ਕਰ[43] ।
ਤਾ[44] ਦਰਗਹ[45] ਬੈਸਣੁ[46] ਪਾਈਐ[47] ॥ ਕਹੁ[50] ਨਾਨਕ ਬਾਹ[48] ਲੁਡਾਈਐ[49] ॥੪॥ ੩੩ ॥	Then,[44] (shalt thou) get[47] a seat[46] in Master's Court,[45] and swing[49] thy arm[48] (happily,) says[50] Nanak.	ਤਾਂ[44] (ਤੈਨੂੰ) ਮਾਲਕ ਦੇ ਦਰਬਾਰ[45] ਵਿਚ ਬੈਠਨ[46] ਦੀ ਥਾਂ ਮਿਲੇਗੀ[47] । (ਅਤੇ ਤੂੰ ਖੁਸ਼ੀ ਨਾਲ) ਆਪਣੀ ਭੁਜਾ[48] ਉਲਾਰੇਂਗਾ[49], ਗੁਰੂ ਜੀ ਆਖਦੇ[50] ਹਨ।
ਸਿਰੀ ਰਾਗੁ ਮਹਲਾ ੩ ਘਰੁ ੧	Sri Rag, Third Guru	ਸਿਰੀ ਰਾਗ, ਤੀਜੀ ਪਾਤਸ਼ਾਹੀ।
੧ੴ ਸਤਿਗੁਰ ਪ੍ਰਸਾਦਿ ॥	There is but one God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਹਉ[51] ਸਤਿਗੁਰੁ ਸੇਵੀ[52] ਆਪਣਾ ਇਕਮਨਿ[53] ਇਕਚਿਤਿ[54] ਭਾਇ[55] ॥	I[51] lovingly[55] serve[52] my True Guru with single mind[53] and rapt attention[54].	ਮੈਂ[51] ਇਕਾਗ੍ਰਤਾ[53] ਤੇ ਮਗਨ-ਬ੍ਰਿਤੀ[54] ਨਾਲ[55] ਆਪਣੇ ਸੱਚੇ ਗੁਰਾਂ ਦੀ ਘਾਲ[52] ਘਾਲਦਾ ਹਾਂ !
ਸਤਿਗੁਰੁ ਮਨ ਕਾਮਨਾ[56] ਤੀਰਥੁ[57] ਹੈ ਜਿਸ ਨੋ ਦੇਇ ਬੁਝਾਇ[58] ॥	He, whom God instructs,[58] beholds in the True Guru the heart's desire[56], the place-of-pilgrimage[57].	ਜਿਸ ਨੂੰ ਵਾਹਿਗੁਰੂ ਦਰਸਾਉਂਦਾ[58] ਹੈ, ਉਹ ਸੱਚੇ ਗੁਰਾਂ ਅੰਦਰ ਮਨ ਦੀ[56] ਇੱਛਾ ਪੂਰਨ ਕਰਨ ਵਾਲਾ ਯਾਤਰਾ-ਅਸਥਾਨ[57] ਦੇਖਦਾ ਹੈ।
ਮਨਚਿੰਦਿਆ[59] ਵਰੁ[60] ਪਾਵਣਾ ਜੋ[61] ਇਛੈ[62] ਸੋ[63] ਫਲੁ[64] ਪਾਇ ॥	He attains the mind-desired[59] blessing[60] and obtains the[63] boon[64] that[61] he wills[62].	ਉਸ ਨੂੰ ਚਿੱਤ ਚਾਹੁੰਦੀ[59] ਮਿਹਰ[60] ਪਰਾਪਤ ਹੋ ਜਾਂਦੀ ਹੈ ਅਤੇ ਜਿਸ[61] ਨੂੰ ਉਹ ਲੋੜਦਾ[62] ਹੈ, ਉਹ ਉਸ[63] ਮੁਰਾਦ[64] ਨੂੰ ਪਾ ਲੈਂਦਾ ਹੈ।
ਨਾਉ ਧਿਆਈਐ[65] ਨਾਉ ਮੰਗੀਐ[66] ਨਾਮੇ[67] ਸਹਜਿ[68] ਸਮਾਇ[69] ॥੧॥	Meditate[65] on God's Name, worship[66] the Name and through the Name[67] enter[69] the realm of supreme bliss[68].	ਹਰੀ ਨਾਮ ਦਾ ਸਿਮਰਨ[65] ਕਰ, ਨਾਮ ਦੀ ਉਪਾਸ਼ਨਾ[66] ਸਾਧ, ਅਤੇ ਨਾਮ ਦੇ ਰਾਹੀਂ[67] ਪਰਮ ਅਨੰਦ[68] ਦੇ ਮੰਡਲ ਵਿਚ ਪ੍ਰਵੇਸ਼[69] ਕਰ।
ਮਨ[74] ਮੇਰੇ ਹਰਿਰਸੁ[70] ਚਾਖੁ[71] ਤਿਖ[72] ਜਾਇ[73] ॥	O' my mind[74]! quaff[71] God's elixir[70] thus thy thirst[72] shalt depart[73].	ਹੇ ਮੇਰੀ ਜਿੰਦੇ[74]! ਵਾਹਿਗੁਰੂ ਅੰਮ੍ਰਿਤ[70] ਨੂੰ ਪਾਨ[71] ਕਰ, ਇੰਜ ਤੇਰੀ ਤਰੇਹ[72] ਦੂਰ[73] ਹੋ ਜਾਵੇਗੀ।
ਜਿਨੀ ਗੁਰਮੁਖਿ[74]*ਚਾਖਿਆ[77] ਸਹਜੇ[75] ਰਹੇ ਸਮਾਇ[76] ॥ ੧ ਰਹਾਉ ॥	They, who have tasted[77] it, through the Guru[74]*, easily[75], remain absorbed[76] in the Lord. Pause.	ਜਿਨ੍ਹਾਂ ਨੇ ਗੁਰਾਂ ਦੁਆਰਾ[74]*, ਇਸ ਨੂੰ ਚੱਖਿਆ[77] ਹੈ, ਉਹ ਸੁਖੈਨ[75] ਹੀ ਸਾਈਂ ਵਿਚ ਲੀਨ[76] ਰਹਿੰਦੇ ਹਨ। ਠਹਿਰਾਉ।
ਜਿਨੀ ਸਤਿਗੁਰੁ ਸੇਵਿਆ[78] ਤਿਨੀ[79] ਪਾਇਆ ਨਾਮੁ ਨਿਧਾਨੁ[80] ॥	They[79], who have served[78] the True Guru, have obtained the Name treasure[80].	ਜਿਨ੍ਹਾਂ ਨੇ ਸੱਚੇ ਗੁਰਾਂ ਦੀ ਟਹਿਲ ਕਮਾਈ[78] ਹੈ, ਉਨ੍ਹਾਂ[79] ਨੂੰ ਨਾਮ ਦਾ ਖ਼ਜ਼ਾਨਾ[80] ਪਰਾਪਤ ਹੋਇਆ ਹੈ।
ਅੰਤਰਿ[81] ਹਰਿਰਸੁ[82] ਰਵਿ[83] ਰਹਿਆ ਚੂਕਾ[84] ਮਨਿ[85] ਅਭਿਮਾਨੁ[86] ॥	Their heart[81] remains saturated[83] with God's elixir[82] and their mental[85] pride[86] is anulled[84].	ਉਨ੍ਹਾਂ ਦਾ ਮਨ[81] ਵਾਹਿਗੁਰੂ-ਅੰਮ੍ਰਿਤ[82] ਨਾਲ ਤਰੋਤਰ[83] ਰਹਿੰਦਾ ਹੈ ਅਤੇ ਉਨ੍ਹਾਂ ਦਾ ਮਾਨਸਕ[85] ਹੰਕਾਰ[86] ਦੂਰ[84] ਹੋ ਜਾਂਦਾ ਹੈ।
ਹਿਰਦੈ[87] ਕਮਲੁ[88] ਪ੍ਰਗਾਸਿਆ[89] ਲਾਗਾ[90] ਸਹਜਿ[91] ਧਿਆਨੁ[92] ॥	Their mind[87] lotus[88] blooms[89] and their attention[92] remains fixed[90] (in the Lord) in the State of Equipoise[91].	ਉਨ੍ਹਾਂ ਦਾ ਅੰਤਸ਼ਕਰਨ[87]-ਕੰਵਲ[88] ਖਿੜ[89] ਜਾਂਦਾ ਹੈ ਅਤੇ ਉਨ੍ਹਾਂ ਦੀ ਬ੍ਰਿਤੀ[92] (ਸਾਹਿਬ ਵਿਚ) ਅਡੋਲ[91] ਰੂਪ ਜੁੜੀ[90] ਰਹਿੰਦੀ ਹੈ।

ਮਨੁ[93] ਨਿਰਮਲੁ[94] ਹਰਿ ਰਵਿ[95] ਰਹਿਆ ਪਾਇਆ ਦਰਗਹਿ[96] ਮਾਨੁ[97] ॥੨॥	Their mind[93] becomes pure[94], they remain absorbed[95] in God and receive honour[97] in His Court[96].	ਉਨ੍ਹਾਂ ਦੀ ਆਤਮਾ[93] ਪਵਿੱਤ੍ਰ[94] ਹੋ ਜਾਂਦੀ ਹੈ। ਉਹ ਪਰਮਾਤਮਾ ਵਿਚ ਸਮਾਏ[95] ਰਹਿੰਦੇ ਹਨ ਤੇ ਉਸ ਦੇ ਦਰਬਾਰ[96] ਵਿਚ ਮਾਨ[97] ਪਾਉਂਦੇ ਹਨ।
ਸਤਿਗੁਰੁ ਸੇਵਨਿ[98] ਆਪਣਾ ਤੇ[99] ਵਿਰਲੇ[100] ਸੰਸਾਰਿ ॥	In this world, rare[100] are they[99] who serve[98] their True Guru.	ਇਸ ਜੱਗ ਵਿਚ ਟਾਵੇਂ[100] ਹੀ ਹਨ ਉਹ[99] ਜਿਹੜੇ ਆਪਣੇ ਸੱਚੇ ਗੁਰਾਂ ਦੀ ਟਹਿਲ[98] ਕਮਾਉਂਦੇ ਹਨ।
ਹਉਮੈ[2] ਮਮਤਾ[3] ਮਾਰਿ[4] ਕੈ ਹਰਿ ਰਾਖਿਆ [5]ਉਰਧਾਰਿ[6] ॥	Having stilled[4] their self-conceit[2] and worldly love[3] they keep God clasped[6] to their heart[5].	ਆਪਣੀ ਸਵੈ-ਹੰਗਤਾ[2] ਤੇ ਸੰਸਾਰੀ[3] ਮੋਹ ਨੂੰ ਨਵਿਰਤ[4] ਕਰਕੇ ਉਹ ਵਾਹਿਗੁਰੂ ਨੂੰ ਆਪਣੇ ਦਿਲ[5] ਨਾਲ ਲਾਈ[6] ਰੱਖਦੇ ਹਨ।
ਹਉ[2*] ਤਿਨ ਕੈ ਬਲਿ-[7] ਹਾਰਣੈ ਜਿਨਾ ਨਾਮੇ ਲਗਾ[8] ਪਿਆਰੁ[9] ॥	I[2*] am a sacrifice[7] unto them, who are[8] in love[9] with God's Name.	ਮੈਂ[2*] ਉਨ੍ਹਾਂ ਤੋਂ ਵਾਰਿਆ[7] ਜਾਂਦਾ ਹਾਂ ਜਿਨ੍ਹਾਂ ਦੀ ਹਰੀ ਨਾਮ ਨਾਲ ਪ੍ਰੀਤ[9] ਹੈ[8]।
ਸੇਈ[10] ਸੁਖੀਏ[11] ਚਹੁ ਜੁਗੀ[12] ਜਿਨਾ ਨਾਮੁ ਅਖੁਟੁ[13] ਅਪਾਰੁ[14] ॥੩॥	They[10] who possess the inexhaustible[13] Name, of the Infinite Lord[14], remain happy[11] in the four ages[12].	ਜਿਨ੍ਹਾਂ ਦੇ ਪੱਲੇ ਬੇਅੰਤ ਸੁਆਮੀ[14] ਦਾ ਅਤੁੱਟ[13] ਨਾਮ ਹੈ, ਉਹ[10] ਚਾਰੇ ਯੁਗਾਂ[12] ਅੰਦਰ ਪ੍ਰਸੰਨ[11] ਰਹਿੰਦੇ ਹਨ।
ਗੁਰਿ ਮਿਲਿਐ[15] ਨਾਮੁ ਪਾਈਐ[19] ਚੂਕੈ[16] ਮੋਹ[17] ਪਿਆਸ[18] ॥	By meeting[15] the Guru, God's Name is obtained[19] and the thirst[18] of worldly love[17] departs[16].	ਗੁਰਾਂ ਨੂੰ ਭੇਟਣ[15] ਦੁਆਰਾ ਹਰੀ ਨਾਮ ਪਰਾਪਤ[19] ਹੁੰਦਾ ਹੈ ਅਤੇ ਸੰਸਾਰੀ ਮਮਤਾ[17] ਦੀ ਤਰੇਹ[18] ਦੂਰ[16] ਹੋ ਜਾਂਦੀ ਹੈ।
ਹਰਿ ਸੇਤੀ[20] ਮਨੁ[21] ਰਵਿ ਰਹਿਆ[22] ਘਰ ਹੀ[23] ਮਾਹਿ ਉਦਾਸੁ[24] ॥	(The Guru-wards) mentally[23] get detached[24] from the world and their soul[21] remains blended[22] with God[20].	(ਗੁਰਮੁਖ) ਮਾਨਸਕ ਤੌਰ[23] ਤੇ ਸੰਸਾਰ ਵਲੋਂ ਉਪਰਾਮ[24] ਹੋ ਜਾਂਦੇ ਹਨ ਅਤੇ ਉਹਨਾਂ ਦੀ ਆਤਮਾ[21] ਵਾਹਿਗੁਰੂ[20] ਨਾਲ ਅਭੇਦ[22] ਹੋਈ ਰਹਿੰਦੀ ਹੈ।
ਜਿਨਾ ਹਰਿ ਕਾ ਸਾਦੁ[25] ਆਇਆ[26] ਹਉ ਤਿਨ ਬਲਿਹਾਰੈ[27] ਜਾਸੁ[28] ॥	I am[28] a sacrifice[27] unto those, who enjoy[26] the taste[25] of God's Name.	ਮੈਂ ਉਨ੍ਹਾਂ ਉਤੋਂ ਸਦਕੇ[27] ਜਾਂਦਾ[28] ਹਾਂ ਜੋ ਵਾਹਿਗੁਰੂ ਦੇ ਨਾਮ ਦਾ ਸੁਆਦ[25] ਮਾਣਦੇ[26] ਹਨ।
ਨਾਨਕ ਨਦਰੀ[29] ਪਾਈਐ ਸਚੁ ਨਾਮੁ[30] [31]ਗੁਣਤਾਸੁ[32]॥੪॥੧॥੩੪॥	O, Nanak ! By Lord's grace[29] is obtained True Name[30], the Treasure[32] of Excellences[31].	ਹੇ ਨਾਨਕ ! ਸੁਆਮੀ ਦੀ ਮਿਹਰ[29] ਦੁਆਰਾ ਸਰੇਸ਼ਟਤਾਈਆਂ[31] ਦਾ ਖ਼ਜ਼ਾਨਾ[32] ਸਤਿਨਾਮ[30] ਪਰਾਪਤ ਹੁੰਦਾ ਹੈ।
ਸਿਰੀ ਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ।
ਬਹੁ[33] ਭੇਖ[34] ਕਰਿ[35] ਭਰਮਾਈਐ[36] ਮਨਿ[37] ਹਿਰਦੈ[38] ਕਪਟੁ[39] ਕਮਾਇ[40] ॥	Those who put on[35] many[33] garbs[34] and wander[36] about, but with their heart[37] and mind[38] practise[40] deception[39].	ਪ੍ਰਾਨੀ ਬਹੁਤੇ[33] ਭੇਖ[34] ਧਾਰਨ[35] ਕਰਦੇ ਤੇ ਬਾਹਰ ਭਰਮਦੇ[36] ਹਨ। ਪ੍ਰੰਤੂ ਆਪਣੇ ਦਿਲ[37] ਤੇ ਚਿੱਤ[38] ਨਾਲ ਠੱਗੀ ਠੋਰੀ[39] ਕਰਦੇ[40] ਹਨ।
ਹਰਿ ਕਾ ਮਹਲੁ[41] ਨ ਪਾਵਈ ਮਰਿ[45] ਵਿਸਟਾ[42] ਮਾਹਿ[44] ਸਮਾਇ[43] ॥੧॥	They obtain not God's house[41] (presence) and merge[43] in[44] ordure[42] after death[45].	ਉਹ ਰੱਬ ਦੇ ਘਰ[41] (ਹਜ਼ੂਰੀ) ਨੂੰ ਪਰਾਪਤ ਨਹੀਂ ਹੁੰਦੇ ਅਤੇ ਮਰਨ[45] ਪਿਛੋਂ ਗੰਦਗੀ[42] ਅੰਦਰ[44] ਗ਼ਰਕ[43] ਹੋ ਜਾਂਦੇ ਹਨ।
ਮਨ[46] ਰੇ[47] ਗ੍ਰਿਹ[48] ਹੀ	In thy own house[48], O'[47] my soul[46]	ਆਪਣੇ ਘਰ[48] ਵਿਚ ਹੀ, ਹੇ ਮੇਰੀ[47] ਆਤਮਾ[46] !

ਮਾਹਿ ਉਦਾਸੁ[49] ॥

remain detached from the world[49].

ਸੰਸਾਰ[49] ਵਲੋਂ ਉਪ੍ਰਾਮ ਰਹੁ ।

ਸਚੁ[50] ਸੰਜਮੁ[51] ਕਰਣੀ[52] ਸੋ[53] ਕਰੇ[54] ਗੁਰਮੁਖਿ[55] ਹੋਇ ਪਰਗਾਸੁ[56] ॥ ੧ ॥ ਰਹਾਉ ॥

He[53] who has been enlightened[56] by Guru's instruction[55], practises[54] righteousness[50], self-mortification[51] and virtuous actions[52]. Pause.

ਗੁਰਾਂ ਦੇ ਉਪਦੇਸ਼[55] ਦੁਆਰਾ ਜਿਸ ਨੂੰ ਪ੍ਰਕਾਸ਼ ਹੋਇਆ[56] ਹੈ, ਉਹ[53] ਸੱਚਾਈ[50], ਸਾਧਨਾ[51] ਅਤੇ ਨੇਕ ਅਮਲ[52] ਧਾਰਨ[54] ਕਰਦਾ ਹੈ । ਠਹਿਰਾਉ ।

ਗੁਰ ਕੈ ਸਬਦਿ[57] ਮਨੁ[58] ਜੀਤਿਆ[59] ਗਤਿ[60] ਮੁਕਤਿ[61] ਘਰੈ ਮਹਿ[62] ਪਾਇ ॥

The mortal, who by Guru's instruction[57], conquers[59] his mind[58], obtains salvation[60] and deliverance[61] in[62] his own home.

ਗੁਰਾਂ ਦੇ ਉਪਦੇਸ਼[57] ਦੁਆਰਾ ਜਿਹੜਾ ਪ੍ਰਾਣੀ ਆਪਣੇ ਮਨੂਏ[58] ਨੂੰ ਜਿੱਤ[59] ਲੈਂਦਾ ਹੈ, ਉਹ ਮੋਖਸ਼[60] ਤੇ ਕਲਿਆਣ[61] ਨੂੰ ਆਪਣੇ ਗ੍ਰਿਹ ਅੰਦਰ[62] ਹੀ ਪਾ ਲੈਂਦਾ ਹੈ ।

ਹਰਿ ਕਾ ਨਾਮੁ ਧਿਆਈਐ[63] ਸਤਸੰਗਤਿ ਮੇਲਿ[64] ਮਿਲਾਇ[65] ॥੨॥

Joining[64] the union[65] of the society of Saints, meditate[63] on the Name of God.

ਸਾਧ ਸੰਗਤ ਦੇ ਮਿਲਾਪ[64] ਵਿਚ ਜੁੜ[65] ਕੇ ਵਾਹਿਗੁਰੂ ਦੇ ਨਾਮ ਦਾ ਆਰਾਧਨ[63] ਕਰ ।

ਜੇ[66] ਲਖ[67] ਇਸਤਰੀਆ[68] ਭੋਗ ਕਰਹਿ[69] ਨਵਖੰਡ[70] ਰਾਜੁ ਕਮਾਹਿ[71] ॥

Even though[66], thou cohabit[69] with hundreds of thousands[67] of ladies[68] and rule over[71] the nine regions[70] of the world.

ਭਾਵੇਂ[66] ਤੂੰ ਲੱਖਾਂ[67] ਹੀ ਤ੍ਰੀਮਤਾਂ[68] ਨਾਲ ਭੋਗ-ਬਿਲਾਸ[69] ਕਰੇਂ ਅਤੇ ਦੁਨੀਆਂ ਦੇ ਨੌਂ ਖਿੱਤਿਆਂ[70] ਤੇ ਹਕੂਮਤ[71] ਕਰੇਂ ।

ਬਿਨੁ ਸਤਗੁਰ ਸੁਖੁ[72] ਨ ਪਾਵਈ ਫਿਰਿ ਫਿਰਿ[73] ਜੋਨੀ[74] ਪਾਹਿ[75] ॥ ੩ ॥

Even then, without the True Guru, thou shalt not obtain happiness[72] and receive[75] births[74] over and over again[73].

ਫਿਰ ਭੀ ਸੱਚੇ ਗੁਰਾਂ ਦੇ ਬਗੈਰ ਤੈਨੂੰ ਖ਼ੁਸ਼ੀ[72] ਪਰਾਪਤ ਨਹੀਂ ਹੋਣੀ ਅਤੇ ਤੂੰ ਮੁੜ ਮੁੜ[73] ਕੇ ਜੂਨੀਆਂ[74] ਵਿਚ ਪਏਂਗਾ[75] ।

ਹਰਿ ਹਾਰੁ[76] ਕੰਠਿ[77] ਜਿਨੀ ਪਹਿਰਿਆ[78] ਗੁਰ[79] ਚਰਣੀ ਚਿਤੁ[80] ਲਾਇ[81] ॥ ਤਿਨਾ ਪਿਛੈ ਰਿਧਿ[82] ਸਿਧਿ[83] ਫਿਰੈ ਓਨਾ ਤਿਲੁ[84] ਨ ਤਮਾਇ[85] ॥੪॥

Wealth[82] and supernatural[83] powers follow those, though they care[85] them not even to a sesame's[84] extent, who wear[78] round their neck[77] God's Necklace[76] and fix[81] their mind[80] on Guru's feet[79].

ਧਨ[82] ਤੇ ਕਰਾਮਾਤੀ ਸ਼ਕਤੀਆਂ[83] ਉਨ੍ਹਾਂ ਦੇ ਪਿਛੇ ਲੱਗੀਆਂ ਫਿਰਦੀਆਂ ਹਨ, ਭਾਵੇਂ ਉਨ੍ਹਾਂ ਨੂੰ ਉਨ੍ਹਾਂ ਦੀ ਭੋਰਾ[84] ਭੀ ਚਾਹ[85] ਨਹੀਂ, ਜਿਹੜੇ ਗਲੇ[77] ਵਿਚ ਵਾਹਿਗੁਰੂ ਦੀ ਮਾਲਾ[76] ਪਹਿਨਦੇ[78] ਹਨ ਅਤੇ ਆਪਣੇ ਮਨ[80] ਨੂੰ ਗੁਰਾਂ ਦੇ ਚਰਨਾਂ[79] ਨਾਲ ਜੋੜਦੇ[81] ਹਨ ।

ਜੋ[86] ਪ੍ਰਭ[87] ਭਾਵੈ ਸੋ[88] ਥੀਐ[89] ਅਵਰੁ[90] ਨ ਕਰਣਾ[91] ਜਾਇ ॥

Whatever[86] pleases[87] the Lord, that[88] comes[89] to pass, nothing else[90] can be done[91].

ਜਿਹੜਾ ਕੁਝ[86] ਸੁਆਮੀ ਨੂੰ ਚੰਗਾ[87] ਲੱਗਦਾ ਹੈ, ਉਹੀ[88] ਹੁੰਦਾ[89] ਹੈ, ਹੋਰ ਕੁਛ[90] ਕੀਤਾ[91] ਨਹੀਂ ਜਾ ਸਕਦਾ ।

ਜਨੁ[91]* ਨਾਨਕੁ ਜੀਵੈ ਨਾਮੁ ਲੈ[92] ਹਰਿ ਦੇਵਹੁ[93] ਸਹਜਿ[94] ਸੁਭਾਇ ॥ ੫॥੨॥੩੫॥

Slave[91]* Nanak lives by repeating[92] the Name. O' Lord ! by Thine natural disposition[94], grant[93] (that to me).

ਗ਼ੁਲਾਮ[91]* ਨਾਨਕ ਨਾਮ ਉਚਾਰਨ[92] ਕਰਕੇ ਜੀਉਂਦਾ ਹੈ । ਹੇ ਪ੍ਰਭੂ ! ਆਪਣੇ ਕੁਦਰਤੀ ਸੁਭਾਅ ਅਨੁਸਾਰ (ਇਸ ਦੀ ਮੈਨੂੰ) ਦਾਤ ਬਖ਼ਸ਼[93] ।

੨੭

ਸਿਰੀਰਾਗੁ ਮਹਲਾ ੩ ਘਰੁ ੧ ॥

27

Sri Rag, Third Guru.

੨੭

ਸਿਰੀ ਰਾਗ, ਤੀਜੀ ਪਾਤਸ਼ਾਹੀ ।

ਜਿਸ[95] ਹੀ ਕੀ ਸਿਰਕਾਰ[96] ਹੈ ਤਿਸ ਹੀ ਕਾ ਸਭੁ[97] ਕੋਇ ॥	Every thing[97] belongs to Him, who[95] has authority[96] over all.	ਹਰ ਸ਼ੈ[97] ਉਸੇ ਦੀ ਹੀ ਹੈ, ਜਿਸ ਦਾ[95] ਸਭ ਉਤੇ ਅਧਿਕਾਰ[96] ਹੈ।
ਗੁਰਮੁਖਿ[98] ਕਾਰ[99] ਕਮਾਵਣੀ[100] ਸਚੁ[2] ਘਟਿ[3] ਪਰਗਟੁ[4] ਹੋਇ ॥	The True-Lord[2] manifests[4] Himself in the heart[3] of him, who does[100] good deeds[99] under Guru's guidance[98].	ਸਤਿਪੁਰਖ[2] ਉਸ ਦੇ ਦਿਲ[3] ਅੰਦਰ ਜ਼ਾਹਰ[4] ਹੁੰਦਾ ਹੈ, ਜੋ ਗੁਰਾਂ ਦੀ ਅਗਵਾਈ[98] ਹੇਠ ਚੰਗੇ ਕਰਮ[99] ਕਰਦਾ[100] ਹੈ।
ਅੰਤਰਿ[5] ਜਿਸ ਕੈ ਸਚੁ[6] ਵਸੈ[7] ਸਚੇ[8] ਸਚੀ[9] ਸੋਇ[10] ॥	True[9] is the reputation[10] of the true person[8], within whose mind[5] the True-Lord[6] dwells[7].	ਸੱਚੀ[9] ਹੈ ਸ਼ੁਹਰਤ[10] ਸੱਚੇ ਪੁਰਸ਼[8] ਦੀ, ਜਿਸ ਦੇ ਮਨ[5] ਅੰਦਰ ਸੱਚਾ-ਸੁਆਮੀ[6] ਨਿਵਾਸ[7] ਰੱਖਦਾ ਹੈ।
ਸਚਿ[11] ਮਿਲੇ[12] ਸੇ[13] ਨ ਵਿਛੁੜਹਿ[14] ਤਿਨ[15] ਨਿਜ-ਘਰਿ[16] ਵਾਸਾ[17] ਹੋਇ ॥੧॥	They[13] who meet[12] the True Being[11] separate[14] not, again. They[15] secure abode[17] in their own home[16].	ਜੋ ਸਤਿਪੁਰਖ[11] ਨੂੰ ਭੇਟ[12] ਲੈਂਦੇ ਹਨ, ਉਹ[13] ਮੁੜ ਕੇ ਵੱਖਰੇ[14] ਨਹੀਂ ਹੁੰਦੇ। ਉਹ[15] ਆਪਣੇ ਨਿਜ ਦੇ ਗ੍ਰਿਹ[16] ਅੰਦਰ ਵਸੇਬਾ[17] ਪਾ ਲੈਂਦੇ ਹਨ।
ਮੇਰੇ ਰਾਮ[18] ਮੈ ਹਰਿ ਬਿਨੁ[19] ਅਵਰੁ[20] ਨ ਕੋਇ ॥	O' my Omnipresent Lord[18] ! I have no other[20] except[19] God.	ਹੇ, ਮੇਰੇ ਸਰਬ-ਵਿਆਪਕ[18] ਸੁਆਮੀ ! ਮੇਰਾ ਪ੍ਰਭੂ ਤੋਂ ਬਿਨਾਂ[19] ਹੋਰ ਕੋਈ[20] ਨਹੀਂ।
ਸਤਗੁਰੁ ਸਚੁ[21] ਪ੍ਰਭੁ[22] ਨਿਰਮਲਾ[23] ਸਬਦਿ[24] ਮਿਲਾਵਾ[25] ਹੋਇ ॥ ੧ ॥ ਰਹਾਉ ॥	The True[21] Immaculate[23] Lord[22] is met[25] by the instruction[24] of the True Guru. Pause.	ਸਦਾ[21] ਪਵਿੱਤਰ[23] ਸਾਹਿਬ[22], ਸੱਚੇ ਗੁਰਾਂ ਦੇ ਉਪਦੇਸ਼[24] ਦੁਆਰਾ ਭੇਟਿਆ[25] ਜਾਂਦਾ ਹੈ। ਠਹਿਰਾਉ।
ਸਬਦਿ[26]ਮਿਲੈ[32]ਸੋ[27]ਮਿਲਿ[28] ਰਹੈ ਜਿਸ[29] ਨਉ ਆਪੇ[30] ਲਏ ਮਿਲਾਇ[31] ॥	He[27], whom[29] God Himself[30] unites[31], meets[32] Him[26] and remains blended[28] with Him.	ਜਿਸ[29] ਨੂੰ ਉਹ ਖ਼ੁਦ[30] ਮਿਲਾਉਂਦਾ[31] ਹੈ, ਉਹ[27] ਹਰੀ[26] ਨੂੰ ਮਿਲ ਪੈਂਦਾ[32] ਹੈ ਅਤੇ ਉਸ ਨਾਲ ਅਭੇਦ ਹੋਇਆ[28] ਰਹਿੰਦਾ ਹੈ।
ਦੂਜੈ ਭਾਇ[33] ਕੋ ਨਾ ਮਿਲੈ ਫਿਰਿ[34] ਫਿਰਿ ਆਵੈ ਜਾਇ[35] ॥	Through profane love[33] none meets God and he, over and over again[34] continues coming and going[35].	ਦਵੈਤ-ਭਾਵ[33] ਰਾਹੀਂ ਕੋਈ ਭੀ ਵਾਹਿਗੁਰੂ ਨੂੰ ਨਹੀਂ ਮਿਲਦਾ, ਤੇ ਉਹ ਮੁੜ ਮੁੜ[34] ਕੇ ਆਉਂਦਾ ਤੇ ਜਾਂਦਾ[35] ਰਹਿੰਦਾ ਹੈ।
ਸਭ[36] ਮਹਿ[37] ਇਕੁ ਵਰਤਦਾ[38] ਏਕੋ[39] ਰਹਿਆ ਸਮਾਇ[40] ॥	The One (Lord) is dwelling[38] amongst[37] all. (He, the Unique) One[39] is pervading[40] every-where.	ਇਕ (ਸਾਹਿਬ) ਸਾਰਿਆਂ[36] ਅੰਦਰ[37] ਰਮਿਆ[38] ਹੋਇਆ ਹੈ। (ਉਹ) ਇਕ[39] (ਅਦੁੱਤੀ) ਹਰ ਥਾਂ ਵਿਆਪਕ[40] ਹੋ ਰਿਹਾ ਹੈ।
ਜਿਸ ਨਉ[41] ਆਪਿ[42] ਦਇਆਲੁ[43] ਹੋਇ ਸੋ[44] ਗੁਰਮੁਖਿ[45] ਨਾਮਿ ਸਮਾਇ[46] ॥ ੨ ॥	He[44], to whom[41] God Himself[42] becomes Merciful[43], gets absorbed[46] in His Name, by the Guru's grace[45].	ਜਿਸ[41] ਤੇ ਵਾਹਿਗੁਰੂ ਖ਼ੁਦ[42] ਮਿਹਰਬਾਨ[43] ਹੁੰਦਾ ਹੈ, ਉਹ[44], ਗੁਰਾਂ ਦੀ ਦਇਆ[45] ਦੁਆਰਾ, ਉਸ ਦੇ ਨਾਮ ਅੰਦਰ ਲੀਨ[46] ਹੋ ਜਾਂਦਾ ਹੈ।
ਪੜਿ ਪੜਿ[47] ਪੰਡਿਤ[48] ਜੋਤਕੀ[49] ਵਾਦ[50] ਕਰਹਿ[51] ਬੀਚਾਰੁ[52] ॥	After reading and perusing[47] the scholars[48] and astrologers[49] resort[51] to controversies[50] and quibbles[52]	ਪੜ੍ਹ ਵਾਚ[47] ਕੇ ਵਿਦਵਾਨ[48] ਅਤੇ ਨਜੂਮੀਏ[49], ਬਖੇੜੇ[50] ਤੇ ਹੁੱਜਤਾਂ[52] ਕਰਦੇ[51] ਹਨ।

ਮਤਿ[53] ਬੁਧਿ[54] ਭਵੀ[55] ਨ ਬੁਝਈ[56] ਅੰਤਰਿ[57] ਲੋਭੁ[58] ਵਿਕਾਰੁ[59] ॥	Pernicious[59] avarice[58] abides within[57] (the mortals, so their) perverted[55] understanding[53] and intellect[54] recognise[56] not the Lord.	ਚੰਦਰਾ[59] ਲਾਲਚ[58] (ਜੀਵਾਂ) ਦੇ ਅੰਦਰ[57] ਵੱਸਦਾ ਹੈ। (ਇਸ ਲਈ ਉਨ੍ਹਾਂ ਦੀ) ਫਿਰੀ[55] ਹੋਈ ਸਮਝ[53] ਅਤੇ ਅਕਲ[54] ਸੁਆਮੀ ਨੂੰ ਨਹੀਂ ਸਿੰਞਾਣਦੀ[56]।
ਲਖ ਚਉਰਾਸੀਹ ਭਰਮਦੇ[60] ਭ੍ਰਮਿ ਭ੍ਰਮਿ[61] ਹੋਇ ਖੁਆਰੁ[62] ॥	They wander[60] in eighty-four lakhs of species and in their roaming and rambling[61] become miserable[62].	ਉਹ ਚੁਰਾਸੀ ਲੱਖ ਜੂਨੀਆਂ ਅੰਦਰ ਭੌਂਦੇ[60] ਹਨ ਅਤੇ ਆਪਣੇ ਭਰਮਣ ਤੇ ਭਟਕਣ[61] ਅੰਦਰ ਤਬਾਹ[62] ਹੋ ਜਾਂਦੇ ਹਨ।
ਪੂਰਬਿ[63] ਲਿਖਿਆ[64] ਕਮਾਵਣਾ[65] ਕੋਇ ਨ ਮੇਟਣਹਾਰੁ[66] ॥ ੩ ॥	They act[65] in accordance with the pre-ordained[63] writ[64], which none is potent to erase[66].	ਉਹ ਧੁਰ ਦੀ ਲਿਖੀ ਹੋਈ[63] ਲਿਖਤਕਾਰ[64] ਅਨੁਸਾਰ ਕਰਮ[65] ਕਰਦੇ ਹਨ, ਜਿਸ ਨੂੰ ਕੋਈ ਭੀ ਮੇਟਨ ਦੇ ਸਮਰਥ ਨਹੀਂ[66]।
ਸਤਗੁਰ ਕੀ ਸੇਵਾ[67] ਗਾਖੜੀ[68] ਸਿਰੁ[69] ਦੀਜੈ[70] ਆਪੁ[71] ਗਵਾਇ[72] ॥	The service[67] of the True Guru is hard[68]. It is obtained by surrendering[70] one's head[69] and by eliminating[72] self-conceit[71].	ਸੱਚੇ ਗੁਰਾਂ ਦੀ ਚਾਕਰੀ[67] ਕਠਨ[68] ਹੈ। ਇਹ ਸੀਸ[69] ਭੇਟਾ[70] ਕਰਨ ਅਤੇ ਸਵੈ-ਹੰਗਤਾ[71] ਗਵਾਉਣ[72] ਦੁਆਰਾ ਪਰਾਪਤ ਹੁੰਦੀ ਹੈ।
ਸਬਦਿ[73] ਮਿਲਹਿ[74] ਤਾ[75] ਹਰਿ ਮਿਲੈ ਸੇਵਾ ਪਵੈ ਸਭ ਥਾਇ[76] ॥	If man realises[74] the Word[73], then[75] does he meet God and all his service becomes acceptable[76].	ਜੇਕਰ ਬੰਦਾ ਸ਼ਬਦ[73] ਨੂੰ ਪਰਾਪਤ[74] ਹੋ ਜਾਵੇ ਤਦ[75], ਉਸ ਨੂੰ ਹਰੀ ਮਿਲ ਪੈਂਦਾ ਹੈ ਅਤੇ ਉਸ ਦੀ ਸਮੂਹ ਘਾਲ ਕਬੂਲ ਪੈ ਜਾਂਦੀ[76] ਹੈ।
ਪਾਰਸਿ[77] ਪਰਸਿਐ[78] ਪਾਰਸੁ[79] ਹੋਇ ਜੋਤੀ[80] ਜੋਤਿ[81] ਸਮਾਇ[82] ॥	By coming in contact[78] with the invaluable[77] (personality) of the Guru, the mortal becomes invaluable[79] himself and his light[81] is absorbed[82] in the Supreme Light[80].	ਗੁਰਾਂ ਦੀ ਅਮੋਲਕ[77] (ਵਿਅਕਤੀ) ਨਾਲ ਲੱਗਣ[78] ਦੁਆਰਾ ਜੀਵ ਖ਼ੁਦ ਅਮੋਲਕ[79] ਬਣ ਜਾਂਦਾ ਹੈ ਅਤੇ ਉਸ ਦੀ ਰੋਸ਼ਨੀ[81] ਪਰਮ-ਰੋਸ਼ਨੀ[80] ਅੰਦਰ ਲੀਨ[82] ਹੋ ਜਾਂਦੀ ਹੈ।
ਜਿਨ ਕਉ[83] ਪੂਰਬਿ[84] ਲਿਖਿਆ[85] ਤਿਨ[87] ਸਤਗੁਰੁ ਮਿਲਿਆ ਆਇ[86] ॥੪॥	The True Guru comes and meets[86] those[87], who[83] are so [84]pre-ordained[85].	ਸੱਚਾ ਗੁਰੂ ਉਨ੍ਹਾਂ[87] ਨੂੰ ਆ ਕੇ ਮਿਲ ਪੈਂਦਾ[86] ਹੈ, ਜਿਨ੍ਹਾਂ ਲਈ[83] ਧੁਰੋਂ[84] ਐਸੀ ਲਿਖਤਾਕਾਰ[85] ਹੁੰਦੀ ਹੈ।
ਮਨ[88] ਭੁਖਾ[89] ਭੁਖਾ[90] ਮਤ[91] ਕਰਹਿ[92] ਮਤ ਤੂ ਕਰਹਿ ਪੂਕਾਰ[93] ॥	O' my Soul[88]! cry[92] not[91] that thou art hungry[89] and without provisions[90] and do thou make no complaint[93] regarding it.	ਹੇ ਮੇਰੀ ਜਿੰਦੜੀਏ[88]! ਆਪਣੇ ਖੁਦਿਆਵੰਤ[89] ਅਤੇ ਭੋਜਨ ਦੀ ਸਾਮਗਰੀ ਤੋਂ ਬਗ਼ੈਰ[90] ਹੋਣ ਬਾਰੇ ਪੁਕਾਰ[92] ਨਾ[91] ਕਰ ਤੇ ਨਾ ਹੀ ਤੂੰ ਇਸ ਬਾਰੇ ਸ਼ਿਕਾਇਤ[93] ਕਰ।
ਲਖ ਚਉਰਾਸੀਹ ਜਿਨਿ[94] ਸਿਰੀ[95] ਸਭਸੈ[96] ਦੇਇ[97] ਅਧਾਰੁ[98] ॥	He, who[94] has created[95] eigty-four lakhs of species, gives[97] sustenance[98] to all[96].	ਜਿਸ[94] ਨੇ ਚੁਰਾਸੀ ਲੱਖ ਜੂਨੀਆਂ ਪੈਦਾ ਕੀਤੀਆਂ[95] ਹਨ, ਉਹ ਸਾਰਿਆਂ[96] ਨੂੰ ਅਹਾਰ[98] ਦਿੰਦਾ[97] ਹੈ।
ਨਿਰਭਉ[99] ਸਦਾ[100] ਦਇਆਲੁ[2] ਹੈ ਸਭਨਾ ਕਰਦਾ ਸਾਰ[3] ॥	The Fearless Lord[99] is ever[100] Merciful[2], He takes care[3] of all.	ਭੈ-ਰਹਿਤ[99] ਪ੍ਰਭੂ ਸਦੀਵ[100] ਹੀ ਮਿਹਰਬਾਨ[2] ਹੈ। ਉਹ ਸਾਰਿਆਂ ਦੀ ਸੰਭਾਲ[3] ਕਰਦਾ ਹੈ।

ਨਾਨਕ ਗੁਰਮੁਖਿ[4] ਬੁਝੀਐ[5] ਪਾਈਐ[6] [7]ਮੋਖਦੁਆਰੁ[8] ॥੫॥੩॥੩੬॥	O Nanak ! by understanding[5] Him, through the Guru[4], man obtains[6] the door[7] of salvation[8].	ਹੇ ਨਾਨਕ ! ਗੁਰਾਂ ਦੇ ਰਾਹੀਂ[4] ਉਸ ਨੂੰ ਸਮਝਣ[5] ਦੁਆਰਾ, ਇਨਸਾਨ ਮੁਕਤੀ[7] ਦੇ ਦਰਵਾਜ਼ੇ[8] ਨੂੰ ਪਾ ਲੈਂਦਾ[6] ਹੈ ।
ਸਿਰੀ ਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ ।
ਜਿਨੀ ਸੁਣਿ[9] ਕੈ ਮੰਨਿਆ[10] ਤਿਨਾ[11] [12]ਨਿਜਘਰਿ[13] ਵਾਸੁ[14] ॥	They[11], who hear[9] God's Name and believe[10] in it, obtain an abode[14] in their own[12] home[13].	ਜੋ ਹਰੀ ਨਾਮ ਨੂੰ ਸਰਵਣ[9] ਕਰਦੇ ਅਤੇ ਇਸ ਵਿਚ ਯਕੀਨ[10] ਰਖਦੇ ਹਨ, ਉਹ[11] ਆਪਣੇ ਨਿਜਦੇ[12] ਗ੍ਰਿਹ[13] ਅੰਦਰ ਨਿਵਾਸ[14] ਪਾ ਲੈਂਦੇ ਹਨ ।
ਗੁਰਮਤੀ[15] ਸਾਲਾਹਿ[16] ਸਚੁ[17] ਹਰਿ ਪਾਇਆ [18]ਗੁਣਤਾਸੁ[19] ॥	Under Guru's instructions[15], praise[16] thou the True One[17], thus shalt thou attain God, the treasure[19] of excellences[18].	ਗੁਰਾਂ ਦੇ ਉਪਦੇਸ਼[15] ਤਾਬੇ ਤੂੰ ਸਤਿਪੁਰਖ[17] ਦੀ ਕੀਰਤੀ[16] ਕਰ । ਇਸ ਤਰ੍ਹਾਂ ਤੂੰ ਸਰੇਸ਼ਟਤਾਈਆਂ[18] ਦੇ ਖ਼ਜ਼ਾਨੇ[19] ਵਾਹਿਗੁਰੂ ਨੂੰ ਪਾ ਲਵੇਂਗਾ ।
ਸਬਦਿ[20] ਰਤੇ[21] ਸੇ[22] ਨਿਰਮਲੇ[23] ਹਉ[24] ਸਦ[25] ਬਲਿਹਾਰੈ[26] ਜਾਸੁ[27] ॥	Stainless[23] are they[22], who are imbued[21] with God's Name[20]. I[24] am[27] ever[25] a sacrifice[26] unto them.	ਬੇ-ਦਾਗ[23] ਹਨ ਉਹ[22] ਜਿਹੜੇ ਹਰੀ ਨਾਮ[20] ਨਾਲ ਰੰਗੀਜੇ[21] ਹਨ । ਮੈਂ[24] ਉਨ੍ਹਾਂ ਉਤੋਂ ਹਮੇਸ਼ਾਂ[25] ਹੀ ਕੁਰਬਾਨ[26] ਜਾਂਦਾ[27] ਹਾਂ ।
ਹਿਰਦੈ[28] ਜਿਨ ਕੈ ਹਰਿ ਵਸੈ[29] ਤਿਤੁ[30] ਘਟਿ[31] ਹੈ ਪਰਗਾਸੁ[32] ॥੧॥	The Divine Light[32] shines within the minds[31] of those[30] in whose hearts[28] God dwells[29].	ਰੱਬੀ ਨੂਰ[32] ਉਨ੍ਹਾਂ[30] ਦੇ ਮਨਾਂ[31] ਅੰਦਰ ਚਮਕਦਾ ਹੈ, ਜਿਨ੍ਹਾਂ ਦੇ ਦਿਲਾਂ[28] ਅੰਦਰ ਵਾਹਿਗੁਰੂ ਵੱਸਦਾ[29] ਹੈ ।
ਮਨ[34] ਮੇਰੇ ਹਰਿ ਹਰਿ[33] ਨਿਰਮਲੁ[35] ਧਿਆਇ[36] ॥	O' my soul[34] ! meditate[36] on the immaculate[35] Lord God[33].	ਹੇ ਮੇਰੀ ਜਿੰਦੜੀਏ[34] ! ਸ਼ੁੱਧ[35] ਪ੍ਰਭੂ ਸੁਆਮੀ[33] ਦਾ ਆਰਾਧਨ[36] ਕਰ ।
ਧੁਰਿ[37] ਮਸਤਕਿ[38] ਜਿਨ[39] ਕਉ ਲਿਖਿਆ[40] ਸੇ[41] ਗੁਰਮੁਖਿ[42] ਰਹੇ ਲਿਵ[43] ਲਾਇ[44] ॥੧॥ ਰਹਾਉ ॥	Who[39] bear such primal[37] writ[40] on their brow[38]; by Guru's grace[42], they[41] remain absorbed[44] in Lord's love[43].	ਜਿਨ੍ਹਾਂ[39] ਦੇ ਮੱਥੇ[38] ਉਤੇ ਆਦਿ[37] ਤੋਂ ਐਸੀ ਲਿਖਤਾਕਾਰ[40] ਹੈ; ਗੁਰਾਂ ਦੀ ਦਇਆ[42] ਦੁਆਰਾ ਉਹ[41] ਪ੍ਰਭੂ ਦੀ ਪ੍ਰੀਤ[43] ਅੰਦਰ ਲੀਨ ਰਹਿੰਦੇ[44] ਹਨ ।
ਹਰਿ[48] ਸੰਤਹੁ[45] ਦੇਖਹੁ[46] ਨਦਰਿ[47] ਕਰਿ ਨਿਕਟਿ[49] ਵਸੈ[50] ਭਰਪੂਰਿ[51] ॥	Ye saints[45], see[46] with the searching glance[47] that God[48] abides[50] close[49] by and is fully pervading[51] everywhere.	ਤੁਸੀਂ ਸਾਧੂਓ[45], ਗਹੁ ਦੀ ਨਿਗ੍ਹਾ[47] ਨਾਲ ਤੱਕੋ[46], ਕਿ ਵਾਹਿਗੁਰੂ[48] ਨੇੜੇ ਹੀ[49] ਵੱਸਦਾ[50] ਹੈ ਅਤੇ ਹਰ ਥਾਂ ਪਰੀ-ਪੂਰਨ[51] ਹੈ ।
ਗੁਰਮਤਿ[52] ਜਿਨੀ ਪਛਾਣਿਆ[53] ਸੇ[54] ਦੇਖਹਿ[55] ਸਦਾ[56] ਹਦੂਰਿ[57] ॥	They[54], who by Guru's teaching[52], recognise[53] God, ever[56] behold[55] Him just present[57].	ਜੋ ਗੁਰਾਂ ਦੇ ਉਪਦੇਸ਼[52] ਦੁਆਰਾ ਹਰੀ ਨੂੰ ਸਿਞਾਣਦੇ[53] ਹਨ, ਉਹ[54] ਉਸ ਨੂੰ ਹਮੇਸ਼ਾਂ[56] ਹਾਜ਼ਰ-ਨਾਜ਼ਰ[57] ਵੇਖਦੇ[55] ਹਨ ।
ਜਿਨ ਗੁਣ[58] ਤਿਨ ਸਦ ਮਨਿ ਵਸੈ ਅਉਗੁਣਵੰਤਿਆ[59] ਦੂਰਿ[60] ॥	They, who possess merit[58], Lord ever abides in their mind. He is far removed[60] from the vicious persons[59].	ਜਿਨ੍ਹਾਂ ਦੇ ਪੱਲੇ ਸਰੇਸ਼ਟਤਾਈ[58] ਹੈ, ਸੁਆਮੀ ਸਦੀਵ ਹੀ ਉਨ੍ਹਾਂ ਦੇ ਚਿੱਤਾਂ ਅੰਦਰ ਰਹਿੰਦਾ ਹੈ । ਉਹ ਉਨ੍ਹਾਂ ਕੋਲੋਂ ਬਹੁਤ ਦੁਰੇਡੇ[60] ਹੈ, ਜੋ ਪਾਪੀ ਪੁਰਸ਼[59] ਹਨ ।
ਮਨਮੁਖ[61] ਗੁਣ[62] ਤੈ ਬਾਹਰੇ[63]	The apostates[61] are sans[63] virtue[62].	ਅਧਰਮੀ[61] ਨੇਕੀ[62] ਤੋਂ ਸੱਖਣੇ[63] ਹਨ ।

ਬਿਨੁ[64] ਨਾਵੈ ਮਰਦੇ[66] ਝੂਰਿ[65] ॥ ੨ ॥	Bereft of[64] God's Name, they die[66] repentingly[65].	ਹਰੀ ਨਾਮ ਤੋਂ ਵਾਂਝੇ[64] ਹੋਏ ਉਹ ਅਫ਼ਸੋਸ ਕਰਦੇ[65] ਹੋਏ ਮੌਤ ਹੂੰਦੇ[66] ਹਨ ।
ਜਿਨ ਸਬਦਿ ਗੁਰੂ[67] ਸੁਣਿ[68] ਮੰਨਿਆ[69] ਤਿਨ[70] ਮਨਿ[71] ਧਿਆਇਆ[72] ਹਰਿ ਸੋਇ[73] ॥	They[70], who having heard[68] Gurbani[67], act[69] there-on, remember[72] that[73] God, in their hearts[71].	ਜੋ ਗੁਰਬਾਣੀ[67] ਨੂੰ ਸਰਵਣ[68] ਕਰਕੇ ਉਸ ਉਤੇ ਅਮਲ[69] ਕਰਦੇ ਹਨ, ਉਹ[70] ਉਸ[73] ਹਰੀ ਨੂੰ ਆਪਣੇ ਚਿੱਤ[71] ਅੰਦਰ ਸਿਮਰਦੇ[72] ਹਨ ।
ਅਨਦਿਨੁ[74] ਭਗਤੀ[75] ਰਤਿਆ[76] ਮਨੁ[77] ਤਨੁ[78] ਨਿਰਮਲੁ[79] ਹੋਇ ॥	By being imbued[76], night and day[74] in Lord's meditation[75], their mind[77] and body[78] become pure[79].	ਰੈਣ ਦਿਹੁ[74] ਸੁਆਮੀ ਦੇ ਸਿਮਰਨ[75] ਅੰਦਰ ਰੰਗੀਜਣ[76] ਦੁਆਰਾ ਉਨ੍ਹਾਂ ਦੇ ਦਿਲ[77] ਤੇ ਦੇਹਿ[78] ਪਵਿੱਤਰ[79] ਹੋ ਜਾਂਦੇ ਹਨ ।
ਕੂੜਾ[80] ਰੰਗੁ[81] ਕਸੁੰਭ[82] ਕਾ ਬਿਨਸਿ[83] ਜਾਇ ਦੁਖੁ[84] ਰੋਇ[85] ॥	False[80] is the colour[81] (of mammon) like safflower's[82]. Man weeps[85] in pain[84] when it vanishes[83].	ਝੂਠਾ[80] ਹੈ (ਮਾਇਆ ਦਾ) ਰੰਗ ਜਿਵੇਂ ਕਸੁੰਭੇ[82] ਦੇ ਫੁੱਲ ਦੀ ਰੰਗਤ[81] ਹੈ । ਜਦ ਇਹ ਅਲੋਪ[83] ਹੋ ਜਾਂਦੀ ਹੈ, ਇਨਸਾਨ ਤਕਲੀਫ਼[84] ਅੰਦਰ ਰੋਂਦਾ[85] ਹੈ ।
੨੮	**28**	**੨੮**
ਜਿਸੁ[86] ਅੰਦਰਿ[87] ਨਾਮੁ ਪ੍ਰਗਾਸੁ[88] ਹੈ ਓਹੁ[91] ਸਦਾ ਸਦਾ[89] ਥਿਰੁ[90] ਹੋਇ ॥੩॥	Who[86] has the light[88] of God's Name within his mind[87]; he[91] becomes permanent[90] for ever and ever[89].	ਜਿਸ[86] ਦੇ ਮਨ[87] ਅੰਦਰ ਰੱਬ ਦੇ ਨਾਮ ਦਾ ਚਾਨਣ[88] ਹੈ । ਉਹ[91] ਹਮੇਸ਼ਾ ਤੇ ਸਦੀਵ[89] ਲਈ ਮੁਸਤਕਿਲ[90] ਹੋ ਜਾਂਦਾ ਹੈ ।
ਇਹੁ ਜਨਮੁ[92] ਪਦਾਰਥੁ[93] ਪਾਇ ਕੈ ਹਰਿਨਾਮੁ ਨ ਚੇਤੈ[94] ਲਿਵ ਲਾਇ[95] ॥	The mortal after obtaining this wealth[93] of human life[92], he remember[94] not the Name of God in profound love[95].	ਪ੍ਰਾਣੀ ਨੂੰ ਮਨੁੱਖੀ ਜੀਵਨ[92] ਦੀ ਇਹ ਦੌਲਤ[93] ਪਰਾਪਤ ਹੋਈ ਹੈ । ਉਹ ਗੂੜ੍ਹੇ ਹਿੱਤ[95] ਨਾਲ ਵਾਹਿਗੁਰੂ ਦੇ ਨਾਮ ਦਾ ਚਿੰਤਨ[94] ਨਹੀਂ ਕਰਦਾ ।
ਪਗਿ[96] ਖਿਸਿਐ[97] ਰਹਣਾ[98] ਨਹੀ ਆਗੈ[99] ਠਉਰੁ[100] ਨ ਪਾਇ[2] ॥	When his foot[96] slips[97] he can stay[98] no longer. In the next world[99] he obtains[2] no place[100] of rest.	ਜਦ ਪੈਰ[96] ਤਿਲ੍ਹਕ[97] ਜਾਂਦਾ ਹੈ, ਉਹ ਠਹਿਰ[98] ਨਹੀਂ ਸਕਦਾ । ਪਰਲੋਕ[99] ਵਿਚ ਉਸ ਨੂੰ ਕੋਈ ਆਰਾਮ ਦੀ ਥਾਂ[100] ਨਹੀਂ ਮਿਲਦੀ[2] ।
ਓਹ[3] ਵੇਲਾ[4] ਹਥਿ[5] ਨ ਆਵਈ ਅੰਤਿ[6] ਗਇਆ[7] ਪਛੁਤਾਇ[8] ॥	The[3] time[4] once lost comes not to hand[5] again and ultimately[6] the man regretfully[8] departs[7].	ਜੋ[3] ਸਮਾਂ[4] ਇਕ ਵਾਰੀ ਵੰਞਾਇਆ ਗਿਆ, ਉਹ ਮੁੜ ਕੇ ਹੱਥ[5] ਨਹੀਂ ਲੱਗਦਾ ਅਤੇ ਓੜਕ[6] ਨੂੰ ਪਸਚਾਤਾਪ[8] ਕਰਦਾ ਹੋਇਆ ਬੰਦਾ ਟੁਰ[7] ਜਾਂਦਾ ਹੈ ।
ਜਿਸੁ[9] ਨਦਰਿ[10] ਕਰੇ[11] ਸੁ[12] ਉਬਰੈ[13] ਹਰਿ[14] ਸੇਤੀ ਲਿਵ[15] ਲਾਇ[16] ॥੪॥	On whom[9] God[14] casts[11] His merciful glance[10], he[12] is saved[13] by embracing[16] love[15] for Him.	ਜਿਸ ਉਤੇ[9] ਵਾਹਿਗੁਰੂ[14] ਆਪਣੀ ਰਹਿਮਤ ਦੀ[10] ਨਿਗ੍ਹਾ ਧਾਰਦਾ[11] ਹੈ, ਉਹ[12] ਉਸ ਨਾਲ ਪ੍ਰੀਤ[15] ਪਾ[16] ਕੇ ਪਾਰ ਉਤਰ[13] ਜਾਂਦਾ ਹੈ ।
ਦੇਖਾ ਦੇਖੀ[17] ਸਭ ਕਰੇ ਮਨਮੁਖਿ[18] ਬੂਝ[19] ਨ ਪਾਇ[20] ॥	All act in the spirit of rivalry;[17] and the self-willed[18] obtain[20] not understanding[19].	ਰੀਸੋ ਰੀਸ[17] ਸਾਰੇ ਜਣੇ ਕਰਦੇ ਹਨ, ਅਤੇ ਆਪ-ਹੁਦਰਿਆਂ[18] ਨੂੰ ਸਮਝ[19] ਨਹੀਂ ਪੈਂਦੀ[20] ।
ਜਿਨ[21] ਗੁਰਮੁਖਿ[22] ਹਿਰਦਾ[23] ਸੁਧੁ[24] ਹੈ ਸੇਵ[25] ਪਈ ਤਿਨ[26] ਥਾਇ[27] ॥	The service[25] of those[26] true Sikhs of the Guru[22], whose[21] hearts[23] are pure[24], becomes acceptable[27].	ਜਿਨ੍ਹਾਂ[21] ਸੱਚੇ ਗੁਰ-ਸਿੱਖਾਂ[22] ਦੇ ਦਿਲ[23] ਪਵਿੱਤਰ[24] ਹਨ, ਉਨ੍ਹਾਂ[26] ਦੀ ਚਾਕਰੀ[25] ਕਬੂਲ[27] ਪੈ ਜਾਂਦੀ ਹੈ ।
ਹਰਿਗੁਣ[28] ਗਾਵਹਿ[29]	They sing[29] God's praises[28]; daily[30]	ਉਹ ਵਾਹਿਗੁਰੂ ਦਾ ਜੱਸ[28] ਗਾਇਨ[29] ਕਰਦੇ ਹਨ,

ਹਰਿ ਨਿਤ[30] ਪੜਹਿ[31] ਹਰਿਗੁਣ ਗਾਇ ਸਮਾਇ[32] ॥	and read[31] regarding God and daily by chanting God's glories become absorbed[32] in Him.	ਵਾਹਿਗੁਰੂ ਦੇ ਬਾਰੇ ਹੀ ਹਰ ਰੋਜ਼[30] ਪੜ੍ਹਦੇ[31] ਹਨ ਤੇ ਵਾਹਿਗੁਰੂ ਦੀ ਕੀਰਤੀ ਅਲਾਪ ਕੇ ਉਸ ਵਿਚ ਲੀਨ[32] ਹੋ ਜਾਂਦੇ ਹਨ ।
ਨਾਨਕ ਤਿਨ[37] ਕੀ ਬਾਣੀ[33] ਸਦਾ[34] ਸਚੁ ਹੈ ਜਿ ਨਾਮਿ ਰਹੇ ਲਿਵ[35] ਲਾਇ[36] ॥ ੫ ॥ ੪ ॥ ੩੭ ॥	O' Nanak ! ever[34] True is the Word[33] of those[37], who remain attached[36] with the love[35] of Lord's Name.	ਹੇ ਨਾਨਕ ! ਸਦੀਵ[34] ਹੀ ਸੱਚਾ ਹੈ ਉਨ੍ਹਾਂ[37] ਦਾ ਬਚਨ[33] ਜੋ ਸੁਆਮੀ ਦੇ ਨਾਮ ਦੇ ਪਿਆਰ[35] ਨਾਲ ਜੁੜੇ[36] ਰਹਿੰਦੇ ਹਨ ।
ਸਿਰੀ ਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ ।
ਜਿਨੀ ਇਕ ਮਨਿ[37]* ਨਾਮੁ ਧਿਆਇਆ[38] ਗੁਰਮਤੀ[39] ਵੀਚਾਰਿ[40] ॥	They, who with single-mind[37]*, contemplate[38] over God's Name and dwell[40] upon Guru's teaching[39],	ਜੋ ਇਕ-ਚਿਤ[37]* ਹਰੀ ਨਾਮ ਦਾ ਚਿੰਤਨ[38] ਕਰਦੇ ਹਨ ਅਤੇ ਗੁਰਾਂ ਦੇ ਉਪਦੇਸ਼[39] ਨੂੰ ਸੋਚਦੇ ਵਿਚਾਰਦੇ[40] ਹਨ,
ਤਿਨ[41] ਕੇ ਮੁਖ[42] ਸਦ[43] ਉਜਲੇ[44] ਤਿਤੁ[45] ਸਚੈ ਦਰਬਾਰਿ[46] ॥	Their[41] faces[42] are ever[43] bright[44] in that[45] Lord's True Court[46].	ਉਨ੍ਹਾਂ[41] ਦੇ ਚਿਹਰੇ[42] ਉਸ[45] ਸਾਹਿਬ ਦੀ ਸੱਚੀ ਦਰਗਾਹ[46] ਵਿਚ ਹਮੇਸ਼ਾਂ[43] ਰੋਸ਼ਨ[44] ਹੁੰਦੇ ਹਨ ।
ਓਇ[47] ਅੰਮ੍ਰਿਤੁ[48] ਪੀਵਹਿ[49] ਸਦਾ ਸਦਾ[50] ਸਚੈ ਨਾਮਿ[51] ਪਿਆਰਿ[52] ॥੧॥	For ever[50] and aye, they[47] drink[49] nectar[48] and profess love[52] for the True Name[51].	ਹਮੇਸ਼ਾ ਤੇ ਸਦੀਵ[50] ਹੀ ਉਹ[47] ਆਬਿ-ਹਿਯਾਤ[48] ਪਾਨ ਕਰਦੇ[49] ਹਨ ਅਤੇ ਸਤਿਨਾਮ[51] ਨਾਲ ਨੇਹੁੰ[52] ਗੰਢਦੇ ਹਨ ।
ਭਾਈ ਰੇ ਗੁਰਮੁਖਿ[53] ਸਦਾ ਪਤਿ[54] ਹੋਇ ॥	O' Brother ! the Guru-ward[53] ever obtains honour[54].	ਹੇ ਵੀਰ ! ਗੁਰੂ-ਸਮਰਪਣ[53] ਨੂੰ ਹਮੇਸ਼ਾ ਹੀ ਇੱਜ਼ਤ[54] ਮਿਲਦੀ ਹੈ ।
ਹਰਿ ਹਰਿ[55] ਸਦਾ ਧਿਆਈਐ[56] ਮਲੁ[57] ਹਉਮੈ[58] ਕਢੈ[59] ਧੋਇ[60] ॥ ੧ ॥ ਰਹਾਉ ॥	They ever meditate[56] on God's Name[55] and wash[60] off[59] the filth[57] of pride[58]. Pause.	ਉਹ ਸਦੀਵ ਹੀ ਵਾਹਿਗੁਰੂ ਦੇ ਨਾਮ[55] ਦਾ ਅਰਾਧਨ[56] ਕਰਦੇ ਹਨ ਅਤੇ ਹੰਕਾਰ[58] ਦੀ ਗੰਦਗੀ[57] ਨੂੰ ਧੋ[60] ਕੇ ਦੂਰ ਕਰ[59] ਦਿੰਦੇ ਹਨ । ਠਹਿਰਾਉ ।
ਮਨਮੁਖ[61] ਨਾਮੁ ਨ ਜਾਣਨੀ ਵਿਣੁ ਨਾਵੈ ਪਤਿ[62] ਜਾਇ[63] ॥	The wayward[61] know not the Name, and without God's Name they lose[63] their honour[62].	ਖ਼ੁਦ-ਪਸੰਦ[61] ਨਾਮ ਨੂੰ ਨਹੀਂ ਜਾਣਦੇ ਅਤੇ ਨਾਮ ਦੇ ਬਾਝੋਂ ਉਹ ਆਪਣੀ ਇੱਜ਼ਤ[62] ਗੁਆ[63] ਲੈਂਦੇ ਹਨ ।
ਸਬਦੈ[64] ਸਾਦੁ[65] ਨ ਆਇਓ ਲਾਗੇ[66] ਦੂਜੈ[67] ਭਾਇ ॥	They relish[65] not God's Name[64] and are attached[66] with duality[67].	ਉਹ ਹਰੀ ਨਾਮ[64] ਦਾ ਸੁਆਦ[65] ਨਹੀਂ ਲੈਂਦੇ ਅਤੇ ਦਵੈਤ-ਭਾਵ[67] ਨਾਲ ਜੁੜੇ[66] ਹੋਏ ਹਨ ।
ਵਿਸਟਾ[68] ਕੇ ਕੀੜੇ[69] ਪਵਹਿ[70] ਵਿਚਿ ਵਿਸਟਾ ਸੇ[72] ਵਿਸਟਾ ਮਾਹਿ[71] ਸਮਾਇ[73] ॥੨॥	They[72] are the worms[69] of ordure[68], fall[70] in ordure and get absorbed[73] in[71] ordure.	ਉਹ[72] ਗੰਦਗੀ[68] ਦੇ ਕੀੜੇ[69] ਹਨ, ਗੰਦਗੀ ਵਿਚ ਡਿਗਦੇ[70] ਹਨ ਅਤੇ ਗੰਦਗੀ ਵਿਚ[71] ਹੀ ਗ਼ਰਕ[73] ਹੋ ਜਾਂਦੇ ਹਨ ।
ਤਿਨ[74] ਕਾ ਜਨਮੁ[75] ਸਫਲੁ[76] ਹੈ ਜੋ ਚਲਹਿ[77] ਸਤਗੁਰ ਭਾਇ[78] ॥	Fruitful[76] is the life[75] of those[74], who walk[77] (live) according to True Guru's will[78].	ਫਲਦਾਇਕ[76] ਹੈ ਉਨ੍ਹਾਂ[74] ਦੀ ਜ਼ਿੰਦਗੀ,[75] ਜਿਹੜੇ ਸੱਚੇ ਗੁਰਾਂ ਦੀ ਰਜ਼ਾ[78] ਅਨੁਸਾਰ ਟੁਰਦੇ[77] ਹਨ ।

ਕੁਲੁ[79] ਉਧਾਰਹਿ[80] ਆਪਣਾ ਧੰਨੁ[81] ਜਣੇਦੀ[82] ਮਾਇ[83] ॥	They save[80] their family[79] and blessed[81] is their mother[83] who bore[82] them.	ਉਹ ਆਪਣੇ ਪਰਵਾਰ[79] ਨੂੰ ਬਚਾਅ[80] ਲੈਂਦੇ ਹਨ । ਮੁਬਾਰਕ[81] ਹੈ ਉਨ੍ਹਾਂ ਦੀ ਮਾਤਾ[83] ਜਿਸ ਨੇ ਉਨ੍ਹਾਂ ਨੂੰ ਜਨਮ[82] ਦਿੱਤਾ ਸੀ ।
ਹਰਿ ਹਰਿ[84] ਨਾਮੁ ਧਿਆਈਐ[85] ਜਿਸ ਨਉ[86] ਕਿਰਪਾ[87] ਕਰੇ[89] ਰਜਾਇ[88] ॥ ੩ ॥	He, whom[86] the Master of will[88] shows[89] favour[87], repeats[85] the Name of Lord God[84].	ਜਿਸ ਉਤੇ[86] ਰਜ਼ਾ ਦਾ ਮਾਲਕ[88] ਮਿਹਰ[87] ਧਾਰਦਾ[89] ਹੈ, ਉਹ ਵਾਹਿਗੁਰੂ ਸੁਆਮੀ[84] ਦੇ ਨਾਮ ਦਾ ਜਾਪ[85] ਕਰਦਾ ਹੈ ।
ਜਿਨੀ ਗੁਰਮੁਖਿ[90] ਨਾਮੁ ਧਿਆਇਆ[91] ਵਿਚਹੁ[92] ਆਪੁ[93] ਗਵਾਇ[94] ॥	The Guru-wards[90], who remember[91] God's Name and dispel[94] the pride of self[93] from within[92];	ਗੁਰ-ਸਮਰਪਣ[90] ਜੋ ਹਰੀ ਨਾਮ ਨੂੰ ਸਿਮਰਦੇ[91] ਹਨ ਅਤੇ ਸਵੈ-ਹੰਗਤਾ[93] ਨੂੰ ਆਪਣੇ ਅੰਦਰੋਂ[92] ਦੂਰ[94] ਕਰਦੇ ਹਨ,
ਓਇ[95] ਅੰਦਰਹੁ ਬਾਹਰਹੁ ਨਿਰਮਲੇ[96] ਸਚੇ ਸਚਿ[97] ਸਮਾਇ[98] ॥	They[95] are pure[96] from within and without and merge[98] in the Truest of the True[97].	ਉਹ[95] ਅੰਦਰੋਂ ਤੇ ਬਾਹਰੋਂ ਸ਼ੁੱਧ[96] ਹਨ ਅਤੇ ਸੱਚਿਆਂ ਦੇ ਪਰਮ-ਸਚਿਆਰ[97] ਅੰਦਰ ਲੀਨ[98] ਹੋ ਜਾਂਦੇ ਹਨ ।
ਨਾਨਕ ਆਏ[99] ਸੇ[100] ਪਰਵਾਣੁ[2] ਹਹਿ[3] ਜਿਨ[4] ਗੁਰਮਤੀ[5] ਹਰਿ ਧਿਆਇ[6] ੪ ॥ ੫ ॥ ੩੮ ॥	Nanak, acceptable[2] is[3] the advent[99] of those[100], who[4] by Guru's instruction[5] contemplate[6] over God.	ਨਾਨਕ ! ਪਰਮਾਣੀਕ[2] ਹੈ[3] ਆਗਮਨ[99] ਉਨ੍ਹਾਂ[100] ਦਾ, ਜੋ[4] ਗੁਰਾਂ ਦੀ ਸਿੱਖ-ਮੱਤ[5] ਦੁਆਰਾ ਵਾਹਿਗੁਰੂ ਦਾ ਅਰਾਧਨ[6] ਕਰਦੇ ਹਨ ।
ਸਿਰੀ ਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ ।
ਹਰਿ ਭਗਤਾ[7] ਹਰਿਧਨੁ[8] ਰਾਸਿ[9] ਹੈ ਗੁਰ ਪੂਛਿ[10] ਕਰਹਿ ਵਾਪਾਰੁ[11] ॥	God's Saints[7] have the wealth[8] and stock[9] of God and they trade[11] in consultation[10] with the Guru.	ਵਾਹਿਗੁਰੂ ਦੇ ਸੰਤਾਂ[7] ਦੀ ਦੌਲਤ[8] ਤੇ ਵਖਰ[9] ਵਾਹਿ-ਗੁਰੂ ਹੈ ਤੇ ਗੁਰਾਂ ਦੇ ਸਲਾਹ-ਮਸ਼ਵਰੇ[10] ਨਾਲ ਉਹ ਵਣਜ[11] ਕਰਦੇ ਹਨ ।
ਹਰਿਨਾਮੁ ਸਲਾਹਨਿ[12] ਸਦਾ ਸਦਾ[13] ਵਖਰੁ[14] ਹਰਿ-ਨਾਮੁ ਅਧਾਰੁ[15] ॥	They praise[12] God's Name for ever and ever[13], Lord's Name is their merchandise[14] and support[15].	ਉਹ ਹਮੇਸ਼ਾ ਹਮੇਸ਼ਾ[13] ਹੀ ਰੱਬ ਦੇ ਨਾਮ ਦੀ ਸਿਫ਼ਤ ਸ਼ਲਾਘਾ[12] ਕਰਦੇ ਹਨ । ਪਰਮੇਸ਼ਰ ਦਾ ਨਾਮ ਉਨ੍ਹਾਂ ਦੀ ਸੁਦਾਗਰੀ[14] ਦਾ ਮਾਲ ਤੇ ਆਸਰਾ[15] ਹੈ ।
ਗੁਰਿ ਪੂਰੈ[16] ਹਰਿਨਾਮੁ ਦ੍ਰਿੜਾਇਆ[17] ਹਰਿ ਭਗਤਾ[20] ਅਤੁਟੁ[18] ਭੰਡਾਰੁ[19] ॥੧॥	The perfect[16] Guru has implanted[17] God's Name in the hearts of Lord's devotees[20] as an inexhaustible[18] treasure[19].	ਪੂਰਨ[16]-ਗੁਰਾਂ ਨੇ ਸਾਈਂ ਦੇ ਸ਼ਰਧਾਲੂਆਂ[20] ਦੇ ਦਿਲਾਂ ਅੰਦਰ ਰੱਬ ਦਾ ਨਾਮ ਅਮੁੱਕ[18] ਖ਼ਜ਼ਾਨੇ[19] ਵਜੋਂ ਪੱਕਾ[17] ਕੀਤਾ ਹੈ ।
ਭਾਈ ਰੇ[21] ਇਸੁ ਮਨ[22] ਕਉ ਸਮਝਾਇ[23] ॥	O'[21] Brother ! instruct[23] this mind[22] of thine.	ਹੇ[21] ਵੀਰ ! ਏਸ ਆਪਣੇ[22] ਮਨੂਏ ਨੂੰ ਸਿੱਖ-ਮੱਤ[23] ਦੇਹ ।
ਏ[24] ਮਨ[25] ਆਲਸੁ[26] ਕਿਆ[27] ਕਰਹਿ ਗੁਰਮੁਖਿ[28] ਨਾਮੁ ਧਿਆਇ[29] ॥ ੧ ॥ ਰਹਾਉ ॥	O'[24] my soul[25] ! why[27] art thou indolent[26] ? Under Guru's instruction[28], ponder[29] over Lord's Name. Pause.	ਹੇ[24] ਮੇਰੀ ਜਿੰਦੜੀਏ[25] ! ਤੂੰ ਸੁਸਤੀ[26] ਕਿਉਂ[27] ਕਰਦੀ ਹੈਂ ? ਗੁਰਾਂ ਦੇ ਉਪਦੇਸ਼[28] ਤਾਬੇ ਸੁਆਮੀ ਦੇ ਨਾਮ ਦਾ ਸਿਮਰਨ[29] ਕਰ । ਠਹਿਰਾਉ ।
ਹਰਿਭਗਤਿ[30] ਹਰਿ ਕਾ	The devotional service[30] of God is	ਵਾਹਿਗੁਰੂ ਦੀ ਅਨੁਰਾਗੀ-ਸੇਵਾ[30] ਵਾਹਿਗੁਰੂ ਨਾਲ

ਪਿਆਰੁ[31] ਹੈ ਜੇ[32] ਗੁਰਮੁਖਿ[33] ਕਰੇ ਬੀਚਾਰੁ[34] ॥

to embrace love[31] for God. If[32] the pious[33] person thinks deeply[34], (he shall understand this thing).

ਪ੍ਰੀਤ[31] ਪਾਉਣਾ ਹੈ। ਜੇਕਰ[32] ਪਵਿੱਤਰ ਪੁਰਸ਼[33] ਗਹੁ ਨਾਲ[34] ਸੋਚੇ, (ਤਾਂ ਉਹ ਇਸ ਗੱਲ ਨੂੰ ਸਮਝ ਲਵੇਗਾ।)

ਪਾਖੰਡਿ[35] ਭਗਤਿ[39] ਨ ਹੋਵਈ ਦੁਬਿਧਾ[36] ਬੋਲੁ[37] ਖੁਆਰੁ[38] ॥

By hypocrisy[35] Lord's adoration[39] is not performed. The words[37] of dualism[36] make the man miserable[38].

ਦੰਭ[35] ਦੁਆਰਾ ਸਾਹਿਬ ਦੀ ਉਪਾਸ਼ਨਾ[39] ਨਹੀਂ ਹੁੰਦੀ। ਦਵੈਤ-ਭਾਵ[36] ਦੇ ਸ਼ਬਦ[37] ਆਦਮੀ ਨੂੰ ਅਵਾਜ਼ਾਰ[38] ਕਰ ਦਿੰਦੇ ਹਨ।

ਸੋ[40] ਜਨੁ[41] ਰਲਾਇਆ[42] ਨਾ ਰਲੈ ਜਿਸੁ ਅੰਤਰਿ[43] ਬਿਬੇਕ[44] ਬੀਚਾਰੁ[45] ॥੨॥

The[40] man,[41] within whose heart[43] is discrimination[44] and reflection[45], by intermingling[42] he intermingles not (with apostates.)

ਜਿਸ[40] ਇਨਸਾਨ[41] ਦੇ ਦਿਲ[43] ਅੰਦਰ ਪ੍ਰਬੀਨ ਸਮਝ[44] ਤੇ ਸੋਚ-ਵਿਚਾਰ[45] ਹੈ, ਉਹ ਮਿਲਾਉਣ[42] ਦੁਆਰਾ (ਅਧਰਮੀਆਂ ਨਾਲ) ਨਹੀਂ ਮਿਲਦਾ।

ਸੋ[46] ਸੇਵਕੁ[47] ਹਰਿ ਆਖੀਐ[48] ਜੋ ਹਰਿ ਰਾਖੈ ਉਰਿ[49] ਧਾਰਿ[50] ॥

He[46], is said[48] to be God's attendant[47] who keeps God clasped[50] to his heart[49].

ਉਹ[46] ਵਾਹਿਗੁਰੂ ਦਾ ਟਹਿਲੂਆ[47] ਕਹਿਆ[48] ਜਾਂਦਾ ਹੈ, ਜੋ ਵਾਹਿਗੁਰੂ ਨੂੰ ਆਪਣੇ ਦਿਲ[49] ਨਾਲ ਲਾਈ[50] ਰਖਦਾ ਹੈ।

ਮਨੁ[51] ਤਨੁ[52] ਸਉਪੇ[53] ਆਗੈ[54] ਧਰੇ[55] ਹਉਮੈ[56] ਵਿਚਹੁ[57] ਮਾਰਿ[58] ॥

Dedicating[53] his soul[51] and body[52] he places[55] them before[54] the Lord, and roots out[58] ego[56] from within[57] himself.

ਆਪਣੀ ਆਤਮਾ[51] ਤੇ ਦੇਹ[52] ਨੂੰ ਸਮਰਪਣ[53] ਕਰਕੇ, ਉਹ ਉਨ੍ਹਾਂ ਨੂੰ ਸਾਹਿਬ ਦੇ ਮੂਹਰੇ[54] ਰੱਖ ਦਿੰਦਾ[55] ਹੈ ਅਤੇ ਆਪਣੇ ਅੰਦਰੋਂ[57] ਹੰਕਾਰ[56] ਦੀ ਜੜ੍ਹ ਪੁੱਟ ਸੁੱਟਦਾ[58] ਹੈ।

ਧਨੁ[59] ਗੁਰਮੁਖਿ[60] ਸੋ[61] ਪਰਵਾਣੁ[62] ਹੈ ਜਿ[63] ਕਦੇ ਨ ਆਵੈ ਹਾਰਿ[64] ॥ ੩ ॥

Blest[59] and acceptable[62] is the[61] pious person[60] who[63] never suffers defeat[64]

ਮੁਬਾਰਕ[59] ਤੇ ਮਕਬੂਲ[62] ਹੈ ਉਹ[61] ਪਵਿੱਤਰ ਪੁਰਸ਼[60] ਜੋ[63] ਕਦਾਚਿਤ ਸ਼ਿਕਸਤ[64] ਨਹੀਂ ਖਾਂਦਾ।

੨੯ 29 ੨੯

ਕਰਮਿ[65] ਮਿਲੈ[66] ਤਾ[67] ਪਾਈਐ[68] ਵਿਣੁ[69] ਕਰਮੈ ਪਾਇਆ ਨ ਜਾਇ ॥

If mortal becomes the recipient[66] of His grace[65], then[67] alone does he obtain[68] (the Lord). Without[69] His grace (He) cannot be obtained.

ਜੇਕਰ ਪ੍ਰਾਣੀ ਉਸ ਦੀ ਮਿਹਰ[65] ਦਾ ਪਾਤ੍ਰ[66] ਹੋ ਜਾਵੇ, ਕੇਵਲ ਤਦ[67] ਹੀ (ਉਹ ਪ੍ਰਭੂ) ਪਰਾਪਤ[68] ਹੁੰਦਾ ਹੈ। ਉਸ ਦੀ ਮਿਹਰ ਦੇ ਬਗੈਰ[69] (ਉਹ) ਪਾਇਆ ਨਹੀਂ ਜਾ ਸਕਦਾ।

ਲਖ ਚਉਰਾਸੀਹ[70] ਤਰਸਦੇ[71] ਜਿਸੁ[72] ਮੇਲੇ[73] ਸੋ[76] ਮਿਲੈ[74] ਹਰਿ ਆਇ[75] ॥

Eighty-four lakhs[70] (species of lives) long for[71] the Lord. He[76] whom[72] (God) unites[73] comes[75] and blends[74] (with Him)

ਚੁਰਾਸੀ ਲੱਖ[70] ਜੂਨੀਆਂ ਸੁਆਮੀ ਨੂੰ ਲੋਚਦੀਆਂ[71] ਹਨ। ਜਿਸ[72] ਨੂੰ (ਵਾਹਿਗੁਰੂ) ਮਿਲਾਉਂਦਾ[73] ਹੈ, ਉਹ[76] ਆ ਕੇ[75] (ਉਸ ਨਾਲ) ਅਭੇਦ[74] ਹੋ ਜਾਂਦਾ ਹੈ।

ਨਾਨਕ ਗੁਰਮੁਖਿ[77] ਹਰਿ ਪਾਇਆ ਸਦਾ[78] ਹਰਿਨਾਮਿ ਸਮਾਇ[79] ॥੪॥੬॥੩੯॥

Through the Guru[77], Nanak has obtained God and he ever[78] remains absorbed[79] in God's Name.

ਗੁਰਾਂ ਦੁਆਰਾ[77] ਨਾਨਕ ਨੇ ਵਾਹਿਗੁਰੂ ਨੂੰ ਪਾ ਲਿਆ ਹੈ ਅਤੇ ਉਹ ਸਦੀਵ[78] ਹੀ ਵਾਹਿਗੁਰੂ ਦੇ ਨਾਮ ਅੰਦਰ ਲੀਨ[79] ਰਹਿੰਦਾ ਹੈ।

ਸਿਰਿ ਰਾਗੁ ਮਹਲਾ ੩ ॥

Sri Rag, Third Guru.

ਸਿਰੀ ਰਾਗ, ਤੀਜੀ ਪਾਤਸ਼ਾਹੀ।

ਸੁਖ[80] ਸਾਗਰੁ[81] ਹਰਿਨਾਮੁ ਹੈ ਗੁਰਮੁਖਿ[82] ਪਾਇਆ[83]

An ocean[81] of peace[80] is the Name of God. By Guru's Grace[82] it is

ਵਾਹਿਗੁਰੂ ਦਾ ਨਾਮ ਸ਼ਾਂਤੀ[80] ਦਾ ਸਮੁੰਦਰ[81] ਹੈ। ਗੁਰਾਂ ਦੀ ਦਇਆ[82] ਦੁਆਰਾ ਇਹ ਪ੍ਰਾਪਤ ਕੀਤਾ[83]

ਜਾਇ[83] ॥	procured[83].	ਜਾਂਦਾ ਹੈ ।
ਅਨਦਿਨੁ[84] ਨਾਮੁ ਧਿਆਈਐ[85] ਸਹਜੇ[86] ਨਾਮਿ ਸਮਾਇ[87] ॥	By repeating[85] Lord's Name, night and day[84], the mortal easily[86] gets absorbed[87] in the Name.	ਰੈਣ ਦਿਹੁੰ[84] ਸਾਈਂ ਦੇ ਨਾਮ ਦਾ ਜਾਪ[85] ਕਰਨ ਦੁਆਰਾ, ਜੀਵ ਸੁਖੈਨ[86] ਹੀ ਨਾਮ ਅੰਦਰ ਲੀਨ[87] ਹੋ ਜਾਂਦਾ ਹੈ ।
ਅੰਦਰੁ[88] ਰਚੈ[89] ਹਰਿ ਸਚ[90] ਸਿਉ ਰਸਨਾ[91] ਹਰਿ-ਗੁਣ[92] ਗਾਇ[93] ॥੧॥	His mind[88] is amalgamated[89] with True[90] God, and (his) tongue[91] sings[93] God's Praises[92].	ਉਸ ਦਾ ਮਨ[88] ਸੱਚੇ[90] ਵਾਹਿਗੁਰੂ ਨਾਲ ਅਭੇਦ[89] ਹੋ ਜਾਂਦਾ ਹੈ ਅਤੇ (ਉਸਦੀ) ਜੀਭ[91] ਵਾਹਿਗੁਰੂ ਦਾ ਜੱਸ[92] ਗਾਉਂਦੀ[93] ਹੈ ।
ਭਾਈ ਰੇ ਜਗੁ[94] ਦੁਖੀਆ[95] ਦੂਜੈ ਭਾਇ[96] ॥	O' Brother ! being engrossed in duality[96], the world[94] is in misery[95].	ਹੇ ਭਰਾ ! ਦਵੈਤ-ਭਾਵ[96] ਅੰਦਰ ਖ਼ਚਤ ਕਾਰਨ ਸੰਸਾਰ[94] ਮੁਸੀਬਤ[95] ਵਿਚ ਹੈ ।
ਗੁਰ ਸਰਣਾਈ[97] ਸੁਖੁ ਲਹਹਿ[98] ਅਨਦਿਨੁ[99] ਨਾਮੁ ਧਿਆਇ[100] ॥ ੧ ॥ ਰਹਾਉ ॥	By seeking the sanctuary[97] of the Guru, and by night and day[99] remembering[100] the Name, obtain[98] peace. Pause.	ਗੁਰਾਂ ਦੀ ਸ਼ਰਣਾਗਤ[97] ਸੰਭਾਲਣ ਦੁਆਰਾ ਤੇ ਰੈਣ ਦਿਹੁੰ[99] ਨਾਮ ਦਾ ਅਰਾਧਨ[100] ਕਰਕੇ ਆਰਾਮ ਪਾ ਲਉ[98] । ਠਹਿਰਾਉ ।
ਸਾਚੇ[2] ਮੈਲੁ[3] ਨ ਲਾਗਈ[4] ਮਨੁ ਨਿਰਮਲੁ[5] ਹਰਿ ਧਿਆਇ[6] ॥	No filth[3] attaches[4] to the true person[2] and with pure[5] mind he meditates[6] on God.	ਸੱਚੇ ਪੁਰਸ਼[2] ਨੂੰ ਕੋਈ ਗੰਦਗੀ[3] ਨਹੀਂ ਚਿਮੜਦੀ[4] ਅਤੇ ਉਹ ਪਵਿੱਤ੍ਰ[5] ਚਿੱਤ ਨਾਲ ਵਾਹਿਗੁਰੂ ਦਾ ਸਿਮਰਨ[6] ਕਰਦਾ ਹੈ ।
ਗੁਰਮੁਖਿ[7] ਸਬਦੁ[8] ਪਛਾਣੀਐ[9] ਹਰਿ ਅੰਮ੍ਰਿਤ[10] ਨਾਮਿ ਸਮਾਇ[11] ॥	Through the Guru[7], realise[9] the Lord[8] and be absorbed[11] in the ambrosial[10] Name of God.	ਗੁਰਾਂ ਦੇ ਰਾਹੀਂ[7] ਸਾਹਿਬ[8] ਨੂੰ ਅਨੁਭਵ[9] ਕਰ ਅਤੇ ਵਾਹਿਗੁਰੂ ਦੇ ਸੁਧਾ-ਸਰੂਪ[10] ਨਾਮ ਅੰਦਰ ਲੀਨ[11] ਹੋ ਜਾ ।
ਗੁਰ ਗਿਆਨੁ[12] ਪ੍ਰਚੰਡੁ[13] ਬਲਾਇਆ[14] ਅਗਿਆਨੁ[15] ਅੰਧੇਰਾ[16] ਜਾਇ[17] ॥੨॥	The Guru has ignited[14] the bright light[13] of Divine knowledge[12] wherewith the darkness[16] of ignorance[15] is dispelled[17].	ਗੁਰਾਂ ਨੇ ਬ੍ਰਹਮ ਗਿਆਤ[12] ਦੀ ਚਮਕੀਲੀ ਰੋਸ਼ਨੀ[13] ਪ੍ਰਕਾਸ਼[14] ਕਰ ਦਿੱਤੀ ਹੈ ਜਿਸ ਨਾਲ ਬੇ-ਸਮਝੀ[15] ਦਾ ਹਨ੍ਹੇਰਾ[16] ਦੂਰ[17] ਹੋ ਗਿਆ ਹੈ ।
ਮਨਮੁਖ[18] ਮੈਲੇ[19] ਮਲੁ[20] ਭਰੇ[21] ਹਉਮੈ[22] ਤ੍ਰਿਸਨਾ[23] ਵਿਕਾਰੁ[24] ॥	The self-willed[18] are impure[19], and are brimful[21] with the pollution[20] of sin[24] of pride[22] and desire[23].	ਖ਼ੁਦ-ਪਸੰਦ[18] ਅਪਵਿੱਤ੍ਰ[19] ਹਨ, ਉਹ ਹੰਕਾਰ[22] ਤੇ ਖ਼ਾਹਿਸ਼[23] ਦੇ ਪਾਪ[24] ਦੀ ਪਲੀਤੀ[20] ਨਾਲ ਲਬਾਲਬ[21] ਹਨ ।
ਬਿਨੁ ਸਬਦੈ[25] ਮੈਲੁ[26] ਨ ਉਤਰੈ[27] ਮਰਿ[28] ਜੰਮਹਿ[29] ਹੋਇ ਖੁਆਰੁ[30] ॥	Without God's Name[25] pollution[26] is not washed[27] off and in birth[29] and death[28] the mortal becomes miserable[30].	ਰੱਬ ਦੇ ਨਾਮ[25] ਬਾਝੋਂ ਪਲੀਤੀ[26] ਧੋਤੀ[27] ਨਹੀਂ ਜਾਂਦੀ ਅਤੇ ਪ੍ਰਾਣੀ ਜੰਮਣ[29] ਮਰਣ[28] ਅੰਦਰ ਅਵਾਜ਼ਾਰ[30] ਹੁੰਦਾ ਹੈ ।
[31]ਧਾਤੁਰਬਾਜੀ[32] ਪਲਚਿ[33] ਰਹੇ ਨਾ ਉਰਵਾਰੁ[34] ਨ ਪਾਰੁ[35] ॥੩॥	They, who are engrossed[33] in the short-lived[31] play[32], are of avail neither in this world[34] nor in the next one[35].	ਜੋ ਛਿਨ-ਭੰਗਰ[31] ਖੇਡ[32] ਅੰਦਰ ਖਚਤ[33] ਹੋਏ ਹੋਏ ਹਨ, ਉਹ ਨਾ ਇਸ[34] ਲੋਕ ਤੇ ਨਾ ਹੀ ਪ੍ਰਲੋਕ[35] ਅੰਦਰ ਕਿਸੇ ਕੰਮ ਦੇ ਹਨ ।
ਗੁਰਮੁਖਿ[36] ਜਪ[37] ਤਪ[38]	The love[41] of God's Name[40] is the	ਰੱਬ ਦੇ ਨਾਮ ਦੀ[40] ਪ੍ਰੀਤ[41] ਹੀ ਗੁਰੂ-ਪਿਆਰੇ[36] ਦੀ

ਸੰਜਮੀ[39] ਹਰਿ ਕੈ ਨਾਮਿ[40] ਪਿਆਰੁ[41] ॥	worship[37], penance[38] and self-mortification[39] of the Guru-beloved[36].	ਪੂਜਾ[37], ਤਪੱਸਿਆ[38] ਤੇ ਸਵੈ-ਰਿਆਜ਼ਤ[39] ਹੈ।
ਗੁਰਮੁਖਿ ਸਦਾ[42] ਧਿਆਈਐ[43] ਏਕੁ[44] ਨਾਮੁ ਕਰਤਾਰੁ[45] ॥	The Guru-beloved ever[42] meditates[43] on the Name of the One[44], the Creator[45].	ਗੁਰੂ-ਪਿਆਰਾ ਹਮੇਸ਼ਾ[42] ਇਕ[44] ਸਿਰਜਣਹਾਰ[45] ਦੇ ਨਾਮ ਦਾ ਆਰਾਧਨ[43] ਕਰਦਾ ਹੈ।
ਨਾਨਕ ਨਾਮੁ ਧਿਆਈਐ[46] ਸਭਨਾ[47] ਜੀਆ[48] ਕਾ ਆਧਾਰੁ[49] ॥੪॥੭॥੪੦॥	Nanak, contemplate[46] over the Name of the Lord, who is the support[49] of all[47] the beings[48].	ਨਾਨਕ, ਪ੍ਰਭੂ ਦੇ ਨਾਮ ਦਾ ਚਿੰਤਨ[46] ਕਰ, ਜੋ ਸਮੂਹ[47] ਜੀਵਾਂ[48] ਦਾ ਆਸਰਾ[49] ਹੈ।
ਸ੍ਰੀ ਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ।
ਮਨਮੁਖੁ[50] ਮੋਹਿ[51] ਵਿਆਪਿਆ[52] ਬੈਰਾਗੁ[53] ਉਦਾਸੀ[54] ਨ ਹੋਇ[55] ॥	The perverse person[50] is engrossed[52] in worldly love[51] and embraces[55] not Lord's love[53] and world-detachment[54].	ਪ੍ਰਤੀਕੂਲ ਪੁਰਸ਼[50] ਸੰਸਾਰੀ ਮਮਤਾ[51] ਅੰਦਰ ਖ਼ਚਤ[52] ਹੈ ਅਤੇ ਪ੍ਰਭੂ ਦੀ ਪ੍ਰੀਤ[53] ਅਤੇ ਸੰਸਾਰ ਉਪਰਾਮਤਾ[54] ਧਾਰਨ[55] ਨਹੀਂ ਕਰਦਾ।
ਸਬਦੁ[56] ਨ ਚੀਨੈ[57] ਸਦਾ[61] ਦੁਖੁ[62] ਹਰਿ ਦਰਗਹਿ[58] ਪਤਿ[59] ਖੋਇ[60] ॥	He comprehends[57] not Lord's Name[56], ever[61] suffers pain[62] and loses[60] honour[59] in God's Court[58].	ਉਹ ਸੁਆਮੀ ਦੇ ਨਾਮ[56] ਨੂੰ ਨਹੀਂ ਸਮਝਦਾ[57], ਸਦੀਵ[61] ਹੀ ਕਸ਼ਟ[62] ਉਠਾਉਂਦਾ ਹੈ ਤੇ ਰੱਬ ਦੇ ਦਰਬਾਰ[58] ਵਿਚ ਆਪਣੀ ਇੱਜ਼ਤ[59] ਗੁਆ[60] ਲੈਂਦਾ ਹੈ।
ਹਉਮੈ[63] ਗੁਰਮੁਖਿ[64] ਖੋਈਐ[65] ਨਾਮਿ ਰਤੇ[66] ਸੁਖੁ ਹੋਇ ॥ ੧ ॥	The pious[64] shed[65] their ego[63], are imbued[66] with the Name and attain peace.	ਜਗਿਆਸੂ[64] ਆਪਣਾ ਹੰਕਾਰ[63] ਦੂਰ[65] ਕਰ ਦਿੰਦੇ ਹਨ, ਨਾਮ ਨਾਲ ਰੰਗੇ[66] ਜਾਂਦੇ ਹਨ ਤੇ ਆਰਾਮ ਪਾਉਂਦੇ ਹਨ।
ਮੇਰੇ ਮਨ[67] ਅਹਿਨਿਸਿ[68] ਪੂਰਿ[69] ਰਹੀ ਨਿਤ[70] ਆਸਾ[71] ॥	O' my mind! day[67] and night[68], thou ever[70] remainest brimful[69] with desires[71].	ਹੇ ਮੇਰੀ ਜਿੰਦੜੀਏ! ਦਿਨ[67] ਰਾਤ[68] ਤੂੰ ਸਦੀਵ[70] ਹੀ ਖ਼ਾਹਿਸ਼ਾਂ[71] ਨਾਲ ਪਰੀ-ਪੂਰਨ[69] ਰਹਿੰਦੀ ਹੈਂ।
ਸਤਗੁਰੁ ਸੇਵਿ[72] ਮੋਹੁ[73] [74]ਪਰਜਲੈ[75] ਘਰ[76] ਹੀ ਮਾਹਿ[77] ਉਦਾਸਾ[78] ॥ ੧ ॥ ਰਹਾਉ ॥	By serving[72] the True Guru, worldly attachment[73] is completely[74] burnt[75] down and man remains detached[78] in[77] his home[76]. Pause.	ਸੱਚੇ ਗੁਰਾਂ ਦੀ ਟਹਿਲ[72] ਕਮਾਉਣ ਦੁਆਰਾ ਸੰਸਾਰੀ ਮਮਤਾ[73] ਪੂਰੀ ਤਰ੍ਹਾਂ[74] ਸੜ ਜਾਂਦੀ[75] ਹੈ ਤੇ ਬੰਦਾ ਆਪਣੇ ਗ੍ਰਿਹ[76] ਵਿਚ[77] ਹੀ ਨਿਰਲੇਪ[78] ਰਹਿੰਦਾ ਹੈ। ਠਹਿਰਾਉ।
ਗੁਰਮੁਖਿ[79] ਕਰਮ[80] ਕਮਾਵੈ[81] ਬਿਗਸੈ[82] ਹਰਿ ਬੈਰਾਗੁ[83] ਅਨੰਦੁ[84] ॥	The Guru-ward[79] does[81] good deeds[80] and blooms[82]. God's affection[83] brings bliss[84].	ਗੁਰੂ-ਸਮਰਪਣ[79] ਭਲੇ ਕੰਮ[80] ਕਰਦਾ[81] ਤੇ ਖਿੜਦਾ[82] ਹੈ। ਵਾਹਿਗੁਰੂ ਦੀ ਪਿਰਹੜੀ[83] ਖ਼ੁਸ਼ੀ[84] ਪੈਦਾ ਕਰਦੀ ਹੈ।
ਅਹਿਨਿਸਿ[85] ਭਗਤਿ[86] ਕਰੇ[87] ਦਿਨੁ ਰਾਤੀ[88] ਹਉਮੈ[89] ਮਾਰਿ[90] ਨਿਚੰਦੁ[91] ॥	Day and night[88] he ever[85] performs[87] Lord's service[86] and stilling[90] his self-conceit[89] becomes care-free[91].	ਦਿਨੇ ਰੈਣ[88] ਉਹ ਹਮੇਸ਼ਾ[85] ਸਾਹਿਬ ਦੀ ਸੇਵਾ[86] ਕਮਾਉਂਦਾ[87] ਹੈ ਅਤੇ ਆਪਣੀ ਸਵੈ-ਹੰਗਤਾ[89] ਨੂੰ ਦੂਰ ਕਰਕੇ[90] ਬੇ-ਫ਼ਿਕਰ[91] ਹੋ ਜਾਂਦਾ ਹੈ।
ਵਡੈ[92] ਭਾਗਿ[93] ਸਤਸੰਗਤਿ[94] ਪਾਈ[95] ਹਰਿ ਪਾਇਆ[96]	By great[92] good fortune[93] I have met[95] the society of saint[94] and	ਭਾਰੇ[92] ਚੰਗੇ ਕਰਮਾਂ[93] ਦੁਆਰਾ ਮੈਂ ਸਾਧ ਸੰਗਤ[94] ਨੂੰ ਪਰਾਪਤ[95] ਹੋਇਆ ਹਾਂ ਅਤੇ ਸਦੀਵੀ ਪਰਸੰਨਤਾ[97]

ਸਹਜਿ[97] ਅਨੰਦੁ ॥੨॥

attained[96] to God the seat of eternal bliss[97].

ਦੇ ਟਿਕਾਣੇ ਵਾਹਿਗੁਰੂ ਨੂੰ ਹਾਸਲ[97] ਕੀਤਾ ਹੈ ।

ਸੋ[98] ਸਾਧੂ ਬੈਰਾਗੀ[99] ਸੋਈ[100] ਹਿਰਦੈ[2] ਨਾਮੁ ਵਸਾਏ[3] ॥

He[98] is the saint and he[100] the world renouncer[99], who abides[3] God's Name in his heart[2].

ਉਹ[98] ਸੰਤ ਹੈ ਅਤੇ ਉਹੀ[100] ਜਗਤ-ਤਿਆਗੀ[99], ਜਿਹੜਾ ਹਰੀ ਨਾਮ ਨੂੰ ਆਪਣੇ ਦਿਲ[2] ਅੰਦਰ ਟਿਕਾਉਂਦਾ[3] ਹੈ ।

ਅੰਤਰਿ[4] ਲਾਗਿ[5] ਨ ਤਾਮਸੁ[6] ਮੂਲੇ[7] ਵਿਚਹੁ[8] ਆਪੁ[9] ਗਵਾਏ[10] ॥

Anger[6] touches[5] not his core[4] at all[7], as he has shed[10] his self-conceit[9] from within[8] himself.

ਗੁੱਸਾ[6] ਉਸ ਦੇ ਹਿਰਦੇ[4] ਨੂੰ ਅਸਲੋਂ ਹੀ[7] ਨਹੀਂ ਪੋਂਹਦਾ[5], ਕਿਉਂ ਜੋ ਉਸ ਨੇ ਆਪਣੇ ਅੰਦਰੋਂ[8] ਸਵੈ-ਹੰਗਤਾ[9] ਨੂੰ ਦੂਰ ਕਰ[10] ਦਿਤਾ ਹੈ ।

ਨਾਮੁ ਨਿਧਾਨੁ[11] ਸਤਗੁਰੂ ਦਿਖਾਲਿਆ[12] ਹਰਿਰਸੁ[13] ਪੀਆ[14] ਅਘਾਏ[15] ॥੩॥

The Name treasure[11] the True Guru has shown[12] unto him and God's Nectar[13] he drinks[14] to his fill[15].

ਨਾਮ ਦਾ ਖ਼ਜ਼ਾਨਾ[11] ਸੱਚੇ ਗੁਰਾਂ ਨੇ ਉਸ ਨੂੰ ਵਿਖਾਲ ਦਿਤਾ[12] ਹੈ ਅਤੇ ਈਸ਼ਵਰੀ ਅੰਮ੍ਰਿਤ[13] ਨੂੰ ਉਹ ਰੱਜ ਕੇ[15] ਪਾਨ[14] ਕਰਦਾ ਹੈ ।

ਜਿਨਿ ਕਿਨੈ[16] ਪਾਇਆ ਸਾਧਸੰਗਤੀ[17] ਪੂਰੈ[18] ਭਾਗਿ[19] ਬੈਰਾਗਿ[20] ॥

Who-so-ever[16] has found God, has found Him in the congregation of the righteous[17]. Through the perfect[18] good luck[19] Lord's love[20] is obtained.

ਜਿਸ ਕਿਸੇ[16] ਨੇ ਵਾਹਿਗੁਰੂ ਨੂੰ ਪਾਇਆ ਹੈ, ਸਚਿਆਰਾਂ ਦੀ ਸੰਗਤ[17] ਅੰਦਰ ਪਾਇਆ ਹੈ । ਪੂਰਨ[18] ਚੰਗੇ ਨਸੀਬਾਂ[19] ਰਾਹੀਂ ਪ੍ਰਭੂ ਦੀ ਪ੍ਰੀਤ[20] ਪਰਾਪਤ ਹੁੰਦੀ ਹੈ ।

ਮਨਮੁਖ[21] ਫਿਰਹਿ[22] ਨ ਜਾਣਹਿ[23] ਸਤਗੁਰੁ ਹਉਮੈ[24] ਅੰਦਰਿ[25] ਲਾਗਿ[26] ॥

Being inwardly[25] attached[26] with ego[24] the perverse[21] roam about[22] and understand[23] not the True Guru.

ਅੰਤਰੀਵ ਤੌਰ[25] ਤੇ ਹੰਕਾਰ[24] ਨਾਲ ਜੁੜੇ[26] ਹੋਣ ਕਰਕੇ ਆਪ-ਹੁਦਰੇ[21] ਭਟਕਦੇ[22] ਫਿਰਦੇ ਹਨ ਅਤੇ ਸੱਚੇ ਗੁਰਾਂ ਨੂੰ ਨਹੀਂ ਸਮਝਦੇ[23] !

ਨਾਨਕ ਸਬਦਿ[27] ਰਤੇ[28] ਹਰਿਨਾਮਿ ਰੰਗਾਏ[29] ਬਿਨੁ[30] ਭੈ[31] ਕੇਹੀ[32] ਲਾਗਿ[33] ॥ ੪ ॥ ੮ ॥ ੪੧ ॥

Nanak, they, who are tinged[28] with the Word[27], get imbued[29] in God's Name. How[32] can they be dyed without[30] the mordant[33] of Lord's fear[31] ?

ਨਾਨਕ, ਜਿਹੜੇ ਗੁਰਬਾਣੀ[27] ਨਾਲ ਰੰਗੇ[28] ਹਨ, ਉਹ ਵਾਹਿਗੁਰੂ ਦੇ ਨਾਮ ਅੰਦਰ ਰੰਗੀਜ[29] ਜਾਂਦੇ ਹਨ । ਪ੍ਰਭੂ ਦੇ ਡਰ[31] ਦੀ ਪਾਹ[33] ਦੇ ਬਗ਼ੈਰ[30] ਉਨ੍ਹਾਂ ਨੂੰ ਕਿਸ ਤਰ੍ਹਾਂ[32] ਰੰਗ ਚੜ੍ਹ ਸਕਦਾ ਹੈ ?

ਸਿਰੀ ਰਾਗੁ ਮਹਲਾ ੩ ॥

Sri Rag, Third Guru.

ਸਿਰੀ ਰਾਗੁ, ਤੀਜੀ ਪਾਤਸ਼ਾਹੀ ।

ਘਰ[34] ਹੀ ਸਉਦਾ[35] ਪਾਈਐ[36] ਅੰਤਰਿ[37] ਸਭ ਵਥੁ[38] ਹੋਇ ॥

Within[37] man are all the goods[38]. From within his home[34] he can obtain[36] the required merchandise[35].

ਬੰਦੇ ਦੇ ਅੰਦਰ[37] ਹੀ ਸਾਰੀਆਂ ਵਸਤੂਆਂ[38] ਹਨ । ਉਹ ਆਪਣੇ ਗ੍ਰਿਹ[34] ਵਿਚੋਂ ਹੀ ਉਹ ਲੋੜੀਂਦਾ ਸੌਦਾ-ਸੂਤ[35] ਲੈ ਸਕਦਾ[36] ਹੈ ।

ਖਿਨੁ ਖਿਨੁ[39] ਨਾਮੁ ਸਮਾਲੀਐ[40] ਗੁਰਮੁਖਿ[41] ਪਾਵੈ[42] ਕੋਇ[43] ॥

Every moment[39] remember[40] God's Name. Hardly any one[43] obtains[42] it through the Guru[41].

ਹਰ ਮੁਹਤ[39] ਹਰੀ ਦੇ ਨਾਮ ਦਾ ਸਿਮਰਨ ਕਰ[40] । ਗੁਰਾਂ ਦੇ ਰਾਹੀਂ[41] ਕੋਈ ਵਿਰਲਾ[43] ਹੀ ਇਸ ਨੂੰ ਪਰਾਪਤ[42] ਕਰਦਾ ਹੈ ।

ਨਾਮੁ ਨਿਧਾਨੁ[44] ਅਖੁਟੁ[45] ਹੈ [46]ਵਡਭਾਗਿ[47] ਪਰਾਪਤਿ[48] ਹੋਇ ॥੧॥

The treasure[44] of the Name is inexhaustible[45], through the greatest[46] good luck[47] it is attained[48] to.

ਨਾਮ ਦਾ ਖ਼ਜ਼ਾਨਾ[44] ਅਮੁੱਕ[45] ਹੈ, ਪਰਮ[46] ਚੰਗੇ ਕਰਮਾਂ[47] ਰਾਹੀਂ ਇਹ ਹਾਸਲ[48] ਹੁੰਦਾ ਹੈ ।

੩੦ 30 ੩੦

ਮੇਰੇ ਮਨ[49] ਤਜਿ[50] ਨਿੰਦਾ[51]

O' my mind[49] ! abandon[50] slander[51],

ਹੇ ਮੇਰੀ ਜਿੰਦੜੀਏ[49] ! ਅਪਜਸ[51], ਸਵੈ-ਹੰਗਤਾ[52]

ਹਉਮੈ[52] ਅਹੰਕਾਰੁ[53] ॥	self-conceit[52] and arrogance[53].	ਅਤੇ ਹੰਕਾਰ[53] ਛੱਡ[50] ਦੇ ।
ਹਰਿ ਜੀਉ[54] ਸਦਾ[55] ਧਿਆਇ[56] ਤੂ[59] ਗੁਰਮੁਖਿ[57] ਏਕੰਕਾਰੁ[58] ॥੧॥ ਰਹਾਉ ॥	Through[57] the Guru do thou[59] ever[55] remember[56] the venerable[54] Lord, the Unique Being[58]. Pause.	ਗੁਰਾਂ ਦੇ ਰਾਹੀਂ[57] ਤੂੰ[59] ਸਦੀਵ[55] ਹੀ ਪੂਜਯ[54] ਪ੍ਰਭੂ, ਅਦੁੱਤੀ ਵਿਅਕਤੀ[58] ਦਾ ਚਿੰਤਨ ਕਰ[56] । ਠਹਿਰਾਉ ।
ਗੁਰਮੁਖਾ[59] ਕੇ ਮੁਖ[60] ਉਜਲੇ[61] ਗੁਰਸਬਦੀ[62] ਬੀਚਾਰਿ[63] ॥	Bright[61] are the faces[60] of the Guru-beloveds[59]. They reflect[63] over Guru's words[62]	ਰੋਸ਼ਨ[61] ਹਨ ਚਿਹਰੇ[60] ਗੁਰੂ-ਪਿਆਰਿਆਂ[59] ਦੇ । ਉਹ ਗੁਰੂ ਦੇ ਸ਼ਬਦ[62] ਦਾ ਧਿਆਨ[63] ਧਰਦੇ ਹਨ ।
ਹਲਤਿ[64] ਪਲਤਿ[65] ਸੁਖੁ[70] ਪਾਇਦੇ ਜਪਿ ਜਪਿ[66] ਰਿਦੈ[67] [68]ਮੁਰਾਰਿ[69] ॥	By pondering and deliberating[66] over, in their mind[67], on God, the enemy[68] of ego[69], they obtain peace[70] in this world[64] and the next world[65]	ਆਪਣੇ ਚਿੱਤ[67] ਵਿਚ ਹੰਕਾਰ[68] ਦੇ ਵੈਰੀ[69], ਵਾਹਿਗੁਰੂ ਦਾ ਚਿੰਤਨ ਤੇ ਸਿਮਰਨ[66] ਕਰਨ ਦੁਆਰਾ, ਉਹ ਇਸ ਲੋਕ[64] ਤੇ ਪ੍ਰਲੋਕ[65] ਵਿਚ ਆਰਾਮ[70] ਪਾਉਂਦੇ ਹਨ ।
ਘਰ[71] ਹੀ ਵਿਚਿ ਮਹਲੁ[72] ਪਾਇਆ ਗੁਰਸਬਦੀ[73] ਵੀਚਾਰਿ[74] ॥੨॥	In their own house[71] they get to Lord's presence[72] by reflecting[74] on Guru's words[73].	ਗੁਰਾਂ ਦੇ ਸ਼ਬਦ[73] ਨੂੰ ਸੋਚਣ ਸਮਝਣ[74] ਦੁਆਰਾ, ਉਹ ਆਪਣੇ ਗ੍ਰਿਹ[71] ਅੰਦਰ ਹੀ ਸਾਈਂ ਦੀ ਹਜ਼ੂਰੀ[72] ਪਾ ਲੈਂਦੇ ਹਨ ।
ਸਤਗੁਰ ਤੇ ਜੋ[75] ਮੁਹ[76] ਫੇਰਹਿ[77] ਮਥੇ[78] ਤਿਨ[79] ਕਾਲੇ[80] ॥	Black[80] become the brows[78] of those[79] who[75] turn[77] their faces[76] away from the True Guru.	ਸਿਆਹ[80] ਹੋ ਜਾਂਦੇ ਹਨ ਉਨ੍ਹਾਂ[79] ਦੇ ਮਸਤਕ[78] ਜਿਹੜੇ[75] ਸੱਚੇ ਗੁਰਾਂ ਵਲੋਂ ਆਪਣੇ ਮੂੰਹ[76] ਮੋੜ ਲੈਂਦੇ[77] ਹਨ ।
ਅਨਦਿਨੁ[81] ਦੁਖ[82] ਕਮਾਵਦੇ[83] ਨਿਤ[84] ਜੋਹੇ[85] [86]ਜਮਜਾਲੇ[87] ॥	By night and day[81], they do[83] afflictive[82] deeds, and death's[86] noose[87] ever[84] spies[85] them.	ਰਾਤ੍ਰੀ ਦਿਹੁੰ[81] ਉਹ ਦੁਖ ਦੇਣ ਹਾਰ[82] ਕਰਮ ਕਰਦੇ[83] ਹਨ ਅਤੇ ਮੌਤ[86] ਦੀ ਫਾਹੀ[87] ਹਮੇਸ਼ਾਂ[84] ਹੀ ਉਨ੍ਹਾਂ ਨੂੰ ਤਾੜਦੀ[85] ਹੈ ।
ਸੁਪਨੈ[88] ਸੁਖੁ[89] ਨ ਦੇਖਨੀ[90] ਬਹੁ[91] ਚਿੰਤਾ[92] ਪਰ[93]-ਜਾਲੇ[94] ॥ ੩ ॥	Even in dream[88] they perceive[90] not pleasure[89] and are wholly[93] burnt[94] by intense[91] anxiety[92].	ਸੁਫ਼ਨੇ[88] ਵਿਚ ਭੀ ਉਹ ਖ਼ੁਸ਼ੀ[89] ਨਹੀਂ ਵੇਖਦੇ[90] ਅਤੇ ਅਧਿਕ[91] ਫ਼ਿਕਰ[92] ਨੇ ਉਨ੍ਹਾਂ ਨੂੰ ਸੰਪੂਰਨ ਤੌਰ[93] ਤੇ ਸਾੜ[94] ਸੁੱਟਿਆ ਹੈ ।
ਸਭਨਾ[95] ਕਾ ਦਾਤਾ[96] ਏਕੁ[97] ਹੈ ਆਪੇ[98] ਬਖਸ[99] ਕਰੇਇ[100] ॥	One Lord[97] is the bestower[96] of all[95]. He Himself[98] bestows[100] bounties[99].	ਇਕ ਪ੍ਰਭੂ[97] ਹੀ ਸਾਰਿਆਂ[95] ਨੂੰ ਦੇਣ ਵਾਲਾ[96] ਹੈ । ਉਹ ਆਪ[98] ਹੀ ਬਖ਼ਸ਼ੀਸ਼ਾਂ[99] ਬਖ਼ਸ਼ਦਾ[100] ਹੈ ।
ਕਹਣਾ[2] ਕਿਛੂ ਨ ਜਾਵਈ ਜਿਸੁ[3] ਭਾਵੈ[4] ਤਿਸੁ[5] ਦੇਇ[6] ॥	He gives[6] unto him[5], whom[3] He is pleased[4] with. No one has any say[2] in it.	ਉਹ ਉਸ[5] ਨੂੰ ਦਿੰਦਾ[6] ਹੈ, ਜਿਹੜਾ[3] ਉਸ ਨੂੰ ਚੰਗਾ[4] ਲਗਦਾ ਹੈ। ਕਿਸੇ ਦਾ ਇਸ ਵਿਚ ਕੋਈ ਦਖ਼ਲ[2] ਨਹੀਂ ।
ਨਾਨਕ ਗੁਰਮੁਖਿ[7] ਪਾਈਐ[8] ਆਪੇ[9] ਜਾਣੈ[10] ਸੋਇ[11] ॥੪॥੯॥੪੨॥	Nanak, God is obtained[8] through the Guru[7]. He[11] Himself understands[10] His ownself[9].	ਨਾਨਕ, ਵਾਹਿਗੁਰੂ ਦੀ ਪਰਾਪਤੀ[8] ਗੁਰੂ ਦੁਆਰਾ[7] ਹੁੰਦੀ ਹੈ । ਉਹ[11] ਖ਼ੁਦ ਹੀ ਆਪਣੇ ਆਪ[9] ਨੂੰ ਸਮਝਦਾ[10] ਹੈ ।
ਸਿਰੀ ਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ ।
ਸਚਾ ਸਾਹਿਬੁ[12] ਸੇਵੀਐ[13] ਸਚੁ ਵਡਿਆਈ[14] ਦੇਇ[15]॥	Serve[13] the True Lord[12], who will grant[15] thee true greatness[14].	ਸੱਚੇ ਸੁਆਮੀ[12] ਦੀ ਸੇਵਾ ਕਰ[13] ਜੋ ਤੈਨੂੰ ਸੱਚੀ ਪ੍ਰਭਤਾ[14] ਪਰਦਾਨ ਕਰੇਗਾ[15] ।

ਗੁਰਪਰਸਾਦੀ[16] ਮਨਿ ਵਸੈ ਹਉਮੈ[17] ਦੂਰਿ ਕਰੇਇ[18] ॥	By Guru's grace[16], God abides within man's mind and drives away[18] his pride[17].	ਗੁਰਾਂ ਦੀ ਰਹਿਮਤ[16] ਸਦਕਾ ਵਾਹਿਗੁਰੂ ਮਨੁੱਖ ਦੇ ਚਿੱਤ ਅੰਦਰ ਵੱਸਦਾ ਹੈ ਤੇ ਉਸ ਦੀ ਹੰਗਤਾ[17] ਨੂੰ ਪਰੇ ਸੁੱਟ ਪਾਉਂਦਾ[18] ਹੈ।
ਇਹੁ ਮਨੁ[19] ਧਾਵਤੁ[20] ਤਾ[21] ਰਹੈ[22] ਜਾ[23] ਆਪੇ[24] ਨਦਰਿ[25] ਕਰੇਇ[26] ॥੧॥	When[23] the Lord Himself[24] casts[26] His merciful glance[26], then[21] alone is this fleeting[20] mind[19] restrained[22].	ਜਦ[23] ਸਾਈਂ ਖ਼ੁਦ[24] ਆਪਣੀ ਮਿਹਰ ਦੀ ਨਿਗ੍ਹਾ[25] ਧਾਰਦਾ[26] ਹੈ, ਕੇਵਲ ਤਦ[21] ਹੀ ਇਹ ਭਜਿਆ ਫਿਰਦਾ[20] ਮਨੂਆ[19] ਕਾਬੂ[22] ਵਿਚ ਆਉਂਦਾ ਹੈ।
ਭਾਈ[27] ਰੇ[28] ਗੁਰਮੁਖਿ[29] ਹਰਿਨਾਮੁ ਧਿਆਇ[30] ॥	O'[28] Brother[27] ! through the Guru[29] meditate[30] on Lord's Name.	ਹੇ[28] ਵੀਰ[27] ! ਗੁਰਾਂ ਦੁਆਰਾ[29] ਵਾਹਿਗੁਰੂ ਦੇ ਨਾਮ ਦਾ ਅਰਾਧਨ[30] ਕਰ।
ਨਾਮੁ ਨਿਧਾਨੁ[31] ਸਦ[32] ਮਨਿ ਵਸੈ[33] ਮਹਲੀ[34] ਪਾਵੈ[36] ਥਾਉ[35] ॥੧॥ ਰਹਾਉ ॥	When the Name-treasure[31] ever[32] abides[33] in man's mind he finds[36] a place[35] in Lord's palace[34].	ਜੇਕਰ ਨਾਮ ਦਾ ਖ਼ਜ਼ਾਨਾ[31] ਸਦੀਵ[32] ਹੀ ਬੰਦੇ ਦੇ ਚਿੱਤ ਵਿਚ ਨਿਵਾਸ[33] ਰਖੇ ਤਾਂ ਉਹ ਸਾਈਂ ਦੇ ਮੰਦਰ[34] ਅੰਦਰ ਥਾਂ[35] ਪਾ ਲੈਂਦਾ[36] ਹੈ।
ਮਨਮੁਖ[37] ਮਨੁ[38] ਤਨੁ[39] ਅੰਧੁ[40] ਹੈ ਤਿਸ ਨਉ[41] ਠਉਰ[42] ਨ ਠਾਉ[43] ॥	There is darkness[40] within the mind[38] and body[39] of an apostate[37]. He[41] has neither shelter[42] nor place of rest[43].	ਅਧਰਮੀ[37] ਦੀ ਆਤਮਾ[38] ਅਤੇ ਦੇਹਿ[39] ਅੰਦਰ ਅਨ੍ਹੇਰ[40] ਹੈ। ਉਸ[41] ਨੂੰ ਕੋਈ ਪਨਾਹ[42] ਜਾਂ ਆਰਾਮ ਦੀ ਥਾਂ[43] ਨਹੀਂ ਮਿਲਦੀ।
ਬਹੁ[44] ਜੋਨੀ[45] ਭਉਦਾ ਫਿਰੈ[46] ਜਿਉ[47] ਸੁੰਞੈ[48] ਘਰਿ[49] ਕਾਉ[50] ॥	He continues roaming[46] about, in many[44] existences[45], like[17] a crow[50] in a deserted[48] house[49].	ਸੱਖਣੇ[48] ਮਕਾਨ[49] ਵਿਚ ਕਾਂ[50] ਦੀ ਮਾਨਿੰਦ[47], ਉਹ ਘਨੇਰੀਆਂ[44] ਜੂਨੀਆਂ[45] ਅੰਦਰ ਭਟਕਦਾ[46] ਫਿਰਦਾ ਹੈ।
ਗੁਰਮਤੀ[51] ਘਟਿ[52] ਚਾਨਣਾ[53] ਸਬਦਿ[54] ਮਿਲੈ[55] ਹਰਿ ਨਾਉ[56] ॥ ੨ ॥	By Guru's teaching[51] Divine Light[53] shines in the heart[52] and by his word[54] God's Name[56] is gained[55].	ਗੁਰਾਂ ਦੇ ਉਪਦੇਸ਼[51] ਦੁਆਰਾ ਰੱਬੀ ਨੂਰ[53] ਮਨ[52] ਅੰਦਰ ਚਮਕਦਾ ਹੈ ਅਤੇ ਉਸ ਦੀ ਬਾਣੀ[54] ਦੁਆਰਾ ਰੱਬ ਦਾ ਨਾਮ[56] ਮਿਲਦਾ[55] ਹੈ।
ਤ੍ਰੈ[57] ਗੁਣ[58] ਬਿਖਿਆ[59] ਅੰਧੁ[60] ਹੈ ਮਾਇਆ[61] ਮੋਹ[62] ਗੁਬਾਰ[63] ॥	Thou art blinded[60] by the wickedness[59] of three[57] dispositions[58] and the darkness[63] of the attachment[62] of wealth[61].	ਤੈਨੂੰ ਤਿੰਨਾਂ[57] ਸੁਭਾਵਾਂ[58] ਦੀ ਬਦੀ[59] ਅਤੇ ਧਨ-ਦੌਲਤ[61] ਦੀ ਲਗਨ[62] ਦੇ ਅਨ੍ਹੇਰੇ[63] ਨੇ ਅੰਨ੍ਹਾ ਕਰ ਛੱਡਿਆ[60] ਹੈ।
ਲੋਭੀ[64] ਅਨ[65] ਕਉ ਸੇਵਦੇ[66] ਪੜਿ[67] ਵੇਦਾ ਕਰੈਹਿ ਪੂਕਾਰ[68] ॥	The men of avarice[64] serve[66] others[65], even though they advertise[68] their study[67] of Vedas.	ਲਾਲਚੀ ਬੰਦੇ[64] ਹੋਰਨਾਂ[65] ਦੀ ਪਹਿਲ[66] ਕਮਾਉਂਦੇ ਹਨ, ਭਾਵੇਂ ਉਹ ਆਪਣੇ ਬੇਦਾਂ ਦੇ ਵਾਚਣ[67] ਦਾ ਢੰਡੋਰਾ ਪਿਟਦੇ[68] ਹਨ।
ਬਿਨੁ[35] ਨਾਵੈ ਜੀਵਣੁ[36] ਨਾ ਥੀਐ[37] ਮੇਰੇ ਸਤਿਗੁਰ ਨਾਮੁ ਦ੍ਰਿੜਾਇ[38] ॥੧॥ ਰਹਾਉ ॥	Without[35] God's Name, I cannot sustain[37] life[36]. O'my True Guru ! implant[38] the Name within me. Pause.	ਹਰੀ ਦੇ ਨਾਮ ਬਗੈਰ[35] ਮੇਰਾ ਜੀਊਣਾ[36] ਨਹੀਂ ਹੋ ਸਕਦਾ[37]। ਹੇ ਮੇਰੇ ਸਚੇ ਗੁਰਦੇਵ ਜੀ ! ਮੇਰੇ ਅੰਦਰ ਨਾਮ ਨੂੰ ਪੱਕਾ[38] ਕਰੋ। ਠਹਿਰਾਉ।
ਨਾਮੁ ਅਮੋਲਕੁ[39] ਰਤਨੁ[40] ਹੈ ਪੂਰੇ[41] ਸਤਿਗੁਰ ਪਾਸਿ[42] ॥	The Name is an invaluable[39] jewel[40]. It is with[42] the perfect[41] Guru.	ਨਾਮ ਇਕ ਅਨਮੁਲ[39] ਜਵੇਹਰ[40] ਹੈ। ਇਹ ਪੂਰਨ[41]-ਗੁਰਾਂ ਦੇ ਕੋਲ[42] ਹੈ।
ਸਤਿਗੁਰ ਸੇਵੈ[43] ਲਗਿਆ[44] ਕਢਿ[45] ਰਤਨੁ[46] ਦੇਵੈ[47] ਪਰਗਾਸਿ[48] ॥	The True Guru brings out[45] and gives[47] the bright[48] jewel[46] Name to him who is attached[44] to His service[43].	ਸਚਾ ਗੁਰੂ ਉਜਲੇ[48] ਨਾਮ-ਜਵੇਹਰ[46] ਨੂੰ ਕਢ[45] ਕੇ ਉਸ ਨੂੰ ਦੇ ਦਿੰਦਾ[47] ਹੈ, ਜੋ ਉਸ ਦੀ ਚਾਕਰੀ[43] ਅੰਦਰ ਜੁੜਿਆ[44] ਹੋਇਆ ਹੈ।
ਧੰਨੁ[49] ਵਡਭਾਗੀ[50] ਵਡਭਾਗੀਆ[51] ਜੋ ਆਇ[52] ਮਿਲੇ[53] ਗੁਰ ਪਾਸਿ[54] ॥੨॥	Blessed[49] and the most fortunate[50] of the very fortunate[51] are they who come[52] to[54] the Guru and meet[53] Him.	ਮੁਬਾਰਕ[49] ਅਤੇ ਵਡੇ ਨਸੀਬਾਂ-ਵਾਲਿਆਂ[51] ਵਿਚੋਂ ਪਰਮ ਨਸੀਬਾਂ[50] ਵਾਲੇ ਹਨ, ਉਹ ਜੋ ਗੁਰਾਂ ਕੋਲ[54] ਆ ਕੇ[52] ਉਨ੍ਹਾਂ ਨੂੰ ਮਿਲਦੇ[53] ਹਨ।
ਜਿਨਾ ਸਤਿਗੁਰੁ ਪੁਰਖੁ[55] ਨ ਭੇਟਿਓ[56] ਸੇ[57] ਭਾਗਹੀਣ[58] ਵਸਿ[59] ਕਾਲ[60] ॥	They[57], who have not met[56] the Divine[55] True Guru are unfortunate[58] and subject[59] to death[60].	ਜੋ ਪੁਰਖ ਸਚੇ ਗੁਰਾਂ[55] ਨੂੰ ਨਹੀਂ ਮਿਲੇ[56], ਉਹ[57] ਨਿਕਰਮਣ[58] ਹਨ ਅਤੇ ਮੌਤ[60] ਦੇ ਅਧੀਨ[59] ਹਨ।
ਓਇ[61] ਫਿਰਿ ਫਿਰਿ[62] ਜੋਨਿ[63] ਭਵਾਈਅਹਿ[64] ਵਿਚਿ[68] ਵਿਸਟਾ[65] ਕਰਿ[66] ਵਿਕਰਾਲ[67] ॥	They[61] are goaded[64] into existences[63] over and over again[62], being made[66] terrible[67] worms, and put into[68] ordure[65].	ਉਨ੍ਹਾਂ[61] ਨੂੰ ਮੁੜ ਮੁੜ[62] ਕੇ ਜੂਨੀਆਂ[63] ਅੰਦਰ ਧਕਿਆ[64] ਜਾਂਦਾ ਹੈ ਅਤੇ ਭਿਆਨਕ[67] ਕਿਰਮ ਬਣਾ[66] ਕੇ ਉਨ੍ਹਾਂ ਨੂੰ ਗੰਦਗੀ[65] ਅੰਦਰ[68] ਪਾਇਆ ਜਾਂਦਾ ਹੈ।
ਓਨਾ ਪਾਸਿ ਦੁਆਸਿ[69] ਨ ਭਿਟੀਐ[70] ਜਿਨ ਅੰਤਰਿ[71] ਕ੍ਰੋਧੁ[72] ਚੰਡਾਲ[73] ॥ ੩ ॥	Draw[70] not near and in the neighbourhood[69] of those in whose heart[71] is the pariah[73] wrath[72].	ਉਨ੍ਹਾਂ ਦੇ ਲਾਗੇ ਤਾਗੇ[69] ਨਾ ਢੁੱਕੋ[70] ਜਿਨ੍ਹਾਂ ਦੇ ਦਿਲਾਂ[71] ਅੰਦਰ ਕਮੀਣ[73] ਰੋਸ[72] ਹੈ।
ਸਤਿਗੁਰੁ ਪੁਰਖੁ[74] [75]ਅੰਮ੍ਰਿਤ ਸਰੁ[76] ਵਡਭਾਗੀ[77] ਨਾਵਹਿ[78] ਆਇ[79] ॥	God-incarnate[74] True Guru, is the Pool[76] of Nectar[75], the fortunate[77] ones come[79] and bathe[78] there-in.	ਰੱਬ-ਰੂਪ[74] ਸਚੇ ਗੁਰੂ ਜੀ ਸੁਧਾ[75] ਦੇ ਤਾਲਾਬ[76] ਹਨ। ਵਡੇ ਨਸੀਬਾਂ[77] ਵਾਲੇ ਆ[79] ਕੇ ਇਸ ਵਿਚ ਇਸ਼ਨਾਨ[78] ਕਰਦੇ ਹਨ।
ਉਨ[85] ਜਨਮ ਜਨਮ[80] ਕੀ ਮੈਲੁ[81] ਉਤਰੈ[82] ਨਿਰਮਲ[83] ਨਾਮੁ ਦ੍ਰਿੜਾਇ[84] ॥	Their[85] filth[81] of many births[80] is washed off[82] and the Immaculate[83] Name is implanted[84] within them.	ਉਨ੍ਹਾਂ[85] ਦੀ ਅਨੇਕਾਂ-ਜਨਮਾਂ[80] ਦੀ ਗੰਦਗੀ[81] ਧੋਤੀ[82] ਜਾਂਦੀ ਹੈ ਅਤੇ ਉਨ੍ਹਾਂ ਦੇ ਅੰਦਰ ਪਵਿੱਤ੍ਰ[83] ਨਾਮ ਪੱਕਾ[84] ਹੋ ਜਾਂਦਾ ਹੈ।
ਜਨ[86] ਨਾਨਕ ਉਤਮ[87]-ਪਦੁ[88] ਪਾਇਆ[91] ਸਤਿਗੁਰ ਕੀ ਲਿਵ[89] ਲਾਇ[90] ॥੪॥ ੨ ॥ ੬੬ ॥	By fixing[90] his attention[89] on the True Guru, serf[86] Nanak has obtained[91] the Supreme[87] State[88] (of Bliss).	ਆਪਣੀ ਬ੍ਰਿਤੀ[89] ਸਚੇ ਗੁਰਾਂ ਨਾਲ ਜੋੜਣ[90] ਦੁਆਰਾ ਨਫ਼ਰ[86] ਨਾਨਕ ਨੇ ਉੱਚਾ[87] ਮਰਤਬਾ[88] ਪਰਾਪਤ[91] ਕਰ ਲਿਆ ਹੈ।

ਸਿਰੀ ਰਾਗੁ ਮਹਲਾ ੪ ॥	Sri Rag, Fourth Guru	ਸਿਰੀ ਰਾਗ, ਚਉਥੀ ਪਾਤਸ਼ਾਹੀ।
ਗੁਣ[92] ਗਾਵਾ[93] ਗੁਣ ਵਿਥਰਾ[94] ਗੁਣ ਬੋਲੀ[95] ਮੇਰੀ ਮਾਇ[96] ॥	Lord's praises[92] do I sing[93], His praises do I blazon[94] and praises do I utter[95], O my Mother[96] !	ਸਾਹਿਬ ਦੀਆਂ ਸਿਫ਼ਤਾਂ[92] ਮੈਂ ਗਾਇਨ[93] ਕਰਦਾ ਹਾਂ, ਉਸ ਦੀਆਂ ਸਿਫ਼ਤਾਂ ਮੈਂ ਪ੍ਰਗਟ[94] ਕਰਦਾ ਹਾਂ ਅਤੇ ਸਿਫ਼ਤਾਂ ਹੀ ਮੈਂ ਉਚਾਰਦਾ[95] ਹਾਂ, ਹੇ ਮੇਰੀ ਮਾਤਾ[96] !
ਗੁਰਮੁਖਿ[97] ਸਜਣੁ[98] ਗੁਣਕਾਰੀਆ[99]	The Exalted Guru[97], my Friend[98], is bestower of virtue[99].	ਮੁਖੀ ਗੁਰਦੇਵ[97], ਮੇਰਾ ਮਿੱਤ੍ਰ[98], ਗੁਣ[99] ਕਰਨ ਵਾਲਾ ਹੈ।
ਮਿਲਿ ਸਜਣ ਹਰਿਗੁਣ[100] ਗਾਇ[2] ॥	By meeting my friend I harp upon[2] God's glories[100].	ਆਪਣੇ ਮਿੱਤ੍ਰ ਨੂੰ ਮਿਲ ਕੇ ਮੈਂ ਵਾਹਿਗੁਰੂ ਦੀ ਕੀਰਤੀ[100] ਅਲਾਪਦਾ[2] ਹਾਂ।
ਹੀਰੈ[3] ਹੀਰੁ[4] ਮਿਲਿ[5] ਬੇਧਿਆ[6] ਰੰਗਿ[7] ਚਲੂਲੈ[8] ਨਾਇ[9] ॥ ੧ ॥	By meeting[5] (the Guru) diamond[3] (my mind) diamond[4] is pierced[6] and is dyed[7] deep red[8] with God's Name[9].	(ਗੁਰੂ) ਰਤਨ[3] ਨਾਲ ਮਿਲ[5] ਕੇ (ਮੇਰਾ ਮਨ) ਰਤਨ[4] ਵਿੰਨ੍ਹਿਆ[6] ਗਿਆ ਹੈ ਅਤੇ ਹਰੀਨਾਮ[9] ਨਾਲ ਗੂੜ੍ਹਾ-ਲਾਲ[8] ਰੰਗਿਆ[7] ਗਿਆ ਹੈ।
ਮੇਰੇ[10] ਗੋਵਿੰਦਾ[11] ਗੁਣ[12] ਗਾਵਾ[13] ਤ੍ਰਿਪਤਿ[14] ਮਨਿ[15] ਹੋਇ ॥	O' My[10] Lord of the Universe[11] ! By chanting[13] Thine glories[12] my soul[15] is satiated[14].	ਹੇ ਮੇਰੇ[10] ਸ੍ਰਿਸ਼ਟੀ ਦੇ ਸੁਆਮੀ[11] ! ਤੇਰੀਆਂ ਵਡਿਆਈਆਂ[12] ਗਾਇਨ[13] ਕਰਨ ਦੁਆਰਾ ਮੇਰੀ ਆਤਮਾ[15] ਰੱਜ[14] ਜਾਂਦੀ ਹੈ।
ਅੰਤਰਿ[16] ਪਿਆਸ[17] ਹਰਿਨਾਮ ਕੀ ਗੁਰੁ ਤੁਸਿ[18] ਮਿਲਾਵੈ[19] ਸੋਇ[20] ॥ ੧ ॥ ਰਹਾਉ ॥	My mind[16] is a-thirst[17] for God's Name. May the Guru be pleased[18] to grant[19] that[20] Name to me. Pause.	ਮੇਰੇ ਮਨ[16] ਅੰਦਰ ਵਾਹਿਗੁਰੂ ਦੇ ਨਾਮ ਦੀ ਤ੍ਰੇਹ[17] ਹੈ। ਰੱਬ ਕਰੇ, ਗੁਰੂ ਜੀ ਪ੍ਰਸੰਨ[18] ਹੋ ਕੇ ਉਸ[20] ਨਾਮ ਨੂੰ ਮੈਨੂੰ ਪ੍ਰਦਾਨ[19] ਕਰਨ। ਠਹਿਰਾਉ।
ਮਨੁ[21] ਰੰਗਹੁ[22] ਵਡਭਾਗੀਹੋ[23] ਗੁਰੁ ਤੁਠਾ[24] ਕਰੇ[25] ਪਸਾਉ[26] ॥	Tincture[22] your hearts[21] with Lord's love, O' ye the very fortunate[23]. The Guru shall be pleased[24] to confer[25] on you his gifts[26].	ਆਪਣੇ ਦਿਲਾਂ[21] ਨੂੰ ਪ੍ਰਭੂ ਦੀ ਪ੍ਰੀਤ ਨਾਲ ਰੰਗੋ[22], ਹੇ ਤੁਸੀਂ ਭਾਰੇ ਨਸੀਬਾਂ[23] ਵਾਲਿਓ ! ਪ੍ਰਸੰਨ[24] ਹੋ ਕੇ ਗੁਰੂ ਜੀ ਤੁਹਾਨੂੰ ਆਪਣੀਆਂ ਦਾਤਾਂ[26] ਬਖ਼ਸ਼ਣਗੇ[25]।
ਗੁਰੁ ਨਾਮੁ ਦ੍ਰਿੜਾਏ[27] ਰੰਗ[28] ਸਿਉ[30] ਹਉ ਸਤਿਗੁਰ ਕੈ ਬਲਿ ਜਾਉ[29] ॥	I am a sacrifice[29] unto the True Guru who with[30] love[28] implants[27] God's Name with me.	ਮੈਂ ਸੱਚੇ ਗੁਰਾਂ ਉਤੋਂ ਵਾਰਨੇ[29] ਜਾਂਦਾ ਹਾਂ, ਜੋ ਮੇਰੇ ਅੰਦਰ ਹਰੀ ਨਾਮ ਨੂੰ ਪਿਆਰ[28] ਨਾਲ[30] ਪੱਕਾ ਕਰਦੇ[27] ਹਨ।
ਬਿਨੁ ਸਤਿਗੁਰ ਹਰਿਨਾਮੁ ਨ ਲਭਈ[31] ਲਖ[32] ਕੋਟੀ[33] ਕਰਮ[34] ਕਮਾਉ[35] ॥੨॥	Without the True Guru, God's Name is not found[31], even though man may perform[35] lakhs[32] and millions[33] of ceremonies[34].	ਸੱਚੇ ਗੁਰਾਂ ਦੇ ਬਾਝੋਂ ਵਾਹਿਗੁਰੂ ਦਾ ਨਾਮ ਨਹੀਂ ਲੱਭਦਾ[31] ਭਾਵੇਂ ਇਨਸਾਨ ਲੱਖਾਂ[32] ਤੇ ਕ੍ਰੋੜਾਂ[33] ਹੀ ਸੰਸਕਾਰ[34] ਪਿਆ[35] ਕਰੇ।
ਬਿਨੁ ਭਾਗਾ[36] [37]ਸਤਿਗੁਰੁ[38] ਨ ਮਿਲੈ[39] ਘਰਿ[40] ਬੈਠਿਆ[41] ਨਿਕਟਿ[42] ਨਿਤ[43] ਪਾਸਿ[44] ॥	Without Destiny[36] the True[37] Guru[38] is not found[39] even though one sittest[41] daily[43] near[42] and close[44] to Him in his home[40].	ਕਿਸਮਤ[36] ਦੇ ਬਗੈਰ ਸੱਚਾ[37] ਗੁਰੂ[38] ਪਰਾਪਤ[39] ਨਹੀਂ ਹੁੰਦਾ ਭਾਵੇਂ ਉਹ ਗ੍ਰਿਹ[40] ਵਿਚ ਸਦਾ[43] ਉਸ ਦੇ ਨੇੜੇ[42] ਤੇ ਲਾਗੇ[44] ਹੀ ਬੈਠਾ[41] ਹੈ।
ਅੰਤਰਿ[45] ਅਗਿਆਨੁ[46] ਦੁਖੁ[47] ਭਰਮੁ[48] ਹੈ ਵਿਚਿ[49]	Within[45] is the pain[47] of ignorance[46] and superstition[48]. Between[49] the	ਅੰਦਰ[45] ਬੇ-ਸਮਝੀ[46] ਅਤੇ ਸੰਦੇਹ[48] ਦੀ ਪੀੜ[47] ਹੈ। ਜੀਵ ਤੇ ਸੁਆਮੀ ਦੇ ਵਿਚਕਾਰ[49]

ਪੜਦਾ[50] ਦੂਰਿ[51] ਪਈਆਸਿ[52] ॥

man and the Lord lies[52] the separating[51] screen[50].

ਵੱਖ ਕਰਨ[51] ਵਾਲਾ ਪਰਦਾ[50] ਪਿਆ[52] ਹੋਇਆ ਹੈ।

ਬਿਨੁ[61] ਸਤਿਗੁਰ ਭੇਟੇ[53] ਕੰਚਨੁ[54] ਨਾ ਥੀਐ[55] ਮਨਮੁਖੁ[56] ਲੋਹੁ[57] ਬੂਡਾ[58] ਬੇੜੀ[59] ਪਾਸਿ[60] ॥੩॥

Without[61] meeting[53] the True Guru, man becomes[55] not gold[54]. An apostate[56] sinks[58] like iron[57] while the boat[59] is just close[60] by.

ਸੱਚੇ ਗੁਰਾਂ ਨੂੰ ਮਿਲਣ[53] ਦੇ ਬਾਝੋਂ[61] ਇਨਸਾਨ ਸੋਨਾ[54] ਨਹੀਂ ਹੁੰਦਾ[55]। ਅਧਰਮੀ[56] ਲੋਹੇ[57] ਵਾਂਙੂ ਡੁੱਬ[58] ਜਾਂਦਾ ਹੈ, ਜਦ ਕਿ ਕਿਸ਼ਤੀ[59] ਐਨ ਨੇੜੇ[60] ਹੀ ਹੈ।

ਸਤਿਗੁਰੁ ਬੋਹਿਥੁ[62] ਹਰਿਨਾਵ[63] ਹੈ ਕਿਤੁ[64] ਬਿਧਿ[65] ਚੜਿਆ[66] ਜਾਇ॥

The ship[62] of the True Guru is the Name of God[63]. In what[64] way[65] can mortal embark[66] there on ?

ਸੱਚੇ ਗੁਰਾਂ ਦਾ ਜਹਾਜ਼[62] ਵਾਹਿਗੁਰੂ ਦਾ ਨਾਮ[63] ਹੈ। ਕਿਸ[64] ਤਰੀਕੇ[65] ਨਾਲ ਪ੍ਰਾਣੀ ਉਸ ਉਤੇ ਚੜ੍ਹ[66] ਸਕਦਾ ਹੈ ?

ਸਤਿਗੁਰ ਕੈ ਭਾਣੈ[67] ਜੁ[69] ਚਲੈ[68] ਵਿਚਿ ਬੋਹਿਥ ਬੈਠਾ[70] ਆਇ[71] ॥

He, who[69] acts[68] according to True Guru's Will[67], comes[71] and sits[70] in the ship.

ਜਿਹੜਾ[69] ਸੱਚੇ ਗੁਰਾਂ ਦੀ ਰਜ਼ਾ[67] ਅਨੁਸਾਰ ਤੁਰਦਾ[68] ਹੈ, ਉਹ ਆ ਕੇ[71] ਜਹਾਜ਼ ਵਿਚ ਬਹਿ[70] ਜਾਂਦਾ ਹੈ।

ਧੰਨੁ[72] ਧੰਨੁ [73]ਵਡਭਾਗੀ[74] ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ[75] ॥ ੪ ॥ ੩ ॥ ੬੭ ॥

Hail[72], hail unto the greatly[73] fortunate[74] persons, whom the True Guru blends[75] with God, O' Nanak !

ਆਫ਼ਰੀਨ[72], ਆਫ਼ਰੀਨ ! ਹੈ ਉਨ੍ਹਾਂ ਭਾਰੇ[73] ਭਾਗਾਂ-ਵਾਲੇ[74] ਪੁਰਸ਼ਾਂ ਨੂੰ ਜਿਨ੍ਹਾਂ ਨੂੰ ਸੱਚਾ ਗੁਰੂ ਵਾਹਿਗੁਰੂ ਨਾਲ ਅਭੇਦ[75] ਕਰ ਦਿੰਦਾ ਹੈ, ਹੇ ਨਾਨਕ !

੪੧ / 41 / ੪੧

ਸਿਰੀ ਰਾਗੁ ਮਹਲਾ ੪ ॥

Sri Rag, Fourth Guru.

ਸਿਰੀ ਰਾਗ, ਚਉਥੀ ਪਾਤਸ਼ਾਹੀ।

ਹਉ[76] ਪੰਥੁ[77] ਦਸਾਈ[78] ਨਿਤ[79] ਖੜੀ[83] ਕੋਈ[80] ਪ੍ਰਭੁ ਦਸੇ[81] ਤਿਨਿ[82] ਜਾਉ[84] ॥

Ever[79] standing[83] up I[76] inquire[78] of the way[77] to my Lord. If some one[80] shows[81] me the way, I would go[84] to Him[82].

ਸਦਾ[79] ਹੀ ਖੜੀ[83] ਹੋ ਕੇ ਮੈਂ[76] ਸਾਹਿਬ ਦੇ ਰਸਤੇ[77] ਦਾ ਪਤਾ[78] ਕਰਦੀ ਹਾਂ। ਜੇਕਰ ਕੋਈ ਪੁਰਸ਼[80] ਮੈਨੂੰ ਰਸਤਾ ਦਿਖਾਵੇ[81] ਤਾਂ ਮੈਂ ਉਸ[82] ਕੋਲ ਜਾਵਾਂ[84]।

ਜਿਨੀ ਮੇਰਾ ਪਿਆਰਾ[85] ਰਾਵਿਆ[86] ਤਿਨ ਪੀਛੈ[87] ਲਾਗਿ ਫਿਰਾਉ[88] ॥

I follow[88] in the foot steps[87] of those who have enjoyed[86] my Beloved[85].

ਮੈਂ ਉਹਨਾਂ ਦੇ ਪਿਛੇ[87] ਲੱਗੀ-ਫਿਰਦੀ[88] ਹਾਂ, ਜਿਨ੍ਹਾਂ ਨੇ ਮੇਰੇ ਪ੍ਰੀਤਮ[85] ਨੂੰ ਮਾਣਿਆ[86] ਹੈ।

ਕਰਿ ਮਿੰਨਤਿ[89] ਕਰਿ ਜੋਦੜੀ[90] ਮੈ ਪ੍ਰਭੁ[91] ਮਿਲਣੈ ਕਾ ਚਾਉ[92] ॥੧॥

Them I beseech[89] and them I entreat[90]. I have a yearning[92] to meet my Master[91].

ਉਨ੍ਹਾਂ ਅਗੇ ਮੈਂ ਪ੍ਰਾਰਥਨਾ[89] ਕਰਦੀ ਹਾਂ ਤੇ ਉਨ੍ਹਾਂ ਨੂੰ ਮੈਂ ਬੇਨਤੀ[90] ਕਰਦੀ ਹਾਂ। ਮੈਨੂੰ ਆਪਣੇ ਮਾਲਕ[91] ਨੂੰ ਮਿਲਣ ਦੀ ਉਮੰਗ[92] ਹੈ।

ਮੇਰੇ ਭਾਈ ਜਨਾ[93] ਕੋਈ[94] ਮੋ ਕਉ[95] ਹਰਿ ਪ੍ਰਭੁ[96] ਮੇਲਿ[97] ਮਿਲਾਇ[98] ॥

My fellow Brother[93] ! let some one[94] unite[98] me[95] in the union[97] of my Lord God[96].

ਮੇਰੇ ਵੀਰ ਸੰਗੀਓ[93] ! ਕੋਈ ਸਜਣ[94] ਮੈਨੂੰ[95] ਮੇਰੇ ਵਾਹਿਗੁਰੂ ਸੁਆਮੀ[96] ਦੇ ਮਿਲਾਪ[97] ਅੰਦਰ ਮਿਲਾ[98] ਦੇਵੇ।

ਹਉ ਸਤਿਗੁਰ ਵਿਟਹੁ[99] ਵਾਰਿਆ[100] ਜਿਨਿ ਹਰਿ ਪ੍ਰਭੁ ਦੀਆ ਦਿਖਾਇ[2] ॥ ੧ ॥ ਰਹਾਉ ॥

I am a sacrifice[100] unto[99] my True Guru, who has shown[2] to me the Lord Master.

Pause.

ਮੈਂ ਆਪਣੇ ਸੱਚੇ ਗੁਰਾਂ ਉਤੋਂ[99] ਕੁਰਬਾਨ[100] ਜਾਂਦੀ ਹਾਂ, ਜਿਨ੍ਹਾਂ ਨੇ ਮੈਨੂੰ ਸੁਆਮੀ ਮਾਲਕ ਨੂੰ ਵਿਖਾਲ[2] ਦਿੱਤਾ ਹੈ।

ਠਹਿਰਾਉ।

ਹੋਇ ਨਿਮਾਣੀ[3] ਢਹਿ ਪਵਾ[4] ਪੂਰੇ[5] ਸਤਿਗੁਰ ਪਾਸਿ[6] ॥	In utter humility[3], I lie prostrate[4] before[6] the Perfect[5] True Guru.	ਪਰਮ ਆਜਜ਼ੀ[3] ਅੰਦਰ ਮੈਂ ਪੂਰਨ[5] ਸੱਚੇ ਗੁਰਾਂ ਅੱਗੇ[6] ਡਿੱਗ[4] ਪੈਂਦੀ ਹਾਂ ।
ਨਿਮਾਣਿਆ[7] ਗੁਰੁ ਮਾਣੁ[8] ਹੈ ਗੁਰੁ[9] ਸਤਿਗੁਰੁ ਕਰੇ[10] ਸਾਬਾਸਿ[11] ॥	The Guru is the honour[8] of the dishonoured[7]. The great[9] Sat Guru makes[10] man applaudable[11].	ਗੁਰੂ ਜੀ ਨਿਪਤਿਆਂ[7] ਦੀ ਪਤ[8] ਹਨ । ਵੱਡੇ[9] ਸਤਿਗੁਰੂ ਇਨਸਾਨ ਨੂੰ ਧੰਨਤਾ-ਯੋਗ[11] ਬਣਾ[10] ਦਿੰਦੇ ਹਨ ।
ਹਉ ਗੁਰੁ ਸਾਲਾਹਿ[12] ਨ ਰਜਊ[13] ਮੈ ਮੇਲੇ[16] ਹਰਿ[14] ਪ੍ਰਭੁ ਪਾਸਿ[15] ॥੨॥	I ever feel hungry[13] for praising[12] the Guru. He unites[16] me with[15] the Lord God[14].	ਮੈਨੂੰ ਗੁਰਾਂ ਦੀ ਸਿਫ਼ਤ[12] ਕਰਨ ਦੀ ਹਮੇਸ਼ਾ ਭੁੱਖ[13] ਲੱਗੀ ਰਹਿੰਦੀ ਹੈ । ਉਹ ਮੈਨੂੰ ਵਾਹਿਗੁਰੂ-ਸੁਆਮੀ[14] ਨਾਲ[15] ਮਿਲਾਉਂਦੇ[16] ਹਨ ।
ਸਤਿਗੁਰ ਨੋ ਸਭ[17] ਕੋ ਲੋਚਦਾ[18] ਜੇਤਾ[19] ਜਗਤੁ[20] ਸਭੁ[21] ਕੋਇ ॥	Every one[17], the entire[19] world[20] and all[21] long for[18] the True Guru.	ਹਰ[17] ਕੋਈ, ਸਾਰਾ[19] ਸੰਸਾਰ[20] ਅਤੇ ਸਾਰੇ[21] ਹੀ ਸੱਚੇ ਗੁਰਾਂ ਲਈ ਤਾਂਘਦੇ[18] ਹਨ ।
ਬਿਨੁ ਭਾਗਾ[22] ਦਰਸਨੁ[23] ਨ ਥੀਐ[24] ਭਾਗਹੀਣ[25] ਬਹਿ[26] ਰੋਇ[27] ॥	Without good luck[22] His sight[23] cannot be had[24]. The unfortunate[25] sit[26] and bewail[27].	ਚੰਗੇ ਨਸੀਬਾਂ[22] ਦੇ ਬਾਝੋਂ ਉਨ੍ਹਾਂ ਦਾ ਦੀਦਾਰ[23] ਨਹੀਂ ਹੁੰਦਾ[24] । ਨਿਕਰਮੇ[25] ਬੈਠ ਕੇ[26] ਵਿਰਲਾਪ[27] ਕਰਦੇ ਹਨ ।
ਜੋ[34] ਹਰਿ ਪ੍ਰਭ ਭਾਣਾ[28] ਸੁ[29] ਥੀਆ[30] ਧੁਰਿ[31] ਲਿਖਿਆ[32] ਨ ਮੇਟੈ[33] ਕੋਇ ॥ ੩ ॥	Whatever[34] is the Will[28] of Lord God that[29] does come to[30] pass. None can erase[33] the[31] pre-ordained[32] writ.	ਜੋ ਕੁਝ[34] ਵਾਹਿਗੁਰੂ ਸੁਆਮੀ ਦੀ ਰਜ਼ਾ[28] ਹੈ, ਉਹੀ[29] ਹੁੰਦਾ[30] ਹੈ । ਮੁੱਢ[31] ਦੀ ਲਿਖੀ ਹੋਈ[32] ਲਿਖਤਾਕਾਰ ਨੂੰ ਕੋਈ ਭੀ ਮੇਸ[33] ਨਹੀਂ ਸਕਦਾ ।
ਆਪੇ[35] ਸਤਿਗੁਰੁ ਆਪਿ ਹਰਿ[36] ਆਪੇ ਮੇਲਿ[37] ਮਿਲਾਇ[38] ॥	God Himself[35] is the Sat Guru, Himself the Lord[36] and Himself unites[38] man in His union[37].	ਵਾਹਿਗੁਰੂ ਖ਼ੁਦ[35] ਸਤਿਗੁਰੂ ਹੈ, ਖ਼ੁਦ ਹੀ ਸੁਆਮੀ[36] ਅਤੇ ਖ਼ੁਦ ਹੀ ਮਨੁਸ਼ ਨੂੰ ਆਪਣੇ ਮਿਲਾਪ[37] ਅੰਦਰ ਮਿਲਾਉਂਦਾ[38] ਹੈ ।
ਆਪਿ[39] ਦਇਆ ਕਰਿ[40] ਮੇਲਸੀ[41] ਗੁਰ[42] ਸਤਿਗੁਰ ਪੀਛੈ ਪਾਇ[43] ॥	Making man follow[43] the Great[42] True Guru, the Lord, mercifully[40] blends[41] him with Himself[39].	ਬੰਦੇ ਨੂੰ ਵਡੇ[42] ਸੱਚੇ ਗੁਰਾਂ ਦੇ ਮਗਰ[43] ਲਾ ਕੇ ਆਪਣੀ ਮਿਹਰ[40] ਸਦਕਾ ਸੁਆਮੀ ਉਸ ਨੂੰ ਆਪਣੇ[39] ਨਾਲ ਅਭੇਦ[41] ਕਰ ਲੈਂਦਾ ਹੈ ।
ਸਭੁ[44] ਜਗੁ[45] ਜੀਵਨੁ[46] ਜਗਿ[47] ਆਪਿ[48] ਹੈ ਨਾਨਕ ਜਲੁ[49] ਜਲਹਿ[50] ਸਮਾਇ[51] ॥੪॥੪॥੬੮॥	In this world[47], the Lord Himself[48] is the life[46] of the entire[44] Universe[45]. Like water[49] merging[51] into water[50], O' Nanak, God's slave gets absorbed in God.	ਇਸ ਸੰਸਾਰ[47] ਅੰਦਰ ਸੁਆਮੀ ਆਪੇ[48] ਹੀ ਸਾਰੇ[44] ਆਲਮ[45] ਦੀ ਜਿੰਦ-ਜਾਨ[46] ਹੈ । ਪਾਣੀ[49] ਦੇ ਪਾਣੀ[50] ਵਿਚ ਰਲ ਜਾਣ[51] ਦੀ ਤਰ੍ਹਾਂ ਹੇ ਨਾਨਕ, ਰੱਬ ਦਾ ਸੇਵਕ ਰੱਬ ਅੰਦਰ ਲੀਨ ਹੋ ਜਾਂਦਾ ਹੈ ।
ਸਿਰੀ ਰਾਗੁ ਮਹਲਾ ੪ ॥	Sri Rag, Fourth Guru.	ਸਿਰੀ ਰਾਗ, ਚਉਥੀ ਪਾਤਸ਼ਾਹੀ ।
ਰਸੁ[52] ਅੰਮ੍ਰਿਤੁ[53] ਨਾਮੁ ਰਸੁ[54] ਅਤਿ[55] ਭਲਾ[56] ਕਿਤੁ[57] ਬਿਧਿ[58] ਮਿਲੈ[59] ਰਸੁ[60] ਖਾਇ[61] ॥	The relish[52] of the immortalising[53] Name Nectar[54] is exquisitely[55] fine[56]. In what[57] way[58] can I obtain[59] the Nectar[60] to taste[61] it ?	ਅਮਰ ਕਰ ਦੇਣ ਵਾਲੇ[53] ਨਾਮ ਆਬਿ-ਹਿਯਾਤ[54] ਦਾ ਜ਼ਾਇਕਾ[52] ਨਿਹਾਇਤ[55] ਹੀ ਉਮਦਾ[56] ਹੈ । ਕਿਸ[57] ਤਰੀਕੇ[58] ਨਾਲ ਮੈਂ ਅੰਮ੍ਰਿਤ[60] ਨੂੰ ਪਰਾਪਤ[59] ਕਰ ਕੇ ਚੱਖ[61] ਸਕਦਾ ਹਾਂ ?

ਜਾਇ[62] ਪੁਛਹੁ[63] ਸੋਹਾਗਣੀ[64] ਤੁਸਾ[65] ਕਿਉਕਰਿ[66] ਮਿਲਿਆ[67] ਪ੍ਰਭੁ ਆਇ[68] ॥	Go[62] and ask[63] the true wives[64] as to how[66] did they[65] come[68] to meet[67] the Lord ?	ਜਾ[62] ਕੇ ਪਤੀ-ਪਿਆਰੀਆਂ[64] ਤੋਂ ਪਤਾ[63] ਕਰੋ ਕਿ ਕਿਸ[66] ਤਰ੍ਹਾਂ ਸੁਆਮੀ ਉਨ੍ਹਾਂ[65] ਨੂੰ ਆ[68] ਕੇ ਮਿਲਿਆ[67] ਸੀ ?
ਓਇ ਵੇਪਰਵਾਹ[69] ਨ ਬੋਲਨੀ[70] ਹਉ[74] ਮਲਿ ਮਲਿ[71] ਧੋਵਾ[72] ਤਿਨ[73] ਪਾਇ[75] ॥੨॥	They are care-free[69] and tell[70] not I[74] repeatedly rub[71] and wash[72] their[73] feet[75].	ਉਹ ਬੇ-ਮੁਥਾਜ[69] ਹਨ ਅਤੇ ਦਸਦੀਆਂ[70] ਨਹੀਂ। ਮੈਂ[74] ਉਨ੍ਹਾਂ[73] ਦੇ ਪੈਰ[75] ਬਾਰੰਬਾਰ ਮਲਦੀ[71] ਤੇ ਧੋਂਦੀ[72] ਹਾਂ।
ਭਾਈ[76] ਰੇ ਮਿਲਿ ਸਜਣ[77] ਹਰਿਗੁਣ[78] ਸਾਰਿ[79] ॥	O'[76] Brother I meet Guru, the friend[77] and heartily dwell[79] upon God's Merits[78].	ਹੇ[76] ਵੀਰ ! ਮਿੱਤ੍ਰ[77] ਗੁਰਾਂ ਨੂੰ ਮਿਲ ਅਤੇ ਵਾਹਿਗੁਰੂ ਦੀਆਂ ਸਿਫ਼ਤਾਂ[78] ਨੂੰ ਦਿਲੋਂ ਯਾਦ[79] ਕਰ।
ਸਜਣੁ ਸਤਿਗੁਰੁ ਪੁਰਖੁ[80] ਹੈ ਦੁਖੁ[81] ਕਢੈ[82] ਹਉਮੈ[83] ਮਾਰਿ[84] ॥੧॥ ਰਹਾਉ ॥	Your Friend is the True Being[80], Guru, who beats out[84] and drives away[82] the pangs[81] of pride[83]. Pause.	ਤੇਰਾ ਮਿੱਤ੍ਰ ਸੱਚਾ ਗੁਰੂ ਪੁਰਸ਼[80] ਹੈ ਜੋ ਹੰਕਾਰ[83] ਦੀ ਪੀੜ[81] ਨੂੰ ਮਾਰ ਕੁਟ[84] ਕੇ ਪਰੇ ਸੁੱਟ[82] ਪਾਉਂਦਾ ਹੈ। ਠਹਿਰਾਉ।
ਗੁਰਮੁਖੀਆ[85] ਸੋਹਾਗਣੀ[86] ਤਿਨ[87] ਦਇਆ[88] ਪਈ[90] ਮਨਿ[89] ਆਇ ॥	The Guru-wards[85] enjoy the nuptial-love[86], and their[87] hearts[89] are moved[90] with compassion[88].	ਗੁਰੂ ਵਲ ਮੁਖ ਕਰਨ ਵਾਲੇ[85] ਵਿਆਹੁਤਾ ਜੀਵਨ[86] ਦੀ ਖੁਸ਼ੀ ਮਾਣਦੇ ਹਨ। ਉਨ੍ਹਾਂ ਦੇ[87] ਦਿਲ[89] ਰਹਿਮ[88] ਨਾਲ ਪਸੀਜ[90] ਜਾਂਦੇ ਹਨ।
ਸਤਿਗੁਰ ਵਚਨੁ[91] ਰਤੰਨੁ[92] ਹੈ ਜੋ[94] ਮੰਨੇ[93] ਸੁ[95] ਹਰਿਰਸੁ[96] ਖਾਇ[97] ॥	The word[91] of the True Guru is the emerald[92]. He[95], who[94] accepts[93] it tastes[97] God's elixir[96].	ਸੱਚੇ ਗੁਰਾਂ ਦੀ ਬਾਣੀ[91] ਮਾਣਕ[92] ਹੈ, ਜੋ ਕੋਈ[94] ਉਸਨੂੰ ਸਵੀਕਾਰ[93] ਕਰਦਾ ਹੈ, ਉਹ[95] ਹਰੀ ਅੰਮ੍ਰਿਤ[96] ਨੂੰ ਪਾਨ[97] ਕਰਦਾ ਹੈ।
ਸੇ[98] [99]ਵਡਭਾਗੀ[100] ਵਡ[2] ਜਾਣੀਅਹਿ[3] ਜਿਨ[4] ਹਰਿਰਸੁ[5] ਖਾਧਾ[6] ਗੁਰਭਾਇ[7] ॥ ੨ ॥	They[98], who[4] by Guru's love[7], partake of[6] Lord's ambrosia[5] are known to[3] be great[2] and exceedingly[99] fortunate[100].	ਜੋ[4] ਗੁਰਾਂ ਦੀ ਪ੍ਰੀਤ[7] ਦੁਆਰਾ ਸਾਹਿਬ[5] ਦੇ ਸੁਧਾ-ਰਸ ਨੂੰ ਛਕਦੇ[6] ਹਨ, ਉਹ[98] ਵਡੇ[2] ਤੇ ਪ੍ਰਮ[99]-ਚੰਗੇ ਕਰਮਾਂ-ਵਾਲੇ[100] ਜਾਣੇ[3] ਜਾਂਦੇ ਹਨ।
ਇਹੁ ਹਰਿਰਸੁ[8] ਵਣਿ[9] ਤਿਣਿ[10] ਸਭਤੁ[11] ਹੈ ਭਾਗਹੀਣ[12] ਨਹੀ ਖਾਇ[13] ॥	This elixir of God[8] is contained in forest[9], straw[10] and the whole universe[11] but the unfortunate[12] taste[13] it not.	ਇਹ ਵਾਹਿਗੁਰੂ-ਦਾ-ਅੰਮ੍ਰਿਤ[8] ਜੰਗਲ[9], ਕੱਖ[10] ਤੇ ਸਮੂਹ[11] ਜੱਗ ਅੰਦਰ ਰਮਿਆ ਹੋਇਆ ਹੈ, ਪ੍ਰੰਤੂ ਨਿਕਰਮਣ[12] ਇਸ ਨੂੰ ਨਹੀਂ ਚਖਦੇ[13]।
ਬਿਨੁ ਸਤਿਗੁਰ ਪਲੈ ਨਾ ਪਵੈ[14] ਮਨਮੁਖ[15] ਰਹੇ ਬਿਲਲਾਇ[16] ॥	Without the True Guru it is not obtained[14]. The apostate[15] remain bewailing[16].	ਸੱਚੇ ਗੁਰਾਂ ਦੇ ਬਗੈਰ ਇਹ ਪਰਾਪਤ[14] ਨਹੀਂ ਹੁੰਦਾ। ਆਪ-ਹੁਦਰੇ[15] ਵਿਲਕਦੇ ਰਹਿੰਦੇ[16] ਹਨ।
ਓਇ ਸਤਿਗੁਰ ਆਗੈ ਨਾ ਨਿਵਹਿ[17] ਓਨਾ ਅੰਤਰਿ[18] ਕ੍ਰੋਧੁ[19] ਬਲਾਇ[20] ॥੩॥	They bow[17] not before the True Guru. In their heart[18] is the goblin[20] of wrath[19].	ਉਹ ਸੱਚੇ ਗੁਰਾਂ ਮੂਹਰੇ ਨੀਵੇਂ[17] ਨਹੀਂ ਹੁੰਦੇ। ਉਨ੍ਹਾਂ ਦੇ ਦਿਲ[18] ਅੰਦਰ ਗੁੱਸੇ[19] ਦਾ ਭੂਤ[20] ਹੈ।
ਹਰਿ[21] ਹਰਿ ਹਰਿ[22] ਰਸੁ[23] ਆਪਿ[24] ਹੈ ਆਪੇ[25] ਹਰਿਰਸੁ[26] ਹੋਇ[27] ॥	God[21] Himself[24] is the relish[23] of His Name[22] and he Himself[25] is[27] the Divine elixir[26].	ਵਾਹਿਗੁਰੂ[21] ਖੁਦ[24] ਆਪਣੇ[22] ਨਾਮ ਦਾ ਸੁਆਦ[23] ਹੈ ਅਤੇ ਖੁਦ[25] ਹੀ ਈਸ਼ਵਰੀ[26] ਅੰਮ੍ਰਿਤ[27] ਹੈ।

ਆਪਿ[28] ਦਇਆ[29] ਕਰਿ[30] ਦੇਵਸੀ[31] ਗੁਰਮੁਖਿ[32] ਅੰਮ੍ਰਿਤੁ[33] ਚੋਇ[34] ॥

Showing[30] His grace[29], God Himself[28] gives[31] the Name Nectar[33] to the virtuous[32] and trickles[34] it (into his mouth).

ਆਪਣੀ ਰਹਿਮਤ[29] ਧਾਰ ਕੇ[30] ਹਰੀ ਆਪੇ[28] ਹੀ ਨਾਮ-ਅੰਮ੍ਰਿਤ[33] ਜਗਿਆਸੂ[32] ਨੂੰ ਦਿੰਦਾ[31] ਹੈ (ਅਤੇ ਉਸ ਦੇ ਮੂੰਹ ਵਿਚ) ਚੋਂਦਾ[34] ਹੈ।

ਸਭੁ[35] ਤਨੁ[36] ਮਨੁ[37] ਹਰਿਆ[38] ਹੋਇਆ ਨਾਨਕ ਹਰਿ ਵਸਿਆ[39] ਮਨਿ[41] ਸੋਇ[40] ॥੪॥੫॥੬੯॥

Then, O' Nanak ! man's body[36] and soul[37] are all[35] reverdured[38] and that[40] God lives[39] within his mind[41].

ਤਦ, ਹੇ ਨਾਨਕ ! ਆਦਮੀ ਦੀ ਦੇਹ[36] ਤੇ ਆਤਮਾ[37] ਸਮੂਹ[35] ਹਰੇ[38] ਭਰੇ ਹੋ ਜਾਂਦੇ ਹਨ ਤੇ ਉਹ[40] ਵਾਹਿਗੁਰੂ ਉਸ ਦੇ ਚਿੱਤ[41] ਅੰਦਰ ਟਿਕ[39] ਜਾਂਦਾ ਹੈ।

ਸਿਰੀ ਰਾਗੁ ਮਹਲਾ ੪ ॥

Sri Rag, Fourth Guru.

ਸਿਰੀ ਰਾਗ, ਚਉਥੀ ਪਾਤਸ਼ਾਹੀ।

ਦਿਨਸੁ[42] ਚੜੈ[44] ਫਿਰਿ[45] ਆਥਵੈ[46] ਰੈਣਿ[47] ਸਬਾਈ[48] ਜਾਇ[49] ॥

The day[42] dawns[44], then[45] it sinks[46] and the whole[48] night[47] passes[49] away.

ਦਿਨ[42] ਚੜ੍ਹਦਾ[44] ਹੈ, ਮੁੜ[45] ਇਹ ਡੁੱਬ[46] ਜਾਂਦਾ ਹੈ ਅਤੇ ਸਾਰੀ[48] ਰਾਤ੍ਰੀ[47] ਬੀਤ[49] ਜਾਂਦੀ ਹੈ।

ਆਵ[50] ਘਟੈ[51] ਨਰੁ[52] ਨਾ ਬੁਝੈ[53] ਨਿਤਿ[54] ਮੂਸਾ[55] ਲਾਜੁ[56] ਟੁਕਾਇ[57] ॥

The age[50] diminishes[51], but the man[52] understands[53] not. The mouse[55] (of Time) is daily[54] gnawing[57] down the rope[56] of life.

ਉਮਰ[50] ਘਟ[51] ਹੋ ਰਹੀ ਹੈ, ਪਰ ਆਦਮੀ[52] ਸਮਝਦਾ[53] ਨਹੀਂ (ਕਾਲ ਦਾ) ਚੂਹਾ[55] ਹਰ ਰੋਜ਼[54] ਜੀਵਨ ਦੀ ਰੱਸੀ[56] ਨੂੰ ਕੁਤਰ[57] ਰਿਹਾ ਹੈ।

ਗੁੜੁ ਮਿਠਾ[58] ਮਾਇਆ[59] ਪਸਰਿਆ[60] ਮਨਮੁਖੁ[61] ਲਗਿ[62] ਮਾਖੀ[63] ਪਚੈ ਪਚਾਇ[64] ॥ ੧ ॥

Like sweet molasses[58] is spread[60] the mammon[59] and clinging[62] there-to like a fly[63] an apostate[61] pines and putrefies[64].

ਮਿੱਠੇ-ਗੁੜ[58] ਦੀ ਮਾਨਿੰਦ ਮੋਹਣੀ[59] ਖਿਲਰੀ[60] ਹੋਈ ਹੈ ਅਤੇ ਮੱਖੀ[63] ਦੀ ਤਰ੍ਹਾਂ ਉਸ ਨਾਲ ਚਿਮੜ[62] ਕੇ ਅਧਰਮੀ[61] ਗਲ-ਸੜ[64] ਜਾਂਦਾ ਹੈ।

ਭਾਈ ਰੇ[65] ਮੈ ਮੀਤੁ[66] ਸਖਾ[67] ਪ੍ਰਭੁ ਸੋਇ[68] ॥

O'[65] Brother ! that[68] Lord is my Friend[66] and comrade[67].

ਹੇ[65] ਵੀਰ, ਉਹ[68] ਸਾਹਿਬ ਮੇਰਾ ਮਿੱਤ੍ਰ[66] ਅਤੇ ਸਾਥੀ[67] ਹੈ।

ਪੁਤੁ[69] ਕਲਤੁ[70] ਮੋਹੁ[71] ਬਿਖੁ[72] ਹੈ ਅੰਤਿ[73] ਬੇਲੀ[74] ਕੋਈ ਨ ਹੋਇ ॥੧॥ ਰਹਾਉ ॥

The love[71] of sons[69] and wife[70] is poison[72]. In the end[73] none becomes mortal's helper[74]. Pause.

ਪੁਤ੍ਰਾਂ[69] ਤੇ ਵਹੁਟੀ[70] ਦੀ ਮਮਤਾ[71] ਜ਼ਹਿਰ[72] ਹੈ। ਅਖੀਰ[73] ਨੂੰ ਪ੍ਰਾਣੀ ਦਾ ਕੋਈ ਮਦਦਗਾਰ[74] ਨਹੀਂ ਹੁੰਦਾ। ਠਹਿਰਾਉ।

੪੨ 42 ੪੨

ਗੁਰਮਤਿ[75] ਹਰਿ ਲਿਵ[76] ਉਬਰੇ[77] ਅਲਿਪਤੁ[78] ਰਹੇ ਸਰਣਾਇ[79] ॥

Under Guru's instruction[75] men are emancipated[77] by embracing love[76] for God and by seeking Lord's sanctuary[79], they remain detached[78] from the world.

ਗੁਰਾਂ ਦੇ ਉਪਦੇਸ਼[75] ਅਧੀਨ ਜੀਵ ਵਾਹਿਗੁਰੂ ਨਾਲ ਪ੍ਰੀਤ[76] ਪਾ ਕੇ ਬੰਦਖਲਾਸ[77] ਹੋ ਜਾਂਦੇ ਹਨ ਅਤੇ ਸਾਈਂ ਦੀ ਸ਼ਰਣ[79] ਸੰਭਾਲ ਕੇ, ਉਹ ਸੰਸਾਰ ਤੋਂ ਅਟੰਕ[78] ਰਹਿੰਦੇ ਹਨ।

ਓਨੀ[80] ਚਲਣੁ[81] ਸਦਾ[82] ਨਿਹਾਲਿਆ[83] ਹਰਿ[84] ਖਰਚੁ[85] ਲੀਆ[86] ਪਤਿ[87] ਪਾਇ[88] ॥

They[80] ever[82] keep death[81] before their[83] eyes, amass[86] the viaticum[85] of God's Name[84] and receive[88] honour[87].

ਉਹ[80] ਹਮੇਸ਼ਾ[82] ਮੌਤ[81] ਨੂੰ ਆਪਣੀਆਂ ਅੱਖਾਂ ਸਾਹਮਣੇ[83] ਰੱਖਦੇ ਹਨ, ਰੱਬ ਦੇ ਨਾਮ[84] ਦਾ ਸਫ਼ਰ-ਖਰਚ[85] ਜਮ੍ਹਾ[86] ਕਰਦੇ ਹਨ ਤੇ ਇੱਜ਼ਤ-ਆਬਰੂ[87] ਪਾਉਂਦੇ[88] ਹਨ।

ਗੁਰਮੁਖਿ[89] ਦਰਗਹ[90] ਮੰਨੀਅਹਿ[91] ਹਰਿ ਆਪੇ[92] ਲਏ ਗਲਿ ਲਾਇ[93] ॥੨॥	Guru-beloveds[89] are honoured in[91] Lord's Court[90]. God himself takes them in His[92] embrace[93].	ਗੁਰੂ-ਪਿਆਰਿਆਂ[89] ਦੀ ਸਾਈਂ ਦੇ ਦਰਬਾਰ[90] ਵਿਚ ਸਿਫਤ[91] ਹੁੰਦੀ ਹੈ । ਵਾਹਿਗੁਰੂ ਉਨ੍ਹਾਂ ਨੂੰ ਆਪਣੀ[92] ਗਲਵੱਕੜੀ[93] ਵਿਚ ਲੈ ਲੈਂਦਾ ਹੈ ।
ਗੁਰਮੁਖਾ[94] ਨੋ ਪੰਥੁ[95] ਪਰਗਟਾ[96] ਦਰਿ[97] ਠਾਕ[98] ਨ ਕੋਈ ਪਾਇ[99] ॥	For the holy[94], the way to[95] God is manifest[96]. At Lord's door[97] they face[98] no obstruction[99].	ਜਗਿਆਸੂਆਂ[94] ਲਈ ਰੱਬ ਦਾ ਰਾਹ[95] ਪ੍ਰਤੱਖ[96] ਹੈ । ਸਾਈਂ ਦੇ ਬੂਹੇ[97] ਤੇ ਉਨ੍ਹਾਂ ਨੂੰ ਕੋਈ ਰੁਕਾਵਟ[98] ਪੇਸ਼ ਨਹੀਂ[99] ਆਉਂਦੀ ।
ਹਰਿਨਾਮੁ ਸਲਾਹਨਿ[100] ਨਾਮੁ ਮਨਿ[2] ਨਾਮਿ ਰਹਨਿ ਲਿਵ[3] ਲਾਇ[4] ॥	They praise[100] Lord's Name, keep the Name in mind[2] and remain attached[4] with the Name's love[3].	ਉਹ ਸਾਈਂ ਦੇ ਨਾਮ ਦੀ ਸਿਫ਼ਤ[100] ਕਰਦੇ ਹਨ, ਨਾਮ ਨੂੰ ਚਿੱਤ[2] ਅੰਦਰ ਰੱਖਦੇ ਹਨ ਤੇ ਨਾਮ ਦੀ ਪ੍ਰੀਤ[3] ਨਾਲ ਜੁੜੇ[4] ਰਹਿੰਦੇ ਹਨ ।
ਅਨਹਦ[5] ਧੁਨੀ[6] ਦਰਿ[7] ਵਜਦੇ[8] ਦਰਿ ਸਚੈ[9] ਸੋਭਾ[10] ਪਾਇ[11] ॥ ੩ ॥	The unstruck[5] music[6] plays[8] for them at God's Gate[7] and they receive[11] honour[10] in the True Court[9].	ਬਿਨ-ਅਲਾਪਿਆ[5] ਕੀਰਤਨ[6] ਉਨ੍ਹਾਂ ਲਈ ਰੱਬ ਦੇ ਬੂਹੇ[7] ਤੇ ਹੁੰਦਾ[8] ਹੈ ਅਤੇ ਸੱਚੇ ਦਰਬਾਰ[9] ਅੰਦਰ ਉਹ ਇਜ਼ਤ[10] ਪਾਉਂਦੇ[11] ਹਨ ।
ਜਿਨੀ ਗੁਰਮੁਖਿ[12] ਨਾਮੁ ਸਲਾਹਿਆ[13] ਤਿਨਾ[14] ਸਭ ਕੋ[15] ਕਹੈ ਸਾਬਾਸਿ[16] ॥	They, who have praised[13] the Name, through[12] the Guru ; them[14] every[15] one applauds[16].	ਜਿਨ੍ਹਾਂ ਨੇ ਗੁਰਾਂ ਦੇ ਰਾਹੀਂ[12] ਨਾਮ ਦੀ ਮਹਿਮਾ[13] ਕੀਤੀ ਹੈ, ਉਨ੍ਹਾਂ[14] ਨੂੰ ਹਰ ਕੋਈ[15] ਆਫ਼ਰੀਨ[16] ਆਖਦਾ ਹੈ ।
ਤਿਨ ਕੀ[17] ਸੰਗਤਿ[18] ਦੇਹਿ[19] ਪ੍ਰਭ ਮੈ ਜਾਚਿਕ[20] ਕੀ ਅਰਦਾਸਿ[21] ॥	Grant[19] me their[17] association[18], O' my Lord ! I a beggar[20] of Thine, make this supplication[21].	ਮੈਨੂੰ ਉਨ੍ਹਾਂ[17] ਦਾ ਮੇਲ-ਮਿਲਾਪ[18] ਬਖ਼ਸ਼[19], ਹੇ ਮੇਰੇ ਸੁਆਮੀ ! ਮੈਂ ਤੇਰਾ ਮੰਗਤਾ[20] ਇਹ ਬੇਨਤੀ[21] ਕਰਦਾ ਹਾਂ ।
ਨਾਨਕ ਭਾਗ[22] ਵਡੇ[23] ਤਿਨਾ ਗੁਰਮੁਖਾ[24] ਜਿਨ ਅੰਤਰਿ[25] ਨਾਮੁ ਪਰਗਾਸਿ[26] ॥੪॥੩੩॥੩੧॥੬॥੭੦॥	Great[23] is the luck[22] of the pious persons[24], O' Nanak ! within whose heart[25] is the light[26] of God's Name.	ਵਡੀ[23] ਚੰਗੀ ਹੈ ਕਿਸਮਤ[22], ਉਨ੍ਹਾਂ ਪਵਿੱਤ੍ਰ-ਪੁਰਸ਼ਾਂ[24] ਦੀ, ਹੇ ਨਾਨਕ ! ਜਿਨ੍ਹਾਂ ਦੇ ਦਿਲ[25] ਅੰਦਰ ਵਾਹਿਗੁਰੂ ਦੇ ਨਾਮ ਦਾ ਪਰਕਾਸ਼[26] ਹੈ ।
ਸਿਰੀ ਰਾਗੁ ਮਹਲਾ ੫ ਘਰੁ ੧ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਕਿਆ[27] ਤੂ ਰਤਾ[28] ਦੇਖਿ ਕੈ[29] ਪੁਤ੍ਰ[30] ਕਲਤ੍ਰ[31] ਸੀਗਾਰ[32] ॥	Why[27] art thou intoxicated[28] by beholding[29] thy son[30] and bedecked[32] wife[31] ?	ਤੂੰ ਆਪਣੇ ਪੁੱਤ[30] ਤੇ ਸਜੀ-ਧਜੀ[32] ਹੋਈ ਵਹੁਟੀ[31] ਨੂੰ ਵੇਖ ਕੇ[29] ਕਿਉਂ[27] ਮਸਤ[28] ਹੋਇਆ ਹੋਇਆ ਹੈਂ ?
ਰਸ[33] ਭੋਗਹਿ[34] ਖੁਸੀਆ[35] ਕਰਹਿ[36] ਮਾਣਹਿ[37] ਰੰਗ[38] ਅਪਾਰ[39] ॥	Thou enjoyest[34] delicacies[33], makest[36] merry[35] and indulgest[37] in infinite[39] pleasures[38].	ਤੂੰ ਨਿਆਮਤ[33] ਮਾਣਦਾ[34] ਹੈਂ, ਅਨੰਦ[35] ਲੁਟਦਾ[36] ਹੈਂ ਅਤੇ ਅਨੰਤ[39] ਸੁਆਦ[38] ਭੋਗਦਾ[37] ਹੈਂ ।
ਬਹੁਤੁ[40] ਕਰਹਿ[41] ਫੁਰਮਾਇਸੀ[42] ਵਰਤਹਿ[43] ਹੋਇ ਅਫਾਰ[44] ॥	Thou givest[41] many[40] commands[42] and actest[43] haughtily[44].	ਤੂੰ ਘਨੇਰੇ[40] ਹੁਕਮ[42] ਚਾੜ੍ਹਦਾ[41] ਹੈਂ ਅਤੇ ਆਕੜਖਾਂ[44] ਹੋ ਕਾਰ-ਵਿਹਾਰ[43] ਕਰਦਾ ਹੈਂ ।
ਕਰਤਾ[45] ਚਿਤਿ[46] ਨ ਆਵਈ ਮਨਮੁਖ[47] ਅੰਧ[48] ਗਵਾਰ[49] ॥ ੧ ॥	The blind[48], idiotic[49], perverse[47] person thinks[46] not of the Creator[45].	ਅੰਨ੍ਹਾ[48], ਬੁਧੂ[49], ਪ੍ਰਤੀਕੂਲ[47] ਪੁਰਸ਼ ਕਰਤਾਰ[45] ਨੂੰ ਚੇਤੇ[46] ਨਹੀਂ ਕਰਦਾ ।

ਮੇਰੇ ਮਨ[50] [51]ਸੁਖਦਾਤਾ[52] ਹਰਿ ਸੋਇ[53] ॥	O' my Soul[50]! that[53] God is the Giver[52] of Peace[51].	ਹੇ ਮੇਰੀ ਜਿੰਦੜੀ[50] ! ਉਹ[53] ਵਾਹਿਗੁਰੂ ਸ਼ਾਂਤੀ[51] ਦੇਣ ਵਾਲਾ[52] ਹੈ।
ਗੁਰਪਰਸਾਦੀ[54] ਪਾਈਐ ਕਰਮਿ[55] ਪਰਾਪਤਿ[56] ਹੋਇ ॥੧॥ ਰਹਾਉ ॥	It is through Guru's[54] grace[55] that God is obtained[56]. It is the good luck that thou gettest Him. Pause.	ਚੰਗੀ ਕਿਸਮਤ[55] ਰਾਹੀਂ ਗੁਰੂ ਜੀ ਮਿਲਦੇ[56] ਹਨ ਅਤੇ ਗੁਰਾਂ ਦੀ ਦਇਆ[54] ਰਾਹੀਂ ਵਾਹਿਗੁਰੂ ਪਰਾਪਤ ਹੁੰਦਾ ਹੈ। ਠਹਿਰਾਉ।
ਕਪੜਿ[57] ਭੋਗਿ[58] ਲਪਟਾਇਆ[59] ਸੁਇਨਾ[60] ਰੁਪਾ[61] ਖਾਕੁ[62] ॥	Man is entangled[59] in the enjoyments of clothes[57] and viands[58], the gold[60] and silver[61] which are but dust[62].	ਆਦਮੀ ਬਸਤਰ[57] ਤੇ ਭੋਜਨਾਂ[58] ਦੇ ਰਸਾਂ ਅੰਦਰ ਸੋਨੇ[60] ਅਤੇ ਚਾਂਦੀ[61] ਵਿਚ ਉਲਝਿਆ[59] ਹੋਇਆ ਹੈ; ਜੋ ਕਿ ਕੇਵਲ ਮਿੱਟੀ[62] ਹੀ ਹਨ।
ਹੈਵਰ[63] ਗੈਵਰ[64] ਬਹੁ[65] ਰੰਗੇ[66] ਕੀਏ[67] ਰਥ[68] ਅਥਾਕ[69] ॥	He has horses[63] and elephants[64] of many[65] types[66] and amasses[67] untiring[69] carriages[68].	ਉਸ ਕੋਲ ਘਨੇਰੀਆਂ[65] ਕਿਸਮਾਂ[66] ਦੇ ਘੋੜੇ[63] ਅਤੇ ਹਾਥੀ[64] ਹਨ। ਉਹ ਨਾ-ਥੱਕਣ[69] ਵਾਲੀਆਂ ਗੱਡੀਆਂ[68] ਜਮ੍ਹਾਂ[67] ਕਰਦਾ ਹੈ।
ਕਿਸ ਹੀ[73] ਚਿਤਿ[70] ਨ ਪਾਵਹੀ ਬਿਸਰਿਆ[71] ਸਭ[74] ਸਾਕ[72] ॥	He remembers[70] none else[73] and has forgotten[71] all[74] his kith and kin[72].	ਉਹ ਕਿਸੇ ਹੋਰ[73] ਨੂੰ ਚੇਤੇ[70] ਹੀ ਨਹੀਂ ਕਰਦਾ ਅਤੇ ਆਪਣੇ ਸਾਰਿਆਂ[74] ਅੰਗਾਂ-ਸਾਕਾਂ[72] ਨੂੰ ਭੁਲ[71] ਗਿਆ ਹੈ।
ਸਿਰਜਣਹਾਰਿ[75] ਭੁਲਾਇਆ[76] ਵਿਣੁ[77] ਨਾਵੈ ਨਾਪਾਕ[78] ॥੨॥	He has grown oblivious[76] of the Creator[75] and is impure[78] sans[77] God's Name.	ਉਸ ਨੇ ਕਰਤਾਰ[75] ਨੂੰ ਵਿਸਾਰ ਛਡਿਆ[76] ਹੈ ਅਤੇ ਵਾਹਿਗੁਰੂ ਦੇ ਨਾਮ ਬਾਝੋਂ[77] ਉਹ ਅਪਵਿੱਤ੍ਰ[78] ਹੈ।
ਲੈਦਾ[79]ਬਦ[80] ਦੁਆਇ[81] ਤੂੰ ਮਾਇਆ[82]ਕਰਹਿਇਕਤ[83] ॥	Thou earnest[79] evil[80] imprecation[81] and amassest[83] wealth[82].	ਤੂੰ [80]ਦੁਰਸੀਸਾਂ[81] ਲੈਂਦਾ[79] ਹੈਂ ਅਤੇ ਦੌਲਤ[82] ਜਮ੍ਹਾਂ[83] ਕਰਦਾ ਹੈਂ।
ਜਿਸਨੋ ਤੂੰ ਪਤੀਆਇਦਾ[84] ਸੋ[85]ਸਣੁ[86]ਤੁਝੈ[87]ਅਨਿਤ[88] ॥	He[85], whom thou pleaseth[84], is perishable[88] alongwith[86] thee[87].	ਜਿਸ ਨੂੰ ਤੂੰ ਖੁਸ਼[84] ਕਰਦਾ ਹੈਂ, ਉਹ[85] ਸਣੇ[87] ਤੇਰੇ[86] ਨਾਸਵੰਤ[88] ਹੈ।
ਅਹੰਕਾਰੁ[89] ਕਰਹਿ ਅਹੰਕਾਰੀਆ[90] ਵਿਆਪਿਆ[91] ਮਨ ਕੀ ਮਤਿ[92] ॥	O' proud Man[90]! thou takest pride[89] and art engrossed[91] in thy mind's intellect[92].	ਹੇ ਹੰਕਾਰੀ[90] ਬੰਦੇ! ਤੂੰ ਹੰਕਾਰ[89] ਕਰਦਾ ਹੈਂ ਅਤੇ ਆਪਣੇ ਮਨੂਏ ਦੀ ਅਕਲ[92] ਅੰਦਰ ਗਲਤਾਨ[91] ਹੈਂ।
ਤਿਨਿ[93] ਪ੍ਰਭਿ ਆਪਿ[94] ਭੁਲਾਇਆ[95] ਨਾ ਤਿਸੁ[98] ਜਾਤਿ[96] ਨ ਪਤਿ[97] ॥੩॥	He[93], whom[98] the Lord Himself[94] has put on the wrong[95] track, has no caste[96] and no honour[97].	ਜਿਸ[93] ਨੂੰ ਸੁਆਮੀ ਨੇ ਖ਼ੁਦ[94] ਗਲਤ ਰਸਤੇ[95] ਪਾਇਆ ਹੈ ਉਸ[98] ਦੀ ਨਾ ਕੋਈ ਜਾਤੀ[96] ਹੈ ਤੇ ਨਾ ਹੀ ਇੱਜ਼ਤ[97]।
ਸਤਿਗੁਰਿ ਪੁਰਖਿ[99] ਮਿਲਾਇਆ[100] ਇਕੋ[2] ਸਜਣੁ[3] ਸੋਇ[4] ॥	The Divine[99] True Guru has caused me to meet[100] that[4] Lord, the only[2] friend[3] of mine.	ਨਿਰੰਕਾਰੀ[99] ਸੱਚੇ ਗੁਰਾਂ ਨੇ ਮੈਨੂੰ ਉਸ[4] ਪ੍ਰਭੂ, ਮੇਰੇ ਅਦੁੱਤੀ[2] ਮਿਤ੍ਰ[3], ਨਾਲ ਮਿਲਾ ਦਿੱਤਾ[100] ਹੈ।
ਹਰਿਜਨ ਕਾ[5] ਰਾਖਾ[6] ਏਕੁ[7] ਹੈ ਕਿਆ[8] ਮਾਣਸ[9] ਹਉਮੈ[10] ਰੋਇ[11] ॥	The one Lord[7] is the Saviour[6] of His slave[5]. Why[8] should a haughty man[9] bewail[11] in pride[10]?	ਇਕ ਸਾਹਿਬ[7] ਆਪਣੇ ਗੋਲੇ[5] ਦਾ ਰਖਵਾਲਾ[6] ਹੈ। ਹੰਕਾਰੀ ਮਨੁੱਖ[9] ਹੰਕਾਰ[10] ਅੰਦਰ ਕਿਉਂ[8] ਵਿਰਲਾਪ[11] ਕਰਦਾ ਹੈ?
ਜੋ[18]ਹਰਿ ਜਨ[12] ਭਾਵੈ[13]ਸੋ[14]	God does[15] that[14] what[18] His Saint[12]	ਵਾਹਿਗੁਰੂ ਉਹ ਕੁਝ[14] ਕਰਦਾ[15] ਹੈ ਜੋ ਕੁਝ[18] ਉਸ

ਕਰੇ[15] ਦਰਿ[16] ਫੇਰੁ ਨ[17] ਪਾਵੈ ਕੋਇ ॥	wishes[18]. No request of his is turned down[17] from God's Court[16].	ਦਾ ਸਾਧੂ[12] ਚਾਹੁੰਦਾ[13] ਹੈ। ਉਸ ਦੀ ਕੋਈ ਬੇਨਤੀ ਭੀ ਰੱਬ ਦੇ ਦਰਬਾਰ[16] ਤੋਂ ਅਪ੍ਰਵਾਨ[17] ਨਹੀਂ ਹੁੰਦੀ।
ਨਾਨਕ ਰਤਾ[19] ਰੰਗਿ[20]ਹਰਿ ਸਭ[21] ਜਗ ਮਹਿ ਚਾਨਣੁ[22] ਹੋਇ[23] ॥੪॥੧॥੭੧॥	Nanak is imbued[19] with love[20] of God, whose light[22] is pervading[23] the entire[21] universe.	ਵਾਹਿਗੁਰੂ, ਜਿਸ ਦੀ ਰੌਸ਼ਨੀ[22] ਸਮੂਹ[21] ਆਲਮ ਅੰਦਰ ਪਰਵਿਰਤ[23] ਹੋ ਰਹੀ ਹੈ, ਨਾਨਕ ਉਸ ਦੀ ਪ੍ਰੀਤ[20] ਨਾਲ ਰੰਗਿਆ[19] ਹੋਇਆ ਹੈ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਮਨਿ[24] ਬਿਲਾਸੁ[25] ਬਹੁ[26] ਰੰਗੁ[27] ਘਣਾ[28] ਦ੍ਰਿਸਟਿ[29] ਭੂਲਿ[30] ਖੁਸੀਆ[31] ॥	Man's mind[24] is gone astray[30] in recreations[25], deep[28] and varied[26] amusements[27] and the pleasure[31] of eye-sight[29].	ਆਦਮੀ ਦਾ ਚਿੱਤ[24] ਦਿਲ-ਬਹਿਲਾਵਿਆਂ[25], ਡੂੰਘੇ[28] ਤੇ ਅਨੇਕਾਂ[26] ਅਨੰਦ ਮਾਨਣ[27] ਅਤੇ ਅੱਖਾਂ ਦੇ ਦ੍ਰਿਸ਼ਾਂ[29] ਦੇ ਰਸਾਂ[31] ਅੰਦਰ ਭੁਲਿਆ[30] ਹੋਇਆ ਹੈ।
[32]ਛਤ੍ਰ-ਧਾਰ[33] ਬਾਦਸਾਹੀਆ[34]ਵਿਚਿ[35] ਸਹਸੇ[36] ਪਰੀਆ[37] ॥ ੧ ॥	Even [32]umbrellaed[33] Emperors[34], are involved[37] in[35] anxiety[36].	ਛੱਤਰ[32] ਧਾਰਨ[33] ਕਰਨ ਵਾਲੇ ਪਾਤਸ਼ਾਹ[34] ਭੀ ਫ਼ਿਕਰ-ਚਿੰਤਾ[36] ਅੰਦਰ[35] ਗ੍ਰਸੇ[37] ਹੋਏ ਹਨ।
ਭਾਈ[41] ਰੇ[38] ਸੁਖੁ[39] ਸਾਧ[40] ਸੰਗਿ ਪਾਇਆ[42] ॥	O'[38] Brother[41] ! I gathered[42] peace[39] in the society[40] of Saints.	ਹੇ[38] ਵੀਰ[41] ! ਮੈਨੂੰ ਸਤਿਸੰਗਤ[40] ਅੰਦਰ ਆਰਾਮ[39] ਮਿਲਿਆ[42] ਹੈ।
ਲਿਖਿਆ[43] ਲੇਖੁ[44] ਤਿਨਿ[45] ਪੁਰਖਿ[46] ਬਿਧਾਤੈ[47] ਦੁਖੁ[48] ਸਹਸਾ[49] ਮਿਟਿ ਗਇਆ[50] ॥ ੧ ॥ ਰਹਾਉ ॥	That[45] Lord[46], the Destiny Scribe[47], wrote[43] such a writ[44], and my anguish[48] and anxiety[49] are annulled[50]. Pause.	ਕਿਸਮਤ[47] ਦੇ ਲਿਖਾਰੀ ਉਸ[45] ਸੁਆਮੀ[46] ਨੇ ਐਸੀ ਲਿਖਤਾਕਾਰ[44] ਲਿਖ[43] ਦਿਤੀ ਤੇ ਮੇਰੀ ਤਕਲੀਫ਼[48] ਤੇ ਫ਼ਿਕਰ[49] ਚਿੰਤਾ ਰਫ਼ਾ[50] ਹੋ ਗਏ ਹਨ। ਠਹਿਰਾਉ।
ਜੇਤੇ[51] ਥਾਨ[52] ਥਨੰਤਰਾ[53] ਤੇਤੇ[54] ਭਵਿ ਆਇਆ[55] ॥	I have wandered[55] through[53] as many[51] places[52] as[54] there are.	ਮੈਂ ਐਨੀਆਂ[51] ਥਾਵਾਂ[52] ਅੰਦਰ[53] ਚੱਕਰ ਕੱਟ[55] ਆਇਆ ਹਾਂ, ਜਿਨੀਆਂ[54] ਕੁ ਹਨ।
ਧਨ[56] ਪਾਤੀ[57] ਵਡ[58] ਭੂਮੀਆ[59] ਮੇਰੀ[60] ਮੇਰੀ ਕਰਿ[61] ਪਰਿਆ[62] ॥੨॥	The masters[57] of wealth[56] and big[58] land-lords[59] have fallen[62] (perished) crying[61] 'this is mine[60], this is mine'.	ਦੌਲਤ[56] ਦੇ ਮਾਲਕ[57] ਤੇ ਭਾਰੇ[58] ਜ਼ਿਮੀਦਾਰ[59] 'ਇਹ ਮੇਰੀ[60] ਹੈ, ਇਹ ਮੇਰੀ ਹੈ' ਪੁਕਾਰਦੇ[61] ਹੋਏ ਢਹਿ ਪਏ[62] (ਬਿਨਸ ਗਏ) ਹਨ।
ਹੁਕਮੁ[63] ਚਲਾਏ[64]ਨਿਸੰਗ[65] ਹੋਇ ਵਰਤੈ[66]ਅਫਰਿਆ[67] ॥	They issue[64] commands[63] fearlessly[65] and act[66] in pride[67].	ਉਹ ਨਿਧੜਕ[65] ਹੋ ਫੁਰਮਾਨ[63] ਜਾਰੀ[64] ਕਰਦੇ ਹਨ ਅਤੇ ਹੰਕਾਰੀ[67] ਹੋ ਕਾਰ-ਵਿਹਾਰ[66] ਕਰਦੇ ਹਨ।
ਸਭੁ[68] ਕੋ ਵਸਗਤਿ[69] ਕਰਿ ਲਇਓਨੁ ਬਿਨੁ ਨਾਵੈ ਖਾਕੁ[70] ਰਲਿਆ[71] ॥੩॥	They have subdued[69] all[68] but without Lord's Name they mix[71] with dust[70].	ਉਸ ਨੇ ਸਾਰੇ[68] ਕਾਬੂ[69] ਕਰ ਲਏ ਹਨ, ਪ੍ਰੰਤੂ ਸਾਈਂ ਦੇ ਨਾਮ ਬਗ਼ੈਰ ਉਹ ਮਿੱਟੀ[70] ਵਿਚ ਮਿਲ[71] ਜਾਂਦੇ ਹਨ।
ਕੋਟਿ[72] ਤੇਤੀਸ[73] ਸੇਵਕਾ[74] ਸਿਧ[75] ਸਾਧਿਕ[76] ਦਰਿ[77] ਖਰਿਆ[78] ॥ ਗਿਰੰ[79] ਬਾਰੀ[80] ਵਡ[81] ਸਾਹਿਬੀ[82] ਸਭੁ[83] ਨਾਨਕ ਸੁਪਨੁ[84] ਥੀਆ[85] ॥	The monarchs, at whose door[77] stood[78] as servants[74], the thirty three[73] millions[72] of gods and the men of miracle[75] and strivers[76] and who ruled over mountains[79], oceans[80] and	ਪਾਤਿਸ਼ਾਹ, ਜਿਨ੍ਹਾਂ ਦੇ ਬੂਹੇ[77] ਉਤੇ ਤੇਤੀ[73] ਕ੍ਰੋੜ[72] ਦੇਵਤੇ, ਕਰਮਾਤੀ[75] ਬੰਦੇ ਅਤੇ ਅਭਿਆਸੀ[76] ਨੌਕਰਾਂ[74] ਵਾਂਙ ਖੜੇ[78] ਸਨ ਅਤੇ ਜੋ ਪਹਾੜਾਂ[79] ਸਮੁੰਦਰਾਂ[80] ਤੇ ਭਾਰੀਆਂ[81] ਬਾਦਸ਼ਾਹੀਆਂ[82] ਤੇ ਰਾਜ ਕਰਦੇ ਸਨ, ਹੇ ਨਾਨਕ ! ਸਾਰੇ[83] ਹੀ ਨਿਰਾ ਸੁਪਨਾ[84] ਹੋ ਗਏ[85] ਹਨ।

੪ ॥ ੨ ॥ ੭੨ ॥	vast[81] empires[82], O' Nanak ! have, all[83] become[85] like a dream[84].	
੪੩	43	੪੩
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਭਲਕੇ[86] ਉਠਿ[87] ਪਪੋਲੀਐ[88] ਵਿਣੁ ਬੁਝੇ[89] ਮੁਗਧ[90] ਅਜਾਣਿ[91] ॥	Arising[87] each day[86], the man cherishes[88] his body, but without understanding[89] the Lord, he is idiot[90] and ignorant[91].	ਹਰ ਰੋਜ਼[86] ਉਠਕੇ[87] ਇਨਸਾਨ ਆਪਣੀ ਦੇਹਿ ਨੂੰ ਪਾਲਦਾ-ਪੋਸਦਾ[88] ਹੈ ਪ੍ਰੰਤੂ ਸਾਹਿਬ ਨੂੰ ਸਮਝਣ[89] ਦੇ ਬਾਝੋਂ ਉਹ ਬੁਧੂ[90] ਤੇ ਬੇ-ਸਮਝ[91] ਹੈ ।
ਸੋ[92] ਪ੍ਰਭੁ ਚਿਤਿ[93] ਨ ਆਇਓ ਛੁਟੈਗੀ[94] ਬੇਬਾਣਿ[95] ॥	That Lord[92] he remembers[93] not, (his body) shall be forsaken[94] in wilderness[95].	ਉਸ ਸਾਹਿਬ[92] ਨੂੰ ਉਹ ਚੇਤੇ[93] ਨਹੀਂ ਕਰਦਾ, (ਉਸ ਦੀ ਦੇਹਿ) ਉਜਾੜ[95] ਵਿਚ ਛੱਡ[94] ਦਿੱਤੀ ਜਾਏਗੀ ।
ਸਤਿਗੁਰ ਸੇਤੀ[96] ਚਿਤੁ[97] ਲਾਇ[98] ਸਦਾ ਸਦਾ[99] ਰੰਗੁ[100] ਮਾਣਿ[2] ॥੧॥	Attach[98] the mind[97] with[96] the True Guru and enjoy[2] bliss[100] for ever and aye[99].	ਸੱਚੇ ਗੁਰਾਂ ਨਾਲ[96] ਆਪਣੇ ਮਨ[97] ਨੂੰ ਜੋੜ[98] ਅਤੇ ਸਦੀਵ ਤੇ ਹਮੇਸ਼ਾ[99] ਲਈ ਅਨੰਦ[100] ਲੁੱਟ[2] ।
ਪ੍ਰਾਣੀ[3] ਤੂੰ ਆਇਆ[4] ਲਾਹਾ[5] ਲੈਣਿ[6] ॥	O' mortal[3] ! thou came[4] to earn[6] profit[5].	ਹੇ ਫ਼ਾਨੀ[3] ਬੰਦੇ ! ਤੂੰ ਨਫ਼ਾ[5] ਕਮਾਉਣ[6] ਲਈ ਆਇਆ[4] ਸੈਂ ।
ਲਗਾ[7] ਕਿਤੁ[8] ਕੁਫਕੜੇ[9] ਸਭ ਮੁਕਦੀ[10] ਚਲੀ ਰੈਣਿ[11] ੧ ॥ ਰਹਾਉ ॥	With what[8] useless task[9] art thou engaged[7] ? Thy entire Night[11] (life) is coming to an end[10]. Pause.	ਤੂੰ ਕਿਹੜੇ[8] ਫ਼ਜ਼ੂਲ[9] ਕੰਮ ਨਾਲ ਰੁਝਿਆ[7] ਹੈਂ ? ਤੇਰੀ ਸਾਰੀ ਜੀਵਨ-ਰਾਤ੍ਰੀ[11] ਖ਼ਤਮ[10] ਹੁੰਦੀ ਜਾ ਰਹੀ ਹੈ । ਠਹਿਰਾਉ ।
ਕੁਦਮ ਕਰੇ[12] ਪਸੁ[13] ਪੰਖੀਆ[14] ਦਿਸੈ[15] ਨਾਹੀ ਕਾਲੁ[16] ॥	The animals[13] and birds[14] frisk[12] about and behold[15] not death[16].	ਡੰਗਰ[13] ਤੇ ਪੰਛੀ[14] ਕੁੱਦਦੇ-ਟੱਪਦੇ[12] ਹਨ ਅਤੇ ਮੌਤ[16] ਨੂੰ ਨਹੀਂ ਵੇਖਦੇ[15] ।
ਓਤੈ[17] ਸਾਥਿ[18] ਮਨੁਖੁ[19] ਹੈ ਫਾਥਾ[20] ਮਾਇਆ[21] ਜਾਲਿ[22] ॥	With[18] (like) them[17] is also the man[19] who is ensnared[20] in the net[22] of mammon[21].	ਉਨ੍ਹਾਂ[17] ਦੇ ਨਾਲ[18] ਦਾ (ਵਰਗਾ) ਹੀ ਮਾਣਸ[19] ਹੈ, ਜੋ ਮੋਹਨੀ[21] ਦੇ ਫੰਧੇ[22] ਵਿਚ ਫਸਿਆ[20] ਹੋਇਆ ਹੈ ।
ਮੁਕਤੇ[23] ਸੇਈ[24] ਭਾਲੀਅਹਿ[25] ਜਿ[26] ਸਚਾ[27] ਨਾਮੁ ਸਮਾਲਿ[28] ॥ ੨ ॥	They alone[24] who[26] contemplate[28] over the True Name[27], are considered[25] to be emancipated[23].	ਜਿਹੜੇ[26] ਸਚੇ ਨਾਮ[27] ਦਾ ਅਰਾਧਨ[28] ਕਰਦੇ ਹਨ, ਉਹ[24] ਹੀ ਬੰਦਖਲਾਸ[23] ਸਮਝੇ[25] ਜਾਂਦੇ ਹਨ ।
ਜੋ[29] ਘਰੁ[30] ਛਡਿ[31] ਗਵਾਵਣਾ[32] ਸੋ[33] ਲਗਾ[34] ਮਨ[35] ਮਾਹਿ[36] ॥	That[29] house[30] which is to be abondoned[31] and vacated[32] that[33] is attached[34] to[36] the mind[35].	ਉਹ[33] ਗ੍ਰਹਿ[30] ਜਿਸ[29] ਨੂੰ ਤਿਆਗ[31] ਕੇ ਖ਼ਾਲੀ[32] ਕਰ ਦੇਣਾ ਹੈ, ਉਹ[33] ਮਨ[35] ਨਾਲ[36] ਜੁੜਿਆ[34] ਹੋਇਆ ਹੈ ।
ਜਿਥੈ ਜਾਇ[37] ਤੁਧੁ ਵਰਤਣਾ[38] ਤਿਸ ਕੀ ਚਿੰਤਾ[39] ਨਾਹਿ ॥	Thou hast no anxiety[39] regarding the one where thou hast to go[37] and dwell[38].	ਤੈਨੂੰ ਉਸ ਦਾ ਕੋਈ ਫ਼ਿਕਰ[39] ਨਹੀਂ, ਜਿਥੇ ਜਾ[37] ਕੇ ਤੂੰ ਰਹਿਣਾ[38] ਹੈ ।
ਫਾਥੇ[40] ਸੇਈ[41] ਨਿਕਲੇ[42] ਜਿ[43] ਗੁਰ ਕੀ ਪੈਰੀ[44] ਪਾਹਿ[45] ॥੩॥	They[41], who[43] fall[45] at Guru's feet[44], are freed[42] of the bondage[40].	ਜਿਹੜੇ[43] ਗੁਰਾਂ ਦੇ ਚਰਨੀਂ[44] ਪੈਂਦੇ[45] ਹਨ, ਉਹ[41] ਫਾਹੀ[40] ਤੋਂ ਖ਼ਲਾਸੀ[42] ਪਾ ਜਾਂਦੇ ਹਨ ।

ਕੋਈ ਰਖਿ[46] ਨ ਸਕਈ ਦੂਜਾ[47] ਕੋ ਨ ਦਿਖਾਇ[48] ॥	No one can save[46], without the Guru, I see[48] none else[47].	ਗੁਰਾਂ ਦੇ ਬਾਝੋਂ ਕੋਈ ਬਚਾਅ[46] ਨਹੀਂ ਸਕਦਾ। ਮੈਨੂੰ ਹੋਰ ਕੋਈ[47] ਨਹੀਂ ਦਿਸਦਾ[48]।
ਚਾਰੇ ਕੁੰਡਾ[49] ਭਾਲਿਕੈ[50] ॥ ਆਇ ਪਇਆ[51] ਸਰਣਾਇ[52] ॥	I have searched[50] the four directions[49] and have come and entered[51] Guru's sanctuary[52].	ਮੈਂ ਚਾਰੇ ਪਾਸੇ[49] ਖੋਜ-ਭਾਲ[50] ਕਰ ਕੇ ਗੁਰਾਂ ਦੀ ਪਨਾਹ[52] ਵਿਚ[51] ਆ ਗਿਆ ਹਾਂ।
ਨਾਨਕ ਸਚੈ ਪਾਤਿਸਾਹਿ[53] ਡੁਬਦਾ[54] ਲਇਆ ਕਢਾਇ[55] ॥੪॥੩॥੭੩॥	I was drowning[54] (but Guru), the True King[53], has saved[55] me, O' Nanak!	ਮੈਂ ਡੁਬ[54] ਰਿਹਾ ਸਾਂ, (ਪਰ ਗੁਰੂ), ਸੱਚੇ ਪਾਤਸ਼ਾਹ[53] ਨੇ ਮੇਰਾ ਪਾਰ ਉਤਾਰਾ[55] ਕਰ ਦਿੱਤਾ ਹੈ, ਹੇ ਨਾਨਕ!
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਘੜੀ[56] ਮੁਹਤ[57] ਕਾ ਪਾਹੁਣਾ[58] ਕਾਜ[59] ਸਵਾਰਣਹਾਰੁ[60] ॥	Man is a guest[58] for a trice[56] and moment[57] in this world to set aright[60] his affairs[59].	ਆਪਣੇ ਕਾਰਜ[59] ਰਾਸ ਕਰਨ[60] ਲਈ ਆਦਮੀ ਇਸ ਸੰਸਾਰ ਅੰਦਰ ਇਕ ਛਿਨ[56] ਪਲ[57] ਲਈ ਪ੍ਰਾਹੁਣਾ[58] ਹੈ।
ਮਾਇਆ[61] ਕਾਮਿ[62] ਵਿਆਪਿਆ[63] ਸਮਝੈ[64] ਨਾਹੀ ਗਾਵਾਰੁ[65] ॥	But the ignorant[65] man understands[64] not and is engrossed[63] in wealth[61] and lust[62].	ਪਰ ਬੇਸਮਝ-ਬੰਦਾ[65] ਸਮਝਦਾ[64] ਨਹੀਂ ਅਤੇ ਧਨ ਦੌਲਤ[61] ਤੇ ਵਿਸ਼ੇ-ਵਿਕਾਰ[62] ਅੰਦਰ ਖਚਤ[63] ਹੈ।
ਉਠਿ[66] ਚਲਿਆ[67] ਪਛੁਤਾਇਆ[68] ਪਰਿਆ[69] ਵਸਿ[70] ਜੰਦਾਰ[71] ॥ ੧ ॥	He arises[66] and departs[67] (from the world) repentingly[68] and falls[69] into the clutches[70] of death's myrmidon[71].	ਉਹ ਉਠ ਕੇ[66] (ਸੰਸਾਰ ਤੋਂ) ਪਸਚਾਤਾਪ[68] ਕਰਦਾ ਹੋਇਆ ਟੁਰ[67] ਜਾਂਦਾ ਹੈ ਅਤੇ ਮੌਤ ਦੇ ਫ਼ਰੇਸ਼ਤੇ[71] ਦੇ ਕਾਬੂ[70] ਵਿਚ ਪੈ ਜਾਂਦਾ[69] ਹੈ।
ਅੰਧੇ[72] ਤੂੰ ਬੈਠਾ[73] ਕੰਧੀ[74] ਪਾਹਿ[75] ॥	O' blind[72] (Man)! thou art sitting[73] close[75] to the falling shore[74] of the river.	ਹੇ ਅੰਨ੍ਹੇ[72] (ਮਨੁੱਖ)! ਤੂੰ ਦਰਿਆ ਦੇ ਢਹਿੰਦੇ ਹੋਏ ਕੰਢੇ[74] ਦੇ ਨੇੜੇ[75] ਬੈਠਾ[73] ਹੋਇਆ ਹੈਂ।
ਜੇ[76] ਹੋਵੀ ਪੂਰਬਿ[77] ਲਿਖਿਆ[78] ਤਾ[79] ਗੁਰ ਕਾ ਬਚਨੁ[80] ਕਮਾਹਿ[81] ॥੧॥ ਰਹਾਉ ॥	If[76] thou art so [77]pre-destined[78], then[79] act up to[81] Guru's mandate[80]. Pause.	ਜੇਕਰ[76] ਧੁਰੋਂ[77] ਤੇਰੇ ਲਈ ਐਸੀ ਲਿਖਤਾਕਾਰ[78] ਹੈ, ਤਦ[79] ਤੂੰ ਗੁਰਾਂ ਦੇ ਫੁਰਮਾਨ[80] ਦੀ ਪਾਲਣਾ[81] ਕਰ। ਠਹਿਰਾਉ।
ਹਰੀ[82] ਨਾਹੀ ਨਹ ਡਡੁਰੀ[83] ਪਕੀ[84] ਵਢਣਹਾਰ[85] ॥	The reaper[85] (of the crop of life) neither sees unripe[82], nor half-ripe[83] nor ripe[84].	(ਜੀਵਨ ਦੀ ਖੇਤੀ) ਵੱਢਣ ਵਾਲਾ[85] ਨਾ ਕੱਚੀ[82] ਵੇਖਦਾ ਹੈ ਤੇ ਨਾ ਅੱਧ-ਪੱਕੀ[83] ਜਾਂ ਪੱਕੀ[84]।
ਲੈ ਲੈ[86] ਦਾਤੁ[87] ਪਹੁਤਿਆ[88] ਲਾਵੇ[89] ਕਰਿ[90] ਤਈਆਰੁ[91] ॥	Having made[90] preparation[91], seizing and taking[86] their sickles[87] the croppers[89] arrive[88].	ਤਿਆਰੀ[91] ਕਰਕੇ[90], ਆਪਣੀਆਂ ਦਾਤ੍ਰੀਆਂ[87] ਫੜ ਕੇ ਤੇ ਲੈ ਕੇ[86] ਵਾਢੇ[89] ਪੁੱਜ ਜਾਂਦੇ[88] ਹਨ।
ਜਾ[92] ਹੋਆ[93] ਹੁਕਮੁ[94] ਕਿਰਸਾਣ[95] ਦਾ ਤਾ[96] ਲੁਣਿ[97] ਮਿਣਿਆ[98] ਖੇਤਾਰੁ[99] ॥੨॥	When[92] the Land-Lord's[95] order[94] is issued[93] then[96] is the field-crop[99] reaped[97] and measured[98].	ਜਦ[92] ਜ਼ਿਮੀਂਦਾਰ[95] ਦਾ ਫ਼ੁਰਮਾਨ[94] ਜਾਰੀ[93] ਹੋ ਜਾਂਦਾ ਹੈ, ਤਦ[96] ਖੇਤੀ[99] ਦੀ ਫ਼ਸਲ ਵੱਢੀ[97] ਤੇ ਮਾਪ[98] ਲਈ ਜਾਂਦੀ ਹੈ।
ਪਹਿਲਾ ਪਹਰੁ[100] ਧੰਧੈ[2] ਗਇਆ[3] ਦੂਜੈ ਭਰਿ[4] ਸੋਇਆ[5] ॥	The first watch[100] of the night (life) passes[3] in worthless affairs[2] and during the second (mortal) sleeps[5] to	ਜੀਵਨ-ਰਾਤ੍ਰੀ ਦਾ ਪਹਿਲਾ ਹਿੱਸਾ[100] ਫ਼ਜ਼ੂਲ ਵਿਹਾਰਾਂ[2] ਵਿਚ ਬੀਤ[3] ਜਾਂਦਾ ਹੈ ਅਤੇ ਦੂਸਰੇ ਅੰਦਰ (ਪ੍ਰਾਣੀ) ਰੱਜ[4] ਕੇ ਸੌਂਦਾ[5] ਹੈ!

	his fill[4].	
ਤੀਜੈ ਝਾਖ ਝਖਾਇਆ[6] ਚਉਥੈ ਭੋਰੁ[7] ਭਇਆ[8] ॥	In the third he prates nonesensically[6] and in the fourth the day[7] of death breaks[8].	ਤੀਜੇ ਅੰਦਰ ਉਹ ਬੇਹੂਦਾ ਬਕਵਾਸ[6] ਕਰਦਾ ਹੈ ਅਤੇ ਚੌਥੇ ਅੰਦਰ ਮੌਤ ਦਾ ਦਿਨ[7] ਚੜ੍ਹ[8] ਜਾਂਦਾ ਹੈ।
ਕਦਹੀ[9] ਚਿਤਿ[10] ਨ ਆਇਓ[11] ਜਿਨਿ ਜੀਉ[12] ਪਿੰਡੁ[13] ਦੀਆ ॥ ੩ ॥	He who gave him soul[12] and body[13] never[9] enters[11] his mind[10].	ਜਿਸ ਨੇ ਉਸ ਨੂੰ ਆਤਮਾ[12] ਤੇ ਦੇਹਿ[13] ਦਿਤੇ ਹਨ ਕਦੇ[9] ਭੀ ਉਸ ਦੇ ਮਨ[10] ਅੰਦਰ ਪ੍ਰਵੇਸ਼[11] ਨਹੀਂ ਕਰਦਾ।
ਸਾਧ ਸੰਗਤਿ[14] ਕਉ[15] ਵਾਰਿਆ[16] ਜੀਉ[17] ਕੀਆ ਕੁਰਬਾਣੁ[18] ॥	I am devoted[16] unto[15], and sacrifice[18] my very life[17] to the congregation of the righteous[14].	ਸਚਿਆਰਾਂ ਦੀ ਸੰਗਤ[14] ਉਤੋਂ[15] ਮੈਂ ਸਦਕੇ[16] ਜਾਂਦਾ ਹਾਂ ਅਤੇ ਆਪਣੀ ਜਿੰਦ-ਜਾਨ[17] ਬਲੀਦਾਨ[18] ਕਰਦਾ ਹਾਂ।
ਜਿਸ[19] ਤੇ ਸੋਝੀ[20] ਮਨਿ ਪਈ ਮਿਲਿਆ[21] ਪੁਰਖੁ[22] ਸੁਜਾਣੁ[23] ॥	Through whom[19], understanding[20] has entered my mind, and I have met[21] the Omniscient[23] Lord[22].	ਜਿਸ ਦੇ ਰਾਹੀਂ[19] ਮੇਰੇ ਚਿੱਤ ਅੰਦਰ ਸਮਝ[20] ਆ ਗਈ ਹੈ ਅਤੇ ਮੈਂ ਸਰਬਗ[23] ਸੁਆਮੀ[22] ਨੂੰ ਮਿਲ[21] ਪਿਆ ਹਾਂ।
ਨਾਨਕ ਡਿਠਾ[24] ਸਦਾ[25] ਨਾਲਿ[26] ਹਰਿ ਅੰਤਰਜਾਮੀ[28] ਜਾਣੁ[29] ॥੪॥੪॥੭੪॥	Nanak sees[24] ever[25] with[26] him the Wise[29] Lord, the Knower of the hearts[28].	ਨਾਨਕ ਦਿਲਾਂ ਦੀਆਂ ਜਾਨਣਹਾਰ[28], ਸਿਆਣੇ[29] ਸੁਆਮੀ ਨੂੰ ਹਮੇਸ਼ਾਂ[25] ਹੀ ਆਪਣੇ ਸਾਥ[26] ਦੇਖਦਾ[24] ਹੈ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਸਭੇ[30] ਗਲਾ ਵਿਸਰਨੁ[31] ਇਕੋ[32] ਵਿਸਰਿ ਨ ਜਾਉ ॥	Let me forget[31] everything[30], but forget not the One[32] Lord.	ਮੈਂ ਹਰ[30] ਗੱਲ ਭੁਲ[31] ਜਾਵਾਂ, ਪ੍ਰੰਤੂ ਇਕ ਸਾਹਿਬ[32] ਨੂੰ ਨਾ ਭੁੱਲਾਂ।
ਧੰਧਾ[33] ਸਭੁ ਜਲਾਇਕੈ[34] ਗੁਰਿ ਨਾਮੁ ਦੀਆ[35] ਸਚੁ ਸੁਆਉ[36] ॥	Having burnt[34] (left) all the profane pursuits[33], the Guru has given[35] God's Name, the true aim[36] of life.	ਸਮੂਹ ਸੰਸਾਰੀ ਕਾਰ ਵਿਹਾਰ[33] ਸਾੜ[34] (ਛਡ) ਕੇ, ਗੁਰਾਂ ਨੇ ਜ਼ਿੰਦਗੀ ਦਾ ਸੱਚਾ-ਮਨੋਰਥ[36], ਵਾਹਿਗੁਰੂ ਦਾ ਨਾਮ ਦਿੱਤਾ[35] ਹੈ।
ਆਸਾ[36*] ਸਭੇ[37] ਲਾਹਿ ਕੈ[38] ਇਕਾ[39] ਆਸ ਕਮਾਉ[40] ॥	Giving[38] up all[37] other hopes[36*] repose[40] only in One[39] Hope of God.	ਸਾਰੀਆਂ[37] ਉਮੀਦਾਂ[36*] ਛੱਡਕੇ[38], ਕੇਵਲ ਇਕੋ[39] (ਹਰੀ ਦੀ) ਉਮੀਦ ਉਤੇ ਭਰੋਸਾ[40] ਰੱਖ।
ਜਿਨੀ ਸਤਿਗੁਰੁ ਸੇਵਿਆ[41] ਤਿਨ[42] ਅਗੈ[43] ਮਿਲਿਆ[44] ਥਾਉ[45] ॥ ੧ ॥	They[42] who serve[41] the True Guru, secure[44] a place[45] in the younder world[43].	ਜੋ ਸੱਚੇ ਗੁਰਾਂ ਦੀ ਟਹਿਲ[41] ਕਮਾਉਂਦੇ ਹਨ, ਉਨ੍ਹਾਂ[42] ਨੂੰ ਅਗਲੇ ਜਹਾਨ[43] ਵਿਚ ਜਗ੍ਹਾ[45] ਪਰਾਪਤ[44] ਹੋ ਜਾਂਦੀ ਹੈ!
ਮਨ ਮੇਰੇ ਕਰਤੇ[46] ਨੋ ਸਾਲਾਹਿ[47] ॥	O' Mind ! do thou praise[47] the Creator[46].	ਹੇ ਮੇਰੇ ਮਨ ! ਤੂੰ ਸਿਰਜਣਹਾਰ[46] ਦੀ ਸ਼ਲਾਘਾ[47] ਕਰ।
ਸਭੇ ਛਡਿ[48] ਸਿਆਣਪਾ[49] ਗੁਰ ਕੀ ਪੈਰੀ[50] ਪਾਹਿ[51] ॥ ੧ ॥ ਰਹਾਉ ॥	Eschew[48] all thy clevernesses[49] and fall[51] at the feet[50] of the Guru. Pause.	ਆਪਣੀਆਂ ਸਾਰੀਆਂ ਚਤਰਾਈਆਂ[49] ਤਿਆਗ[48] ਦੇ ਅਤੇ ਗੁਰਾਂ ਦੀ ਚਰਨੀਂ[50] ਢਹਿ[51] ਪਉ। ਠਹਿਰਾਉ।
ਦੁਖ[52] ਭੁਖ[53] ਨਹ ਵਿਆਪਈ[54] ਜੇ[55] ਸੁਖ[56] ਦਾਤਾ[57] ਮਨਿ ਹੋਇ[58] ॥	Pain[52] and hunger[53] shall oppress[54] thee not if[55] God, the Giver[57] of peace[56], be[58] in thy mind.	ਦਰਦ[52] ਤੇ ਭੁੱਖ[53] ਤੈਨੂੰ ਦੁਖਾਂਤ੍ਰ[54] ਨਹੀਂ ਕਰਨਗੇ, ਜੇਕਰ[55] ਆਰਾਮ[56] ਦੇਣਹਾਰ[57] ਵਾਹਿਗੁਰੂ ਤੇਰੇ ਚਿੱਤ ਵਿਚ ਹੋਵੇ[58]।

ਕਿਤਹੀ ਕੰਮਿ[59] ਨ ਛਿਜੀਐ[60] ਜਾ ਹਿਰਦੈ[61] ਸਚਾ[62] ਸੋਇ[63] ॥	If that[63] True Lord[62] abides within man's mind[61], he fails[60] in no undertaking[59] of his.	ਜੇਕਰ ਉਹ[63] ਸੱਚਾ ਸੁਆਮੀ[62] ਇਨਸਾਨ ਦੇ ਅੰਤਰ-ਆਤਮੇ[61] ਵੱਸ ਜਾਵੇ ਤਾਂ ਉਹ ਆਪਣੇ ਕਿਸੇ ਕਾਰਜ[59] ਵਿਚ ਭੀ ਨਾ-ਕਾਮਯਾਬ[60] ਨਹੀਂ ਹੁੰਦਾ ।
ਜਿਸੁ ਤੂੰ ਰਖਹਿ[64] ਹਥ[65] ਦੇ[66] ਤਿਸੁ[67] ਮਾਰਿ[68] ਨ ਸਕੈ ਕੋਇ ॥	He, whom Thou, O'Lord, protectest[64] by giving[66] Thine Hand[66], him[67] none can slay[68].	ਜਿਸ ਨੂੰ ਹੇ ਸਾਹਿਬ ! ਤੂੰ ਆਪਣਾ ਹੱਥ[65] ਦੇ ਕੇ[66] ਬਚਾਉਂਦਾ[64] ਹੈਂ, ਉਸ[67] ਨੂੰ ਕੋਈ ਭੀ ਮਾਰ[68] ਨਹੀਂ ਸਕਦਾ ।
ਸੁਖਦਾਤਾ[69] ਗੁਰੁ ਸੇਵੀਐ[70] ਸਭਿ ਅਵਗਣ[71] ਕਢੈ ਧੋਇ[72] ॥ ੨ ॥	Wait upon[70] Guru, the giver of peace[69], and he shall wash off[72] all thy sins[71].	ਆਰਾਮ[69] ਬਖਸ਼ਣਹਾਰ ਗੁਰਾਂ ਦੀ ਟਹਿਲ ਕਮਾ[70] ਅਤੇ ਉਹ ਤੇਰੇ ਸਮੂਹ ਪਾਪ[71] ਧੋ ਕੇ ਬਾਹਰ[72] ਕੱਢ ਦੇਣਗੇ !
ਸੇਵਾ[73] ਮੰਗੈ[74] ਸੇਵਕੋ[75] ਲਾਈਆਂ[76] ਅਪੁਨੀ ਸੇਵ[77] ॥	Thy servant[75] asks[74] for the service[73] of those, whom, Thou, O' Lord ! hast put[76] to Thine service[77].	ਤੇਰਾ ਟਹਿਲੂਆ[75] ਉਨ੍ਹਾਂ ਦੀ ਖ਼ਿਦਮਤ[73] ਦੀ ਯਾਚਨਾ[74] ਕਰਦਾ ਹੈ, ਜਿਨ੍ਹਾਂ ਨੂੰ ਤੂੰ ਹੇ ਸੁਆਮੀ ! ਆਪਣੀ ਟਹਿਲ[77] ਅੰਦਰ ਜੋੜਿਆ[76] ਹੈ ।
੪੪	**44**	**੪੪**
ਸਾਧੂ[78] ਸੰਗੁ[79] ਮਸਕਤੇ[80] ਤੂਠੈ[81] ਪਾਵਾ[82] ਦੇਵ[83] ॥	The association[79] and the arduous service[80] of Saints[78] are obtained[82], if the Lord[83] be mightily pleased[81].	ਜੇਕਰ ਪ੍ਰਭੂ[83] ਪਰਮ-ਪ੍ਰਸੰਨ[81] ਹੋਵੇ ਤਾਂ ਸੰਤਾਂ[78] ਦੀ ਸੰਗਤ[79] ਅਤੇ ਉਨ੍ਹਾਂ ਦੀ ਕਰੜੀ ਚਾਕਰੀ[80] ਪ੍ਰਾਪਤ[82] ਹੁੰਦੇ ਹਨ ।
ਸਭੁ ਕਿਛੁ[84] ਵਸਗਤਿ[85] ਸਾਹਿਬੈ ਆਪੇ[86] ਕਰਣ[87] ਕਰੇਵ[88] ॥	Everything[84] is in the power[85] of the Master. He Himself[86] is the Doer[88] of deeds[87].	ਹਰ[84] ਸ਼ੈ ਮਾਲਕ ਦੇ ਅਖ਼ਤਿਆਰ[85] ਵਿਚ ਹੈ, ਉਹ ਖੁਦ[86] ਹੀ ਕੰਮਾਂ[87] ਦੇ ਕਰਨ ਵਾਲਾ[88] ਹੈ ।
ਸਤਿਗੁਰ ਕੈ ਬਲਿਹਾਰਣੈ[89] ਮਨਸਾ[90] ਸਭ ਪੂਰੇਵ[91] ॥੩॥	I am a sacrifice[89] unto my True Guru, who fulfils[91] all my aspirations[90].	ਮੈਂ ਆਪਣੇ ਸੱਚੇ ਗੁਰਾਂ ਉਤੋਂ ਕੁਰਬਾਨ[89] ਜਾਂਦਾ ਹਾਂ, ਜੋ ਮੇਰੀਆਂ ਸਾਰੀਆਂ ਖ਼ਾਹਿਸ਼ਾਂ[90] ਪੂਰੀਆਂ[91] ਕਰਦੇ ਹਨ ।
ਇਕੋ[92] ਦਿਸੈ[93] ਸਜਣੋ[94] ਇਕੋ[95] ਭਾਈ[96] ਮੀਤੁ[97] ॥	The unique Lord[92] is seen[93] to be my well-wisher[94] and He alone[95] is my brother[96] and friend[97].	ਅਦੁੱਤੀ[92] ਸਾਹਿਬ ਹੀ ਮੇਰਾ ਸ਼ੁਭ-ਚਿੰਤਕ[94] ਦਿਸਦਾ[93] ਹੈ ਅਤੇ ਕੇਵਲ-ਇਕ[95] ਹੀ ਮੇਰਾ ਭਰਾ[96] ਤੇ ਯਾਰ[97] ਹੈ ।
ਇਕਸੈ[98] ਦੀ ਸਾਮਗਰੀ[99] ਇਕਸੈ[100] ਦੀ ਹੈ ਰੀਤਿ[2] ॥	All the goods[99] are of the One Lord[98] and He alone[100] has bound everything in system[2].	ਸਮੂਹ ਵਸਤ-ਵਲੇਵਾ[99] ਇਕ ਸਾਈਂ[98] ਦਾ ਹੀ ਹੈ ਅਤੇ ਕੇਵਲ[100] ਉਸੇ ਨੇ ਹੀ ਹਰਿ ਸ਼ੈ ਨੂੰ ਨਿਯਮ[2] ਅੰਦਰ ਬੰਨ੍ਹਿਆ ਹੋਇਆ ਹੈ ।
ਇਕਸ ਸਿਉ[5] ਮਨੁ[3] ਮਾਨਿਆ[4] ਤਾ[6] ਹੋਆ[7] ਨਿਹਚਲੁ[8] ਚੀਤੁ[9] ॥	With[5] One God, my soul[3] is propitiated[4]. It is then[6] that my mind[9] is rendered[7] stable[8].	ਇਕ ਵਾਹਿਗੁਰੂ ਨਾਲ[5] ਮੇਰੀ ਜਿੰਦੜੀ[3] ਦੀ ਨਿਸ਼ਾ[4] ਹੋ ਗਈ ਹੈ, ਤਦ[6] ਹੀ ਮੇਰਾ ਮਨ[9] ਸਥਿਰ[8] ਹੋਇਆ[7] ਹੈ ।
ਸਚੁ[10] ਖਾਣਾ[11] ਸਚੁ ਪੈਨਣਾ[12] ਟੇਕ[13] ਨਾਨਕ ਸਚੁ ਕੀਤੁ[14] ॥੪॥੫॥੭੫॥	The True Name[10] is Nanak's viand[11], True Name his raiment[12] and the True Name he has made[14] his prop[13].	ਸੱਚਾ ਨਾਮ[10] ਨਾਨਕ ਦਾ ਭੋਜਨ[11] ਹੈ, ਸੱਚਾ ਨਾਮ ਉਸ ਦੀ ਪੌਸ਼ਾਕ[12] ਅਤੇ ਸੱਚੇ ਨਾਮ ਨੂੰ ਹੀ ਉਸ ਨੇ ਆਪਣਾ ਆਸਰਾ[13] ਬਣਾਇਆ[14] ਹੈ ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਸਭੇ ਥੋਕ[15] ਪਰਾਪਤੇ[16] ਜੇ[17]	I receive[16] all the commodities[15] (joys)	ਮੈਨੂੰ ਸਾਰੀਆਂ ਵਸਤੂਆਂ[15] (ਖੁਸ਼ੀਆਂ) ਮਿਲ ਜਾਂਦੀਆਂ[16] ਹਨ

ਆਵੈ[17] ਇਕੁ[19] ਹਥਿ[18] ॥	if[17] Him alone[19] I obtain[18].	ਜੇਕਰ[17] ਕੇਵਲ[19] ਉਹੀ ਮੈਨੂੰ ਪਰਾਪਤ[18] ਹੋ ਜਾਵੇ ।
ਜਨਮੁ[20] ਪਦਾਰਥੁ[21] ਸਫਲੁ[22] ਹੈ ਜੇ ਸਚਾ ਸਬਦੁ[23] ਕਥਿ[24] ॥	The invaluable[21] human life[20] becomes fruitful[22], if the True Name[23] be repeated[24].	ਅਮੋਲਕ[21] ਮਨੁੱਖੀ ਜੀਵਨ[20] ਫਲ-ਦਾਇਕ[22] ਹੋ ਜਾਂਦਾ ਹੈ, ਜੇਕਰ ਸੱਚਾ-ਨਾਮ[23] ਕਥਿਆ[24] ਜਾਵੇ ।
ਗੁਰ ਤੇ[25] ਮਹਲੁ[26] ਪਰਾਪਤੇ[27] ਜਿਸੁ[28] ਲਿਖਿਆ[29] ਹੋਵੈ[31] ਮਥਿ[30] ॥ ੧ ॥	He, whose[28], brow[30] bears[31] such a writ[29], obtains[27] Lord's presence[26] through the Guru[25].	ਜਿਸ[28] ਦੇ ਮਸਤਕ[30] ਉਤੇ ਐਸੀ ਲਿਖਤਾਕਾਰ[29] ਹੈ,[31] ਉਹ ਗੁਰਾਂ ਦੇ ਰਾਹੀਂ[25] ਸਾਈਂ ਦੀ ਹਜ਼ੂਰੀ[26] ਪਾ ਲੈਂਦਾ[27] ਹੈ ।
ਮੇਰੇ ਮਨ ਏਕਸ[32] ਸਿਉ[33] ਚਿਤੁ[34] ਲਾਇ[35] ॥	O' my Soul ! fix[35] thy attention[34] with[33] the One Lord[32].	ਹੇ ਮੇਰੀ ਜਿੰਦੜੀਏ ! ਇਕ-ਪ੍ਰਭੂ[32] ਨਾਲ[33] ਆਪਣੀ ਬ੍ਰਿਤੀ[34] ਜੋੜ[35] ।
ਏਕਸ ਬਿਨੁ ਸਭ[36] ਧੰਧੁ[37] ਹੈ ਸਭ ਮਿਥਿਆ[38] ਮੋਹੁ[39] ਮਾਇ[40] ॥ ੧ ॥ ਰਹਾਉ ॥	Without One (God), all else[36] is but an entanglement[37]. The love[39] of mammon[40] is all false[38]. Pause.	ਇਕ (ਵਾਹਿਗੁਰੂ) ਦੇ ਬਗੈਰ ਹੋਰ ਸਾਰਾ[36] ਕੁਛ ਪੁਆੜਾ[37] ਹੀ ਹੈ । ਧਨ-ਦੌਲਤ[40] ਦੀ ਲਗਨ[39] ਸਭ ਕੂੜੀ[38] ਹੈ । ਠਹਿਰਾਉ ।
ਲਖ[41] ਖੁਸੀਆ[42] ਪਾਤਿਸਾਹੀਆ[43] ਜੇ[44] ਸਤਿਗੁਰ ਨਦਰਿ[45] ਕਰੇਇ[46] ॥	If[44] the True Guru casts[46] His merciful glance[45], I enjoy the happinesses[42] of lakhs[41] of empires[43].	ਜੇਕਰ[44] ਸੱਚੇ ਗੁਰੂ ਜੀ ਆਪਣੀ ਦਇਆ-ਦ੍ਰਿਸ਼ਟੀ[45] ਧਾਰਨ[46] ਤਾਂ ਮੈਂ ਲੱਖਾਂ[41] ਬਾਦਸ਼ਾਹੀਆਂ[43] ਦੇ ਅਨੰਦ[42] ਮਾਣਦਾ ਹਾਂ ।
ਨਿਮਖ[47] ਏਕ ਹਰਿਨਾਮੁ ਦੇਇ[48] ਮੇਰਾ ਮਨੁ[49] ਤਨੁ[50] ਸੀਤਲ[51] ਹੋਇ[52] ॥	Were he to bless[48] me with His Name even for a trice[47], my soul[49] and body[50] will become[52] cool[51].	ਜੇਕਰ ਉਹ ਇਕ ਮੁਹਤ[47] ਭਰ ਲਈ ਭੀ ਮੈਨੂੰ ਵਾਹਿਗੁਰੂ ਦੇ ਨਾਮ ਦੀ ਦਾਤ ਦੇ ਦੇਣ[48], ਮੇਰੀ ਆਤਮਾ[49] ਤੇ ਦੇਹਿ[50] ਠੰਢੇ ਠਾਰ[51] ਹੋ ਜਾਣਗੇ[52] ।
ਜਿਸ ਕਉ[53] ਪੂਰਬਿ[54] ਲਿਖਿਆ[55] ਤਿਨਿ[56] ਸਤਿਗੁਰ ਚਰਨ[57] ਗਹੇ[58] ॥ ੨ ॥	They[56], who[53] are so [54]pre-ordained[55], hold fast[58] the feet[57] of the True Guru.	ਜਿਨ੍ਹਾਂ ਲਈ[53] ਧੁਰ ਦੀ[54] ਐਸੀ ਲਿਖਤਾਕਾਰ[55] ਹੈ, ਉਹ[56] ਸੱਚੇ ਗੁਰਾਂ ਦੇ ਪੈਰ[57] ਘੁਟ ਕੇ ਫੜੀ[58] ਰੱਖਦੇ ਹਨ ।
ਸਫਲ[59] ਮੂਰਤੁ[60] ਸਫਲਾ ਘੜੀ[61] ਜਿਤੁ[62] ਸਚੇ[63] ਨਾਲਿ ਪਿਆਰੁ[64] ॥	Fruitful[59] is the moment[60] and fruitful the time[61] when[62] love[64] for the True Lord[63] is embraced.	ਫਲ-ਦਾਇਕ[59] ਹੈ ਉਹ ਮੁਹਤ[60] ਅਤੇ ਫਲ-ਦਾਇਕ ਉਹ ਸਮਾਂ[61] ਜਦ[62] ਸੱਚੇ-ਸਾਈਂ[63] ਨਾਲ ਪ੍ਰੀਤ[64] ਕੀਤੀ ਜਾਂਦੀ ਹੈ ।
ਦੂਖੁ[65] ਸੰਤਾਪੁ[66] ਨ ਲਗਈ[67] ਜਿਸੁ ਹਰਿ ਕਾ ਨਾਮੁ ਅਧਾਰੁ[68] ॥	Suffering[65] and sorrow[66] do not touch[67] him, who has the support[68] of God's Name.	ਦਰਦ[65] ਤੇ ਗ਼ਮ[66] ਉਸ ਨੂੰ ਨਹੀਂ ਪੋਂਹਦੇ[67], ਜਿਸ ਨੂੰ ਵਾਹਿਗੁਰੂ ਦੇ ਨਾਮ ਦਾ ਆਸਰਾ[68] ਹੈ ।
ਬਾਹ[69] ਪਕੜਿ[70] ਗੁਰਿ ਕਾਢਿਆ[71] ਸੋਈ[72] ਉਤਰਿਆ ਪਾਰਿ[73] ॥ ੩ ॥	Whom the Guru takes[71] out, seizing[70] by the arm[69] he[72] crosses[73] the (Sea of Life).	ਭੁਜਾ[69] ਤੋਂ ਫੜ ਕੇ[70], ਜਿਸ ਨੂੰ ਗੁਰੂ ਜੀ ਬਾਹਰ ਧੂਹ ਲੈਂਦੇ[71] ਹਨ, ਉਹ[72] (ਸੰਸਾਰ-ਸਮੁੰਦਰ ਤੋਂ) ਪਾਰ ਹੋ ਜਾਂਦਾ[73] ਹੈ !
ਥਾਨੁ[74] ਸੁਹਾਵਾ[75] ਪਵਿਤੁ[76] ਹੈ ਜਿਥੈ ਸੰਤ ਸਭਾ[77] ॥	Embellished[75] and immaculate[76] is the place[74] where the Saint's congregation[77] is held	ਸੁਭਾਇਮਾਨ[75] ਤੇ ਪਾਵਨ[76] ਹੈ ਉਹ ਜਗ੍ਹਾ[74], ਜਿਥੇ ਸਤਿ-ਸੰਗਤ[77] ਹੁੰਦੀ ਹੈ ।
ਢੋਈ[78] ਤਿਸ ਹੀ ਨੋ ਮਿਲੈ ਜਿਨਿ[79] ਪੂਰਾ ਗੁਰੂ[80]	He alone, who[79] has found[81] the Perfect Guru[80], obtains the place of	ਪਨਾਹ[78] ਦੀ ਥਾਂ ਉਸੇ ਨੂੰ ਹੀ ਪਰਾਪਤ ਹੁੰਦੀ ਹੈ, ਜਿਸ[79] ਨੂੰ ਪੂਰਨ ਗੁਰਦੇਵ[80] ਮਿਲ[81] ਗਏ ਹਨ ।

ਲਭਾ[81] ॥	protection[78].	
ਨਾਨਕ ਬਧਾ[82]ਘਰੁ[83]ਤਹਾਂ[84] ਜਿਥੈ ਮਿਰਤੁ[85] ਨ ਜਨਮੁ[86] ਜਰਾ[87] ॥੪॥੬॥੭੬॥	Nanak has founded[82] his house[83] on that[84] (ground) where there is no death[85], birth[86] and old age[87].	ਨਾਨਕ ਨੇ ਆਪਣੇ ਮਕਾਨ[83] ਦੀ ਉਸ ਥਾਂ[84] ਤੇ ਨੀਂਹ ਰੱਖੀ[82] ਹੈ, ਜਿਥੇ ਮਰਨਾ[85], ਜੰਮਣਾ[86] ਅਤੇ ਬੁਢੇਪਾ[87] ਨਹੀਂ।
ਸ੍ਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਸੋਈ[88] ਧਿਆਈਐ[89] ਜੀਅੜੇ[90] ਸਿਰਿ[91] ਸਾਹਾਂ[92] ਪਾਤਿਸਾਹੁ[93] ॥	O' my Soul[90] ! meditate[89] on Him[88] who is the over Lord[91] of kings[92] and emperors[93].	ਹੇ ਮੇਰੀ ਜਿੰਦੜੀਏ[90] ! ਉਸੇ[88] ਦਾ ਸਿਮਰਨ[89] ਕਰ, ਜੋ ਰਾਜਿਆਂ[92] ਅਤੇ ਮਹਾਰਾਜਿਆਂ[93] ਦਾ ਸ਼ਰੋਮਣੀ ਸਾਹਿਬ[91] ਹੈ।
ਤਿਸ ਹੀ[94]ਕੀ ਕਰਿ ਆਸ[95] ਮਨ ਜਿਸ ਕਾ ਸਭਸੁ[96] ਵੇਸਾਹੁ[97] ॥	My mind ! repose hope[95], in Him[94] alone, in whom all[96] have confidence[97].	ਮੇਰੇ ਮਨੂਏ ! ਉਸ[94] ਉਪਰ ਹੀ ਉਮੀਦ[95] ਰੱਖ, ਜਿਸ ਵਿਚ ਸਾਰਿਆਂ[96] ਨੂੰ ਭਰੋਸਾ[97] ਹੈ !
ਸਭਿ ਸਿਆਣਪਾ[98]ਛਡਿ ਕੈ[99] ਗੁਰ ਕੀ ਚਰਣੀ[100]ਪਾਹੁ[2]॥੧॥	Shed[99] all thy clevernesses[98] and take[2] to the feet[100] of the Guru.	ਆਪਣੀਆਂ ਸਾਰੀਆਂ ਚਲਾਕੀਆਂ[98] ਤਿਆਗ[99] ਕੇ ਗੁਰਾਂ ਦੇ ਪੈਰੀਂ[100] ਜਾ ਪਓ[2]।
ਮਨ[3] ਮੇਰੇ ਸੁਖ[4] ਸਹਜ[5] ਸੇਤੀ[6] ਜਪਿ[7] ਨਾਉ ॥	My Soul[3] ! with[6] ease[4] and calmness[5] dwell upon[7] God's Name.	ਮੇਰੀ ਜਿੰਦੜੀਏ[3] ! ਆਰਾਮ[4] ਅਤੇ ਸ਼ਾਂਤੀ[5] ਨਾਲ[6] ਵਾਹਿਗੁਰੂ ਦੇ ਨਾਮ ਦਾ ਅਰਾਧਨ[7] ਕਰ।
ਆਠ[8] ਪਹਰ ਪ੍ਰਭੁ ਧਿਆਇ[9] ਤੂੰ ਗੁਣ[10] [11]ਗੋਇੰਦ[12] ਨਿਤ[13] ਗਾਉ[14] ॥ ੧ ॥ ਰਹਾਉ ॥	Through the eight watches[8] (of the day), do thou think of[9] the Lord and ever[13] sing[14] the praises[10] of the world[11] illuminator[12]. Pause.	ਅੱਠੇ ਪਹਿਰ[8] ਤੂੰ ਸਾਹਿਬ ਦਾ ਸਿਮਰਨ[9] ਕਰ ਅਤੇ ਜਗਤ[11] ਦੇ ਪ੍ਰਕਾਸ਼ਕ[12] ਦਾ ਸਦਾ[13] ਜੱਸ[10] ਗਾਇਨ[14] ਕਰ। ਠਹਿਰਾਉ।
ਤਿਸਕੀ[15] ਸਰਨੀ[16] ਪਰੁ[17] ਮਨਾ[18] ਜਿਸੁ ਜੇਵਡੁ[19] ਅਵਰੁ ਨ ਕੋਇ ॥	Seek[17] His[15] shelter[16], O' my Soul[18] ! whom none equals in greatness[19].	ਹੇ ਮੇਰੀ[18] ਜਿੰਦੇ ! ਉਸ[15] ਦੀ ਸ਼ਰਣ[16] ਪੈ[17], ਜਿਸ ਜਿੱਡਾ ਵੱਡਾ[19] ਹੋਰ ਕੋਈ ਨਹੀਂ।
ਜਿਸੁ ਸਿਮਰਤ[20] ਸੁਖੁ[21] ਹੋਇ ਘਣਾ[24] ਦੁਖੁ[22] ਦਰਦੁ ਨ ਮੂਲੇ[23] ਹੋਇ[25] ॥	By remembering[20] whom great[24] peace[21] is obtained and pain and distress[22] absolutely[23] touch[25] (man) not.	ਜਿਸ ਦਾ ਅਰਾਧਨ[20] ਕਰਨ ਦੁਆਰਾ ਬਹੁਤ[24] ਆਰਾਮ[21] ਮਿਲਦਾ ਹੈ ਅਤੇ ਪੀੜ ਤੇ ਤਕਲੀਫ਼[22] (ਆਦਮੀ ਨੂੰ) ਮੂਲੋਂ[23] ਹੀ ਨਹੀਂ ਪੋਂਹਦੀਆਂ[25]।
ਸਦਾ ਸਦਾ[26] ਕਰਿ[27] ਚਾਕਰੀ[28] ਪ੍ਰਭੁ ਸਾਹਿਬੁ[29] ਸਚਾ[30] ਸੋਇ[31] ॥ ੨ ॥	Ever and for ever[26] more perform[27] the service[28] of that[31] True[30] Lord Master[29].	ਸਦੀਵ ਤੇ[26] ਹਮੇਸ਼ਾ ਉਸੇ[31] ਸੱਚੇ[30], ਸੁਆਮੀ, ਮਾਲਕ[29] ਦੀ ਟਹਿਲ[28] ਸੇਵਾ ਕਮਾ[27]।
ਸਾਧ ਸੰਗਤਿ[32] ਹੋਇ ਨਿਰਮਲਾ[33] ਕਟੀਐ[34] ਜਮ ਕੀ[35] ਫਾਸ[36] ॥	In the society of Saints[32], the mortal becomes pure[33] and the noose[36] of death[35] is cut[34].	ਸਤਿਸੰਗਤ[32] ਅੰਦਰ ਜੀਵ ਪਵਿੱਤਰ[33] ਹੋ ਜਾਂਦਾ ਹੈ ਅਤੇ ਮੌਤ[35] ਦੀ ਫਾਹੀ[36] ਕੱਟੀ[34] ਜਾਂਦੀ ਹੈ।
ਸੁਖਦਾਤਾ[37] ਭੈ ਭੰਜਨੋ[38] ਤਿਸੁ[39] ਆਗੈ[40] ਕਰਿ ਅਰਦਾਸਿ[41] ॥	Make supplication[41] before[40] Him[39] who is the bestower of[37] bliss and the destroyer of dread[38].	ਉਸ[39] ਮੂਹਰੇ[40] ਪ੍ਰਾਰਥਨਾ[41] ਕਰ, ਜੋ ਖ਼ੁਸ਼ੀ ਬਖਸ਼ਣਹਾਰ[37] ਅਤੇ ਡਰ ਦੂਰ ਕਰਨ[38] ਵਾਲਾ ਹੈ।
ਮਿਹਰ ਕਰੇ[42]ਜਿਸੁ[43]ਮਿਹਰ-	He, to whom[43] the Merciful Master[44]	ਜਿਸ[43] ਉਤੇ ਮਇਆਵਾਨ[44] ਮਾਲਕ ਆਪਣੀ ਮਇਆ

ਵਾਨੁ[44]ਤਾਂ[45] ਕਾਰਜੁ[46]ਆਵੈ ਰਾਸਿ[47] ॥ ੩ ॥	shows[42] His mercy, has his affairs[46] adjusted[47] forth with[45].	ਧਾਰਦਾ[42] ਹੈ, ਉਸ ਦੇ ਕੰਮ[46], ਤੱਤਕਾਲ[45] ਠੀਕ[47] ਹੋ ਜਾਂਦੇ ਹਨ ।
ਬਹੁਤੋ[48] ਬਹੁਤੁ ਵਖਾਣੀਐ[49] ਊਚੋ ਊਚਾ[50] ਥਾਉ[51] ॥	(The Lord) is spoken[49] of as the greatest of the great[48] and His seat[51] the highest of the high[50].	(ਸੁਆਮੀ) ਵਿਸ਼ਾਲਾਂ[48] ਦਾ ਪਰਮ ਵਿਸ਼ਾਲ ਆਖਿਆ[49] ਜਾਂਦਾ ਹੈ ਅੰਤੇ ਉਸ ਦਾ ਟਿਕਾਣਾ[51] ਉਚਿਓਂ ਵੀ ਉੱਚਾ[50] ਹੈ ।
ਵਰਨਾ[52] ਚਿਹਨਾ[53] ਬਾਹਰਾ[54] ਕੀਮਤਿ[55]ਕਹਿ[56] ਨ ਸਕਾਉ ॥	God is without[54] colour[52] and mark[53]. (I) cannot appraise[56] (His) worth[55].	ਵਾਹਿਗੁਰੂ ਰੰਗ[52] ਤੇ ਨਿਸ਼ਾਨ[53] ਰਹਿਤ[54] ਹੈ । (ਮੈਂ ਉਸ ਦਾ) ਮੁੱਲ[55] ਬਿਆਨ[56] ਨਹੀਂ ਕਰ ਸਕਦਾ ।
ਨਾਨਕ ਕਉ ਪ੍ਰਭੁ ਮਇਆ[57] ਕਰਿ ਸਚੁ[59]ਦੇਵਹੁ[58]ਅਪੁਣਾ ਨਾਉ[60] ॥੪॥੭॥੭੭॥	Have mercy[57] on Nanak, O' Lord ! and bless[58] him with Thy True[59] Name[60].	ਹੇ ਸੁਆਮੀ ! ਨਾਨਕ ਤੇ ਆਪਣੀ ਰਹਿਮਤ[57] ਧਾਰ, ਅਤੇ ਉਸ ਨੂੰ ਆਪਣੇ ਸੱਚੇ[59] ਨਾਮ[60] ਦੀ ਦਾਤ[58] ਦੇ ।
ਸ੍ਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਨਾਮੁ ਧਿਆਏ[61] ਸੋ[62]ਸੁਖੀ[63] ਤਿਸੁ[64] ਮੁਖੁ[65] ਊਜਲੁ[66] ਹੋਇ[67] ॥	He[62], who meditates[61] on the Name is happy[63]; his[64] face[65] becomes[67] bright[66].	ਜੋ ਨਾਮ ਦਾ ਸਿਮਰਨ[61] ਕਰਦਾ ਹੈ, ਉਹ[62] ਪ੍ਰਸੰਨ[63] ਹੁੰਦਾ ਹੈ ਤੇ ਉਸ[64] ਦਾ ਚਿਹਰਾ[65] ਰੋਸ਼ਨ[66] ਹੋ ਜਾਂਦਾ[67] ਹੈ ।
ਪੂਰੇ[68] ਗੁਰ ਤੇ[69] ਪਾਈਐ[70] ਪਰਗਟੁ[71]ਸਭਨੀ[72]ਲੋਇ[73]॥	He, who obtains[70] the Name from[69] the Perfect[68] Guru, becomes renowned[71] all[72] the worlds[73] over.	ਜੋ ਪੂਰਨ[68] ਗੁਰਾਂ ਪਾਸੋਂ[69] ਨਾਮ ਪਰਾਪਤ[70] ਕਰਦਾ ਹੈ, ਉਹ ਸਾਰਿਆਂ[72] ਜਹਾਨਾਂ[73] ਅੰਦਰ ਪਰਸਿੱਧ[71] ਹੋ ਜਾਂਦਾ ਹੈ ।
ਸਾਧ ਸੰਗਤਿ[74] ਕੈ ਘਰਿ[75] ਵਸੈ[76] ਏਕੋ[77]ਸਚਾ[78] ਸੋਇ[79] ॥ ੧ ॥	That[79] Unique[77] True[78] (Everlasting Lord) abides[76] in the house[75] (society) of the saints[74].	ਉਹ[79] ਸੱਚਾ[78] (ਸਦਾ ਕਾਇਮ ਰਹਿਣ ਵਾਲਾ) ਅਦੁਤੀ[77] (ਪ੍ਰਭੂ) ਸਾਧ ਸੰਗਤਿ[74] ਦੇ ਘਰ ਵਿਚ[75] ਵਸਦਾ[76] ਹੈ ।
੪੫	45	੪੫
ਮੇਰੇ ਮਨ[80] ਹਰਿ[81] ਹਰਿ ਨਾਮੁ ਧਿਆਇ[82] ॥	My mind[80] ! contemplate[82] the Lord[81] God's Name.	ਮੇਰੀ ਜਿੰਦੜੀਏ[80] ! ਵਾਹਿਗੁਰੂ[81] ਸੁਆਮੀ ਦੇ ਨਾਮ ਦਾ ਚਿੰਤਨ[82] ਕਰ ।
ਨਾਮੁ ਸਹਾਈ[83] ਸਦਾ[84] ਸੰਗਿ[85] ਆਗੈ[86] ਲਏ ਛਡਾਇ[87] ॥੧॥ਰਹਾਉ॥	The Name, thy helper[83], is ever[84] with[85] thee and shall save[87] thee hereafter[86]. Pause.	ਤੇਰਾ ਸਹਾਇਕ[83] ਨਾਮ, ਹਮੇਸ਼ਾਂ[84] ਤੇਰੇ ਨਾਲ[85] ਹੈ ਅਤੇ ਅੱਗੇ[86] ਨੂੰ ਭੀ ਤੈਨੂੰ ਬਚਾ[87] ਲਵੇਗਾ । ਠਹਿਰਾਉ ।
ਦੁਨੀਆ[88] ਕੀਆ ਵਡਿਆਈਆ[89] ਕਵਨੈ[90] ਆਵਹਿ[91] ਕਾਮਿ ॥	Of what[90] avail[91] are the greatnesses[89] of the world[88] ?	ਸੰਸਾਰ[88] ਦੇ ਵਡੱਪਣ[89] ਕਿਹੜੇ[90] ਕੰਮ[91] ਹਨ ?
ਮਾਇਆ[92] ਕਾ ਰੰਗੁ[93] ਸਭੁ ਫਿਕਾ[94] ਜਾਤੋ ਬਿਨਸਿ[95] ਨਿਦਾਨਿ[96] ॥	The colour[93] (pleasure) of worldly valuables[92] is all fading[94]. It shall disappear[95], O' thoughtless Fellow[96].	ਸੰਸਾਰੀ ਪਦਾਰਥਾਂ[92] ਦੀ ਖੁਸ਼ੀ[93] ਸਮੂਹ ਫਿਕੀ[94] ਹੈ । ਹੇ ਬੇਖਬਰ[96] ਬੰਦੇ ! ਇਹ ਉਡਪੁਡ[95] ਜਾਏਗੀ ।
ਜਾਕੈ[97]ਹਿਰਦੈ[98] ਹਰਿ[99]ਵਸੈ ਸੋ[100] ਪੂਰਾ[2] ਪਰਧਾਨੁ[3]॥੨॥	Perfect[2] and supreme[3] is he[100], in whose[97] heart[98] God abides[99]	ਮੁਕੰਮਲ[2] ਤੇ ਮੁਖੀ[3] ਹੈ ਉਹ[100], ਜਿਸ[97] ਦੇ ਦਿਲ[98] ਅੰਦਰ ਵਾਹਿਗੁਰੂ[99] ਵਸਦਾ ਹੈ ।

ਸਾਧੂ ਕੀ ਹੋਹੁ ਰੇਣੁਕਾ[4] ਆਪਣਾ ਆਪੁ[5] ਤਿਆਗਿ[6]॥	Be thou the dust[4] of saint's feet and renounce[6] thy self-conceit[5].	ਸੰਤਾਂ ਦੇ ਪੈਰਾਂ ਦੀ ਧੂੜ[4] ਹੋ ਅਤੇ ਆਪਣੀ[5] ਸਵੈ-ਹੰਗਤਾ ਨੂੰ ਛੱਡ[6] ਦੇ।
ਉਪਾਵ[7] ਸਿਆਣਪ[8] ਸਗਲ ਛਡਿ[9] ਗੁਰ ਕੀ ਚਰਣੀ[10] ਲਾਗੁ[11] ॥	Shed[9] all (other) endeavours[7] and clevernesses[8] and fall[11] at the feet[10] of the Guru.	(ਹੋਰ) ਹੀਲੇ ਉਪਰਾਲੇ[7] ਤੇ ਚਤੁਰਾਈਆਂ[8] ਸਭ ਤਿਆਗ[9] ਦੇ ਅਤੇ ਗੁਰਾਂ ਦੇ ਪੈਰੀਂ[10] ਢਹਿ[11] ਪਉ।
ਤਿਸਹਿ[12] ਪਰਾਪਤਿ[13] ਰਤਨੁ[14] ਹੋਇ ਜਿਸੁ ਮਸਤਕਿ[15] ਹੋਵੈ[16] ਭਾਗੁ[17] ॥ ੩ ॥	He alone[12] receives[13] the jewel[14] of Name on whose brow[15] good fortune[17] is inscribed[16].	ਕੇਵਲ ਉਹੀ[12] ਨਾਮ ਦੇ ਜਵੇਹਰ[14] ਨੂੰ ਹਾਸਲ[13] ਕਰਦਾ ਹੈ ਜਿਸ ਦੇ ਮੱਥੇ[15] ਉਤੇ ਚੰਗੀ ਕਿਸਮਤ[17] ਉਕਰੀ[16] ਹੋਈ ਹੈ।
ਤਿਸੈ ਪਰਾਪਤਿ[18] ਭਾਈ[19]-ਹੋ[20] ਜਿਸੁ[21] ਦੇਵੈ ਪ੍ਰਭੁ ਆਪਿ[22] ॥	He, whom[21] the Lord Himself[22] gives, obtains[18] the Name, O'[20] Brethren[19]!	ਜਿਸ[21] ਨੂੰ ਸਾਹਿਬ ਖੁਦ[22] ਦਿੰਦਾ ਹੈ, ਉਹੀ ਨਾਮ ਨੂੰ ਪਾਉਂਦਾ[18] ਹੈ, ਹੇ[20] ਭਰਾਓ[19]!
ਸਤਿਗੁਰ ਕੀ ਸੇਵਾ[23] ਸੁ[24] ਕਰੇ[28] ਜਿਸੁ ਬਿਨਸੈ[25] ਹਉਮੈ[26] ਤਾਪੁ[27] ॥	He alone[24] performs[28] the service[23] of the True Guru, who is rid of[25] the affliction[27] of ego[26].	ਕੇਵਲ ਉਹੀ[24] ਸੱਚੇ ਗੁਰਾਂ ਦੀ ਟਹਿਲ[23] ਕਮਾਉਂਦਾ[28] ਹੈ, ਜਿਸ ਦਾ ਹੰਕਾਰ[26] ਦਾ ਰੋਗ[27] ਟੁੱਟ[25] ਜਾਂਦਾ ਹੈ।
ਨਾਨਕ ਕਉ ਗੁਰੁ ਭੇਟਿਆ[29] ਬਿਨਸੇ[30] ਸਗਲ[31] ਸੰਤਾਪ[32] ॥੪॥੮॥੭੮॥	The Guru has met[29] Nanak and so all his[31] sufferings[32] are at an end[30].	ਨਾਨਕ ਨੂੰ ਗੁਰੂ ਜੀ ਮਿਲ[29] ਪਏ ਹਨ ਅਤੇ ਇਸ ਲਈ ਉਸ ਦੇ ਸਾਰੇ[31] ਦੁਖੜੇ[32] ਦੂਰ[30] ਹੋ ਗਏ ਹਨ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਇਕੁ[33] ਪਛਾਣੂ[34] ਜੀਅ[35] ਕਾ ਇਕੋ ਰਖਣਹਾਰੁ[36] ॥	One Lord[33] is the knower[34] of man[35] and He alone is his saviour[36].	ਇਕ ਸਾਹਿਬ[33] ਹੀ ਇਨਸਾਨ[35] ਦਾ ਜਾਣੂ[34] ਹੈ ਅਤੇ ਉਹੀ ਇਕ ਉਸ ਦਾ ਰਖਵਾਲਾ[36] ਹੈ।
ਇਕਸ ਕਾ ਮਨਿ ਆਸਰਾ[37] ਇਕੋ ਪ੍ਰਾਣ[38] ਅਧਾਰੁ[39] ॥	He alone is the mind's Support[37] and He alone the Mainstay[39] of life[38].	ਕੇਵਲ ਉਹ ਹੀ ਚਿੱਤ ਦੀ ਓਟ[37] ਹੈ ਅਤੇ ਕੇਵਲ ਉਹੀ ਜਿੰਦ-ਜਾਨ[38] ਦੀ ਟੇਕ[39]!
ਤਿਸੁ[40] ਸਰਣਾਈ[41] ਸਦਾ ਸੁਖੁ[42] ਪਾਰਬ੍ਰਹਮੁ[43] ਕਰਤਾਰੁ[44] ॥ ੧ ॥	In His[40] refuge[41] is all peace[42]. He is the exalted Lord[43] the Creator[44].	ਉਸ[40] ਦੀ ਪਨਾਹ[41] ਅੰਦਰ ਸਦੀਵੀ-ਆਰਾਮ[42] ਹੈ। ਉਹ ਸ਼੍ਰੋਮਣੀ-ਸਾਹਿਬ[43] ਸਿਰਜਣਹਾਰ[44] ਹੈ।
ਮਨ ਮੇਰੇ ਸਗਲ ਉਪਾਵ[45] ਤਿਆਗੁ[46] ॥	O' my Mind ! give[46] up all (other) efforts[45].	ਹੇ ਮੇਰੀ ਜਿੰਦੇ ! (ਹੋਰ) ਸਾਰੇ ਉਪਰਾਲੇ[45] ਛੱਡ[46] ਦੇ।
ਗੁਰ ਪੂਰਾ[47] ਆਰਾਧਿ[48] ਨਿਤ[49] ਇਕਸੁ[50] ਕੀ ਲਿਵ[51] ਲਾਗੁ[52] ॥੧॥ਰਹਾਉ॥	Each day[49] think[48] of the perfect[47] Guru and embrace[52] affection[51] for the One Lord[50] Pause.	ਹਰ-ਰੋਜ਼[49] ਪੂਰਨ[47] ਗੁਰਦੇਵ ਜੀ ਨੂੰ ਚੇਤੇ[48] ਕਰ ਅਤੇ ਇਕ ਸਾਹਿਬ[50] ਨਾਲ ਪਿਆਰ[51] ਪਾ[52]। ਠਹਿਰਾਉ।
ਇਕੋ[53] ਭਾਈ[54] ਮਿਤੁ[55] ਇਕੁ ਇਕੋ ਮਾਤ[56] ਪਿਤਾ[57] ॥	The One Lord[53] is the Brother[54], the One is the real Friend[55] and the One my Mother[56] and Father[57].	ਇਕ ਪ੍ਰਭੂ[53] ਸੱਚਾ ਭਰਾ[54] ਹੈ, ਇਕੋ ਸੱਚਾ ਮਿੱਤ੍ਰ[55] ਅਤੇ ਇਕ ਹੀ ਮਾਤਾ[56] ਤੇ ਪਿਤਾ[57]।
ਇਕਸ[62] ਕੀ ਮਨਿ ਟੇਕ[58]	Within my mind is the support[58] of	ਮੇਰੇ ਚਿੱਤ ਅੰਦਰ ਅਦੁੱਤੀ ਸਾਹਿਬ[62] ਦਾ ਹੀ ਆਸਰਾ[58]

ਹੈ ਜਿਨਿ ਜੀਉ[59] ਪਿੰਡੁ[60] ਦਿਤਾ[61] ॥	the Unique Lord[62] who has given[61] me the soul[59] and the body[60].	ਹੈ, ਜਿਸ ਨੇ ਮੈਨੂੰ ਆਤਮਾ[59] ਤੇ ਦੇਹਿ[60] ਬਖਸ਼ੇ[61] ਹਨ।
ਸੋ ਪ੍ਰਭੁ[62] ਮਨਹੁ[63] ਨ ਵਿਸਰੈ[64] ਜਿਨਿ ਸਭੁ[65] ਕਿਛੁ ਵਸਿ ਕੀਤਾ[66] ॥ ੨ ॥	That Lord[62], who holds everything[65] in His power[66], I may not forget[64] Him within my mind[63].	ਉਸ ਸਾਹਿਬ[62] ਨੂੰ, ਜੋ ਹਰ ਸ਼ੈ[65] ਨੂੰ ਆਪਣੇ ਅਖ਼ਤਿਆਰ[66] ਵਿਚ ਰੱਖਦਾ ਹੈ, ਮੈਨੂੰ ਆਪਣੇ ਚਿੱਤ[63] ਵਿਚੋਂ ਨਾ ਭੁੱਲੇ[64]।
ਘਰਿ[67] ਇਕੋ ਬਾਹਰਿ[68] ਇਕੋ ਥਾਨ[69] ਥਨੰਤਰਿ[70] ਆਪਿ[71] ॥	The One Lord is within (thy) home[67] (body) and the One without[68]. He Himself[71] is found within[70] all the places[69].	ਇਕ ਸੁਆਮੀ ਹੀ (ਤੇਰੇ) ਗ੍ਰਿਹਿ[67] (ਸਰੀਰ) ਅੰਦਰ ਹੈ ਅਤੇ ਇਕੋ ਹੀ ਬਾਹਰਵਾਰ[68]। ਉਹ ਆਪੇ[71] ਹੀ ਸਾਰਿਆਂ ਥਾਵਾਂ[69] ਅੰਦਰ[70] ਰਵ ਰਿਹਾ ਹੈ।
ਜੀਅ[72] ਜੰਤ ਸਭਿ ਜਿਨਿ ਕੀਏ[73] ਆਠ ਪਹਰ[74] ਤਿਸੁ[75] ਜਾਪਿ[76] ॥	Day in and day[74] out, meditate[76] on Him[75], who has made[73] all the human and other[72] beings.	ਅੱਠੇ ਪਹਿਰ[74] ਉਸ[75] ਦਾ ਅਰਾਧਨ[76] ਕਰ, ਜਿਸ ਨੇ ਸਾਰੇ ਮਨੁਸ਼ ਤੇ ਹੋਰ ਜੀਵ[72] ਬਣਾਏ[73] ਹਨ।
ਇਕਸੁ ਸੇਤੀ[77] ਰਤਿਆ[78] ਨ ਹੋਵੀ[79] ਸੋਗ[80] ਸੰਤਾਪੁ[81] ॥ ੩ ॥	By being imbued[78] with[77] the love of One God, sorrow[80] and repentence[81] visit[79] man not.	ਇਕ ਵਾਹਿਗੁਰੂ ਦੀ ਪ੍ਰੀਤ ਨਾਲ[77] ਰੰਗੇ[78] ਜਾਣ ਦੁਆਰਾ ਅਫ਼ਸੋਸ[80] ਤੇ ਝੋਰਾ[81] ਇਨਸਾਨ ਨੂੰ ਨਹੀਂ ਵਿਆਪਦੇ[79]।
ਪਾਰਬ੍ਰਹਮੁ[82] ਪ੍ਰਭੁ[83] ਏਕੁ[84] ਹੈ ਦੂਜਾ[85] ਨਾਹੀ ਕੋਇ ॥	There is but One[84] Supreme[82] Lord Master[83]. There is no other[85].	ਕੇਵਲ ਇਕ[84] ਹੀ ਸ਼ਰੋਮਣੀ-ਸਾਹਿਬ[82] ਮਾਲਕ[83] ਹੈ। ਹੋਰ ਕੋਈ[85] (ਉਸ ਦੇ ਬਰਾਬਰ) ਨਹੀਂ।
ਜੀਉ[86] ਪਿੰਡੁ[87] ਸਭੁ ਤਿਸਕਾ[88] ਜੋ[89] ਤਿਸੁ[90] ਭਾਵੈ[91] ਸੁ[92] ਹੋਇ[93] ॥	The soul[86] and the body[87] are all His[88]. What[89] pleases[91] Him[90], that[92] comes to pass[93].	ਆਤਮਾ[86] ਤੇ ਦੇਹਿ[87] ਸਮੂਹ ਉਸ[88] ਦੇ ਹਨ। ਜੋ ਕੁਛ[89] ਉਸ[90] ਨੂੰ ਚੰਗਾ[91] ਲੱਗਦਾ ਹੈ, ਉਹੀ[92] ਹੁੰਦਾ[93] ਹੈ।
ਗੁਰਿ ਪੂਰੈ[94] ਪੂਰਾ[95] ਭਇਆ[96] ਜਪਿ[97] ਨਾਨਕ ਸਚਾ ਸੋਇ[99] ॥੪॥੯॥੭੯॥	Through the accomplished[94] Guru the mortal becomes[96] perfect[95] by meditating[97] on that True Lord[99].	ਕਾਮਲ ਗੁਰਾਂ[94] ਦੇ ਰਾਹੀਂ ਉਸ[99] ਸੱਚੇ ਸਾਹਿਬ ਦਾ ਸਿਮਰਨ[97] ਕਰਨ ਦੁਆਰਾ ਪ੍ਰਾਨੀ ਪੂਰਨ[95] ਹੋ ਜਾਂਦਾ[96] ਹੈ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਜਿਨਾ[100] ਸਤਿਗੁਰ ਸਿਉ[2] ਚਿਤੁ[3] ਲਾਇਆ[4] ਸੇ[5] ਪੂਰੇ[6] ਪਰਧਾਨ[7] ॥	Perfect[6] and supreme[7] are they[5], who[100] fix[4] their mind[3] with[2] the True Guru.	ਮੁਕੰਮਲ[6] ਤੇ ਮੁਖੀ[7] ਹਨ ਉਹ[5] ਜੋ[100] ਸੱਚੇ ਗੁਰਾਂ ਨਾਲ[2] ਆਪਣੇ ਮਨ[3] ਜੋੜਦੇ[4] ਹਨ।
ਜਿਨ ਕਉ[8] ਆਪਿ[9] ਦਇਆਲੁ[10] ਹੋਇ[14] ਤਿਨ[11] ਉਪਜੈ[12] ਮਨਿ ਗਿਆਨੁ[13] ॥	The Divine-knowledge[13] sprouts[12] within the mind of those[11], unto whom[8] the Lord Himself[9] becomes[14] kind[10].	ਬ੍ਰਹਿਮ-ਬੋਧ[13] ਉਨ੍ਹਾਂ[11] ਦੇ ਚਿੱਤ ਅੰਦਰ ਪੁੰਗਰ[12] ਆਉਂਦਾ ਹੈ, ਜਿਨ੍ਹਾਂ[8] ਉਤੇ ਪ੍ਰਭੂ ਖ਼ੁਦ[9] ਮਿਹਰਬਾਨ[10] ਹੋ ਜਾਂਦਾ[14] ਹੈ।
ਜਿਨ ਕਉ ਮਸਤਕਿ[15] ਲਿਖਿਆ[16] ਤਿਨ[17] ਪਾਇਆ[18] ਹਰਿਨਾਮੁ ॥੧॥	They[17], who bear such a writ[16] on their brow[15], receive[18] God's Name.	ਜਿਨ੍ਹਾਂ ਦੇ ਮੱਥੇ[15] ਉਤੇ ਐਸੀ ਲਿਖਤਾਕਾਰ[16] ਹੈ, ਉਹ[17] ਵਾਹਿਗੁਰੂ ਦੇ ਨਾਮ ਨੂੰ ਹਾਸਲ[18] ਕਰ ਲੈਂਦੇ ਹਨ।
ਮਨ ਮੇਰੇ ਏਕੋ ਨਾਮੁ ਧਿਆਇ[19] ॥	My Mind ! do thou meditate[19] on the One Name.	ਮੇਰੀ ਜਿੰਦੇ ! ਤੂੰ ਇਕ ਨਾਮ ਦਾ ਹੀ ਚਿੰਤਨ[19] ਕਰ।

ਸਰਬ[20] ਸੁਖਾ[21] ਸੁਖ ਉਪਜਹਿ[22]ਦਰਗਹ[23]ਪੈਧਾ[24] ਜਾਇ[25] ॥੧॥ਰਹਾਉ॥	Thus shall spring[22] the happiness of all[20]the happinesses[21] and thou shalt go to[25]God's Court[23],clad in robes[24] of honour. Pause.	ਇਸ ਤਰ੍ਹਾਂ ਸਾਰੀਆਂ[20] ਖੁਸ਼ੀਆਂ[21] ਦੀ ਖੁਸ਼ੀ ਪੈਦਾ[22] ਹੋ ਜਾਵੇਗੀ ਅਤੇ ਤੂੰ ਇਜ਼ਤ ਦੀ ਪੁਸ਼ਾਕ[24] ਪਹਿਨ ਕੇ ਵਾਹਿਗੁਰੂ ਦੇ ਦਰਬਾਰ[23] ਨੂੰ ਜਾਵੇਂਗਾ[25] । ਠਹਿਰਾਉ ।
ਜਨਮ[26]ਮਰਣ[27] ਕਾ ਭਉ[28] ਗਇਆ[29]ਭਾਉ[30] ਭਗਤਿ[31] [32]ਗੋਪਾਲ[33] ॥	By performing the devotional[30] service[31] of the[32] World-cherisher[33], the fear[28] of birth[26] and death[27] is removed[29].	ਸ੍ਰਿਸ਼ਟੀ[32] ਦੇ ਪਾਲਣਹਾਰ[33] ਦੀ ਪ੍ਰੇਮ-ਮਈ[30] ਸੇਵਾ[31] ਕਰਨ ਦੁਆਰਾ ਪੈਦਾਇਸ਼[26] ਤੇ ਮੌਤ[27] ਦਾ ਡਰ[28] ਦੂਰ[29] ਹੋ ਗਿਆ ਹੈ ।
ਸਾਧੂ ਸੰਗਤਿ[34] ਨਿਰਮਲਾ[35] ਆਪਿ[36] ਕਰੇ ਪ੍ਰਤਿਪਾਲ[37]॥	Man becomes pure[35]in the society[34] of the Guru and the Lord Himself[36] nurtures[37] him.	ਗੁਰੂ ਦੀ ਸੰਗਤ[34] ਅੰਦਰ ਇਨਸਾਨ ਪਵਿੱਤ੍ਰ[35] ਹੋ ਜਾਂਦਾ ਹੈ ਅਤੇ ਸੁਆਮੀ ਖ਼ੁਦ[36] ਉਸ ਦੀ ਪਾਲਣਾ[37]-ਪੋਸਣਾ ਕਰਦਾ ਹੈ ।
ਜਨਮ[38] ਮਰਣ[39]ਕੀ ਮਲੁ[40] ਕਟੀਐ[41] ਗੁਰਦਰਸਨੁ[42] ਦੇਖਿ[43] ਨਿਹਾਲ[44] ॥ ੨ ॥	By beholding[43] the sight[42] of the Guru, man is extremely delighted[44] and his filth[40] of coming[38] (to) and and going[39] (from) (this world) is washed[41] off.	ਗੁਰਾਂ ਦਾ ਦੀਦਾਰ[42] ਵੇਖਣ[43] ਦੁਆਰਾ ਬੰਦਾ ਅਤਿ-ਅੰਤ ਪ੍ਰਸੰਨ[44] ਹੋ ਜਾਂਦਾ ਹੈ ਅਤੇ ਉਸ ਦੇ ਆਉਣ[38] ਤੇ ਜਾਣ[39] ਦੀ ਗੰਦਗੀ[40] ਧੋਤੀ[41] ਜਾਂਦੀ ਹੈ ।
ਥਾਨ[45] ਥਨੰਤਰਿ[46] ਰਵਿ ਰਹਿਆ[47] ਪਾਰਬ੍ਰਹਮੁ[48] ਪ੍ਰਭੁ[49] ਸੋਇ[50] ॥	That[50] illimitable[48] Lord[49] is found[47] in[46] all the places[45].	ਉਹ[50] ਹੱਦ-ਬੰਨਾ[48] ਰਹਿਤ ਠਾਕੁਰ[49] ਸਾਰੀਆਂ ਥਾਵਾਂ[45] ਅੰਦਰ[46] ਰਮਿਆ[47] ਹੋਇਆ ਹੈ ।
ਸਭਨਾ[51] ਦਾਤਾ[52] ਏਕੁ[53] ਹੈ ਦੂਜਾ[54] ਨਾਹੀ ਕੋਇ ॥	God alone[53] is the bestower[52] of all[51]. There is no other second[54].	ਕੇਵਲ[53] ਵਾਹਿਗੁਰੂ ਹੀ ਸਾਰਿਆਂ[51] ਦਾ ਦਾਤਾਰ[52] ਹੈ । ਹੋਰ ਦੂਸਰਾ[54] ਕੋਈ ਨਹੀਂ ।
ਤਿਸੁ[55]ਸਰਣਾਈ[56]ਛੁਟੀਐ[57] ਕੀਤਾ[58] ਲੋੜੇ[59]ਸੁ[60] ਹੋਇ[61] ॥ ੩ ॥	By seeking His[55] sanctuary[56] man is saved[57]. What Lord wishes[59] to do[58] that[60] comes to pass[61].	ਉਸ[55] ਦੀ ਸ਼ਰਨਾਗਤ[56] ਸੰਭਾਲਣ ਦੁਆਰਾ ਆਦਮੀ ਬਚ[57] ਜਾਂਦਾ ਹੈ । ਜੋ ਕੁਛ ਸਾਹਿਬ ਕਰਨਾ[58] ਚਾਹੁੰਦਾ[59] ਹੈ, ਉਹੀ[60] ਹੁੰਦਾ[61] ਹੈ ।
ਜਿਨ ਮਨਿ[62] ਵਸਿਆ[63] ਪਾਰਬ੍ਰਹਮੁ[64] ਸੇ[65] ਪੂਰੇ[66] ਪਰਧਾਨ[67] ॥	Perfect[66] and supreme[67] are they[65] in whose heart[62] the Exalted Lord[64] dwells[63].	ਸੰਪੂਰਨ[66] ਤੇ ਮੁਖੀ[67] ਹਨ ਉਹ[65] ਜਿਨ੍ਹਾਂ ਦੇ ਦਿਲ[62] ਅੰਦਰ ਸ਼ਰੋਮਣੀ ਸਾਹਿਬ[64] ਵੱਸਦਾ[63] ਹੈ ।
ਤਿਨ[68] ਕੀ ਸੋਭਾ[69] ਨਿਰਮਲੀ[70] ਪਰਗਟੁ[71]ਭਈ ਜਹਾਨ[72] ॥	Pure[70] is their[68] reputation[69], which is obvious[71] all the world[72] over.	ਪਵਿੱਤਰ[70] ਹੈ ਉਨ੍ਹਾਂ[68] ਦੀ ਕੀਰਤੀ[69], ਜੋ ਸਾਰੇ ਜਗਤ[72] ਅੰਦਰ ਜ਼ਾਹਿਰ[71] ਹੈ ।
ਜਿਨੀ ਮੇਰਾ ਪ੍ਰਭੁ ਧਿਆਇਆ[73] ਨਾਨਕ ਤਿਨ[74] ਕੁਰਬਾਨ[75]॥੪॥੧੦॥੮੦॥	They, who have meditated[73] on my Lord, Nanak is a sacrifice[75] unto[74] them.	ਜਿਨ੍ਹਾਂ ਨੇ ਮੇਰੇ ਸਾਹਿਬ ਦਾ ਸਿਮਰਨ[73] ਕੀਤਾ ਹੈ, ਨਾਨਕ ਉਨ੍ਹਾਂ[74] ਉਤੋਂ ਵਾਰਨੇ[75] ਜਾਂਦਾ ਹੈ ।
੪੬	46	੪੬
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਮਿਲਿ ਸਤਿਗੁਰ ਸਭੁ ਦੁਖੁ	On meeting the True Guru all my	ਸੱਚੇ ਗੁਰਾਂ ਨੂੰ ਮਿਲ ਕੇ ਮੇਰਾ ਸਾਰਾ ਦੁਖੜਾ

ਗਇਆ[76] ਹਰਿਸੁਖੁ[77] ਵਸਿਆ[78] ਮਨਿ ਆਇ[79] ॥	affliction is over[76] and divine peace[77] has come[79] and acquired an abode[78] within my mind.	ਦੂਰ[76] ਹੋ ਗਿਆ ਹੈ ਅਤੇ ਈਸ਼ਵਰੀ-ਆਰਾਮ[77] ਆ[79] ਕੇ ਮੇਰੇ ਚਿੱਤ ਅੰਦਰ ਟਿਕ[78] ਗਿਆ ਹੈ ।
ਅੰਤਰਿ[80] ਜੋਤਿ[81] ਪ੍ਰਗਾਸੀਆ[82] ਏਕਸੁ[83]ਸਿਉ ਲਿਵ[84] ਲਾਇ[85] ॥	By enshrining[85] love[84] for One Lord[83], my heart[80] is illumined[82] with Divine light[81].	ਇਕ ਸੁਆਮੀ[83] ਨਾਲ ਪ੍ਰੀਤ[84] ਪਾਉਣ[85] ਦੁਆਰਾ ਮੇਰਾ ਦਿਲ[80] ਰੱਬੀ-ਨੂਰ[81] ਨਾਲ ਰੌਸ਼ਨ[82] ਹੋ ਗਿਆ ਹੈ ।
ਮਿਲਿ[86] ਸਾਧੂ ਮੁਖੁ[87] ਊਜਲਾ[88] ਪੂਰਬਿ[89] ਲਿਖਿਆ[90] ਪਾਇ[91] ॥	By meeting[86] the Guru my face[87] has become clean[88] and I have received[91] what was [89]pre-ordained[90] for me.	ਗੁਰੂ ਨੂੰ ਭੇਟਣ[86] ਦੁਆਰਾ ਮੇਰਾ ਚਿਹਰਾ[87] ਸੁਰਖ਼ਰੂ[88] ਹੋ ਗਿਆ ਹੈ ਤੇ ਮੇਰੇ ਲਈ ਜੋ ਕੁਝ ਧੁਰੋਂ[89] ਲਿਖਿਆ[90] ਹੋਇਆ ਸੀ ਉਹ ਮੈਂ ਪਾ[91] ਲਿਆ ਹੈ ।
ਗੁਣ[92] [93]ਗੋਵਿੰਦ[94] ਨਿਤ[95] ਗਾਵਣੇ[96] ਨਿਰਮਲ[97] ਸਾਚੈ ਨਾਇ[98] ॥ ੧ ॥	By ever[95] singing[96] the praises[92] of the Lord[94] of the world[93] and the True Name[98], I have become blotless[97].	ਸ੍ਰਿਸ਼ਟੀ[93] ਦੇ ਸੁਆਮੀ[94] ਅਤੇ ਸਚੇ-ਨਾਮ[98] ਦਾ ਜੱਸ[92] ਸਦਾ[95] ਗਾਇਨ[96] ਕਰਨ ਦੁਆਰਾ ਮੈਂ ਬੇਦਾਗ਼[97] ਹੋ ਗਿਆ ਹਾਂ ।
ਮੇਰੇ ਮਨ ਗੁਰਸਬਦੀ[99] ਸੁਖੁ[2] ਹੋਇ[100] ॥	Through Guru's Word[99], O' my Mind ! the man obtains[100] peace[2].	ਹੇ ਮੇਰੀ ਜਿੰਦੇ ! ਗੁਰਾਂ ਦੇ ਸ਼ਬਦ[99] ਰਾਹੀਂ ਹੀ ਆਰਾਮ[2] ਮਿਲਦਾ[100] ਹੈ ।
ਗੁਰ ਪੂਰੇ[3] ਕੀ ਚਾਕਰੀ[4] ਬਿਰਥਾ[5] ਜਾਇ[6] ਨ ਕੋਇ ॥ ੧ ॥ ਰਹਾਉ ॥	By performing the service[4] of the Perfect[3] Guru, none goes[6] empty handed[5].	ਪੂਰਨ[3] ਗੁਰਾਂ ਦੀ ਟਹਿਲ-ਸੇਵਾ[4] ਕਮਾਉਣ ਦੁਆਰਾ ਕੋਈ ਭੀ ਖ਼ਾਲੀ ਹੱਥੀਂ[5] ਨਹੀਂ ਜਾਂਦਾ[6] ।
ਮਨ ਕੀਆ ਇਛਾਂ[7] ਪੂਰੀਆ[8] ਪਾਇਆ ਨਾਮੁ ਨਿਧਾਨੁ[9] ॥	The mind's desires[7] are fulfilled[8], when man finds the treasure[9] of the Name.	ਚਿੱਤ ਦੀਆਂ ਖ਼ਾਹਿਸ਼ਾਂ[7] ਪੂਰਨ[8] ਹੋ ਜਾਂਦੀਆਂ ਹਨ, ਜਦ ਆਦਮੀ ਨਾਮ ਦੇ ਖ਼ਜ਼ਾਨੇ[9] ਨੂੰ ਪਾ ਲੈਂਦਾ ਹੈ ।
ਅੰਤਰਜਾਮੀ[10] ਸਦਾ[11] ਸੰਗਿ[12] ਕਰਣੈਹਾਰੁ[13] ਪਛਾਨੁ[14] ॥	The Knower of[10] hearts is ever[11] with[12] thee. Do thou realise[14] Him, the Creator[13].	ਦਿਲ ਦੀਆਂ ਜਾਨਣਹਾਰ[10] ਹਮੇਸ਼ਾਂ[11] ਤੇਰੇ ਨਾਲ[12] ਹੈ । ਤੂੰ ਉਸ ਸਿਰਜਣਹਾਰ[13] ਨੂੰ ਅਨੁਭਵ[14] ਕਰ ।
ਗੁਰਪਰਸਾਦੀ[15] ਮੁਖੁ[16] ਊਜਲਾ[17] ਜਪਿ[18] ਨਾਮੁ ਦਾਨੁ[19] ਇਸਨਾਨੁ[20] ॥	By Guru's grace[15] the face[16] becomes clean[17]. Giving of alms[19] and bathing[20] (at shrines) are included in the Name's meditation[18].	ਗੁਰਾਂ ਦੀ ਦਇਆ[15] ਦੁਆਰਾ ਚਿਹਰਾ[16] ਸੁਰਖ਼ਰੂ[17] ਹੋ ਜਾਂਦਾ ਹੈ । ਦਾਨ ਪੁੰਨ[19] ਕਰਨੇ ਅਤੇ (ਤੀਰਥਾਂ ਤੇ) ਨ੍ਹਾਉਣਾ[20] ਨਾਮ ਦੇ ਸਿਮਰਨ[18] ਵਿਚ ਆ ਜਾਂਦੇ ਹਨ ।
ਕਾਮੁ[21] ਕ੍ਰੋਧੁ[22] ਲੋਭੁ[23] ਬਿਨਸਿਆ[24] ਤਜਿਆ[25] ਸਭੁ[26] ਅਭਿਮਾਨੁ[27] ॥੨॥	Their all[26] ego[27] is abandoned[25] and their lust[21], wrath[22] and avarice[23] are also eliminated[24].	ਉਨ੍ਹਾਂ ਦਾ ਸਮੂਹ[26] ਹੰਕਾਰ[27] ਖਤਮ[25] ਹੋ ਜਾਂਦਾ ਹੈ ਅਤੇ ਉਨ੍ਹਾਂ ਦੀ ਭੋਗ[21] ਦੀ ਇਛਿਆ, ਗੁੱਸਾ[22] ਤੇ ਲਾਲਚ[23] ਭੀ ਦੂਰ[24] ਹੋ ਜਾਂਦੇ ਹਨ ।
ਪਾਇਆ[28] ਲਾਹਾ[29]ਲਾਭੁ[30] ਨਾਮੁ ਪੂਰਨ[31] ਹੋਏ ਕਾਮ[32]॥	I have earned[28] the gain[29] and profit[30] of God's Name and mine affairs[32] stand adjusted[31].	ਮੈਂ ਹਰੀ ਦੇ ਨਾਮ ਦਾ ਫ਼ਾਇਦਾ[29] ਤੇ ਨਫ਼ਾ[30] ਕਮਾਇਆ[28] ਹੈ ਅਤੇ ਮੇਰੇ ਕਾਰਜ[32] ਰਾਸ[31] ਹੋ ਗਏ ਹਨ ।

ਕਰਿ ਕਿਰਪਾ[33] ਪ੍ਰਭਿ ਮੇਲਿਆ[34] ਦੀਆ[35] ਅਪਣਾ ਨਾਮੁ ॥	By His grace[33] the Lord has given[35] me His Name and united[34] me with Himself.	ਆਪਣੀ ਰਹਿਮਤ[33] ਸਦਕਾ ਠਾਕਰ ਨੇ ਮੈਨੂੰ ਆਪਣਾ ਨਾਮ ਦਿੱਤਾ[35] ਹੈ ਅਤੇ ਆਪਣੇ ਨਾਲ ਜੋੜ[34] ਲਿਆ ਹੈ।
ਆਵਣ ਜਾਣਾ[36] ਰਹਿ ਗਇਆ[37] ਆਪਿ[38] ਹੋਆ ਮਿਹਰਵਾਨੁ[39] ॥	The Lord Himself[38] has become merciful[39] and my coming and going[36] have ceased[37].	ਸਾਹਿਬ ਖ਼ੁਦ[38] ਦਇਆਲੂ[39] ਹੋ ਗਿਆ ਹੈ ਅਤੇ ਮੇਰਾ ਆਉਣਾ ਤੇ ਜਾਣਾ[36] ਮੁਕ[37] ਗਿਆ ਹੈ।
ਸਚੁ ਮਹਲੁ[40] ਘਰੁ[41] ਪਾਇਆ ਗੁਰ ਕਾ ਸਬਦੁ[42] ਪਛਾਨੁ[43] ॥ ੩ ॥	By realising[43] the Guru's Word[42] I have obtained an abode[41] in the True mansion[40].	ਗੁਰੂ ਦੇ ਸ਼ਬਦ[42] ਨੂੰ ਸਿਞਾਨਣ[43] ਦੁਆਰਾ ਮੈਂ ਸੱਚੇ ਮੰਦਰ[40] ਅੰਦਰ ਵਾਸ[41] ਪਾ ਲਿਆ ਹੈ।
ਭਗਤ ਜਨਾ[44] ਕਉ ਰਾਖਦਾ[45] ਆਪਣੀ ਕਿਰਪਾ[46] ਧਾਰਿ[47] ॥	Showering[47] His benediction[46], the Lord protects[45] the pious person[44].	ਆਪਣੀ ਦਇਆ[46] ਕਰਕੇ[47] ਸੁਆਮੀ ਪਵਿੱਤ੍ਰ ਪੁਰਸ਼ਾਂ[44] ਦੀ ਰਖਿਆ[45] ਕਰਦਾ ਹੈ।
ਹਲਤਿ[48] ਪਲਤਿ[49] ਮੁਖ[50] ਊਜਲੇ[51] ਸਾਚੇ[52] ਕੇ ਗੁਣ[53] ਸਾਰਿ[54] ॥	In this[48] world and the next[49], clean[51] become the faces[50] of those, who heartily remember[54] the excellences[53] of the True Lord[52].	ਇਸ ਲੋਕ[48] ਤੇ ਪ੍ਰਲੋਕ[49] ਵਿਚ ਉਨ੍ਹਾਂ ਦੇ ਚਿਹਰੇ[50] ਰੋਸ਼ਨ[51] ਹੋ ਜਾਂਦੇ ਹਨ, ਜੋ ਸੱਚੇ-ਸਾਹਿਬ[52] ਦੀਆਂ ਸਰੇਸ਼ਟਤਾਈਆਂ[53] ਨੂੰ ਦਿਲੋਂ ਯਾਦ[54] ਕਰਦੇ ਹਨ।
ਆਠ ਪਹਰ[55] ਗੁਣ[56] ਸਾਰਦੇ[57] ਰਤੇ[58] ਰੰਗਿ[59] ਅਪਾਰ[60] ॥	Throughout the eight watches[55] of the day, they deliberate[57] over God's attributes[56] and are imbued[58] with His infinite[60] love[59].	ਦਿਨ ਦੇ ਅੱਠੇ ਪਹਿਰ[55] ਹੀ ਉਹ ਵਾਹਿਗੁਰੂ ਦੀਆਂ ਬਜ਼ੁਰਗੀਆਂ[56] ਦਾ ਧਿਆਨ ਧਾਰਦੇ[57] ਹਨ ਅਤੇ ਉਸ ਦੀ ਬੇਅੰਤ[60] ਪ੍ਰੀਤ[59] ਨਾਲ ਰੰਗੇ[58] ਹੋਏ ਹਨ।
ਪਾਰਬ੍ਰਹਮੁ[61] ਸੁਖ[62] ਸਾਗਰੋ[63] ਨਾਨਕ ਸਦ[64] ਬਲਿਹਾਰ[65] ॥੪॥੧੧॥੮੧॥	Nanak is ever[64] a sacrifice[65] unto the Supreme[61] Lord, the Ocean[63] of Comfort[62].	ਨਾਨਕ ਹਮੇਸ਼ਾਂ[64] ਹੀ ਸ਼ਾਂਤੀ[62] ਦੇ ਸਮੁੰਦਰ[63] ਸ਼ਰੋਮਣੀ-ਸਾਹਿਬ[61] ਉਤੋਂ ਕੁਰਬਾਨ[65] ਜਾਂਦਾ ਹੈ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਪੂਰਾ[66] ਸਤਿਗੁਰੁ ਜੇ[67] ਮਿਲੈ[68] ਪਾਈਐ ਸਬਦੁ[69] ਨਿਧਾਨੁ[70] ॥	If[67] we meet[68] the Perfect[66] Guru, we obtain the Name[69] Treasure[70].	ਜੇਕਰ[67] ਅਸੀਂ ਪੂਰਨ[66] ਗੁਰਾਂ ਨੂੰ ਭੇਟ[68] ਲਈਏ ਤਾਂ ਸਾਨੂੰ ਨਾਮ[69] ਦਾ ਖ਼ਜ਼ਾਨਾ[70] ਪਰਾਪਤ ਹੋ ਜਾਂਦਾ ਹੈ।
ਕਰਿ[71] ਕਿਰਪਾ[72] ਪ੍ਰਭ ਆਪਣੀ ਜਪੀਐ[73] ਅੰਮ੍ਰਿਤੁ[74] ਨਾਮੁ ॥	My Master ! show[71] Thine mercy[72], so that we may meditate[73] on the ambrosial[74] Name.	ਮੇਰੇ ਮਾਲਕ ! ਆਪਣੀ ਰਹਿਮਤ[72] ਧਾਰ[71], ਤਾਂ ਜੋ ਅਸੀਂ ਤੇਰੇ ਸੁਧਾ-ਸਰੂਪ[74] ਨਾਮ ਦਾ ਸਿਮਰਨ[73] ਕਰੀਏ।
ਜਨਮ ਮਰਣ[75] ਦੁਖੁ[76] ਕਾਟੀਐ[77] ਲਾਗੈ[78] ਸਹਜਿ[79] ਧਿਆਨੁ[80] ॥ ੧ ॥	Thus the agony[76] of birth and death[75] is annulled[77] and our attention[80] gets, easily[79] fixed[78] on the Lord.	ਇਸ ਤਰ੍ਹਾਂ ਜੰਮਣ ਤੇ ਮਰਨ[75] ਦੀ ਤਕਲੀਫ਼[76] ਰਫ਼ਾ[77] ਹੋ ਜਾਂਦੀ ਹੈ ਅਤੇ ਸਾਡੀ ਬਿਰਤੀ[80] ਸੁਖੈਨ[79] ਹੀ ਸੁਆਮੀ ਅੰਦਰ ਜੁੜ[78] ਜਾਂਦੀ ਹੈ।
ਮੇਰੇ ਮਨ[81] ਪ੍ਰਭ ਸਰਣਾਈ[82] ਪਾਇ[83] ॥	Seek[83] thou the sanctuary[82] of the Lord. O' my Mind[81] !	ਹੇ ਮੇਰੀ ਜਿੰਦੜੀਏ[81] ! ਤੂੰ ਸੁਆਮੀ ਦੀ ਸ਼ਰਨਾਗਤ[82] ਸੰਭਾਲ[83]।
ਹਰਿ ਬਿਨੁ[84] ਦੂਜਾ ਕੋ[85] ਨਹੀ ਏਕੋ[86] ਨਾਮੁ ਧਿਆਇ[87] ॥	Beside[84] God, there is no other second[85]. On His Name alone[86], do thou	ਵਾਹਿਗੁਰੂ ਦੇ ਬਾਝੋਂ[84] ਹੋਰ ਦੂਸਰਾ[85] ਕੋਈ ਨਹੀਂ। ਕੇਵਲ[86] ਉਸੇ ਦੇ ਨਾਮ ਦਾ ਤੂੰ ਅਰਾਧਨ[87] ਕਰ।

॥੧॥ ਰਹਾਉ ॥	meditate[87]. Pause.	ਠਹਿਰਾਉ ।
ਕੀਮਤਿ[88] ਕਹਣੁ[89] ਨ ਜਾਈਐ ਸਾਗਰੁ[90] ਗੁਣੀ[91] ਅਥਾਹੁ[92]॥	His worth[88] cannot be told[89] (appraised).He is an unfathomable[92] ocean[90] of excellences[91].	ਉਸ ਦਾ ਮੁੱਲ[88] ਆਖਿਆ[89] (ਪਾਇਆ) ਨਹੀਂ ਜਾ ਸਕਦਾ । ਉਹ ਬੇ-ਇਨਤਹਾ[92] ਚੰਗਿਆਈਆਂ[91] ਦਾ ਸਮੁੰਦਰ[90] ਹੈ ।
[93]ਵਡਭਾਗੀ[94] ਮਿਲੁ[95] ਸੰਗਤੀ[96] ਸਚਾ ਸਬਦੁ[97] ਵਿਸਾਹੁ[98] ॥	Meeting[95] with the society of saints[96], O' very[93] lucky Fellow[94] ! purchase[98] thou the True Name[97].	ਸਤਿਸੰਗਤ[96] ਨਾਲ ਜੁੜ[95] ਕੇ, ਹੇ ਭਾਰੇ[93] ਨਸੀਬਾਂ[94] ਵਾਲਿਆ ! ਤੂੰ ਸੱਚੇ ਨਾਮ[97] ਨੂੰ ਵਿਹਾਝ[98] ਲੈ ।
ਕਰਿ[99]ਸੇਵਾ[100] ਸੁਖਸਾਗਰੈ[3] ਸਿਰਿ[4] ਸਾਹਾ[5] ਪਾਤਿਸਾਹੁ[6] ॥ ੨ ॥	Perform[99] thou the service[100] of the ocean of solace[3]. He is the Over Lord[4] of the kings[5] and emperors[6].	ਤੂੰ ਠੰਢ-ਚੈਨ ਦੇ ਸਮੁੰਦਰ[3] ਦੀ ਟਹਿਲ-ਸੇਵਾ[100] ਕਮਾ[99], (ਸਿਮਰਨ ਕਰ), ਉਹ ਰਾਜਿਆਂ[5] ਤੇ ਮਹਾਰਾਜਿਆਂ[6] ਦੇ ਸਿਰ ਦਾ ਸੁਆਮੀ[4] ਹੈ ।
ਚਰਣ[7]ਕਮਲ[8] ਕਾ ਆਸਰਾ[9] ਦੂਜਾ[10] ਨਾਹੀ ਠਾਉ[11] ॥	I have the support[9] of Lord's lotus[8] feet[7] and know of no other[10] place[11].	ਮੈਨੂੰ ਪ੍ਰਭੂ ਦੇ ਕੰਵਲ[7] ਰੂਪੀ ਪੈਰਾਂ[8] ਦੀ ਟੇਕ[9] ਹੈ ਅਤੇ ਮੈਂ ਹੋਰਸ[10] ਥਾਂ[11] ਨੂੰ ਜਾਣਦਾ ਤੱਕ ਨਹੀਂ ।
ਮੈ ਧਰ[12]ਤੇਰੀ ਪਾਰਬ੍ਰਹਮ[13]ਤੇਰੈ ਤਾਣਿ[14] ਰਹਾਉ[15] ॥	I lean on Thy prop[12], O' my Limitless[13] Lord ! and live[15] by Thine might[14].	ਮੈਨੂੰ ਤੇਰੀ ਓਟ[12] ਦਾ ਸਹਾਰਾ ਹੈ, ਹੇ ਮੇਰੇ ਹੱਦ-ਬੰਨਾ-ਰਹਿਤ[13] ਸਾਈਂ ! ਅਤੇ ਤੇਰੀ ਸਤਿਆ[14] ਦੁਆਰਾ ਹੀ ਮੈਂ ਜੀਉਂਦਾ[15] ਹਾਂ ।
ਨਿਮਾਣਿਆ[16] ਪ੍ਰਭੁ ਮਾਣੁ[17] ਤੂੰ ਤੇਰੈ ਸੰਗਿ[18] ਸਮਾਉ[19] ॥ ੩ ॥	Of the dishonoured[16], Thou art the honour[17],O' Lord ! I seek to blend[19] with[18] Thee.	ਨਿਪੱਤਿਆਂ[16] ਦੀ ਤੂੰ ਪੱਤ[17] ਹੈਂ, ਹੇ ਸਾਹਿਬ ! ਮੈਂ ਤੇਰੇ ਨਾਲ[18] ਅਭੇਦ[19] ਹੋਣਾ ਲੋੜਦਾ ਹਾਂ ।
ਹਰਿ ਜਪੀਐ[20]ਆਰਾਧੀਐ[21] ਆਠ ਪਹਰ[22] [23]ਗੋਵਿੰਦੁ[24] ॥	Throughout twenty-four hours[22] ponder[20] and contemplate[21] over God, the [23]World-sustainer[24].	ਸ੍ਰਿਸ਼ਟੀ[23] ਨੂੰ ਥੰਮਣਹਾਰ[24] ਵਾਹਿਗੁਰੂ ਦਾ ਚੌਵੀ-ਘੰਟੇ[22] ਹੀ ਸਿਮਰਨ[20] ਤੇ ਚਿੰਤਨ[21] ਕਰ ।
ਜੀਅ[25] ਪ੍ਰਾਣ[26] ਤਨੁ[27] ਧਨੁ[28]ਰਖੇ[29]ਕਰਿ ਕਿਰਪਾ[30] ਰਾਖੀ[31] ਜਿੰਦੁ[32] ॥	He preserves[29] man's[25] soul[26],body[27] and wealth[28] and mercifully[30] protects[31] his very life[32].	ਉਹ ਇਨਸਾਨ[25] ਦੀ ਆਤਮਾ[26], ਦੇਹਿ[27] ਤੇ ਦੌਲਤ[28] ਨੂੰ ਸੰਭਾਲਦਾ[29] ਹੈ ਅਤੇ ਮਿਹਰ ਧਾਰ[30] ਕੇ ਉਸ ਦੀ ਜਿੰਦੜੀ[32] ਦੀ ਰਖਵਾਲੀ[31] ਕਰਦਾ ਹੈ ।
ਨਾਨਕ ਸਗਲੇ[33] ਦੋਖ[34] ਉਤਾਰਿਅਨੁ[35] ਪ੍ਰਭੁ[36] ਪਾਰਬ੍ਰਹਮ[37] ਬਖਸਿੰਦ[38] ॥੪॥੧੨॥੮੨॥	The Lofty Lord[37] Master[36] is man's pardoner[38]. He washes[35] off all[33] his sins[34], O' Nanak !	ਉੱਚਾ[37] ਸੁਆਮੀ ਮਾਲਕ[36] ਮਨੁੱਖ ਨੂੰ ਬਖਸ਼ਣਹਾਰ[38] ਹੈ । ਉਹ ਉਸ ਦੇ ਸਾਰੇ[33] ਪਾਪ[34] ਧੋ ਸੁੱਟਦਾ[35] ਹੈ, ਹੇ ਨਾਨਕ !
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਪ੍ਰੀਤਿ[39] ਲਗੀ[40] ਤਿਸੁ[41] ਸਚ[42] ਸਿਉ[43] ਮਰੈ[44] ਨ ਆਵੈ ਜਾਇ[45] ॥	I have contracted[40] love[39] with[43] that[41] True Lord[42] ! He dies[44], comes and goes[45] not.	ਮੇਰਾ ਉਸ[41] ਸੱਚੇ ਸਾਹਿਬ[42] ਨਾਲ[43] ਪਿਆਰ[39] ਪੈ ਗਿਆ[40] ਹੈ । ਉਹ ਮਰਦਾ[44], ਆਉਂਦਾ ਤੇ ਜਾਂਦਾ[45] ਨਹੀਂ ।
ਨਾ ਵੇਛੋੜਿਆ[46] ਵਿਛੁੜੈ[47] ਸਭ ਮਹਿ[48] ਰਹਿਆ ਸਮਾਇ[49] ॥	By separating[46] He separates[47] not and is contained[49] amongst[48] all.	ਜੁਦਾ ਕੀਤਿਆਂ[46] ਉਹ ਜੁਦਾ[47] ਨਹੀਂ ਹੁੰਦਾ ਅਤੇ ਸਾਰਿਆਂ ਅੰਦਰ[48] ਰਮ[49] ਰਿਹਾ ਹੈ ।

ਦੀਨ[50] ਦਰਦ[51] ਦੁਖ[52] ਭੰਜਨਾ[53] ਸੇਵਕ[54] ਕੈ [55]ਸਤ ਭਾਇ[56] ॥	Of the meek[50] He is the remover[53] of pang[51] and affliction[52] and to His slave[54] He bears true[55] love[56].	ਮਸਕੀਨ[50] ਦੀ ਉਹ ਪੀੜ[51] ਤੇ ਅਪਦਾ[52] ਹਰਨਹਾਰ[53] ਹੈ ਅਤੇ ਆਪਣੇ ਗੋਲੇ[54] ਨਾਲ ਉਹ ਸੱਚੀ[55] ਪ੍ਰੀਤ[56] ਕਰਦਾ ਹੈ।
ਅਚਰਜ[57]ਰੂਪੁ[58] ਨਿਰੰਜਨੋ[59] ਗੁਰਿ ਮੇਲਾਇਆ[60] ਮਾਇ[61] ॥ ੧ ॥	Wonderous[57] is the form[58] of the Immaculate[59] One. The Guru has caused me to[60] meet Him, O' my Mother[61] !	ਅਸਚਰਜ[57] ਹੈ ਸਰੂਪ[58] ਮਾਇਆ ਤੋਂ ਰਹਿਤ (ਪਵਿੱਤਰ) ਪੁਰਸ਼[59] ਦਾ, ਗੁਰਾਂ ਨੇ ਮੈਨੂੰ ਉਸ ਨਾਲ ਮਿਲਾ[60] ਦਿੱਤਾ ਹੈ, ਹੇ ਮੇਰੀ ਮਾਤਾ[61] !
ਭਾਈ ਰੇ[62] ਮੀਤੁ[63] ਕਰਹੁ[64] ਪ੍ਰਭੁ ਸੋਇ[65] ॥	O'[62] Brother ! make[64] that[65] Lord thy friend[63].	ਹੇ[62] ਵੀਰ ! ਉਸ[65] ਠਾਕੁਰ ਨੂੰ ਆਪਣਾ ਮਿੱਤ੍ਰ[63] ਬਣਾ[64] ।
੪੭	47	੪੭
ਮਾਇਆ[66] ਮੋਹ[67] ਪਰੀਤਿ[68] ਧ੍ਰਿਗੁ[69] ਸੁਖੀ[70] ਨ ਦੀਸੈ[71] ਕੋਇ ॥ ੧ ॥ ਰਹਾਉ ॥	Accursed[69] is the love[67] and attachment[68] of wealth[66]. With it none is seen[71] at ease[70]. Pause.	ਧ੍ਰਿਕਾਰਯੋਗ[69] ਹੈ ਧਨ-ਦੌਲਤ[66] ਦੀ ਮੁਹੱਬਤ[67] ਤੇ ਲਗਨ[68] । ਇਸ ਨਾਲ ਕੋਈ ਭੀ ਸੁਖਾਲਾ[70] ਨਜ਼ਰੀਂ[71] ਨਹੀਂ ਪੈਂਦਾ । ਠਹਿਰਾਉ ।
ਦਾਨਾ[72]ਦਾਤਾ[73]ਸੀਲਵੰਤੁ[74] ਨਿਰਮਲੁ[75]ਰੂਪੁ[76]ਅਪਾਰੁ[77]॥	The Lord is wise[72], beneficent[73] tender-hearted[74], pure[75], beautiful[76] and infinite[77].	ਸਾਹਿਬ ਸਿਆਣਾ[72], ਉਦਾਰਚਿੱਤ[73], ਨਰਮ-ਦਿਲ[74], ਪਵਿੱਤਰ[75], ਸੁੰਦਰ[76] ਅਤੇ ਬੇ-ਅੰਤ[77] ਹੈ ।
ਸਖਾ[78] ਸਹਾਈ[79] ਅਤਿ[80] ਵਡਾ[81] ਊਚਾ[82] ਵਡਾ[83] ਅਪਾਰੁ[84] ॥	He is the companion[78], helper[79], exceedingly[80]exalted[81],lofty[82],great[83] and illimitable[84].	ਉਹ ਸਾਥੀ[78], ਸਹਾਇਕ[79], ਪਰਮ[80] ਮਹਾਨ[81],ਬੁਲੰਦ[82], ਵਿਸ਼ਾਲ[83] ਅਤੇ ਹੱਦਬੰਨਾ-ਰਹਿਤ[84] ਹੈ ।
ਬਾਲਕੁ[85] ਬਿਰਧਿ[86] ਨ ਜਾਣੀਐ ਨਿਹਚਲੁ[87] ਤਿਸੁ[88] ਦਰਵਾਰੁ[89] ॥	He is not known as young[85] or old[86]. Ever[87] stable is His[88] Court[89].	ਉਹ ਬਾਲ[85] ਜਾਂ ਬੁਢਾ[86] ਨਹੀਂ ਜਾਣਿਆ ਜਾਂਦਾ । ਸਦੀਵੀ-ਸਥਿਰ[87] ਹੈ ਉਸ[88] ਦੀ ਦਰਗਾਹ[89] ।
ਜੋ[90] ਮੰਗੀਐ[91] ਸੋਈ[92] ਪਾਈਐ[93] ਨਿਧਾਰਾ[94] ਆਧਾਰੁ[95] ॥ ੨ ॥	We obtain[93] that[92], what[90] we beg[91] of Him. He is the Support[95] of the supportless[94].	ਜੋ[90] ਕੁਛ ਅਸੀਂ ਯਾਚਨਾ[91] ਕਰਦੇ ਹਾਂ, ਉਹੀ[92] ਉਸ ਤੋਂ ਪਰਾਪਤ[93] ਕਰਦੇ ਹਾਂ । ਉਹ ਨਿਆਸਰਿਆਂ[94] ਦਾ ਆਸਰਾ[95] ਹੈ ।
ਜਿਸੁ[96] ਪੇਖਤ[97]ਕਿਲਵਿਖ[98] ਹਿਰਹਿ[99] ਮਨਿ[100] ਤਨਿ[2] ਹੋਵੈ[3] ਸਾਂਤਿ[4] ॥ ਇਕ[5] ਮਨਿ ਏਕੁ[6] ਧਿਆਈਐ[7] ਮਨ[8] ਕੀ ਲਾਹਿ[9] ਭਰਾਂਤਿ[10] ॥	With single-mind[5] meditate[7] on the One Lord[6], by seeing[97] whom[96]sins[98] vanish[99], soul[100] and body[2] are rendered[3] peaceful[4], and mind's[8] misgiving[10] is dispelled[9].	ਇਕ ਚਿੱਤ[5] ਨਾਲ ਉਸ ਅਦੁੱਤੀ ਸਾਹਿਬ[6] ਦਾ ਸਿਮਰਨ[7] ਕਰ, ਜਿਸ[96] ਨੂੰ ਵੇਖਣ[97] ਦੁਆਰਾ ਪਾਪ[98] ਅਲੋਪ[99] ਹੋ ਜਾਂਦੇ ਹਨ, ਆਤਮਾ[100] ਤੇ ਦੇਹਿ[2] ਸੀਤਲ[4] ਹੋ[3] ਜਾਂਦੇ ਹਨ ਅਤੇ ਮਨੂਏ[8] ਦੀ ਗ਼ਲਤਫ਼ਹਿਮੀ[10] ਦੂਰ[9] ਹੋ ਜਾਂਦੀ ਹੈ ।
[11]ਗੁਣਨਿਧਾਨੁ[12] [13]ਨਵਤਨੁ[14] ਸਦਾ[15] ਪੂਰਨ[16] ਜਾ ਕੀ[17] ਦਾਤਿ[18] ॥	He is the treasury[12] of excellences[11] and ever[15] fresh[13] is His body[14] and complete[16] His[17] gift[18].	ਉਹ ਚੰਗਿਆਈਆਂ[11] ਦਾ ਖ਼ਜ਼ਾਨਾ[12] ਹੈ ਅਤੇ ਸਦੀਵ[15] ਹੀ ਨਵਾਨੁੱਕ[13] ਹੈ ਉਸ ਦਾ ਸਰੀਰ[14] ਤੇ ਮੁਕੰਮਲ[16] ਹੈ ਉਸ[17] ਦੀ ਬਖ਼ਸ਼ੀਸ਼[18] ।
ਸਦਾ[19] ਸਦਾ ਆਰਾਧੀਐ[20]	For ever and aye[19] meditate[20] on	ਸਦੀਵ ਤੇ ਹਮੇਸ਼ਾ[19] ਹੀ ਵਾਹਿਗੁਰੂ ਦਾ ਸਿਮਰਨ[20]

ਦਿਨੁ ਵਿਸਰਹੁ[21] ਨਹੀ ਰਾਤਿ ॥ ੩ ॥	God. Forget[21] Him not by day and night.	ਕਰ, ਦਿਨ ਤੇ ਰਾਤ ਉਸ ਨੂੰ ਨਾ ਭੁਲਾ[21] ।
ਜਿਨ ਕਉ ਪੂਰਬਿ[22] ਲਿਖਿਆ[23]ਤਿਨ ਕਾ ਸਖਾ[24] [25]ਗੋਵਿੰਦੁ[26] ॥	The Lord[26] of the world[25] is the comrade[24] of those, who are so [22]pre-destined[23].	ਜਿਨ੍ਹਾਂ ਲਈ ਧੁਰ[22] ਦੀ ਐਸੀ ਲਿਖਤਾਕਾਰ[23] ਹੈ, ਸ੍ਰਿਸ਼ਟੀ[25] ਦਾ ਸੁਆਮੀ[26] ਉਨ੍ਹਾਂ ਦਾ ਸਾਥੀ[24] ਹੁੰਦਾ ਹੈ।
ਤਨੁ[27]ਮਨੁ[28]ਧਨੁ[29]ਅਰਪੀ[30] ਸਭੋ[31] ਸਗਲ[32] ਵਾਰੀਐ[33] ਇਹ ਜਿੰਦੁ[34] ॥	Unto Him I dedicate[30] my body[27], mind[28], wealth[29] and all[31] and this very life[34] (soul) of mine, I all[32] sacrifice[33] to Him.	ਉਸ ਨੂੰ ਮੈਂ ਆਪਣੀ ਦੇਹਿ[27], ਮਨ[28], ਦੌਲਤ[29] ਤੇ ਸਭ[31] ਕੁਝ ਸਮਰਪਨ[30] ਕਰਦਾ ਹਾਂ ਅਤੇ ਇਹ ਆਪਣੀ ਜਿੰਦੜੀ[34] (ਆਤਮਾ) ਭੀ ਸਮੂਹ[32] ਉਸ ਤੋਂ ਕੁਰਬਾਨ[33] ਕਰਦਾ ਹਾਂ।
ਦੇਖੈ[40] ਸੁਣੈ[41] ਹਦੂਰਿ[35] ਸਦ[36]ਘਟਿ ਘਟਿ[37] ਬ੍ਰਹਮੁ[38] ਰਵਿੰਦੁ[39] ॥	Pervading God[38] ever[36] sees[40], hears[41] and is just near[35] He resides[39] in every heart[37].	ਵਿਆਪਕ ਵਾਹਿਗੁਰੂ[38] ਨਿਤ[36] ਹੀ ਵੇਖਦਾ[40], ਸ੍ਰਵਣ[41] ਕਰਦਾ ਤੇ ਸਮੀਪ[35] ਹੈ । ਉਹ ਹਰ ਦਿਲ[37] ਅੰਦਰ ਰਮਿਆ[39] ਹੋਇਆ ਹੈ।
ਅਕਿਰਤਘਣਾ[42] ਨੋ ਪਾਲਦਾ[43] ਪ੍ਰਭ ਨਾਨਕ ਸਦ[45] ਬਖਸਿੰਦੁ[44] ॥ ੪ ॥ ੧੩ ॥ ੮੩ ॥	The Lord maintains[43] (even) the ungrateful[42]. He is ever[45] the pardoner[44] O' Nanak !	ਸੁਆਮੀ ਨਾਸ਼ੁਕਰਿਆਂ[42] ਦੀ (ਭੀ) ਪਾਲਣਾ-ਪੋਸਣਾ[43] ਕਰਦਾ ਹੈ । ਉਹ ਸਦੀਵ[45] ਹੀ ਮਾਫ਼ੀ ਦੇਣਹਾਰ[44] ਹੈ, ਹੇ ਨਾਨਕ !
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਮਨੁ[46]ਤਨੁ[47] ਧਨੁ[48]ਜਿਨਿ[49] ਪ੍ਰਭਿ[65] ਦੀਆ[50] ਰਖਿਆ ਸਹਜਿ[51] ਸਵਾਰਿ[52] ॥ ਸਰਬ[53] ਕਲਾ[54] ਕਰਿ[55] ਥਾਪਿਆ[56] ਅੰਤਰਿ[57]ਜੋਤਿ[58] ਅਪਾਰ[59] ॥ ਸਦਾ ਸਦਾ[60] ਪ੍ਰਭੁ[66] ਸਿਮਰੀਐ[61] ਅੰਤਰਿ ਰਖੁ [63]ਉਰਧਾਰਿ[64] ॥੧॥	Ever and ever[60] meditate[61] upon and keep clasped[64] to thy heart[62] and mind[63] the Lord[65] Master[66], who[49] has given[50] thee soul[46], body[47] and wealth[48], has bedecked[52] thee in the natural way[51], has established[56] thee with[55] all[53] power[54] and has infused His infinite[59] light[58] within[57] thee.	ਸਦੀਵ ਤੇ ਹਮੇਸ਼ਾ[60] ਹੀ ਉਸ ਸੁਆਮੀ[65] ਮਾਲਕ[66] ਦਾ ਅਰਾਧਨ[61] ਕਰ ਤੇ ਉਸ ਨੂੰ ਆਪਣੇ ਦਿਲ[62] ਤੇ ਮਨ[63] ਨਾਲ ਲਾਈ[64] ਰੱਖ, ਜਿਸ[49] ਨੇ ਤੈਨੂੰ ਆਤਮਾ[46], ਦੇਹਿ[47] ਤੇ ਦੌਲਤ[48] ਬਖ਼ਸ਼ੇ[50] ਹਨ ਅਤੇ ਤੈਨੂੰ ਕੁਦਰਤੀ[51] ਤੌਰ ਤੇ ਆਰਾਸਤਾ[52] ਕੀਤਾ ਹੈ, ਤੈਨੂੰ ਸਾਰੀ[53] ਸਤਿਆ[54] ਸਹਿਤ[55] ਅਸਥਾਪਨ[56] ਕੀਤਾ ਹੈ, ਅਤੇ ਜਿਸ ਨੇ ਤੇਰੇ ਅੰਦਰ[57] ਆਪਣਾ ਅਨੰਤ[59] ਨੂਰ ਫੂਕਿਆ[58] ਹੈ।
ਮੇਰੇ ਮਨ[67] ਹਰਿ ਬਿਨੁ ਅਵਰੁ[68] ਨ ਕੋਇ ॥	O' my Soul[67] ! there is no other[68] than God.	ਹੇ ਮੇਰੀ ਜਿੰਦੜੀਏ[67] ! ਵਾਹਿਗੁਰੂ ਦੇ ਬਗ਼ੈਰ ਹੋਰ[68] ਕੋਈ ਨਹੀਂ।
ਪ੍ਰਭ ਸਰਣਾਈ[69]ਸਦਾ ਰਹੁ[70] ਦੂਖੁ[71] ਨ ਵਿਆਪੈ[72] ਕੋਇ ॥ ੧ ॥ ਰਹਾਉ ॥	Ever remain[70] under Lord's protection[69] and no affliction[71] shall overtake[72] thee. Pause.	ਸਦੀਵ ਹੀ ਸੁਆਮੀ ਦੀ ਪਨਾਹ[69] ਵਿਚ ਵਿਚਰ[70] ਅਤੇ ਤੈਨੂੰ ਕੋਈ ਅਪਦਾ[71] ਨਹੀਂ ਵਾਪਰੇਗੀ[72] । ਠਹਿਰਾਉ।
ਰਤਨ[73]ਪਦਾਰਥ[74]ਮਾਣਕਾ[75] ਸੁਇਨਾ[76] ਰੁਪਾ[77] ਖਾਕੁ[78] ॥	The jewels[73], wealth[74], pearls[75], gold[76] and silver[77] are all dust[78].	ਜਵੇਹਰ[73], ਧਨ-ਦੌਲਤ[74], ਮੋਤੀ[75], ਸੋਨਾ[76] ਤੇ ਚਾਂਦੀ[77] ਸਮੂਹ ਮਿੱਟੀ[78] ਹਨ।
ਮਾਤ[79] ਪਿਤਾ[80] ਸੁਤ[81] ਬੰਧਪਾ[82]ਕੂੜੇ[83]ਸਭੇ ਸਾਕ[84]॥	The mother[79], father[80], sons[81] and kins[82] are all false[83] relations[84].	ਅੰਮੜੀ[79], ਬਾਬਲ[80], ਪੁਤ੍ਰ[81] ਤੇ ਸਾਕ-ਸੈਨ[82] ਸਭ ਝੂਠੇ[83] ਰਿਸ਼ਤੇਦਾਰ[84] ਹਨ।

ਜਿਨਿ[91] ਕੀਤਾ[85] ਤਿਸਹਿ[86] ਨ ਜਾਣਈ[87] ਮਨਮੁਖ[88] ਪਸੁ[89] ਨਾਪਾਕ[90] ॥ ੨ ॥	The preverse[88] and impious[90] beast[89] understands[87] not Him[86] who[91] Created[85] him.	ਕੁਮਾਰਗੀ[88] ਤੇ ਅਪਵਿੱਤ੍ਰ[90] ਪਸੂ[89] ਉਸ[86] ਨੂੰ ਨਹੀਂ ਸਮਝਦਾ[87] ਜਿਸ[91] ਨੇ ਉਸ ਨੂੰ ਪੈਦਾ[85] ਕੀਤਾ ਹੈ।
ਅੰਤਰਿ[92] ਬਾਹਰਿ[93] ਰਵਿ ਰਹਿਆ[94] ਤਿਸ[95] ਨੋ ਜਾਣੈ[96] ਦੂਰਿ[97] ॥	Who is pervading[94] within[92] and without[93]; Him[95] he deems[96] to be distant[97].	ਜੋ ਅੰਦਰ[92] ਤੇ ਬਾਹਰ[93] ਪਰੀ-ਪੂਰਨ[94] ਹੈ, ਉਸ[95] ਨੂੰ ਉਹ ਦੁਰੇਡੇ[96] ਖ਼ਿਆਲ[97] ਕਰਦਾ ਹੈ।
ਤ੍ਰਿਸਨਾ[98] ਲਾਗੀ[99] ਰਚਿ ਰਹਿਆ[100] ਅੰਤਰਿ[2] ਹਉਮੈ[3] ਕੂਰਿ[4] ॥	The desire[98] is clinging[99] to him and his heart[2] is engrossed[100] in pride[3] and falsehood[4].	ਖ਼ਾਹਿਸ਼[98] ਉਸ ਨੂੰ ਚਿਮੜੀ[99] ਹੋਈ ਹੈ ਅਤੇ ਉਸ ਦਾ ਦਿਲ[2] ਹੰਕਾਰ[3] ਤੇ ਝੂਠ[4] ਅੰਦਰ ਖਚਤ[100] ਹੈ।
ਭਗਤੀ[5] ਨਾਮ ਵਿਹੂਣਿਆ[6] ਆਵਹਿ[7] ਵੰਞਹਿ[8] ਪੂਰ[9] ॥ ੩ ॥	Crowds[9] of mortals without[6] devotion[5] and the Name of God continue coming[7] and going[8].	ਵਾਹਿਗੁਰੂ ਦੇ ਅਨੁਰਾਗ[5] ਤੇ ਨਾਮ ਤੋਂ ਸਖਣੇ[6] ਪ੍ਰਾਣੀਆਂ ਦੇ ਇਕੱਠ[9] ਆਉਂਦੇ[7] ਤੇ ਜਾਂਦੇ[8] ਰਹਿੰਦੇ ਹਨ।
ਰਾਖਿ[10] ਲੇਹੁ ਪ੍ਰਭੁ ਕਰਣਹਾਰ[11] ਜੀਅ[12] ਜੰਤ[13] ਕਰਿ ਦਇਆ[14] ॥	O' Lord ! the Creator[11] mercifully[14] preserve[10] man[12] and the other creatures[13].	ਹੇ ਸਾਹਿਬ ਸਿਰਜਣਹਾਰ[11] ! ਮਇਆ[14] ਧਾਰ ਕੇ ਇਨਸਾਨ[12] ਤੇ ਹੋਰ ਜੀਵਾਂ[13] ਦੀ ਰਖਿਆ[10] ਕਰ।
ਬਿਨੁ[15] ਪ੍ਰਭ ਕੋਇ ਨ ਰਖਨਹਾਰੁ[16] ਮਹਾ[17] ਬਿਕਟ[18] ਜਮ[19] ਭਇਆ[20] ॥	There is no protector[16] but[15] One Lord. Very[17] unfeeling[18] (is) or (has become[20]) deaths's myrmidon[19].	ਸਾਹਿਬ ਦੇ ਬਗ਼ੈਰ[15] ਹੋਰ ਕੋਈ ਬਚਾਉਣ[16] ਵਾਲਾ ਨਹੀਂ। ਮੌਤ ਦਾ ਦੂਤ[19] ਨਿਹਾਇਤ[17] ਹੀ ਜ਼ਾਲਮ[18] ਹੋ ਗਿਆ[20] ਹੈ।
ਨਾਨਕ ਨਾਮੁ ਨ ਵੀਸਰਉ[21] ਕਰਿ[23] ਅਪੁਨੀ ਹਰਿ ਮਇਆ[22] ॥੪॥੧੪॥੮੪॥	Nanak, show[23] Thine mercy[22] unto me, O' God ! so that I may not forget[21] Thy Name.	ਨਾਨਕ, ਆਪਣੀ ਰਹਿਮਤ[22] ਮੇਰੇ ਉਤੇ ਧਾਰ[23], ਹੇ ਵਾਹਿਗੁਰੂ ! ਤਾਂ ਜੋ ਮੈਨੂੰ ਤੇਰਾ ਨਾਮ ਨਾ ਭੁੱਲੇ[21]।
ਸਿਰੀ ਰਾਗੁ ਮਹਲਾ ੫ ॥	Sri Rag, Fifth Guru,	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਮੇਰਾ[24] ਤਨੁ[25] ਅਰੁ[26] ਧਨੁ[27] ਮੇਰਾ ਰਾਜੁ[28] ਰੂਪ[29] ਮੈ ਦੇਸੁ[30] ॥	The man says "I have[24] the beautious[29] body[25], mine is the wealth[27] and[26] empire[28] and country[30] are exclusively mine".	ਇਨਸਾਨ ਆਖਦਾ ਹੈ 'ਮੇਰੀ[24] ਸੁੰਦਰ[29] ਦੇਹਿ[25] ਹੈ, ਦੌਲਤ[27] ਮੇਰੀ ਹੈ ਅਤੇ[26] ਹਕੂਮਤ[28] ਤੇ ਮੁਲਕ[30] ਮੇਰੇ ਹੀ ਹਨ।'
ਸੁਤ[31] ਦਾਰਾ[32] ਬਨਿਤਾ[37] ਅਨੇਕ[33] ਬਹੁਤੁ[34] ਰੰਗ[35] ਅਰੁ ਵੇਸ[36] ॥	He may have sons,[31] wife[32], many[33] mistresses[37] and may enjoy myriads[34] of pleasures[35] and raiments[36].	ਉਸ ਦੇ ਪੁਤ੍ਰ[31], ਪਤਨੀ[32] ਅਤੇ ਘਨੇਰੀਆਂ[33] ਮਾਸ਼ੂਕਾਂ[37] ਹੋਣ ਅਤੇ ਉਹ ਬੇਅੰਤ[34] ਰੰਗ-ਰਲੀਆਂ[35] ਅਤੇ ਪੁਸ਼ਾਕਾਂ[36] ਦਾ ਅਨੰਦ ਮਾਣਦਾ ਹੋਵੇ।
ਹਰਿਨਾਮੁ ਰਿਦੈ ਨ ਵਸਈ[37] ਕਾਰਜਿ[38] ਕਿਤੈ ਨ ਲੇਖਿ[39] ॥ ੧ ॥	If God's Name abides[37*] not within his mind they are of no avail[38] and account[39].	ਜੇਕਰ ਰੱਬ ਦਾ ਨਾਮ ਉਸ ਦੇ ਅੰਤਰ-ਆਤਮੇ ਨਹੀਂ ਵੱਸਦਾ[37*], ਤਾਂ ਉਹ ਕਿਸੇ ਕੰਮ[38] ਤੇ ਹਿਸਾਬ[39] ਵਿਚ ਨਹੀਂ।
ਮੇਰੇ ਮਨ[40] ਹਰਿ ਹਰਿ[44] ਨਾਮੁ ਧਿਆਇ[43] ॥	O' my Soul[40] ! contemplate[43] over the Name of Lord Guru[44].	ਹੇ ਮੇਰੀ ਜਿੰਦੜੀਏ[40], ਵਾਹਿਗੁਰੂ ਸੁਆਮੀ[44] ਦੇ ਨਾਮ ਦਾ ਅਰਾਧਨ[43] ਕਰ।
ਕਰਿ[42] ਸੰਗਤਿ ਨਿਤ[41] ਸਾਧ	Ever[41] associate[42] with the society of	ਹਮੇਸ਼ਾ[41] ਹੀ ਸੰਤਾਂ ਦੀ ਸੰਗਤ ਨਾਲ ਮੇਲ-ਮਿਲਾਪ[42] ਕਰ

ਕੀ ਗੁਰ ਚਰਣੀ[45] ਚਿਤੁ[46] ਲਾਇ[47] ॥ ੧ ॥ ਰਹਾਉ ॥

the Saints and fix[47] thy mind[46] on Guru's feet[45]. Pause.

ਅਤੇ ਗੁਰਾਂ ਦੇ ਪੈਰਾਂ[45] ਨਾਲ ਆਪਣੇ ਮਨ[46] ਨੂੰ ਜੋੜ[47] । ਠਹਿਰਾਉ ।

ਨਾਮੁ ਨਿਧਾਨੁ[48] ਧਿਆਈਐ[49] ਮਸਤਕਿ[50] ਹੋਵੈ ਭਾਗੁ[51] ॥

If good luck[51] be recorded on the forehead[50], only then does man meditate[49] on the Name-Treasure[48].

ਜੇਕਰ ਚੰਗੀ ਕਿਸਮਤ[51] ਮਥੇ[50] ਉਤੇ ਲਿਖੀ ਹੋਵੇ, ਕੇਵਲ ਤਾਂ ਹੀ ਆਦਮੀ ਨਾਮ ਦੇ ਖ਼ਜ਼ਾਨੇ[48] ਦਾ ਸਿਮਰਨ[49] ਕਰਦਾ ਹੈ ।

ਕਾਰਜ[52] ਸਭਿ[53] ਸਵਾਰੀਅਹਿ[54] ਗੁਰ ਕੀ ਚਰਣੀ[55] ਲਾਗੁ[56] ॥

By being attached[56] with Guru's feet[55] all[53], the affairs[52] become right[54].

ਗੁਰਾਂ ਦੇ ਪੈਰਾਂ[55] ਨਾਲ ਜੁੜਣ[56] ਦੁਆਰਾ ਸਾਰੇ[53] ਕੰਮ[52] ਰਾਸ[54] ਹੋ ਜਾਂਦੇ ਹਨ ।

ਹਉਮੈ[57] ਰੋਗੁ[58] ਭ੍ਰਮੁ[59] ਕਟੀਐ[60] ਨਾ ਆਵੈ[61] ਨਾ ਜਾਗੁ[62] ॥ ੨ ॥

Thus are annulled[60] the ailment[58] of ego[57] and scepticism[59] and the mortal neither comes[61] nor goes[62].

ਇਸ ਤਰ੍ਹਾਂ ਹੰਕਾਰ[57] ਦੀ ਬੀਮਾਰੀ[58] ਤੇ ਸੰਦੇਹ[59] ਰਫ਼ਾ[60] ਹੋ ਜਾਂਦੇ ਹਨ ਅਤੇ ਪ੍ਰਾਣੀ ਨਾ ਆਉਂਦਾ[61] ਤੇ ਨਾ ਹੀ ਜਾਂਦਾ[62] ਹੈ ।

ਕਰਿ ਸੰਗਤਿ ਤੂ ਸਾਧ ਕੀ ਅਠਸਠਿ[63] ਤੀਰਥ[64] ਨਾਉ[65] ॥

Mix thou with the Saint's congregation and deem that thy ablution[65] at the sixty-eight[63] places of pilgrimage[64].

ਸੰਤ ਸਮਾਗਮ ਅੰਦਰ ਜੁੜ ਅਤੇ ਉਸ ਨੂੰ ਆਪਣਾ ਅਠਾਹਟ[63] ਯਾਤਰਾ ਅਸਥਾਨਾਂ[64] ਦਾ ਇਸ਼ਨਾਨ[65] ਜਾਣ ।

ਜੀਉ[66] ਪ੍ਰਾਣ[67] ਮਨੁ[68] ਤਨੁ[69] ਹਰੇ[70] ਸਾਚਾ[71] ਏਹੁ[72] ਸੁਆਉ[73] ॥

Like this thy soul[66], very life[67] mind[68] and body[69] shall be reverdured[70] and this[72] is the true[71] aim[73] of life.

ਇਸ ਤਰ੍ਹਾਂ ਤੇਰੀ ਆਤਮਾ,[66] ਜਿੰਦ-ਜਾਨ,[67] ਮਨੂਆ[68] ਤੇ ਦੇਹਿ[69] ਹਰੇ-ਭਰੇ[70] ਹੋ ਜਾਣਗੇ ਅਤੇ ਇਹੀ[72] ਜ਼ਿੰਦਗੀ ਦਾ ਸੱਚਾ[71] ਮਨੋਰਥ[73] ਹੈ ।

੪੮ / 48 / ੪੮

ਐਥੈ[74] ਮਿਲਹਿ[75] ਵਡਾਈਆ[76] ਦਰਗਹਿ[77] ਪਾਵਹਿ ਥਾਉ[78] ॥ ੩ ॥

Thou shalt gain[75] glory[76] here[74] and obtain room[78] in the next world[77].

ਤੈਨੂੰ ਏਥੇ[74] ਮਾਣ-ਪ੍ਰਤਿਸ਼ਟਾ[76] ਪਰਾਪਤ[75] ਹੋਵੇਗੀ ਅਤੇ ਪਰਲੋਕ[77] ਵਿਚ ਤੂੰ ਟਿਕਾਣਾ[78] ਪਾ ਲਵੇਂਗਾ ।

ਕਰੇ ਕਰਾਏ[79] ਆਪਿ ਪ੍ਰਭੁ[80] ਸਭੁ[81] ਕਿਛੁ ਤਿਸ ਹੀ[82] ਹਾਥਿ[83] ॥

The Lord Himself[80] does and causes others[79] to do. Everything[81] is in His[82] hands[83].

ਸਾਹਿਬ ਆਪੇ[80] ਹੀ ਕਰਦਾ ਤੇ ਕਰਾਉਂਦਾ[79] ਹੈ । ਸਾਰਾ[81] ਕੁਝ ਉਸ[82] ਦੇ ਹੱਥ[83] ਵਿਚ ਹੈ ।

ਮਾਰਿ[88] ਆਪੇ ਜੀਵਾਲਦਾ[84] ਅੰਤਰਿ[85] ਬਾਹਰਿ[86] ਸਾਥਿ[87] ॥

He Himself slays[88] and revives[84]. Within[85] and without[86], He is with[87] the mortal.

ਉਹ ਖ਼ੁਦ ਹੀ ਮਾਰਦਾ[88] ਤੇ ਜਿਵਾਉਂਦਾ[84] ਹੈ । ਅੰਦਰ[85] ਤੇ ਬਾਹਰਵਾਰ[86] ਉਹ ਪ੍ਰਾਣੀ ਦੇ ਨਾਲ[87] ਹੈ ।

ਨਾਨਕ ਪ੍ਰਭ ਸਰਣਾਗਤੀ[89] ਸਰਬ[90] ਘਟਾ[91] ਕੇ ਨਾਥ[92] ॥ ੪ ॥ ੧੫ ॥ ੮੫ ॥

Nanak has sought the sanctuary[89] of the Lord, who is the Master[92] of all[90] the bodies[91].

ਨਾਨਕ ਨੇ ਸੁਆਮੀ ਦੀ ਸ਼ਰਨ[89] ਸੰਭਾਲੀ ਹੈ, ਜੋ ਸਾਰੇ[90] ਜੀਆਂ[91] ਦਾ ਮਾਲਕ[92] ਹੈ ।

ਸਿਰੀ ਰਾਗੁ ਮਹਲਾ ੫ ॥

Sri Rag, Fifth Guru.

ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।

ਸਰਣਿ[93] ਪਏ[94] ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ[95] ॥

They, unto whom the Guru becomes merciful[95], seek[94] their Lord's protection[93].

ਜਿਨ੍ਹਾਂ ਉਤੇ ਗੁਰੂ ਜੀ ਦਇਆਵਾਨ[95] ਹੁੰਦੇ ਹਨ, ਉਹ ਆਪਣੇ ਸਾਹਿਬ ਦੀ ਪਨਾਹ[93] ਲੈਂਦੇ[94] ਹਨ ।

ਸਤਗੁਰ ਕੈ ਉਪਦੇਸਿਐ[96] ਬਿਨਸੇ[97]ਸਰਬ[98]ਜੰਜਾਲ[99]॥	By the instruction[96] of the True Guru all[98] the worldly entanglement[99] are annulled[97].	ਸੱਚੇ ਗੁਰਾਂ ਦੀ ਸਿਖਿਆ[96] ਦੁਆਰਾ ਸਮੂਹ[98] ਸੰਸਾਰੀ ਅਲਸੇਟੇ[99] ਮੁੱਕ[97] ਜਾਂਦੇ ਹਨ।
ਅੰਦਰੁ[100] ਲਗਾ[2] ਰਾਮ[3]-ਨਾਮਿ ਅੰਮ੍ਰਿਤ[4] ਨਦਰਿ[5] ਨਿਹਾਲੁ[6] ॥ ੧ ॥	The Name of the Omnipresent Lord[3] has stuck[2] in my mind[100] and His ambrosial[4] glance[5] has overjoyed[6] me.	ਸਰਬ-ਵਿਆਪਕ[3] ਸੁਆਮੀ ਦਾ ਨਾਮ ਮੇਰੇ ਹਿਰਦੇ[100] ਵਿਚ ਖੁਭ[2] ਗਿਆ ਹੈ ਅਤੇ ਉਸ ਦੀ ਆਬਿ-ਹਿਯਾਤੀ[4] ਨਿਗ੍ਹਾ[5] ਨੇ ਮੈਨੂੰ ਪਰਮ-ਪ੍ਰਸੰਨ[6] ਕਰ ਦਿੱਤਾ ਹੈ।
ਮਨ ਮੇਰੇ ਸਤਿਗੁਰ ਸੇਵਾ[7] ਸਾਰੁ[8] ॥	O' my Soul ! take[8] thou to the service[7] of the True Guru.	ਹੇ ਮੇਰੀ ਜਿੰਦੜੀਏ ! ਤੂੰ ਸੱਚੇ ਗੁਰਾਂ ਦੀ ਟਹਿਲ ਸੇਵਾ[7] ਸੰਭਾਲ[8]।
ਕਰੇ[9]ਦਇਆ[10]ਪ੍ਰਭੁ ਆਪਣੀ ਇਕ ਨਿਮਖ[11] ਨ ਮਨਹੁ[12] ਵਿਸਾਰੁ[13] ॥ ਰਹਾਉ ॥	Forget[13] not the Lord even for an instant[11] from thy mind[12]. Then shall He shower[9] His benediction[10] on thee. Pause.	ਆਪਣੇ ਚਿੱਤ[12] ਅੰਦਰੋਂ ਸੁਆਮੀ ਨੂੰ ਇਕ ਮੁਹਤ[11] ਭਰ ਲਈ ਭੀ ਨਾ ਭੁਲਾ[13]। ਤਦ ਉਹ ਤੇਰੇ ਉਤੇ ਆਪਣੀ ਰਹਿਮਤ[10] ਨਿਛਾਵਰ[9] ਕਰੇਗਾ। ਠਹਿਰਾਉ।
ਗੁਣ[14] [15]ਗੋਵਿੰਦ[16] ਨਿਤ[17] ਗਾਵੀਅਹਿ[18] ਅਵਗੁਣ[19] ਕਟਣਹਾਰ[20] ॥	Ever[17] sing[18] the praises[14] of the Lord[16] of the world[15], who is the destroyer[20] of demerits[19].	ਸਦੀਵ[17] ਹੀ ਸ੍ਰਿਸ਼ਟੀ[15] ਦੇ ਸੁਆਮੀ[16] ਦਾ ਜੱਸ[14] ਗਾਇਨ[18] ਕਰ, ਜੋ ਬਦੀਆਂ[19] ਨੂੰ ਦੂਰ[20] ਕਰਨ ਵਾਲਾ ਹੈ।
ਬਿਨੁ[21] ਹਰਿਨਾਮ ਨ ਸੁਖੁ[22] ਹੋਇ[23] ਕਰਿ[24] ਡਿਠੇ[25] ਬਿਸਥਾਰ[26] ॥	Without[21] God's Name peace[22] ensues[23] not. By making[24] various prolixities[26] I have verified[25] this.	ਰੱਬ ਦੇ ਨਾਮ ਦੇ ਬਾਝੋਂ[21] ਠੰਢ-ਚੈਨ[22] ਨਹੀਂ ਪੈਂਦੀ[23]। ਕਈ ਅਡੰਬਰ[26] ਰਚ[24] ਕੇ ਮੈਂ ਇਹ ਸਾਬਤ[25] ਕਰ ਲਿਆ ਹੈ।
ਸਹਜੇ[27]ਸਿਫਤੀ[28]ਰਤਿਆ[29] [30]ਭਵਜਲੁ[31] ਉਤਰੇ ਪਾਰਿ[32] ॥ ੨ ॥	By being tinged[29] with the Lord's praises[28] in equipoise[27] the mortal crosses[32] the [30]world-ocean[31].	ਅਡੋਲਤਾ[27] ਅੰਦਰ ਸੁਆਮੀ ਦੀ ਸਿਫ਼ਤ-ਸਨਾ[28] ਨਾਲ ਰੰਗੇ[29] ਜਾਣ ਦੁਆਰਾ, ਪ੍ਰਾਨੀ ਸੰਸਾਰ[30] ਸਮੁੰਦਰ[31] ਤੋਂ ਤਰ[32] ਜਾਂਦਾ ਹੈ।
ਤੀਰਥ[33] ਵਰਤ[34] ਲਖ[35] ਸੰਜਮਾ[36] ਪਾਈਐ[37] ਸਾਧੂ ਧੂਰਿ[38] ॥	The merit of lakhs[35] of pilgrimages[33], fastings[34] and restraints[36] is found[37] in the dust[38] of Saint's feet.	ਲੱਖ[35] ਯਾਤਰਾ,[33] ਵਰਤਾਂ[34] ਤੇ ਦਮਕਾਂ[36] ਦਾ ਫਲ ਸੰਤਾਂ ਦੇ ਪੈਰਾਂ ਦੀ ਖ਼ਾਕ[38] ਵਿਚੋਂ ਮਿਲ[37] ਪੈਂਦਾ ਹੈ।
ਲੂਕਿ[39] ਕਮਾਵੈ[40] ਕਿਸ ਤੇ[41] ਜਾ[42] ਵੇਖੈ[43] ਸਦਾ[44] ਹਦੂਰਿ[45]॥	From whom[41] dost thou hide[39] thine evil deeds[40], since[42] the ever[44] present[45] Lord is beholding[43] thee ?	ਤੂੰ ਆਪਣੇ ਮੰਦੇ ਅਮਲ[40] ਕਿਸ ਕੋਲੋਂ[41] ਛੁਪਾਉਂਦਾ[39] ਹੈਂ, ਜਦ[42] ਕਿ ਸਦੀਵੀ[44] ਹਾਜ਼ਰ ਨਾਜ਼ਰ[45] ਸਾਹਿਬ ਤੈਨੂੰ ਦੇਖ[43] ਰਿਹਾ ਹੈ।
ਥਾਨ[46]ਥਨੰਤਰਿ[47] ਰਵਿ ਰਹਿਆ[48] ਪ੍ਰਭੁ ਮੇਰਾ[50] ਭਰਪੂਰਿ[49] ॥ ੩ ॥	My[50] Fully-Filling[49] Lord is pervading[48] all[47] the places[46].	ਮੇਰਾ[50] ਪੂਰੀ ਤਰ੍ਹਾਂ ਲਬਾ-ਲਬ[49] ਭਰਨ ਵਾਲਾ ਸੁਆਮੀ ਸਾਰੀਆਂ ਥਾਵਾਂ[46] ਅੰਦਰ[47] ਰਮ[48] ਰਿਹਾ ਹੈ।
ਸਚੁ[51]ਪਾਤਿਸਾਹੀ[52]ਅਮਰੁ[53] ਸਚੁ ਸਚੇ ਸਚਾ[54] ਥਾਨੁ[55] ॥	True[51] is His empire[52], true His fiat[53] and truest of the [54] true His seat[55].	ਸੱਚੀ[51] ਹੈ ਉਸ ਦੀ ਬਾਦਸ਼ਾਹੀ[52], ਸੱਚਾ ਹੈ ਉਸ ਦਾ ਹੁਕਮ[53] ਅਤੇ ਸਾਰਿਆਂ ਦਾ ਪਰਮ-ਸੱਚਾ[54] ਹੈ ਉਸ ਦਾ ਅਸਥਾਨ[55]।
ਸਚੀ ਕੁਦਰਤਿ[56]ਧਾਰੀਅਨੁ[57] ਸਚਿ ਸਿਰਜਿਓਨੁ[58]	True is the Omnipotence[56] which He has created[57] and true the world[59]	ਸੱਚੀ ਹੈ ਅਪਾਰ ਸ਼ਕਤੀ[56] ਜੋ ਉਸ ਨੇ ਰਚੀ[57] ਹੈ ਅਤੇ ਸੱਚਾ ਹੈ ਸੰਸਾਰ[59] ਜੋ ਉਸ ਨੇ ਸਾਜਿਆ[58] ਹੈ।

ਜਹਾਨੁ[59] ॥	that He has fashioned[58].	
ਨਾਨਕ ਜਪੀਐ[60]ਸਚੁ ਨਾਮੁ[61] ਹਉ ਸਦਾ ਸਦਾ[62]ਕੁਰਬਾਨੁ[63] ॥ ੪ ॥ ੧੬ ॥ ੮੬ ॥	Nanak, repeat[60] the True Name[61], unto which I am for ever and ever[62] a sacrifice[63].	ਨਾਨਕ, ਸਤਿਨਾਮ[61] ਦਾ ਉਚਾਰਨ[60] ਕਰ, ਜਿਸ ਉਤੋਂ ਮੈਂ ਸਦੀਵ ਤੇ ਹਮੇਸ਼ਾ[62] ਲਈ ਘੋਲੀ[63] ਜਾਂਦਾ ਹਾਂ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਉਦਮੁ ਕਰਿ[64] ਹਰਿ ਜਾਪਣਾ[65] [66]ਵਡਭਾਗੀ[67] ਧਨੁ[68] ਖਾਟਿ[69] ॥	O' ye very[66] fortunate[67] ! make effort[64], meditate[65] on God and earn[69] the wealth[68] of Name.	ਹੇ ਭਾਰੇ[66] ਕਰਮਾਂ ਵਾਲਿਆ[67] ! ਤੂੰ ਉਪਰਾਲਾ[64] ਕਰ, ਵਾਹਿਗੁਰੂ ਨੂੰ ਅਰਾਧ[65] ਅਤੇ ਨਾਮ ਦੀ ਦੌਲਤ[68] ਦੀ ਖੱਟੀ[69] ਖੱਟ।
ਸੰਤ ਸੰਗਿ[70]ਹਰਿ ਸਿਮਰਣਾ[71] ਮਲੁ[72] ਜਨਮ ਜਨਮ[73] ਕੀ ਕਾਟਿ[74] ॥ ੧ ॥	In the Saint's society[70], contemplate[71] over God and wash off[74] the filth[72] of thine many births[73].	ਸਾਧ-ਸੰਗਤ[70] ਅੰਦਰ ਵਾਹਿਗੁਰੂ ਦਾ ਚਿੰਤਨ[71] ਕਰ ਅਤੇ ਆਪਣੇ ਅਨੇਕਾਂ ਜਨਮਾਂ[73] ਦੀ ਗੰਦਗੀ[72] ਨੂੰ ਲਾਹ[74] ਸੁੱਟ।
ਮਨ[75] ਮੇਰੇ ਰਾਮਨਾਮੁ[76] ਜਪਿ[77] ਜਾਪੁ[78] ॥	O' my mind[75] ! take to[78] the meditation[77] of the Name of Pervading God[76].	ਹੇ ਮੇਰੀ ਜਿੰਦੜੀਏ[75] ! ਵਿਆਪਕ ਵਾਹਿਗੁਰੂ[76] ਦੇ ਨਾਮ ਦਾ ਸਿਮਰਨ[77] ਅਖ਼ਤਿਆਰ[78] ਕਰ।
ਮਨਇਛੇ[79] ਫਲ[80] ਭੁੰਚਿ[81] ਤੂ ਸਭੁ[82] ਚੂਕੈ[83] ਸੋਗੁ[84] ਸੰਤਾਪੁ[85] ॥ ਰਹਾਉ ॥	Thou shalt enjoy[81] the fruit[80] of thy heart's desire[79] and thy sorrow[84] and suffering[85] shall all[82] depart[83]. Pause.	ਤੂੰ ਆਪਣੇ ਚਿੱਤ-ਚਾਹੁੰਦੇ[79] ਫਲ[80] ਖਾਵੇਂਗੀ[81] ਅਤੇ ਤੇਰਾ ਗ਼ਮ[84] ਤੇ ਦੁਖੜੇ[85] ਸਮੂਹ[82] ਦੂਰ[83] ਹੋ ਜਾਣਗੇ। ਠਹਿਰਾਉ।
ਜਿਸੁ[86] ਕਾਰਣਿ[87] ਤਨੁ[88] ਧਾਰਿਆ[89]ਸੋ ਪ੍ਰਭੁ[90] ਡਿਠਾ[91] ਨਾਲਿ[92] ॥	I have seen[91] with[92] me the Lord[90], for[87] seeking whom[86] I assumed[89] this body[88].	ਮੈਂ ਉਸ[90] ਸੁਆਮੀ ਨੂੰ ਆਪਣੇ ਸਾਥ[92] ਵੇਖ[91] ਲਿਆ ਹੈ, ਜਿਸ[86] ਨੂੰ ਭਾਲਣ ਦੇ ਲਈ[87] ਮੈਂ ਇਹ ਦੇਹਿ[88] ਅਖ਼ਤਿਆਰ[89] ਕੀਤੀ ਸੀ।
ਜਲਿ[93]ਥਲਿ[94] ਮਹੀਅਲਿ[95] ਪੂਰਿਆ[96] ਪ੍ਰਭੁ[97] ਆਪਣੀ ਨਦਰਿ[98] ਨਿਹਾਲਿ[99] ॥੨॥	The Lord[97] whofill eth[96] the water[93], earth[94] and the space[95] beholdeth[99] (every one) with his Grace[98].	ਪਰਮਾਤਮਾ[97] ਜੋ ਕਿ ਜਲ ਵਿਚ[93], ਧਰਤੀ ਵਿਚ[94], ਆਕਾਸ਼ ਵਿਚ[95], ਹਰ ਥਾਂ ਤੇ ਭਰਪੂਰ[96] ਹੈ (ਸਭ ਨੂੰ) ਆਪਣੀ ਮਿਹਰ ਦੀ ਨਿਗਾਹ[98] ਨਾਲ ਦੇਖਦਾ[99] ਹੈ।
ਮਨੁ[100] ਤਨੁ[2] ਨਿਰਮਲੁ[3] ਹੋਇਆ[4] ਲਾਗੀ[5] ਸਾਚੁ[6] ਪਰੀਤਿ[7] ॥	By enshrining[5] affection[7] for the True Lord[6], the soul[100] and body[2] become[4] pure[3].	ਸੱਚੇ ਸੁਆਮੀ[6] ਨਾਲ ਪਿਰਹੜੀ[7] ਪਾਉਣ[5] ਦੁਆਰਾ ਆਤਮਾ[100] ਤੇ ਦੇਹਿ[2] ਪਵਿੱਤ੍ਰ[3] ਹੋ ਜਾਂਦੇ[4] ਹਨ।
ਚਰਣ[8] ਭਜੇ[9] ਪਾਰਬ੍ਰਹਮ[10] ਕੇ ਸਭਿ ਜਪ ਤਪ[12] ਤਿਨ ਹੀ[13] ਕੀਤਿ[14] ॥੩॥	He who thinks[9] of the Feet[8] of Lofty Lord[10], he[13] is deemed to have performed[14] all the worships[11] and austerities[12].	ਜੋ ਉੱਚੇ ਸੁਆਮੀ[10] ਦੇ ਪੈਰਾਂ[8] ਦਾ ਧਿਆਨ[9] ਧਰਦਾ ਹੈ, ਮਾਨੋ ਉਸ[13] ਨੇ ਸਾਰੀਆਂ ਉਪਾਸ਼ਨਾ[11] ਤੇ ਤਪੱਸਿਆ[12] ਕਰ[14] ਲਈਆਂ ਹਨ।
ਰਤਨ[15] ਜਵੇਹਰ[16] ਮਾਣਿਕਾ[17] ਅੰਮ੍ਰਿਤੁ[18] ਹਰਿ ਕਾ ਨਾਉ[19] ॥	The Name of God[19] is like the Nectar[18], the Gem[15], the Ruby[16] and the Pearl[17].	ਵਾਹਿਗੁਰੂ ਦਾ ਨਾਮ[19] ਆਬਿ-ਹਿਯਾਤ[18], ਹੀਰੇ[15], ਲਾਲ[16] ਤੇ ਮੋਤੀ[17] ਵੱਤ ਹੈ।
ਸੂਖ ਸਹਜ[20] ਆਨੰਦ[21]	By singing[25] the praises[24] of God,	ਵਾਹਿਗੁਰੂ ਦਾ ਜੱਸ[24] ਗਾਇਨ[25] ਕਰਨ ਦੁਆਰਾ, ਹੇ

ਰਸ[22] ਜਨ[23] ਨਾਨਕ ਹਰਿਗੁਣ[24] ਗਾਉ[25] ॥ ੪ ॥ ੧੭ ॥ ੮੭ ॥	O' Slave[23] Nanak ! celestial beatitude[20], the essence[22] of all the happinesses[21], is obtained.	ਨਫ਼ਰ[23] ਨਾਨਕ ! ਸਾਰੀਆਂ ਖ਼ੁਸ਼ੀਆਂ[21] ਦਾ ਜੌਹਰ[22] ਬੈਕੁੰਠੀ ਪਰਮ ਅਨੰਦ[20] ਪਰਾਪਤ ਹੋ ਜਾਂਦਾ ਹੈ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਸੋਈ[26] ਸਾਸਤੁ[27] ਸਉਣੁ[28] ਸੋਇ[29] ਜਿਤੁ[30] ਜਪੀਐ[31] ਹਰਿਨਾਉ ॥	That[26] is the religious book[27] and that[29] the good omen[28] by which[30] God's Name may be repeated[31].	ਉਹੀ[26] ਧਾਰਮਕ ਪੁਸਤਕ[27] ਹੈ ਅਤੇ ਉਹ[29] ਹੀ ਸ਼ੁਭ ਸ਼ਗਨ[28], ਜਿਸ ਦੁਆਰਾ[30] ਵਾਹਿਗੁਰੂ ਦੇ ਨਾਮ ਨੂੰ ਸਿਮਰਿਆ[31] ਜਾਵੇ।
[32]ਚਰਨਕਮਲ[33] ਗੁਰਿ ਧਨੁ[34] ਦੀਆ ਮਿਲਿਆ[35] ਨਿਥਾਵੇ[36] ਥਾਉ[37] ॥	The Guru has given me the wealth[34] of Lord's Lotus[33] Feet[32] and I, the shelterless[36], have obtained[35] a Shelter[37]	ਗੁਰੂ ਨੇ ਮੈਨੂੰ ਸਾਹਿਬ ਦੇ ਕੰਵਲ[33] ਰੂਪੀ ਪੈਰਾਂ[32] ਦਾ ਖ਼ਜ਼ਾਨਾ[34] ਦਿੱਤਾ ਹੈ ਅਤੇ ਮੈਂ ਟਿਕਾਣੇ-ਰਹਿਤ[36] ਨੂੰ ਟਿਕਾਣਾ[37] ਪਰਾਪਤ[35] ਹੋ ਗਿਆ ਹੈ।
ਸਾਚੀ[38]ਪੂੰਜੀ[39]ਸਚੁ ਸੰਜਮੋ[40] ਆਠ ਪਹਰ[41] ਗੁਣ[42] ਗਾਉ[43] ॥	The true[38] capital[39] and true way of life[40] consist in singing[43] God's praises[42] throughout the eight watches[41].	ਸੱਚੀ[38] ਰਾਸ[39] ਅਤੇ ਸੱਚੀ ਜੀਵਨ ਰਹਿਣੀ-ਬਹਿਣੀ[40] ਅੱਠੇ ਪਹਿਰ[41] ਵਾਹਿਗੁਰੂ ਦਾ ਜੱਸ[42] ਗਾਇਨ[43] ਕਰਨ ਵਿਚ ਹੀ ਹੈ।
ਕਰਿ[44] ਕਿਰਪਾ[45] ਪ੍ਰਭੁ ਭੇਟਿਆ[46] ਮਰਣੁ[47] ਨ ਆਵਣੁ[48] ਜਾਉ[49] ॥੧॥	He, to whom the Lord shows[44] mercy[45], meets[46] Him. He then dies[47], comes[48] and goes[49] not.	ਜਿਸ ਉਤੇ ਸਾਈਂ ਮਿਹਰ[45] ਧਾਰਦਾ[44] ਹੈ, ਉਹ ਉਸ ਨੂੰ ਮਿਲ[46] ਪੈਂਦਾ ਹੈ। ਉਹ ਮੁੜ ਮਰਦਾ[47], ਆਉਂਦਾ[48] ਤੇ ਜਾਂਦਾ[49] ਨਹੀਂ।
ਮੇਰੇ ਮਨ[50] ਹਰਿ ਭਜੁ[51] ਸਦਾ[52] [53]ਇਕਰੰਗਿ[54] ॥	O' my Soul[50] ! ever[52] meditate[51] thou on God with single-minded[53] affection[54].	ਹੇ ਮੇਰੀ ਜਿੰਦੜੀਏ[50] ! ਤੂੰ ਹਮੇਸ਼ਾ[52] ਇਕ-ਚਿੱਤੀ[53] ਪ੍ਰੀਤ[54] ਨਾਲ ਵਾਹਿਗੁਰੂ ਦਾ ਚਿੰਤਨ[51] ਕਰ।
ਘਟ ਘਟ[55]ਅੰਤਰਿ[56]ਰਵਿ[57] ਰਹਿਆ ਸਦਾ[58] ਸਹਾਈ[59] ਸੰਗਿ[60] ॥੧॥ ਰਹਾਉ ॥	Thy Succour[59], who resides[57] in[56] every heart[55], is ever[58] with[60] thee. Pause.	ਤੇਰਾ ਮਦਦਗਾਰ[59] ਜੋ ਹਰ ਦਿਲ[55] ਅੰਦਰ[56] ਵਿਆਪਕ[57] ਹੈ, ਹਮੇਸ਼ਾ[58] ਤੇਰੇ ਨਾਲ[60] ਹੈ। ਠਹਿਰਾਉ।
ਸੁਖਾ[61] ਕੀ ਮਿਤਿ[62] ਕਿਆ[63] ਗਣੀ[64] ਜਾ[65] ਸਿਮਰੀ[66] [67]ਗੋਵਿੰਦੁ[68] ॥	How[63] can I measure[64] the extent[62] of the happiness[61] which ensues when[66] I meditate[66] on the Lord[68] of the world[67] ?	ਮੈਂ ਉਸ ਖ਼ੁਸ਼ੀ[61] ਦਾ ਕੀ[63] ਅੰਦਾਜ਼ਾ[62] ਲਾ[64] ਸਕਦਾ ਹਾਂ, ਜਿਹੜੀ ਉਦੋਂ ਪੈਦਾ ਹੁੰਦੀ ਹੈ, ਜਦ[66] ਮੈਂ ਸ੍ਰਿਸ਼ਟੀ[67] ਦੇ ਸੁਆਮੀ[68] ਦਾ ਅਰਾਧਨ[66] ਕਰਦਾ ਹਾਂ ?
ਜਿਨ[69] ਚਾਖਿਆ[70] ਸੇ[71] ਤ੍ਰਿਪਤਾਸਿਆ[72] ਉਹੁ[73] ਰਸੁ[74] ਜਾਣੈ[75] ਜਿੰਦੁ[76] ॥	The one[71] who[69] tastes[70] the Name Nectar, gets satiated[72]. His[73] soul[76] alone knows[75] the relish of the Name Nectar[74].	ਜੋ[69] ਨਾਮ ਅੰਮ੍ਰਿਤ ਨੂੰ ਪਾਨ[70] ਕਰਦਾ ਹੈ, ਉਹ[71] ਧ੍ਰਾਪ[72] ਜਾਂਦਾ ਹੈ। ਕੇਵਲ ਉਸ[73] ਦੀ ਜਿੰਦੜੀ[76] ਹੀ ਨਾਮ ਅੰਮ੍ਰਿਤ[74] ਦੇ ਸੁਆਦ ਨੂੰ ਜਾਣਦੀ[75] ਹੈ।
੪੯	49	੪੯
ਸੰਤਾ ਸੰਗਤਿ[77] ਮਨਿ[78] ਵਸੈ[79] ਪ੍ਰਭੁ ਪ੍ਰੀਤਮੁ[80] ਬਖਸਿੰਦੁ[81] ॥	Through the society of[77] the saints the Beloved[80] Lord, the pardoner[81] abides[79] in one's mind[78].	ਸਾਧ-ਸੰਗਤ[77] ਰਾਹੀਂ ਮਾਫ਼ੀ ਦੇਣਹਾਰ[81], ਪਿਆਰਾ[80] ਸੁਆਮੀ ਇਨਸਾਨ ਦੇ ਹਿਰਦੇ[78] ਅੰਦਰ ਵੱਸਦਾ[79] ਹੈ।

ਜਿਨਿ ਸੇਵਿਆ[82] ਪ੍ਰਭੁ ਆਪਣਾ ਸੋਈ[83] ਰਾਜ[84] [85]ਨਰਿੰਦੁ[86] ॥ ੨ ॥

He[83], who has served[82] his Lord, is the emperor[84] of kings[86] of men[85] (the emperors)

ਜਿਸ ਨੇ ਆਪਣੇ ਸਾਈਂ ਦੀ ਟਹਿਲ[82] ਕੀਤੀ ਹੈ, ਉਹ[83] (ਪਾਤਸ਼ਾਹਾਂ) ਨਰਾਂ[85] ਦੇ ਰਾਜਿਆਂ[86] ਦਾ ਪਾਤਸ਼ਾਹ[84] ਹੈ ।

ਅਉਸਰਿ[87] ਹਰਿ ਜਸੁ[88] ਗੁਣ[89] ਰਮਣ[90] ਜਿਤੁ[91] ਕੋਟਿ[92] ਮਜਨ[93] ਇਸਨਾਨੁ[94] ॥

This is the time[87] to utter[90] the praises[88] and excellences[89] of God, by doing[91] which the merit, of taking myriads[92] of baths[93] and oblutions[94] at shrines, is obtained.

ਇਹ ਹੈ ਸਮਾਂ[87] ਵਾਹਿਗੁਰੂ ਦੀ ਕੀਰਤੀ[88] ਤੇ ਬਜ਼ੁਰਗੀਆਂ[89] ਉਚਾਰਨ[90] ਕਰਨ ਦਾ, ਜਿਸ ਦੇ ਕਰਨ[91] ਦੁਆਰਾ ਤੀਰਥਾਂ ਤੇ ਕ੍ਰੋੜਾਂ[92] ਹੀ ਟੁਭੇ ਲਾਉਣ[93] ਤੇ ਨ੍ਹਾਉਣ[94] ਦਾ ਫਲ ਪ੍ਰਾਪਤ ਹੋ ਜਾਂਦਾ ਹੈ ।

ਰਸਨਾ[95] ਉਚਰੈ[96] ਗੁਣਵਤੀ[97] ਕੋਇ ਨ ਪੁਜੈ[98] ਦਾਨੁ[99] ॥ ਦ੍ਰਿਸਟਿ[100] ਧਾਰਿ[2] ਮਨਿ[3] ਤਨਿ[4] ਵਸੈ[5] ਦਇਆਲ[6] ਪੁਰਖੁ[7] ਮਿਹਰਵਾਨੁ[8] ॥

The meritorious[97] tongue[95] repeats[96] Lord's praises. No charity[99] equals[98] it. By casting[2] His compassionate glance[100], the Kind[6], Omnipotent[7] and Merciful[8] Lord abides[5] within man's mind[3] and body[4].

ਗੁਣਾਂ[97] ਵਾਲੀ ਜਿਹਭਾ[95] ਪ੍ਰਭੂ ਦਾ ਜੱਸ ਬੋਲਦੀ[96] ਹੈ । ਕੋਈ ਭੀ ਖ਼ੈਰਾਤ[99] ਇਸ ਤੁਲ ਨਹੀਂ ਅੱਪੜਦੀ[98] । ਆਪਣੀ ਰਹਿਮਤ ਦੀ ਨਿਗ੍ਹਾ[100] ਕਰਕੇ[2] ਕ੍ਰਿਪਾਲੂ[6], ਸਰਬ-ਸ਼ਕਤੀਵਾਨ[7] ਅਤੇ ਮਹਿਆਵਾਨ[8] ਮਾਲਕ ਮਨੁੱਖ ਦੇ ਹਿਰਦੇ[3] ਤੇ ਦੇਹਿ[4] ਅੰਦਰ ਟਿਕਦਾ[5] ਹੈ ।

ਜੀਉ[9] ਪਿੰਡੁ[10] ਧਨੁ[11] ਤਿਸਦਾ[12] ਹਉ[13] ਸਦਾ ਸਦਾ[14] ਕੁਰਬਾਨੁ[15] ॥੩॥

My very life[9], body[10] and wealth[11] are His[12]. I[13] am ever and ever[14] a sacrifice[15] unto Him.

ਮੇਰੀ ਜਿੰਦ-ਜਾਨ,[9] ਦੇਹਿ[10] ਤੇ ਦੌਲਤ[11] ਉਸ[12] ਦੇ ਹਨ । ਹਮੇਸ਼ਾ, ਹਮੇਸ਼ਾ[14] ਹੀ ਮੈਂ[13] ਉਸ ਉਤੋਂ ਘੋਲੀ[15] ਜਾਂਦਾ ਹਾਂ ।

ਮਿਲਿਆ[16] ਕਦੇ ਨ ਵਿਛੁੜੈ[17] ਜੋ[18] ਮੇਲਿਆ[19] ਕਰਤਾਰਿ[20] ॥

The united one[16], whom[18] the Creator[20] has united[19] with Himself, never separates[17].

ਜੁੜਿਆ[16] ਹੋਇਆ, ਜਿਸ[18] ਨੂੰ ਸਿਰਜਨਹਾਰ[20] ਨੇ, ਆਪਣੇ ਨਾਲ ਜੋੜ[19] ਲਿਆ ਹੈ, ਕਦਾਚਿੱਤ ਜੁਦਾ[17] ਨਹੀਂ ਹੁੰਦਾ ।

ਦਾਸਾ[21] ਕੇ ਬੰਧਨ[22] ਕਟਿਆ[23] ਸਾਚੈ ਸਿਰਜਣਹਾਰਿ[24] ॥

The True Maker[24] has shattered[23] the shackles[22] of His attendants[21].

ਸੱਚੇ ਸਾਜਣ-ਵਾਲੇ[24] ਨੇ ਆਪਣੇ ਸੇਵਕਾਂ[21] ਦੀਆਂ ਬੇੜੀਆਂ[22] ਵੱਢ ਛੱਡੀਆਂ[23] ਹਨ ।

ਭੂਲਾ[25] ਮਾਰਗਿ[26] ਪਾਇਓਨੁ[30] ਗੁਣ[27] ਅਵਗੁਣ[28] ਨ ਬੀਚਾਰਿ[29] ॥

Unheeding[29] his merits[27] and demerits[28], the Lord has put[30] the erring[25] on the right path[26].

ਉਸ ਦੀਆਂ ਭਲਿਆਈਆਂ[27] ਤੇ ਬੁਰਿਆਈਆਂ[28] ਦਾ ਖਿਆਲ[29] ਨਾ ਕਰਦਿਆ ਹੋਇਆਂ ਸਾਈਂ ਨੇ ਘੁੱਸੇ[25] ਹੋਏ ਨੂੰ ਠੀਕ ਰਾਹੇ[26] ਪਾ[30] ਦਿੱਤਾ ਹੈ ।

ਨਾਨਕ ਤਿਸੁ[31] ਸਰਣਾਗਤੀ[32] ਜਿ[33] ਸਗਲ[34] ਘਟਾ[35] ਆਧਾਰੁ[36] ॥੪॥੧੮॥੮੮॥

Nanak has sought the sanctuary[32] of Him[31], who[33] is the support[36] of all[34] the hearts[35].

ਨਾਨਕ ਨੇ ਉਸ[31] ਦੀ ਸ਼ਰਣ[32] ਸੰਭਾਲੀ ਹੈ, ਜੋ[33] ਸਾਰਿਆਂ[34] ਦਿਲਾਂ[35] ਦਾ ਆਸਰਾ[36] ਹੈ ।

ਸਿਰੀ ਰਾਗੁ ਮਹਲਾ ੫ ॥

Sri Rag, Fifth Guru.

ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।

ਰਸਨਾ[37] ਸਚਾ[38] ਸਿਮਰੀਐ[39] ਮਨੁ[40] ਤਨੁ[41] ਨਿਰਮਲੁ[42] ਹੋਇ ॥

Repeat[39] the True Name[38], with (thy) tongue[37], so that (thine) mind[40] and body[41] may become pure[42].

(ਆਪਣੀ) ਜੀਭਾ[37] ਨਾਲ ਸੱਚੇ-ਨਾਮ[38] ਦਾ ਜਾਪ[39] ਕਰ, ਤਾਂ ਜੋ (ਤੇਰੀ) ਆਤਮਾ[40] ਤੇ ਦੇਹਿ[41] ਪਵਿੱਤ੍ਰ[42] ਹੋ ਜਾਣ ।

ਮਾਤ[43] ਪਿਤਾ[44] ਸਾਕ[45] ਅਗਲੇ[46] ਤਿਸੁ[47] ਬਿਨੁ[48] ਅਵਰੁ ਨ ਕੋਇ ॥

Of thy mother[43], father[44] and all[46] kith and kin[45], none shall be of any avail to thee without[48] that[47] God.

ਉਸ[47] ਵਾਹਿਗੁਰੂ ਦੇ ਬਾਝੋਂ[48] ਤੇਰੀ ਅੰਮੜੀ[43], ਬਾਬਲ[44] ਤੇ ਸਾਰੇ[46] ਸਨਬੰਧੀਆਂ[45] ਵਿਚੋਂ ਕੋਈ ਤੇਰੇ ਕਿਸੇ ਕੰਮ ਨਹੀਂ ਆਉਣਾ ।

ਮਿਹਰ[49] ਕਰੇ ਜੇ[50] ਆਪਣੀ ਚਸਾ[51] ਨ ਵਿਸਰੈ[52] ਸੋਇ[53] ॥ ੧ ॥	If[50] the Lord shows His mercy[49], man forgets[52] Him[53] not even for a moment[51].	ਜੇਕਰ[50] ਪ੍ਰਭੂ ਆਪਣੀ ਰਹਿਮਤ[49] ਧਾਰੇ ਤਾਂ ਆਦਮੀ ਉਸ[53] ਨੂੰ ਇਕ ਮੁਹਤ[51] ਲਈ ਭੀ ਨਹੀਂ ਭੁਲਦਾ[52] ।
ਮਨ ਮੇਰੇ ਸਾਚਾ[54] ਸੇਵਿ[55] ਜਿਚਰੁ[56] ਸਾਸੁ[57] ॥	O' my Mind[58]! serve[55] thou the True Lord[54], till[56] thou hast breath[57] (life).	ਹੇ ਮੇਰੇ ਮਨੂਏ[58]! ਜਦ ਤੱਕ[56] ਤੇਰੇ ਵਿਚ ਸਾਸ[57] (ਜਿੰਦ-ਜਾਨ) ਹੈ, ਤੂੰ ਸੱਚੇ ਸਾਹਿਬ[54] ਦੀ ਖ਼ਿਦਮਤ[55] ਕਰ ।
ਬਿਨੁ ਸਚੇ[58] ਸਭ ਕੂੜੁ[59] ਹੈ ਅੰਤੇ[60] ਹੋਇ ਬਿਨਾਸੁ[61] ॥ ੧ ॥ ਰਹਾਉ ॥	Without the True One[58], all else is false[59] and shall finally[60] perish[61]. Pause.	ਸਤਿਪੁਰਖ[58] ਦੇ ਬਗ਼ੈਰ ਹੋਰ ਸਭ ਕੁਝ ਝੂਠ[59] ਹੈ ਅਤੇ ਅਖ਼ੀਰ[60] ਨੂੰ ਨਾਸ[61] ਹੋ ਜਾਏਗਾ । ਠਹਿਰਾਉ ।
ਸਾਹਿਬੁ ਮੇਰਾ ਨਿਰਮਲਾ[62] ਤਿਸੁ ਬਿਨੁ ਰਹਣੁ[63] ਨ ਜਾਇ ॥	My Master is pure[62]. Without Him I cannot live[63].	ਮੇਰਾ ਮਾਲਕ ਪਵਿਤ੍ਰ[62] ਹੈ । ਉਸ ਦੇ ਬਗ਼ੈਰ ਮੈਂ ਰਹਿ[63] ਨਹੀਂ ਸਕਦਾ ।
ਮੇਰੈ ਮਨਿ[64] ਤਨਿ[65] ਭੁਖ[66] ਅਤਿ[67] ਅਗਲੀ[68] ਕੋਈ[72] ਆਣਿ[69] ਮਿਲਾਵੈ[70] ਮਾਇ[71] ॥	Within my soul[64] and body[65] is very[67] great[68] hunger[66] (desire) for God. Let some one[72] come[69] and unite[70] me with Him, O'my Mother[71]!	ਮੇਰੀ ਆਤਮਾ[64] ਤੇ ਦੇਹਿ[65] ਅੰਦਰ ਵਾਹਿਗੁਰੂ ਲਈ ਪਰਮ[67] ਭਾਰੀ[68] ਖੁਦਿਆ[66] (ਤਾਂਘ) ਹੈ । ਕੋਈ[72] ਆ ਕੇ[69] ਮੈਨੂੰ ਉਸ ਨਾਲ ਮਿਲਾ[70] ਦੇਵੇ, ਹੇ ਮੇਰੀ ਮਾਤਾ[71] ।
ਚਾਰੇ ਕੁੰਡਾ[73] ਭਾਲੀਆ[74] ਸਹ[75] ਬਿਨੁ ਅਵਰੁ[76] ਨ ਜਾਇ[77] ॥ ੨ ॥	I have searched[74] the four directions[73]. Without the Spouse[75] there is no other[76] place[77] of rest.	ਮੈਂ ਚਾਰੇ ਪਾਸੀਂ[73] ਢੂੰਡ-ਭਾਲ[74] ਕਰ ਲਈ ਹੈ । ਕੰਤ[75] ਦੇ ਬਾਝੋਂ ਹੋਰ ਕੋਈ[76] ਆਰਾਮ ਦੀ ਥਾਂ[77] ਨਹੀਂ ।
ਤਿਸੁ[78] ਆਗੈ[79] ਅਰਦਾਸਿ[80] ਕਰਿ ਜੋ ਮੇਲੇ ਕਰਤਾਰੁ[81] ॥	Make supplication[80] before[79] the[78] Guru, who may unite thee with the Creator[81].	ਤਿਸ[78] ਗੁਰੂ ਮੁਹਰੇ[79] ਪ੍ਰਾਰਥਨਾ[80] ਕਰ, ਜਿਹੜਾ ਤੈਨੂੰ ਸਿਰਜਣਹਾਰ[81] ਨਾਲ ਮਿਲਾ ਦੇਵੇ ।
ਸਤਿਗੁਰੁ ਦਾਤਾ[82] ਨਾਮ ਕਾ ਪੂਰਾ[83] ਜਿਸੁ[84] ਭੰਡਾਰੁ[85] ॥	The giver[82] of (God's) Name is the True Guru, whose[84] Treasure[85] is brimful[83].	(ਵਾਹਿਗੁਰੂ ਦੇ) ਨਾਮ ਦਾ ਦੇਣ ਵਾਲਾ[82] ਹੈ ਸੱਚਾ ਗੁਰੂ, ਲਬਾਲਬ[83] ਪੂਰਨ ਹੈ, ਜਿਸ[84] ਦਾ ਖ਼ਜ਼ਾਨਾ[85] ।
ਸਦਾ ਸਦਾ[86] ਸਾਲਾਹੀਐ[87] ਅੰਤੁ[88] ਨ ਪਾਰਾਵਾਰੁ[89] ॥ ੩ ॥	For ever and aye[86] praise[87] Him, whose limit[88] and either end[89] cannot be ascertained.	ਸਦੀਵ ਤੇ ਹਮੇਸ਼ਾਂ[86] ਲਈ ਉਸ ਦੀ ਪਰਸੰਸਾ[87] ਕਰ, ਜਿਸ ਦਾ ਓੜਕ[88] ਤੇ ਕੋਈ ਕਿਨਾਰਾ[89] ਨਹੀਂ ਜਾਣਿਆ ਜਾ ਸਕਦਾ ।
ਪਰਵਦਗਾਰੁ[90] ਸਾਲਾਹੀਐ[91] ਜਿਸ[92] ਦੇ ਚਲਤ[93] ਅਨੇਕ[94] ॥	Sing thou the praises[91] of the Nurturer[90], manifold[94] are whose[92] wonderous plays[93].	ਪਾਲਣ-ਪੋਸਣ-ਹਾਰ[90] ਦੀ ਉਪਮਾ[91] ਗਾਇਨ ਕਰ, ਘਨੇਰੇ[94] ਹਨ ਜਿਸ[92] ਦੇ ਅਦਭੁਤ ਕਉਤਕ[93] ।
ਸਦਾ ਸਦਾ ਆਰਾਧੀਐ[95] ਏਹਾ[96] ਮਤਿ[97] ਵਿਸੇਖ[98] ॥	Ever and ever meditate[95] on God. This[96] alone is the excellent[98] wisdom[97].	ਸਦੀਵ ਸਦੀਵ ਵਾਹਿਗੁਰੂ ਦਾ ਸਿਮਰਨ[95] ਕਰ । ਕੇਵਲ ਏਹੀ[96] ਪਰਮ ਸਰੇਸ਼ਟ[98] ਸਿਆਣਪ[97] ਹੈ ।
ਮਨਿ[99] ਤਨਿ[100] ਮਿਠਾ[2] ਤਿਸੁ[3]	Nanak, the Lord flavours[4] sweet[2] to	ਨਾਨਕ, ਸਾਹਿਬ, ਉਸ[3] ਦੀ ਆਤਮਾ[99] ਤੇ ਦੇਹਿ[100]

ਲਗੈ[4]ਜਿਸੁ ਮਸਤਕਿ[5] ਨਾਨਕ ਲੇਖ[6] ॥੪॥੧੯॥੮੯॥	the mind[99] and body[100] of him[3], who has good luck recorded[6] on his brow[5].	ਨੂੰ ਮਿੱਠੜਾ[2] ਲੱਗਦਾ ਹੈ, ਜਿਸ ਦੇ ਮੱਥੇ[5] ਉੱਤੇ ਚੰਗੇ ਭਾਗ ਲਿਖੇ[6] ਹੋਏ ਹਨ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਸੰਤੁ ਜਨਹੁ[7] ਮਿਲਿ ਭਾਈ[8]ਹੋ[9] ਸਚਾ[10] ਨਾਮੁ ਸਮਾਲਿ[11] ॥	O'[9] Brethren[8]! meeting the society of the holy persons[7], deliberate[11] over the True Name[10].	ਹੇ[9] ਭਰਾਓ[8]! ਨੇਕ ਪੁਰਸ਼ਾਂ[7] ਦੀ ਸੰਗਤ ਨਾਲ ਮਿਲ ਕੇ ਸਤਿਨਾਮ[10] ਦਾ ਅਰਾਧਨ[11] ਕਰੋ।
ਤੋਸਾ[12] ਬੰਧਹੁ[13] ਜੀਅ[14] ਕਾ ਐਥੈ[15] ਓਥੈ[16] ਨਾਲਿ[17] ॥	For the soul[14] bind[13] (gather) thou the viaticum[12] of the True Name which shall be with[17] thee, here[15] and here-after[16].	ਆਪਣੀ ਆਤਮਾ[14] ਲਈ ਤੂੰ ਸੱਚੇ ਨਾਮ ਦਾ ਸਫ਼ਰ-ਖ਼ਰਚ[12] ਬੰਨ੍ਹ[13] (ਜਮ੍ਹਾਂ ਕਰ) ਜਿਹੜਾ ਏਥੇ[15] ਤੇ ਏਥੋਂ-ਮਗਰੋਂ[16] ਤੇਰੇ ਸਾਥ[17] ਹੋਏਗਾ।
ਗੁਰ ਪੂਰੇ[18] ਤੇ ਪਾਈਐ[19] ਅਪਣੀ ਨਦਰਿ[20] ਨਿਹਾਲਿ[21] ॥	If the Lord looks[21] with His favour[20], thou shalt obtain[19] this (viaticum) from the perfect[18] Guru.	ਜੇਕਰ ਸੁਆਮੀ ਆਪਣੀ ਮਿਹਰ[20] ਨਾਲ[21] ਤੱਕੇ ਤਾਂ ਤੂੰ ਮੁਕੰਮਲ[18] ਗੁਰਾਂ ਪਾਸੋਂ ਇਹ (ਸਫ਼ਰ-ਖ਼ਰਚ) ਪਾ ਲਵੇਂਗਾ[19]।
ਕਰਮਿ[22] ਪਰਾਪਤਿ[23] ਤਿਸੁ[24] ਹੋਵੈ ਜਿਸ ਨੋ[25] ਹੋਇ ਦਇਆਲੁ[26] ॥	He[24] unto[25] whom God becomes merciful[26], becomes the recipient[23] of His Grace[22].	ਜਿਸ[25] ਉੱਤੇ ਵਾਹਿਗੁਰੂ ਮਿਹਰਵਾਨ[26] ਹੋ ਜਾਂਦਾ ਹੈ, ਉਹ[24] ਉਸ ਦੀ ਮਿਹਰ[22] ਦਾ ਪਾਤ੍ਰ[23] ਹੋ ਜਾਂਦਾ ਹੈ।
ਮੇਰੇ ਮਨ ਗੁਰ ਜੇਵਡੁ[27] ਅਵਰੁ[28] ਨ ਕੋਇ ॥	My mind, none else[28] is so great as[27] the Guru.	ਮੇਰੀ ਜਿੰਦੜੀਏ! ਗੁਰਾਂ ਜਿੱਡਾ[27] ਵੱਡਾ ਹੋਰ[28] ਕੋਈ ਨਹੀਂ।
ਦੂਜਾ[29] ਥਾਉ[30] ਨ ਕੋ ਸੁਝੈ[31]	I can think[31] of no other[29] place[30].	ਮੈਂ ਕਿਸੇ ਹੋਰਸ[29] ਜਗ੍ਹਾ[30] ਦਾ ਖ਼ਿਆਲ[31] ਨਹੀਂ ਕਰ ਸਕਦਾ।
ਗੁਰ ਮੇਲੇ[32] ਸਚੁ[33] ਸੋਇ[34] ॥ ੧ ॥ ਰਹਾਉ ॥	The Guru alone can cause me to meet[32] that[34] True Lord[33] Pause.	ਕੇਵਲ ਗੁਰੂ ਹੀ ਮੈਨੂੰ ਉਸ[34] ਸੱਚੇ ਸਾਹਿਬ[33] ਨਾਲ ਮਿਲਾ[32] ਸਕਦਾ ਹੈ। ਠਹਿਰਾਉ।
ਸਗਲ[35] ਪਦਾਰਥ[36] ਤਿਸੁ[37] ਮਿਲੇ[41] ਜਿਨਿ[38] ਗੁਰੁ ਡਿਠਾ[39] ਜਾਇ[40] ॥	He[37], who[38] goes[40] and beholds[39] the Guru, obtains[41] all[35] the valuables[36].	ਜੋ[38] ਜਾ ਕੇ[40] ਗੁਰਾਂ ਦਾ ਦਰਸ਼ਨ[39] ਕਰਦਾ ਹੈ, ਉਸ[37] ਨੂੰ ਸਾਰੀਆਂ[35] ਧਨ-ਦੌਲਤਾਂ[36] ਪ੍ਰਾਪਤ[41] ਹੋ ਜਾਂਦੀਆਂ ਹਨ।
ਗੁਰ ਚਰਣੀ[42] ਜਿਨ[45] ਮਨੁ[43] ਲਗਾ[44] ਸੇ[46] [47]ਵਡਭਾਗੀ[48] ਮਾਇ[49] ॥	O' my Mother[49]! Exceedingly[47] lucky[48], are they[46], whose[45] mind[43] is attached[44] with Guru's feet[42].	ਹੇ ਮੇਰੀ ਮਾਤਾ[49]! ਭਾਰੇ[47] ਨਸੀਬਾਂ ਵਾਲੇ[48] ਹਨ ਉਹ[46], ਜਿਨ੍ਹਾਂ[45] ਦਾ ਮਨੂਆ[43] ਗੁਰਾਂ ਦੇ ਪੈਰਾਂ[42] ਨਾਲ ਜੁੜਿਆ[44] ਹੈ।
ਗੁਰੁ ਦਾਤਾ[50] ਸਮਰਥੁ[51] ਗੁਰੁ ਗੁਰੁ ਸਭ ਮਹਿ[52] ਰਹਿਆ ਸਮਾਇ[53] ॥	The Guru is the Donor[50], the Guru the Omnipotent Being[51] and the Guru is contained[53] amongst[52] all.	ਗੁਰੂ ਜੀ ਦਾਤਾਰ[50] ਹਨ, ਗੁਰੂ ਜੀ ਹੀ ਸਰਬ-ਸ਼ਕਤੀਵਾਨ[51] ਪੁਰਖ ਅਤੇ ਗੁਰੂ ਜੀ ਹੀ ਸਾਰਿਆਂ ਅੰਦਰ[52] ਵਿਆਪਕ[53] ਹਨ।
ਗੁਰੁ ਪਰਮੇਸਰੁ[54] ਪਾਰਬ੍ਰਹਮੁ[55] ਗੁਰੁ ਡੁਬਦਾ[56] ਲਏ ਤਰਾਇ[57] ॥ ੨ ॥	The Guru is the Supreme Lord[54] and the Transcendent[55] Master. The Guru floats[57] (saves) the drowning[56] one.	ਗੁਰੂ ਜੀ ਸ਼੍ਰੋਮਣੀ ਸਾਹਿਬ[54] ਅਤੇ ਉਤਕ੍ਰਿਸ਼ਟਤ ਮਾਲਕ[55] ਹਨ। ਗੁਰੂ ਜੀ ਡੁਬਦੇ[56] ਹੋਏ ਨੂੰ ਪਾਰ[57] ਕਰ ਦਿੰਦੇ ਹਨ।
ਕਿਤੁ[58] ਮੁਖਿ[59] ਗੁਰੁ	With what[58] mouth[59] should I	ਮੈਂ ਕਿਹੜੇ[58] ਮੂੰਹ[59] ਨਾਲ ਗੁਰਾਂ ਦੀ ਤਾਰੀਫ਼[60] ਕਰਾਂ,

ਸਾਲਾਹੀਐ[60] ਕਰਣ[61] ਕਾਰਣ[62] ਸਮਰਥੁ[63] ॥	eulogize[60] the Guru, who is capable[63] of doing[61] everything[62].	ਜੋ ਸਾਰੇ ਕੰਮਾਂ[62] ਨੂੰ ਨੇਪਰੇ ਚਾੜ੍ਹਨ[61] ਯੋਗ[63] ਹਨ।
ਸੇ[64] ਮਥੇ[65] ਨਿਹਚਲ[66] ਰਹੇ ਜਿਨ[69] ਗੁਰਿ ਧਾਰਿਆ[67] ਹਥੁ[68] ॥	Ever stable[66] remain the[64] brows[65] (men) on whom[69] the Guru has put[67] His hand[68].	ਸਦੀਵੀ[66] ਸਥਿਰ ਰਹਿੰਦੇ ਹਨ ਉਹ[64] ਮਸਤਕ[65] (ਬੰਦੇ) ਜਿਨ੍ਹਾਂ[69] ਉਤੇ ਗੁਰਾਂ ਨੇ ਆਪਣਾ ਹੱਥ[68] ਰਖਿਆ[67] ਹੈ।
ਗੁਰਿ ਅੰਮ੍ਰਿਤ[70] ਨਾਮੁ ਪੀਆਲਿਆ[71] ਜਨਮ[72] ਮਰਨ[73] ਕਾ ਪਥੁ[74] ॥	The Guru has caused me to[71] quaff ambrosial[70] Name, the destroyer[74] of birth[72] and death[73].	ਗੁਰਾਂ ਨੇ ਮੈਨੂੰ ਜੰਮਣ[72] ਤੇ ਮਰਣ[73] ਦਾ ਨਾਸ ਕਰਨਹਾਰ[74] ਸੁਧਾ-ਸਰੂਪ[70] ਨਾਮ ਪਾਨ ਕਰਾਇਆ[71] ਹੈ।
ਗੁਰੁ ਪਰਮੇਸਰੁ[75] ਸੇਵਿਆ[76] [77]ਭੈ ਭੰਜਨੁ[78] ਦੁਖੁ[79] ਲਥੁ[80] ॥ ੩ ॥	I have served[76] the Guru, the embodiment of Lord[75] and the dispeller[78] of dread[77] and my agony[79] is eliminated[80].	ਮੈਂ ਸੁਆਮੀ[75] ਸਰੂਪ ਤੇ ਡਰ[77] ਦੂਰ ਕਰਨਹਾਰ[78] ਗੁਰਾਂ ਦੀ ਟਹਿਲ[76] ਕਮਾਈ ਹੈ ਅਤੇ ਮੇਰਾ ਕਸ਼ਟ[79] ਨਵਿਰਤ[80] ਹੋ ਗਿਆ ਹੈ।
੫੦	**50**	**੫੦**
ਸਤਿਗੁਰੁ ਗਹਿਰ[81] ਗੰਭੀਰੁ[82] ਹੈ ਸੁਖ[83] ਸਾਗਰੁ[84] ਅਘ[85]-ਖੰਡੁ[86] ॥	The True Guru is the profound[81] and unfathomable[82] Ocean[84] of Peace[83] and the destroyer[86] of sin[85].	ਸੱਚਾ ਗੁਰੂ ਠੰਢ-ਚੈਨ[83] ਦਾ ਡੂੰਘਾ[81] ਤੇ ਅਥਾਹ[82] ਸਮੁੰਦਰ[84] ਹੈ ਅਤੇ ਪਾਪ[85] ਦਾ ਨਾਸ[86] ਕਰਣਹਾਰ ਹੈ।
ਜਿਨਿ ਗੁਰੁ ਸੇਵਿਆ[87] ਆਪਣਾ [88]ਜਮਦੂਤ[89] ਨ ਲਾਗੈ ਡੰਡੁ[90] ॥	He who has served[87] his Guru for him there is no punishment[90] of the death's[88] myrmidon[89].	ਜਿਸਨੇ ਆਪਣੇ ਗੁਰਾਂ ਦੀ ਟਹਿਲ[87] ਕਮਾਈ ਹੈ, ਉਸ ਨੂੰ ਮੌਤ[88] ਦਾ ਫ਼ਰਿਸ਼ਤਾ[89] ਸਜ਼ਾ[90] ਨਹੀਂ ਦਿੰਦਾ।
ਗੁਰ ਨਾਲਿ ਤੁਲਿ[91] ਨ ਲਗਈ ਖੋਜਿ[92] ਡਿਠਾ[93] ਬ੍ਰਹਮੰਡੁ[94] ॥	There is no one at par[91] with the Guru. I have searched[92] and seen[93] the whole universe[94].	ਗੁਰਾਂ ਦੇ ਬਰਾਬਰ[91] ਕੋਈ ਵੀ ਨਹੀਂ। ਮੈਂ ਸਾਰਾ ਆਲਮ[94] ਢੂੰਡ ਭਾਲ[92] ਕੇ ਵੇਖ[93] ਲਿਆ ਹੈ।
ਨਾਮੁ ਨਿਧਾਨੁ[95] ਸਤਿਗੁਰਿ ਦੀਆ[100] ਸੁਖੁ[96] ਨਾਨਕ ਮਨ[97] ਮਹਿ[98] ਮੰਡੁ[99] ॥ ੪ ॥ ੨੦ ॥ ੯੦ ॥	The True Guru has given[100] the Name treasure[95] and Nanak has thereby enshrined[99] solace[96] in[98] his mind[97].	ਸੱਚੇ ਗੁਰਾਂ ਨੇ ਨਾਮ ਦਾ ਖ਼ਜ਼ਾਨਾ[95] ਦਿੱਤਾ[100] ਹੈ ਅਤੇ ਉਸ ਦੁਆਰਾ ਨਾਨਕ ਨੇ ਆਪਣੇ ਚਿੱਤ[97] ਅੰਦਰ[98] ਆਰਾਮ[96] ਧਾਰਨ[99] ਕਰ ਲਿਆ ਹੈ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਮਿਠਾ[2] ਕਰਿ[3] ਕੈ ਖਾਇਆ[4] ਕਉੜਾ[5] ਉਪਜਿਆ[6] ਸਾਦੁ[7] ॥	Deeming[3] (them) sweet[2] (man) enjoys[4] (worldly pleasures but they) turn out[6] to be bitter[5] in taste[7].	(ਉਨ੍ਹਾਂ ਨੂੰ) ਮਿੱਠੜੇ[2] ਜਾਣ[3] ਕੇ, (ਇਨਸਾਨ ਸੰਸਾਰੀ ਰੰਗ ਰਸ) ਭੋਗਦਾ[4] ਹੈ, (ਪਰ ਉਨ੍ਹਾਂ ਦਾ) ਸੁਆਦ[7] ਤੁਰਸ਼[5] ਨਿਕਲਦਾ[6] ਹੈ।
ਭਾਈ[8] ਮੀਤ[9] ਸੁਰਿਦ[11] ਕੀਏ[10] ਬਿਖਿਆ[12] ਰਚਿਆ[13] ਬਾਦੁ[14] ॥	Absurd[14] it is to contract[10] affection[11] with brothers[8] and friends[9] and to be engrossed[13] in sins[12].	ਬੇਹੂਦਾ[14] ਹੈ ਭਰਾਵਾਂ[8] ਤੇ ਯਾਰਾਂ[9] ਨਾਲ ਮੋਹ[11] ਕਰਨਾ[10] ਅਤੇ ਪਾਪਾਂ[12] ਅੰਦਰ ਖਚਤ[13] ਹੋਣਾ।
ਜਾਂਦੇ[15] ਬਿਲਮ[16] ਨ ਹੋਵਈ ਵਿਣੁ[17] ਨਾਵੈ[18] ਬਿਸਮਾਦੁ[19] ॥	In vanishing[15] they make no delay[16]. Without[17] God's Name[18] man is	ਅਲੋਪ[15] ਹੁੰਦੇ ਇਹ ਢਿਲ[16] ਨਹੀਂ ਲਾਉਂਦੇ। ਹਰੀ ਨਾਮ[18] ਦੇ ਬਾਝੋਂ[17] ਬੰਦਾ ਤਕਲੀਫ਼ ਵਿਚ ਡੌਰ-ਭੌਰ[19]

॥੧॥	confounded[19] in distress.	ਹੋ ਜਾਂਦਾ ਹੈ ।
ਮੇਰੇ ਮਨ ਸਤਗੁਰ ਕੀ ਸੇਵਾ[20] ਲਾਗੁ[21] ॥	O' my Soul ! apply[21] thyself to the True Guru's Service[20].	ਹੇ ਮੇਰੀ ਜਿੰਦੇ ! (ਆਪਣੇ ਆਪ ਨੂੰ) ਸਚੇ ਗੁਰਾਂ ਦੀ ਟਹਿਲ[20] ਅੰਦਰ ਜੋੜ[21] ।
ਜੋ[25] ਦੀਸੈ ਸੋ[26] ਵਿਣਸਣਾ[22] ਮਨ ਕੀ ਮਤਿ[23] ਤਿਆਗੁ[24] ॥ ੧ ॥ ਰਹਾਉ ॥	Whatever[25] is seen, that[26] shall perish[22]. Abandon[24] thou, O' Man thy mind's cleverness[23]. Pause.	ਜੋ ਕੁਛ[25] ਦਿਸਦਾ ਹੈ, ਉਹ[26] ਨਾਸ[22] ਹੋ ਜਾਵੇਗਾ । ਹੇ ਬੰਦੇ ! ਤੂੰ ਆਪਣੇ ਮਨੂਏ ਦੀ ਸਿਆਣਪ[23] ਨੂੰ ਛੱਡ[24] ਦੇ । ਠਹਿਰਾਉ ।
ਜਿਉ[27] ਕੂਕਰੁ[28] ਹਰਕਾਇਆ[29] ਧਾਵੈ[30] ਦਹ[31] ਦਿਸ[32] ਜਾਇ[33] ॥ ਲੋਭੀ[34] ਜੰਤੁ[35] ਨ ਜਾਣਈ[36] ਭਖੁ[37] ਅਭਖੁ[38] ਸਭ[39] ਖਾਇ[40] ॥	As[27] the rabid[29] dog[28] runs[30] and wanders[33] about in the ten[31] (all) directions[32], similarly the greedy[34] man[35] heeds[36] nothing and devours[40] all[39] what is eatable[37] and noneatable[38].	ਜਿਸ ਤਰ੍ਹਾਂ[27] ਹਲਕਿਆ[29] ਹੋਇਆ ਕੁੱਤਾ[28] ਦੱਸੀਂ[31] (ਸਾਰਿਆਂ) ਪਾਸੀਂ[32] ਭੱਜਦਾ[30] ਤੇ ਭਟਕਦਾ[33] ਫਿਰਦਾ ਹੈ, ਏਸੇ ਤਰ੍ਹਾਂ ਲਾਲਚੀ[34] ਜੀਵ[35] ਕੁਛ ਭੀ ਖ਼ਿਆਲ[36] ਨਹੀਂ ਕਰਦਾ ਅਤੇ ਖਾਣ-ਯੋਗ[37] ਤੇ ਨਾ-ਖਾਣ-ਯੋਗ[38] ਸਮੂਹ[39] ਹੜੱਪ[40] ਕਰ ਜਾਂਦਾ ਹੈ ।
ਕਾਮ[41] ਕ੍ਰੋਧ[42] ਮਦਿ[43] ਬਿਆਪਿਆ[44] ਫਿਰਿ[45] ਫਿਰਿ ਜੋਨੀ[46] ਪਾਇ[47] ॥੨॥	He, who is engrossed[44] in lust[41], anger[42] and ego[43], takes[47] birth[46] again and again[45].	ਜੋ ਭੋਗ-ਇਛਾ[41], ਗੁੱਸੇ[42] ਤੇ ਹੰਕਾਰ[43] ਅੰਦਰ ਗਲਤਾਨ[44] ਹੈ, ਮੁੜ ਮੁੜ[45] ਕੇ ਜੂਨੀਆਂ[46] ਅੰਦਰ ਪੈਂਦਾ[47] ਹੈ ।
ਮਾਇਆ[48] ਜਾਲੁ[49] ਪਸਾਰਿਆ[50] ਭੀਤਰਿ[51] ਚੋਗ[52] ਬਣਾਇ[53] ॥	Mammon[48] has spread[50] out its net[49] and in[51] it has placed[53] the bait[52].	ਮੋਹਣੀ[48] ਨੇ ਆਪਣੀ ਫਾਹੀ[49] ਖਿਲਾਰੀ[50] ਹੋਈ ਹੈ ਅਤੇ ਇਸ ਅੰਦਰ[51] ਚੋਗਾ[52] ਰੱਖ ਦਿੱਤਾ[53] ਹੈ ।
ਤ੍ਰਿਸਨਾ[54] ਪੰਖੀ[55] ਫਾਸਿਆ[56] ਨਿਕਸੁ[57] ਨ ਪਾਏ[58] ਮਾਇ[59] ॥	The avaricious[54] bird[55] is snared[56] and cannot[58] escape[57], O' my Mother[59] !	ਲਾਲਚੀ[54] ਪੰਛੀ[55] ਫਸ[56] ਜਾਂਦਾ ਹੈ ਅਤੇ ਨਿਕਲ[57] ਨਹੀਂ ਸਕਦਾ[58], ਹੇ ਮੇਰੀ ਮਾਤਾ[59] !
ਜਿਨਿ[60] ਕੀਤਾ[61] ਤਿਸਹਿ[62] ਨ ਜਾਣਈ[63] ਫਿਰਿ ਫਿਰਿ[64] ਆਵੈ ਜਾਇ[65] ॥	Man knows[63] (remembers) not Him[62], who[60] created[61] him and continues[64] coming and going[65] over and over again.	ਇਨਸਾਨ ਉਸ[62] ਨੂੰ ਨਹੀਂ ਜਾਣਦਾ[63] (ਸਿਮਰਦਾ) ਜਿਸ[60] ਨੇ ਇਸ ਨੂੰ ਰਚਿਆ[61] ਹੈ ਅਤੇ ਮੁੜ ਮੁੜ[64] ਕੇ ਆਉਂਦਾ ਜਾਂਦਾ[65] ਰਹਿੰਦਾ ਹੈ ।
ਅਨਿਕ[66] ਪ੍ਰਕਾਰੀ[67] ਮੋਹਿਆ[68] ਬਹੁ[69] ਬਿਧਿ[70] ਇਹੁ ਸੰਸਾਰੁ[71] ॥	This world[71] has been bewitched[68] in various[66] ways[67] and good many[69] devices[70].	ਅਨੇਕਾਂ[66] ਤਰੀਕਿਆਂ[67] ਤੇ ਘਨੇਰੇ[69] ਢੰਗਾਂ[70] ਨਾਲ ਇਸ ਦੁਨੀਆਂ[71] ਨੂੰ ਫ਼ਰੇਫ਼ਤਾ[68] ਕੀਤਾ ਹੋਇਆ ਹੈ ।
ਜਿਸ[72] ਨੋ ਰਖੈ[73] ਸੋ[74] ਰਹੈ[75] ਸੰਮ੍ਰਿਥੁ[76] ਪੁਰਖੁ[77] ਅਪਾਰੁ[78] ॥	He[74], whom[72] the Omnipotent[76] and Infinite[78] Lord[77] protects[73], is saved[75].	ਜਿਸ[72] ਦੀ ਸਰਬ-ਸ਼ਕਤੀਵਾਨ[76] ਅਤੇ ਬੇਅੰਤ[78] ਪ੍ਰਭੂ[77] ਰਖਿਆ[73] ਕਰਦਾ ਹੈ, ਉਹ[74] ਬਚ[75] ਜਾਂਦਾ ਹੈ ।
ਹਰਿਜਨ[79] ਹਰਿ ਲਿਵ[80] ਉਧਰੇ[81] ਨਾਨਕ ਸਦ[82] ਬਲਿਹਾਰੁ[83] ॥੪॥੨੧॥੯੧॥	Nanak is ever[82] a sacrifice[83] unto God's serfs[79], who are saved[81] through God's affection[80].	ਨਾਨਕ ਰੱਬ ਦੇ ਗੋਲਿਆਂ[79] ਉਤੋਂ ਹਮੇਸ਼ਾਂ[82] ਕੁਰਬਾਨ[83] ਜਾਂਦਾ ਹੈ, ਜੋ ਰੱਬ ਦੀ ਪ੍ਰੀਤ[80] ਰਾਹੀਂ ਪਾਰ ਉਤਰ[81] ਗਏ ਹਨ ।
ਸਿਰੀ ਰਾਗੁ ਮਹਲਾ ੫ ਘਰੁ ੨ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।

ਗੋਇਲਿ[84] ਆਇਆ[85] ਗੋਇਲੀ[86] ਕਿਆ[87] ਤਿਸੁ[88] ਡੰਫੁ[89] ਪਸਾਰੁ[90] ॥	When a herdsman[86] comes[85] to the pasture[84] land, of what[87] avail is his[88] making ostentatious[89] displays[90] over there ?	ਜਦ ਇਕ ਚਰਵਾਹਾ[86] ਚਰਾਗਾਹ[84] ਵਿਚ ਆਉਂਦਾ[85] ਹੈ, ਉਸ[88] ਦਾ ਉਥੇ ਆਡੰਬਰੀ[89]-ਖਿਲਾਰੇ[90] ਰਚਨ ਦਾ ਕੀ[87] ਲਾਭ ਹੈ ?
ਮੁਹਲਤਿ[91] ਪੁੰਨੀ[92] ਚਲਣਾ[93] ਤੂੰ ਸੰਮਲੁ[94] ਘਰਬਾਰੁ[95] ॥੧॥	When the time allowed[91] is completed[92], thou must depart[93], (O' herdsman !) Do thou take care[94] of thy real hearth and home[95].	ਜਦ ਦਿਤਾ ਹੋਇਆ ਸਮਾਂ[91] ਪੂਰਾ[92] ਹੋ ਗਿਆ, ਤੂੰ ਨਿਸਚੇ ਹੀ ਟੁਰ[93] ਜਾਏਂਗਾ, (ਹੇ ਵਾਗੀ !) ਤੂੰ ਆਪਣੇ ਅਸਲੀ ਘਰ-ਘਾਟ[95] ਦੀ ਸੰਭਾਲ[94] ਕਰ।
ਹਰਿਗੁਣ[96] ਗਾਉ[97] ਮਨਾ[98] ਸਤਿਗੁਰੁ ਸੇਵਿ[99] ਪਿਆਰਿ[100] ॥	O' my mind[98] ! sing[97] the excellences[96] of God and serve[99] the True Guru with love[100].	ਹੇ ਮੇਰੇ ਮਨ[98] ! ਵਾਹਿਗੁਰੂ ਦੀਆਂ ਸ੍ਰੇਸ਼ਟਤਾਈਆਂ[96] ਗਾਇਨ[97] ਕਰ ਅਤੇ ਪ੍ਰੀਤ[100] ਨਾਲ ਸਚੇ ਗੁਰਾਂ ਦੀ ਟਹਿਲ[99] ਕਮਾ।
ਕਿਆ[2] ਥੋੜੜੀ[3] ਬਾਤ[4] ਗੁਮਾਨੁ[5] ॥੧॥ ਰਹਾਉ ॥	Why[2] takest thou pride[5] on a trivial[3] thing[4] ? Pause.	ਤੂੰ ਤੁਛ[3] ਗੱਲ[4] ਤੇ ਕਿਉਂ[2] ਹੰਕਾਰ ਕਰਦਾ[5] ਹੈਂ ? ਠਹਿਰਾਉ।
ਜੈਸੇ[6] ਰੈਣਿ[7] ਪਰਾਹੁਣੇ[8] ਉਠਿ[9] [10]ਚਲਸਹਿ ਪਰਭਾਤਿ[11] ॥	Like[6] the night[7]-guest[8], thou shalt be up[9] to depart[10] in the morn[11].	ਰਾਤ[7] ਦੇ ਮਿਹਮਾਨ[8] ਦੀ ਤਰ੍ਹਾਂ[6] ਤੂੰ ਸੁਬ੍ਹਾ-ਸਵੇਰੇ[11] ਖੜਾ[9] ਹੋ ਤੁਰ ਪਵੇਂਗਾ[10]।
ਕਿਆ[12] ਤੂੰ ਰਤਾ[13] ਗਿਰਸਤ[14] ਸਿਉ ਸਭ[15] ਫੂਲਾ[16]ਕੀ ਬਾਗਾਤਿ[17]॥੨॥	Why[12] art thou bewitched[13] of thy house-hold[14] ? Everything[15] is short-lived like the orchard[17] flowers[16].	ਤੂੰ ਆਪਣੇ ਟੱਬਰ ਕਬੀਲੇ[14] ਨਾਲ ਕਿਉਂ[12] ਮਸਤ[13] ਹੋਇਆ ਹੋਇਆ ਹੈਂ ? ਹਰ[15] ਸ਼ੈ ਬਗੀਚੀ[17] ਦੇ ਪੁਸ਼ਪਾਂ[16] ਦੀ ਤਰ੍ਹਾਂ ਛਿਨ-ਭੰਗਰ ਹੈ।
ਮੇਰੀ[18] ਮੇਰੀ ਕਿਆ[19] ਕਰਹਿ[20] ਜਿਨਿ[21] ਦੀਆ[22] ਸੋ ਪ੍ਰਭੁ[23] ਲੋੜਿ[24] ॥	Why[19] sayest[20] thou "This is mine[18], that is mine". Seek[24] the Lord[23], who[21] gave[22] it to thee.	ਤੂੰ ਕਿਉਂ[19] ਆਖਦਾ[20] ਹੈਂ, "ਇਹ ਮੇਰੀ[18] ਹੈ, ਔਹ ਮੇਰੀ ਹੈ।" ਉਸ[23] ਸਾਹਿਬ ਦੀ ਭਾਲ[24] ਕਰ, ਜਿਸ[21] ਨੇ ਇਹ ਤੈਨੂੰ ਦਿੱਤੀ[22] ਹੈ।
ਸਰਪਰ[25]ਉਠੀ[26] ਚਲਣਾ[27] ਛਡਿ ਜਾਸੀ[28] ਲਖ[29] ਕਰੋੜਿ[30] ॥੩॥	Thou must assuredly[25] get up[26] and depart[27] and leave behind[28] a hundred thousand[29] and millions[30] (of rupees).	ਤੂੰ ਜ਼ਰੂਰ ਨਿਸਚਤ[25] ਹੀ ਖੜਾ[26] ਹੋ ਟੁਰ[27] ਜਾਏਂਗਾ ਅਤੇ ਲੱਖਾਂ[29] ਤੇ ਕਰੋੜਾਂ[30] (ਰੁਪਿਆਂ ਨੂੰ) ਛੱਡ[28] ਜਾਏਂਗਾ।
ਲਖ ਚਉਰਾਸੀਹ[31] ਭ੍ਰਮਤਿਆ[32] ਦੁਲਭ[33] ਜਨਮੁ[34] ਪਾਇਓਇ[35] ॥	Having wandered[32] through eighty-four[31] lakhs of existences, thou hast obtained[35] the scarcely procurable[33] human[34] life.	ਚੁਰਾਸੀ-ਲੱਖ ਜੂਨੀਆਂ[31] ਅੰਦਰ ਭਟਕਣ[32] ਮਗਰੋਂ ਤੈਨੂੰ ਨਾ-ਹੱਥ-ਲੱਗਣ ਵਾਲਾ[33] ਮਨੁੱਖੀ-ਜੀਵਨ[34] ਮਿਲਿਆ[35] ਹੈ।
ਨਾਨਕ ਨਾਮੁ ਸਮਾਲਿ[36] ਤੂੰ ਸੋ[37] ਦਿਨੁ ਨੇੜਾ[38] ਆਇਓਇ[39] ॥੪॥੨੨॥੯੨॥	Nanak, remember[36] thou the Name, (for) that[37] day of departure is drawing[39] near[38].	ਨਾਨਕ, ਤੂੰ ਨਾਮ ਦਾ ਸਿਮਰਨ[36] ਕਰ (ਕਿਉਂਕਿ) ਕੂਚ ਦਾ ਉਹ[37] ਦਿਹਾੜਾ ਨਜ਼ਦੀਕ[38] ਆ[39] ਰਿਹਾ ਹੈ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਤਿਚਰੁ[40]ਵਸਹਿ[41]ਸੁਹੇਲੜੀ[42]	As long as[43], Soul, it's companion[44],	ਜਦ ਤਾਈਂ[43] ਭਉਰ, ਇਸ ਦਾ ਸੰਗੀ[44], ਦੇਹਿ ਦੇ

ਜਿਚਰੁ[43] ਸਾਥੀ[44] ਨਾਲਿ[45] ॥	is with[45] the body, so long[40] it lives[41] happily[42].	ਸਾਥ[45] ਹੈ, ਤਦ ਤਾਈਂ[40] ਇਹ ਖੁਸ਼ੀ[42] ਨਾਲ ਰਹਿੰਦੀ[41] ਹੈ ।
ਜਾ[46] ਸਾਥੀ ਉਠੀ[47] ਚਲਿਆ[48] ਤਾ[49] ਧਨ[50] ਖਾਕੂ[51] ਰਾਲਿ[52] ॥੧॥	When[46] the comrade gets[47] up and departs[48] then[49] the body[50] bride mingles[52] with dust[51].	ਜਦ[46] ਸੰਗੀ ਖੜਾ[47] ਹੋ ਟੁਰ[48] ਜਾਂਦਾ ਹੈ, ਤਦ[49] ਦੇਹਿ[50] ਵਹੁਟੀ ਮਿੱਟੀ[51] ਨਾਲ ਮਿਲ[52] ਜਾਂਦੀ ਹੈ।
ਮਨਿ[53] ਬੈਰਾਗੁ[54] ਭਇਆ[55] ਦਰਸਨੁ[56] ਦੇਖਣੈ[57] ਕਾ ਚਾਉ[58] ॥	My mind[53] has developed[55] absence of worldly desires[54] and has ambition[58] to behold[57] Lord's sight[56].	ਮੇਰਾ ਚਿੱਤ[53] ਸੰਸਾਰਕ ਇੱਛਾਵਾਂ ਵਲੋਂ ਉਪਰਾਮ[54] ਹੋ ਗਿਆ[55] ਹੈ ਅਤੇ ਇਸ ਨੂੰ ਸਾਹਿਬ ਦਾ ਦੀਦਾਰ[56] ਵੇਖਣ[57] ਦੀ ਉਮੰਗ[58] ਹੈ ।
ਧੰਨੁ[59] ਸੁ[60] ਤੇਰਾ[62] ਥਾਨੁ[61] ॥੧॥ ਰਹਾਉ ॥	Blessed[59] is that[60] seat[61] of Thine[62] (O' Master !) Pause.	ਮੁਬਾਰਕ[59] ਹੈ ਤੇਰਾ[62] ਉਹ[60] ਟਿਕਾਣਾ[61], (ਹੇ ਮਾਲਕ !) ਠਹਿਰਾਉ ।
ਜਿਚਰੁ[63] ਵਸਿਆ[64] ਕੰਤੁ[65] ਘਰਿ[66] ਜੀਉ ਜੀਉ[67] ਸਭਿ[68] ਕਹਾਤਿ[69] ॥	As long as[63] the soul spouse[65] dwells[64] in the house[66] (body) every one[68] says[69] "Sir, sire[67]".	ਜਦ ਤੱਕ[63] ਭਉਰ ਭਰਤਾ[65] ਦੇਹਿ-ਗ੍ਰਿਹਿ[66] ਅੰਦਰ ਰਹਿੰਦਾ[64] ਹੈ, ਹਰ ਜਣਾ[68] ਆਖਦਾ[69] ਹੈ 'ਜੀ ਹਜ਼ੂਰ[67]'।
ਜਾ[70] ਉਠੀ[71] ਚਲਸੀ[72] ਕੰਤੜਾ[73] ਤਾ[73*] ਕੋਇ ਨ ਪੁਛੈ ਤੇਰੀ ਬਾਤ[74] ॥੨॥	When[70] the soul spouse[73] shall get up[71] and depart[72] no one shall care for thee[74] then[73*].	ਜਦ[70] ਭਉਰ-ਭਰਤਾ[73] ਉਠ[71] ਕੇ ਤੁਰ[72] ਜਾਵੇਗਾ, ਤਦ[73*] ਤੇਰੀ[74] ਕਿਸੇ ਨੇ ਭੀ ਸਾਰ ਨਹੀਂ ਲੈਣੀ ।
ਪੇਈਅੜੈ[75] ਸਹੁ[76] ਸੇਵਿ[77] ਤੂੰ ਸਾਹੁਰੜੈ[78] ਸੁਖਿ[79] ਵਸੁ[80] ॥	In parents home[75] (this world) do thou serve[77] thy Bridegroom[76] and abide[80] in peace[79] in thy father-in-laws[78] (the next world).	ਮਾਪਿਆਂ[75] ਦੇ ਘਰ (ਇਸ ਸੰਸਾਰ) ਅੰਦਰ ਤੂੰ ਆਪਣੇ ਕੰਤ[76] ਦੀ ਟਹਿਲ[77] ਕਮਾ ਅਤੇ ਸਹੁਰੇ[78]-ਘਰ (ਪ੍ਰਲੋਕ) ਆਰਾਮ[79] ਵਿਚ ਰਹੁ[80] !
ਗੁਰ ਮਿਲਿ[81] ਚਜੁ[82] ਅਚਾਰੁ[83] ਸਿਖੁ ਤੁਧੁ ਕਦੇ ਨ ਲਗੈ[84] ਦੁਖੁ[85] ॥੩॥	By meeting[81] the Guru, learn discretion[82] and pious conduct[83] and sorrow[85] shall never befall[84] thee.	ਗੁਰਦੇਵ ਜੀ ਨੂੰ ਭੇਟ[81] ਕੇ ਸ਼ਊਰ[82] ਤੇ ਨੇਕ-ਚਲਣ[83] ਸਿੱਖ ਅਤੇ ਤੈਨੂੰ ਗ਼ਮ[85] ਕਦਾਚਿੱਤ ਨਹੀਂ ਵਿਆਪੇਗਾ[84] ।
ਸਭਨਾ[86] ਸਾਹੁਰੈ[87] ਵੰਞਣਾ[88] ਸਭਿ ਮੁਕਲਾਵਣਹਾਰ[89] ॥	All[86] shall go[88] to their Bridegroom's[87] and all shall have ceremonial permanent departure after marriage[89].	ਸਾਰਿਆਂ[86] ਨੇ ਕੰਤ ਦੇ ਘਰ[87] ਜਾਣਾ[88] ਹੈ ਅਤੇ ਸਾਰਿਆਂ ਦੀ ਵਿਆਹ ਮਗਰੋਂ ਰਸਮੀ ਪੱਕੀ ਵਿਦਾਇਗੀ[89] ਹੋਣੀ ਹੈ ।
੫੧	**51**	**੫੧**
ਨਾਨਕ ਧੰਨੁ[90] ਸੋਹਾਗਣੀ[94] ਜਿਨ ਸਹੁ[91] ਨਾਲਿ[92] ਪਿਆਰੁ[93] ॥੪॥੨੩॥੯੩॥	Nanak, blessed[90] are the happy brides, who cantract affection[93] with[92] their Bridegroom[91].	ਨਾਨਕ ਮੁਬਾਰਕ[90] ਹਨ ਉਹ ਪ੍ਰਸੰਨ ਪਤਨੀਆਂ[94], ਜੋ ਆਪਣੇ ਪਤੀ[91] ਸਾਥ[92] ਪਿਰਹੜੀ[93] ਪਾਉਂਦੀਆਂ ਹਨ ।
	Note :—Interse ; Body and soul, former is the bride and latter the groom.	ਦੇਹਿ ਤੇ ਆਤਮਾ ਦੇ ਸੰਬੰਧ ਵਿਚ ਦੇਹਿ ਪਤਨੀ, ਤੇ ਆਤਮਾ ਪਤੀ ਹੈ !
	Interse ; Soul and God, former is	ਆਤਮਾ ਤੇ ਹਰੀ ਦੇ ਸੰਬੰਧ ਵਿਚ ਆਤਮਾ ਪਤਨੀ ਤੇ

	the bride and latter the groom.	ਹਰੀ ਪਤੀ ਹੈ ।
ਸਿਰੀ ਰਾਗੁ ਮਹਲਾ ੫ ਘਰੁ ੬ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
[95]ਕਰਣਕਾਰਣ[96] ਏਕੁ[97] ਓਹੀ[98] ਜਿਨਿ[99] ਕੀਆ ਆਕਾਰੁ[100] ॥	The[98] Unique[97] Lord, who[99] did create the Universe[100] is the Designer[96] of chances[96].	ਉਹ[98] ਅਦੁੱਤੀ[97] ਸਾਹਿਬ, ਜਿਸ[99] ਨੇ ਆਲਮ[100] ਸਾਜਿਆ ਹੈ, ਢੋ-ਮੇਲ[96] ਮੇਲਣਹਾਰ[96] ਹੈ ।
ਤਿਸਹਿ[2] ਧਿਆਵਹੁ[3] ਮਨ ਮੇਰੇ ਸਰਬ ਕੋ ਆਧਾਰੁ[4] ॥੧॥	Meditate[3] on Him[2], O' my Soul! who is the support[4] of all.	ਉਸ[2] ਦਾ ਸਿਮਰਨ[3] ਕਰ, ਹੇ ਮੇਰੀ ਜਿੰਦੜੀਏ ! ਜੋ ਸਾਰਿਆਂ ਦਾ ਆਸਰਾ[4] ਹੈ ।
ਗੁਰ ਕੇ ਚਰਨ[5] ਮਨ ਮਹਿ[6] ਧਿਆਇ[7] ॥	On Guru's feet[5], do thou contemplate[7] over within[6] thy mind.	ਗੁਰਾਂ ਦੇ ਪੈਰਾਂ[5] ਦਾ, ਤੂੰ ਆਪਣੇ ਚਿੱਤ ਅੰਦਰ[6] ਅਰਾਧਨ[7] ਕਰ !
ਛੋਡਿ[8] ਸਗਲ ਸਿਆਣਪਾ[9] ਸਾਚਿ ਸਬਦਿ[10] ਲਿਵ[11] ਲਾਇ[12] ॥੧॥ ਰਹਾਉ ॥	Lay aside[8] all thy cleverness[9] and enshrine[12] affection[11] for the True Name[10]. Pause.	ਆਪਣੀਆਂ ਸਾਰੀਆਂ ਅਕਲਾਂ[9] ਤਿਆਗ[8] ਦੇ ਅਤੇ ਸਚੇ-ਨਾਮ[10] ਨਾਲ ਪਿਰਹੜੀ[11] ਪਾ[12] । ਠਹਿਰਾਉ ।
ਦੂਖੁ[13] ਕਲੇਸੁ[14] ਨ ਭਉ[15] ਬਿਆਪੈ[16] ਗੁਰਮੰਤ੍ਰੁ[17] ਹਿਰਦੈ[18] ਹੋਇ ॥	Distress[13], agony[14] and fright[15] shall not cling[16] to thee if Guru's Word[17] be in thy mind[18].	ਜੇਕਰ ਗੁਰਾਂ ਦਾ ਸ਼ਬਦ[17] ਤੇਰੇ ਅੰਤਸ਼-ਕਰਨ[18] ਅੰਦਰ ਹੋਵੇ, ਤੈਨੂੰ ਤਕਲੀਫ[13], ਕਸ਼ਟ[14] ਤੇ ਡਰ[15] ਨਹੀਂ ਚਿੰਬੜਨਗੇ[16] ।
ਕੋਟਿ[19] ਜਤਨਾ[20] ਕਰਿ ਰਹੇ[21] ਗੁਰ ਬਿਨੁ[23] ਤਰਿਓ[22] ਨ ਕੋਇ ॥੨॥	By making millions[19] of efforts[20], people have grown weary[21] but without[23] the Guru none has been saved[22].	ਕ੍ਰੋੜਾਂ[19] ਹੀ ਉਪਰਾਲੇ[20] ਕਰਕੇ ਲੋਕ ਹਾਰ ਹੁੱਟ[21] ਗਏ ਹਨ, ਪਰੰਤੂ ਗੁਰਦੇਵ ਜੀ ਦੇ ਬਾਝੋਂ[23] ਕਿਸੇ ਦਾ ਭੀ ਪਾਰ ਉਤਾਰਾ[22] ਨਹੀਂ ਹੋਇਆ ।
ਦੇਖਿ ਦਰਸਨੁ[24] ਮਨੁ[25] ਸਾਧਾਰੈ[26] ਪਾਪ[27] ਸਗਲੇ ਜਾਹਿ[28] ॥	By beholding (Guru's) sight[24] the soul[25] secures solace[26] and all the sins[27] depart[28].	(ਗੁਰਾਂ ਦਾ) ਦੀਦਾਰ[24] ਵੇਖਣ ਦੁਆਰਾ ਆਤਮਾ[25] ਨੂੰ ਸਹਾਰਾ[26] ਮਿਲਦਾ ਹੈ ਅਤੇ ਸਾਰੇ ਗੁਨਾਹ[27] ਦੂਰ[28] ਹੋ ਜਾਂਦੇ ਹਨ ।
ਹਉ ਤਿਨ[30] ਕੈ ਬਲਿਹਾਰਣੈ[29] ਜਿ ਗੁਰ ਕੀ ਪੈਰੀ[31] ਪਾਹਿ[32] ॥੩॥	I am a sacrifice[29] unto those[30], who fall[32] at Guru's feet[31].	ਮੈਂ ਉਨ੍ਹਾਂ[30] ਉਤੋਂ ਘੋਲੀ[29] ਜਾਂਦਾ ਹਾਂ, ਜੋ ਗੁਰਾਂ ਦੇ ਚਰਨਾਂ[31] ਉਤੇ ਡਿਗਦੇ[32] ਹਨ ।
ਸਾਧ[33] ਸੰਗਤਿ ਮਨਿ ਵਸੈ[34] ਸਾਚੁ[35] ਹਰਿ ਕਾ ਨਾਉ[36] ॥	In the congregation of Saint[33] (Guru) the True[35] Name[36] of God comes to reside[34] in (mortal's) mind.	ਸਾਧ (ਗੁਰੂ) ਦੀ ਸੰਗਤ[33] ਅੰਦਰ ਵਾਹਿਗੁਰੂ ਦਾ ਸੱਚਾ[35] ਨਾਮ[36] (ਪ੍ਰਾਣੀ ਦੇ) ਚਿਤ ਅੰਦਰ ਟਿਕ[34] ਜਾਂਦਾ ਹੈ ।
ਸੇ[37] [38]ਵਡਭਾਗੀ[39] ਨਾਨਕਾ ਜਿਨਾ ਮਨਿ[40] ਇਹੁ ਭਾਉ[41] ॥੪॥੨੪॥੯੪॥	Very[38] fortunate[39] are they[37] O' Nanak! who have this Love[41] within their mind[40].	ਭਾਰੇ[38] ਨਸੀਬਾਂ[39] ਵਾਲੇ ਹਨ, ਹੇ ਨਾਨਕ ! ਉਹ[37], ਜਿਨ੍ਹਾਂ ਦੇ ਚਿੱਤ[40] ਅੰਦਰ ਇਹ ਪ੍ਰੀਤ[41] ਹੈ ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਸੰਚਿ[42] ਹਰਿਧਨੁ[46] ਪੂਜਿ[43]	Amass[42] God's wealth[46], worship[43]	ਵਾਹਿਗੁਰੂ ਦੀ ਦੌਲਤ[46] ਨੂੰ ਜਮ੍ਹਾਂ[42] ਕਰ, ਸਚੇ ਗੁਰਾਂ

ਸਤਿਗੁਰੁ ਛੋਡਿ[44] ਸਗਲ ਵਿਕਾਰ[45] ॥	the True Guru and eschew[44] all the sins[45].	ਦੀ ਉਪਾਸ਼ਨਾ[43] ਕਰ ਅਤੇ ਸਮੂਹ ਪਾਪਾਂ[45] ਨੂੰ ਤਿਆਗ[44] ਦੇ !
ਜਿਨਿ ਤੂੰ ਸਾਜਿ[47] ਸਵਾਰਿਆ[48] ਹਰਿ ਸਿਮਰਿ[49] ਹੋਇ ਉਧਾਰੁ[50] ॥ ੧ ॥	He who hast made[47] and adorned[48] thee, remember[49] Him and thou shalt be saved[50].	ਵਾਹਿਗੁਰੂ ਜਿਸਨੇ ਤੈਨੂੰ ਬਣਾਇਆ[47] ਅਤੇ ਸੁਭਾਇਮਾਨ[48] ਕੀਤਾ ਹੈ, ਦਾ ਚਿੰਤਨ[49] ਕਰਨ ਦੁਆਰਾ ਤੂੰ ਤਰ[50] ਜਾਵੇਂਗਾ।
ਜਪਿ[51] ਮਨ ਨਾਮੁ ਏਕੁ ਅਪਾਰੁ[52] ॥	O' Man ! repeat[51] the Name of the One Infinite Lord[52].	ਹੇ ਬੰਦੇ ! ਤੂੰ ਇਕ ਅਨੰਤ ਸਾਈਂ[52] ਦੇ ਨਾਮ ਦਾ ਸਿਮਰਨ[51] ਕਰ।
ਪ੍ਰਾਨ[53] ਮਨੁ[54] ਤਨੁ[55] ਜਿਨਹਿ ਦੀਆ ਰਿਦੇ[56] ਕਾ ਆਧਾਰੁ[57] ॥ ੧॥ ਰਹਾਉ ॥	He, who gave thee life[53], soul[54] and body[55], is the Support[57] of thy heart[56]. Pause.	ਜਿਸ ਨੇ ਤੈਨੂੰ ਜਿੰਦ-ਜਾਨ[53] ਆਤਮਾ[54] ਤੇ ਦੇਹਿ[55] ਦਿਤੇ ਹਨ, ਉਹੀ ਤੇਰੇ ਦਿਲ[56] ਦਾ ਆਸਰਾ ਹੈ[57]। ਠਹਿਰਾਉ।
ਕਾਮਿ[58] ਕ੍ਰੋਧਿ[59] ਅਹੰਕਾਰਿ[60] ਮਾਤੇ[62] ਵਿਆਪਿਆ[61] ਸੰਸਾਰੁ[63] ॥	The world[63] is intoxicated[62] and engrossed[61] in lust[58], wrath[59] and egotism[60].	ਦੁਨੀਆਂ[63] ਭੋਗ-ਬਿਲਾਸ[58], ਗੁੱਸੇ[59] ਅਤੇ ਹਉਮੈ[60] ਅੰਦਰ ਮਤਵਾਲੀ[62] ਤੇ ਗਲਤਾਨ[61] ਹੋਈ ਹੋਈ ਹੈ।
ਪਉ[64] ਸੰਤ ਸਰਣੀ[65] ਲਾਗੁ[66] ਚਰਣੀ[67] ਮਿਟੈ[68] ਦੂਖੁ[69] ਅੰਧਾਰੁ[70] ॥੨॥	Do thou seek[64] Saint's (Guru's) shelter[65], fall[66] at his feet[67] so that thy misery[69] and mental darkness[70] be removed[68].	ਤੂੰ ਗੁਰੂ ਦੀ ਸ਼ਰਨਾਗਤ[65] ਸੰਭਾਲ[64], ਉਨ੍ਹਾਂ ਦੇ ਪੈਰੀਂ[67] ਪਉ[66] ਤਾਂ ਕਿ ਤੇਰੀ ਅਪਦਾ[69] ਤੇ ਆਤਮਕ[70] ਅਨ੍ਹੇਰਾ ਦੂਰ[68] ਹੋ ਜਾਣ।
ਸਤੁ[71] ਸੰਤੋਖੁ[72] ਦਇਆ[73] ਕਮਾਵੈ[74] ਏਹ ਕਰਣੀ[75] ਸਾਰ[76] ॥	Do thou practise[74] truth[71], contentment[72] and mercy[73]. The most excellent[76] is this way of life[75].	ਤੂੰ ਸਚ[71], ਸੰਤੁਸ਼ਟਤਾ[72] ਅਤੇ ਰਹਿਮ[73] ਦੀ ਕਮਾਈ[74] ਕਰ। ਪਰਮ-ਸਰੇਸ਼ਟ[76] ਹੈ ਇਹ ਜੀਵਨ ਰਹੁ-ਰੀਤ[75]।
ਆਪੁ[77] ਛੋਡਿ[78] ਸਭ ਹੋਇ ਰੇਣਾ[79] ਜਿਸੁ ਦੇਇ[80] ਪ੍ਰਭੁ ਨਿਰੰਕਾਰੁ[81] ॥੩॥	He, whom the Formless[81] Lord blesses[80] renounces[78] his self-conceit[77] and becomes the dust[79] of all.	ਜਿਸ ਨੂੰ ਅਕਾਰ-ਰਹਿਤ[81] ਸਾਹਿਬ ਇਹ ਬਲ ਦਿੰਦਾ[80] ਹੈ, ਉਹ ਆਪਣੀ ਸਵੈ-ਹੰਗਤਾ[77] ਨੂੰ ਤਿਆਗ[78] ਦਿੰਦਾ ਹੈ ਅਤੇ ਸਾਰਿਆਂ ਦੇ ਪੈਰਾਂ ਦੀ ਧੂੜ[79] ਹੋ ਜਾਂਦਾ ਹੈ।
ਜੋ[82] ਦੀਸੈ[83] ਸੋ[84] ਸਗਲ[85] ਤੂੰ ਹੈ ਪਸਰਿਆ[86] ਪਾਸਾਰੁ[87] ॥	Whatever[82] extension[86] of the world[87] that is visible[83], that[84] all[85] is Thou, (O' Lord !)	ਸੰਸਾਰ[87] ਦਾ ਖਿਲਾਰ[86] ਜੋ ਕੁਛ[82] ਭੀ ਨਜ਼ਰ[83] ਆਉਂਦਾ ਹੈ, ਉਹ[84] ਸਭ[85] ਤੂੰ ਹੀ ਹੈਂ, (ਹੇ ਪ੍ਰਭੂ !)
ਕਹੁ[88] ਨਾਨਕ ਗੁਰਿ ਭਰਮੁ[89] ਕਾਟਿਆ[90] ਸਗਲ[91] ਬ੍ਰਹਮ[92] ਬੀਚਾਰੁ[93] ॥੪॥੨੫॥੯੫॥	Says[88] Nanak, the Guru has dispelled[90] my doubt[89] and I deem[93] (behold) the Lord[92] all over[91].	ਗੁਰੂ ਜੀ ਆਖਦੇ[88] ਹਨ, ਗੁਰਾਂ ਨੇ ਮੇਰਾ ਸੰਦੇਹ[89] ਨਵਿਰਤ[90] ਕਰ ਦਿਤਾ ਹੈ ਅਤੇ ਮੈਂ ਸੁਆਮੀ[92] ਨੂੰ ਸਾਰੇ[91] ਹੀ ਖ਼ਿਆਲ[93] ਕਰਦਾ (ਵੇਖਦਾ) ਹਾਂ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
[94]ਦੁਕ੍ਰਿਤ[95]ਸੁਕ੍ਰਿਤ[96]ਮੰਧੇ[97] ਸੰਸਾਰੁ[98] ਸਗਲਾਣਾ[99] ॥	The entire[99] world[98] is engrossed in[97] evil[94] deeds[95] and virtuous[96] deeds.	ਸਾਰਾ[99] ਜਹਾਨ[98], ਮੰਦ[94]-ਅਮਲਾਂ[95] ਤੇ ਸਰੇਸ਼ਟ[96]-ਅਮਲਾਂ ਅੰਦਰ[97] ਖਚਤ ਹੈ।
ਦੁਹਹੂੰ[100] ਤੇ ਰਹਤ[2] ਭਗਤੁ[3] ਹੈ ਕੋਈ ਵਿਰਲਾ[4]	Above[2] both[100] is the Saint of God[3]. Hardly any one[4] understand[5] this.	ਦੋਨਾਂ[100] ਤੋਂ ਉਚੇਰਾ[2] ਹੈ ਵਾਹਿਗੁਰੂ ਦਾ ਸਾਧੂ[3]। ਕੋਈ ਟਾਵਾਂ[4] ਹੀ ਇਸ ਨੂੰ ਸਮਝਦਾ[5] ਹੈ।

ਜਾਣਾ[5] ॥ ੧ ॥		
ਠਾਕੁਰੁ ਸਰਬੇ[6] ਸਮਾਣਾ[7] ॥ ਕਿਆ[8] ਕਹਉ[9] ਸੁਣਉ[10] ਸੁਆਮੀ[11] ਤੂੰ [12]ਵਡਪੁਰਖੁ[13] ਸੁਜਾਣਾ[14] ॥੧॥ ਰਹਾਉ ॥	The Lord is prevading[7] everywhere[6]. What[8] should I say[9], hear[10] Thou, O' my master[11] ! Thou art the Great[12] and Wise[14] Omnipotent Lord[13]. Pause.	ਪ੍ਰਭੂ ਹਰ[6] ਥਾਂ ਵਿਆਪਕ[7] ਹੋ ਰਿਹਾ ਹੈ। ਮੈਂ ਕੀ[8] ਆਖਾਂ[9], ਤੂੰ ਸ੍ਰਵਣ[10] ਕਰ, ਹੇ ਮੇਰੇ ਮਾਲਕ[11] ! ਤੂੰ ਵਿਸ਼ਾਲ[12] ਤੇ ਸਿਆਣਾ[14] ਸਰਬ-ਸ਼ਕਤੀਵਾਨ[13] ਸਾਹਿਬ ਹੈਂ। ਠਹਿਰਾਉ।
ਮਾਨ[15] ਅਭਿਮਾਨ[16] ਮੰਧੇ[17] ਸੋ[18] ਸੇਵਕੁ[19] ਨਾਹੀ ॥	He[18], who is in[17] (susceptible to) self-praise[15] and self-disgrace[16], is not the slave[19] of God.	ਜੋ ਸਵੈ-ਉਪਮਾ[15] ਤੇ ਸਵੈ-ਬੇਇਜ਼ਤੀ[16] ਵਿਚ[17] (ਅਨੁਭਵ ਕਰਦਾ) ਹੈ, ਉਹ[18] ਵਾਹਿਗੁਰੂ ਦਾ ਗੋਲਾ[19] ਨਹੀਂ।
ਤਤ[20] [21]ਸਮਦਰਸੀ[22] ਸੰਤਹੁ[23] ਕੋਈ[24] ਕੋਟਿ[25] ਮੰਧਾਹੀ[26] ॥੨॥	The impartial[21] seer[22] of reality[20], O' Saint[23] ! is rare[24] one amongst[26] millions[25].	ਹੇ ਸਾਧੂ[23] ! ਅਸਲੀਅਤ[20] ਨੂੰ ਬੇਲਾਗ[21] ਵੇਖਣ[22] ਵਾਲਾ ਕੋਈ ਵਿਰਲਾ[24], ਕ੍ਰੋੜਾਂ[25] ਵਿਚੋਂ[26] ਇਕ ਹੈ।
ਕਹਨ ਕਹਾਵਨ[27] ਇਹੁ[28] ਕੀਰਤਿ[29] ਕਰਲਾ[30] ॥	People utter and cause to utter[27] about Him and make[30] (consider) this[28] the praise of God[29].	ਲੋਕੀਂ ਉਸ ਬਾਰੇ ਆਖਦੇ ਤੇ ਅਖਾਉਂਦੇ[27] ਹਨ ਅਤੇ ਇਸ[28] ਨੂੰ ਵਾਹਿਗੁਰੂ ਦੀ ਸਿਫ਼ਤ[29] ਬਣਾਉਂਦੇ[30] (ਖਿਆਲ ਕਰਦੇ) ਹਨ।
ਕਥਨ ਕਹਨ[31] ਤੇ ਮੁਕਤਾ[32] ਗੁਰਮੁਖਿ[33] ਕੋਈ ਵਿਰਲਾ[34] ॥੩॥	Some rare[34] Guru-ward[33] is indeed above[32] this prate[31].	ਕੋਈ ਇਕ ਅਧਾ[34] ਗੁਰਾਂ ਦਾ ਪਰਵਰਦਾ[33] ਹੀ ਨਿਰਸੰਦੇਹ ਇਸ ਬਕਬਕ[31] ਤੋਂ ਉਚੇਰਾ[32] ਹੈ।
ਗਤਿ[35] ਅਵਿਗਤਿ[36] ਕਛੁ[37] ਨਦਰਿ[38] ਨ ਆਇਆ ॥ ਸੰਤਨ[39] ਕੀ ਰੇਣੁ[40] ਨਾਨਕ ਦਾਨੁ[41] ਪਾਇਆ[42] ॥੪॥ ੨੬॥੯੬॥	Nanak has obtained[42] the gift[41] of the dust[40] of saints (Guru's) feet[39] and towards deliverance[35] and bondage[36], he casts not a glance[38] even in the least[37].	ਨਾਨਕ ਨੇ ਸੰਤਾਂ[39] (ਗੁਰਾਂ) ਦੇ ਪੈਰਾਂ ਦੀ ਖ਼ਾਕ[40] ਦੀ ਦਾਤ[41] ਪਰਾਪਤ[42] ਕੀਤੀ ਹੈ ਅਤੇ ਬੰਦ-ਖ਼ਲਾਸੀ[35] ਤੇ ਬੰਦੀ[36] ਵਲ, ਉਹ ਭੋਰਾ ਭਰ[37] ਭੀ ਨਿਗ੍ਹਾ[38] ਨਹੀਂ ਕਰਦਾ।
ਸਿਰੀ ਰਾਗੁ ਮਹਲਾ ੫ ਘਰੁ ੭ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਤੇਰੈ ਭਰੋਸੈ[43] ਪਿਆਰੇ[44] ਮੈ ਲਾਡ[45] ਲਡਾਇਆ[46] ॥	On the reliance[43] of Thine mercy, O' Dear[44] ! I have dallied[46] in filial love[45].	ਤੇਰੀ ਰਹਿਮਤ ਦੇ ਇਤਬਾਰ[43] ਤੇ; ਹੇ ਪ੍ਰੀਤਮ[44] ! ਮੈਂ ਬਾਲਕ ਵਰਗੀ ਪ੍ਰੀਤ[45] ਅੰਦਰ ਕਲੋਲ[46] ਕੀਤੇ ਹਨ।
ਭੂਲਹਿ[47] ਚੂਕਹਿ[48] ਬਾਰਿਕ[49] ਤੂੰ ਹਰਿ ਪਿਤਾ[50] ਮਾਇਆ[51] ॥੧॥	I, Thine child[49], have made mistakes[47] and untoward overtures[48]. Thou, O' God ! art my father[50] and mother[51].	ਮੈਂ, ਤੇਰੇ ਬਚੇ[49], ਨੇ ਗ਼ਲਤੀਆਂ[47] ਤੇ ਅਯੋਗ ਹਰਕਤਾਂ[48] ਕੀਤੀਆਂ ਹਨ। ਤੂੰ ਹੇ ਵਾਹਿਗੁਰੂ ! ਮੇਰਾ ਬਾਬਲ[50] ਤੇ ਅੰਮੜੀ[51] ਹੈਂ।
ਸੁਹੇਲਾ[52] ਕਹਨੁ ਕਹਾਵਨੁ[53] ॥	Easy[52] it is to utter and cause to utter[53].	ਸੁਖੱਲਾ[52] ਹੈ ਆਖਣਾ ਤੇ ਅਖਵਾਉਣਾ[53]।
ਤੇਰਾ ਬਿਖਮੁ[54] ਭਾਵਨੁ[55]॥ ੧ ॥ ਰਹਾਉ ॥	But difficult[54] it is to accept Thy Will[55]. Pause.	ਪ੍ਰੰਤੂ ਤੇਰਾ ਭਾਣਾ[55] ਮੰਨਣਾ ਔਖਾ[54] ਹੈ। ਠਹਿਰਾਉ।

ਹਉ[56] ਮਾਣੁ[57] ਤਾਣੁ[58] ਕਰਉ ਤੇਰਾ ਹਉ ਜਾਨਉ[59] ਆਪਾ[60] ॥	I[56] take pride[57] on Thee for thou art my might[58] and I know[59] Thee as my own[60].	ਮੈਂ[56] ਤੇਰੇ ਉਤੇ ਫ਼ਖ਼ਰ[57] ਕਰਦਾ ਹਾਂ ਕਿਉਂਕਿ ਤੂੰ ਮੇਰਾ ਬਲ[58] ਹੈਂ ਅਤੇ ਮੈਂ ਤੈਨੂੰ ਆਪਣਾ[60] ਨਿਜ ਦਾ ਕਰਕੇ ਜਾਣਦਾ[59] ਹਾਂ ।
ਸਭਹੀ[61] ਮਧਿ[62] ਸਭਹਿ[63] ਤੇ ਬਾਹਰਿ[64] ਬੇਮੁਹਤਾਜ[65] ਬਾਪਾ[66] ॥੨॥	Thou the independent[65] Father[66], Thou art with[62] all[61] and yet without[64] all[63].	ਮੁਛੰਦਗੀ-ਰਹਿਤ[65] ਪਿਤਾ[66] ਸਾਰਿਆਂ[61] ਦੇ ਅੰਦਰ[62] ਤੇ ਤਦਯਪ ਸਮੂਹ[63] ਦੇ ਬਾਹਰ[64] ਹੈ ।
ਪਿਤਾ[67] ਹਉ ਜਾਨਉ[68] ਨਾਹੀ ਤੇਰੀ ਕਵਨ[69] ਜੁਗਤਾ[70] ॥	My Father[67] ! I know[68] not which[69] is Thy way[70] ?	ਮੇਰੇ ਬਾਪੂ[67] ! ਮੈਂ ਨਹੀਂ ਜਾਣਦਾ[68] ਤੇਰਾ ਕਿਹੜਾ[69] ਤਰੀਕਾ[70] ਹੈ ।
੫੨	**52**	**੫੨**
ਬੰਧਨੁ[71] ਮੁਕਤੁ[72] ਸੰਤਹੁ[73] ਮੇਰੀ[74] ਰਾਖੈ[75] ਮਮਤਾ[76] ॥੩॥	He immunes[72] me from entanglements[71] and possesses[75] love[76] for me[74], O' Saints[73] !	ਉਹ ਮੈਨੂੰ ਫਾਹੀਆਂ[71] ਤੋਂ ਆਜ਼ਾਦ[72] ਕਰਦਾ ਹੈ ਅਤੇ ਮੇਰੇ[74] ਲਈ ਪਿਆਰ[76] ਰੱਖਦਾ[75] ਹੈ, ਹੇ ਸਾਧੂਓ[73] !
ਭਏ ਕਿਰਪਾਲ[77] ਠਾਕੁਰ ਰਹਿਓ[78] ਆਵਣ ਜਾਣਾ[79] ॥	The Lord has become Merciful[77] and my coming and going[79] have ended[78].	ਪ੍ਰਭੂ ਦਇਆਲੂ[77] ਹੋ ਗਿਆ ਹੈ ਅਤੇ ਮੇਰਾ ਆਉਣਾ ਤੇ ਜਾਣਾ[79] ਮੁਕ[78] ਗਿਆ ਹੈ ।
ਗੁਰ ਮਿਲਿ[80] ਨਾਨਕ ਪਾਰਬ੍ਰਹਮੁ[81] ਪਛਾਣਾ[82] ॥੪॥੨੭॥੯੭॥	By meeting[80] the Guru, Nanak has recognised[82] the Supreme Lord[81].	ਗੁਰਾਂ ਨੂੰ ਭੇਟਣ[80] ਦੁਆਰਾ ਨਾਨਕ ਨੇ ਸ਼ਰੋਮਣੀ ਸਾਹਿਬ[81] ਨੂੰ ਸਿਞਾਣ[82] ਲਿਆ ਹੈ ।
ਸਿਰੀ ਰਾਗੁ ਮਹਲਾ ੫ ਘਰੁ ੧ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਸੰਤ[83] ਜਨਾ ਮਿਲਿ[84] ਭਾਈਆ[85] ਕਟਿਅੜਾ[86] [87]ਜਮਕਾਲੁ[88] ॥	By meeting[84] the pious persons[83], O' Brother[85] ! I have clipped[86] birth[87] and death[88].	ਪਵਿਤ੍ਰ ਪੁਰਸ਼[83] ਨੂੰ ਭੇਟ[84] ਕੇ, ਹੇ ਵੀਰ[85] ! ਮੈਂ ਜੰਮਣ[87] ਤੇ ਮਰਨ[88] ਨੂੰ ਵੱਢ[86] ਸੁਟਿਆ ਹੈ ।
ਸਚਾ[89] ਸਾਹਿਬੁ ਮਨਿ[90] ਵੁਠਾ[91] ਹੋਆ[92] ਖਸਮੁ[93] ਦਇਆਲੁ[94] ॥	True Lord[89], my Spouse[93] has become[92] merciful[94] and secured abode[91] within my mind[90].	ਪਤੀ[93], ਸਚਾ ਸੁਆਮੀ[89], ਮਿਹਰਬਾਨ[94] ਹੋ ਗਿਆ[92] ਹੈ ਅਤੇ ਮੇਰੇ ਚਿਤ[90] ਅੰਦਰ ਉਸ ਨੇ ਨਿਵਾਸ[91] ਕਰ ਲਿਆ ਹੈ ।
ਪੂਰਾ[95] ਸਤਿਗੁਰੁ ਭੇਟਿਆ[96] ਬਿਨਸਿਆ[97] ਸਭੁ ਜੰਜਾਲੁ[98] ॥ ੧ ॥	I have met[96] the perfect[95] True Guru and my entanglement[98] has all ended[97].	ਮੈਂ ਪੂਰਨ[95] ਸਚੇ ਗੁਰਾਂ ਨੂੰ ਮਿਲ[96] ਪਿਆ ਹਾਂ ਅਤੇ ਮੇਰਾ ਸਾਰਾ ਬੰਧਨ[98] ਮੁਕ[97] ਗਿਆ ਹੈ ।
ਮੇਰੇ ਸਤਿਗੁਰਾ ਹਉ ਤੁਧੁ ਵਿਟਹੁ[99] ਕੁਰਬਾਣੁ[100] ॥	My True Guru ! I am a sacrifice[100] unto[99] Thee.	ਮੇਰੇ ਸਚੇ ਗੁਰਦੇਵ ਜੀ ! ਮੈਂ ਤੁਹਾਡੇ ਉਤੋਂ[99] ਬਲਿਹਾਰਨੇ[100] ਜਾਂਦਾ ਹਾਂ ।
ਤੇਰੇ ਦਰਸਨ[2] ਕਉ ਬਲਿਹਾਰਣੈ[3] ਤੁਸਿ[4] ਦਿਤਾ[5] ਅੰਮ੍ਰਿਤਨਾਮੁ[6] ॥ ੧ ॥ ਰਹਾਉ ॥	I am devoted[3] unto Thy sight[2]. Being mightily pleased[4], Thou hast granted[5] me the immortalising[6] Name. Pause.	ਮੈਂ ਤੇਰੇ ਦੀਦਾਰ[2] ਉਤੋਂ ਸਦਕੇ[3] ਜਾਂਦਾ ਹਾਂ । ਪਰਮ-ਪ੍ਰਸੰਨ[4] ਹੋ ਕੇ ਤੂੰ ਮੈਨੂੰ ਅਮਰ[6] ਕਰਨਹਾਰ ਨਾਮ ਬਖਸ਼ਿਆ[5] ਹੈ । ਠਹਿਰਾਉ ।

ਜਿਨ ਤੂੰ ਸੇਵਿਆ[7] ਭਾਉ ਕਰਿ[8] ਸੇਈ[9] ਪੁਰਖ[10] ਸੁਜਾਨ[11] ॥	Wise[11] are the[9] persons[10], who have served[7] Thee with love[8].	ਸਿਆਣੇ[11] ਹਨ ਉਹ[9] ਪੁਰਸ਼[10], ਜਿਨ੍ਹਾਂ ਨੇ ਪਿਆਰ[8] ਨਾਲ ਤੇਰੀ ਟਹਿਲ ਕਮਾਈ[7] ਹੈ।
ਤਿਨਾ ਪਿਛੈ[12] ਛੁਟੀਐ[13] ਜਿਨ ਅੰਦਰਿ[14] ਨਾਮੁ ਨਿਧਾਨੁ[15] ॥	The mortal is emancipated[13] in the wake[12] of those who have the Name Treasure[15] in their mind[14].	ਜਿਨ੍ਹਾਂ ਦੇ ਅੰਤਰ-ਆਤਮੇ[14] ਨਾਮ ਦਾ ਖ਼ਜ਼ਾਨਾ[15] ਹੈ, ਉਨ੍ਹਾਂ ਦੇ ਮਗਰ[12] ਲੱਗ ਕੇ ਪ੍ਰਾਣੀ ਖ਼ਲਾਸੀ[13] ਪਾ ਜਾਂਦਾ ਹੈ।
ਗੁਰ ਜੇਵਡੁ[16] ਦਾਤਾ[17] ਕੋ ਨਹੀ ਜਿਨਿ[18] ਦਿਤਾ[19] ਆਤਮ ਦਾਨੁ[20] ॥ ੨ ॥	None is as great[16] a donor[17] as the Guru who[18] has given[19] me the gift of Divine[20] Soul.	ਗੁਰਾਂ ਜਿੱਡਾ ਵਡਾ[16] ਦਾਤਾਰ[17] ਕੋਈ ਨਹੀਂ, ਜਿਨ੍ਹਾਂ[18] ਨੇ ਮੈਨੂੰ ਰੱਬੀ ਰੂਹ ਦੀ ਦਾਤ[20] ਪਰਦਾਨ[19] ਕੀਤੀ ਹੈ।
ਆਏ[21] ਸੇ[22] ਪਰਵਾਣੁ[23] ਹਹਿ[24] ਜਿਨ ਗੁਰੁ ਮਿਲਿਆ[25] ਸੁਭਾਇ[26] ॥	Acceptable[23] is[24] the advent[21] of those[22], who meet[25] the Guru with superb faith[26].	ਪਰਵਾਣਿਤ[23] ਹੈ[24] ਉਨ੍ਹਾਂ[22] ਦਾ ਆਗਮਨ[21] ਜੋ ਸਰੇਸ਼ਟ-ਭਾਵਨਾ[26] ਨਾਲ ਗੁਰਾਂ ਨੂੰ ਭੇਟਦੇ[25] ਹਨ।
ਸਚੇ[27] ਸੇਤੀ[28] ਰਤਿਆ[29] ਦਰਗਹ[30] ਬੈਸਣੁ[31] ਜਾਇ[32] ॥	Being imbued[29] with[28] the True Lord[27], one secures the sitting[31] place[32] in Lord's Court[30].	ਸਚੇ ਸਾਹਿਬ[27] ਨਾਲ[28] ਰੰਗੀਜਨ[29] ਦੁਆਰਾ, ਇਨਸਾਨ ਸਾਈਂ ਦੇ ਦਰਬਾਰ[30] ਅੰਦਰ ਬੈਠਣ[31] ਦੀ ਜਗ੍ਹਾ[32] ਪਾ ਲੈਂਦਾ ਹੈ।
ਕਰਤੇ[33] ਹਥਿ[34] ਵਡਿਆਈਆ[35] ਪੂਰਬਿ[36] ਲਿਖਿਆ[37] ਪਾਇ[38] ॥੩॥	Greatnesses[35] are in the Creator's[33] hand[34]. The mortal obtains[38] them as [36]pre-ordained[37].	ਵਡਿਆਈਆਂ[35] ਸਿਰਜਣਹਾਰ[33] ਦੇ ਹੱਥ[34] ਵਿਚ ਹਨ। ਧੁਰ[36] ਦੀ ਲਿਖਤਾਕਾਰ[37] ਅਨੁਸਾਰ ਪ੍ਰਾਣੀ ਉਨ੍ਹਾਂ ਨੂੰ ਪਾਉਂਦਾ[38] ਹੈ।
ਸਚੁ[39] ਕਰਤਾ[40] ਸਚੁ ਕਰਣਹਾਰੁ[41] ਸਚੁ ਸਾਹਿਬੁ[42] ਸਚੁ ਟੇਕ[43] ॥	True Lord[39] is the Creator[40] of the world and He is the Doer[41] of every thing. True is the prop[43] of the True Lord[42].	ਸੱਚਾ ਸੁਆਮੀ[39] ਸੰਸਾਰ ਦਾ ਸਿਰਜਣਹਾਰ[40] ਹੈ ਅਤੇ ਸੱਚਾ ਸੁਆਮੀ ਹੀ ਕੰਮਾਂ ਦੇ ਕਰਨ ਵਾਲਾ[41]। ਸੱਚਾ ਹੈ ਆਸਰਾ[43] ਸੱਚੇ ਸੁਆਮੀ[42] ਦਾ।
ਸਚੋ[44] ਸਚੁ ਵਖਾਣੀਐ[45] ਸਚੋ[46] ਬੁਧਿ[47] ਬਿਬੇਕ[48] ॥	Repeat[45] thou the Name of the Truest of the True[44]. By repeating the True Name[46] the discerning[48] intellect[47] is obtained.	ਤੂੰ ਸਚਿਆਰਾਂ ਦੇ ਪਰਮ-ਸਚਿਆਰ[44] ਦੇ ਨਾਮ ਦਾ ਜਾਪ[45] ਕਰ, ਸਚੇ ਨਾਮ[46] ਦਾ ਜਾਪ ਕਰਨ ਦੁਆਰਾ ਪ੍ਰਬੀਨ[48] ਅਕਲ[47] ਉਤਪੰਨ ਹੁੰਦੀ ਹੈ।
ਸਰਬ[49] ਨਿਰੰਤਰਿ[50] ਰਵਿ[51] ਰਹਿਆ ਜਪਿ[52] ਨਾਨਕ ਜੀਵੈ[54] ਏਕ[53] ॥੪॥੨੮॥੯੮॥	Nanak lives[54] by remembering[52] the Unique Lord[53], who is contained[51] amidst[50] all[49].	ਨਾਨਕ ਅਦੁਤੀ ਸਾਹਿਬ[53] ਜੋ ਸਾਰਿਆਂ[49] ਦੇ ਅੰਦਰ[50] ਰਮ[51] ਰਿਹਾ ਹੈ, ਨੂੰ ਸਿਮਰ[52] ਕੇ ਜੀਉਂਦਾ[54] ਹੈ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਗੁਰੁ ਪਰਮੇਸੁਰੁ[55] ਪੂਜੀਐ[56] ਮਨਿ[57] ਤਨਿ[58] ਲਾਇ[59] ਪਿਆਰੁ[60] ॥	With[59] love[60] in the mind[57] and body[58], adore[56] the Lord[55] incarnate Guru.	ਆਪਣੇ ਚਿੱਤ[57] ਤੇ ਦੇਹਿ[58] ਵਿਚ ਪ੍ਰੀਤ[60] ਨਾਲ[59] ਸੁਆਮੀ[55] ਸਰੂਪ ਗੁਰਾਂ ਦੀ ਉਪਾਸ਼ਨਾ[56] ਕਰ।
ਸਤਿਗੁਰੁ ਦਾਤਾ[61] ਜੀਅ[62]	The True Guru is the bestower[61]	ਸਚੇ ਗੁਰੂ ਜੀ ਜਿੰਦ-ਜਾਨ[62] ਬਖ਼ਸ਼ਣ[61] ਵਾਲੇ ਹਨ।

ਕਾ ਸਭਸੈ[63] ਦੇਇ[64] ਅਧਾਰੁ[65] ॥	of very life[62] and lends[64] support[65] to all[63].	ਅਤੇ ਸਮੂਹ[63] ਨੂੰ ਆਸਰਾ[65] ਦਿੰਦੇ[64] ਹਨ ।
ਸਤਿਗੁਰ ਬਚਨ[66] ਕਮਾਵਣੇ[67] ਸਚਾ ਏਹੁ ਵੀਚਾਰੁ[68] ॥	Act up to[67] the True Guru's instruction[66], this indeed is the true philosophy[68].	ਸਤਿਗੁਰਾਂ ਦੇ ਉਪਦੇਸ਼[66] ਉਤੇ ਅਮਲ[67] ਕਰ, ਨਿਰ-ਸੰਦੇਹ ਇਹ ਸੱਚਾ ਤੱਤ-ਗਿਆਨ[68] ਹੈ ।
ਬਿਨੁ[69] ਸਾਧੂ ਸੰਗਤਿ[70] ਰਤਿਆ[71] ਮਾਇਆ[72] ਮੋਹੁ[73] ਸਭੁ ਛਾਰੁ[74] ॥੧॥	Without[69] being imbued[71] with the Saint's society[70] all attachment[73] to wealth[72] is as ashes[74].	ਸਤਿਸੰਗਤ[70] ਨਾਲ ਰੰਗੀਜੇ[71] ਜਾਣ ਦੇ ਬਾਝੋਂ[69] ਧਨ-ਦੌਲਤ[72] ਦੀ ਸਾਰੀ ਲਗਨ[73] ਸੁਆਹ[74] ਵਰਗੀ ਹੈ ।
ਮੇਰੇ ਸਾਜਨ[75] ਹਰਿ ਹਰਿ[76] ਨਾਮੁ ਸਮਾਲਿ[77] ॥	My Friend[75] ! remember[77] thou the name of Lord God[76].	ਮੇਰੇ ਮਿਤ੍ਰ[75] ਤੂੰ ਵਾਹਿਗੁਰੂ[76] ਸੁਆਮੀ ਦੇ ਨਾਮ ਦਾ ਸਿਮਰਨ[77] ਕਰ ।
ਸਾਧੂ ਸੰਗਤਿ ਮਨਿ ਵਸੈ[78] ਪੂਰਨ[79] ਹੋਵੈ ਘਾਲ[80] ॥ ੧ ॥ ਰਹਾਉ ॥	In the guild of the Guru God abides[78] within one's mind and his service[80] becomes friutful[79]. Pause	ਗੁਰੂ ਦੀ ਸੰਗਤ ਅੰਦਰ ਵਾਹਿਗੁਰੂ ਬੰਦੇ ਦੇ ਚਿੱਤ ਵਿਚ ਟਿਕ[78] ਜਾਂਦਾ ਹੈ ਅਤੇ ਉਸ ਦੀ ਸੇਵਾ[80] ਸਫ਼ਲ[79] ਹੋ ਜਾਂਦੀ ਹੈ । ਠਹਿਰਾਉ ।
ਗੁਰੁ ਸਮਰਥੁ[81] ਅਪਾਰੁ[82] ਗੁਰੁ [83]ਵਡਭਾਗੀ[84] ਦਰਸਨੁ[85] ਹੋਇ ॥	The Guru is Omnipotent[81] and the Guru is Infinite[82]. It is through the greatest[83] good luck[84] that his view[85] is had.	ਗੁਰੂ ਸਰਬ-ਸ਼ਕਤੀਵਾਨ[81] ਹੈ ਅਤੇ ਗੁਰੂ ਹੀ ਬੇਅੰਤ[82] । ਭਾਰੇ[83] ਚੰਗੇ ਨਸੀਬਾਂ[84] ਦੁਆਰਾ ਉਸ ਦਾ ਦੀਦਾਰ[85] ਮਿਲਦਾ ਹੈ ।
ਗੁਰੁ ਅਗੋਚਰੁ[86] ਨਿਰਮਲਾ[87] ਗੁਰ ਜੇਵਡੁ[88] ਅਵਰੁ ਨ ਕੋਇ[89] ॥	Imperceptible[86] and Immaculate[87] is the Guru. None else[89] is as great as[88] the Guru.	ਸੋਚ ਸਮਝ ਤੋਂ ਪਰੇਡੇ[86] ਅਤੇ ਪਵਿੱਤ੍ਰ[87] ਹੈ ਗੁਰੂ । ਗੁਰੂ ਜਿੱਡਾ ਵੱਡਾ[88] ਹੋਰ ਕੋਈ[89] ਨਹੀਂ ।
ਗੁਰੁ ਕਰਤਾ[90] ਗੁਰੁ ਕਰਣਹਾਰੁ[91] ਗੁਰਮੁਖਿ[92] ਸਚੀ ਸੋਇ[93] ॥	The Guru is the Creator[90] and Guru the Doer[91]. It is through the Guru[92], that true glory[93] is obtained.	ਗੁਰੂ ਜੀ ਸਿਰਜਣਹਾਰ[90] ਹਨ ਤੇ ਗੁਰੂ ਜੀ ਹੀ ਕਰਨ[91] ਵਾਲੇ । ਗੁਰਾਂ ਦੁਆਰਾ[92] ਹੀ ਸੱਚੀ ਬਜ਼ੁਰਗੀ[93] ਪਰਾਪਤ ਹੁੰਦੀ ਹੈ ।
ਗੁਰ ਤੇ ਬਾਹਰਿ[94] ਕਿਛੁ ਨਹੀ ਗੁਰੁ ਕੀਤਾ ਲੋੜੇ[95] ਸੁ[96] ਹੋਇ[97] ॥੨॥	Nothing is beyond[94] (the jurisdiction of) the Guru. Whatever the Guru desires[96] that[96] comes to pass[97].	ਕੁਝ ਭੀ ਗੁਰਾਂ (ਦੇ ਅਖ਼ਤਿਆਰ) ਤੋਂ ਬਾਹਰ[94] ਨਹੀਂ । ਜੋ ਕੁਝ ਭੀ ਗੁਰੂ ਜੀ ਚਾਹੁੰਦੇ[95] ਹਨ, ਉਹੀ[96] ਹੁੰਦਾ[97] ਹੈ ।
ਗੁਰੁ ਤੀਰਥੁ[98] ਗੁਰੁ ਪਾਰਜਾਤੁ[99] ਗੁਰੁ ਮਨਸਾ ਪੂਰਣਹਾਰੁ[100] ॥	The Guru is the place of pilgrimage[98], Guru the Elysian Tree[99], and Guru the fulfiller of desire[100].	ਗੁਰੂ ਯਾਤ੍ਰਾ-ਅਸਥਾਨ[98] ਹੈ, ਗੁਰੂ ਕਲਪ-ਬਿਰਛ[99] ਅਤੇ ਗੁਰੂ ਹੀ ਖ਼ਾਹਿਸ਼ਾਂ ਪੂਰੀਆਂ[100] ਕਰਨ ਵਾਲਾ ਹੈ ।
ਗੁਰੁ ਦਾਤਾ[2] ਹਰਿਨਾਮੁ ਦੇਇ[3] ਉਧਰੈ[4] ਸਭੁ ਸੰਸਾਰੁ[5] ॥	Guru, the Giver[2], grants[3] God's Name, wherewith the entire world[5] is saved[4].	ਗੁਰੂ, ਦਾਤਾਰ[2] ਵਾਹਿਗੁਰੂ ਦਾ ਨਾਮ ਪਰਦਾਨ[3] ਕਰਦਾ ਹੈ, ਜਿਸ ਨਾਲ ਸਾਰੇ ਜਗਤ[5] ਦਾ ਪਾਰ ਉਤਾਰਾ[4] ਹੋ ਜਾਂਦਾ ਹੈ ।
ਗੁਰੁ ਸਮਰਥੁ[6] ਗੁਰੁ ਨਿਰੰਕਾਰੁ[7] ਗੁਰੁ ਊਚਾ[8] ਅਗਮ[9] ਅਪਾਰੁ[10] ॥	The Guru is Potent[6] to do everything and the Guru is himself the formless Lord[7]. The Guru is high[8], unfathomable[9] and limitless[10].	ਗੁਰੂ ਸਭ ਕੁਝ ਕਰਨ ਯੋਗ[6] ਹੈ ਅਤੇ ਗੁਰੂ ਆਪੇ ਹੀ ਆਕਾਰ-ਰਹਿਤ[7] ਸਾਹਿਬ ਹੈ । ਗੁਰੂ ਬੁਲੰਦ[8], ਅਥਾਹ[9] ਅਤੇ ਹਦਬੰਨਾ-ਰਹਿਤ[10] ਹੈ ।

ਗੁਰ ਕੀ ਮਹਿਮਾ[11] ਅਗਮੁ[12] ਹੈ ਕਿਆ ਕਥੈ ਕਥਨਹਾਰੁ[13] ॥੩॥	Ineffable[12] is the praises[11] of the Guru. What can a sayer[13] say ?	ਅਕਹਿ[12] ਹੈ ਗੁਰਾਂ ਦੀ ਉਪਮਾ[11] । ਆਖਣ ਵਾਲਾ[13] ਕੀ ਆਖ ਸਕਦਾ ਹੈ ?
ਜਿਤੜੇ[14] ਫਲ[15] ਮਨਿ[16] ਬਾਛੀਅਹਿ[17] ਤਿਤੜੇ[18] ਸਤਿਗੁਰ ਪਾਸਿ[19] ॥	With[19] (in the hand of) the True Guru are as many[18] rewards[15] as[14] our mind[16] desires[17].	ਸੱਚੇ ਗੁਰਾਂ ਦੇ ਕੋਲ[19] (ਹੱਥ ਵਿਚ) ਐਨੇ[18] ਇਵਜ਼ਾਨੇ[15] ਹਨ, ਜਿੰਨੇ[14] ਦਿਲ[16] ਚਾਹੁੰਦਾ[17] ਹੈ।
ਪੂਰਬਿ[20] ਲਿਖੇ[21] ਪਾਵਣੇ[22] ਸਾਚੁ ਨਾਮੁ[23] ਦੇ[24] ਰਾਸਿ[25] ॥	He, who is so [20]pre-ordained[21], obtains[22] such fruit from the Guru, who is the grantor[24] of the wealth[25] of the True Name[23].	ਗੁਰਾਂ ਪਾਸੋਂ ਜੋ ਸਤਿਨਾਮ[23] ਦੇ ਧਨ[25] ਦੇ ਦਾਤਾਰ[24] ਹਨ, ਐਸੇ ਫਲ ਉਹ ਪਰਾਪਤ[22] ਕਰਦਾ ਹੈ, ਜਿਸ ਦੇ ਲਈ ਧੁਰ[20] ਤੋਂ ਇਸ ਤਰ੍ਹਾਂ ਲਿਖਿਆ[21] ਹੁੰਦਾ ਹੈ।
ਸਤਿਗੁਰ ਸਰਣੀ[26] ਆਇਆਂ[27] ਬਾਹੁੜਿ[28] ਨਹੀ ਬਿਨਾਸੁ[29] ॥	By seeking[27] the sanctuary[26] of the True Guru, thou shalt not die[29] again[28].	ਸਤਿਗੁਰਾਂ ਦੀ ਸ਼ਰਣਾਗਤ[26] ਸੰਭਾਲਣ[27] ਦੁਆਰਾ, ਤੂੰ ਮੁੜ[28] ਕੇ ਨਹੀਂ ਮਰੇਂਗਾ[29] !
ਹਰਿ ਨਾਨਕ ਕਦੇ ਨ[30] ਵਿਸਰਉ[31] ਏਹੁ ਜੀਉ[32] ਪਿੰਡੁ[33] ਤੇਰਾ ਸਾਸੁ[34] ॥੪॥੨੯॥੯੯॥	The soul[32], body[33] and breath[34] are Thine, O' God ! May Nanak never[30] grow-oblivious[31] of Thee.	ਇਹ ਆਤਮਾ[32], ਦੇਹਿ[33] ਤੇ ਸੁਆਸ[34] ਤੇਰੇ ਹਨ, ਹੇ ਵਾਹਿਗੁਰੂ ! ਰੱਬ ਕਰੇ, ਨਾਨਕ ਤੈਨੂੰ ਕਦਾਚਿੱਤ[30] ਨਾ ਭੁੱਲੇ[31] ।
ਸਿਰੀ ਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਸੰਤ ਜਨਹੁ[35] ਸੁਣਿ[36] ਭਾਈ[37] ਹੋ[38] ਛੂਟਨੁ[39] ਸਾਚੇ ਨਾਇ[40] ॥	Listen[36] ye, O'[38] saintly Persons[35] ! My brethren[37], thy release[39] is through the True Name[40].	ਸ੍ਰਵਣ[36] ਕਰੋ ਤੁਸੀਂ, ਹੇ[38] ਸਾਧੂ ਜਨੋਂ[35] ! ਮੇਰੇ ਭਰਾਓ[37], ਤੁਹਾਡੀ ਬੰਦ ਖਲਾਸ[39] ਸਤਿਨਾਮ[40] ਰਾਹੀਂ ਹੀ ਹੈ।
ਗੁਰ ਕੇ ਚਰਣ[41] ਸਰੇਵਣੇ[42] ਤੀਰਥ[43] ਹਰਿ ਕਾ ਨਾਉ ॥	Adore[42] ye, the feet[41] of the Guru and deem God's Name your place of pilgrimage[43].	ਤੁਸੀਂ ਗੁਰਾਂ ਦੇ ਚਰਨਾਂ[41] ਦੀ ਉਪਾਸ਼ਨਾ[42] ਕਰੋ ਅਤੇ ਵਾਹਿਗੁਰੂ ਦੇ ਨਾਮ ਨੂੰ ਆਪਣਾ ਯਾਤ੍ਰਾ ਅਸਥਾਨ[43] ਜਾਣੋ।
੫੩	53	੫੩
ਆਗੈ[44] ਦਰਗਹਿ[45] ਮੰਨੀਅਹਿ[46] ਮਿਲੈ[47] ਨਿਥਾਵੇ[48] ਥਾਉ[49] ॥ ੧ ॥	Here-after[44] you shall be honoured[46] in Lord's Court[45], where the place-less[48] obtain[47] the place[49].	ਅਗੇ[44] ਸਾਹਿਬ ਦੇ ਦਰਬਾਰ[45] ਅੰਦਰ, ਜਿਥੇ ਬੇ-ਟਿਕਾਣਿਆਂ[48] ਨੂੰ ਟਿਕਾਣਾ[49] ਪਰਾਪਤ[47] ਹੁੰਦਾ ਹੈ, ਤੁਹਾਡੀ ਇਜ਼ਤ-ਆਬਰੂ[46] ਹੋਵੇਗੀ।
ਭਾਈ[50] ਰੇ[51] ਸਾਚੀ[52] ਸਤਿਗੁਰ ਸੇਵ[53] ॥	O'[51] Brother[50] ! the service[53] of the True Guru alone is true[52].	ਹੇ[51] ਵੀਰ[50] ! ਕੇਵਲ ਸੱਚੇ ਗੁਰਾਂ ਦੀ ਟਹਿਲ-ਸੇਵਾ[53] ਹੀ ਸਤਿ[52] ਹੈ।
ਸਤਿਗੁਰ ਤੁਠੈ[54] ਪਾਈਐ ਪੂਰਨ[55] ਅਲਖ[56] ਅਭੇਵ[57] ॥ ੧ ॥ ਰਹਾਉ ॥	When the True Guru is highly pleased[54], it is then that the Omnipresent[55], Unknowable[56] and Inscrutable[57] is obtained. Pause.	ਜਦ ਸਤਿਗੁਰੂ ਪਰਮ-ਪ੍ਰਸੰਨ[54] ਹੋ ਜਾਂਦੇ ਹਨ, ਤਦ ਹੀ ਸਰਬ-ਵਿਆਪਕ[55], ਅਗਾਧ[56] ਅਤੇ ਅਖੋਜ[57] ਸੁਆਮੀ ਪਰਾਪਤ ਹੁੰਦਾ ਹੈ। ਠਹਿਰਾਉ।
ਸਤਿਗੁਰ ਵਿਟਹੁ[58] ਵਾਰਿਆ[59] ਜਿਨਿ ਦਿਤਾ[60] ਸਚੁ	I am devoted[59] unto[58] the True Guru, who has given[60] me the True	ਮੈਂ ਸੱਚੇ ਗੁਰੂ ਉਤੋਂ[58] ਸਦਕੇ[59] ਜਾਂਦਾ ਹਾਂ, ਜਿਸ ਨੇ ਮੈਨੂੰ ਸਚਾ ਨਾਮ[61] ਬਖ਼ਸ਼ਿਆ[60] ਹੈ।

ਨਾਉ[61] ॥	Name[61].	
ਅਨਦਿਨੁ[62] ਸਚੁ[63] ਸਲਾਹਣਾ[64] ਸਚੇ ਕੇ ਗੁਣ[65] ਗਾਉ[66] ॥	Night[62] and day I praise[64] the True One[63], and of the True I sing[66] the praises[65].	ਰੈਣ ਦਿਹੁੰ[62] ਮੈਂ ਸਤਿਪੁਰਖ[63] ਦੀ ਪ੍ਰਸੰਸਾ[64] ਕਰਦਾ ਹਾਂ ਅਤੇ ਸੱਚੇ ਦੀ ਹੀ ਮੈਂ ਕੀਰਤੀ[65] ਅਲਾਪਦਾ[66] ਹਾਂ ।
ਸਚੁ ਖਾਣਾ[67] ਸਚੁ ਪੈਨਣਾ[68] ਸਚੇ[69] ਸਚਾ ਨਾਉ[70] ॥੨॥	True is the viand[67] and true the raiment[68] of those, who repeat the True Name[70] of the True Lord[69].	ਸੱਚਾ ਹੈ ਉਨ੍ਹਾਂ ਦਾ ਭੋਜਨ[67] ਅਤੇ ਸੱਚੀ ਉਨ੍ਹਾਂ ਦੀ ਪੁਸ਼ਾਕ[68], ਜੋ ਸੱਚੇ ਸੁਆਮੀ[69] ਦੇ ਸੱਚੇ-ਨਾਮ[70] ਦਾ ਜਾਪ ਕਰਦੇ ਹਨ ।
ਸਾਸਿ[71] ਗਿਰਾਸਿ[72] ਨ ਵਿਸਰੈ[73] ਸਫਲੁ[74] ਮੂਰਤਿ[75] ਗੁਰੁ ਆਪਿ[76] ॥	Whilst drawing breath[71] and taking food[72] I forget[73] not the Guru, who by himself[76] possesses an accredited[74] personality[75].	ਸਾਹ[71] ਲੈਂਦਿਆਂ ਅਤੇ ਪ੍ਰਸ਼ਾਦ[72] ਛਕਦਿਆਂ ਮੈਂ ਗੁਰਾਂ ਨੂੰ ਨਹੀਂ ਭੁਲਾਉਂਦਾ[73], ਜੋ ਖ਼ੁਦ-ਬ-ਖ਼ੁਦ[76] ਹੀ ਅਮੋਘ[74] ਹਸਤੀ[75] ਦੇ ਮਾਲਕ ਹਨ ।
ਗੁਰ ਜੇਵਡੁ[77] ਅਵਰੁ ਨ ਦਿਸਈ[78] ਆਠ ਪਹਰ ਤਿਸੁ[79] ਜਾਪਿ[80] ॥	None is seen[78] to be as great as[77] the Guru, so reflect[80] over him[79] throughout the eight watches of the day.	ਗੁਰੂ ਜੀ ਜਿੱਡਾ ਵੱਡਾ[77] ਹੋਰ ਕੋਈ ਨਿਗ੍ਹਾ[78] ਨਹੀਂ ਪੈਂਦਾ, ਸੋ ਦਿਨ ਦੇ ਅੱਠੇ ਪਹਿਰ ਉਨ੍ਹਾਂ[79] ਦਾ ਅਰਾਧਨ[80] ਕਰ ।
ਨਦਰਿ[81] ਕਰੇ[87] ਤਾ[82] ਪਾਈਐ[83] ਸਚੁ[84] ਨਾਮੁ [85]ਗੁਣਤਾਸਿ[86] ॥੩॥	If the Guru casts[87] his merciful glance[81], then[82], one obtains[83] the True Name[84], the treasure[86] of excellence[85].	ਜੇਕਰ ਗੁਰੂ ਜੀ ਆਪਣੀ ਮਿਹਰ-ਦੀ-ਨਜ਼ਰ[81] ਧਾਰਨ[87], ਤਦ[82] ਬੰਦਾ ਚੰਗਿਆਈਆਂ[85] ਦੇ ਖ਼ਜ਼ਾਨੇ[86] ਸੱਚੇ ਨਾਮ[84] ਨੂੰ ਪਾ[83] ਲੈਂਦਾ ਹੈ ।
ਗੁਰੁ ਪਰਮੇਸਰੁ[88] ਏਕੁ ਹੈ ਸਭ[89] ਮਹਿ[90] ਰਹਿਆ[91] ਸਮਾਇ ॥	The Guru and God[88] are one and the Divine Guru is contained[91] amongst[90] all[89].	ਗੁਰਦੇਵ ਅਤੇ ਵਾਹਿਗੁਰੂ[88] ਇਕ ਹਨ ਅਤੇ ਰੱਬ ਰੂਪ ਗੁਰੂ ਸਾਰਿਆਂ[89] ਅੰਦਰ[90] ਵਿਆਪਕ[91] ਹੋ ਰਿਹਾ ਹੈ ।
ਜਿਨ ਕਉ ਪੂਰਬਿ[92] ਲਿਖਿਆ[93] ਸੇਈ[94] ਨਾਮੁ ਧਿਆਇ[95] ॥	They[94] who are [92]pre-destined[93], reflect[95] over the Lord's Name.	ਜਿਨ੍ਹਾਂ ਲਈ ਧੁਰ[92] ਦੀ ਲਿਖਤਾਕਾਰ[93] ਹੈ, ਉਹ[94] ਸੁਆਮੀ ਦੇ ਨਾਮ ਦਾ ਸਿਮਰਨ[95] ਕਰਦੇ ਹਨ ।
ਨਾਨਕ ਗੁਰ ਸਰਣਾਗਤੀ[96] ਮਰੈ[97] ਨ ਆਵੈ[98] ਜਾਇ[99] ॥੪॥੩੦॥੧੦੦॥	Nanak has sought the refuge[96] of the Guru, who dies[97], comes[98] and goes[99] not.	ਨਾਨਕ ਨੇ ਗੁਰਾਂ ਦੀ ਪਨਾਹ[96] ਲਈ ਹੈ, ਜੋ ਬਿਨਸਦੇ[97], ਆਉਂਦੇ[98] ਅਤੇ ਜਾਂਦੇ[99] ਨਹੀਂ ।
੧ ੴ ਸਤਿਗੁਰ ਪ੍ਰਸਾਦਿ ॥	There is but one God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਸਿਰੀ ਰਾਗੁ ਮਹਲਾ ੧ ਘਰੁ ੧ [100]ਅਸਟਪਦੀਆ[2]॥	Sri Rag, First Guru Eight[100] stanzas[2].	ਸ਼ਿਰੀ ਰਾਗ, ਪਹਿਲੀ ਪਾਤਸ਼ਾਹੀ ਅਠ[100] ਪਦ[2] ।
ਆਖਿ ਆਖਿ[3] ਮਨੁ[4] ਵਾਵਣਾ[5] ਜਿਉ ਜਿਉ[6] ਜਾਪੈ[7] ਵਾਇ ॥	By uttering and repeating[3] God's Name I play[5] upon my mind's[4] instrument. The more[6] I understand[7] God the more I play upon it.	ਹਰੀ ਨਾਮ ਦਾ ਜਾਪ ਤੇ ਉਚਾਰਨ[3] ਕਰਨ ਦੁਆਰਾ, ਮੈਂ ਆਪਣੇ ਚਿੱਤ[4] ਦੇ ਸਾਜ਼ ਨੂੰ ਵਜਾਉਂਦਾ[5] ਹਾਂ । ਜਿੰਨਾ ਜ਼ਿਆਦਾ[6] ਮੈਂ ਹਰੀ ਨੂੰ ਸਮਝਦਾ[7] ਹਾਂ, ਉੱਨਾ ਜ਼ਿਆਦਾ[6] ਮੈਂ ਇਸ ਨੂੰ ਵਜਾਉਂਦਾ ਹਾਂ ।

ਜਿਸ ਨੋ[8] ਵਾਇ[9] ਸੁਣਾਈਐ[10] ਸੋ[11] ਕੇਵਡੁ[12] ਕਿਤੁ[13] ਥਾਇ[14] ॥

How great[12] and at what[13] place[14] is He[11], for whom[8] we play upon[9] and sing[10] ?

ਉਹ[11] ਕਿੱਡਾ ਵੱਡਾ[12] ਅਤੇ ਕਿਸ[13] ਅਸਥਾਨ[14] ਤੇ ਹੈ, ਜਿਸ ਲਈ[8] ਅਸੀਂ ਵਜਾਉਂਦੇ[9] ਤੇ ਗਾਇਨ[10] ਕਰਦੇ ਹਾਂ ?

ਆਖਣਵਾਲੇ[15] ਜੇਤੜੇ[16] ਸਭਿ[17] ਆਖਿ ਰਹੇ[18] ਲਿਵ[19] ਲਾਇ[20] ॥ ੧ ॥

The[16] eulogists[15], all[17] of them, continue praising[18] the Lord with[20] affection[19].

ਜਿੰਨੇ[16] ਉਪਮਾ ਕਰਨ ਵਾਲੇ[15] ਹਨ—ਉਹ ਸਾਰੇ[17] ਪਿਆਰ[19] ਨਾਲ[20] ਪ੍ਰਭੂ ਦੀ ਪ੍ਰਸੰਸਾ[18] ਕਰ ਰਹੇ ਹਨ।

ਬਾਬਾ[21] ਅਲਹੁ[22] ਅਗਮ[23] ਅਪਾਰੁ[24] ॥

O' Sire[21] ! the Adorable Lord[22], is beyond reach[23] and endless[24].

ਹੇ ਪਿਤਾ[21] ! ਪੂਜਯ ਪ੍ਰਭੂ[22], ਪਹੁੰਚ ਤੋਂ ਪਰੇ[23] ਅਤੇ ਆਰ-ਪਾਰ-ਰਹਿਤ[24] ਹੈ।

ਪਾਕੀ[25] ਨਾਈ[26] ਪਾਕ ਥਾਇ[27] ਸਚਾ ਪਰਵਦਿਗਾਰੁ[28] ॥੧॥ ਰਹਾਉ ॥

Sanctified[25] is the Name[26] and sanctified the seat[27] of the True Cherisher[28]. Pause.

ਪਵਿੱਤਰ[25] ਹੈ ਨਾਮ[26] ਤੇ ਪਵਿੱਤਰ ਅਸਥਾਨ[27] ਸੱਚੇ ਪ੍ਰਤਿਪਾਲਕ[28] ਦਾ।
ਠਹਿਰਾਉ।

ਤੇਰਾ ਹੁਕਮੁ[29] ਨ ਜਾਪੀ[30] ਕੇਤੜਾ[31] ਲਿਖਿ[32] ਨ ਜਾਣੈ ਕੋਇ[33] ॥

How great[31] is Thine command[29] cannot be known[30], O' Lord ! Nor any one[33] knows how to pen it down[32].

ਕਿੱਡਾ ਵੱਡਾ[31] ਤੇਰਾ ਅਮਰ[29] ਹੈ, ਜਾਣਿਆ[30] ਨਹੀਂ ਜਾ ਸਕਦਾ, ਹੇ ਸਾਹਿਬ ! ਨਾ ਹੀ ਇਸ ਨੂੰ ਕੋਈ ਜਣਾ[33] ਕਲਮ-ਬੰਦ[32] ਕਰਨਾ ਜਾਣਦਾ ਹੈ।

ਜੇ[34] ਸਉ[35] ਸਾਇਰ[36] ਮੇਲੀਅਹਿ[37] ਤਿਲੁ[38] ਨ ਪੁਜਾਵਹਿ[39] ਰੋਇ[40] ॥

Even though[34] hundreds[35] of poets[36] were to assemble[37] they cannot reach[39] (describe) even a sesame[38] of Thine greatness[40].

ਭਾਵੇਂ[34] ਸੈਂਕੜੇ[35] ਕਵੀਸ਼ਰ[36] ਇਕੱਠੇ[37] ਹੋ ਜਾਣ, ਉਹ ਤੇਰੀ ਸੋਭਾ[40] ਨੂੰ ਇਕ ਜ਼ਰੇ[38] ਦੇ ਮਾਤ੍ਰ ਭੀ ਪੁਜ[39] ਨਹੀਂ (ਬਿਆਨ ਨਹੀਂ ਕਰ) ਸਕਦੇ।

ਕੀਮਤਿ[41] ਕਿਨੈ ਨ ਪਾਈਆ[42] ਸਭਿ[43] ਸੁਣਿ[44] ਸੁਣਿ ਆਖਹਿ[45] ਸੋਇ[46] ॥੨॥

No one has found[42] Thy worth[41]. Every one[43] narrates[45] Thine glory[46] as he has repeatedly heard[44].

ਕਿਸੇ ਨੂੰ ਭੀ ਉਸ ਦੇ ਮੁਲ[41] ਦਾ ਪਤਾ[42] ਨਹੀਂ ਲੱਗਾ। ਹਰ ਕੋਈ[43], ਜਿਸ ਤਰ੍ਹਾਂ ਉਸ ਨੇ ਮੁੜ ਮੁੜ ਸਰਵਣ[44] ਕੀਤਾ ਹੈ, ਉਸ ਦੀ ਬਜ਼ੁਰਗੀ[46] ਨੂੰ ਵਰਨਣ[45] ਕਰਦਾ ਹੈ।

ਪੀਰ[47] ਪੈਕਾਮਰ[48] ਸਾਲਕ[49] ਸਾਦਕ[50] ਸੁਹਦੇ[51] ਅਉਰੁ[52] ਸਹੀਦ[53] ॥ ਸੇਖ[54] ਮਸਾਇਕ[60] ਕਾਜੀ[55] ਮੁਲਾ[56] ਦਰਿ[57] ਦਰਵੇਸ[58] ਰਸੀਦ[59] ॥
ਬਰਕਤਿ[61] ਤਿਨ[62] ਕਉ ਅਗਲੀ[63] ਪੜਦੇ[64] ਰਹਨਿ ਦਰੂਦ[65] ॥ ੩ ॥

The spiritual guides[47], prophets[48], divine pioneers[49], men of faith[50], good men[51], martyrs[53], preachers[54], strivers[60], judges[55], moulvies[56] and[52] saints[58] and the reachers[59] at Lord's Court[57], they[62] obtain more[63] blessings[61] if they continue reading[64] Lord's praises[65].

ਰੂਹਾਨੀ ਰਹਿਬਰ[47], ਪੈਗੰਬਰ[48], ਰੱਬੀ ਰਾਹ ਵਿਖਾਉਣ[49] ਵਾਲੇ, ਸਿਦਕੀ ਬੰਦੇ[50] ਭਲੇ ਪੁਰਸ਼[51], ਧਰਮ ਵਾਸਤੇ ਮਰਨ[53] ਵਾਲੇ, ਉਪਦੇਸ਼ਕ[54], ਅਭਿਆਸੀ[60], ਮੁਨਸਿਫ਼[55] ਮੌਲਵੀ[56] ਅਤੇ[52] ਸਾਹਿਬ ਦੇ ਦਰਬਾਰ[57] ਵਿਚ ਪੁਜੇ[59] ਹੋਏ ਸਾਧੂ[58], ਉਨ੍ਹਾਂ[62] ਨੂੰ ਵਧੇਰੇ[63] ਬਖ਼ਸ਼ਸ਼ਾਂ[61] ਮਿਲਦੀਆਂ ਹਨ, ਜੇਕਰ ਉਹ ਸੁਆਮੀ ਦਾ[65] ਜੱਸ ਵਾਚਦੇ[64] ਰਹਿਣ।

ਪੁਛਿ[66] ਨ ਸਾਜੇ[71] ਪੁਛਿ ਨ ਢਾਹੇ[67] ਪੁਛਿ[68] ਨ ਦੇਵੈ[69] ਲੇਇ[70] ॥

He consults[66] none when He builds[71], nor does He consult any one when He demolishes[67], nor does He seek the counsel[68] while giving[69] and taking[70].

ਉਹ ਕਿਸੇ ਦੀ ਸਲਾਹ[66] ਨਹੀਂ ਲੈਂਦਾ, ਜਦ ਉਹ ਉਸਾਰਦਾ[71] ਹੈ; ਨਾ ਹੀ ਉਹ ਕਿਸੇ ਦੀ ਸਲਾਹ ਲੈਂਦਾ ਹੈ, ਜਦ ਉਹ ਵਿਨਾਸ਼[67] ਕਰਦਾ ਹੈ। ਦੇਣ[69] ਅਤੇ ਲੈਣ[70] ਲਗਿਆਂ ਉਹ ਕਿਸੇ ਨਾਲ ਮਸ਼ਵਰਾ[68] ਨਹੀਂ ਕਰਦਾ।

ਆਪਣੀ ਕੁਦਰਤਿ[72]ਆਪੇ[73] ਜਾਣੈ ਆਪੇ ਕਰਣੁ[74] ਕਰੇਇ[75] ॥	His omnipotence[72] He Himself[73] knows and He Himself does[75] all the works[74].	ਆਪਣੀ ਅਪਾਰ ਸ਼ਕਤੀ[72] ਨੂੰ ਉਹ ਆਪ[73] ਹੀ ਜਾਣਦਾ ਹੈ ਅਤੇ ਉਹ ਖ਼ੁਦ ਹੀ ਸਾਰੇ ਕਾਰਜ[74] ਕਰਦਾ[75] ਹੈ।
ਸਭਨਾ[76] ਵੇਖੈ[77] ਨਦਰਿ[78] ਕਰਿ ਜੈ[79] ਭਾਵੈ[80] ਤੈ[81] ਦੇਇ[82] ॥੪॥	With His glance[78], He beholds[77] all[76], but He gives[82] to him[81] whom[79] He is pleased[80] with.	ਆਪਣੀ ਨਿਗ੍ਹਾ[78] ਨਾਲ ਉਹ ਸਾਰਿਆਂ[76] ਨੂੰ ਦੇਖਦਾ[77] ਹੈ, ਪਰੰਤੂ ਉਹ ਉਸ[81] ਨੂੰ ਦਿੰਦਾ[82] ਹੈ, ਜਿਸ[79] ਉਤੇ ਉਸ ਦੀ ਖ਼ੁਸ਼ੀ[80] ਹੁੰਦੀ ਹੈ।
ਥਾਵਾ[83] ਨਾਵ[84] ਨ ਜਾਣੀਅਹਿ ਨਾਵਾ ਕੇਵਡੁ[85] ਨਾਉ ॥	His place[83], name[84], and how great[85] His Name is amongst other names, are not known.	ਉਸ ਦਾ ਥਾਂ[83], ਨਾਮ[84], ਨਾਵਾਂ ਵਿਚ ਕਿੱਡਾ ਵੱਡਾ[85] ਹੈ ਉਸ ਦਾ ਨਾਮ, ਜਾਣੇ ਨਹੀਂ ਜਾ ਸਕਦੇ।
ਜਿਥੈ ਵਸੈ[89] ਮੇਰਾ ਪਾਤਿਸਾਹੁ[86] ਸੁ[87] ਕੇਵਡੁ ਹੈ ਥਾਉ[88] ॥	How great is the[87] place[88] where my Sovereign[86] resides[89] ?	ਕਿੱਡੀ ਵੱਡੀ ਹੈ ਉਹ[87] ਜਗ੍ਹਾ[88], ਜਿਥੇ ਮੇਰਾ ਮਹਾਰਾਜਾ[86] ਨਿਵਾਸ[89] ਰੱਖਦਾ ਹੈ ?
ਅੰਬੜਿ[90] ਕੋਇ ਨ ਸਕਈ ਹਉ ਕਿਸਨੋ[91] ਪੂਛਣਿ[92] ਜਾਉ[93] ॥ ੫ ॥	No one can reach[90] it. Whom[91] should I go[93] to ask[92] ?	ਕੋਈ ਪ੍ਰਾਣੀ ਇਸ ਨੂੰ ਪੁਜ[90] ਨਹੀਂ ਸਕਦਾ। ਮੈਂ ਕੀਹਦੇ[91] ਕੋਲ ਪਤਾ[92] ਕਰਨ ਲਈ ਜਾਵਾਂ[93] ?
ਵਰਨਾ[94]ਵਰਨ ਨ ਭਾਵਨੀ[95] ਜੇ[96]ਕਿਸੈ[97]ਵਡਾ[98] ਕਰੇਇ॥	A race[94] likes[95] not another race, when[96] He makes any one[97] great[98].	ਇਕ ਵੰਸ਼[94] ਨੂੰ ਦੂਜੀ ਵੰਸ਼ ਚੰਗੀ[95] ਨਹੀਂ ਲਗਦੀ, ਜਦ[96] ਉਹ ਕਿਸੇ ਇਕ[97] ਨੂੰ ਉੱਚਾ[98] ਕਰਦਾ ਹੈ।
ਵਡੇ[99] ਹਥਿ[100] ਵਡਿਆਈਆ[2] ਜੈ[3] ਭਾਵੈ[4] ਤੈ[5] ਦੇਇ[6] ॥	In the hand[100] of the great Lord[99] are the greatnesses[2]. He gives[6] to him[5] whom[3] He pleases[4].	ਵਿਸ਼ਾਲ ਸਾਹਿਬ[99] ਦੇ ਕਰ[100] ਵਿਚ ਵਿਸ਼ਾਲਤਾਈਆਂ[2] ਹਨ। ਉਹ ਉਸ ਨੂੰ[5] ਦਿੰਦਾ[6] ਹੈ, ਜਿਸ[3] ਨੂੰ ਉਹ ਚਾਹੁੰਦਾ[4] ਹੈ।
ਹੁਕਮਿ[7] ਸਵਾਰੇ[8] ਆਪਣੈ ਚਸਾ[9]ਨ ਢਿਲ[10]ਕਰੇਇ[12]॥੬॥	He regenerates[8] mortal by His order[7] and makes[12] not a moment's[9] delay[10].	ਉਹ ਆਪਣੇ ਅਮਰ[7] ਦੁਆਰਾ ਪ੍ਰਾਣੀ ਨੂੰ ਸੁਆਰ[8] ਦਿੰਦਾ ਹੈ ਅਤੇ ਇਕ ਮੁਹਤ[9] ਦੀ ਭੀ ਦੇਰੀ[10] ਨਹੀਂ ਲਾਉਂਦਾ[12]
ਸਭੁ[11] ਕੋ ਆਖੈ[13] ਬਹੁਤੁ[14] ਬਹੁਤੁ ਲੈਣੈ[15] ਕੈ ਵੀਚਾਰਿ[16] ॥	With the idea[16] of obtaining[15], every one[11] cries[13], "give me much[14] more, much more".	ਪਰਾਪਤ[15] ਕਰਨ ਦੇ ਖ਼ਿਆਲ[16] ਨਾਲ ਹਰ ਕੋਈ[11] ਪੁਕਾਰਦਾ[13] ਹੈ, "ਮੈਨੂੰ ਹੋਰ ਵਧੇਰੇ[14] ਦਿਓ, ਹੋਰ ਵਧੇਰੇ"।
ਕੇਵਡੁ[17] ਦਾਤਾ[18]ਆਖੀਐ[19] ਦੇ ਕੈ[20] ਰਹਿਆ[21] ਸੁਮਾਰਿ[22] ॥	How great[17] should the Giver[18] be called[19] ? He gives[20] bounties beyond[21] enumeration[22].	ਦਾਤਾਰ[18] ਨੂੰ ਕਿੱਡਾ ਵੱਡਾ[17] ਕਹਿਆ[19] ਜਾਵੇ ? ਉਹ ਗਿਣਤੀ[22] ਤੋਂ ਬਾਹਰ[21] ਦਾਤਾਂ ਦਿੰਦਾ[20] ਹੈ।
ਨਾਨਕ ਤੋਟਿ[23] ਨ ਆਵਈ ਤੇਰੇ ਜੁਗਹ[24] ਜੁਗਹ ਭੰਡਾਰ[25] ॥ ੭ ॥ ੧ ॥	Nanak: O' Lord! Thine store houses[25] are brimful in every age[24], and never is there a deficiency[23] in them.	ਨਾਨਕ : ਹੇ ਸਾਹਿਬ ! ਤੇਰੇ ਖ਼ਜ਼ਾਨੇ[25] ਹਰ ਜੁਗ[24] ਅੰਦਰ ਪਰੀ ਪੂਰਨ ਹਨ ਅਤੇ ਕਦਾਚਿੱਤ ਉਨ੍ਹਾਂ ਵਿਚ ਕਮੀ[23] ਨਹੀਂ ਵਾਪਰਦੀ।
੫੪	**54**	**੫੪**
ਮਹਲਾ ੧ ॥	First Guru.	ਪਹਿਲੀ ਪਾਤਸ਼ਾਹੀ।
ਸਭੇ[26] ਕੰਤ[27] ਮਹੇਲੀਆ[28] ਸਗਲੀਆ[31] ਕਰਹਿ[29]	All[26] are the wives[28] of the Spouse[27] and all[31] make[29] decorations[30] for	ਸਾਰੀਆਂ[26] ਹੀ ਪਤੀ[27] ਦੀਆਂ ਪਤਨੀਆਂ[28] ਹਨ ਅਤੇ ਸਾਰੀਆਂ[31] ਉਸ ਲਈ ਹਾਰ-ਸ਼ਿੰਗਾਰ[30] ਲਾਉਂਦੀਆਂ[29]

ਸੀਗਾਰੁ[30] ॥	Him.	ਹਨ।
ਗਣਤ[31]* ਗਣਾਵਣਿ[32] ਆਈਆ ਸੂਹਾ[33] ਵੇਸੁ[34] ਵਿਕਾਰੁ[35] ॥	Evil[35] (Cursed) is the red[33] robe[34] of those, who, instead of praying for His mercy, have come to reckon[32] accounts[31]* with Him, (their Spouse).	ਮੰਦਾ[35] ਹੈ ਉਨ੍ਹਾਂ ਦਾ ਲਾਲ[33] ਪਹਿਰਾਵਾ[34], ਜਿਹੜੀਆਂ ਆਪਣੇ ਕੰਤ ਤੋਂ ਮਿਹਰ ਦੀ ਯਾਚਨਾ ਕਰਨ ਦੀ ਥਾਂ, ਉਸ ਨਾਲ ਹਿਸਾਬ-ਕਿਤਾਬ[31]* ਗਿਣਨ-ਮਿਥਨ[32] ਆਈਆਂ ਹਨ।
ਪਾਖੰਡਿ[36] ਪ੍ਰੇਮੁ[37] ਨ ਪਾਈਐ ਖੋਟਾ[38] ਪਾਜੁ[39] ਖੁਆਰੁ[40] ॥ ੧ ॥	Through hypocrisy[36] His love[37] is not obtained. The counterfeit[38] gilding[39] is ruinous[40].	ਦੰਭ[36] ਰਾਹੀਂ ਉਸ ਦੀ ਪ੍ਰੀਤ[37] ਪਰਾਪਤ ਨਹੀਂ ਹੁੰਦੀ। ਕੂੜਾ[38] ਮੁਲੰਮਾ[39] ਤਬਾਹ-ਕੁਨ[40] ਹੈ।
ਹਰਿ[41] ਜੀਉ[42] ਇਉ[43] ਪਿਰੁ[44] ਰਾਵੈ[45] ਨਾਰਿ[46] ॥	Like this[43], venerable[42] Lord[41], the Consort[44], enjoys[45] the bride[46].	ਇਸ ਤਰ੍ਹਾਂ[43], ਪੂਜਯ[42] ਪ੍ਰਭੂ[41] ਪਤੀ[44] ਪਤਨੀ[46] ਨੂੰ ਮਾਣਦਾ[45] ਹੈ।
ਤੁਧੁ ਭਾਵਨਿ[47] ਸੋਹਾਗਣੀ[48] ਅਪਣੀ ਕਿਰਪਾ[49] ਲੈਹਿ ਸਵਾਰਿ[50] ॥੧॥ ਰਹਾਉ ॥	The good bride[48] is pleasing[47] to Thee, O' Lord ! By the Grace[49] Thou decoratest[50] her. Pause.	ਭਲੀ ਵਹੁਟੀ[48] ਤੈਨੂੰ ਚੰਗੀ[47] ਲੱਗਦੀ ਹੈ, ਹੇ ਸੁਆਮੀ ! ਆਪਣੀ ਰਹਿਮਤ[49] ਦੁਆਰਾ ਤੂੰ ਉਸ ਨੂੰ ਆਰਾਸਤਾ[50] ਕਰ ਲੈਂਦਾ ਹੈਂ। ਠਹਿਰਾਉ।
ਗੁਰਸਬਦੀ[51] ਸੀਗਾਰੀਆ[52] ਤਨੁ[53] ਮਨੁ[54] ਪਿਰ[55] ਕੈ ਪਾਸਿ[56] ॥	With Guru's Word[51] she is decorated[52] and her body[53] and soul[54] are with[56](at the disposal of)her Beloved[55].	ਗੁਰ-ਸ਼ਬਦ[51] ਨਾਲ ਉਹ ਸਸ਼ੋਭਤ[52] ਹੋਈ ਹੈ ਅਤੇ ਉਸ ਦੀ ਦੇਹਿ[53] ਤੇ ਆਤਮਾ[54] ਉਸ ਦੇ ਪ੍ਰੀਤਮ[55] ਦੇ ਕੋਲਿ[56] (ਹਵਾਲੇ) ਹਨ।
ਦੁਇ[57] ਕਰ[58] ਜੋੜਿ[59] ਖੜੀ[60] ਤਕੈ[61] ਸਚੁ[62] ਕਹੈ[63] ਅਰਦਾਸਿ[64] ॥	With both[57] the hands[58] clasped[59], she stands[60] waiting[61] on Him and offers[63] Him true[62] supplication[64].	ਆਪਣੇ ਦੋਵੇਂ[57] ਹੱਥ[58] ਬੰਨ੍ਹ[59] ਕੇ ਉਹ ਖਲੋ[60] ਕੇ ਉਸ ਦੀ ਇੰਤਜ਼ਾਰ[61] ਕਰਦੀ ਹੈ ਅਤੇ ਸੱਚੇ ਦਿਲੋਂ[62] ਉਸ ਅੱਗੇ ਬੇਨਤੀ[64] ਵਖਾਣਦੀ[63] ਹੈ।
ਲਾਲਿ[65] ਰਤੀ[66] ਸਚ[67] ਭੈ[68] ਵਸੀ[69] ਭਾਇ[70] ਰਤੀ[71] ਰੰਗਿ[72] ਰਾਸਿ[73] ॥੨॥	She is dyed in the love[66] of her Darling[65] and abides[69] in the fear[68] of the True One[67]. Imbued[71] with His affection[70] she assumes True[73] Colour[72].	ਉਹ ਆਪਣੇ ਪਿਆਰੇ[65] ਦੇ ਪਿਆਰ[66] ਅੰਦਰ ਰੰਗੀ ਗਈ ਹੈ ਅਤੇ ਸਤਿਪੁਰਖ[67] ਦੇ ਡਰ[68] ਵਿਚ ਰਹਿੰਦੀ[69] ਹੈ। ਉਸ ਦੀ ਪ੍ਰੀਤ[70] ਨਾਲ ਰੰਗੀਜਣ[71] ਦੁਆਰਾ ਉਸ ਨੂੰ ਸੱਚੀ[73] ਰੰਗਤ[72] ਚੜ੍ਹ ਜਾਂਦੀ ਹੈ।
ਪ੍ਰਿਅ[74] ਕੀ ਚੇਰੀ[75] ਕਾਂਢੀਐ[76] ਲਾਲੀ[77] ਮਾਨੈ[78] ਨਾਉ[79] ॥	The sweet-heart[77], who surrenders[78] to the Name[79] is said to[76] be the hand maiden[75] of her dear Spouse[74].	ਪਿਆਰੀ[77], ਜੋ ਨਾਮ[79] ਨੂੰ ਸਮਰਪਣ[78] ਹੁੰਦੀ ਹੈ, ਆਪਣੇ ਪਿਆਰੇ ਪਤੀ[74] ਦੀ ਬਾਂਦੀ[75] ਆਖੀ ਜਾਂਦੀ[76] ਹੈ।
ਸਾਚੀ ਪ੍ਰੀਤਿ[80] ਨ ਤੁਟਈ[81] ਸਾਚੇ[82] ਮੇਲਿ[83] ਮਿਲਾਉ[84] ॥	The true love[80] sunders[81] not, and she unites[84] in the union[83] of her True Lord[82].	ਸੱਚੀ ਪਿਰਹੜੀ[80] ਟੁਟਦੀ[81] ਨਹੀਂ ਅਤੇ ਉਹ ਆਪਣੇ ਸੱਚੇ ਸੁਆਮੀ[82] ਦੇ ਮਿਲਾਪ[83] ਅੰਦਰ ਮਿਲ[84] ਜਾਂਦੀ ਹੈ।
ਸਬਦਿ[85] ਰਤੀ[86] ਮਨੁ[87] ਵੇਧਿਆ[88] ਹਉ[89] ਸਦ[90] ਬਲਿਹਾਰੈ[91] ਜਾਉ ॥ ੩ ॥	With Guru's Word[85] she is imbued[86] and her mind[87] is pierced[88] through (with love). I[89] am ever[90] a sacrifice[91] unto him.	ਗੁਰਬਾਣੀ[85] ਨਾਲ ਉਹ ਰੰਗੀ[86] ਗਈ ਹੈ ਅਤੇ ਉਸ ਦਾ ਮਨ[87] (ਪ੍ਰੇਮ ਵਿਚ) ਵਿੰਨ੍ਹਿਆ[88] ਗਿਆ ਹੈ। ਹਮੇਸ਼ਾਂ[90] ਹੀ ਮੈਂ[89] ਉਸ ਉਤੋਂ ਘੋਲੀ[91] ਜਾਂਦਾ ਹਾਂ।
ਸਾ[92] ਧਨ[93] ਰੰਡ[94] ਨ ਬੈਸਈ[95] ਜੇ[96] ਸਤਿਗੁਰ ਮਾਹਿ[97]	The[92] bride[93], who[96] is absorbed[98] in[97] the True Guru, sits[95] not as a	ਉਹ[92] ਵਹੁਟੀ[93] ਜਿਹੜੀ[96] ਸੱਚੇ ਗੁਰਾਂ ਅੰਦਰ[97] ਲੀਨ[98] ਹੋਈ ਹੈ, ਵਿਧਵਾ[94] ਹੋ ਕੇ ਨਹੀਂ ਰਹਿੰਦੀ[95]।

ਸਮਾਇ[98] ॥	widow[94].	
ਪਿਰੁ[99] [100]ਰੀਸਾਲੂ[2] [3]ਨਉਤਨੋ[4] ਸਾਚਉ[5] ਮਰੈ[6] ਨ ਜਾਇ[7] ॥	Her Beloved[99] is an abode[2] of essences[100], of ever fresh[3] body[4] and is Truthful[5]. He dies[6] not and is born[7] not.	ਉਸ ਦਾ ਪ੍ਰੀਤਮ[99] ਰਸਾਂ[100] ਦਾ ਘਰ[2] ਹਮੇਸ਼ਾ ਨਵੇਂ[3] ਸਰੀਰ[4] ਵਾਲਾ ਅਤੇ ਸਤਿਵਾਦੀ[5] ਹੈ । ਉਹ ਮਰਦਾ[6] ਅਤੇ ਜੰਮਦਾ[7] ਨਹੀਂ ।
ਨਿਤ[8] ਰਵੈ[9] ਸੋਹਾਗਣੀ[10] ਸਾਚੀ ਨਦਰਿ[11] ਰਜਾਇ[12] ॥ ੪ ॥	He [8]ever-enjoys[9] His virtuous wife[10] and casts His True Glance[11] on her, as she abides by His Will[12].	ਉਹ ਹਮੇਸ਼ਾਂ[8] ਆਪਣੀ ਪਾਕ-ਦਾਮਨ ਪਤਨੀ[10] ਨੂੰ ਮਾਣਦਾ[9] ਹੈ ਅਤੇ ਉਸ ਉਤੇ ਆਪਣੀ ਸੱਚੀ ਨਿਗ੍ਹਾ[11] ਧਾਰਦਾ ਹੈ, ਕਿਉਂਕਿ ਉਹ ਉਸ ਦੇ ਭਾਣੇ[12] ਅੰਦਰ ਵਿਚਰਦੀ ਹੈ ।
ਸਾਚੁ[13] ਧੜੀ[14] ਧਨ[15] ਮਾਡੀਐ[16] ਕਾਪੜੁ[17] ਪ੍ਰੇਮ[18] ਸੀਗਾਰੁ[19] ॥	Such bride[15] plaits[16] the tresses[14] of truth[13] and makes Lord's love[18] her raiment[17] and ornamentation[19].	ਐਸੀ ਪਤਨੀ[15] ਸੱਚ[13] ਦੀਆਂ ਪੱਟੀਆਂ[14] ਗੁੰਦਦੀ[16] ਹੈ ਅਤੇ ਪ੍ਰਭੂ ਪ੍ਰੀਤ[18] ਨੂੰ ਆਪਣੀ ਪੁਸ਼ਾਕ[17] ਤੇ ਹਾਰ-ਸ਼ਿੰਗਾਰ[19] ਬਣਾਉਂਦੀ ਹੈ ।
ਚੰਦਨੁ[20] ਚੀਤਿ ਵਸਾਇਆ[21] ਮੰਦਰੁ[24] ਦਸਵਾ ਦੁਆਰੁ[23] ॥	Dwelling[21] (of the Lord) in the conscious she makes her sandal[20] (make on the forehead) and the tenth gate[23] her mansion[24].	ਸੁਆਮੀ ਨੂੰ ਚਿੱਤ ਵਿਚ ਟਿਕਾਉਣ[21] ਨੂੰ ਉਹ ਚੰਨਣ[20] (ਦਾ ਮੱਥੇ ਤੇ ਟਿਕਾ) ਅਤੇ ਦਸਵੇਂ-ਦਰ[23] ਨੂੰ ਆਪਣਾ ਮਹਿਲ[24] ਬਣਾਉਂਦੀ ਹੈ ।
ਦੀਪਕੁ[22] ਸਬਦਿ[25] ਵਿਗਾਸਿਆ[26] ਰਾਮਨਾਮੁ[27] ਉਰਹਾਰੁ[28] ॥ ੫ ॥	She lights[26] the lamp[22] of the Word[25] and has God's Name[27] as her necklace[28].	ਉਹ ਗੁਰ-ਸ਼ਬਦ[25] ਦਾ ਦੀਵਾ[22] ਜਗਾਉਂਦੀ[26] ਹੈ ਅਤੇ ਰੱਬ ਦੇ ਨਾਮ[27] ਦੀ ਉਸ ਕੋਲਿ ਗਲ-ਮਾਲਾ[28] ਹੈ ।
ਨਾਰੀ[29] ਅੰਦਰਿ[30] ਸੋਹਣੀ[31] ਮਸਤਕਿ[32] ਮਣੀ[33] ਪਿਆਰੁ[34] ॥	Amongst[30] women[29] she is beautiful[31] and on her brow[32] she wears the jewel[33] of Lord's love[34].	ਇਸਤ੍ਰੀਆਂ[29] ਵਿਚ[30] ਉਹ ਸੁੰਦਰ[31] ਹੈ ਅਤੇ ਆਪਣੇ ਮਥੇ[32] ਉਤੇ ਉਸ ਨੇ ਸੁਆਮੀ ਦੇ ਸਨੇਹ[34] ਦਾ ਮਾਣਕ[33] ਪਹਿਨਿਆ ਹੋਇਆ ਹੈ ।
ਸੋਭਾ[35] ਸੁਰਤਿ[36] ਸੁਹਾਵਣੀ[37] ਸਾਚੈ[38] ਪ੍ਰੇਮਿ[39] ਅਪਾਰ[40] ॥	Her celebrity[35] and wisdom[36] are beauteous[37] and true[38] is her love[39] for the Infinite Lord[40].	ਉਸ ਦੀ ਮਹਿਮਾ[35] ਤੇ ਸਿਆਣਪ[36] ਮਨੋਹਰ[37] ਹਨ ਅਤੇ ਉਸ ਦੀ ਪ੍ਰੀਤ[39] ਬੇਅੰਤ[40] ਸੁਆਮੀ ਲਈ ਸੱਚੀ[38] ਹੈ ।
ਬਿਨੁ ਪਿਰ[41] ਪੁਰਖੁ[42] ਨ ਜਾਣਈ[43] ਸਾਚੇ ਗੁਰ ਕੈ ਹੇਤਿ[44] ਪਿਆਰਿ[45] ॥੬॥	She knows[43] no man[42] except her Beloved[41]. It is only the True Guru she enshrines love[44] and affection[45] for.	ਉਹ ਬਗੈਰ ਆਪਣੇ ਪ੍ਰੀਤਮ[41] ਦੇ ਕਿਸੇ ਨੂੰ ਪੁਰਸ਼[42] ਨਹੀਂ ਸਮਝਦੀ[43] । ਕੇਵਲ ਸਤਿਗੁਰਾਂ ਲਈ ਹੀ ਉਹ ਮੁਹੱਬਤ[44] ਤੇ ਉਲਫ਼ਤ[45] ਰੱਖਦੀ ਹੈ ।
ਨਿਸਿ[46] ਅੰਧਿਆਰੀ[47] ਸੁਤੀਏ[48] ਕਿਉ[49] ਪਿਰ[50] ਬਿਨੁ[51] ਰੈਣਿ[52] ਵਿਹਾਇ[53]॥	But how[49] shall she, who is asleep[48] during the dark[47] night[46], pass[63] her night[62] without[61] her Beloved[60] ?	ਪਰ ਜੋ ਅਨ੍ਹੇਰੀ[46] ਰਾਤ੍ਰੀ[47] ਅੰਦਰ ਸੁੱਤੀ[48] ਪਈ ਹੈ, ਉਹ ਆਪਣੇ ਦਿਲਬਰ[50] ਦੇ ਬਗੈਰ[51] ਆਪਣੀ ਰਾਤ[52] ਕਿਸ ਤਰ੍ਹਾਂ[49] ਬਤੀਤ[53] ਕਰੇਗੀ ?
ਅੰਕੁ[54] ਜਲਉ[55] ਤਨੁ[56] ਜਾਲੀਅਉ ਮਨੁ[57] ਧਨੁ[58] ਜਲਿ[59] ਬਲਿਜਾਇ ॥	Thine limbs[54] shall burn[55] and thy body[56] shall burn and thy mind[57] and wealth[58] shall burn[59] as well;	ਤੇਰੇ ਅੰਗ[54] ਸੜ ਜਾਣਗੇ[55], ਤੇਰੀ ਦੇਹਿ[56] ਮਚ ਜਾਏਗੀ ਅਤੇ ਤੇਰਾ ਹਿਰਦਾ[57] ਤੇ ਦੌਲਤ[58] ਸੜ ਮੱਚ[59] ਜਾਣਗੇ;
ਜਾ[60] ਧਨ[61] ਕੰਤਿ[62] ਨ ਰਾਵੀਆ[63] ਤਾ[64] ਬਿਰਥਾ[65] ਜੋਬਨੁ[66] ਜਾਇ[67] ॥੭॥	When[60] the Husband[62] enjoys[63] not the wife[61], then[64] her youth[66] passes away[67] in vain[65].	ਜਦ[60] ਖ਼ਸਮ[62] ਵਹੁਟੀ[61] ਨੂੰ ਨਹੀਂ ਮਾਣਦਾ[63], ਤਦ[64] ਉਸ ਦੀ ਜਵਾਨੀ[66] ਰਾਇਗਾਂ[65] ਬੀਤ[67] ਜਾਂਦੀ ਹੈ ।
ਸੇਜੈ[68] ਕੰਤ[72] ਮਹੇਲੜੀ[69]	Her Spouse[72] is on the couch[68] but	ਉਸ ਦਾ ਭਰਤਾ[72] ਸੇਜ[68] ਉਤੇ ਹੈ, ਪਰ ਸੁੱਤੀ[70]

ਸੁਤੀ[70] ਬੂਝ[71] ਨ ਪਾਇ ॥	the wife[69] being asleep[70] has no knowledge[71] of Him.	ਹੋਈ ਹੋਣ ਕਰਕੇ ਵਹੁਟੀ[69] ਨੂੰ ਉਸ ਦੀ ਗਿਆਤ[71] ਹੀ ਨਹੀਂ ।
ਹਉ ਸੁਤੀ ਪਿਰੁ[77] ਜਾਗਣਾ[73]	While I sleep, my Beloved[77] is awake[73].	ਮੈਂ ਸੌਂ ਰਹੀ ਹਾਂ, ਮੇਰਾ ਪ੍ਰੀਤਮ[77] ਜਾਗਦਾ[73] ਹੈ ।
ਕਿਸ[74] ਕਉ ਪੂਛਉ[75] ਜਾਇ[76] ॥	Whom[74] should I go[76] to consult[75] ?	ਮੈਂ ਕੀਹਦੇ ਕੋਲਿ[74] ਮਸ਼ਵਰਾ[75] ਕਰਨ ਲਈ ਜਾਵਾਂ[76] ?
ਸਤਿਗੁਰਿ ਮੇਲੀ[78] ਭੈ[79] ਵਸੀ[80] ਨਾਨਕ ਪ੍ਰੇਮੁ[81] ਸਖਾਇ[82] ॥੮॥੨॥	Nanak, the True Guru has taught[82] me Lord's Love[81], has caused me to meet[78] Him and I now abide[80] in His fear[79].	ਨਾਨਕ ਸੱਚੇ ਗੁਰਾਂ ਨੇ ਮੈਨੂੰ ਪ੍ਰਭੂ ਦੀ ਪ੍ਰੀਤ[81] ਸਿਖਾਈ[82] ਹੈ, ਮੈਨੂੰ ਉਸ ਨਾਲ ਮਿਲਾ[78] ਦਿੱਤਾ ਹੈ ਅਤੇ ਮੈਂ ਹੁਣ ਉਸ ਦੇ ਡਰ[79] ਅੰਦਰ ਰਹਿੰਦੀ[80] ਹਾਂ ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਆਪੇ[83] ਗੁਣ[84] ਆਪੇ ਕਥੈ[85] ਆਪੇ ਸੁਣਿ[86] ਵੀਚਾਰੁ[87] ॥	Thou, O' Lord ! art Thy own[83] excellences[84] and Thou Thyself utterest[85], hearest[86] and ponderest[87] over them.	ਹੇ ਸੁਆਮੀ ! ਤੂੰ ਖ਼ੁਦ[83] ਹੀ ਆਪਣੀ ਵਡਿਆਈ[84] ਹੈਂ ਅਤੇ ਖ਼ੁਦ ਹੀ ਉਨ੍ਹਾਂ ਨੂੰ ਉਚਾਰਦਾ[85], ਸ੍ਰਵਣ[86] ਕਰਦਾ ਤੇ ਸੋਚਦਾ ਸਮਝਦਾ[87] ਹੈਂ ।
ਆਪੇ ਰਤਨੁ[88] ਪਰਖਿ[89] ਤੂੰ ਆਪੇ ਮੋਲੁ[90] ਅਪਾਰੁ[91] ॥	Thou Thyself art, the Name jewel[88] and its assayer[89] and Thou Theyself art of infinite[91] value[90].	ਆਪ ਹੀ ਤੂੰ ਨਾਮ ਹੀਰਾ[88] ਤੇ ਇਸ ਦਾ ਪਾਰਖੂ[89] ਹੈਂ ਅਤੇ ਤੂੰ ਆਪ ਬੇਅੰਤ[91] ਮੁੱਲ[90] ਦਾ ਹੈਂ ।
ਸਾਚਉ[92] ਮਾਨੁ[93] ਮਹਤੁ[94] ਤੂੰ ਆਪੇ ਦੇਵਣਹਾਰੁ[95] ॥੧॥	Thou, O' True Lord[92] ! art honour[93] and glory[94] and Thyself the giver[95] there-of.	ਤੂੰ, ਹੇ ਸੱਚੇ ਸੁਆਮੀ[92] ! ਇਜ਼ਤ ਮਾਨ[93] ਤੇ ਬਜ਼ੁਰਗੀ[94] ਹੈਂ ਅਤੇ ਖ਼ੁਦ ਹੀ ਉਨ੍ਹਾਂ ਨੂੰ ਦੇਣ ਵਾਲਾ[95] ।
ਹਰਿ ਜੀਉ[96] ਤੂੰ ਕਰਤਾ[97] ਕਰਤਾਰੁ[98] ॥	My honourable[96] God ! Thou art the Maker[97] and Creator[98].	ਮੇਰੇ ਮਾਨਣੀਯ[96] ਹਰੀ ! ਤੂੰ ਹੀ ਰਚਨਵਾਲਾ[97] ਤੇ ਸਿਰਜਣਹਾਰ[98] ਹੈਂ ।
ਜਿਉ[99] ਭਾਵੈ[100] ਤਿਉ ਰਾਖੁ[2] ਤੂੰ ਹਰਿਨਾਮੁ ਮਿਲੈ[3] ਆਚਾਰੁ[4] ॥੧॥ ਰਹਾਉ ॥	Save[2] me as[99] it pleases[100] Thee, O' God ! and grant[3] me the life[4] of meditation. Pause.	ਜਿਸ ਤਰ੍ਹਾਂ[99] ਤੈਨੂੰ ਚੰਗਾ[100] ਲੱਗਦਾ ਹੈ, ਮੇਰੀ ਰੱਖਿਆ[2] ਕਰ, ਹੇ ਵਾਹਿਗੁਰੂ ! ਅਤੇ ਮੈਨੂੰ ਆਪਣੇ ਨਾਮ ਸਿਮਰਨ ਦੀ ਜੀਵਨ ਰਹੁ-ਰੀਤੀ[4] ਬਖ਼ਸ਼[3] । ਠਹਿਰਾਉ ।
ਆਪੇ ਹੀਰਾ[5] ਨਿਰਮਲਾ[6] ਆਪੇ ਰੰਗੁ[7] ਮਜੀਠ[8] ॥	Thou Thyself art the Pure[6] gem[5] and Thyself the colour[7] of madder[8].	ਤੂੰ ਆਪ ਹੀ ਸਾਫ਼-ਸ਼ੁੱਧ[6] ਜਵੇਹਰ[5] ਹੈਂ ਤੇ ਆਪ ਹੀ ਮਜੀਠ[8] ਦੀ ਰੰਗਤ[7] ।
ਆਪੇ ਮੋਤੀ[9] ਊਜਲੋ[10] ਆਪੇ ਭਗਤ[11] ਬਸੀਠੁ[12] ॥	Thou Thyself art the pure[10] pearl[9] and Thyself the devotee[11] and intercessor[12].	ਤੂੰ ਖ਼ੁਦ ਹੀ ਪਵਿੱਤ੍ਰ[10] ਬਿੰਦੂ[9] ਹੈਂ ਅਤੇ ਖ਼ੁਦ ਹੀ ਅਨੁਰਾਗੀ[11] ਤੇ ਵਿਚੋਲਾ[12] ।
ਗੁਰ ਕੈ ਸਬਦਿ[13] ਸਲਾਹਣਾ[14] ਘਟਿ ਘਟਿ[15] ਡੀਠੁ[16] ਅਡੀਠੁ[17] ॥੨॥	By the Word of the Guru[13], the Invisible One[17] is praised[14] and seen[16] in every heart[15].	ਗੁਰੂ ਦੇ ਸ਼ਬਦ[13] ਦੁਆਰਾ ਅਦ੍ਰਿਸ਼ਟ ਪੁਰਖ[17] ਸਲਾਹਿਆ[14] ਅਤੇ ਹਰ ਦਿਲ[15] ਅੰਦਰ ਵੇਖਿਆ[16] ਜਾਂਦਾ ਹੈ ।
ਆਪੇ ਸਾਗਰੁ[18] ਬੋਹਿਥਾ[19] ਆਪੇ ਪਾਰੁ[20] ਅਪਾਰੁ[21] ॥	Thou Thyself art the ocean[18] and the ship[19] and Thyself this shore[21] and the yonder one[20].	ਤੂੰ ਆਪ ਹੀ ਸਮੁੰਦਰ[18] ਤੇ ਜਹਾਜ਼[19] ਹੈਂ ਅਤੇ ਆਪ ਹੀ ਇਹ ਕਿਨਾਰਾ[21] ਤੇ ਪਾਰਲਾ ਕਿਨਾਰਾ[20] ਹੈਂ ।

ਸਾਚੀ[22] ਵਾਟ[23] ਸੁਜਾਣੁ[24] ਤੂੰ ਸਬਦਿ[25] ਲਘਾਵਣ-ਹਾਰੁ[26] ॥	My Omniscient[24] Lord ! Thou art the right[22] path[23] and Thy name[25] the navigator to ferry over[26].	ਮੇਰੇ ਸਰਬੱਗ ਸਾਹਿਬ[24] ! ਤੂੰ ਦਰੁਸਤ[22] ਰਸਤਾ[23] ਹੈਂ ਅਤੇ ਤੇਰਾ ਨਾਮ[25] ਪਾਰ ਕਰਨ ਲਈ[26] ਮਲਾਹ ।
ਨਿਡਰਿਆ[27] ਡਰੁ[28] ਜਾਣੀਐ[29] ਬਾਝੁ[30] ਗੁਰੂ ਗੁਬਾਰੁ[31] ॥ ੩ ॥	Know[29] that dread[28] is for those who fear not[27] the Lord. Without[30] the Guru there is pitch darkness[31].	ਜਾਣ[29] ਲੈ ਕਿ ਭੈ[28] ਉਨ੍ਹਾਂ ਲਈ ਹੈ ਜੋ ਸਾਹਿਬ ਤੋਂ ਨਹੀਂ ਡਰਦੇ[27] । ਗੁਰਦੇਵ ਜੀ ਦੇ ਬਗ਼ੈਰ[30] ਘੁੱਪ ਅਨ੍ਹੇਰਾ[31] ਹੈ ।
ਅਸਥਿਰੁ[32] ਕਰਤਾ[33] ਦੇਖੀਐ[34] ਹੋਰੁ ਕੇਤੀ[35] ਆਵੈ ਜਾਇ[36] ॥	The Creator[33] alone is seen[34] to be Eternal[32]. All others[35] continue coming and going[36].	ਕੇਵਲ ਸਿਰਜਣਹਾਰ[33] ਹੀ ਸਦੀਵੀ ਸਥਿਰ[32] ਵੇਖਿਆ[34] ਜਾਂਦਾ ਹੈ । ਹੋਰ ਸਾਰੇ[35] ਆਉਂਦੇ ਤੇ ਜਾਂਦੇ[36] ਰਹਿੰਦੇ ਹਨ ।
ਆਪੇ[37] ਨਿਰਮਲੁ[38] ਏਕੁ[39] ਤੂੰ ਹੋਰ[40] ਬੰਧੀ[41] ਧੰਧੈ[42] ਪਾਇ[43] ॥	Thou[39], O' Lord ! art, by Thyself[37] Pure[38]. Thou hast tied[41] down and engaged[43] others[40] in secular pursuits[42].	ਕੇਵਲ[39] ਤੂੰ ਹੀ, ਹੇ ਸਾਹਿਬ ! ਆਪਣੇ ਆਪ[37] ਸ਼ੁੱਧ[38] ਹੈਂ । ਬਾਕੀਆਂ[40] ਨੂੰ ਤੂੰ ਸੰਸਾਰੀ ਕੰਮਾਂ[42] ਅੰਦਰ ਬੰਨ੍ਹਿਆ[41] ਅਤੇ ਲਾਇਆ[43] ਹੋਇਆ ਹੈ ।
੫੫	**55**	**੫੫**
ਗੁਰਿ ਰਾਖੇ[44] ਸੇ[45] ਉਬਰੇ[46] ਸਾਚੇ[47] ਸਿਉ ਲਿਵ[48] ਲਾਇ[49] ॥੪॥	They[45], whom the Guru protects[44], are saved[46] by cherishing[49] love[48] for the True Lord[47].	ਜਿਨ੍ਹਾਂ ਦੀ ਗੁਰੂ ਜੀ ਰਖਿਆ[44] ਕਰਦੇ ਹਨ ਉਹ[45] ਸੱਚੇ ਸਾਈਂ[47] ਨਾਲ ਪਿਰਹੜੀ[48] ਪਾਉਣ[49] ਦੁਆਰਾ ਬਚ[46] ਜਾਂਦੇ ਹਨ ।
ਹਰਿ ਜੀਉ[50] ਸਬਦਿ[51] ਪਛਾਣੀਐ[52] ਸਾਚਿ[53] ਰਤੇ[54] ਗੁਰਵਾਕਿ[55] ॥	Through the Word[51] man recognises[52] the adorable Lord[50] and is imbued[54] in the True[53] through the Guru's sermon[55].	ਨਾਮ[51] ਦੁਆਰਾ ਇਨਸਾਨ ਪੂਜਯ ਪ੍ਰਭੂ[50] ਨੂੰ ਸਿੰਞਾਣ[52] ਲੈਂਦਾ ਹੈ ਅਤੇ ਗੁਰਾਂ ਦੀ ਬਾਣੀ[55] ਰਾਹੀਂ ਉਹ ਸੱਚ[53] ਅੰਦਰ ਰੰਗਿਆ[54] ਜਾਂਦਾ ਹੈ ।
ਤਿਤੁ[56] ਤਨਿ[57] ਮੈਲੁ[58] ਨ ਲਗਈ[59] ਸਚ[60] ਘਰਿ ਜਿਸੁ[61] ਓਤਾਕੁ[62] ॥	Filth[58] attaches[59] not to the body[57] of him[56], who[61] has secured an abode[62] in the True Home[60].	ਉਸ[56] ਦੀ ਦੇਹਿ[57] ਨੂੰ ਮਲੀਨਤਾ[58] ਨਹੀਂ ਚੰਬੜਦੀ[59], ਜਿਸ[61] ਨੇ ਸੱਚੇ ਗ੍ਰਿਹਿ[60] ਅੰਦਰ ਟਿਕਾਣਾ[62] ਕਰ ਲਿਆ ਹੈ ।
ਨਦਰਿ[63] ਕਰੇ[64] ਸਚੁ[65] ਪਾਈਐ ਬਿਨੁ ਨਾਵੈ ਕਿਆ[66] ਸਾਕੁ[67] ॥੫॥	If the Lord casts[64] His merciful glance[63] the True Name[65] is procured. Without the Name who[66] is man's kinsman[67] ?	ਜੇਕਰ ਸਾਹਿਬ ਆਪਣੀ ਮਿਹਰ ਦੀ ਨਜ਼ਰ[63] ਧਾਰੇ[64] ਤਾਂ ਸਤਿਨਾਮ[65] ਪਰਾਪਤ ਹੁੰਦਾ ਹੈ । ਨਾਮ ਦੇ ਬਾਝੋਂ ਆਦਮੀ ਦਾ ਕੌਣ[66] ਸਾਕ-ਸੈਨ[67] ਹੈ ?
ਜਿਨੀ ਸਚੁ[68] ਪਛਾਣਿਆ[69] ਸੇ[70] ਸੁਖੀਏ[71] ਜੁਗ ਚਾਰਿ[72] ॥	They[70], who have recognised[69] the Truth[68] remain comfortable[71] the four ages[72] throughout.	ਜਿਨ੍ਹਾਂ ਨੇ ਸਚਾਈ[68] ਨੂੰ ਅਨੁਭਵ[69] ਕੀਤਾ ਹੈ, ਉਹ[70] ਚਾਰੇ ਹੀ ਯੁਗਾਂ[72] ਅੰਦਰ ਸੁਖਾਲੇ[71] ਰਹਿੰਦੇ ਹਨ ।
ਹਉਮੈ[73] ਤ੍ਰਿਸਨਾ[74] ਮਾਰਿ[75] ਕੈ ਸਚੁ[76] ਰਖਿਆ[77] ਉਰ-ਧਾਰਿ[78] ॥	Having stilled[75] their ego[73] and desire[74] they keep the True Name[76] clasped[78] to their heart[77].	ਹੰਕਾਰ[73] ਤੇ ਖ਼ਾਹਿਸ਼[74] ਦਾ ਨਾਸ[75] ਕਰਕੇ ਉਹ ਸਤਿਨਾਮ[76] ਨੂੰ ਆਪਣੇ ਦਿਲ[77] ਦੇ ਨਾਲ ਲਾਈ[78] ਰੱਖਦੇ ਹਨ ।
ਜਗ[79] ਮਹਿ[80] ਲਾਹਾ[81]	The Name alone[82] is the profit[81] to	ਇਸ ਸੰਸਾਰ[79] ਅੰਦਰ[80] ਕੇਵਲ[82] ਨਾਮ ਦਾ ਹੀ ਨਫ਼ਾ[81]

ਏਕੁ ਨਾਮੁ[82] ਪਾਈਐ[84] ਗੁਰ ਵੀਚਾਰਿ[83] ॥੬॥	be earned in[80] this world[79]. It is attained[84] through the Guru given deliberation[83].	ਖੱਟਣਾ ਉਚਿਤ ਹੈ । ਗੁਰਾਂ ਦੀ ਬਖ਼ਸ਼ੀ ਹੋਈ ਸੋਚ-ਵੀਚਾਰ[83] ਦੁਆਰਾ ਹੀ ਇਹ ਪਰਾਪਤ[84] ਹੁੰਦਾ ਹੈ ।
ਸਾਚਉ[85] ਵਖਰੁ[86] ਲਾਦੀਐ[87] ਲਾਭੁ[88] ਸਦਾ[89] ਸਚੁ[90] ਰਾਸਿ[91] ॥	With the Capital[91] of Truth[90], if the merchandise[86] of the True Name[86] is loaded[87], thus one always[89] earns the profit[88].	ਜੇ ਸਚਾਈ[90] ਦੇ ਧਨ[91] ਨਾਲ ਸਤਿਨਾਮ[86] ਦਾ ਸੌਦਾ ਸੂਤ[86] ਬਾਰ[87] ਕਰੀਏ ਤਾਂ ਸਦੀਵੀ[89] ਹੀ ਨਫ਼ਾ[88] ਹੁੰਦਾ ਹੈ ।
ਸਾਚੀ ਦਰਗਹ[92] ਬੈਸਈ[93] ਭਗਤਿ[94] ਸਚੀ ਅਰਦਾਸਿ[95] ॥	By devotional meditation[94] and true supplication[95] man sits[93] in Lord's True Court[92].	ਪ੍ਰੇਮ-ਮਈ ਸਿਮਰਨ[94] ਅਤੇ ਸੱਚੀ ਪ੍ਰਾਰਥਨਾ[95] ਦੁਆਰਾ ਇਨਸਾਨ ਸੁਆਮੀ ਦੇ ਸੱਚੇ ਦਰਬਾਰ[92] ਅੰਦਰ ਬੈਠ[93] ਜਾਂਦਾ ਹੈ ।
ਪਤਿ[96] ਸਿਉ[97] ਲੇਖਾ[98] ਨਿਬੜੈ[99] ਰਾਮਨਾਮੁ[100] ਪਰਗਾਸਿ[2] ॥ ੭ ॥	Man's account[98] is settled[99] with[97] honour[96] in the light[2] of the Name of the Omnipresent Lord[100].	ਸਰਬ-ਵਿਆਪਕ[100] ਸੁਆਮੀ ਦੇ ਨਾਮ ਦੀ ਰੋਸ਼ਨੀ[2] ਵਿਚ ਇਨਸਾਨ ਦਾ ਹਿਸਾਬ ਕਿਤਾਬ[98] ਇੱਜ਼ਤ[96] ਨਾਲ[97] ਬੇਬਾਕ[99] ਹੋ ਜਾਂਦਾ ਹੈ ।
ਊਚਾ ਊਚਉ[3] ਆਖੀਐ[4] ਕਹਉ[5] ਨ ਦੇਖਿਆ[6] ਜਾਇ ॥	"The Highest of the high[3]" the Lord is said to be[4]. But He cannot be perceived[6] by any one[5].	"ਬੁਲੰਦਾਂ[3] ਵਿਚੋਂ ਪਰਮ-ਬੁਲੰਦ", ਸੁਆਮੀ ਕਹਿਆ[4] ਜਾਂਦਾ ਹੈ । ਪਰ ਉਹ ਕਿਸੇ ਪਾਸੋਂ[5] ਭੀ ਵੇਖਿਆ[6] ਨਹੀਂ ਜਾ ਸਕਦਾ ।
ਜਹ[7] ਦੇਖਾ[8] ਤਹ[9] ਏਕੁ ਤੂੰ[10] ਸਤਿਗੁਰਿ ਦੀਆ ਦਿਖਾਇ[11] ॥	Wheresoever[7] I see[8], there[9] I see Thee alone[10] ! The True Guru has caused me to behold[11] Thee.	ਜਿਥੇ ਕਿਤੇ[7] ਭੀ ਮੈਂ ਤੱਕਦਾ[8] ਹਾਂ, ਉਥੇ[9] ਮੈਂ ਕੇਵਲ[10] ਤੈਨੂੰ ਹੀ ਪਾਉਂਦਾ ਹਾਂ ! ਮੈਨੂੰ ਸੱਚੇ ਗੁਰਾਂ ਨੇ ਤੈਨੂੰ ਵਿਖਾਲ[11] ਦਿੱਤਾ ਹੈ ।
ਜੋਤਿ[12] ਨਿਰੰਤਰਿ[13] ਜਾਣੀਐ[14] ਨਾਨਕ ਸਹਜਿ[15] ਸੁਭਾਇ[16] ॥ ੮ ॥ ੩ ॥	Nanak, by divine insight[15], the mortal easily[16] realises[14] the Lord's Light[12] within[13] all.	ਨਾਨਕ, ਰੱਬੀ ਗਿਆਤ[15] ਦੁਆਰਾ ਪ੍ਰਾਣੀ ਸਾਈਂ ਦੇ ਨੂਰ ਨੂੰ[12] ਸਾਰਿਆਂ ਅੰਦਰ[13] ਸੁਖੈਨ[16] ਹੀ ਅਨੁਭਵ[14] ਕਰ ਲੈਂਦਾ ਹੈ ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਮਛੁਲੀ[17] ਜਾਲੁ ਨ[18] ਜਾਣਿਆ[19] ਸਰੁ[20] ਖਾਰਾ[21] ਅਸਗਾਹੁ[22] ॥	The fish[17] did not pay attention[19] to the net[18] in the brackish[21] and unfathomable[22] sea[20].	ਮੱਛੀ[17] ਨੇ ਨਮਕੀਨ[21] ਤੇ ਅਥਾਹ[22] ਸਮੁੰਦਰ[20] ਵਿਚਲੇ ਫੰਧੇ[18] ਵਲ ਧਿਆਨ[19] ਨਾ ਕੀਤਾ ।
ਅਤਿ[23] ਸਿਆਣੀ[24] ਸੋਹਣੀ[25] ਕਿਉ ਕੀਤੋ ਵੇਸਾਹੁ[26] ॥	Why did the very[23] clever[24] and beautiful[25] fish have so much confidence[26] ?	ਖਰੀ[23] ਚਲਾਕ[24] ਤੇ ਸੁੰਦਰ[25] ਮੱਛੀ ਨੇ ਐਨਾ ਇਤਬਾਰ[26] ਕਿਉਂ ਕੀਤਾ ?
ਕੀਤੇ[27] ਕਾਰਣਿ[28] ਪਾਕੜੀ[29] ਕਾਲੁ[30] ਨ ਟਲੈ[31] ਸਿਰਾਹੁ[32] ॥ ੧ ॥	Because[28] of her doing[27] (folly) she was caught[29]. Death[30] cannot be averted[31] from over her head[32].	ਆਪਣੇ ਕਰੇ ਹੋਏ ਕੰਮ[27] (ਭੁਲ) ਦੇ ਸਬੱਬ[28] ਉਹ ਪਕੜੀ[29] ਗਈ । ਉਸ ਦੇ ਸਿਰ[32] ਤੋਂ ਮੌਤ[30] ਪਰੇ ਹਟਾਈ[31] ਨਹੀਂ ਜਾ ਸਕਦੀ ।
ਭਾਈ[33] ਰੇ[34] ਇਉ[35] ਸਿਰਿ[36] ਜਾਣਹੁ[37] ਕਾਲੁ[38] ॥	O'[34] Brother[33] ! do then deem[37] death[38] hovering over thy head[36] like this[35].	ਹੇ[34] ਵੀਰ[33] ! ਏਸੇ ਤਰ੍ਹਾਂ[35] ਤੂੰ ਮੌਤ[38] ਨੂੰ ਆਪਣੇ ਮੂੰਡ[36] ਉਤੇ ਮੰਡਲਾਉਂਦੀ ਹੋਈ ਖ਼ਿਆਲ[37] ਕਰ ।
ਜਿਉ[39] ਮਛੀ ਤਿਉ[40]	As[39] is the fish, so[40] is the man[41].	ਜਿਸ ਤਰ੍ਹਾਂ[39] ਮਛਲੀ ਹੈ, ਉਸੇ ਤਰ੍ਹਾਂ[40] ਹੀ ਮਨੁੱਖ[41] ਹੈ ।

ਮਾਣਸਾ[41] ਪਵੈ[42] ਅਚਿੰਤਾ[43] ਜਾਲੁ[44] ॥੧॥ ਰਹਾਉ ॥	Death's noose[44] falls[42] over him, unaware[43]. Pause.	ਮੌਤ ਦੀ ਫਾਹੀ[44] ਅਚਨਚੇਤ[43] ਹੀ ਉਸ ਤੇ ਆ ਡਿਗਦੀ[42] ਹੈ । ਠਹਿਰਾਉ ।
ਸਭੁ ਜਗੁ[45] ਬਾਧੋ[46] ਕਾਲ ਕੋ ਬਿਨੁ[47] ਗੁਰ ਕਾਲੁ ਅਫਾਰੁ[48] ॥	The entire world[45] is bound[46] by death. Without[47] the Guru, death is unchallengeable[48].	ਸਾਰਾ ਜਹਾਨ[45] ਮੌਤ ਨੇ ਨਰੜਿਆ[46] ਹੋਇਆ ਹੈ । ਗੁਰਾਂ ਦੇ ਬਾਝੋਂ[47] ਮੌਤ ਅਮੋੜ[48] ਹੈ ।
ਸਚਿ ਰਤੇ[49] ਸੇ[50] ਉਬਰੇ[51] ਦੁਬਿਧਾ[52] ਛੋਡਿ[53] ਵਿਕਾਰ[54] ॥	They[50], who are imbued[49] with Truth and leave[53] love of duality[52] and sin[54], are saved[51].	ਜੋ ਸੱਚ ਨਾਲ ਰੰਗੀਜੇ[49] ਹਨ, ਅਤੇ ਦਵੈਤ-ਭਾਵ[52] ਤੇ ਪਾਪ[54] ਨੂੰ ਤਿਆਗ[53] ਦਿੰਦੇ ਹਨ, ਉਹ[50] ਬਚ ਜਾਂਦੇ[51] ਹਨ ।
ਹਉ ਤਿਨ ਕੈ ਬਲਿਹਾਰਣੈ[55] ਦਰਿ[56] ਸਚੈ ਸਚਿਆਰ[57] ॥੨॥	I am a sacrifice[55] unto those, who are found true[57] at the True Court[56].	ਮੈਂ ਉਨ੍ਹਾਂ ਉਤੋਂ ਕੁਰਬਾਨ[55] ਜਾਂਦਾ ਹਾਂ, ਜੋ ਸੱਚੇ ਦਰਬਾਰ[56] ਅੰਦਰ ਸੱਚੇ[57] ਪਾਏ ਜਾਂਦੇ ਹਨ ।
ਸੀਚਾਨੇ[58] ਜਿਉ[59] ਪੰਖੀਆ[60] ਜਾਲੀ[61] ਬਧਿਕ[62] ਹਾਥਿ[63] ॥	As[59] the hawk[58] and the net[61] in hunter's[62] hands[63] are to the birds[60], (so is death to the mortals).	ਜਿਸ ਤਰ੍ਹਾਂ[59] ਬਾਜ[58] ਅਤੇ ਸ਼ਿਕਾਰੀ[62] ਦੇ ਹੱਥਾਂ[63] ਵਿਚ ਜਾਲ[61] ਪੰਛੀਆਂ[60] ਲਈ ਹਨ, (ਏਸੇ ਤਰ੍ਹਾਂ ਹੀ ਮੌਤ ਪ੍ਰਾਣੀਆਂ ਲਈ ਹੈ ।)
ਗੁਰਿ ਰਾਖੇ[64] ਸੇ[65] ਉਬਰੇ[66] ਹੋਰਿ[67] ਫਾਥੇ[68] ਚੋਗੈ[69] ਸਾਥਿ[70] ॥	They[65], whom the Guru preserves[64], are saved[66]. The rest[67] are ensnared[68] with[70] the bait[69].	ਉਹ ਬਚ[66] ਜਾਂਦੇ ਹਨ, ਜਿਨ੍ਹਾਂ ਦੀ ਗੁਰਦੇਵ ਜੀ ਰਖਿਆ[64] ਕਰਦੇ ਹਨ[65], ਬਾਕੀ[67] ਦੇ ਚੋਗੇ[69] ਦੇ ਨਾਲ[70] ਫਸ[68] ਜਾਂਦੇ ਹਨ ।
ਬਿਨੁ[75] ਨਾਵੈ ਚੁਣਿ[71] ਸੁਟੀਅਹਿ[72] ਕੋਇ ਨ ਸੰਗੀ[73] ਸਾਥਿ[74] ॥ ੩ ॥	Without[75] God's Name, they are picked up[71] and cast away[72] friendless[73] and comradeless[74].	ਹਰੀ ਨਾਮ ਦੇ ਬਾਝੋਂ[75] ਉਹ ਦੋਸਤ[73] ਵਿਹੂਣ ਤੇ ਸਾਥੀ[74] ਰਹਿਤ ਚੁਗ[71] ਕੇ ਪਰੇ ਵਗਾਹ ਦਿਤੇ[72] ਜਾਂਦੇ ਹਨ ।
ਸਚੋ ਸਚਾ[76] ਆਖੀਐ[77] ਸਚੇ[78] ਸਚਾ ਥਾਨੁ[79] ॥	God is said to[77] be the Truest of the true[76], and True is the seat[79] of the True Lord[78].	ਵਾਹਿਗੁਰੂ ਸਚਿਆਰਾਂ ਦਾ ਪਰਮ-ਸਚਿਆਰ[76] ਆਖਿਆ[77] ਜਾਂਦਾ ਹੈ ਅਤੇ ਸੱਚਾ ਹੈ ਟਿਕਾਣਾ[79] ਸੱਚੇ ਸੁਆਮੀ[78] ਦਾ ।
ਜਿਨੀ[80] ਸਚਾ[81] ਮੰਨਿਆ[82] ਤਿਨ[83] ਮਨਿ[84] ਸਚੁ ਧਿਆਨੁ[85] ॥	True meditation[85] abides within the mind[84] of those[83] who[80] obey[82] the True One[81].	ਸੱਚਾ ਸਿਮਰਨ[85] ਉਨ੍ਹਾਂ[83] ਦੇ ਅੰਤਰ-ਆਤਮੇ[84] ਵੱਸਦਾ ਹੈ, ਜੋ[80] ਸਤਿਪੁਰਖ[81] ਦੀ ਤਾਬੇਦਾਰੀ[82] ਕਰਦੇ ਹਨ ।
ਮਨਿ[86] ਮੁਖਿ[87] ਸੂਚੇ[88] ਜਾਣੀਅਹਿ[89] ਗੁਰਮੁਖਿ[90] ਜਿਨਾ[91] ਗਿਆਨੁ[92] ॥੪॥	Pure[88] are deemed[89] the minds[86] and mouths[87] of those who[91] through the Guru[90], have obtained Divine Knowledge[92].	ਪਵਿੱਤ੍ਰ[88] ਜਾਣੇ ਜਾਂਦੇ[89] ਹਨ, ਉਨ੍ਹਾਂ ਦੇ ਹਿਰਦੇ[86] ਤੇ ਮੂੰਹ[87], ਜਿਨ੍ਹਾਂ[91] ਨੇ ਗੁਰਾਂ ਦੇ ਰਾਹੀਂ[90] ਬ੍ਰਹਿਮ ਵੀਚਾਰ[92] ਪਰਾਪਤ ਕੀਤੀ ਹੈ ।
ਸਤਿਗੁਰ ਅਗੈ[93] ਅਰਦਾਸਿ[94] ਕਰਿ ਸਾਜਨੁ[95] ਦੇਇ ਮਿਲਾਇ[96] ॥	Make supplication[94] before[93] the True Guru that he may unite[96] thee with the Friend[95].	ਸੱਚੇ ਗੁਰਾਂ ਮੂਹਰੇ[93] ਪ੍ਰਾਰਥਨਾਂ[94] ਕਰ, ਤਾਂ ਜੋ ਉਹ ਤੈਨੂੰ ਮਿੱਤ੍ਰ[95] ਨਾਲ ਮਿਲਾ[96] ਦੇਣ ।
ਸਾਜਨਿ ਮਿਲਿਐ ਸੁਖੁ[97] ਪਾਇਆ[98] ਜਮਦੂਤ[99] ਮੁਏ[100] ਬਿਖੁ[2] ਖਾਇ[3] ॥	On meeting the Friend, peace[97] is obtained and myrmidons[99] of death[98] take[3] poison[2] and die[100].	ਮਿੱਤਰ ਨੂੰ ਮਿਲਣ ਦੁਆਰਾ ਆਰਾਮ[97] ਪਰਾਪਤ ਹੁੰਦਾ ਹੈ ਤੇ ਮੌਤ[98] ਦੇ ਫ਼ਰਿਸ਼ਤੇ[99] ਜ਼ਹਿਰ[2] ਖਾ[3] ਕੇ ਮਰ ਜਾਂਦੇ[100] ਹਨ ।

ਨਾਵੈ ਅੰਦਰਿ ਹਉ[4] ਵਸਾ ਨਾਉ ਵਸੈ[5] ਮਨਿ[7] ਆਇ[6] ॥ ੫ ॥	I[4] abide in the Name, and the Name has come[6] to abide[5] within my mind[7].	ਮੈਂ[4] ਨਾਮ ਅੰਦਰ ਰਹਿੰਦਾ ਹਾਂ ਅਤੇ ਨਾਮ ਨੇ ਆ[6] ਕੇ ਮੇਰੇ ਅੰਤਰ-ਆਤਮੇ[7] ਨਿਵਾਸ[5] ਕਰ ਲਿਆ ਹੈ।
ਬਾਝੁ[8] ਗੁਰੂ ਗੁਬਾਰੁ[9] ਹੈ ਬਿਨੁ[10] ਸਬਦੈ[11] ਬੂਝ[12] ਨ ਪਾਇ[13] ॥	Without[8] the Guru there is complete darkness[9] and sans[10] God's Name[11] understanding[12] is not gained[13].	ਗੁਰਾਂ ਦੇ ਬਗੈਰ[8] ਅਨ੍ਹੇਰਾ-ਘੁੱਪ[9] ਹੈ ਅਤੇ ਵਾਹਿਗੁਰੂ ਦੇ ਨਾਮ[11] ਦੇ ਬਾਝੋਂ[10] ਸਮਝ[12] ਸੋਚ ਪਰਾਪਤ[13] ਨਹੀਂ ਹੁੰਦੀ।
ਗੁਰਮਤੀ[14] ਪਰਗਾਸੁ[15] ਹੋਇ[16] ਸਚਿ[17] ਰਹੈ ਲਿਵ[18] ਲਾਇ[19] ॥	By Guru's instruction[14] Divine[15] Light shines[16] and the mortal remains absorbed[19] in True Lord's[17] Love[18].	ਗੁਰਾਂ ਦੇ ਉਪਦੇਸ਼[14] ਦੁਆਰਾ ਰੱਬੀ-ਨੂਰ[15] ਚਮਕਦਾ[16] ਹੈ ਅਤੇ ਪ੍ਰਾਣੀ ਸੱਚੇ ਸੁਆਮੀ[17] ਦੇ ਸਨੇਹ[18] ਅੰਦਰ ਲੀਨ[19] ਰਹਿੰਦਾ ਹੈ।
ਤਿਥੈ[20] ਕਾਲੁ[21] ਨ ਸੰਚਰੈ[22] ਜੋਤੀ[23] ਜੋਤਿ[24] ਸਮਾਇ[25] ॥੬॥	Death[21] enters[22] not there[20] and man's light[24] blends[25] with the Supreme Light[23].	ਉਥੇ[20] ਮੌਤ[21] ਪ੍ਰਵੇਸ਼[22] ਨਹੀਂ ਕਰਦੀ ਅਤੇ ਇਨਸਾਨ ਦੀ ਰੋਸ਼ਨੀ[24] (ਆਤਮਾ) ਵਡੀ ਰੋਸ਼ਨੀ[23] (ਪਰਮਾਤਮਾ) ਨਾਲ ਅਭੇਦ[25] ਹੋ ਜਾਂਦੀ ਹੈ।
ਤੂੰ ਹੈ ਸਾਜਨੁ[26] ਤੂੰ ਸੁਜਾਣੁ[27] ਤੂੰ ਆਪੇ[28] ਮੇਲਣਹਾਰੁ[29] ॥	Thou art Wise[27], thou art my intimate[26] and thou the uniter[29] of man with Thyself[28].	ਤੂੰ ਸਿਆਣਾ[27] ਹੈਂ ਤੂੰ ਮੇਰਾ ਯਾਰ[28] ਹੈਂ ਅਤੇ ਤੂੰ ਹੀ ਇਨਸਾਨ ਨੂੰ ਆਪਣੇ[26] ਨਾਲ ਮਿਲਾਉਣ[29] ਵਾਲਾ ਹੈਂ।
ਗੁਰਸਬਦੀ[30] ਸਾਲਾਹੀਐ[31] ਅੰਤੁ[32] ਨ ਪਾਰਾਵਾਰੁ[33] ॥	Under Guru's instruction[30] praise[31] Him who has no limit[32] and has not this or that[33] end.	ਗੁਰਾਂ ਦੀ ਸਿਖਿਆ[30] ਤਾਬੇ ਉਸ ਦੀ ਸਿਫਤ-ਸਨਾ[31] ਕਰ, ਜਿਸ ਦਾ ਕੋਈ ਓੜਕ[32], ਇਹ ਜਾਂ ਉਹ[33] ਕਿਨਾਰਾ ਨਹੀਂ।
ਤਿਥੈ[34] ਕਾਲੁ[35] ਨ ਅਪੜੈ[36] ਜਿਥੈ[37] ਗੁਰ ਕਾ ਸਬਦੁ[38] ਅਪਾਰੁ[39] ॥੭॥	Death[35] reaches[36] not there[34] where[37] there is the Boundless[39] Word[38] of the Guru.	ਮੌਤ[35] ਉਥੇ[34] ਨਹੀਂ ਪੁਜਦੀ[36], ਜਿਥੇ[37] ਗੁਰਾਂ ਦਾ ਅਨਹਦ[39] ਸ਼ਬਦ[38] ਹੈ।
ਹੁਕਮੀ[40] ਸਭੇ ਊਪਜਹਿ[41] ਹੁਕਮੀ ਕਾਰ[42] ਕਮਾਹਿ[43] ॥	By Lord's Fiat[40] all are created[41] and by His Fiat they perform[43] various functions[42].	ਪ੍ਰਭੂ ਦੇ ਅਮਰ[40] ਦੁਆਰਾ ਸਾਰੇ ਪੈਦਾ[41] ਹੁੰਦੇ ਹਨ ਅਤੇ ਉਸ ਦੇ ਅਮਰ ਦੁਆਰਾ ਹੀ ਉਹ ਮੁਖ਼ਤਲਿਫ਼ ਵਿਹਾਰ[42] ਕਰਦੇ[43] ਹਨ।
ਹੁਕਮੀ ਕਾਲੈ[44] ਵਸਿ[45] ਹੈ ਹੁਕਮੀ ਸਾਚਿ[46] ਸਮਾਹਿ[47] ॥	Under His command they are in the power[45] of Death[44] and under His command they are absorbed[47] in the True God[46].	ਉਸ ਦੇ ਫੁਰਮਾਨ ਤਾਬੇ ਉਹ ਮੌਤ[44] ਦੇ ਅਧੀਨ[45] ਹਨ ਅਤੇ ਉਸ ਦੇ ਫੁਰਮਾਨ ਤਾਬੇ ਉਹ ਸੱਚੇ-ਸਾਈਂ[46] ਅੰਦਰ ਲੀਨ[47] ਹੋ ਜਾਂਦੇ ਹਨ।
ਨਾਨਕ ਜੋ[48] ਤਿਸੁ[49] ਭਾਵੈ[50] ਸੋ[51] ਥੀਐ[52] ਇਨਾ ਜੰਤਾ[53] ਵਸਿ[54] ਕਿਛੁ ਨਾਹਿ ॥੮॥ ॥੪॥	Nanak, whatever[48] pleases[50] Him[49], that[51] comes to pass[52]. Nothing is in the power[54] of these creatures[53].	ਨਾਨਕ, ਜੋ ਕੁਝ[48] ਉਸ[49] ਨੂੰ ਚੰਗਾ[50] ਲੱਗਦਾ ਹੈ, ਉਹੀ[51] ਹੁੰਦਾ[52] ਹੈ। ਇਨ੍ਹਾਂ ਜੀਵਾਂ[53] ਦੇ ਅਖ਼ਤਿਆਰ[54] ਵਿਚ ਕੁਝ ਨਹੀਂ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਮਨਿ[55] ਜੂਠੈ[56] ਤਨਿ[57] ਜੂਠਿ ਹੈ ਜਿਹਵਾ[58] ਜੂਠੀ ਹੋਇ[59] ॥	If the mind[55] is impure[56] the body[57] is impure and impure becomes[59] the tongue[58].	ਜੇ ਆਤਮਾ[55] ਅਪਵਿੱਤ੍ਰ[56] ਹੈ ਤਾਂ ਦੇਹਿ[57] ਅਪਵਿੱਤ੍ਰ ਹੈ ਅਤੇ ਅਪਵਿਤ੍ਰ ਹੋ ਜਾਂਦੀ[59] ਹੈ ਜ਼ਬਾਨ[58]।

੫੬	56	੫੬
ਮੁਖਿ[60] ਝੂਠੈ ਝੂਠੁ[61] ਬੋਲਣਾ ਕਿਉ[62] ਕਰਿ ਸੂਚਾ[63]ਹੋਇ॥	With false mouth[60], man utters falsehood[61]. How[62] can he be pure[63]?	ਕੂੜੇ ਮੂੰਹ[60] ਨਾਲ ਆਦਮੀ ਅਸੱਤ[61] ਬੋਲਦਾ ਹੈ। ਉਹ ਕਿਸ ਤਰ੍ਹਾਂ[62] ਪਵਿੱਤ੍ਰ[63] ਹੋ ਸਕਦਾ ਹੈ ?
ਬਿਨੁ ਅਭ[64] ਸਬਦ[65] ਨ ਮਾਂਜੀਐ[66] ਸਾਚੇ[67] ਤੇ[69] ਸਚੁ ਹੋਇ[68] ॥ ੧ ॥	Without the Water[64], of Name[65] (the soul) is not cleansed[66]. The Truth proceeds[68] from[69] the True One[67].	ਨਾਮ[65] ਦੇ ਪਾਣੀ[64] ਬਗੈਰ (ਆਤਮਾ) ਸਾਫ਼-ਸੁਥਰੀ[66] ਨਹੀਂ ਹੁੰਦੀ। ਸੱਚ ਸਤਿਪੁਰਖ[67] ਤੋਂ ਹੀ[69] ਜਾਰੀ ਹੁੰਦਾ[68] ਹੈ।
ਮੁੰਧੇ[70] [71]ਗੁਣਹੀਣੀ[72] ਸੁਖੁ[73] ਕੇਹਿ[74] ॥	O' Bride[70] ! what[74] happiness[73] is there without[72] virtue[71].	ਹੇ ਪਤਨੀਏ[70] ! ਨੇਕੀ[71] ਦੇ ਬਾਝੋਂ[72] ਕਾਹਦੀ[74] ਖ਼ੁਸ਼ੀ[73] ਹੈ ?
ਪਿਰੁ[75] ਰਲੀਆ[76] ਰਸਿ[77] ਮਾਣਸੀ[78] ਸਾਚਿ ਸਬਦਿ[79] ਸੁਖੁ[80] ਨੇਹਿ[81] ॥ ੧ ॥ ਰਹਾਉ ॥	The Beloved[75] will enjoy[78] (them) with pleasure[76] and relish[77], who feel peace[80] in the affection[81] of the True Name[79]. Pause.	ਪ੍ਰੀਤਮ[75] (ਉਨ੍ਹਾਂ) ਨੂੰ ਅਨੰਦ[76] ਅਤੇ ਸੁਆਦ[77] ਨਾਲ ਭੋਗਦਾ[78] ਹੈ, ਜੋ ਸੱਚੇ ਨਾਮ[79] ਦੀ ਪ੍ਰੀਤ[81] ਅੰਦਰ ਠੰਢ-ਚੈਨ[80] ਮਹਿਸੂਸ ਕਰਦੇ ਹਨ। ਠਹਿਰਾਉ।
ਪਿਰੁ[82] ਪਰਦੇਸੀ[83] ਜੇ[84] ਥੀਐ ਧਨ[85] ਵਾਂਢੀ[86] ਝੂਰੇਇ[87] ॥ ਜਿਉ[88] ਜਲਿ[89] ਥੋੜੈ[90] ਮਛੁਲੀ[91] ਕਰਣ ਪਲਾਵ ਕਰੇਇ[92] ॥	If[84] the Groom[82] goes off[83], the separated[86] wife[85] grieves[87] like[88] the fish[91], which bewails (cries for pity) bitterly[92] in scanty[90] water[89].	ਜੇਕਰ[84] ਪਤੀ[82] ਦੁਰੇਡੇ ਚਲਿਆ[83] ਜਾਵੇ ਤਾਂ ਵਿਛੜੀ[86] ਹੋਈ ਪਤਨੀ[85] ਐਉਂ ਅਫ਼ਸੋਸ[87] ਕਰਦੀ ਹੈ ਜਿਸ ਤਰ੍ਹਾਂ[88] ਘੱਟ[90] ਪਾਣੀ[89] ਵਿਚਲੀ ਮੱਛੀ[91] ਧਾਹੀਂ[92] ਰੋਂਦੀ (ਤੜਫਦੀ) ਹੈ।
ਪਿਰ[100] ਭਾਵੈ[93] ਸੁਖੁ[94] ਪਾਈਐ[95] ਜਾ[96] ਆਪੇ[97] ਨਦਰਿ[99] ਕਰੇਇ[98] ॥੨॥	When[96] the Spouse[100] wills[93], He Himself[97] favours[98] His Merciful[99] Glance and the bride obtains[95] peace[94]	ਜਦ[96] ਕੰਤ[100] ਨੂੰ ਚੰਗਾ[93] ਲੱਗਦਾ ਹੈ ਤਾਂ ਉਹ ਆਪ ਹੀ[97] ਆਪਣੀ ਮਿਹਰ ਦੀ ਨਜ਼ਰ[99] ਧਾਰਦਾ[98] ਹੈ ਅਤੇ ਪਤਨੀ ਠੰਢ-ਚੈਨ[94] ਨੂੰ ਪਰਾਪਤ[95] ਹੋ ਜਾਂਦੀ ਹੈ।
ਪਿਰੁ[2] ਸਾਲਾਹੀ[3] ਆਪਣਾ ਸਖੀ[4]ਸਹੇਲੀ[5] ਨਾਲਿ[6] ॥	With[6] (in the company of) your female comrades[4] and friends[5] praise[3] thy consort[2].	ਆਪਣੀਆਂ ਸਾਥਣਾਂ[4] ਤੇ ਸੱਜਣੀਆਂ[5] ਸਮੇਤ[6] (ਨਾਲ ਹੋ ਕੇ) ਤੂੰ ਆਪਣੇ ਭਰਤੇ[2] ਦੀ ਪਰਸੰਸਾ[3] ਕਰ।
ਤਨਿ[7]ਸੋਹੈ[8] ਮਨੁ[9] ਮੋਹਿਆ[10] ਰਤੀ[11] ਰੰਗਿ[12] ਨਿਹਾਲਿ[13] ॥	By beholding[13] Him your body[7] is beautified[8], soul[9] bewitched[10] and you are imbued[11] with His love[12].	ਉਸ ਨੂੰ ਤੱਕ[13] ਕੇ ਤੇਰੀ ਦੇਹਿ[7] ਸੁਭਾਇਮਾਨ[8] ਤੇ ਆਤਮਾ[9] ਮੋਹਿਤ[10] ਹੋ ਗਈ ਹੈ ਅਤੇ ਤੂੰ ਉਸ ਦੀ ਪ੍ਰੀਤ[12] ਨਾਲ ਰੰਗੀ[11] ਗਈ ਹੈਂ।
ਸਬਦਿ[14] ਸਵਾਰੀ[15] ਸੋਹਣੀ[16]ਪਿਰੁ ਰਾਵੇ[17]ਗੁਣ[18] ਨਾਲਿ[19] ॥ ੩ ॥	The beautiful[16] wife, who is bedecked[15] with the Name[14] and is with[19] merit[18], enjoys[17] her Groom.	ਸੁੰਦਰ[16] ਪਤਨੀ, ਜੋ ਨਾਮ[14] ਨਾਲ ਸ਼ਿੰਗਾਰੀ[15] ਹੈ ਅਤੇ ਨੇਕੀ[18] ਸੰਯੁਕਤ[19] ਹੈ, ਆਪਣੇ ਪਤੀ ਨੂੰ ਮਾਣਦੀ[17] ਹੈ।
ਕਾਮਣਿ[20]ਕਾਮਿ[21]ਨ ਆਵਈ ਖੋਟੀ[22] ਅਵਗਣਿਆਰਿ[23] ॥	The evil[22] and impious[23] bride[20] is of no use[21] to the Beloved.	ਮੰਦੀ[22] ਤੇ ਗੁਣ-ਵਿਹੂਣ[23] ਪਤਨੀ[20] ਪ੍ਰੀਤਮ ਦੇ ਕਿਸੇ ਕੰਮ[21] ਦੀ ਨਹੀਂ।
ਨਾ ਸੁਖੁ ਪੇਈਐ[24] ਸਾਹੁਰੈ[25] ਝੂਠਿ[26] ਜਲੀ[27] ਵੇਕਾਰਿ[28] ॥	She obtains peace neither at her Parents[24], (in this world) nor with In-laws[25] (in the next world), and burns[27] in falsehood[26] and sin[28].	ਉਸ ਨੂੰ ਨਾ ਪੇਕੇ ਘਰ[24] (ਇਸ ਲੋਕ) ਵਿਚ ਆਰਾਮ ਮਿਲਦਾ ਹੈ ਤੇ ਨਾ ਹੀ ਸਹੁਰੇ ਘਰ[25] (ਪਰਲੋਕ) ਵਿਚ ਅਤੇ ਉਹ ਕੂੜ[26] ਤੇ ਪਾਪ[28] ਅੰਦਰ ਸੜਦੀ[27] ਹੈ।

ਆਵਣੁ[29] ਵੰਞਣੁ[30] ਡਾਖੜੋ[31] ਛੋਡੀ[32] ਕੰਤਿ[33] ਵਿਸਾਰਿ[34] ॥ ੪ ॥	Hard[31] is the coming[29] and going[30] of her, who is deserted[32] and forgotten[34] by her Husband[33].	ਕਠਨ[31] ਹੈ ਉਸ ਦਾ ਆਉਣਾ[29] ਅਤੇ ਜਾਣਾ[30], ਜਿਸ ਨੂੰ ਉਸ ਦੇ ਖ਼ਸਮ[33] ਨੇ ਤਿਆਗ[32] ਤੇ ਭੁਲਾ[34] ਦਿੱਤਾ ਹੈ ।
ਪਿਰ ਕੀ ਨਾਰਿ[35] ਸੁਹਾਵਣੀ[36] ਮੁਤੀ[37] ਸੋ[38] ਕਿਤੁ[39] ਸਾਦਿ[40] ॥	The beauteous[36] wife[35] of the Husband for what[39] sensuous pleasure[40] she has[38] been doomed[37] ?	ਪਤੀ ਦੀ ਸੁੰਦਰ[36] ਪਤਨੀ[35], ਕਿਸ[39] ਵਿਸ਼ਈ-ਸੁਆਦ[40] ਕਾਰਨ ਉਹ[38] ਲੁੱਟੀ ਪੁੱਟੀ[37] ਗਈ ਹੈ ?
ਪਿਰ ਕੈ ਕਾਮਿ[41] ਨ ਆਵਈ ਬੋਲੇ[42] ਫਾਦਿਲੁ[43] ਬਾਦਿ[44] ॥	She, who prattles[42] (enters into) useless[43] wrangles[44], is of no avail[41] to the Spouse.	ਜੋ ਫ਼ਜ਼ੂਲ[43] ਟੰਟੇ-ਬਖੇੜੇ[44] ਬਕਦੀ[42] (ਖੜੇ ਕਰਦੀ) ਹੈ, ਉਹ ਭਰਤਾ ਦੇ ਕਿਸੇ ਲਾਭ[41] ਦੀ ਨਹੀਂ ।
ਦਰਿ[45] ਘਰਿ[46] ਢੋਈ[47] ਨਾ ਲਹੈ[50] ਛੂਟੀ[48] ਦੂਜੈ ਸਾਦਿ[49] ॥ ੫ ॥	Because of other relishes[49], she is discarded[48] and obtains[50] no shelter[47] at her Lord's door[45] and mansion[46].	ਸੰਸਾਰੀ ਸੁਆਦਾਂ[49] ਦੇ ਸਬੱਬ ਉਹ ਛੱਡ ਦਿੱਤੀ[48] ਗਈ ਹੈ ਅਤੇ ਉਸ ਨੂੰ ਆਪਣੇ ਸੁਆਮੀ ਦੇ ਬੂਹੇ[45] ਤੇ ਮੰਦਰ[46] ਤੇ ਪਨਾਹ[47] ਨਹੀਂ ਮਿਲਦੀ[50] ।
ਪੰਡਿਤ[51] ਵਾਚਹਿ[52] ਪੋਥੀਆ[53] ਨਾ ਬੂਝਹਿ[54] ਵੀਚਾਰੁ[55] ॥	The Brahmans[51] read[52] books[53] but understand[54] not their real meaning[55].	ਬ੍ਰਾਹਮਣ[51] ਪੁਸਤਕਾਂ[53] ਪੜ੍ਹਦੇ[52] ਹਨ ਪ੍ਰੰਤੂ ਉਨ੍ਹਾਂ ਦੇ ਅਸਲੀ ਮਤਲਬ[55] ਨੂੰ ਨਹੀਂ ਸਮਝਦੇ[54] ।
ਅਨ[56] ਕਉ ਮਤੀ ਦੇ[57] ਚਲਹਿ[58] ਮਾਇਆ[59] ਕਾ ਵਾਪਾਰੁ[60] ॥	They instruct[57] others[56] and walk[58] away. Themselves they trade[60] in wealth[59].	ਉਹ ਹੋਰਨਾਂ[56] ਨੂੰ ਉਪਦੇਸ਼[57] ਦੇ ਕੇ ਰਾਹੇ ਪੈਂਦੇ[58] ਹਨ । ਆਪ ਉਹ ਧਨ-ਦੌਲਤ[59] ਦਾ ਵਣਜ[60] ਕਰਦੇ ਹਨ ।
ਕਥਨੀ[61] ਝੂਠੀ[62] ਜਗੁ[63] ਭਵੈ[64] ਰਹਣੀ[65] ਸਬਦੁ[66] ਸੁ[67] ਸਾਰੁ[68] ॥ ੬ ॥	They wander about[64] the world[63] talking[61] falsehood[62], while they[67], who abide by[65] the Name[66], are the best[68].	ਉਹ ਕੂੜ[62] ਬੋਲਦੇ[61] ਸੰਸਾਰ[63] ਵਿਚ ਭਟਕਦੇ[64] ਹਨ ਜੋ ਨਾਮ[66] ਦੀ ਕਮਾਈ[65] ਕਰਦੇ ਹਨ, ਉਹ[67] ਪਰਮ-ਸਰੇਸ਼ਟ[68] ਹਨ ।
ਕੇਤੇ[69] ਪੰਡਿਤ ਜੋਤਕੀ[70] ਬੇਦਾ ਕਰਹਿ ਬੀਚਾਰੁ[71] ॥	Many[69] are the Pandits and astrologers[70] who deliberate[71] over Vedas.	ਅਨੇਕਾਂ[69] ਹਨ ਪੰਡਤ ਅਤੇ ਜੋਤਸ਼ੀ[70], ਜੋ ਵੇਦਾਂ ਨੂੰ ਸੋਚਦੇ ਵੀਚਾਰਦੇ[71] ਹਨ ।
ਵਾਦਿ[72] ਵਿਰੋਧਿ[73] ਸਲਾਹਣੇ[74] ਵਾਦੇ[75] ਆਵਣੁ ਜਾਣੁ[76] ॥	They glorify[74] disputes[72] and strifes[73] and in controversies[75] they continue coming and going[76].	ਉਹ ਝਗੜਿਆਂ[72] ਤੇ ਟੰਟੇ ਬਖੇੜਿਆਂ[73] ਦੀ ਪਰਸੰਸਾ[74] ਕਰਦੇ ਹਨ ਅਤੇ ਬਹਿਸ-ਮੁਬਾਹਸਿਆਂ[75] ਵਿਚ ਹੀ ਆਉਂਦੇ ਜਾਂਦੇ[76] ਰਹਿੰਦੇ ਹਨ ।
ਬਿਨੁ[77] ਗੁਰ ਕਰਮ[78] ਨ ਛੁਟਸੀ[79] ਕਹਿ[80] ਸੁਣਿ[81] ਆਖਿ[82] ਵਖਾਣੁ[83] ॥੭॥	Without[77] the Guru, they cannot be absolved[79] of their action[78], however much they may tell[80], hear[81], preach[82], and expound[83].	ਗੁਰਾਂ ਦੇ ਬਗ਼ੈਰ[77] ਉਨ੍ਹਾਂ ਦੀ ਆਪਣੇ ਅਮਲਾਂ[78] ਤੋਂ ਖ਼ਲਾਸੀ[79] ਨਹੀਂ ਹੋਣੀ ਭਾਵੇਂ ਉਹ ਜਿੰਨਾ ਜੀ ਚਾਹੇ ਪਏ ਆਖਣ[80], ਸਰਵਣ ਕਰਨ[81], ਉਪਦੇਸ਼[82] ਦੇਣ ਤੇ ਵਿਆਖਿਆ ਕਰਨ[83] ।
ਸਭਿ ਗੁਣਵੰਤੀ[84] ਆਖੀਅਹਿ[85] ਮੈ ਗੁਣੁ[86] ਨਾਹੀ ਕੋਇ ॥	All call[85] themselves virtuous[84] but I possess no virtue[86].	ਸਭ ਆਪਣੇ ਆਪ ਨੂੰ ਨੇਕੀ-ਨਿਪੁੰਨ[84] ਕਹਿੰਦੀਆਂ[85] ਹਨ, ਪਰ ਮੇਰੇ ਵਿਚ ਕੋਈ ਨੇਕੀ[86] ਨਹੀਂ ।
ਹਰਿ ਵਰੁ[87] ਨਾਰਿ[88]	Happy[89] is the bride[88], who has God	ਖ਼ੁਸ਼-ਬਾਸ਼[89] ਹੈ ਉਹ ਵਹੁਟੀ[88] ਜਿਸ ਦਾ ਵਾਹਿਗੁਰੂ

ਸੁਹਾਵਣੀ[89] ਮੈ[90] ਭਾਵੈ ਪ੍ਰਭੁ ਸੋਇ[91] ॥	as her Spouse[87]. I, too, love[90] that[91] Lord of mine.	ਪਤੀ[87] ਹੈ । ਮੈਂ ਭੀ ਉਸੇ[91] ਆਪਣੇ ਸਾਹਿਬ ਨੂੰ ਪਿਆਰ[90] ਕਰਦੀ ਹਾਂ ।
ਨਾਨਕ ਸਬਦਿ[92] ਮਿਲਾਵੜਾ[93] ਨਾ ਵੇਛੋੜਾ[94] ਹੋਇ[95] ॥ ੮ ॥ ੫ ॥	Nanak, it is through the Name[92] that Union[93] with God is effected and separation[94] occurs[95] no more.	ਨਾਨਕ, ਨਾਮ[92] ਦੇ ਰਾਹੀਂ ਵਾਹਿਗੁਰੂ ਨਾਲ ਮਿਲਾਪ[93] ਹੁੰਦਾ ਹੈ ਤੇ ਫੇਰ ਵਿਛੋੜਾ[94] ਨਹੀਂ ਹੁੰਦਾ[95] ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਜਪੁ[96] ਤਪੁ[97] ਸੰਜਮੁ[98] ਸਾਧੀਐ[99] ਤੀਰਥਿ[100] ਕੀਚੈ ਵਾਸੁ[2] ॥	Man may perform[99] recitations[96], austerities[97] and self-restraint[98] and dwell[2] at places of pilgrimage[100].	ਆਦਮੀ ਪਾਠ[96], ਤਪੱਸਿਆ[97] ਤੇ ਸਵੈ-ਰੋਕ-ਥਾਮ[98] ਪਿਆ[99] ਕਰੇ ਅਤੇ ਯਾਤ੍ਰਾ ਅਸਥਾਨਾਂ[100] ਤੇ ਨਿਵਾਸ[2] ਕਰ ਲਵੇ ।
ਪੁੰਨ[3] ਦਾਨ[4] ਚੰਗਿਆਈਆ[5] ਬਿਨੁ[9] ਸਾਚੇ[6] ਕਿਆ[7] ਤਾਸੁ[8] ॥	He may give donations[3] and alms[4] and do other good deeds[6], but what[7] does it avail him[8] without[9] the True Being[6]?	ਉਹ ਸਖ਼ਾਵਤਾਂ[3] ਤੇ ਖ਼ੈਰਾਤਾਂ[4] ਦੇਵੇ ਅਤੇ ਹੋਰ ਭਲੇ[5] ਕੰਮ ਕਰੇ, ਪ੍ਰੰਤੂ ਸਤਿਪੁਰਖ[6] ਦੇ ਬਾਝੋਂ[9] ਉਸ[8] ਨੂੰ ਕਿਸੇ ਦਾ ਕੀ ਲਾਭ[7] ਹੈ ?
ਜੇਹਾ[10] ਰਾਧੇ[11] ਤੇਹਾ[12] ਲੁਣੈ[13] ਬਿਨੁ ਗੁਣ[14] ਜਨਮੁ[15] ਵਿਣਾਸੁ[16] ॥ ੧ ॥	As[10] he sows[11] so[12] does he reap[13]. Without virtue[14] the human life[15] passes away[16] in vain.	ਜੇਹੋ ਜੇਹਾ[10] ਉਹ ਬੀਜਦਾ[11] ਹੈ, ਉਹੋ[12] ਜੇਹਾ ਵੱਢ[13] ਲੈਂਦਾ ਹੈ । ਨੇਕੀ[14] ਦੇ ਬਗੈਰ ਮਨੁਖੀ ਜੀਵਨ[15] ਬੇ-ਫ਼ਾਇਦਾ ਬੀਤ[16] ਜਾਂਦਾ ਹੈ ।
ਮੁੰਧੇ[17] ਗੁਣ ਦਾਸੀ[18] ਸੁਖੁ[19] ਹੋਇ ॥	O' young Bride[17]! happiness[19] is obtained by being a slave[18] to Virtue.	ਹੇ ਮੁਟਿਆਰ ਪਤਨੀਏ[17]! ਨੇਕੀ ਦੀ ਬਾਂਦੀ[18] ਹੋਣ ਦੁਆਰਾ ਖ਼ੁਸ਼ੀ[19] ਪਰਾਪਤ ਹੁੰਦੀ ਹੈ ।
ਅਵਗੁਣ[20] ਤਿਆਗਿ[21] ਸਮਾਈਐ[22] ਗੁਰਮਤਿ[23] ਪੂਰਾ[24] ਸੋਇ[25] ॥੧॥ ਰਹਾਉ ॥	She[25], who under Guru's instruction[23] eschews[21] demerits[20], gets absorbed[22] in the Perfect Lord[24]. Pause.	ਜੋ ਗੁਰਾਂ ਦੀ ਸਿੱਖ-ਮਤ[23] ਤਾਬੇ ਬੁਰਾਈਆਂ[20] ਨੂੰ ਛੱਡ[21] ਦਿੰਦੀ ਹੈ, ਉਹ[25] ਪੂਰਨ-ਪ੍ਰਭੂ[24] ਅੰਦਰ ਲੀਨ[22] ਹੋ ਜਾਂਦੀ ਹੈ । ਠਹਿਰਾਉ ।
ਵਿਣੁ ਰਾਸੀ[26] ਵਾਪਾਰੀਆ[27] ਤਕੇ[28] ਕੁੰਡਾ[29] ਚਾਰਿ ॥	Without capital[26], the trader[27] looks[28] about in the four directions[29] (in vain).	ਪੂੰਜੀ[26] ਦੇ ਬਾਝੋਂ ਵਣਜਾਰਾ[27] ਚੌਹੀਂ ਪਾਸੀਂ[29] (ਵਿਅਰਥ) ਝਾਕਦਾ[28] ਹੈ ।
ਮੂਲੁ[30] ਨ ਬੁਝੈ[31] ਆਪਣਾ ਵਸਤੁ[32] ਰਹੀ[33] [34]ਘਰਬਾਰਿ[35] ॥	He understands[31] not the Real[30] and the merchandise[32] of God's Name remains[33] undiscovered within his house's[34] door[35].	ਉਹ ਮੂਲ-ਪ੍ਰਭੂ[30] ਨੂੰ ਨਹੀਂ ਸਮਝਦਾ[31] ਅਤੇ ਹਰੀ ਨਾਮ ਦਾ ਸੌਦਾ-ਸੂਤ[32], ਉਸ ਦੇ ਗ੍ਰਿਹ[34] ਦੇ ਬੂਹੇ[35] ਅੰਦਰ ਹੀ ਅਣ-ਲਭਿਆ ਰਹਿ ਜਾਂਦਾ[33] ਹੈ ।
ਵਿਣੁ ਵਖਰ[36] ਦੁਖੁ[37] ਅਗਲਾ[38] ਕੂੜਿ[39] ਮੁਠੀ[40] ਕੂੜਿਆਰਿ[41] ॥੨॥	Without the Name commodity[36], great[38] is the anguish[37] and the false[41] man is ruined[40] by falsehood[39].	ਨਾਮ ਦੇ ਸੌਦੇ[36] ਦੇ ਬਗੈਰ ਘਣੀ[38] ਤਕਲੀਫ਼[37] ਹੈ । ਝੂਠਾ ਪੁਰਸ਼[41] ਝੂਠ[39] ਦੁਆਰਾ ਬਰਬਾਦ[40] ਹੋ ਜਾਂਦਾ ਹੈ ।
ਲਾਹਾ[42] [43]ਅਹਿਨਿਸਿ[44] ਨਉਤਨਾ[45] ਪਰਖੇ[46] ਰਤਨੁ[47] ਵੀਚਾਰਿ[48] ॥	He, who throughtfully[48] assays[46] (meditates) the Jewel[47] of Name day[43] and night[44], reaps brand new[45] profits[42].	ਜੋ ਨਾਮ ਹੀਰੇ[47] ਦਾ ਧਿਆਨ[48] ਨਾਲ ਸਿਮਰਨ ਜਾਂ (ਜਾਂਚ-ਪੜਤਾਲ)[46] ਕਰਦਾ ਹੈ, ਉਹ ਦਿਹੁੰ[43] ਰੈਣ[44] ਨਵੇਂ-ਨੁੱਕ[45] ਲਾਭ[42] ਉਠਾਉਂਦਾ ਹੈ ।
ਵਸਤੁ[49] ਲਹੈ[50] ਘਰਿ ਆਪਣੈ ਚਲੈ[51] ਕਾਰਜੁ[52] ਸਾਰਿ[53] ॥	He finds[50] the commodity[49] in his home and departs[51] after fulfilling[53]	ਉਹ ਮਾਲ[49] ਨੂੰ ਆਪਣੇ ਗ੍ਰਿਹ ਅੰਦਰ ਹੀ ਪਾ ਲੈਂਦਾ[50] ਹੈ, ਅਤੇ ਆਪਣੇ ਕੰਮ[52] ਨੂੰ ਰਾਸ[53] ਕਰਕੇ ਕੂਚ[51]

	his affairs[53].	ਕਰਦਾ ਹੈ ।
ਵਣਜਾਰਿਆ[54] ਸਿਉ[55] ਵਣਜੁ ਕਰਿ[56] ਗੁਰਮੁਖਿ[57] ਬ੍ਰਹਮੁ[58] ਬੀਚਾਰਿ[59] ॥੩॥	Trade[56] with[55] God's traders[54] and through the Guru[57] deliberate[59] over the Lord[58].	ਰੱਬ ਦੇ ਵਪਾਰੀਆਂ[54] ਨਾਲ[55] ਵਪਾਰ[56] ਕਰ ਅਤੇ ਗੁਰਾਂ ਦੇ ਰਾਹੀਂ[57] ਸਾਹਿਬ[58] ਦਾ ਚਿੰਤਨ[59] ਕਰ ।
ਸੰਤਾਂ[60] ਸੰਗਤਿ ਪਾਈਐ[61] ਜੇ[62]ਮੇਲੇ[62*] ਮੇਲਣਹਾਰੁ[63]॥	The Lord is obtained[61] in the society of the saints[60], when[62] Guru, the Uniter[63], unites[62*] man therewith.	ਸਾਧ[60] ਸੰਗਤ ਅੰਦਰ ਪ੍ਰਭੂ ਪਾਇਆ[61] ਜਾਂਦਾ ਹੈ, ਜਦ[62] ਮਿਲਾਉਣ ਵਾਲੇ[63], ਗੁਰੂ ਜੀ, ਬੰਦੇ ਨੂੰ ਉਸ ਨਾਲ ਮਿਲਾਉਂਦੇ[62*] ਹਨ ।
ਮਿਲਿਆ[64]ਹੋਇ ਨ ਵਿਛੁੜੈ[65] ਜਿਸੁ[66] ਅੰਤਰਿ[67] ਜੋਤਿ[68] ਅਪਾਰ[69] ॥	He, within whose[66] mind[67] the Infinite[69] Light[68] of the Lord shines, meets[64] Him and separates[65] not again.	ਜਿਸ[66] ਦੇ ਅੰਤਰ ਆਤਮੇ[67] ਸਾਹਿਬ ਦਾ ਬੇਅੰਤ[69] ਪ੍ਰਕਾਸ਼[68] ਰੋਸ਼ਨ ਹੈ, ਉਹ ਉਸ ਨੂੰ ਮਿਲ[64] ਪੈਂਦਾ ਹੈ ਅਤੇ ਮੁੜ ਜੁਦਾ[65] ਨਹੀਂ ਹੁੰਦਾ ।
ਸਚੈ ਆਸਣਿ[70] ਸਚਿ ਰਹੈ[71] ਸਚੈ[72] ਪ੍ਰੇਮ ਪਿਆਰ[73] ॥੪॥	True is the seat[70] of such person, who abides[71] in Truth and bears love and affection[73] to the True Lord[72].	ਸੱਚਾ ਹੈ ਟਿਕਾਣਾ[70] ਐਸੇ ਪੁਰਸ਼ ਦਾ, ਜੋ ਸੱਚ ਅੰਦਰ ਨਿਵਾਸ[71] ਰੱਖਦਾ ਹੈ ਅਤੇ ਸੱਚੇ ਸੁਆਮੀ[72] ਨੂੰ ਮੁਹੱਬਤ ਤੇ ਉਲਫ਼ਤ[73] ਕਰਦਾ ਹੈ ।
ਜਿਨੀ ਆਪੁ[74] ਪਛਾਣਿਆ[75] ਘਰ[76] ਮਹਿ[77] ਮਹਲੁ[78] ਸੁ[79] ਥਾਇ[80] ॥	They, who recognise[75] their own self[74], find Lord's mansion[78] in[77] the good[79] place[80] of their home heart[76].	ਜੋ ਆਪਣੇ ਆਪ[74] ਨੂੰ ਸਿੰਞਾਣਦੇ[75] ਹਨ, ਉਹ ਆਪਣੇ ਗ੍ਰਹਿ[76] (ਦਿਲ) ਦੇ ਸਰੇਸ਼ਟ[79] ਥਾਂ[80] ਵਿਚ[77] ਹੀ ਸੁਆਮੀ ਦੇ ਮੰਦਰ[78] ਨੂੰ ਪਾ ਲੈਂਦੇ ਹਨ ।
ਸਚੇ[81] ਸੇਤੀ[82] ਰਤਿਆ[83] ਸਚੋ[84] ਪਲੈ ਪਾਇ[85] ॥	Imbued[83] with[82] the True Name[81], the True One[84] is obtained[85].	ਸਤਿਨਾਮ[81] ਨਾਲ[82] ਰੰਗੀਜਣ[83] ਦੁਆਰਾ ਸਤਿਪੁਰਖ[84] ਪਰਾਪਤ[85] ਹੋ ਜਾਂਦਾ ਹੈ ।
੫੭	57	੫੭
[86]ਤ੍ਰਿਭਵਣਿ[87] ਸੋ[88] ਪ੍ਰਭੁ ਜਾਣੀਐ[89] ਸਾਚੋ[90] ਸਾਚੈ ਨਾਇ[91] ॥ ੫ ॥	That[88] Lord is known[89] in the three[86] worlds[87]. True is the Name[91] of the True Lord[90].	ਉਹ[88] ਸਾਹਿਬ ਤਿੰਨਾਂ[86] ਜਹਾਨਾਂ[87] ਅੰਦਰ ਜਾਣਿਆ[89] ਜਾਂਦਾ ਹੈ ! ਸੱਚਾ ਹੈ ਨਾਮ[91] ਸੱਚੇ ਸਾਹਿਬ[90] ਦਾ ।
ਸਾਧਨ[92]ਖਰੀ[93]ਸੁਹਾਵਣੀ[94] ਜਿਨਿ ਪਿਰੁ[95] ਜਾਤਾ[96] ਸੰਗਿ[97] ॥	Very[93] beauteous[94] is the wife[92] who knows[96] her Beloved[95] to be within[97] herself.	ਬਹੁਤ[93] ਸੋਹਣੀ[94] ਹੈ ਉਹ ਵਹੁਟੀ[92] ਜਿਹੜੀ ਆਪਣੇ ਪ੍ਰੀਤਮ[95] ਨੂੰ ਆਪਣੇ ਨਾਲ[97] (ਹਿਰਦੇ ਅੰਦਰ) ਸਮਝਦੀ[96] ਹੈ ।
ਮਹਲੀ[98] ਮਹਲਿ[99] ਬੁਲਾਈਐ[100] ਸੋ[2] ਪਿਰੁ[3] ਰਾਵੇ[4] ਰੰਗਿ[5] ॥	Such bride[98] is called[100] to the palace[99] and the Spouse[3] enjoys[4] her[2] in Love[5].	ਐਸੀ ਪਤਨੀ[98] ਮੰਦਰ[99] ਵਿਚ ਸੱਦੀ[100] ਜਾਂਦੀ ਹੈ ਅਤੇ ਕੰਤ[3] ਉਸ[2] ਨੂੰ ਪ੍ਰੀਤ[5] ਅੰਦਰ ਮਾਣਦਾ[4] ਹੈ ।
ਸਚਿ[6] ਸੁਹਾਗਣਿ[7] ਸਾ[8] ਭਲੀ[9] ਪਿਰਿ[10] ਮੋਹੀ[11] ਗੁਣ[12] ਸੰਗਿ[13] ॥ ੬ ॥	She[8] is truly[6] happy[7] and virtuous[9] wife, who is enamoured[11] with[13] the excellences[12] of her darling Husband[10].	ਉਹੀ[8] ਸੱਚੀ ਮੁੱਚੀ[6] ਖ਼ੁਸ਼[7] ਤੇ ਨੇਕ[9] ਵਹੁਟੀ ਹੈ, ਜਿਹੜੀ ਆਪਣੇ ਪਿਆਰੇ ਪਤੀ[10] ਦੀਆਂ ਉਤਕ੍ਰਿਸ਼ਟਤਾਈਆਂ[12] ਨਾਲ[13] ਫ਼ਰੇਫ਼ਤਾ[11] ਹੋਈ ਹੈ ।
ਭੂਲੀ ਭੂਲੀ[14]ਥਲਿ[15] ਚੜਾ[16] ਥਲਿ ਚੜਿ ਡੂਗਰਿ[17]	Going wrong and astray[14] I ascend[16] the plateau[15] and having ascended the	ਘੁੱਸ ਤੇ ਭੁੱਲ[14] ਕੇ ਮੈਂ ਉਚੇ ਮੈਦਾਨ[15] ਤੇ ਚੜ੍ਹਦੀ[16] ਹਾਂ ਅਤੇ ਉਚੇ ਮੈਦਾਨ ਤੇ ਚੜ੍ਹਕੇ ਮੈਂ ਪਹਾੜ[17] ਉਤੇ

ਜਾਉ[18] ॥	plateau I go up[18] the mountain[17].	ਜਾਂਦੀ ਹਾਂ ।
ਬਨ[19] ਮਹਿ[20] ਭੂਲੀ[21] ਜੇ[22] ਫਿਰਾ[23] ਬਿਨੁ[24] ਗੁਰ ਬੂਝ[25] ਨ ਪਾਉ[26] ॥	Having lost the way[21] if[22] I wander[23] about in[20] the forest[19] etc; I shall not obtain[26] the understanding[25] (way) without[24] the Guru.	ਰਾਹੋਂ ਘੁੱਸ[21] ਕੇ, ਜੇਕਰ[22] ਮੈਂ ਜੰਗਲ[19] ਆਦਿ ਵਿਚ[20] ਭਟਕਦੀ[23] ਫਿਰਾਂ, ਤਾਂ ਗੁਰਾਂ ਦੇ ਬਗੈਰ[24] ਮੈਨੂੰ ਸਮਝ[25] (ਪਈ) ਪਰਾਪਤ[26] ਨਹੀਂ ਹੋਣੀ ।
ਨਾਵਹੁ[27] ਭੂਲੀ[28] ਜੇ ਫਿਰਾ[29] ਫਿਰਿ[30] ਫਿਰਿ ਆਵਉ ਜਾਉ[31] ॥ ੭ ॥	If I walk about[29], forgetting[28] God's Name[27] I shall continue coming and going[31] over and over[30] again.	ਜੇਕਰ ਹਰੀ ਨਾਮ[27] ਨੂੰ ਭੁਲਾ[28] ਕੇ ਮੈਂ ਤੁਰੀ ਫਿਰਾਂ[29] ਤਾਂ ਮੈਂ ਮੁੜ ਮੁੜ[30] ਕੇ ਆਉਂਦੀ ਤੇ ਜਾਂਦੀ[31] ਰਹਾਂਗੀ ।
ਪੁਛਹੁ[32] ਜਾਇ[33] ਪਧਾਊਆ[34] ਚਲੇ[35] ਚਾਕਰ[36] ਹੋਇ[37] ॥	Go[33] and inquire[32] from the wayfarers[34], who having become[37] Lord's slaves[36], walk[35] His way.	ਜਾ[33] ਕੇ ਰਾਹੀਆਂ[34] ਕੋਲੋਂ ਪਤਾ[32] ਕਰ ਲਓ ਜੋ ਸਾਹਿਬ ਦੇ ਗੋਲੇ[36] ਹੋ ਕੇ[37] ਉਸ ਦੇ ਰਸਤੇ ਟੁਰਦੇ[35] ਹਨ ।
ਰਾਜਨੁ[38] ਜਾਣਹਿ[39] ਆਪਣਾ ਦਰਿ[40] ਘਰਿ[41] ਠਾਕ[42] ਨ ਹੋਇ ॥	They deem[39] God as their Monarch[38] and they are not stopped[42] at the door[40] of His palace[41].	ਉਹ ਵਾਹਿਗੁਰੂ ਨੂੰ ਆਪਣਾ ਪਾਤਸ਼ਾਹ[38] ਤਸੱਵਰ[39] ਕਰਦੇ ਹਨ ਅਤੇ ਉਨ੍ਹਾਂ ਨੂੰ ਉਸ ਦੇ ਮਹਿਲ[41] ਦੇ ਬੂਹੇ[40] ਤੇ ਰੋਕਿਆ[42] ਨਹੀਂ ਜਾਂਦਾ ।
ਨਾਨਕ ਏਕੋ[43] ਰਵਿ[44] ਰਹਿਆ ਦੂਜਾ ਅਵਰੁ[45] ਨ ਕੋਇ[46] ॥੮॥੬॥	Nanak the One Lord[43] is pervading[44] every where. There is no other second[45] what-so-ever[46].	ਨਾਨਕ, ਇਕ ਸੁਆਮੀ[43] ਹੀ ਹਰ ਥਾਂ ਵਿਆਪਕ[44] ਹੋ ਰਿਹਾ ਹੈ, ਹੋਰ ਕੋਈ ਦੂਸਰਾ[45] ਮੂਲੋਂ[46] ਹੀ ਨਹੀਂ ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਗੁਰ ਤੇ[47] ਨਿਰਮਲੁ[48] ਜਾਣੀਐ ਨਿਰਮਲ[49] ਦੇਹ[50] ਸਰੀਰੁ[51] ॥	From[47] the Guru, the Pure One[48] is known and the body[50] and human frame[51] become pure[49].	ਗੁਰਾਂ ਪਾਸੋਂ[47] ਪਵਿੱਤ੍ਰ ਪੁਰਸ਼[48] ਜਾਣਿਆ ਜਾਂਦਾ ਹੈ ਅਤੇ ਸਰੀਰ[50] ਤੇ ਮਨੁੱਖੀ[51] ਢਾਂਚਾ ਪਵਿੱਤ੍ਰ[49] ਹੋ ਜਾਂਦੇ ਹਨ ।
ਨਿਰਮਲੁ[58] ਸਾਚੋ[52] ਮਨਿ[53] ਵਸੈ[54] ਸੋ[55] ਜਾਣੈ ਅਭ[56] ਪੀਰ[57] ॥	The Immaculate[58] True Lord[52] abides[54] within the mind[53] and He[55] understands the heart's[56] pang[57].	ਪੁਨੀਤ[58] ਸਚਾ[52] ਸਾਹਿਬ ਚਿੱਤ[53] ਅੰਦਰ ਨਿਵਾਸ[54] ਰੱਖਦਾ ਹੈ ਅਤੇ ਉਹ[55] ਦਿਲ[56] ਦੀ ਪੀੜ[57] ਨੂੰ ਸਮਝਦਾ ਹੈ ।
ਸਹਜੈ[59] ਤੇ ਸੁਖੁ[60] ਅਗਲੋ[61] ਨਾ ਲਾਗੈ ਜਮ[62] ਤੀਰੁ[63] ॥ ੧ ॥	From Divine Knowledge[59] extreme[61] joy[60] springs and death's[62] arrow[63] hits one not.	ਬ੍ਰਹਿਮ-ਗਿਆਨ[59] ਤੋਂ ਪਰਮ[61]–ਖੁਸ਼ੀ[60] ਉਤਪਨ ਹੁੰਦੀ ਹੈ ਅਤੇ ਮੌਤ[62] ਦਾ ਬਾਣ[63] ਆਦਮੀ ਨੂੰ ਨਹੀਂ ਲੱਗਦਾ ।
ਭਾਈ ਰੇ[64] ਮੈਲੁ[65] ਨਾਹੀ ਨਿਰਮਲ[66] ਜਲਿ[67] ਨਾਇ[68] ॥	O'[64] Brother! by bathing[68] in the pure[66] water[67] of God's Name no filth[65] shall remain attached to thee.	ਹੇ[64] ਵੀਰ! ਹਰੀ ਨਾਮ ਦੇ ਸ਼ੁੱਧ[66] ਪਾਣੀ[67] ਨਾਲ ਇਸ਼ਨਾਨ[68] ਕੀਤਿਆਂ ਤੈਨੂੰ ਕੋਈ ਮਲੀਨਤਾ[65] ਲੱਗੀ ਨਹੀਂ ਰਹਿਣੀ ।
ਨਿਰਮਲੁ ਸਾਚਾ[69] ਏਕੁ[70] ਤੂ ਹੋਰੁ ਮੈਲੁ[71] ਭਰੀ[72] ਸਭ ਜਾਇ[73] ॥ ੧ ॥ ਰਹਾਉ ॥	Thou alone[70] art Filthless, O' True Lord[69]! all other places[73] are filled[72] with dirt[71]. Pause.	ਕੇਵਲ[70] ਤੂੰ ਹੀ ਮੈਲ-ਰਹਿਤ ਹੈਂ, ਹੇ ਸਚੇ ਸੁਆਮੀ[69]! ਹੋਰ ਸਾਰੀਆਂ ਥਾਵਾਂ[73] ਗੰਦਗੀ[71] ਨਾਲ ਪੂਰੀਆਂ[72] ਹੋਈਆਂ ਹਨ । ਠਹਿਰਾਉ ।
ਹਰਿ ਕਾ ਮੰਦਰੁ[74] ਸੋਹਣਾ[75] ਕੀਆ[76] ਕਰਣੈਹਾਰਿ[77] ॥	God's palace[74] is beauteous[75]. The Creator[77] has fashioned[76] it.	ਵਾਹਿਗੁਰੂ ਦਾ ਮਹਿਲ[74] ਸੁੰਦਰ[75] ਹੈ । ਸਿਰਜਣਹਾਰ[77] ਨੇ ਇਸ ਨੂੰ ਸਾਜਿਆ[76] ਹੈ ।

ਰਵਿ[78] ਸਸਿ[79] ਦੀਪ[80] ਅਨੂਪ[81] ਜੋਤਿ[82] [83]ਤ੍ਰਿਭਵਣਿ[84] ਜੋਤਿ[85] ਅਪਾਰ[86] ॥	Incomparable[81] is the lustre[82] of the lamps[80] of the Sun[78] and the Moon[79]. The infinite[86] light[85] of God is pervading the three[83] worlds[84].	ਲਾਸਾਨੀ[81] ਹੈ ਸੂਰਜ[78] ਤੇ ਚੰਦ[79] ਦੀਆਂ ਜੋਤਾਂ[80] ਦੀ ਚਮਕ[82] । ਵਾਹਿਗੁਰੂ ਦਾ ਅਨੰਤ[86] ਚਾਨਣ[85] ਤਿੰਨਾਂ[83] ਹੀ ਜਹਾਨਾਂ[84] ਅੰਦਰ ਵਿਆਪਕ ਹੋ ਰਿਹਾ ਹੈ ।
ਹਾਟ[87] ਪਟਣ[88] ਗੜ[89] ਕੋਠੜੀ[90] ਸਚੁ[91] ਸਉਦਾ[92] ਵਾਪਾਰ[93] ॥ ੨ ॥	In the body[90] are shops[87], the cities[88] and the fortresses[89], wherein is the merchandise[92] of the True Name[91] to trade[93] in.	ਦੇਹਿ[90] ਅੰਦਰ ਦੁਕਾਨਾਂ[87], ਸ਼ਹਿਰ[88] ਕਿਲ੍ਹੇ[89] ਹਨ ਜਿਨ੍ਹਾਂ ਵਿਚ ਵਣਜ[93] ਕਰਨ ਲਈ ਸਤਿਨਾਮ[91] ਦਾ ਸੌਦਾ-ਸੂਤ[92] ਹੈ ।
ਗਿਆਨ[94] ਅੰਜਨੁ[95] ਭੈ[96] ਭੰਜਨਾ[97] ਦੇਖੁ[98] ਨਿਰੰਜਨ[99] ਭਾਇ[100] ॥	The collyrium[95] of Divine Knowledge[94] is the dread[96] dispeller[97] and it is through love[100] that the Pure One[99] is discerned[98].	ਬ੍ਰਹਿਮ-ਬੋਧ[94] ਦਾ ਸੁਰਮਾ[95] ਡਰ[96] ਨੂੰ ਨਾਸ[97] ਕਰਨ ਵਾਲਾ ਹੈ ਅਤੇ ਪ੍ਰੇਮ[100] ਦੇ ਰਾਹੀਂ ਹੀ ਪਵਿੱਤ੍ਰ-ਪੁਰਸ਼[99] ਵੇਖਿਆ[98] ਜਾਂਦਾ ਹੈ ।
ਗੁਪਤੁ[2] ਪ੍ਰਗਟੁ[3] ਸਭ[4] ਜਾਣੀਐ[5] ਜੇ[6] ਮਨੁ[8] ਰਾਖੈ ਠਾਇ[7] ॥	The mortal comes to know[5] all[4] the hidden[2] and the apparent[3], if[6] he keeps his mind[8] centred at One Place[7].	ਪ੍ਰਾਣੀ ਪੋਸ਼ੀਦਾ[2] ਤੇ ਜ਼ਾਹਰਾ[3] ਸਮੂਹ[4] ਨੂੰ ਜਾਣ[5] ਲੈਂਦਾ ਹੈ, ਜੇਕਰ[6] ਉਹ ਆਪਣੇ ਮਨੂਏ[8] ਨੂੰ ਇਕ ਜਗ੍ਹਾ[7] ਤੇ ਕੇਂਦਰਿਤ ਰੱਖੇ ।
ਐਸਾ[9] ਸਤਿਗੁਰੁ ਜੇ ਮਿਲੈ[10] ਤਾ[11] ਸਹਜੇ[12] ਲਏ ਮਿਲਾਇ[13] ॥ ੩ ॥	If man finds[10] such[9] a True Guru then[11], he easily[12], causes him to meet[13] the Lord.	ਜੇਕਰ ਇਨਸਾਨ ਨੂੰ ਅਜਿਹਾ[9] ਸਤਿਗੁਰੂ ਪਰਾਪਤ[10] ਹੋ ਜਾਵੇ ਤਦ[11] ਉਹ ਉਸ ਨੂੰ ਸੁਖੈਨ ਹੀ[12], ਸਾਹਿਬ ਨਾਲ ਮਿਲਾ[13] ਦਿੰਦਾ ਹੈ ।
ਕਸਿ[14] ਕਸਵਟੀ[15] ਲਾਈਐ[16] ਪਰਖੇ[17] ਹਿਤੁ[18] ਚਿਤੁ[19] ਲਾਇ ॥	As the attrition[14] is put[15] on the touchstone[16] (to test the gold) Lord assays[17] (the spiritual life of His creatures) with Love[18] and attention[19].	(ਜਿਵੇਂ ਸੋਨੇ ਨੂੰ ਪਰਖਣ ਲਈ) ਕਸੌਟੀ[15] ਉਤੇ ਕੱਸ[14] ਲਾਈਦੀ[16] ਹੈ, (ਤਿਵੇਂ ਕਰਤਾਰ ਆਪਣੇ ਪੈਦਾ ਕੀਤੇ ਬੰਦਿਆਂ ਦੇ ਆਤਮਕ ਜੀਵਨ ਨੂੰ) ਬੜੇ ਪਿਆਰ[18] ਨਾਲ ਧਿਆਨ[19] ਲਾ ਕੇ ਪਰਖਦਾ[17] ਹੈ ।
ਖੋਟੇ[20] ਠਉਰੁ[21] ਨ ਪਾਇਨੀ[24] ਖਰੇ[22] ਖਜਾਨੈ[23] ਪਾਇ ॥	The counterfeit[20] find[24] not a place[21] and the genuine[22] are but into the treasury[23].	ਜਾਲ੍ਹੀਆਂ[20] ਨੂੰ ਥਾਂ[21] ਨਹੀਂ ਮਿਲਦੀ[24] ਅਤੇ ਅਸਲੀ[22] ਕੋਸ਼[23] ਵਿਚ ਪਾਏ ਜਾਂਦੇ ਹਨ ।
ਆਸ[25] ਅੰਦੇਸਾ[26] ਦੂਰਿ[30] ਕਰਿ ਇਉ[27] ਮਲੁ[28] ਜਾਇ ਸਮਾਇ[29] ॥ ੪ ॥	Dispel[30] thy hope[25] (desire) and anxiety[26]; like this[27] thy filth[28] shall be washed away[29].	ਆਪਣੀ ਉਮੀਦ[25] (ਇੱਛਾ) ਤੇ ਚਿੰਤਾ[26] ਨੂੰ ਪਰੇ ਕਰ ਦੇ[30], ਇਸ ਤਰ੍ਹਾਂ[27] ਤੇਰੀ ਮਲੀਣਤਾ[28] ਧੋਤੀ ਜਾਏਗੀ[29] ।
ਸੁਖ[31] ਕਉ ਮਾਗੈ[32] ਸਭੁ[33] ਕੋ ਦੁਖੁ[34] ਨ ਮਾਗੈ[35] ਕੋਇ ॥	Every[33] one craves[32] for happiness[31] and none asks[35] for misery[34].	ਹਰ ਕੋਈ[33] ਖ਼ੁਸ਼ੀ[31] ਨੂੰ ਤਾਂਘਦਾ[32] ਹੈ, ਕੋਈ ਭੀ ਮੁਸੀਬਤ[34] ਦੀ ਯਾਚਨਾ[35] ਨਹੀਂ ਕਰਦਾ ।
ਸੁਖੈ[39] ਕਉ ਦੁਖੁ ਅਗਲਾ[36] ਮਨਮੁਖਿ[37] ਬੂਝ[38] ਨ ਹੋਇ ॥	Immense[36] anguish comes in the wake of pleasures[39] but the self-willed[37] understand[38] it not.	ਰਸਾਂ-ਸੁਆਦਾਂ[39] ਦੇ ਮਗਰ ਅਤਿਅੰਤ[36] ਕਸ਼ਟ ਆਉਂਦਾ ਹੈ, ਪ੍ਰੰਤੂ ਆਪ-ਹੁਦਰੇ[37] ਇਸ ਨੂੰ ਨਹੀਂ ਸਮਝਦੇ[38] ।
ਸੁਖੁ[40] ਦੁਖੁ[41] ਸਮ[42] ਕਰਿ ਜਾਣੀਅਹਿ[43] ਸਬਦਿ[44] ਭੇਦਿ[45] ਸੁਖੁ[46] ਹੋਇ[47] ॥੫॥	They, who deem[43] weal[40] and woe[41] alike[42] and pierce[45] their soul with Name[44], obtain[47] Divine Solace[46].	ਜੋ ਖ਼ੁਸ਼ੀ[40] ਤੇ ਗ਼ਮੀ[41] ਨੂੰ ਇਕ ਸਮਾਨ[42] ਜਾਣਦੇ[43] ਹਨ ਅਤੇ ਆਪਣੀ ਆਤਮਾ ਨੂੰ ਨਾਮ[44] ਨਾਲ ਵਿੰਨ੍ਹਦੇ[45] ਹਨ, ਉਹ ਰੱਬੀ ਠੰਢ-ਚੈਨ[46] ਪਾਉਂਦੇ[47] ਹਨ ।

ਬੇਦੁ ਪੁਕਾਰੇ[48] ਵਾਚੀਐ[49] ਬਾਣੀ[50] ਬ੍ਰਹਮ ਬਿਆਸੁ[51] ॥ ਮੁਨਿਜਨ[52] ਸੇਵਕ[53] ਸਾਧਿਕਾ[54] ਨਾਮਿ ਰਤੇ[55] ਗੁਣ[56]-ਤਾਸੁ[57] ॥	The recitation[49] of Brahma's Vedas and words[50] (works) of Vyas[51] proclaim[48] that the silent sages[52], God's attendants[53] and the strivers[54] are imbued[55] with the Name, the treasure[57] of excellences[56].	ਬ੍ਰਹਮਾ ਦੇ ਵੇਦਾਂ ਅਤੇ ਵਿਆਸ[51] ਦਿਆਂ ਸ਼ਬਦਾਂ[50] (ਰਚਨਾਵਾਂ) ਦਾ ਪਾਠ[49] ਪੁਕਾਰਦਾ[48] ਹੈ, ਕਿ ਚੁੱਪ ਕੀਤੇ ਰਿਸ਼ੀ[52] ਰੱਬ ਦੇ ਟਹਿਲੂਏ[53] ਅਤੇ ਅਭਿਆਸੀ[54] ਚੰਗਿਆਈਆਂ[56] ਦੇ ਖ਼ਜ਼ਾਨੇ,[57] ਨਾਮ ਨਾਲ ਰੰਗੇ[55] ਹੋਏ ਹਨ।
ਸਚਿ[58] ਰਤੇ ਸੇ[59] ਜਿਣਿ[60] ਗਏ ਹਉ[61] ਸਦ[62] ਬਲਿਹਾਰੈ[63] ਜਾਸੁ[64] ॥ ੬ ॥	They[59], who are dyed with the True Name[58], win[60]. I[61] am[64] ever[62] a sacrifice[63] unto them.	ਜੋ ਸਤਿਨਾਮ[58] ਨਾਲ ਰੰਗੀਜੇ ਹਨ, ਉਹ[59] ਜਿੱਤ[60] ਜਾਂਦੇ ਹਨ। ਮੈਂ[61] ਉਨ੍ਹਾਂ ਉਤੋਂ ਸਦੀਵ[62] ਹੀ ਕੁਰਬਾਨ[63] ਜਾਂਦਾ[64] ਹਾਂ।
ਚਹੁ[65] ਜੁਗਿ ਮੈਲੇ[66] ਮਲੁ[67] ਭਰੇ[68] ਜਿਨ ਮੁਖਿ[69] ਨਾਮੁ ਨ ਹੋਇ ॥	They, within whose mouth[69] Lord's Name is not, are brimful[68] with pollution[67] and remain filthy[66], the four ages[65] through.	ਜਿਨ੍ਹਾਂ ਦੇ ਮੂੰਹ[69] ਵਿਚ ਸੁਆਮੀ ਦਾ ਨਾਮ ਨਹੀਂ, ਉਹ ਮਲੀਣਤਾ[67] ਨਾਲ ਪਰੀਪੂਰਨ[68] ਹਨ ਅਤੇ ਚੌਹਾਂ ਹੀ ਯੁੱਗਾਂ[65] ਅੰਦਰ ਪਲੀਤ[66] ਰਹਿੰਦੇ ਹਨ।
ਭਗਤੀ[70] ਭਾਇ[71] ਵਿਹੂਣਿਆ[72] ਮੁਹੁ[73] ਕਾਲਾ[74] ਪਤਿ[75] ਖੋਇ[76] ॥	They who are bereft of[72] Lord's love[71] and devotion[70] lose[76] honour[75] and their faces[73] are blackened[74].	ਜੋ ਪ੍ਰਭੂ ਦੀ ਪ੍ਰੀਤ[71] ਅਤੇ ਸ਼ਰਧਾ ਅਨੁਰਾਗ[70] ਤੋਂ ਸੱਖਣੇ[72] ਹਨ; ਉਹ ਇੱਜ਼ਤ[75] ਗੁਆ[76] ਲੈਂਦੇ ਹਨ ਅਤੇ ਉਨ੍ਹਾਂ ਦੇ ਚਿਹਰੇ[73] ਸਿਆਹ[74] ਕੀਤੇ ਜਾਂਦੇ ਹਨ।
ਜਿਨੀ ਨਾਮੁ ਵਿਸਾਰਿਆ[77] ਅਵਗੁਣ[78] ਮੁਠੀ[79] ਰੋਇ[80] ॥ ੭ ॥	They, who have forgotten[77] the Name, bewail[80] defrauded[79] by sin[78].	ਜਿਨ੍ਹਾਂ ਨੇ ਨਾਮ ਨੂੰ ਭੁਲਾ[77] ਦਿੱਤਾ ਹੈ, ਉਹ ਪਾਪ[78] ਦੇ ਠੱਗੇ[79] ਹੋਏ, ਵਿਰਲਾਪ[80] ਕਰਦੇ ਹਨ।
ਖੋਜਤ ਖੋਜਤ[81] ਪਾਇਆ[82] ਡਰੁ[83] ਕਰਿ ਮਿਲੈ[84] ਮਿਲਾਇ[85] ॥	By seeking and searching[81] I have found[82] the Lord. Through Lord's fear[83] I have met[84] with His union[85].	ਭਾਲਦਿਆਂ ਤੇ ਟੋਲਦਿਆਂ[81] ਹੋਇਆਂ ਮੈਂ ਸਭ ਨੂੰ ਪਾ[82] ਲਿਆ ਹੈ। ਪ੍ਰਭੂ ਦੇ ਭੈ[83] ਰਾਹੀਂ ਮੈਂ ਉਸ ਦੇ ਮਿਲਾਪ[85] ਅੰਦਰ ਮਿਲ[84] ਗਿਆ ਹਾਂ।
ਆਪੁ[86] ਪਛਾਣੈ[87] ਘਰਿ[88] ਵਸੈ[89] ਹਉਮੈ[90] ਤ੍ਰਿਸਨਾ[91] ਜਾਇ[92] ॥	By recognising[87] his ownself[86] man abides[89] in his own home[88] and his ego[90] and desire[91] depart[92].	ਆਪਣੇ[86] ਆਪ ਨੂੰ ਸਿੰਞਾਣ[87] ਕੇ, ਇਨਸਾਨ ਆਪਣੇ ਨਿੱਜ ਦੇ ਗ੍ਰਿਹ[88] ਅੰਦਰ ਵਸਦਾ[89] ਹੈ ਅਤੇ ਉਸ ਦਾ ਹੰਕਾਰ[90] ਤੇ ਖ਼ਾਹਿਸ਼[91] ਦੂਰ[92] ਹੋ ਜਾਂਦੇ ਹਨ।
ਨਾਨਕ ਨਿਰਮਲ[93] ਉਜਲੇ[94] ਜੋ ਰਾਤੇ[95] ਹਰਿਨਾਇ[96] ॥ ੮ ॥ ੭ ॥	Nanak, blotless[93] and exonerated[94] are they, who are imbued[95] with the Name[96] of God.	ਨਾਨਕ ਬੇਦਾਗ[93] ਅਤੇ ਸੁਰਖਰੂ[94] ਹਨ ਉਹ ਜੋ ਵਾਹਿਗੁਰੂ ਦੇ ਨਾਮ[96] ਨਾਲ ਰੰਗੀਜੇ[95] ਹਨ।
ਸਿਰੀ ਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਸੁਣਿ[97] ਮਨ[98] ਭੂਲੇ[99] ਬਾਵਰੇ[100] ਗੁਰ ਕੀ ਚਰਣੀ[2] ਲਾਗੁ[3] ॥	Hear[97] thou O' my deluded[99] and demented[100] mind[98] ! take[3] to the Feet[2] of the Guru.	ਕੰਨ[97] ਕਰ, ਤੂੰ ਮੇਰੀ ਘੁੱਸੀ[99] ਹੋਈ ਤੇ ਪਗਲੀ[100] ਜਿੰਦੜੀਏ[98] ! ਗੁਰਾਂ ਦੇ ਪੈਰੀਂ[2] ਪਉ[3]।
ਹਰਿ ਜਪਿ[4] ਨਾਮੁ ਧਿਆਇ[5] ਤੂ ਜਮੁ[6] ਡਰਪੈ[7] ਦੁਖ[8] ਭਾਗੁ[9] ॥	Remember[4] God and meditate[5] on the Name, (by so doing) the god of death[6] is afraid[7], and woe[8] departs[9].	ਵਾਹਿਗੁਰੂ ਦਾ ਅਰਾਧਨ[4] ਅਤੇ ਸਿਮਰਨ[5] ਕਰ, (ਇੰਜ ਕੀਤਿਆਂ) ਮੌਤ[6] ਦਾ ਦੇਵਤਾ ਭੀ ਭੈ[7] ਖਾਂਦਾ ਹੈ ਅਤੇ ਸੰਗ[8] ਦੌੜ[9] ਜਾਂਦਾ ਹੈ।

ਦੂਖੁ[10] ਘਣੋ[11] ਦੋਹਾਗਣੀ[12] ਕਿਉ[13] ਥਿਰੁ[14] ਰਹੈ ਸੁਹਾਗੁ[15] ॥ ੧ ॥	The unfortunate wife[12] faces untold[11] hardships[10]. How[13] can her Spouse[15] remain for ever[14] with her ?	ਬਦਕਿਸਮਤ ਵਹੁਟੀ[12] ਬਹੁਤਾ[11] ਕਸ਼ਟ[10] ਉਠਾਉਂਦੀ ਹੈ। ਉਸ ਦਾ ਪਤੀ[15] (ਪਰਮੇਸ਼ਰ) ਕਿਸ[13] ਤਰ੍ਹਾਂ ਮੁਸਤਕਿਲ[14] ਉਸ ਦੇ ਨਾਲ ਰਹਿ ਸਕਦਾ ਹੈ ?
੫੮	**58**	**੫੮**
ਭਾਈ ਰੇ[16] ਅਵਰੁ[17] ਨਾਹੀ ਮੈ ਥਾਉ[18] ॥	O'[16] Brother ! I have no other[17] place[18].	ਹੇ[16] ਵੀਰ ! ਮੇਰਾ ਹੋਰ[17] ਕੋਈ ਟਿਕਾਣਾ[18] ਨਹੀਂ।
ਮੈ ਧਨੁ[19] ਨਾਮੁ ਨਿਧਾਨੁ[20] ਹੈ ਗੁਰਿ ਦੀਆ[21] ਬਲਿਜਾਉ[22] ॥ ੧ ॥ ਰਹਾਉ ॥	The Guru has given[21] me the Treasure[20] of the Wealth[19] of God's Name, I am devoted[22] unto him. Pause.	ਗੁਰਾਂ ਨੇ ਮੈਨੂੰ ਹਰੀ ਨਾਮ ਦੀ ਦੌਲਤ[19] ਦਾ ਖ਼ਜ਼ਾਨਾ[20] ਦਿੱਤਾ[21] ਹੈ, ਮੈਂ ਉਨ੍ਹਾਂ ਉਤੋਂ ਸਦਕੇ[22] ਜਾਂਦਾ ਹਾਂ। ਠਹਿਰਾਉ।
ਗੁਰਮਤਿ[23] ਪਤਿ[24] ਸਾਬਾਸਿ[25] ਤਿਸੁ[26] ਤਿਸ ਕੈ ਸੰਗਿ[27] ਮਿਲਾਉ[28] ॥	By Guru's instruction[23] comes honour. Hail[25] unto him[26], (the Guru) I associate[27] with him.	ਗੁਰਾਂ ਦੇ ਉਪਦੇਸ਼[23] ਦੁਆਰਾ ਇਜ਼ਤ[24] ਪਰਾਪਤ ਹੁੰਦੀ ਹੈ। ਆਫ਼ਰੀਨ[25] ਹੈ ਉਨ੍ਹਾਂ[26] (ਗੁਰੂ ਜੀ) ਨੂੰ, ਰੱਬ ਕਰੇ ਮੇਰਾ ਉਨ੍ਹਾਂ[27] ਨਾਲ ਮੇਲ-ਮਿਲਾਪ[28] ਹੋਵੇ।
ਤਿਸੁ ਬਿਨੁ ਘੜੀ[29] ਨ ਜੀਵਉ[30] ਬਿਨੁ ਨਾਵੈ ਮਰਿ ਜਾਉ[31] ॥	Without Him I cannot live[30] even for a moment[29]. Without His Name I die[31].	ਉਸ ਦੇ ਬਾਝੋਂ ਮੈਂ ਇਕ ਮੁਹਤ[29] ਭਰ ਲਈ ਭੀ ਜੀਉਂਦਾ[30] ਨਹੀਂ ਰਹਿ ਸਕਦਾ। ਉਸ ਦੇ ਨਾਮ ਦੇ ਬਗ਼ੈਰ ਮੈਂ ਮਰ[31] ਜਾਂਦਾ ਹਾਂ।
ਮੈ ਅੰਧੁਲੇ[32] ਨਾਮੁ ਨ ਵੀਸਰੈ[33] ਟੇਕ[34] ਟਿਕੀ[35] ਘਰਿ[36] ਜਾਉ[37] ॥ ੨ ॥	May, I the blind[32], forget[33] not God's Name. Placed[35] under His protection[34] I shall[37] reach my Home[36].	ਮੈਂ ਅੰਨ੍ਹੇ[32] ਨੂੰ ਵਾਹਿਗੁਰੂ ਦਾ ਨਾਮ ਨਾ ਭੁੱਲੇ[33]। ਉਸ ਦੀ ਪਨਾਹ[34] ਤਾਬੇ ਰਹਿ ਕੇ[35] ਮੈਂ ਆਪਣੇ ਗ੍ਰਿਹਿ[36] ਪੁਜ[37] ਜਾਵਾਂਗਾ।
ਗੁਰੂ[41] ਜਿਨਾ ਕਾ ਅੰਧੁਲਾ[38] ਚੇਲੇ[39] ਨਾਹੀ ਠਾਉ[40] ॥	The disciples[39], whose religious guide[41] is blind[38], find no place[40].	ਜਿਨ੍ਹਾਂ ਦਾ ਧਾਰਮਕ ਆਗੂ[41] ਅੰਨ੍ਹਾ[38] ਹੈ, ਉਨ੍ਹਾਂ ਮੁਰੀਦਾਂ[39] ਨੂੰ ਕੋਈ ਥਾਂ[40] ਨਹੀਂ ਮਿਲਦੀ।
ਬਿਨੁ[45] ਸਤਿਗੁਰ ਨਾਉ ਨ ਪਾਈਐ[42] ਬਿਨੁ ਨਾਵੈ ਕਿਆ[43] ਸੁਆਉ[44] ॥	Sans the True Guru Lord's Name is not obtained[42]. Without the Name what[43] is the aim[44] of human life ?	ਸੱਚੇ ਗੁਰਾਂ ਦੇ ਬਾਝੋਂ[45] ਸਾਹਿਬ ਦਾ ਨਾਮ ਪਰਾਪਤ[42] ਨਹੀਂ ਹੁੰਦਾ। ਨਾਮ ਦੇ ਬਗ਼ੈਰ ਮਨੁੱਖੀ-ਜੀਵਨ ਦਾ ਕੀ[43] ਮਨੋਰਥ[44] ਹੈ ?
ਆਇ[46] ਗਇਆ[47] ਪਛੁਤਾਵਣਾ[48] ਜਿਉ[49] ਸੁੰਞੈ[50] ਘਰਿ[51] ਕਾਉ[52] ॥ ੩ ॥	Man regrets[48] his coming[46] and going[47] like[49] the crow[52] visiting a deserted[50] house[51].	ਉਜਾੜ[50] ਗ੍ਰਿਹਿ[51] ਵਿਚ ਕਾਂ[52] ਦੇ ਫੇਰਾ ਪਾਉਣ ਦੀ ਤਰ੍ਹਾਂ[49] ਬੰਦਾ ਆਪਣੇ ਆਉਣ[46] ਤੇ ਜਾਣ[47] ਉਤੇ ਅਫ਼ਸੋਸ[48] ਕਰਦਾ ਹੈ।
ਬਿਨੁ ਨਾਵੈ ਦੁਖੁ[53] ਦੇਹੁਰੀ[54] ਜਿਉ[55] ਕਲਰ[56] ਕੀ ਭੀਤਿ[57] ॥	Without the Name the body[54] writhes in pain[53] like[55] the wall[57] of nitrous salts[56].	ਨਾਮ ਦੇ ਬਗ਼ੈਰ ਸਰੀਰ[54] ਸ਼ੋਰੇ[56] ਵਾਲੀ ਕੰਧ[57] ਵਾਂਗੂ[55] ਕਸ਼ਟ[53] ਉਠਾਉਂਦਾ ਹੈ।
ਤਬਲਗੁ[58] ਮਹਲੁ[59] ਨ ਪਾਈਐ[60] ਜਬਲਗੁ[61] ਸਾਚੁ[62] ਨ ਚੀਤਿ[63] ॥	As long[61] as truth[62] enters not man's mind[63] till then[58] he gains[60] not Lord's presence[59].	ਜਦ[61] ਤਾਈਂ ਸੱਚ[62] ਬੰਦੇ ਦੇ ਮਨ[63] ਅੰਦਰ ਪ੍ਰਵੇਸ਼ ਨਹੀਂ ਕਰਦਾ ਉਦੋਂ[58] ਤਾਈਂ ਉਹ ਸਾਹਿਬ ਦੀ ਹਜ਼ੂਰੀ[59] ਨੂੰ ਪਰਾਪਤ[60] ਨਹੀਂ ਹੁੰਦਾ।
ਸਬਦਿ[64] ਰਪੈ[65] ਘਰੁ[66] ਪਾਈਐ[67] ਨਿਰਬਾਣੀ[68]	Being imbued[65] with the Name[64] in his home[66], mortal obtains[67] eternal[68]	ਨਾਮ[64] ਨਾਲ ਰੰਗੀਜਣ[65] ਦੁਆਰਾ ਆਪਣੇ ਗ੍ਰਿਹਿ[66] ਵਿਚ ਹੀ, ਪ੍ਰਾਣੀ ਨੂੰ ਸਦੀਵੀ ਸਥਿਰ[68] ਮੋਖ਼ਸ਼ ਦਾ

ਪਦੁ ਨੀਤਿ[69]॥ ੪ ॥	status of salvation[68].	ਦਰਜਾ[68] ਮਿਲ ਜਾਂਦਾ ਹੈ।
ਹਉ ਗੁਰ ਪੂਛਉ[70] ਆਪਣੇ ਗੁਰ ਪੁਛਿ[71] ਕਾਰ[72] ਕਮਾਉ[73] ॥	I make inquiry[70] from my Guru and do[73] the deeds[72] according to his directive[71].	ਮੈਂ ਆਪਣੇ ਗੁਰੂ ਪਾਸੋਂ ਪਤਾ ਕਰਦਾ[70] ਹਾ ਅਤੇ ਉਸ ਦੀ ਦੱਸੀ ਸੂਚਨਾ[71] ਅਨੁਸਾਰ ਅਮਲ[72] ਕਮਾਉਂਦਾ[73] ਹਾਂ।
ਸਬਦਿ[74] ਸਲਾਹੀ[75] ਮਨਿ[76] ਵਸੈ[77] ਹਉਮੈ[78] ਦੁਖੁ[79] ਜਲਿ ਜਾਉ[80] ॥	The pain[79] of self-conceit[78] is burnt down[80], if the praises[75] of the Lord[74] abide[77] in man's mind[76].	ਜੇਕਰ ਸਾਹਿਬ[74] ਦੀ ਸਿਫ਼ਤ-ਸ਼ਲਾਘਾ[75] ਇਨਸਾਨ ਦੇ ਹਿਰਦੇ[76] ਵਿਚ ਟਿਕ[77] ਜਾਵੇ ਤਾਂ ਸਵੈ-ਹੰਗਤਾ[78] ਦੀ ਪੀੜ[79] ਸੜ[80] ਜਾਂਦੀ ਹੈ।
ਸਹਜੇ[81] ਹੋਇ ਮਿਲਾਵੜਾ[82] ਸਾਚੇ ਸਾਚਿ[83] ਮਿਲਾਉ[84] ॥ ੫ ॥	It is through Divine Knowledge[81] that union[82] is accomplished and the mortal meets[84] with the Immortal True[83].	ਬ੍ਰਹਿਮ-ਗਿਆਨ[81] ਦੁਆਰਾ ਮਿਲਾਪ[82] ਹੁੰਦਾ ਹੈ ਅਤੇ ਪ੍ਰਾਣੀ ਸਦਾ ਕਾਇਮ ਸਚਿਆਰ[83] ਨਾਲ ਮਿਲ[84] ਪੈਂਦਾ ਹੈ।
ਸਬਦਿ[85] ਰਤੇ[86] ਸੇ[87] ਨਿਰਮਲੇ[88] ਤਜਿ[89] ਕਾਮੁ[90] ਕ੍ਰੋਧੁ[91] ਅਹੰਕਾਰੁ[92] ॥	They[87], who are imbued[86] with the Divine[85] Word are pure[88]. They renounce[89] lust[90], wrath[91] and pride[92].	ਜੋ ਰਬੀ ਕਲਾਮ[85] ਨਾਲ[86] ਰੰਗੇ ਹਨ; ਉਹ[87] ਪਵਿੱਤ੍ਰ[88] ਹਨ। ਉਹ ਕਾਮ-ਵਾਸ਼ਨਾ[90] ਗੁਸੇ[91] ਤੇ ਹੰਕਾਰ[92] ਨੂੰ ਛੱਡ[89] ਦਿੰਦੇ ਹਨ।
ਨਾਮੁ ਸਲਾਹਨਿ[93] ਸਦ ਸਦਾ[94] ਹਰਿ ਰਾਖਹਿ [95]ਉਰ ਧਾਰਿ[96] ॥	For ever and aye[94] they sing the praises[93] of the Name and keep God clasped[96] to their heart[95].	ਸਦੀਵ ਤੇ ਹਮੇਸ਼ਾ[94] ਲਈ ਉਹ ਨਾਮ ਦਾ ਜੱਸ ਗਾਇਨ[93] ਕਰਦੇ ਹਨ ਅਤੇ ਵਾਹਿਗੁਰੂ ਨੂੰ ਆਪਣੇ ਦਿਲ[95] ਨਾਲ ਲਾਈ[96] ਰੱਖਦੇ ਹਨ।
ਸੋ[97] ਕਿਉ ਮਨਹੁ ਵਿਸਾਰੀਐ[98] ਸਭ ਜੀਆ[99] ਕਾ ਆਧਾਰੁ[100] ॥ ੬ ॥	Within our mind why should we forget[98] Him[97] who is the mainstay[100] of all the beings[99] ?	ਆਪਣੇ ਚਿੱਤ ਅੰਦਰ ਆਪਾਂ ਉਸ[97] ਨੂੰ ਕਿਉਂ ਭੁਲਾਈਏ[98] ਜੋ ਸਮੂਹ ਜੀਵਾਂ[99] ਦਾ ਆਸਰਾ[100] ਹੈ ?
ਸਬਦਿ[2] ਮਰੈ[3] ਸੋ ਮਰਿ[4] ਰਹੈ[5] ਫਿਰਿ[6] ਮਰੈ ਨ ਦੂਜੀ ਵਾਰ[7] ॥	He[3] who dies of the Divine Word[2] gets immune[5] from death[4] and dies not, again[6] a second time[7].	ਜੋ ਰੱਬੀ ਕਲਾਮ[2] ਨਾਲ ਮਰਦਾ ਹੈ ਉਹ[3] ਮੌਤ[4] ਤੋਂ ਰਿਹਾਈ[5] ਪਾ ਜਾਂਦਾ ਹੈ ਅਤੇ ਮੁੜ[6] ਦੂਸਰੀ ਵਾਰੀ[7] ਨਹੀਂ ਮਰਦਾ।
ਸਬਦੈ[8] ਹੀ ਤੇ[9] ਪਾਈਐ[10] ਹਰਿਨਾਮੇ ਲਗੈ[11] ਪਿਆਰੁ[12] ॥	From[9] Guru's instruction[8] love[12] for God's Name is obtained[11] and the Lord is attained to[10].	ਗੁਰਾਂ ਦੇ ਉਪਦੇਸ਼[8] ਤੋਂ[9] ਵਾਹਿਗੁਰੂ ਦੇ ਨਾਮ ਲਈ ਪ੍ਰੀਤ[12] ਪੈਦਾ[11] ਹੋ ਜਾਂਦੀ ਹੈ ਅਤੇ ਸੁਆਮੀ ਪਰਾਪਤ[10] ਹੋ ਜਾਂਦਾ ਹੈ।
ਬਿਨੁ ਸਬਦੈ[13] ਜਗੁ ਭੂਲਾ[14] ਫਿਰੈ ਮਰਿ ਜਨਮੈ[15] ਵਾਰੋ ਵਾਰ[16] ॥ ੭ ॥	Without Lord's Name[13] the world has gone astray[14] and suffers transmigration[15] over and over again[16].	ਸਾਹਿਬ ਦੇ ਨਾਮ[13] ਦੇ ਬਾਝੋਂ ਸੰਸਾਰ ਘੁਸਿਆ[14] ਫਿਰਦਾ ਹੈ ਅਤੇ ਮੁੜ ਮੁੜ[16] ਕੇ ਆਵਾਗੌਣ[15] ਵਿਚ ਪੈਂਦਾ ਹੈ।
ਸਭੁ[17] ਸਾਲਾਹੈ[18] ਆਪ[19] ਕਉ ਵਡਹੁ[20] ਵਡੇਰੀ ਹੋਇ[21] ॥	Every one[17] lauds[18] himself[19] and deems[21] himself the greatest of the great[20].	ਹਰ[17] ਕੋਈ ਆਪਣੇ ਆਪ[19] ਦੀ ਪਰਸੰਸਾ[18] ਕਰਦਾ ਹੈ ਅਤੇ ਆਪਣੇ ਆਪ ਨੂੰ ਮਹਾਨਾ ਦਾ ਪਰਮ[20] ਮਹਾਨ ਖ਼ਿਆਲ[21] ਕਰਦਾ ਹੈ।
ਗੁਰ ਬਿਨੁ ਆਪੁ[22] ਨ ਚੀਨੀਐ[23] ਕਹੇ[24] ਸੁਣੇ[25] ਕਿਆ[26] ਹੋਇ[27] ॥	Without the Guru, one's ownself[22] cannot be known[23]. By merely saying[24] and hearing[25], what[26] can	ਗੁਰਾਂ ਦੇ ਬਗ਼ੈਰ ਆਪਣਾ[22] ਆਪ ਜਾਣਿਆ[23] ਨਹੀਂ ਜਾ ਸਕਦਾ। ਕੇਵਲ ਆਖਣ[24] ਤੇ ਸਰਵਣ[25] ਕਰਨ ਨਾਲ[26] ਕੀ ਹੋ ਸਕਦਾ[27] ਹੈ ?

	be achieved[27] ?	
ਨਾਨਕ ਸਬਦਿ[28] ਪਛਾ-ਣੀਐ[29] ਹਉਮੈ[30] ਕਰੈ[31] ਨ ਕੋਇ ॥ ੮ ॥ ੮ ॥	Nanak, if man recognises[29] the Lord[28], he takes[31] not pride[30] on himself.	ਨਾਨਕ, ਜੇਕਰ ਮਨੁੱਖ ਸਾਹਿਬ[28] ਨੂੰ ਸਿੰਞਾਣ[29] ਲਵੇ ਤਾਂ ਉਹ ਆਪਣੇ ਆਪ ਤੇ ਹੰਕਾਰ[30] ਨਹੀਂ ਕਰਦਾ[31] ।
ਸਿਰੀਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।
ਬਿਨੁ[38] ਪਿਰ[32] ਧਨ[33] ਸੀਗਾਰੀਐ[34] ਜੋਬਨੁ[35] ਬਾਦਿ[36] ਖੁਆਰੁ[37] ॥	Without[38] her Groom[32] the adornment[34] and youth[35] of the bride[33] are useless[36] and ruinous[37].	ਆਪਣੇ ਪਤੀ[32] ਦੇ ਬਾਝੋਂ[38] ਪਤਨੀ[33] ਦਾ ਹਾਰ-ਸ਼ਿੰਗਾਰ[34] ਅਤੇ[35] ਜੁਆਨੀ ਫ਼ਜ਼ੂਲ[36] ਤੇ ਤਬਾਹ-ਕੁਨ[37] ਹਨ ।
ਨਾ ਮਾਣੇ[39] ਸੁਖਿ[40] ਸੇਜੜੀ[41] ਬਿਨੁ ਪਿਰ ਬਾਦਿ[42] ਸੀਗਾਰੁ[43] ॥	She enjoys[39] not the pleasure[40] of the bed[41] of her Spouse without whom absurd[42] is her ornamentation[43].	ਉਹ ਆਪਣੇ ਕੰਤ ਦੀ ਸੇਜ[41] ਦਾ ਅਨੰਦ[40] ਨਹੀਂ ਭੋਗਦੀ[39] ਅਤੇ ਉਸ ਦੇ ਬਗ਼ੈਰ ਬੇਹੂਦਾ[42] ਹਨ ਉਸ ਦੀਆਂ ਸਜਾਵਟਾਂ[43] ।
ਦੂਖੁ[44] ਘਣੋ[45] ਦੋਹਾਗਣੀ[46] ਨਾ ਘਰਿ[47] ਸੇਜ[48] ਭਤਾਰੁ[49] ॥ ੧ ॥	The unfortunate bride[46] faces great[45] misery[44]. Her Spouse[49] reposes not on the couch[48] of her home[47].	ਅਭਾਗੀ ਵਹੁਟੀ[46] ਨੂੰ ਬਹੁਤੀ[45] ਮੁਸੀਬਤ[44] ਹੁੰਦੀ ਹੈ । ਉਸ ਦਾ ਕੰਤ[49] ਉਸ ਦੇ ਗ੍ਰਿਹ[47] ਦੇ ਪਲੰਘ[48] ਤੇ ਬਿਸਰਾਮ ਨਹੀਂ ਕਰਦਾ ।
ਮਨ ਰੇ[50] ਰਾਮ[51] ਜਪਹੁ[52] ਸੁਖੁ ਹੋਇ ॥	O'[50] my mind ! meditate[52] on the Pervading God[51] to obtain peace.	ਸ਼ਾਂਤੀ ਪਰਾਪਤ ਕਰਨ ਲਈ, ਹੇ[50] ਮੇਰੀ ਜਿੰਦੜੀਏ ! ਵਿਆਪਕ ਵਾਹਿਗੁਰੂ[51] ਦਾ ਅਰਾਧਨ[52] ਕਰ ।
ਬਿਨੁ ਗੁਰ ਪ੍ਰੇਮੁ[53] ਨ ਪਾਈ-ਐ ਸਬਦਿ[54] ਮਿਲੈ ਰੰਗੁ[55] ਹੋਇ[56] ॥ ੧ ॥ ਰਹਾਉ ॥	Without the Guru Lord's love[53] is not gained. Happiness[55] ensues[56] by obtaining the Lord's Name[54]. Pause.	ਗੁਰੂ ਦੇ ਬਾਝੋਂ ਪ੍ਰਭੂ ਦੀ ਪ੍ਰੀਤ[53] ਪਰਾਪਤ ਨਹੀਂ ਹੁੰਦੀ । ਸਾਹਿਬ ਦਾ ਨਾਮ[54] ਮਿਲ ਜਾਣ ਦੁਆਰਾ ਖ਼ੁਸ਼ੀ[55] ਪੈਦਾ[56] ਹੁੰਦੀ ਹੈ । ਠਹਿਰਾਉ ।
ਗੁਰ ਸੇਵਾ[57] ਸੁਖੁ ਪਾਈਐ ਹਰਿ ਵਰੁ[58] ਸਹਜਿ[59] ਸੀਗਾਰੁ[60] ॥	In Guru's service[57] comfort is procured and with the ornamentation[60] of Divine Knowledge[59] the bride comes to have God as her Groom[58].	ਗੁਰਾਂ ਦੀ ਚਾਕਰੀ[57] ਅੰਦਰ ਆਰਾਮ ਮਿਲਦਾ ਹੈ ਅਤੇ ਬ੍ਰਹਮ ਗਿਆਨ[59] ਦਾ ਹਾਰ-ਸ਼ਿੰਗਾਰ[60] ਕਰਨ ਨਾਲ ਪਤਨੀ ਵਾਹਿਗੁਰੂ ਨੂੰ ਆਪਣੇ ਪਤੀ[58] ਵਜੋਂ ਪਾ ਲੈਂਦੀ ਹੈ ।
ਸਚਿ[61] ਮਾਣੇ[62] ਪਿਰ[62]* ਸੇਜੜੀ[63] ਗੂੜਾ[64] ਹੇਤੁ[65] ਪਿਆਰੁ[66] ॥	Through deep[64] love[65] and affection[66] the wife, assuredly[61], enjoys[62] the stead[63] of her Beloved[62]*.	ਡੂੰਘੀ[64] ਪ੍ਰੀਤ[65] ਤੇ ਪਿਰਹੜੀ[66] ਰਾਹੀਂ ਵਹੁਟੀ ਨਿਸਚਿਤ[61] ਹੀ ਆਪਣੇ ਪ੍ਰੀਤਮ[62]* ਦੇ ਪਲੰਗ[63] ਨੂੰ ਰਾਂਵਦੀ[62] ਹੈ ।
ਗੁਰਮੁਖਿ[67] ਜਾਣਿ ਸਿਞਾਣੀ-ਐ[68] ਗੁਰਿ ਮੇਲੀ[69] ਗੁਣ[70] ਚਾਰੁ[71] ॥ ੨ ॥	It is through the Guru[67] that the bride comes to have acquaintance[68] with her Lord. On meeting[69] the Guru she acquires good[70] conduct[71].	ਗੁਰਾਂ ਦੇ ਰਾਹੀਂ[67] ਪਤਨੀ ਦੀ ਆਪਣੇ ਸਿਰ ਦੇ ਸਾਈਂ ਨਾਲ ਜਾਣ ਪਛਾਣ[68] ਹੋ ਜਾਂਦੀ ਹੈ । ਗੁਰਾਂ ਨੂੰ ਮਿਲ ਜਾਣ[69] ਤੇ ਉਹ ਨੇਕ[70] ਚਾਲਚਲਨ[71] ਵਾਲੀ ਹੋ ਜਾਂਦੀ ਹੈ ।
ਸਚਿ[72] ਮਿਲਹੁ[73] ਵਰ[74] ਕਾਮਣੀ[75] ਪਿਰਿ[76] ਮੋਹੀ[77] ਰੰਗੁ[78] ਲਾਇ[79] ॥	Through Truth[72] O' lady[75] ! meet[73] thou thy Spouse[74] and by enshrining[79] affection[78] for Him, thou shalt be enamoured[77] of thy Beloved[76].	ਸੱਚ[72] ਦੇ ਰਾਹੀਂ, ਹੇ ਪਤਨੀਏ[75] ! ਤੂੰ ਆਪਣੇ ਪਤੀ[74] ਨੂੰ ਮਿਲ[73] । ਉਸ ਨਾਲ ਪਰੇਮ[78] ਪਾਉਣ[79] ਦੁਆਰਾ ਤੂੰ ਆਪਣੇ ਪ੍ਰੀਤਮ[76] ਤੇ ਮੋਹਤ[77] ਹੋ ਜਾਵੇਂਗੀ ।

ਮਨੁ[80] ਤਨੁ[81] ਸਾਚਿ[82] ਵਿਗਸਿਆ[83] ਕੀਮਤਿ[84] ਕਹਣੁ[85] ਨ ਜਾਇ ॥

Her worth[84] cannot be told[85] (appraised). With the True Lord[82] her soul[80] and body[81] shall bloom[83].

ਉਸ ਦਾ ਮੁੱਲ[84] ਦਸਿਆ[85] (ਪਾਇਆ) ਨਹੀਂ ਜਾ ਸਕਦਾ। ਸਚੇ ਸੁਆਮੀ[82] ਨਾਲ ਉਸ ਦੀ ਆਤਮਾ[80] ਤੇ ਦੇਹਿ[81] ਖਿੜ[83] ਜਾਣਗੇ।

ਹਰਿ ਵਰੁ[86] ਘਰਿ[87] ਸੋਹਾਗਣੀ[88] ਨਿਰਮਲ[89] ਸਾਚੈ ਨਾਇ[90] ॥੩॥

The Husband-loved bride[88], who is sanctified[89] by the True Name[90], obtains God, as her Spouse[86], in her very home[87].

ਪਤੀ-ਪਿਆਰੀ ਪਤਨੀ[88] ਜੋ ਸੱਚੇ ਨਾਮ[90] ਨਾਲ ਪਵਿੱਤਰ[89] ਹੋਈ ਹੈ ਆਪਣੇ ਗ੍ਰਿਹ[87] ਅੰਦਰ ਹੀ ਵਾਹਿਗੁਰੂ ਨੂੰ ਆਪਣੇ ਕੰਤ[86] ਵਜੋਂ ਪਰਾਪਤ ਕਰ ਲੈਂਦੀ ਹੈ।

ਮਨ[91] ਮਹਿ[92] ਮਨੂਆ[99] ਜੇ[93] ਮਰੈ[94] ਤਾ[95] ਪਿਰੁ[96] ਰਾਵੈ[97] ਨਾਰਿ[98] ॥

If[93] she suppresses[94] her ego[99] within[92] the mind[91], then[95], does the Groom[96] enjoy[97] the bride[98].

ਜੇਕਰ[93] ਉਹ ਆਪਣੇ ਹੰਕਾਰ[99] ਨੂੰ ਚਿੱਤ[91] ਅੰਦਰ[92] ਹੀ ਕੁਚਲ[94] ਦੇਵੇ, ਤਦ[95] ਕੰਤ[96] ਪਤਨੀ[98] ਨੂੰ ਮਾਣਦਾ[97] ਹੈ।

ਇਕਤੁ[3] ਤਾਗੈ[100] ਰਲਿ[2] ਮਿਲੈ ਗਲਿ[4] ਮੋਤੀਅਨ[5] ਕਾ ਹਾਰੁ[6] ॥

Like the threaded[100] pearls[5] forming a necklace[6] round the neck[4] the two are woven[2] into one texture[3].

ਧਾਗੇ[100] ਪ੍ਰੋਤੇ ਹੋਏ ਮੋਤੀਆਂ[5] ਦੀ ਗਲੇ[4] ਵਿਚ ਮਾਲਾ[6] ਦੀ ਮਾਨਿੰਦ ਦੋਹਾਂ ਦੀ ਰਲ ਮਿਲ[2] ਕੇ ਇਕ ਬਨਾਵਟ[3] ਹੋ ਜਾਂਦੀ ਹੈ।

ਸੰਤਸਭਾ[7] ਸੁਖੁ[8] ਊਪਜੈ[9] ਗੁਰਮੁਖਿ[10] ਨਾਮ ਅਧਾਰੁ[11] ॥ ੪ ॥

Peace[8] ensues[9] by seeking the support[11] of the Name in the society of the saints[7], through the Guru[10].

ਸਤਸੰਗਤ[7] ਅੰਦਰ ਗੁਰਾਂ ਦੁਆਰਾ[10] ਨਾਮ ਦਾ ਆਸਰਾ[11] ਸੰਭਾਲਨ ਨਾਲ ਆਰਾਮ[8] ਉਤਪੰਨ[9] ਹੁੰਦਾ ਹੈ।

ਖਿਨ[12] ਮਹਿ[13] ਉਪਜੈ[14] ਖਿਨਿ ਖਪੈ[15] ਖਿਨੁ ਆਵੈ[16] ਖਿਨੁ ਜਾਇ[17] ॥

In[13] a moment[12] man is born[14], in a moment he dies[15], in a moment he comes[16] and in a moment he goes[17].

ਇਕ ਮੁਹਤ[12] ਵਿਚ[13] ਬੰਦਾ ਪੈਦਾ[14] ਹੁੰਦਾ ਹੈ, ਮੁਹਤ ਵਿਚ ਉਹ ਮਰ[15] ਜਾਂਦਾ ਹੈ, ਇਕ ਮੁਹਤ ਅੰਦਰ ਉਹ ਆਉਂਦਾ[16] ਤੇ ਮੁਹਤ ਵਿਚ ਟੁਰ[17] ਜਾਂਦਾ ਹੈ।

ਸਬਦੁ[18] ਪਛਾਣੈ[19] ਰਵਿ[20] ਰਹੈ ਨਾ ਤਿਸੁ[21] ਕਾਲੁ[22] ਸੰਤਾਇ[23] ॥

Death[22] agonises[23] not him[21] who recognises[19] the Word[18] and merges[20] in it.

ਮੌਤ[22] ਉਸ[21] ਨੂੰ ਦੁਖਾਂਤ੍ਰ[23] ਨਹੀਂ ਕਰਦੀ ਜੋ ਸ਼ਬਦ[18] ਨੂੰ ਸਿਵਾਣਦਾ[19] ਹੈ ਤੇ ਉਸ ਵਿਚ ਲੀਨ[20] ਹੋ ਜਾਂਦਾ ਹੈ।

੫੯

59

ਸਾਹਿਬੁ ਅਤੁਲੁ[24] ਨ ਤੋਲੀਐ[25] ਕਥਨਿ[26] ਨ ਪਾਇਆ[27] ਜਾਇ ॥ ੫ ॥

The unweighable[24] Lord cannot be weighed[25]. By mere talk[26] He cannot be attained[27] to.

ਅਜੋਖ[24] ਸਾਈਂ ਜੋਖਿਆ[25] ਨਹੀਂ ਜਾ ਸਕਦਾ। ਕੇਵਲ ਗੱਲਾਂ ਬਾਤਾਂ[26] ਦੁਆਰਾ ਉਹ ਪਰਾਪਤ[27] ਨਹੀਂ ਹੁੰਦਾ।

ਵਾਪਾਰੀ[28] ਵਣਜਾਰਿਆ[29] ਆਏ ਵਜਹੁ[30] ਲਿਖਾਇ[31] ॥

After having got recorded[31] their maintenance[30], the merchants[28] and traders[29] have come in this world.

ਆਪਣੀ ਉਪਜੀਵਕਾ[30] ਲਿਖਵਾ[31] ਕੇ ਬਿਉਪਾਰੀ[28] ਤੇ ਸੁਦਾਗਰ[29] ਇਸ ਸੰਸਾਰ ਵਿਚ ਆਏ ਹਨ।

ਕਾਰ ਕਮਾਵਹਿ[32] ਸਚ ਕੀ ਲਾਹਾ[33] ਮਿਲੈ[34] ਰਜਾਇ[35] ॥

They, who practise[32] truth and abide by God's will[35], reap[34] the profit[33].

ਜੋ ਸੱਚ ਦੀ ਕਮਾਈ[32] ਕਰਦੇ ਹਨ ਅਤੇ ਵਾਹਿਗੁਰੂ ਦੇ ਭਾਣੇ[35] ਨੂੰ ਸਵੀਕਾਰ ਕਰਦੇ ਹਨ ਉਹ ਨਫ਼ਾ[33] ਕਮਾਉਂਦੇ[34] ਹਨ।

ਪੂੰਜੀ[36] ਸਾਚੀ ਗੁਰੁ ਮਿਲੈ[37] ਨਾ ਤਿਸੁ[38] ਤਿਲੁ[39] ਨ ਤਮਾਇ[40] ॥ ੬ ॥

By the merchandise[36] of truth, they meet[37] the Guru, who[38] has not even an iota[39] of avarice[40].

ਸੱਚ ਦੇ ਸੌਦੇ-ਸੂਤ[36] ਦੁਆਰਾ ਉਹ ਗੁਰਾਂ ਨੂੰ ਭੇਟ[37] ਲੈਂਦੇ ਹਨ, ਜਿਨ੍ਹਾਂ[38] ਨੂੰ ਇਕ ਭੋਰਾ[39] ਭਰ ਭੀ ਲੋਭ ਲਾਲਚ[40] ਨਹੀਂ।

ਗੁਰਮੁਖਿ[41] ਤੋਲਿ[42] ਤੁੋਲਾਇਸੀ[43] ਸਚੁ[44] ਤਰਾਜੀ[45] ਤੋਲੁ[46] ॥	With the balance[45] of Truth and the weight[46] of Truth[44] the Exalted[41] Guru measure[42] and causes others to measure[43].	ਸੱਚ[44] ਦੀ ਤੱਕੜੀ[45] ਤੇ ਸੱਚ ਦੇ ਵੱਟਿਆਂ[46] ਨਾਲ ਮੁਖੀ ਗੁਰਦੇਵ[41] ਜੀ ਖ਼ੁਦ ਜੋਖਦੇ[42] ਤੇ ਹੋਰਨਾਂ ਤੋਂ ਜੁਖਾਉਂਦੇ[43] ਹਨ।
ਆਸਾ[47] ਮਨਸਾ[48] ਮੋਹਣੀ[49] ਗੁਰਿ ਠਾਕੀ[50] ਸਚੁ ਬੋਲੁ[51] ॥	Hope and desire[48], which allure[49] all, are stilled[50] by the Guru, whose Word[51] is True.	ਗੁਰੂ ਨੇ, ਜਿਸ ਦਾ ਬਚਨ[51] ਸੱਚਾ ਹੈ, ਉਮੀਦ[47] ਤੇ ਖ਼ਾਹਿਸ਼[48] ਜੋ ਸਾਰਿਆਂ ਨੂੰ ਬਹਿਕਾ[49] ਲੈਂਦੀਆਂ ਹਨ, ਰੋਕ ਦਿੱਤੀਆਂ[50] ਹਨ।
ਆਪਿ[52] ਤੁਲਾਏ[53] ਤੋਲਸੀ[54] ਪੂਰੇ[55] ਪੂਰਾ[56] ਤੋਲੁ[57] ॥ ੭ ॥	He Himself[52] weighs[54] in the scale[53]. Perfect[56] is the weighing[57] of the Perfect One[55].	ਉਹ ਖ਼ੁਦ[52] ਤਰਾਜ਼ੂ[53] ਵਿਚ ਤੋਲਦਾ[54] ਹੈ, ਪੂਰਨ[56] ਹੈ, ਪੂਰਨ ਪੁਰਖ[55] ਦਾ ਹਾੜਨਾ[57]।
ਕਥਨੈ[58] ਕਹਿਣਿ[59] ਨ ਛੁਟੀਐ[60] ਨਾ ਪੜਿ[61] ਪੁਸਤਕ[62] ਭਾਰ[63] ॥	By mere talk[58] and say[59] we are not saved[60] nor by reading[61] loads[63] of books[62].	ਨਿਰਾ ਆਖਣ[58] ਤੇ ਗੱਲਬਾਤ[59] ਦੁਆਰਾ ਸਾਡੀ ਖ਼ਲਾਸੀ[60] ਨਹੀਂ ਹੁੰਦੀ ਤੇ ਨਾ ਹੀ ਢੇਰ[63] ਸਾਰੀਆਂ ਪੋਥੀਆਂ[62] ਦੇ ਵਾਚਣ[61] ਦੁਆਰਾ।
ਕਾਇਆ[64] ਸੋਚ[65] ਨ ਪਾਈਐ ਬਿਨੁ ਹਰਿ ਭਗਤਿ[66] ਪਿਆਰ[67] ॥	Without God's service[66] and affection[67], purity[65] of the body[64] is not procured.	ਵਾਹਿਗੁਰੂ ਦੀ ਚਾਕਰੀ[66] ਅਤੇ ਪ੍ਰੀਤ[67] ਦੇ ਬਗ਼ੈਰ ਦੇਹਿ[64] ਦੀ ਪਵਿੱਤਰਤਾ[65] ਪਰਾਪਤ ਨਹੀਂ ਹੁੰਦੀ।
ਨਾਨਕ ਨਾਮੁ ਨ ਵੀਸਰੈ[68] ਮੇਲੇ[69] ਗੁਰੁ ਕਰਤਾਰ[70] ॥ ੮ ॥ ੯ ॥	If man forgets[68] not the Name, O' Nanak ! the Guru shall unite[69] him with the Creator[70].	ਜੇਕਰ ਇਨਸਾਨ ਨਾਮ ਨੂੰ ਨਾ ਭੁਲਾਵੇ[68], ਹੇ ਨਾਨਕ ! ਤਾਂ ਗੁਰੂ ਉਸ ਨੂੰ ਸਿਰਜਣਹਾਰ[70] ਨਾਲ ਮਿਲਾ[69] ਦੇਵੇਗਾ।
ਸਿਰੀਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਸਤਿਗੁਰੁ ਪੂਰਾ[71] ਜੇ[72] ਮਿਲੈ ਪਾਈਐ ਰਤਨੁ[73] ਬੀਚਾਰੁ[74] ॥	If[72] we meet the Perfect[71] True Guru, we obtain the Jewel[73] of Thought[74].	ਜੇਕਰ[72] ਅਸੀਂ ਪੂਰਨ[71] ਸਚੇ ਗੁਰਾਂ ਨੂੰ ਮਿਲ ਪਈਏ ਤਾਂ ਸਾਨੂੰ ਚਿੰਤਨ[74] ਦਾ ਜਵੇਹਰ[73] ਪਰਾਪਤ ਹੋ ਜਾਂਦਾ ਹੈ।
ਮਨੁ[75] ਦੀਜੈ[76] ਗੁਰ ਆਪਣੇ ਪਾਈਐ ਸਰਬ[77] ਪਿਆਰੁ[78] ॥	By tendering[76] our mind[75] unto our Guru, we attain to the love[78] of the omnipresent[77] Lord.	ਆਪਣਾ ਚਿਤ[75] ਆਪਣੇ ਗੁਰਾਂ ਦੇ ਸਮਰਪਨ[76] ਕਰ ਦੇਣ ਨਾਲ ਸਾਨੂੰ ਸਰਬ-ਵਿਆਪਕ[77] ਸੁਆਮੀ ਦੀ ਪ੍ਰੀਤ[78] ਪਰਾਪਤ ਹੋ ਜਾਂਦੀ ਹੈ।
ਮੁਕਤਿ[79] ਪਦਾਰਥੁ[80] ਪਾਈਐ[81] ਅਵਗਣ[82] ਮੇਟਣਹਾਰੁ[83] ॥੧॥	We obtain[81] the Wealth[80] of Salvation[79], which is the obliterator[83] of demerits[82].	ਸਾਨੂੰ ਮੋਖ਼ਸ਼[79] ਦੀ ਦੌਲਤ[80] ਜੋ ਬਦੀਆਂ[82] ਨੂੰ ਨਾਮੂਦ ਕਰਨਹਾਰ[83] ਹੈ, ਪਰਾਪਤ[81] ਹੋ ਜਾਂਦੀ ਹੈ।
ਭਾਈ ਰੇ[84] ਗੁਰ ਬਿਨੁ[85] ਗਿਆਨੁ[86] ਨ ਹੋਇ ॥	O'[84] Brother ! without[85] the Guru, Divine Awakening[86] is not gained.	ਹੇ[84] ਵੀਰ ! ਈਸ਼ਵਰੀ ਜਾਗ੍ਰਤਾ,[86] ਗੁਰਾਂ ਦੇ ਬਗ਼ੈਰ[85] ਨਹੀਂ ਮਿਲਦੀ।
ਪੂਛਹੁ[87] ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ[88] ॥ ੧ ॥ ਰਹਾਉ ॥	Let some one[88] go and inquire[87] from Brahma, Narad and Vyas, the writer of Vedas. Pause.	ਕੋਈ ਜਣਾ[88] ਜਾ ਕੇ ਬ੍ਰਹਿਮੇ, ਨਾਰਦ ਅਤੇ ਵੇਦਾਂ ਦੇ ਲਿਖਾਰੀ ਵਿਆਸ ਕੋਲੋਂ ਪਤਾ[87] ਕਰ ਲਵੇ। ਠਹਿਰਾਉ।
ਗਿਆਨੁ[89] ਧਿਆਨੁ[90] ਧੁਨਿ[91]	Know[92] that from Guru's Word[91],	ਜਾਣ[92] ਲੈ ਕਿ ਗੁਰਾਂ ਦੇ ਬਚਨ[91] ਦੁਆਰਾ ਈਸ਼ਵਰੀ

ਜਾਣੀਐ[92] ਅਕਥੁ[93] ਕਹਾਵੈ[94] ਸੋਇ[95] ॥	Divine comprehension[89] and meditation[90] are obtained and that He[95] makes man utter[94] the Unutterable One[93].	ਗਿਆਤ[89] ਤੇ ਸਿਮਰਨ[90] ਪਰਾਪਤ ਹੁੰਦੇ ਹਨ ਅਤੇ ਉਹ[95] ਬੰਦੇ ਕੋਲੋਂ ਅਕਹਿ[93] ਹਰੀ ਨੂੰ ਵਰਨਣ[94] ਕਰਵਾ ਦਿੰਦੇ ਹਨ।
ਸਫਲਿਓ[96] ਬਿਰਖੁ[97] ਹਰੀਆਵਲਾ[98] ਛਾਵ[99] ਘਣੇਰੀ[100] ਹੋਇ ॥	The Guru is the green[98], fruit-bearing[96] tree[97] with abundant[100] shade[99].	ਗੁਰੂ ਜੀ ਸਰਸਬਜ਼[98], ਫਲਦਾਰ[96] ਬਹੁਤੀ[100]-ਛਾਂ[99] ਵਾਲੇ ਬ੍ਰਿਛ[97] ਹਨ।
ਲਾਲ[2] ਜਵੇਹਰ[3] ਮਾਣਕੀ[4] ਗੁਰ ਭੰਡਾਰੈ[5] ਸੋਇ[6] ॥੨॥	The rubies[2], jewels[3] and emeralds[4], these[6] are in Guru's treasure[5].	ਮਣੀਆਂ,[2] ਜਵਾਹਿਰਾਤ[3] ਤੇ ਸਬਜ਼ੇ ਪੰਨੇ[4] ਇਹ[6] ਗੁਰਾਂ ਦੇ ਖ਼ਜ਼ਾਨੇ[5] ਵਿਚ ਹਨ।
ਗੁਰ ਭੰਡਾਰੈ[7] ਪਾਈਐ[10] ਨਿਰਮਲ[8] ਨਾਮ ਪਿਆਰੁ[9] ॥	From the Guru's storehouse[7] do we receive[10] the love[9] of the immaculate[8] Name.	ਗੁਰਾਂ ਦੇ ਤੋਸ਼ੇਖ਼ਾਨੇ[7] ਵਿਚੋਂ ਸਾਨੂੰ ਪਵਿੱਤਰ[8] ਨਾਮ ਦੀ ਪ੍ਰੀਤ[9] ਪ੍ਰਾਪਤ[10] ਹੁੰਦੀ ਹੈ।
ਸਾਚੋ[11] ਵਖਰੁ[12] ਸੰਚੀਐ[13] ਪੂਰੈ[14] ਕਰਮਿ[15] ਅਪਾਰੁ[16] ॥	Through the perfect[14] grace[15] of the infinite Lord[16] we amass[13] the merchandise[12] of the True Name[11].	ਬੇਅੰਤ ਸਾਹਿਬ[16] ਦੀ ਪੂਰਨ[14] ਰਹਿਮਤ[15] ਰਾਹੀਂ ਅਸੀਂ ਸਤਿਨਾਮ[11] ਦਾ ਸੌਦਾ-ਸੂਤ[12] ਇਕੱਤ੍ਰ[13] ਕਰਦੇ ਹਾਂ।
ਸੁਖ[17] ਦਾਤਾ[18] ਦੁਖ[19] ਮੇਟਣੋ[20] ਸਤਿਗੁਰੁ ਅਸੁਰ[21] ਸੰਘਾਰੁ[22] ॥ ੩ ॥	The True Guru is the giver[18] of peace[17], the eraser[20] of anguish[19] and the destroyer[22] of the demon[21] of evil deeds.	ਸੱਚਾ ਗੁਰੂ ਆਰਾਮ[17] ਦੇਣਹਾਰ[18], ਕਸ਼ਟ[19] ਨਵਿਰਤ ਕਰਨਹਾਰ[20] ਅਤੇ ਮੰਦ ਕਰਮਾਂ ਦੇ ਦੈਂਤ[21] ਨੂੰ ਮਾਰਨ[22] ਵਾਲਾ ਹੈ।
[23]ਭਵਜਲੁ[24] ਬਿਖਮੁ[25] ਡਰਾਵਣੋ[26] ਨਾ ਕੰਧੀ[27] ਨ ਪਾਰੁ[28] ॥	The fearful[23] ocean[24] of the world is arduous[25] and dreadful[26]. It has neither a shore[27] nor the yonder end[28].	ਭੈ-ਦਾਇਕ[23] ਜਗਤ ਸਮੁੰਦਰ[24] ਕਠਨ[25] ਤੇ ਭਿਆਨਕ[26] ਹੈ। ਇਸ ਦਾ ਕੋਈ ਕੰਢਾ[27] ਨਹੀਂ ਤੇ ਨਾ ਹੀ ਪਾਰਲਾ ਸਿਰਾ[28] ਹੈ।
ਨਾ ਬੇੜੀ[29] ਨਾ ਤੁਲਹੜਾ[30] ਨਾ ਤਿਸੁ[31] ਵੰਝੁ[32] ਮਲਾਰੁ[33] ॥	It[31] has no boat[29], no raft[30], no pole[32] and no boatsman[33].	ਇਸ[31] ਦੀ ਨਾ ਕੋਈ ਕਿਸ਼ਤੀ[29], ਨਾ ਤੁਲਾ[30], ਨਾ ਬਾਂਸ[32] ਅਤੇ ਨਾ ਹੀ ਮਲਾਹ[33] ਹੈ।
ਸਤਿਗੁਰੁ ਭੈ[34] ਕਾ ਬੋਹਿਥਾ[35] ਨਦਰੀ[36] ਪਾਰਿ ਉਤਾਰੁ[37] ॥ ੪ ॥	The True Guru is the only ship[35] on the fearful[34] sea whose merciful glance[36] takes men across[37].	ਕੇਵਲ ਸੱਚਾ ਗੁਰੂ ਹੀ ਡਰਾਉਣੇ[34] ਸਮੁੰਦਰ ਤੇ ਇਕ ਜਹਾਜ਼[35] ਹੈ, ਜਿਸ ਦੀ ਮਿਹਰ ਦੀ ਨਜ਼ਰ[36] ਬੰਦਿਆਂ ਨੂੰ ਪਾਰ[37] ਕਰ ਦਿੰਦੀ ਹੈ।
ਇਕੁ ਤਿਲੁ[38] ਪਿਆਰਾ[39] ਵਿਸਰੈ[40] ਦੁਖੁ[41] ਲਾਗੈ[42] ਸੁਖੁ[43] ਜਾਇ[44] ॥	If I forget[40] the Beloved[39], for an instant[38], suffering[41] overtakes[42] me and comfort[43] departs[44].	ਜੇਕਰ ਮੈਂ ਇਕ ਮੁਹਤ[38] ਭਰ ਲਈ ਭੀ ਪ੍ਰੀਤਮ[39] ਨੂੰ ਭੁਲ[40] ਜਾਵਾਂ ਤਾਂ ਮੈਨੂੰ ਕਸ਼ਟ[41] ਆ ਵਾਪਰਦਾ[42] ਹੈ ਤੇ ਅਰਾਮ[43] ਚਲਿਆ[44] ਜਾਂਦਾ ਹੈ।
ਜਿਹਵਾ[45] ਜਲਉ[46] ਜਲਾਵਣੀ[47] ਨਾਮੁ ਨ ਜਪੈ[48] ਰਸਾਇ[49] ॥	Burnt[46] be that inflamable[47] tongue[45], which repeats[48] not God's Name with love[49].	ਉਹ ਸੜਨ ਜੋਗੀ[47] ਜੀਭ[45] ਸੜ[46] ਜਾਵੇ ਜਿਹੜੀ ਪਿਆਰ ਨਾਲ[49] ਵਾਹਿਗੁਰੂ ਦੇ ਨਾਮ ਦਾ ਉਚਾਰਨ[48] ਨਹੀਂ ਕਰਦੀ।
ਘਟੁ[50] ਬਿਨਸੈ[51] ਦੁਖੁ[52] ਅਗਲੋ[53] ਜਮੁ[54] ਪਕੜੈ[55]	When the pitcher[50] (body) bursts[51] man writhes in great[53] pain[52] and	ਜਦ ਦੇਹਿ ਦਾ ਘੜਾ[50] ਭੱਜ[51] ਜਾਂਦਾ ਹੈ, ਬੰਦਾ ਬਹੁਤ[53] ਤਕਲੀਫ਼[52] ਉਠਾਉਂਦਾ ਹੈ ਅਤੇ ਮੌਤ ਦੇ ਦੂਤ[54] ਦਾ

ਪਛੁਤਾਇ[56] ॥ ੫ ॥	grieves[56] when caught[55] by death's minister[54].	ਫੜਿਆ[55] ਹੋਇਆ ਅਫ਼ਸੋਸ[56] ਕਰਦਾ ਹੈ।
ਮੇਰੀ[57] ਮੇਰੀ ਕਰਿ[58] ਗਏ[59] ਤਨੁ[60] ਧਨੁ[61] ਕਲਤੁ[62] ਨ ਸਾਥਿ[63] ॥	Men have departed[59] crying[58] "me, my and mine[57]" and their bodies[60], wealth[61] and wives[62] accompanied[63] them not.	ਆਦਮੀ "ਮੈਨੂੰ, ਮੈਂ ਅਤੇ[57] ਮੈਂਡਾ" ਪੁਕਾਰਦੇ[58] ਹੋਏ ਟੁਰ[59] ਗਏ ਹਨ ਅਤੇ ਉਨ੍ਹਾਂ ਦੀਆਂ ਦੇਹਾਂ,[60] ਦੌਲਤਾਂ[61] ਅਤੇ ਵਹੁਟੀਆਂ[62] ਉਨ੍ਹਾਂ ਦੇ ਨਾਲ[63] ਨਹੀਂ ਗਈਆਂ।
ਬਿਨੁ ਨਾਵੈ[64] ਧਨੁ[65] ਬਾਦਿ[66] ਹੈ ਭੂਲੋ[67] ਮਾਰਗਿ[68] ਆਥਿ[69] ॥	Without the Name[64], riches[65] are in vain[66]. One loses[67] his way[68] deluded by mammon[69].	ਨਾਮ ਦੇ ਬਗੈਰ[64] ਪਦਾਰਥ[65] ਬੇਸੂਦ[66] ਹਨ। ਮਾਇਆ[69] ਦਾ ਬਹਿਕਾਇਆ ਹੋਇਆ ਬੰਦਾ ਰਾਹੋਂ[68] ਘੁੱਸ[67] ਜਾਂਦਾ ਹੈ।
ਸਾਚਉ ਸਾਹਿਬੁ[70] ਸੇਵੀਐ[71] ਗੁਰਮੁਖਿ[72] ਅਕਥੋ[73] ਕਾਥਿ[74] ॥ ੬ ॥	Through the Guru[72] serve[71] the True Lord[70] and describe[74] the Ineffable Master[73].	ਗੁਰਾਂ ਦੇ ਰਾਹੀਂ[72], ਸਚੇ ਸਾਈਂ[70] ਦੀ ਟਹਿਲ[71] ਕਮਾ ਅਤੇ ਅਕਹਿ ਮਾਲਕ[73] ਦਾ ਵਰਨਣ[74] ਕਰ।
ਆਵੈ ਜਾਇ[75] ਭਵਾਈਐ[76] ਪਇਐ[77] ਕਿਰਤਿ[78] ਕਮਾਇ[79] ॥	Man comes[75] (is born), goes (dies) and is goaded into[76] existences. He acts[79] in accordance with his past[77] actions[78].	ਆਦਮੀ ਆਉਂਦਾ[75], ਜਾਂਦਾ (ਜੰਮਦਾ, ਮਰਦਾ) ਅਤੇ ਜੂਨੀਆਂ ਅੰਦਰ ਧੱਕਿਆ ਜਾਂਦਾ[76] ਹੈ। ਉਹ ਆਪਣੇ ਪੂਰਬਲੇ[77] ਕਰਮਾਂ[78] ਅਨੁਸਾਰ ਕੰਮ[79] ਕਰਦਾ ਹੈ।
ਪੂਰਬਿ[80] ਲਿਖਿਆ[81] ਕਿਉ[82] ਮੇਟੀਐ[83] ਲਿਖਿਆ[84] ਲੇਖੁ[85] ਰਜਾਇ[86] ॥	How[82] can the pre-natal[80] writ[81] be obliterated[83], when the writ[85] is written[84] under Lord's Will[86] ?	ਧੁਰ[80] ਦੀ ਲਿਖਤਾਕਾਰ[81] ਕਿਸ ਤਰ੍ਹਾਂ[82] ਮੇਸੀ[83] ਜਾ ਸਕਦੀ ਹੈ ਜਦ ਕਿ ਲਿਖਤ[85] ਸਾਈਂ ਦੀ ਰਜ਼ਾ[86] ਤਾਬੇ ਲਿਖੀ[84] ਗਈ ਹੈ ?
ਬਿਨੁ ਹਰਿਨਾਮ ਨ ਛੁਟੀਐ[87] ਗੁਰਮਤਿ[88] ਮਿਲੈ[89] ਮਿਲਾਇ[90] ॥ ੭ ॥	Without God's Name the mortal cannot be saved[87]. By Guru's instruction[88] he unites[89] with Lord's union[90].	ਰੱਬ ਦੇ ਨਾਮ ਦੇ ਬਾਝੋਂ ਪ੍ਰਾਣੀ ਦੀ ਖ਼ਲਾਸੀ[87] ਨਹੀਂ ਹੋ ਸਕਦੀ। ਗੁਰਾਂ ਦੇ ਉਪਦੇਸ਼[88] ਦੁਆਰਾ ਉਹ ਸਾਹਿਬ ਦੇ ਮਿਲਾਪ[90] ਵਿਚ ਮਿਲ[89] ਜਾਂਦਾ ਹੈ।
ਤਿਸੁ[91] ਬਿਨੁ[92] ਮੇਰਾ[93] ਕੋ ਨਹੀ ਜਿਸ[94] ਕਾ ਜੀਉ[95] ਪਰਾਨੁ[96] ॥	I have no one to call my own[93] without[92] Him[91], to whom[94] belong my soul[95] and life[96].	ਉਸ[91] ਦੇ ਬਗੈਰ[92], ਜਿਸ[94] ਦੀ ਮਲਕੀਅਤ ਹਨ ਮੇਰੀ ਆਤਮਾ[95] ਤੇ ਜ਼ਿੰਦਗਾਨੀ[96], ਹੋਰ ਮੇਰਾ ਆਪਣਾ[93] ਕੋਈ ਨਹੀਂ।
ਹਉਮੈ[97] ਮਮਤਾ[98] ਜਲਿ ਬਲਉ[99] ਲੋਭੁ[100] ਜਲਉ[2] ਅਭਿਮਾਨੁ[3] ॥	Burnt to ashes[99] be thou, O' my ego[97] and worldly love[98]! May my avarice[100] and egotism[3] be consigned[2] to fire.	ਸੜ ਕੇ ਸੁਆਹ[99] ਹੋ ਜਾ, ਤੂੰ ਹੇ ਮੇਰੀ ਹੰਗਤਾ[97] ਤੇ ਸੰਸਾਰੀ ਮੋਹ[98]! ਰੱਬ ਕਰੇ, ਮੇਰੀ ਤਮ੍ਹਾ[100] ਤੇ ਹੈਂਕੜ[3] ਅੱਗ ਵਿਚ ਪੈ ਜਾਵੇ[2]।
ਨਾਨਕ ਸਬਦੁ[4] ਵੀਚਾਰੀਐ[8] ਪਾਈਐ[9] ਗੁਣੀ[10] ਨਿਧਾਨੁ[11] ॥ ੮ ॥ ੧੦ ॥	Nanak, by deliberating[8] over the Name[4], the Lord, Treasure[11] of Excellences[10], is obtained[9].	ਨਾਨਕ, ਨਾਮ[4] ਦਾ ਅਰਾਧਨ[8] ਕਰਨ ਦੁਆਰਾ[9], ਚੰਗਿਆਈਆਂ[10] ਦਾ ਖ਼ਜਾਨਾ[11], (ਪ੍ਰਭੂ) ਪ੍ਰਾਪਤ ਹੋ ਜਾਂਦਾ ਹੈ।
ਸਿਰੀਰਾਗੁ ਮਹਲਾ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਰੇ[12] ਮਨ[13] ਐਸੀ[14] ਹਰਿ ਸਿਉ ਪ੍ਰੀਤਿ[15] ਕਰਿ ਜੈਸੀ[16] ਜਲ[17] ਕਮਲੇਹਿ[18] ॥	O'[12] my mind[13]! entertain such[14] an affection[15] for God as[16] the lotus[18] has for water[17].	ਹੇ[12] ਮੇਰੇ ਮਨ[13]! ਵਾਹਿਗੁਰੂ ਨਾਲ ਇਹੋ[14] ਜਿਹੀ ਮੁਹੱਬਤ[15] ਕਰ ਜਿਹੋ ਜਿਹੀ[16] ਕੰਵਲ[18] ਦੀ ਪਾਣੀ[17] ਨਾਲ ਹੈ।
ਲਹਰੀ[19] ਨਾਲਿ ਪਛਾੜੀਐ[20]	It is dashed down[20] with the waves[19]	ਇਸ ਨੂੰ ਛੱਲਾਂ[19] ਟਪਕਾ ਕੇ ਮਾਰ ਦੀਆਂ[20] ਹਨ ਪਰ

ਭੀ[21] ਵਿਗਸੈ[22] ਅਸ-ਨੇਹਿ[23] ॥

but still[21] it blooms[22] in love[23].

ਤਾਂ ਭੀ[21] ਇਹ ਪਿਆਰ[23] ਅੰਦਰ ਪਰਫੁੱਲਤ[22] ਹੁੰਦਾ ਹੈ।

ਜਲ[24] ਮਹਿ[25] ਜੀਅ[26] ਉਪਾਇ[27] ਕੈ ਬਿਨੁ ਜਲ ਮਰਣੁ[28] ਤਿਨੇਹਿ[29] ॥

ਮਹਲੇ ਪਹਿਲੇ ਸਤਾਰਹ ਅਸਟਪਦੀਆ ॥	Seventeen ashtpadies of the first Guru.	ਪਹਿਲੇ ਗੁਰੂ ਜੀ ਦੀਆਂ ਸਤਾਰਾਂ ਅਸ਼ਟਪਦੀਆਂ ।
ਸਿਰੀ ਰਾਗੁ ਮਹਲਾ ੩ ਘਰੁ ੧ ਅਸਟਪਦੀਆ	Sri Rag, Third Guru Eight Stanzas	ਸਿਰੀ ਰਾਗ, ਤੀਜੀ ਪਾਤਸ਼ਾਹੀ ਅਠ ਪਦੇ
੧ ੴ ਸਤਿਗੁਰ ਪ੍ਰਸਾਦਿ ॥	There is but one God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਗੁਰਮੁਖਿ[43] ਕ੍ਰਿਪਾ[44] ਕਰੇ ਭਗਤਿ[45] ਕੀਜੈ[46] ਬਿਨੁ[47] ਗੁਰ ਭਗਤਿ[48] ਨ ਹੋਇ[49] ॥	By the Guru's[43]grace[44] God's meditation[45] is embraced[46]. Without[47] the Guru, Lord's devotional service[48] is not performed[49]	ਗੁਰਾਂ ਦੀ ਦਇਆ[44] ਰਾਹੀਂ[43] ਰੱਬ ਦਾ ਸਿਮਰਨ[45] ਹੁੰਦਾ[46] ਹੈ । ਗੁਰਾਂ ਦੇ ਬਾਝੋਂ[47] ਸਾਹਿਬ ਦੀ ਪਰੇਮ-ਮਈ ਸੇਵਾ[48] ਨਹੀਂ ਹੁੰਦੀ[49] ।
ਆਪੈ ਆਪੁ[50] ਮਿਲਾਏ[51] ਬੂਝੈ[52] ਤਾ[53] ਨਿਰਮਲੁ[54] ਹੋਵੈ[55] ਕੋਇ[56] ॥	Any one[56], who merges[51] his own-self[50] in the Guru then[53], becomes[55] pure[54] by understanding[52] the Lord.	ਕੋਈ ਜਣਾ[56], ਜੋ ਆਪਣੇ ਆਪ[50] ਨੂੰ ਗੁਰਾਂ ਅੰਦਰ ਲੀਨ[51] ਕਰ ਦਿੰਦਾ ਹੈ, ਸਾਹਿਬ ਨੂੰ ਸਮਝਣ[52] ਦੁਆਰਾ ਤਦ[53] ਉਹ ਪਵਿੱਤ੍ਰ[54] ਹੋ ਜਾਂਦਾ[55] ਹੈ ।

ਹਰਿ ਜੀਉ[57] ਸਚਾ ਸਚੀ ਬਾਨੀ[58] ਸਬਦਿ[59] ਮਿਲਾਵਾ[60] ਹੋਇ[61] ॥ ੧ ॥	True is the honourable Lord[57] and True is His Gurbani[58]. It is through the Word[59] that union[60] with God is effected[61].	ਸੱਚਾ ਹੈ ਪੂਜਯ ਪ੍ਰਭੂ[57], ਅਤੇ ਸੱਚੀ ਹੈ ਉਸ ਦੀ ਗੁਰਬਾਣੀ[58]। ਸ਼ਬਦ[59] ਦੁਆਰਾ ਹੀ ਵਾਹਿਗੁਰੂ ਨਾਲ ਮਿਲਾਪ[60] ਹੁੰਦਾ[61] ਹੈ।
ਭਾਈ[62] ਰੇ[63] ਭਗਤਿ[64]-ਹੀਣੁ[65] ਕਾਹੇ[66] ਜਗਿ[67] ਆਇਆ ॥	O'[63] Brother[62] ! what for[66] has the mortal, bereft of[65] Lord's service and meditation[64], come into this world[67] ?	ਹੇ[63] ਵੀਰ[62] ! ਸਾਹਿਬ ਦੀ ਸੇਵਾ ਅਤੇ ਸਿਮਰਨ[64] ਤੋਂ ਸੱਖਣਾ[65] ਪ੍ਰਾਣੀ ਕਾਹਦੇ ਲਈ[66] ਇਸ ਜਹਾਨ[67] ਵਿਚ ਆਇਆ ਹੈ ?
ਪੂਰੇ[68] ਗੁਰ ਕੀ ਸੇਵ[69] ਨ ਕੀਨੀ ਬਿਰਥਾ[70] ਜਨਮੁ[71] ਗਵਾਇਆ[72] ॥੧॥ਰਹਾਉ॥	He has not served[69] the Perfect[68] Guru and has wasted[72] his life[71] in vain[70]. Pause.	ਉਸ ਨੇ ਪੂਰਨ[68] ਗੁਰਾਂ ਦੀ ਟਹਿਲ[69] ਨਹੀਂ ਕਮਾਈ ਅਤੇ ਆਪਣਾ ਜੀਵਨ[71] ਬੇ-ਫ਼ਾਇਦਾ[70] ਗੁਆ[72] ਦਿੱਤਾ ਹੈ। ਠਹਿਰਾਉ।
ਆਪੇ[73] ਹਰਿ [74]ਜਗਜੀਵਨੁ[75] ਦਾਤਾ[76] ਆਪੇ ਬਖਸਿ[77] ਮਿਲਾਏ[78] ॥	God, the bestower[76] is Himself[73] the life[75] of the world[74] and granting pardon[77], Himself unites[78] man with His ownself.	ਵਾਹਿਗੁਰੂ, ਦਾਤਾਰ[76], ਖ਼ੁਦ[73]ਜਗਤ[74] ਦੀ ਜਿੰਦ-ਜਾਨ[75] ਹੈ ਅਤੇ ਮਾਫ਼ੀ[77] ਦੇ ਕੇ, ਆਪ ਹੀ ਬੰਦੇ ਨੂੰ ਆਪਣੇ ਆਪ ਨਾਲ ਮਿਲਾ[78] ਲੈਂਦਾ ਹੈ।
ਜੀਅ ਜੰਤ[79] ਏ[80] ਕਿਆ[81] ਵੇਚਾਰੇ[82] ਕਿਆ ਕੋ ਆਖਿ[83] ਸੁਣਾਏ[84] ॥	What[81] are these[80] poor[82] living beings[79] ? What can they say[83] and tell[84] ?	ਕੀ[81] ਹਨ ਇਹ[80] ਗ਼ਰੀਬ[82] ਪ੍ਰਾਣਧਾਰੀ[79] ? ਉਹ ਕੀ ਕਹਿ[83] ਤੇ ਸਮਝ ਸੁਣਾ[84] ਸਕਦੇ ਹਨ ?
ਗੁਰਮੁਖਿ[85] ਆਪੇ[86] ਦੇ[87] ਵਡਿਆਈ[88] ਆਪੇ ਸੇਵ[89] ਕਰਾਏ ॥ ੨ ॥	To the saint[85] He Himself[86] grants[87] glory[88] and Himself yokes to His service[89].	ਸਾਧੂ[85] ਨੂੰ ਉਹ ਆਪ[86] ਮਾਣ-ਪ੍ਰਤਿਸ਼ਟਾ[88] ਬਖ਼ਸ਼ਦਾ[87] ਹੈ ਅਤੇ ਆਪ ਹੀ ਆਪਣੀ ਟਹਿਲ[89] ਅੰਦਰ ਜੋੜਦਾ ਹੈ।
੬੫	**65**	**੬੫**
ਦੇਖਿ[90] ਕੁਟੰਬੁ[91] ਮੋਹਿ[92] ਲੋਭਾਣਾ[93] ਚਲਦਿਆ[94] ਨਾਲਿ[95] ਨ ਜਾਈ[96] ॥	On beholding[90] thy kith and kin[91], thou art enticed[93] by their love[92]but they go[96] not with[95] thee at thy departure[94].	ਆਪਣੇ ਸਾਕ-ਸੈਨਾ[91] ਨੂੰ ਵੇਖ[90]ਕੇ ਤੂੰ ਤਿਨ੍ਹਾਂ ਦੀ ਪ੍ਰੀਤ[92] ਨਾਲ ਲੁਭਾਇਮਾਨ[93] ਹੋ ਗਿਆ ਹੈਂ, ਪ੍ਰੰਤੂ ਤੇਰੇ ਕੂਚ[94] ਵੇਲੇ ਉਹ ਤੇਰੇ ਸਾਥ[95] ਨਹੀਂ ਜਾਂਦੇ[96]।
ਸਤਿਗੁਰੁ ਸੇਵਿ[97] ਗੁਣ[98] ਨਿਧਾਨੁ[99] ਪਾਇਆ ਤਿਸ[100] ਕੀ ਕੀਮ[2] ਨ ਪਾਈ[3] ॥	By serving[97] the True Guru I have obtained the treasure[99] of excellences[98] and its[100] worth[2] cannot be appraised[3].	ਸਚੇ ਗੁਰਾਂ ਦੀ ਟਹਿਲ[97] ਕਮਾਉਣ ਦੁਆਰਾ ਮੈਂ ਉਤ-ਕ੍ਰਿਸ਼ਟਤਾਈਆਂ[98] ਦੇ ਖ਼ਜ਼ਾਨੇ[99] ਨੂੰ ਪਰਾਪਤ ਕਰ ਲਿਆ ਹੈ ਤੇ ਇਸ[100] ਦਾ ਮੁੱਲ[2] ਪਾਇਆ[3] ਨਹੀਂ ਜਾ ਸਕਦਾ।
ਪ੍ਰਭੁ ਸਖਾ[7] ਹਰਿ ਜੀਉ[4] ਮੇਰਾ ਅੰਤੇ[5] ਹੋਇ ਸਖਾਈ[6] ॥ ੩ ॥	The venerable[4] Lord God is my Friend[7], and at the last moment[5] shall be my Succourer[6].	ਪੂਜਯ[4] ਪ੍ਰਭੂ ਪ੍ਰਮੇਸ਼ਰ ਮੈਂਡਾ ਮਿੱਤ੍ਰ[7] ਹੈ, ਅਤੇ ਅਖ਼ੀਰ ਦੇ ਵੇਲੇ[5] ਮੇਰਾ ਮਦਦਗਾਰ[6] ਹੋਵੇਗਾ।
ਪੇਈਅੜੈ[8] ਜਗਜੀਵਨੁ[9] ਦਾਤਾ[10] ਮਨਮੁਖਿ[11] ਪਤਿ[12]	Beneficient Lord[10],the life of world[9], is in the parents home[8] (this world).	ਜਗਤ ਦੀ ਜਿੰਦ ਜਾਨ[9], ਉਦਾਰਚਿੱਤ[10] ਸਾਹਿਬ ਪੇਕੇ[8] (ਇਸ ਜਹਾਨ ਵਿਚ) ਹੈ। ਉਸ ਤੋਂ ਬੇ-ਖ਼ਬਰ ਹੋ,ਕਾਫ਼ਰ[11]

ਗਵਾਈ[13] ॥	Ignoring Him the infidel[11] has lost[13] his honour[12].	ਨੇ ਆਪਣੀ ਇੱਜ਼ਤ[12] ਵੰਞਾ[13] ਲਈ ਹੈ ।
ਬਿਨੁ[17] ਸਤਿਗੁਰ ਕੋ ਮਗੁ[14] ਨ ਜਾਣੈ ਅੰਧੇ[15] ਠਉਰ[16] ਨ ਕਾਈ ॥	Sans[17] the True Guru, none knows the way[14] to God. The blind[15] find no place[16] of rest.	ਸਤਿਗੁਰਾਂ ਦੇ ਬਾਝੋਂ[17] ਕੋਈ ਭੀ ਰੱਬ ਦਾ ਰਾਹ[14] ਨਹੀਂ ਜਾਣਦਾ । ਅੰਨ੍ਹਿਆਂ[15] ਨੂੰ ਕੋਈ ਆਰਾਮ ਦੀ ਥਾਂ[16] ਨਹੀਂ ਲਭਦੀ ।
ਹਰਿ ਸੁਖਦਾਤਾ[18] ਮਨਿ[19] ਨਹੀ ਵਸਿਆ[20] ਅੰਤਿ[21] ਗਇਆ[23]ਪਛੁਤਾਈ[22] ॥੪॥	If God, the giver[18] of peace dwells[20] not in man's mind[19], he departs[23] regretting[22], at the end[21].	ਜੇਕਰ ਆਰਾਮ ਦੇਣਹਾਰ[18], ਵਾਹਿਗੁਰੂ, ਬੰਦੇ ਦੇ ਦਿਲ[19] ਅੰਦਰ ਨਹੀਂ ਵਸਦਾ[20] ਤਾਂ ਉਹ ਅਖੀਰ[21] ਨੂੰ ਪਸਚਾਤਾਪ[22] ਕਰਦਾ ਹੋਇਆ, ਟੁਰ ਜਾਂਦਾ[23] ਹੈ ।
ਪੇਈਅੜੈ[24] ਜਗਜੀਵਨੁ[25] ਦਾਤਾ[26] ਗੁਰਮਤਿ[27] ਮੰਨਿ[28] ਵਸਾਇਆ[29] ॥	Under Guru's instruction[27] in my father's house[24] (in this World) I have caused to dwell[29] within my mind[28] generous Lord[26], the life of the universe[25].	ਗੁਰਾਂ ਦੀ ਸਿਖਿਆ[27] ਤਾਬੇ, ਆਪਣੇ ਪੇਕੇ ਗ੍ਰਿਹ[24] ਅੰਦਰ ਮੈਂ ਆਲਮ ਦੀ ਜਿੰਦ-ਜਾਨ[25], ਦਰਿਆ-ਦਿਲ[26] ਸਾਈਂ ਨੂੰ ਆਪਣੇ ਚਿੱਤ[28] ਅੰਦਰ ਟਿਕਾਇਆ[29] ਹੈ ।
ਅਨਦਿਨੁ[30] ਭਗਤਿ ਕਰਹਿ[31] ਦਿਨੁ ਰਾਤੀ[32] ਹਉਮੈ[33] ਮੋਹੁ[34] ਚੁਕਾਇਆ[35] ॥	He, who ever[30] meditates[31] on the Lord, day and night[32], annuls[35] his ego[33] and worldly love[34].	ਜੋ ਹਮੇਸ਼ਾ[30], ਦਿਹੁੰ-ਰੈਣ[32] ਸੁਆਮੀ ਦਾ ਸਿਮਰਨ[31] ਕਰਦਾ ਹੈ, ਉਹ ਆਪਣੀ ਹੰਗਤਾ[33] ਤੇ ਸੰਸਾਰੀ ਮਮਤਾ[34] ਨੂੰ ਮੇਟ ਦਿੰਦਾ[35] ਹੈ ।
ਜਿਸੁ[36]ਸਿਉ ਰਾਤਾ[37] ਤੈਸੋ[38] ਹੋਵੈ[39] ਸਚੇ[40] ਸਚਿ[41] ਸਮਾਇਆ[42] ॥ ੫ ॥	He, then, becomes[39] like[38] Him, with whom[36] he is imbued[37] and verily[40] gets absorbed[42] in the True Being[41].	ਉਹ ਤਦ, ਉਸ ਵਰਗਾ[38] ਹੋ ਜਾਂਦਾ[39] ਹੈ, ਜਿਸ[36] ਨਾਲ ਉਹ ਰੰਗੀਜਿਆ[37] ਹੋਇਆ ਹੈ ਅਤੇ ਨਿਸ਼ਚਿਤ[40] ਹੀ ਸਤਿਪੁਰਖ[41] ਅੰਦਰ ਲੀਨ[42] ਹੋ ਜਾਂਦਾ ਹੈ ।
ਆਪੇ[43] ਨਦਰਿ[44] ਕਰੇ[49] ਭਾਉ[45] ਲਾਏ[46] ਗੁਰਸਬਦੀ[47] ਬੀਚਾਰਿ[48] ॥	By[49] His[43] grace[44], God blesses[46] man with His love[45] and he ponders[48] through Guru's Word[47].	ਆਪਣੀ[43] ਦਇਆ[44] ਦੁਆਰਾ[49] ਇਨਸਾਨ ਨੂੰ ਵਾਹਿਗੁਰੂ ਆਪਣੀ ਪ੍ਰੀਤ[45] ਬਖ਼ਸ਼ਦਾ[46] ਹੈ ਅਤੇ ਉਹ ਗੁਰੂ ਦੇ ਸ਼ਬਦ[47] ਦੁਆਰਾ ਸੋਚਦਾ[48] ਹੈ ।
ਸਤਿਗੁਰੁ ਸੇਵਿਐ[50] ਸਹਜੁ[51] ਊਪਜੈ[52] ਹਉਮੈ[53] ਤ੍ਰਿਸਨਾ[54] ਮਾਰਿ[55] ॥	By serving[50] the True Guru spring[52] peace and poise[51], and one's ego[53] and desire[54] are stilled[55].	ਸੱਚੇ ਗੁਰਾਂ ਦੀ ਟਹਿਲ ਸੇਵਾ[50] ਕਮਾਉਣ ਦੁਆਰਾ ਠੰਢ ਚੈਨ[51] ਉਤਪੰਨ ਹੁੰਦੀ[52] ਹੈ ਅਤੇ ਆਦਮੀ ਦੀ ਹੰਗਤਾ[53] ਤੇ ਖ਼ਾਹਿਸ਼[54] ਮਿਟ[55] ਜਾਂਦੇ ਹਨ ।
ਹਰਿ [56]ਗੁਣਦਾਤਾ[57] ਸਦ[58] ਮਨਿ ਵਸੈ[59] ਸਚੁ ਰਖਿਆ [60]ਉਰਧਾਰਿ[61] ॥ ੬ ॥	God the giver[57] of virtue[56], ever[58] abides[59] within the mind of him, who keeps the Truth clasped[61] to his heart[60].	ਨੇਕੀ[56] ਬਖ਼ਸ਼ਣਹਾਰ[57] ਹਰੀ, ਸਦੀਵ[58] ਹੀ ਉਸ ਦੇ ਚਿੱਤ ਅੰਦਰ ਰਹਿੰਦਾ[59] ਹੈ, ਜੋ ਸੱਚ ਨੂੰ ਆਪਣੇ ਦਿਲ[60] ਨਾਲ ਲਾਈ[61] ਰਖਦਾ ਹੈ ।
ਪ੍ਰਭੁ ਮੇਰਾ ਸਦਾ[62]ਨਿਰਮਲਾ[63] ਮਨਿ ਨਿਰਮਲਿ[64] ਪਾਇਆ ਜਾਇ[65] ॥	Eternally[62] immaculate[63] is my Lord. With pure[64] mind He is procured[65].	ਸਦੀਵੀ[62] ਪਵਿੱਤ੍ਰ[63] ਹੈ ਮੇਰਾ ਸਾਹਿਬ । ਸ਼ੁੱਧ-ਚਿੱਤ[64] ਨਾਲ ਹੀ ਉਹ ਪਰਾਪਤ[65] ਹੁੰਦਾ ਹੈ ।
ਨਾਮੁ ਨਿਧਾਨੁ[66] ਹਰਿ ਮਨਿ ਵਸੈ[67] ਹਉਮੈ[68] ਦੁਖੁ[69] ਸਭੁ[70] ਜਾਇ[71] ॥	If the treasure[66] of God's Name abides[67] in the mind, one's ego[68] and sorrow[69] are all[70] eliminated[71].	ਜੇਕਰ ਵਾਹਿਗੁਰੂ ਦੇ ਨਾਮ ਦਾ ਖ਼ਜ਼ਾਨਾ[66] ਚਿੱਤ ਵਿਚ ਟਿਕ[67] ਜਾਵੇ, ਤਾਂ ਹੰਗਤਾ[68] ਤੇ ਗ਼ਮ[69] ਸਮੂਹ[70] ਦੂਰ[71] ਹੋ ਜਾਂਦੇ ਹਨ ।
ਸਤਿਗੁਰਿ ਸਬਦੁ[72] ਸੁਣਾਇਆ[73]ਹਉ[74]ਸਦ[76] ਬਲਿ-	The True Guru has preached[73] unto me the Lord's Name[72]. I am[74] ever[76]	ਸੱਚੇ ਗੁਰਾਂ ਨੇ ਮੈਨੂੰ ਸਾਹਿਬ ਦਾ ਨਾਮ[72] ਉਪਦੇਸ਼ਿਆ[73] ਹੈ । ਮੈਂ[74] ਉਨ੍ਹਾਂ ਉਤੋਂ ਹਮੇਸ਼ਾਂ[76] ਕੁਰਬਾਨ[75] ਜਾਂਦਾ ਹਾਂ ।

ਹਾਰੈ[75] ਜਾਉ ॥ ੭ ॥	a sacrifice[76] unto him.	
ਆਪਣੈ ਮਨਿ[78] ਚਿਤਿ[77] ਕਹੈ[79] ਕਹਾਏ[80] ਬਿਨੁ ਗੁਰ ਆਪੁ[81] ਨ ਜਾਈ[82] ॥	Without the Guru, self-conceit[81] is not annulled[82]. Within his mind[78] and heart[77] one may say[79] or cause to be said[80] anything.	ਗੁਰਾਂ ਦੇ ਬਾਝੋਂ ਸਵੈ-ਹੰਗਤਾ[81] ਦੂਰ[82] ਨਹੀਂ ਹੁੰਦੀ। ਆਪਣੇ ਰਿਦੇ[78] ਤੇ ਦਿਲ[77] ਅੰਦਰ ਬੰਦਾ ਕੁਝ ਪਿਆ ਆਖੇ[79] ਤੇ ਅਖਵਾਵੇ।
ਹਰਿ ਜੀਉ[83] ਭਗਤਿ ਵਛਲੁ[84] ਸੁਖਦਾਤਾ[85] ਕਰਿ[86] ਕਿਰਪਾ[87] ਮੰਨਿ[88] ਵਸਾਈ[89] ॥	Reverend[83] God is the Lover of His saints[84] and the Giver of Peace[85]. By[86] His grace[87] He abides[89] in man's mind[88].	ਪੂਜਨੀਕ[83] ਪ੍ਰਭੂ, ਆਪਣੇ ਸੰਤਾਂ ਦਾ ਪਿਆਰਾ[84] ਤੇ ਆਰਾਮ ਦੇਣਹਾਰ[85] ਹੈ। ਆਪਣੀ ਦਇਆ[87] ਦੁਆਰਾ[86] ਉਹ ਆਦਮੀ ਦੇ ਚਿਤ[88] ਵਿਚ ਟਿਕਦਾ[89] ਹੈ।
ਨਾਨਕ ਸੋਭਾ[90] ਸੁਰਤਿ[91] ਦੇਇ[92] ਪ੍ਰਭੁ ਆਪੇ[93] ਗੁਰਮੁਖਿ[94] ਦੇ[95] ਵਡਿਆਈ[93*] ॥੮॥੧॥੧੮॥	Nanak, the Lord blesses[92] man with sublime[90] awakening[91] and Himself[93] grants[95] him honour and glory[93*] through the Guru[94].	ਨਾਨਕ, ਸਾਹਿਬ ਬੰਦੇ ਨੂੰ ਸਰੇਸ਼ਟ[90] ਜਾਗ੍ਰਤਾ[91] ਪ੍ਰਦਾਨ[92] ਕਰਦਾ ਹੈ ਅਤੇ ਆਪ[93] ਹੀ ਉਸ ਨੂੰ ਗੁਰਾਂ ਦੁਆਰਾ[94] ਇੱਜ਼ਤ ਤੇ ਪ੍ਰਭਤਾ[93*] ਬਖ਼ਸ਼ਦਾ[95] ਹੈ।
ਸਿਰੀਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ।
ਹਉਮੈ[96] ਕਰਮ[97] ਕਮਾਵਦੇ[98] ਜਮ[99] ਡੰਡੁ[100] ਲਗੈ[2] ਤਿਨ[3] ਆਇ ॥	The rod[100] of the angel of death[99] smites[2] those[3], who go about[98] their business[97] in pride[96].	ਮੌਤ ਦੇ ਫ਼ਰੇਸ਼ਤੇ[99] ਦਾ ਡੰਡਾ[100] ਉਨ੍ਹਾਂ[3] ਉਤੇ ਵਰ੍ਹਦਾ[2] ਹੈ, ਜੋ ਆਪਣੇ ਕਾਰ-ਵਿਹਾਰ[97] ਹੰਕਾਰ[96] ਅੰਦਰ ਕਰਦੇ[98] ਹਨ।
ਜਿ ਸਤਿਗੁਰੁ ਸੇਵਨਿ[4] ਸੇ[5] ਉਬਰੇ[6] ਹਰਿ ਸੇਤੀ[7] ਲਿਵ[8] ਲਾਇ[9] ॥ ੧ ॥	They[5], who serve[4] the True Guru and contract[9] affection[8] with[7] the Lord are delivered[6].	ਜੋ ਸੱਚੇ ਗੁਰਾਂ ਦੀ ਖ਼ਿਦਮਤ[4] ਕਰਦੇ ਅਤੇ ਪ੍ਰਭੂ ਨਾਲ[7] ਪ੍ਰੀਤ[8] ਪਾਉਂਦੇ[9] ਹਨ, ਉਹ[5] ਪਾਰ ਉਤਰ[6] ਜਾਂਦੇ ਹਨ।
ਮਨ ਰੇ ਗੁਰਮੁਖਿ[10] ਨਾਮੁ ਧਿਆਇ[11] ॥	O' my Soul! through the Guru[10], meditate[11] on Lord's Name.	ਹੇ ਮੇਰੀ ਜਿੰਦੜੀਏ! ਗੁਰਾਂ[10] ਦੁਆਰਾ, ਸੁਆਮੀ ਦੇ ਨਾਮ ਦਾ ਸਿਮਰਨ[11] ਕਰ।
ਧੁਰਿ[12] ਪੂਰਬਿ[13] ਕਰਤੈ[14] ਲਿਖਿਆ[15] ਤਿਨਾ[16] ਗੁਰਮਤਿ[17] ਨਾਮਿ ਸਮਾਇ[18] ॥ ੧ ॥ ਰਹਾਉ ॥	They[16], who are so [13]pre-ordained[15] by God[12], the Creator[14], by Guru's instruction[17], get absorbed[18] in the Name. Pause.	ਜਿਨ੍ਹਾਂ ਲਈ ਵਾਹਿਗੁਰੂ[12] ਸਿਰਜਣਹਾਰ[14] ਨੇ ਮੁੱਢ[13] ਤੋਂ ਐਸੀ ਲਿਖਤਾਕਾਰ[15] ਕਰ ਛੱਡੀ ਹੈ, ਉਹ[16] ਗੁਰਾਂ ਦੇ ਉਪਦੇਸ਼[17] ਦੁਆਰਾ ਨਾਮ ਅੰਦਰ ਲੀਨ[18] ਹੋ ਜਾਂਦੇ ਹਨ। ਠਹਿਰਾਉ।
ਵਿਣੁ ਸਤਿਗੁਰ ਪਰਤੀਤਿ[19] ਨ ਆਵਈ[22] ਨਾਮਿ ਨ ਲਾਗੋ[20] ਭਾਉ[21] ॥	Without the True Guru, one acquires[22] not faith[19], nor does he embrace[20] love for[21] the Name.	ਸਚੇ ਗੁਰਾਂ ਦੇ ਬਗੈਰ ਭਰੋਸਾ[19] ਨਹੀਂ ਬੱਝਦਾ[22] ਅਤੇ ਨਾ ਹੀ ਨਾਮ ਨਾਲ ਪਿਰਹੜੀ[21] ਪੈਂਦੀ[20] ਹੈ।
ਸੁਪਨੈ[23] ਸੁਖੁ[24] ਨ ਪਾਵਈ ਦੁਖ[25] ਮਹਿ[26] ਸਵੈ[27] ਸਮਾਇ[28] ॥੨॥	He obtains not peace[24] even in dream[23]; and sleeps[27] and dies[28] in[26] pain[25].	ਉਸ ਨੂੰ ਸੁਫਨੇ[23] ਵਿਚ ਭੀ ਆਰਾਮ[24] ਪਰਾਪਤ ਨਹੀਂ ਹੁੰਦਾ ਅਤੇ ਉਹ ਤਕਲੀਫ਼[25] ਅੰਦਰ[26] ਹੀ ਸੌਂਦਾ[27] ਤੇ ਮਰਦਾ[28] ਹੈ।
ਜੇ[35] ਹਰਿ[29] ਹਰਿ ਕੀਚੈ[30] ਬਹੁਤੁ[31] ਲੋਚੀਐ[32] ਕਿਰਤੁ[33] ਨ ਮੇਟਿਆ[34] ਜਾਇ ॥	If[35] he greatly[31] longs for[32] Lord God[29] and utters[30] His Name too, his past actions[33] cannot be erased[34].	ਜੇਕਰ[35] ਉਹ ਵਾਹਿਗੁਰੂ ਸੁਆਮੀ[29] ਦੀ ਘਣੀ[31] ਚਾਹਨਾ ਕਰੇ[32] ਤੇ ਉਸ ਦੇ ਨਾਮ ਨੂੰ ਭੀ ਉਚਾਰਣ[30] ਕਰੇ, ਤਦਯਪ ਉਸ ਦੇ ਪੂਰਬਲੇ ਕਰਮ[33] ਮੇਸੇ[34] ਨਹੀਂ ਜਾ ਸਕਦੇ।

ਹਰਿ ਕਾ ਭਾਣਾ[36] ਭਗਤੀ[37] ਮੰਨਿਆ[38] ਸੇ[39] ਭਗਤ ਪਏ ਦਰਿ[40] ਥਾਇ[41] ॥ ੩ ॥	The saints[37] submit[38] to God's will[36]; such[39] saints are accepted[41] at His door[40].	ਸੰਤ[37] ਵਾਹਿਗੁਰੂ ਦੀ ਰਜ਼ਾ[36] ਪ੍ਰਵਾਣ[38] ਕਰਦੇ ਹਨ, ਐਸੇ[39] ਸੰਤ ਉਸ ਦੇ ਬੂਹੇ[40] ਤੇ ਕਬੂਲ[41] ਹੋ ਜਾਂਦੇ ਹਨ।
ਗੁਰੁ ਸਬਦੁ[42] ਦਿੜਾਵੈ[43] ਰੰਗਿ[44] ਸਿਉ[45] ਬਿਨੁ ਕਿਰਪਾ[46] ਲਇਆ[47] ਨ ਜਾਇ ॥	The Guru firmly installs[43] God's Name[42] with[45] love[44], but without His grace[46], the Name cannot be attained[47] to.	ਗੁਰੂ ਜੀ ਪਿਆਰ[44] ਨਾਲ[45] ਵਾਹਿਗੁਰੂ ਦੇ ਨਾਮ[42] ਨੂੰ ਪੱਕੀ ਤਰ੍ਹਾਂ ਅਸਥਾਪਨ[43] ਕਰਦੇ ਹਨ, ਪ੍ਰੰਤੂ ਉਸ ਦੀ ਮਿਹਰ[46] ਦੇ ਬਗੈਰ ਨਾਮ ਦੀ ਪਰਾਪਤੀ[47] ਨਹੀਂ ਹੋ ਸਕਦੀ।
ਜੇ[48] ਸਉ[49] ਅੰਮ੍ਰਿਤੁ[50] ਨੀਰੀਐ[51] ਭੀ[52] ਬਿਖੁ[53] ਫਲੁ[54] ਲਾਗੈ[55] ਧਾਇ[56] ॥ ੪ ॥	Though[48], the poisonous plant be irrigated[51] with Nectar[50] a hundred[49] times, still[52] it shall quickly[56] bear[55] poisonous[53] fruits[54].	ਭਾਵੇਂ[48] ਜ਼ਹਿਰੀਲੇ ਪੌਦੇ ਨੂੰ ਸੈਂਕੜੇ[49] ਵਾਰੀ ਸੁਧਾ-ਰਸ[50] ਨਾਲ ਸਿੰਜੀਏ[51], ਫਿਰ[52] ਭੀ ਇਸ ਨੂੰ ਭੱਜ[56] ਕੇ ਜ਼ਹਿਰੀਲੇ[53] ਫਲ[54] ਲੱਗਣਗੇ[55]।
ਸੇ[57] ਜਨ[58] ਸਚੇ[59] ਨਿਰਮਲੇ[60] ਜਿਨ ਸਤਿਗੁਰ ਨਾਲਿ ਪਿਆਰੁ[61] ॥	Truthful[59] and pure[60] are the[57] persons[58], who bear love[61] to the True Guru.	ਸਤਿਵਾਦੀ[59] ਅਤੇ ਪਵਿੱਤ੍ਰ[60] ਹਨ ਉਹ[57] ਪੁਰਸ਼,[58] ਜਿਨ੍ਹਾਂ ਦੀ ਸੱਚੇ ਗੁਰਾਂ ਨਾਲ ਪਰੀਤ[61] ਹੈ।
ਸਤਿਗੁਰ ਕਾ ਭਾਣਾ[62] ਕਮਾਵਦੇ[63] ਬਿਖੁ[64] ਹਉਮੈ[65] ਤਜਿ[66] ਵਿਕਾਰੁ[67] ॥ ੫ ॥	They practise[63] True Guru's Will[62] and shed[66] the poison[64] of ego[65] and evil[67].	ਉਹ ਸੱਚੇ ਗੁਰਾਂ[62] ਦੀ ਰਜ਼ਾ ਅਨੁਸਾਰ ਕਰਮ[63] ਕਰਦੇ ਹਨ ਅਤੇ ਹੰਕਾਰ[65] ਤੇ ਬਦੀ[67] ਦੀ ਜ਼ਹਿਰ[64] ਨੂੰ ਛੱਡ[66] ਦਿੰਦੇ ਹਨ।
ਮਨਹਠਿ[68] ਕਿਤੈ ਉਪਾਇ[69] ਨ ਛੂਟੀਐ[70] ਸਿਮ੍ਰਿਤਿ ਸਾਸਤ੍ਰ ਸੋਧਹੁ[71] ਜਾਇ[72] ॥	By no effort[69], through mind's obstinacy[68] one can be delivered[70]. Go[72] and thoroughly study[71] the Simirtis and Shashtras.	ਕਿਸੇ ਭੀ ਯਤਨ[69] ਦੁਆਰਾ, ਮਨੂਏ ਦੀ ਜ਼ਿੱਦ[68] ਰਾਹੀਂ ਬੰਦਾ ਬੰਦ-ਖ਼ਲਾਸ[70] ਨਹੀਂ ਹੋ ਸਕਦਾ, ਜਾ[72] ਕੇ ਸਿੰਮਰਤੀਆਂ ਅਤੇ ਸ਼ਾਸਤਰਾਂ ਨੂੰ ਘੋਖ ਕੇ ਪੜ੍ਹ[71] ਵੇਖੋ!
ਮਿਲਿ[73] ਸੰਗਤਿ[74] ਸਾਧੂ[75] ਉਬਰੇ[76] ਗੁਰ ਕਾ ਸਬਦੁ[77] ਕਮਾਇ[78] ॥ ੬ ॥	By meeting[73] the society[74] of saints[75] and acting up[78] to Guru's instruction[77] the mortal is saved[76].	ਸੰਤ[75] ਸਮਾਗਮ[74] ਨਾਲ ਜੁੜਣ[73] ਅਤੇ ਗੁਰਾਂ ਦੇ ਉਪਦੇਸ਼[77] ਤੇ ਅਮਲ[78] ਕਰਨ ਦੁਆਰਾ ਆਦਮੀ ਬਚ[76] ਜਾਂਦਾ ਹੈ।
ਹਰਿ ਕਾ ਨਾਮੁ ਨਿਧਾਨੁ[79] ਹੈ ਜਿਸੁ[80] ਅੰਤੁ[81] ਨ ਪਾਰਾਵਾਰੁ[82] ॥	God's Name is the treasure[79] of excellences, which[80] has no limit[81], this or that end[82].	ਰੱਬ ਦਾ ਨਾਮ ਗੁਣਾਂ ਦਾ ਖ਼ਜ਼ਾਨਾ[79] ਹੈ, ਜਿਸ[80] ਦਾ ਕੋਈ ਓੜਕ[81], ਉਰਲਾ ਜਾਂ ਪਰਲਾ[82] ਸਿਰਾ ਨਹੀਂ।
ਗੁਰਮੁਖਿ[83] ਸੇਈ[84] ਸੋਹਦੇ[85] ਜਿਨ[89] ਕਿਰਪਾ[86] ਕਰੇ[87] ਕਰਤਾਰੁ[88] ॥ ੭ ॥	The[84] Guruwards[83] to whom[89] the Creator[88] shows[87] mercy[86] look beauteous[85].	ਉਹ[84] ਗੁਰੂ-ਸਮਰਪਣ[83], ਜਿਨ੍ਹਾਂ[89] ਉਤੇ ਸਿਰਜਣਹਾਰ[88] ਮਿਹਰ[86] ਧਾਰਦਾ[87] ਹੈ, ਸੁੰਦਰ[85] ਦਿਸਦੇ ਹਨ।
ਨਾਨਕ ਦਾਤਾ[90] ਏਕੁ[91] ਹੈ ਦੂਜਾ[92] ਅਉਰੁ[93] ਨ ਕੋਇ ॥	Nanak, the Lord alone[91] is the donor[90], there is no other[93] second[92].	ਨਾਨਕ ਕੇਵਲ[91] ਪ੍ਰਭੂ ਹੀ ਦਾਤਾਰ[90] ਹੈ, ਹੋਰ[93] ਦੂਸਰਾ[92] ਕੋਈ ਨਹੀਂ।
ਗੁਰਪਰਸਾਦੀ[94] ਪਾਈਐ[95] ਕਰਮਿ[96] ਪਰਾਪਤਿ ਹੋਇ[97] ॥ ੮ ॥ ੨ ॥ ੧੯ ॥	By Guru's Grace[94], the Lord is obtained[95] and it is through good luck[96] that the Guru is met[97].	ਗੁਰਾਂ ਦੀ ਦਇਆ[94] ਦੁਆਰਾ ਸਾਹਿਬ ਪਰਾਪਤ[95] ਹੁੰਦਾ ਹੈ ਅਤੇ ਚੰਗੇ ਭਾਗਾਂ[96] ਰਾਹੀਂ ਗੁਰੂ ਜੀ ਮਿਲਦੇ[97] ਹਨ।

੬੬

ਸਿਰੀਰਾਗੁ ਮਹਲਾ ੩ ॥

ਪੰਖੀ[98] ਬਿਰਖਿ[99] ਸੁਹਾਵੜਾ[100] ਸਚੁ ਚੁਗੈ[2] ਗੁਰ ਭਾਇ[3] ॥

ਹਰਿਰਸੁ[4] ਪੀਵੈ[5] ਸਹਜਿ[6] ਰਹੈ[7] ਉਡੈ[8] ਨ ਆਵੈ ਜਾਇ[9] ॥

[10]ਨਿਜਘਰਿ[11] ਵਾਸਾ[12] ਪਾਇਆ ਹਰਿ[13] ਹਰਿ ਨਾਮਿ ਸਮਾਇ[14] ॥ ੧ ॥

ਮਨ[15] ਰੇ[16] ਗੁਰ ਕੀ ਕਾਰ[17] ਕਮਾਇ[18] ॥

ਗੁਰ ਕੈ ਭਾਣੈ[19] ਜੇ[20] ਚਲਹਿ[21] ਤਾ[22] ਅਨਦਿਨੁ[23] ਰਾਚਹਿ[24] ਹਰਿਨਾਇ[25] ॥ ੧ ॥ ਰਹਾਉ ॥

ਪੰਖੀ[26] ਬਿਰਖ[27] ਸੁਹਾਵੜੇ[28] ਊਡਹਿ[29] ਚਹੁ[30] ਦਿਸਿ[31] ਜਾਹਿ[32] ॥

ਜੇਤਾ[33] ਊਡਹਿ ਦੁਖ ਘਣੇ ਨਿਤ[34] ਦਾਝਹਿ[35] ਤੈ ਬਿਲਲਾਹਿ[36] ॥

ਬਿਨੁ ਗੁਰ ਮਹਲੁ[37] ਨ ਜਾਪਈ[38] ਨਾ ਅੰਮ੍ਰਿਤੁ[39] ਫਲ[40] ਪਾਹਿ[41] ॥ ੨ ॥

ਗੁਰਮੁਖਿ[42] ਬ੍ਰਹਮੁ[43] ਹਰੀਆਵਲਾ[44] ਸਾਚੈ[45] ਸਹਜਿ[46] ਸੁਭਾਇ[47] ॥

ਸਾਖਾ[48] ਤੀਨਿ[49] ਨਿਵਾਰੀਆ[50] ਏਕ ਸਬਦਿ[51] ਲਿਵ[52] ਲਾਇ[53] ॥

ਅੰਮ੍ਰਿਤ ਫਲੁ[54] ਹਰਿ ਏਕੁ[55] ਹੈ ਆਪੇ[56] ਦੇਇ[57] ਖਵਾਇ[58] ॥

66

Sri Rag, Third Guru.

With Guru's love[3] in the heart, the beauteous[100] bird[98] on the tree[99] pecks[2] at truth.

It drinks[5] God's Nectar[4], abides[7] in celestial bliss[6] and flies[8] not, nor comes and goes[9].

It obtains dwelling[12] in its own[10] home[11] and is absorbed[14] in Lord God's[13] Name.

O[16] my Soul[15]! do thou perform[18] Guru's service[17].

If[20] thou actest[21] in accordance with Guru's will[19], then[22], thou shalt remain merged[24] in God's Name[25], night[23] and day. Pause.

The birds[26] of the beautiful[28] trees[27] fly[29] and go[32] in four[30] directions[31].

The more[33] they fly (up) the more they suffer. They ever[34] burn[35] and bewail[36].

Without the Guru they behold[38] not God's mansion[37], nor obtain[41] the ambrosial[39] fruit[40].

The true Sikh of the Guru[42] is like God's[43] ever green tree[44]. He is automatically[46] blessed with the love[47] of the True Lord[45].

He lops off[50] the three[49] branches[48] (qualities) and embraces[53] love[52] for One Word[51].

God's Name alone[55] is the ambrosial fruit[54]. He Himself[56] gives[57] it

੬੬

ਸਿਰੀ ਰਾਗ, ਤੀਜੀ ਪਾਤਸ਼ਾਹੀ ।

ਦਿਲ ਵਿਚ ਗੁਰਾਂ ਦੀ ਪ੍ਰੀਤ[3] ਨਾਲ, ਦਰਖ਼ਤ[99] ਉਪਰ ਬੈਠਾ ਸੁੰਦਰ[100] ਪੰਛੀ[98] ਸੱਚ ਦਾ ਚੋਗਾ ਚੁਗਦਾ[2] ਹੈ ।

ਇਹ ਵਾਹਿਗੁਰੂ ਦੇ ਅੰਮ੍ਰਿਤ[4] ਨੂੰ ਪਾਨ[5] ਕਰਦਾ ਹੈ, ਬੈਕੁੰਠੀ ਆਨੰਦ[6] ਵਿਚ ਰਹਿੰਦਾ[7] ਹੈ ਅਤੇ ਨਾਹੀਂ ਉਡਦਾ[8], ਆਉਂਦਾ[9] ਜਾਂ ਜਾਂਦਾ ਹੈ ।

ਇਹ ਆਪਣੇ ਨਿੱਜ[10] ਦੇ ਗ੍ਰਿਹਿ[11] ਅੰਦਰ ਵਸੇਬਾ[12] ਹਾਸਲ ਕਰ ਲੈਂਦਾ ਹੈ ਅਤੇ ਵਾਹਿਗੁਰੂ ਸੁਆਮੀ[13] ਦੇ ਨਾਮ ਅੰਦਰ ਲੀਨ[14] ਹੋ ਜਾਂਦਾ ਹੈ।

ਹੇ[16] ਮੇਰੀ ਜਿੰਦੜੀਏ[15] ! ਤੂੰ ਗੁਰਾਂ ਦੀ ਟਹਿਲ[17] ਸੇਵਾ ਕਰ[18] ।

ਜੇਕਰ[20] ਤੂੰ ਗੁਰਾਂ ਦੀ ਰਜ਼ਾ[19] ਅਨੁਸਾਰ ਟੁਰੇਂਗੀ[21], ਤਦ[22] ਤੂੰ ਰੈਣ[23] ਦਿਹੁੰ ਵਾਹਿਗੁਰੂ ਦੇ ਨਾਮ[25] ਅੰਦਰ ਲੀਨ[24] ਰਹੇਂਗੀ । ਠਹਿਰਾਉ ।

ਸੁਹਣੇ[28] ਦਰਖ਼ਤਾਂ[27] ਦੇ ਪਰਿੰਦੇ[26] ਉਡਾਰੀ ਮਾਰ[29] ਚੌਹੀਂ[30] ਪਾਸੀਂ[31] ਜਾਂਦੇ[32] ਹਨ ।

ਜਿੰਨਾਂ ਬਹੁਤਾ[33] ਉਹ (ਉਤੇ) ਉਡਦੇ ਹਨ, ਉਨ੍ਹਾਂ ਬਹੁਤਾ ਉਹ ਕਸ਼ਟ ਪਾਉਂਦੇ ਹਨ । ਉਹ ਸਦਾ[34] ਹੀ ਸੜਦੇ[35] ਤੇ ਰੋਂਦੇ[36] ਹਨ ।

ਗੁਰਾਂ ਦੇ ਬਾਝੋਂ ਉਨ੍ਹਾਂ ਨੂੰ ਵਾਹਿਗੁਰੂ ਦਾ ਮੰਦਰ[37] ਨਹੀਂ ਦਿਸਦਾ[38], ਨਾ ਹੀ ਉਹ ਆਬਿ-ਹਿਯਾਤੀ[39] ਮੇਵੇ[40] ਨੂੰ ਹਾਸਲ[41] ਕਰਦੇ ਹਨ ।

ਗੁਰਾਂ ਦਾ ਸੱਚਾ ਸਿੱਖ[42] ਵਾਹਿਗੁਰੂ[43] ਦੇ ਸਦੀਵੀ ਹਰੇ-ਭਰੇ ਬਿਰਛ[44] ਵਰਗਾ ਹੈ । ਉਸ ਨੂੰ ਸੁਭਾਵਕ[46] ਹੀ, ਸੱਚੇ ਸਾਹਿਬ[45] ਦੀ ਪ੍ਰੀਤ[47] ਦੀ ਦਾਤ ਮਿਲਦੀ ਹੈ ।

ਉਹ ਤਿੰਨਾਂ[49] ਟਹਿਣੀਆਂ[48] ਜਾਂ (ਗੁਣਾਂ) ਨੂੰ ਕਟ ਸੁਟਦਾ[50] ਹੈ ਅਤੇ ਇਕ ਸ਼ਬਦ[51] ਨਾਲ ਪ੍ਰੀਤ[52] ਪਾਉਂਦਾ[53] ਹੈ ।

ਕੇਵਲ[55] ਭਗਵਾਨ ਦਾ ਨਾਮ ਹੀ ਅੰਮ੍ਰਿਤਮਈ[54] ਮੇਵਾ ਹੈ । ਉਹ ਆਪ[56] ਹੀ ਇਸ ਨੂੰ ਖਾਣ ਲਈ[58]

॥ ੩ ॥	to be eaten[58].	ਦਿੰਦਾ[57] ਹੈ।
ਮਨਮੁਖ[59] ਊਭੇ[60] ਸੁਕਿ[61] ਗਏ ਨਾ ਫਲੁ ਤਿੰਨਾਛਾਉ[62]॥	The perverse[59] get dried up[61] standing[60]. They have no fruit or shadow[62].	ਪ੍ਰਤੀਕੂਲ[59] ਖੜੇ ਖੜੋਤੇ[60] ਖ਼ੁਸ਼ਕ[61] ਹੋ ਜਾਂਦੇ ਹਨ। ਉਨ੍ਹਾਂ ਦਾ ਕੋਈ ਮੇਵਾ ਜਾਂ ਛਾਂ[62] ਨਹੀਂ।
ਤਿੰਨਾ[63] ਪਾਸਿ[64] ਨ ਬੈਸੀਐ[65] ਓਨਾ ਘਰੁ[66] ਨ ਗਿਰਾਉ[67] ॥	Sit[65] not near[64] them[63], they have no home[66] or village[67].	ਉਨ੍ਹਾਂ[63] ਦੇ ਕੋਲਿ[64] ਨਾ ਬੈਠ[65], ਉਨ੍ਹਾਂ ਦਾ ਕੋਈ ਗ੍ਰਿਹਿ[66] ਜਾਂ ਪਿੰਡ[67] ਨਹੀਂ।
ਕਟੀਅਹਿ[68] ਤੈ ਨਿਤ[69] ਜਾਲੀਅਹਿ[70] ਓਨਾ ਸਬਦੁ[71] ਨ ਨਾਉ[72] ॥ ੪ ॥	They are ever[69] cut down[68] and burnt[70]. They have neither Word[71] nor God's Name[72].	ਉਹ ਸਦਾ ਹੀ[69] ਵੱਢੇ[68] ਤੇ ਸਾੜੇ[70] ਜਾਂਦੇ ਹਨ। ਉਨ੍ਹਾਂ ਦੇ ਪੱਲੇ ਨਾ ਸ਼ਬਦ[71] ਹੈ ਤੇ ਨਾ ਹੀ ਹਰੀ ਦਾ ਨਾਮ[72]।
ਹੁਕਮੇ[73] ਕਰਮ ਕਮਾਵਣੇ[74] ਪਇਐ[75] ਕਿਰਤਿ[76] ਫਿਰਾਉ[77] ॥	Men act[74] according to Lord's command[73] and wander[77] in accordance with their previous[75] actions[76].	ਬੰਦੇ ਸਾਹਿਬ ਦੇ ਫ਼ੁਰਮਾਨ[73] ਅਨੁਸਾਰ ਕੰਮ ਕਰਦੇ[74] ਹਨ ਅਤੇ ਆਪਣੇ ਪੂਰਬਲੇ[75] ਅਮਲਾਂ[76] ਦੇ ਅਨੁਕੂਲ ਭਟਕਦੇ[77] ਫਿਰਦੇ ਹਨ।
ਹੁਕਮੇ[78] ਦਰਸਨੁ[79] ਦੇਖਣਾ[80] ਜਹ[81] ਭੇਜਹਿ[82] ਤਹ[83] ਜਾਉ[84] ॥	By God's fiat[78] they behold[80] His sight[79] and whither[81] He sends[82] them thither[83] they go[84].	ਵਾਹਿਗੁਰੂ ਦੇ ਅਮਰ ਦੁਆਰਾ[78] ਉਹ ਉਸ ਦਾ ਦੀਦਾਰ[79] ਵੇਖਦੇ[80] ਹਨ ਅਤੇ ਜਿਥੇ[81] ਉਹ ਉਨ੍ਹਾਂ ਨੂੰ ਘਲਦਾ[82] ਹੈ, ਉਥੇ[83] ਉਹ ਜਾਂਦੇ[84] ਹਨ।
ਹੁਕਮੇ ਹਰਿ[85] ਹਰਿ ਮਨਿ[86] ਵਸੈ[87] ਹੁਕਮੇ ਸਚਿ[88] ਸਮਾਉ[89] ॥ ੫ ॥	By His order Lord God[85] abides[87] in man's mind[86] and by His order he is absorbed[89] in Truth[88].	ਆਪਣੇ ਹੁਕਮ ਦੁਆਰਾ ਵਾਹਿਗੁਰੂ[85] ਸੁਆਮੀ ਬੰਦੇ ਦੇ ਚਿੱਤ[86] ਅੰਦਰ ਟਿਕਦਾ[87] ਹੈ ਅਤੇ ਉਸ ਦੇ ਹੁਕਮ ਦੁਆਰਾ ਹੀ ਉਹ ਸੱਚ[88] ਅੰਦਰ ਲੀਨ[89] ਹੋ ਜਾਂਦਾ ਹੈ।
ਹੁਕਮੁ[90] ਨ ਜਾਣਹਿ[91] ਬਪੁੜੇ[92] ਭੂਲੇ ਫਿਰਹਿ[93] ਗਵਾਰ[94] ॥	The ignorant[94] wretches[92] know[91] not Lord's Will[90] and go amiss[93] in error.	ਬੇਸਮਝ[94] ਬਦਬਖ਼ਤ[92] ਸਾਹਿਬ ਦੀ ਰਜ਼ਾ[90] ਨੂੰ ਨਹੀਂ ਸਮਝਦੇ[91] ਅਤੇ ਗ਼ਲਤ-ਫ਼ਹਿਮੀ ਅੰਦਰ ਭਟਕਦੇ[93] ਹਨ।
ਮਨਹਠਿ[95] ਕਰਮ[96] ਕਮਾਵਦੇ[97] ਨਿਤ[98] ਨਿਤ ਹੋਹਿ ਖੁਆਰੁ[99] ॥	With mind's obstinacy[95], they go about[97] their business[96] and are disgraced[99] for ever and aye[98].	ਚਿੱਤ ਦੀ ਜ਼ਿੱਦ[95] ਨਾਲ ਉਹ ਕੰਮ[96] ਕਰਦੇ[97] ਹਨ ਅਤੇ ਸਦੀਵ ਤੇ ਹਮੇਸ਼ਾਂ[98] ਹੀ ਬੇਇਜ਼ਤ[99] ਹੁੰਦੇ ਹਨ।
ਅੰਤਰਿ[100] ਸਾਂਤਿ[2] ਨ ਆਵਈ[3] ਨਾ ਸਚਿ[4] ਲਗੈ[5] ਪਿਆਰੁ[6] ॥੬॥	They gather[3] not inner[100] peace[2] and embrace[5] not love[6] for the True Lord[4].	ਉਨ੍ਹਾਂ ਦੇ ਅੰਦਰ[100] ਠੰਢ-ਚੈਨ[2] ਨਹੀਂ ਪੈਂਦੀ[3] ਅਤੇ ਉਨ੍ਹਾਂ ਦਾ ਸੱਚੇ ਸਾਹਿਬ[4] ਨਾਲ ਨੇਹੁੰ[6] ਨਹੀਂ ਲੱਗਦਾ[5]।
ਗੁਰਮੁਖੀਆ[7] ਮੁਹ[8] ਸੋਹਣੇ[9] ਗੁਰ ਕੈ ਹੇਤਿ ਪਿਆਰਿ[10] ॥	Beauteous[9] are the faces[8] of Guru's slaves[7], who bear love and affection[10] to the Guru.	ਸੁੰਦਰ[9] ਹਨ ਚਿਹਰੇ[8] ਗੁਰੂ ਦੇ ਸੇਵਕਾਂ[7] ਦੇ, ਜੋ ਗੁਰਾਂ ਨਾਲ ਪ੍ਰੀਤ ਤੇ ਮੁਹੱਬਤ[10] ਕਰਦੇ ਹਨ।
ਸਚੀ[11] ਭਗਤੀ[12] ਸਚਿ[13] ਰਤੇ[14] ਦਰਿ ਸਚੈ[15] ਸਚਿਆਰ[16] ॥	Theirs is the genuine[11] worship[12], they are imbued[14] with Truth[13] and at the True Door[15], they are found true[16].	ਉਨ੍ਹਾਂ ਦੀ ਅਸਲੀ[11] ਉਪਾਸ਼ਨਾ[12] ਹੈ, ਉਹ ਸੱਚ[13] ਨਾਲ ਰੰਗੀਜੇ[14] ਹੋਏ ਹਨ ਅਤੇ ਸਚੇ ਬੂਹੇ[15] ਉਤੇ ਉਹ ਸੱਚੇ[16] ਪਾਏ ਜਾਂਦੇ ਹਨ।
ਆਏ[17] ਸੇ[18] ਪਰਵਾਣੁ[19] ਹੈ	Acceptable[19] (blest) is the advent[17]	ਪਰਵਾਣਿਤ[19] (ਸੁਭਾਇਮਾਨ) ਹੈ ਆਗਮਨ[17] (ਜਨਮ)

ਸਭ[20] ਕੁਲ[21] ਕਾ ਕਰਹਿ ਉਧਾਰੁ[22] ॥ ੭ ॥	(birth) of those[18]; they save[22] their entire[20] lineage[21].	ਉਨ੍ਹਾਂ[18] ਦਾ; ਉਹ ਆਪਣੀ ਸਮੂਹ[20] ਵੰਸ[21] ਦਾ ਪਾਰ-ਉਤਾਰਾ[22] ਕਰ ਦਿੰਦੇ ਹਨ ।
ਸਭ[23] ਨਦਰੀ[24] ਕਰਮ[25] ਕਮਾਵਦੇ[26] ਨਦਰੀ[27] ਬਾਹਰਿ[28] ਨ ਕੋਇ ॥	Every[23] one does[26] the deeds[25] under Lord's eye[24]. None is beyond[28] His glance[27].	ਹਰ ਕੋਈ[23] ਸੁਆਮੀ ਦੀ ਨਜ਼ਰ[24] ਹੇਠਾਂ ਕੰਮ[25] ਕਰਦਾ[26] ਹੈ । ਕੋਈ ਭੀ ਉਸ ਦੀ ਨਜ਼ਰ[27] ਤੋਂ ਪਰੇਡੇ[28] ਨਹੀਂ ।
ਜੈਸੀ[29] ਨਦਰਿ[30] ਕਰਿ ਦੇਖੈ[31] ਸਚਾ[32] ਤੈਸਾ[33] ਹੀ ਕੋ ਹੋਇ[34] ॥	As[29] is the gracious glance[30] with which the True Lord[32] beholds[31] the man, so[33] does he become[34].	ਜੇਹੋ ਜੇਹੀ[29] ਮਿਹਰ ਦੀ ਨਜ਼ਰ[30] ਨਾਲ ਸੱਚਾ ਸੁਆਮੀ[32] ਇਨਸਾਨ ਨੂੰ ਵੇਖਦਾ[31] ਹੈ, ਉਹੋ ਜੇਹਾ[33] ਹੀ ਉਹ ਹੋ ਜਾਂਦਾ[34] ਹੈ ।
ਨਾਨਕ ਨਾਮਿ ਵਡਾਈਆ[35] ਕਰਮਿ[36] ਪਰਾਪਤਿ[37] ਹੋਇ ॥੮॥੩॥੨੦॥	Nanak, the greatness[35] are in the Name of God. By Lord's favour[36] the Name is attained[37] to.	ਨਾਨਕ, ਬਜ਼ੁਰਗੀਆਂ[35] ਵਾਹਿਗੁਰੂ ਦੇ ਨਾਮ ਵਿਚ ਹਨ । ਸਾਹਿਬ ਦੀ ਰਹਿਮਤ[36] ਸਦਕਾ ਨਾਮ ਪਾਇਆ[37] ਜਾਂਦਾ ਹੈ ।
ਸਿਰੀਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ ।
ਗੁਰਮੁਖਿ[38] ਨਾਮੁ ਧਿਆਈਐ[39] ਮਨਮੁਖਿ[40] ਬੂਝ[41] ਨ ਪਾਇ ॥	The Guruwards[38] dwell[39] on the Name, and the selfwards[40] obtain not understanding[41].	ਗੁਰੂ ਅਨੁਸਾਰੀ[38] ਨਾਮ ਦਾ ਅਰਾਧਨ[39] ਕਰਦੇ ਹਨ ਅਤੇ ਮਨ ਮਗਰ ਲੱਗਣ ਵਾਲਿਆਂ[40] ਨੂੰ ਕੋਈ ਸਮਝ[41] ਨਹੀਂ ਆਉਂਦੀ ।
ਗੁਰਮੁਖਿ ਸਦਾ[45] ਮੁਖ[42] ਊਜਲੇ[43] ਹਰਿ ਵਸਿਆ[44] ਮਨਿ ਆਇ ॥	[45]Everbright[43] are the countenances[42] of the Guruwards. God has come to dwell[44] within their mind.	ਹਮੇਸ਼ਾਂ[45] ਰੌਸ਼ਨ[43] ਹਨ ਚਿਹਰੇ[42] ਗੁਰੂ-ਅਨੁਸਾਰੀਆਂ ਦੇ । ਵਾਹਿਗੁਰੂ ਆ ਕੇ ਉਨ੍ਹਾਂ ਦੇ ਚਿਤ ਅੰਦਰ ਟਿਕ[44] ਗਿਆ ਹੈ ।
ਸਹਜੇ[46] ਹੀ ਸੁਖੁ[47] ਪਾਈਐ ਸਹਜੇ ਰਹੈ ਸਮਾਇ[48] ॥੧॥	Through Divine understanding[46] they obtain celestial peace[47] and through Divine understanding they remain absorbed[48] in the Lord.	ਈਸ਼ਵਰੀ ਗਿਆਤ[46] ਰਾਹੀਂ ਹੀ ਉਹ ਬੈਕੁੰਠੀ ਆਰਾਮ[47] ਪਾਉਂਦੇ ਹਨ ਤੇ ਈਸ਼ਵਰੀ ਗਿਆਤ ਰਾਹੀਂ ਹੀ ਉਹ ਸਾਹਿਬ ਅੰਦਰ ਲੀਨ ਰਹਿੰਦੇ[48] ਹਨ ।
ਭਾਈ ਰੇ[49] ਦਾਸਨਿ[50] ਦਾਸਾ ਹੋਇ[51] ॥	O'[49] Brother ! be[51] thou the slave of God's slaves[50].	ਹੇ[49] ਵੀਰ ! ਤੂੰ ਰੱਬ ਦੇ ਗੋਲਿਆਂ[50] ਦਾ ਗੋਲਾ ਹੋ ਜਾ[51] ।
ਗੁਰ ਕੀ ਸੇਵਾ[52] ਗੁਰਭਗਤਿ[53] ਹੈ ਵਿਰਲਾ ਪਾਏ[55] ਕੋਇ[54]॥੧॥ਰਹਾਉ॥	Guru's service[52] is Guru's worship[53]. Hardly any one[54] obtains[55] it. Pause.	ਗੁਰਾਂ ਦੀ ਟਹਿਲ ਸੇਵਾ[52] ਹੀ ਗੁਰਾਂ ਦੀ ਪੂਜਾ[53] ਹੈ । ਕੋਈ ਟਾਵਾਂ[54] ਹੀ ਇਸ ਨੂੰ ਪਰਾਪਤ[55] ਕਰਦਾ ਹੈ । ਠਹਿਰਾਉ ।
ਸਦਾ[56] ਸੁਹਾਗੁ[57] ਸੁਹਾਗਣੀ[58] ਜੇ[59] ਚਲਹਿ[60] ਸਤਿਗੁਰ ਭਾਇ[61] ॥	If[59] the happy bride[58] acts[60] according to the Will[61] of the True Guru, she shall ever[56] enjoy her Husband[57].	ਜੇਕਰ[59] ਖ਼ੁਸ਼ ਬਾਸ਼ ਪਤਨੀ[58] ਗੁਰਾਂ ਦੀ ਰਜ਼ਾ[61] ਅਨੁਸਾਰ ਟੁਰੇ[60] ਤਾਂ ਉਹ ਹਮੇਸ਼ਾਂ[56] ਹੀ ਆਪਣੇ ਪਤੀ[57] ਨੂੰ ਮਾਣੇਗੀ ।
ਸਦਾ[62] ਪਿਰੁ[63] ਨਿਹਚਲੁ[64] ਪਾਈਐ[65] ਨਾ ਓਹੁ ਮਰੈ ਨ ਜਾਇ[66] ॥	To the eternal[62] and immovable[64] Spouse[63] she attains[65]. He neither dies nor goes[66].	ਅਮਰ[62] ਤੇ ਅਹਿੱਲ[64] ਕੰਤ[63] ਨੂੰ ਉਹ ਪਰਾਪਤ[65] ਹੋ ਜਾਂਦੀ ਹੈ । ਨਾ ਉਹ ਮਰਦਾ ਹੈ ਤੇ ਨਾ ਹੀ ਜਾਂਦਾ[66] ਹੈ ।
ਸਬਦਿ[67] ਮਿਲੀ[68] ਨਾ ਵੀਛੁੜੈ[69] ਪਿਰ[70] ਕੈ ਅੰਕਿ[71]	United[68] with the Word[67] she separates[69] not, rather sinks[72] into	ਸੁਆਮੀ[67] ਨਾਲ ਜੁੜੀ[68] ਹੋਈ ਉਹ ਵੱਖਰੀ[69] ਨਹੀਂ ਹੁੰਦੀ, ਸਗੋਂ ਆਪਣੇ ਪ੍ਰੀਤਮ[70] ਦੀ ਗੋਦੀ[71] ਅੰਦਰ

ਸਮਾਇ[72] ॥੨॥	the lap[71] of her Beloved[70].	ਲੀਨ[72] ਹੋ ਜਾਂਦੀ ਹੈ ।
ਹਰਿ ਨਿਰਮਲੁ[73] ਅਤਿ[74] ਊਜਲਾ[75] ਬਿਨੁ ਗੁਰ ਪਾਇਆ[76] ਨ ਜਾਇ ॥	The Lord is immaculate[73] and exceedingly[74] effulgent[75]. Without the Guru He is not obtained[76].	ਸਾਈਂ ਪਵਿੱਤ੍ਰ[73] ਤੇ ਪਰਮ[74] ਚਮਕੀਲਾ[75] ਹੈ । ਗੁਰਾਂ ਦੇ ਬਾਝੋਂ ਉਹ ਪਰਾਪਤ[76] ਨਹੀਂ ਹੁੰਦਾ ।
ਪਾਠੁ[77] ਪੜੈ[78] ਨਾ ਬੂਝਈ[79] ਭੇਖੀ[80] ਭਰਮਿ[81] ਭੁਲਾਇ[82] ॥	By reading[78] scriptures[77] one understands[79] Him not. The pretenders[80] have gone astray[82] in doubt[81].	ਧਾਰਮਕ ਗ੍ਰੰਥ[77] ਵਾਚਣ[78] ਦੁਆਰਾ ਮਨੁੱਖ ਉਸ ਨੂੰ ਨਹੀਂ ਸਮਝਦਾ[79] । ਦਿਖਾਵਾ[80] ਕਰਨ ਵਾਲੇ ਸੰਦੇਹ[81] ਅੰਦਰ ਕੁਰਾਹੇ ਪਏ[82] ਹੋਏ ਹਨ ।
ਗੁਰਮਤੀ[83] ਹਰਿ ਸਦਾ[84] ਪਾਇਆ ਰਸਨਾ[85] ਹਰਿਰਸੁ[86] ਸਮਾਇ[87] ॥ ੩ ॥	By Guru's instruction[83] immortal[84] God is attained to and the tongue[85] remains permeated[87] with Lord's elixir[86].	ਗੁਰਾਂ ਦੇ ਉਪਦੇਸ਼[83] ਦੁਆਰਾ ਅਕਾਲ[84] ਵਾਹਿਗੁਰੂ ਪ੍ਰਾਪਤ ਹੁੰਦਾ ਹੈ ਅਤੇ ਜੀਹਭਾ[85] ਸੁਆਮੀ ਦੇ ਅੰਮ੍ਰਿਤ[86] ਨਾਲ ਸਿੰਜਰੀ[87] ਰਹਿੰਦੀ ਹੈ ।
੬੭	**67**	**੬੭**
ਮਾਇਆ[88] ਮੋਹੁ[89] ਚੁਕਾਇਆ[90] ਗੁਰਮਤੀ[91] ਸਹਜਿ ਸੁਭਾਇ[92] ॥	By Guru's instruction[91], one effortlessly[92] sheds[90] one's love[89] of mammon[88].	ਗੁਰਾਂ ਦੇ ਉਪਦੇਸ਼[91] ਦੁਆਰਾ, ਬੰਦਾ ਧਨ-ਦੌਲਤ[88] ਦੀ ਮਮਤਾ[89] ਨੂੰ ਨਿਰਯਤਨ[92] ਹੀ ਨਵਿਰਤ[90] ਕਰ ਦਿੰਦਾ ਹੈ ।
ਬਿਨੁ ਸਬਦੈ[93] ਜਗੁ[94] ਦੁਖੀਆ[95] ਫਿਰੈ ਮਨਮੁਖਾ[96] ਨੋ ਗਈ ਖਾਇ[97] ॥	Without the Name[93], the world[94] wanders in agony[95]. The mammon has eaten-up[97] the wayward[96].	ਨਾਮ[93] ਦੇ ਬਗ਼ੈਰ ਜਹਾਨ[94] ਦੁਖੀ[95] ਹੋਇਆ ਫਿਰਦਾ ਹੈ । ਮਾਇਆ ਆਪ-ਹੁਦਰਿਆਂ[96] ਨੂੰ ਨਿਗਲ[97]ਗਈ ਹੈ ।
ਸਬਦੇ[98] ਨਾਮੁ ਧਿਆਈਐ[99] ਸਬਦੇ ਸਚਿ[100] ਸਮਾਇ[2] ॥ ੪ ॥	Through the Word[98] one meditates[99] on the Name and through the Word he gets absorbed[2] in the True One[100].	ਸ਼ਬਦ ਦੁਆਰਾ[98] ਇਨਸਾਨ ਨਾਮ ਦਾ ਸਿਮਰਨ[99] ਕਰਦਾ ਹੈ ਅਤੇ ਸ਼ਬਦ ਰਾਹੀਂ ਹੀ ਉਹ ਸਤਿਪੁਰਖ[100] ਅੰਦਰ ਲੀਨ[2] ਹੋ ਜਾਂਦਾ ਹੈ ।
ਮਾਇਆ[3] ਭੂਲੇ[4] ਸਿਧ[5] ਫਿਰਹਿ[6] ਸਮਾਧਿ[7] ਨ ਲਗੈ[8] [9]ਸੁਭਾਇ[10] ॥	The men of miracles[5] roam about[6] misled[4] by mammon[3], and they embrace[8] not contemplation[7] in sublime[9] love[10].	ਕਰਾਮਾਤੀ ਬੰਦੇ[5], ਸੰਸਾਰੀ ਪਦਾਰਥਾਂ[3] ਦੇ ਬਹਿਕਾਏ[4] ਹੋਏ ਭਟਕਦੇ ਫਿਰਦੇ[6] ਹਨ, ਅਤੇ ਸ੍ਰੇਸ਼ਟ[9] ਪ੍ਰੀਤ[10] ਅੰਦਰ ਉਨ੍ਹਾਂ ਦੀ ਬਿਰਤੀ[7] ਨਹੀਂ ਜੁੜਦੀ[8] ।
ਤੀਨੇ[11] ਲੋਅ[12] ਵਿਆਪਤ[13] ਹੈ ਅਧਿਕ[14] ਰਹੀ ਲਪਟਾਇ[15] ॥	Mammon is pervading[13] the three[11] worlds[12] and is greatly[14] clinging[15] to the mortals.	ਮੋਹਨੀ ਤਿੰਨਾਂ[11] ਹੀ ਜਹਾਨਾਂ[12] ਅੰਦਰ ਵਿਆਪਕ[13] ਹੋ ਰਹੀ ਹੈ ਅਤੇ ਪ੍ਰਾਣੀਆਂ ਨੂੰ ਘਣੀ[14] ਹੀ ਚਿਮੜੀ[15] ਹੋਈ ਹੈ ।
ਬਿਨੁ ਗੁਰ ਮੁਕਤਿ[16] ਨ ਪਾਈਐ ਨਾ ਦੁਬਿਧਾ[17] ਮਾਇਆ[18] ਜਾਇ[19] ॥੫॥	Without the Guru, emancipation[16] is not gained,nor do double mindedness[17] and secular love[18] depart[19].	ਗੁਰਾਂ ਦੇ ਬਾਝੋਂ ਕਲਿਆਣ[16] ਪਰਾਪਤ ਨਹੀਂ ਹੁੰਦੀ ਅਤੇ ਨਾ ਹੀ ਦੁਚਿੱਤਾਪਣ[17] ਤੇ ਸੰਸਾਰੀ ਮਮਤਾ[18] ਦੂਰ[19] ਹੁੰਦੇ ਹਨ ।
ਮਾਇਆ[20] ਕਿਸਨੋ[21] ਆਖੀਐ[24]ਕਿਆ[22]ਮਾਇਆ ਕਰਮ[23] ਕਮਾਇ[25] ॥	Whom[21] do men call[24] mammon[20] ? What[22] work[23] does mammon do[25] ?	ਮੋਹਨੀ[20] ਕਿਸ[21] ਨੂੰ ਕਹਿੰਦੇ[24] ਹਨ ? ਮੋਹਨੀ ਕੀ[22] ਕੰਮ[23] ਕਰਦੀ[25] ਹੈ ?
ਦੁਖਿ[26]ਸੁਖਿ[27] ਏਹੁ ਜੀਉ[32]	In woe[26] and weal[27] mammon has	ਗ਼ਮੀ[26] ਤੇ ਖ਼ੁਸ਼ੀ[27] ਅੰਦਰ ਮੋਹਨੀ ਨੇ ਇਸ ਪ੍ਰਾਣੀ[32] ਨੂੰ

ਬਧੁ[28] ਹੈ ਹਉਮੈ[29] ਕਰਮ[30] ਕਮਾਇ[31] ॥	enchained[28] this mortal[32] and caused him to go about[31] his business[30] in ego[29].	ਜਕੜਿਆ[28] ਹੋਇਆ ਹੈ ਅਤੇ ਉਸ ਪਾਸੋਂ ਹੰਗਤਾ[29] ਅੰਦਰ ਕੰਮ[30] ਕਰਾਉਂਦੀ[31] ਹੈ।
ਬਿਨੁ[33] ਸਬਦੈ[34] ਭਰਮੁ[35] ਨ ਚੂਕਈ[36] ਨਾ ਵਿਚਹੁ[37] ਹਉਮੈ[38]ਜਾਇ[39] ॥੬॥	Without[33] Divine Word[34], doubt[35] is not dispelled[36] nor does pride[38] depart[39] from within[37].	ਰੱਬੀ ਕਲਾਮ[34] ਦੇ ਬਗੈਰ[33] ਸੰਦੇਹ[35] ਰਫ਼ਾ[36] ਨਹੀਂ ਹੁੰਦਾ, ਨਾ ਹੀ ਹੰਕਾਰ[38] ਅੰਦਰੋਂ[37] ਦੂਰ[39] ਹੁੰਦਾ ਹੈ !
ਬਿਨੁ ਪ੍ਰੀਤੀ[40] ਭਗਤਿ[41] ਨ ਹੋਵਈ ਬਿਨੁ ਸਬਦੈ[42] ਥਾਇ[43] ਨ ਪਾਇ ॥	Without love[40] Lord's service[41] cannot be performed, and without the Name[42]one becomes not acceptable[43]	ਪਿਆਰ[40] ਦੇ ਬਾਝੋਂ ਸੁਆਮੀ ਦੀ ਸੇਵਾ[41] ਨਹੀਂ ਹੋ ਸਕਦੀ ਅਤੇ ਨਾਮ[42] ਦੇ ਬਾਝੋਂ ਇਨਸਾਨ ਕਬੂਲ[43] ਨਹੀਂ ਪੈਂਦਾ।
ਸਬਦੇ[44] ਹਉਮੈ[45] ਮਾਰੀਐ[46] ਮਾਇਆ[47] ਕਾ ਭ੍ਰਮੁ[49] ਜਾਇ[49] ॥	With the Name[44] ego[45] is stilled[46] and mammon's[47] illusion[48] departs[49].	ਨਾਮ[44] ਨਾਲ ਹੰਗਤਾ[45] ਨਾਬੂਦ[46] ਹੋ ਜਾਂਦੀ ਹੈ ਅਤੇ ਮੋਹਨੀ[47] ਦਾ ਮੁਗਾਲਤਾ[48] ਦੂਰ[49] ਹੋ ਜਾਂਦਾ ਹੈ।
ਨਾਮੁ ਪਦਾਰਥੁ[50] ਪਾਈਐ[51] ਗੁਰਮੁਖਿ[52] ਸਹਜਿ ਸੁਭਾਇ[53] ॥	Through the Guru[52], man easily[53] obtains[51] the wealth[50] of God's Name.	ਗੁਰਾਂ ਦੇ ਰਾਹੀਂ[52] ਇਨਸਾਨ ਸੁਖੈਨ[53] ਹੀ ਹਰੀ ਨਾਮ ਦੀ ਦੌਲਤ[50] ਨੂੰ ਹਾਸਲ[51] ਕਰ ਲੈਂਦਾ ਹੈ।
ਬਿਨੁ[57] ਗੁਰ ਗੁਣ[54] ਨ ਜਾਪਨੀ[55] ਬਿਨੁ ਗੁਣ ਭਗਤਿ[56] ਨ ਹੋਇ ॥	Sans[57] the Guru, virtues[54] shine[55] not and sans virtues Lord's devotional[56] service cannot be performed.	ਗੁਰਾਂ ਦੇ ਬਗੈਰ[57] ਨੇਕੀਆਂ[54] ਨਹੀਂ ਚਮਕਦੀਆਂ[55] ਅਤੇ ਨੇਕੀਆਂ ਦੇ ਬਗੈਰ[57]ਸਾਈਂ ਦੀ ਪਰੇਮ-ਮਈ ਸੇਵਾ[56] ਨਹੀਂ ਹੋ ਸਕਦੀ।
ਭਗਤਿ ਵਛਲੁ[57]* ਹਰਿ[58] ਮਨਿ[59] ਵਸਿਆ[60] ਸਹਜਿ[61] ਮਿਲਿਆ[62] ਪ੍ਰਭੁ[63] ਸੋਇ[64] ॥	That[64] Lord[63] easily[61] meets[62] the mortal, within whose mind[59] the Name of God[58], the lover of devotion[57]* abides[60].	ਉਹ[64] ਸਾਹਿਬ[63] ਸੁਖੈਨ[61] ਹੀ ਉਸ ਪ੍ਰਾਣੀ ਨੂੰ ਮਿਲ[62] ਪੈਂਦਾ ਹੈ ਜਿਸਦੇ ਚਿੱਤ[59] ਅੰਦਰ ਅਨੁਰਾਗ ਦੇ ਪ੍ਰੇਮੀ[57]* ਵਾਹਿਗੁਰੂ[58], ਦਾ ਨਾਮ ਨਿਵਾਸ[60] ਰਖਦਾ ਹੈ।
ਨਾਨਕ ਸਬਦੇ[65]ਹਰਿ ਸਾਲਾਹੀਐ[66] ਕਰਮਿ[67] ਪਰਾਪਤਿ ਹੋਇ[68] ॥੮॥੪॥੨੧॥	Nanak, through the Word[65] do thou praise[66] God. By His grace[67], is He obtained[68].	ਨਾਨਕ, ਸ਼ਬਦ ਰਾਹੀਂ[65] ਤੂੰ ਹਰੀ ਦੀ ਪਰਸੰਸਾ[66] ਕਰ। ਉਸ ਦੀ ਦਇਆ[67] ਦੁਆਰਾ ਉਹ ਪਰਾਪਤ[68] ਹੁੰਦਾ ਹੈ।
ਸਿਰੀਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ।
ਮਾਇਆ[69] ਮੋਹੁ[70] ਮੇਰੈ ਪ੍ਰਭਿ[71] ਕੀਨਾ[72] ਆਪੇ[73] ਭਰਮਿ[74] ਭੁਲਾਏ[75] ॥	Attachment[70] of mammon[69] is the creation[72] of my Master[71], and He Himself[73] misleads[75] man into an illusion[74].	ਧਨ ਦੌਲਤ[69] ਦੀ ਲਗਨ[70] ਮੇਰੇ ਮਾਲਕ[71] ਦੀ ਰਚਨਾ[72] ਹੈ, ਤੇ ਉਹ ਖ਼ੁਦ[73] ਹੀ ਬੰਦੇ ਨੂੰ ਗ਼ਲਤ-ਫ਼ਹਿਮੀ[74] ਅੰਦਰ ਗੁਮਰਾਹ[75] ਕਰਦਾ ਹੈ।
ਮਨਮੁਖਿ[76]ਕਰਮ[77]ਕਰਹਿ[82] ਨਹੀ ਬੂਝਹਿ[78] ਬਿਰਥਾ[79] ਜਨਮੁ[80] ਗਵਾਇ[81] ॥	The self-willed[76] do[82] misdeeds[77] and understand[78] not. They lose[81] their life[80] in vain[79].	ਆਪ-ਹੁਦਰੇ[76] ਮੰਦ ਅਮਲ[77] ਕਮਾਉਂਦੇ ਹਨ ਤੇ ਸਮਝਦੇ[78] ਨਹੀਂ। ਉਹ ਆਪਣਾ ਜੀਵਨ[80] ਬੇ-ਫ਼ਾਇਦਾ[79] ਗੁਆ[81] ਲੈਂਦੇ ਹਨ।
ਗੁਰਬਾਣੀ ਇਸੁ ਜਗ[88] ਮਹਿ[82] ਚਾਨਣੁ[83] ਕਰਮਿ[84]	Gurbani is the Divine Light[83] in[82] this world[88]. Through God's Grace[84]	ਗੁਰਬਾਣੀ ਇਸ ਸੰਸਾਰ[88] ਅੰਦਰ[82] ਈਸ਼ਵਰੀ ਪ੍ਰਕਾਸ਼[83] ਹੈ ! ਵਾਹਿਗੁਰੂ ਦੀ ਰਹਿਮਤ[84] ਰਾਹੀਂ ਇਹ ਆ ਕੇ[87]

ਵਸੈ[85] ਮਨਿ[86] ਆਏ[87]॥੧॥	does it come[87] to abide[85] is mortal's mind[86].	ਪ੍ਰਾਣੀ ਦੇ ਚਿੱਤ[86] ਅੰਦਰ ਟਿਕ[85] ਜਾਂਦੀ ਹੈ।
ਮਨ[89] ਰੇ[90] ਨਾਮੁ ਜਪਹੁ[91] ਸੁਖੁ[92] ਹੋਇ[93] ॥	O'[90] Man[89] ! meditate[91] thou on the Name so that thou may obtain[93] peace[92].	ਹੇ[90] ਇਨਸਾਨ[89] ! ਤੂੰ ਨਾਮ ਦਾ ਅਰਾਧਨ[91] ਕਰ ਤਾਂ ਜੋ ਤੈਨੂੰ ਆਰਾਮ ਚੈਨ[92] ਪਰਾਪਤ[93] ਹੋਵੇ।
ਗੁਰ ਪੂਰਾ[94] ਸਾਲਾਹੀਐ[95] ਸਹਜਿ[96] ਮਿਲੈ ਪ੍ਰਭੁ ਸੋਇ[97] ॥ ੧ ॥ ਰਹਾਉ ॥	By eulogising[95] the perfect[94] Guru, that[97] Lord easily[96] meets the man. Pause.	ਪੂਰਨ[94] ਗੁਰਾਂ ਦੀ ਸਿਫ਼ਤ-ਸਨਾ ਕਰਨ[95] ਦੁਆਰਾ, ਉਹ[97] ਸਾਹਿਬ ਸੁਖੈਨ[96] ਹੀ ਆਦਮੀ ਨੂੰ ਮਿਲ ਪੈਂਦਾ ਹੈ। ਠਹਿਰਾਉ।
ਭਰਮੁ[98] ਗਇਆ[99] ਭਉ[100] ਭਾਗਿਆ[2] ਹਰਿ ਚਰਣੀ[3] ਚਿਤੁ[4] ਲਾਇ[5] ॥	By fixing[5] attention[4] on God's feet[3] man's doubt[98] departs[99] and fear[100] flees[2].	ਭਗਵਾਨ ਦੇ ਚਰਨਾਂ[3] ਨਾਲ ਬ੍ਰਿਤੀ[4] ਜੋੜਨ[5] ਦੁਆਰਾ, ਬੰਦੇ ਦਾ ਸੰਦੇਹ[98] ਦੂਰ[99] ਹੋ ਜਾਂਦਾ ਹੈ ਤੇ ਡਰ[100] ਦੌੜ[2] ਜਾਂਦਾ ਹੈ।
ਗੁਰਮੁਖਿ[6] ਸਬਦੁ[7] ਕਮਾਈਐ[8] ਹਰਿ ਵਸੈ[9] ਮਨਿ[10] ਆਇ[11] ॥	By practising[8] the Name[7] through[6] the Guru, God comes[11] and dwells[9] within the mind[10].	ਗੁਰਾਂ ਦੇ ਰਾਹੀਂ[6] ਨਾਮ[7] ਦੀ ਕਮਾਈ ਕਰਨ[8] ਦੁਆਰਾ ਵਾਹਿਗੁਰੂ ਆ[11] ਕੇ ਹਿਰਦੇ[10] ਅੰਦਰ ਟਿਕ[9] ਜਾਂਦਾ ਹੈ।
ਘਰਿ[12] ਮਹਲਿ[13] ਸਚਿ[14] ਸਮਾਈਐ[15] [16]ਜਮਕਾਲੁ[17] ਨ ਸਕੈ ਖਾਇ[18] ॥ ੨ ॥	Through truth[14], man merges[15] in his real Self[13] in his home[12], and death's[17] myrmidon[16] can devour[18] him not.	ਸੱਚ[14] ਦੇ ਰਾਹੀਂ ਆਦਮੀ ਆਪਣੇ ਗ੍ਰਿਹਿ[12] ਵਿਚ ਹੀ ਆਪਣੇ ਸਵੈ-ਸਰੂਪ[13] ਅੰਦਰ ਲੀਨ[15] ਹੋ ਜਾਂਦਾ ਹੈ ਅਤੇ ਮੌਤ[17] ਦਾ ਫ਼ਰੇਸ਼ਤਾ[16] ਉਸਨੂੰ ਨਿਗਲ[18] ਨਹੀਂ ਸਕਦਾ।
ਨਾਮਾ ਛੀਬਾ[19] ਕਬੀਰੁ ਜੋਲਾਹਾ[20] ਪੂਰੇ[21] ਗੁਰ ਤੇ[22] ਗਤਿ[23] ਪਾਈ[24] ॥	Nam Dev, the calico-printer[19] and Kabir, the weaver[20], obtained[24] salvation[23] from[22] the perfect[21] Guru.	ਨਾਮ ਦੇਵ ਛੀਂਬੇ[19] ਅਤੇ ਕਬੀਰ ਜੁਲਾਹੇ[20] ਨੇ ਪੂਰਨ[21] ਗੁਰੂ ਪਾਸੋਂ[22] ਮੁਕਤੀ[23] ਹਾਸਲ[24] ਕਰ ਲਈ।
ਬ੍ਰਹਮ[25] ਕੇ ਬੇਤੇ[26] ਸਬਦੁ[27] ਪਛਾਣਹਿ[28] ਹਉਮੈ[29] ਜਾਤਿ[30] ਗਵਾਈ[31] ॥	By recognising[28] His Name[27] they became the knowers[26] of God[25] and lost[31] their ego[29] and caste[30].	ਉਸ ਦੇ ਨਾਮ[27] ਨੂੰ ਸਿੰਞਾਣਨ[28] ਦੁਆਰਾ ਉਹ ਵਾਹਿਗੁਰੂ[25] ਦੇ ਜਾਨਣ ਵਾਲੇ[26] ਹੋ ਗਏ ਅਤੇ ਉਨ੍ਹਾਂ ਨੇ ਆਪਣੀ ਹੰਗਤਾ[29] ਤੇ ਜਾਤੀ[30] ਗੁਆ[31] ਦਿੱਤੀਆਂ।
[32]ਸੁਰਿਨਰ[33] ਤਿਨ ਕੀ ਬਾਣੀ[34] ਗਾਵਹਿ[35] ਕੋਇ ਨ ਮੇਟੈ[36] ਭਾਈ[37]* ॥੩॥	Demigods[32] and men[33] sing[35] their hymns[34]. None can erase[36] them, O' Brother[37]* !	ਦੇਵਤੇ[32] ਅਤੇ ਮਨੁੱਖ[33] ਉਨ੍ਹਾਂ ਦੇ ਸ਼ਬਦ[34] ਗਾਇਨ[35] ਕਰਦੇ ਹਨ। ਕੋਈ ਭੀ ਉਨ੍ਹਾਂ ਨੂੰ ਮੇਸ[36] ਨਹੀਂ ਸਕਦਾ, ਹੇ ਵੀਰ[37]* !
ਦੈਤ[37]ਪੁਤੁ[38]ਕਰਮ[39]ਧਰਮ[40] ਕਿਛੁ ਸੰਜਮ[41] ਨ ਪੜੈ[42] ਦੂਜਾ ਭਾਉ[43] ਨ ਜਾਣੈ[44] ॥	(Prahlad), the Demon's[37] son[38], read[42] not of religious[40] rites[39] and austerities[41], for he knew[44] not duality[43].	(ਪ੍ਰਹਿਲਾਦ), ਰਾਖ਼ਸ਼[37] ਦਾ ਪੁੱਤ੍ਰ[38], ਮਜ਼ਹਬੀ[40] ਸੰਸਕਾਰਾਂ[39] ਤੇ ਤਪੱਸਿਆ[41] ਬਾਰੇ ਨਹੀਂ ਸੀ ਪੜ੍ਹਦਾ[42], ਕਿਉਂਕਿ ਉਹ ਦਵੈਤ-ਭਾਵ[43] ਨੂੰ ਨਹੀਂ ਸੀ ਜਾਣਦਾ[44]।
ਸਤਿਗੁਰੁ ਭੇਟਿਐ[45] ਨਿਰਮਲੁ[47]ਹੋਆ ਅਨਦਿਨੁ[48] ਨਾਮੁ ਵਖਾਣੈ[49] ॥	On meeting[45] the True Guru, he become pure[47], and uttered[49] God's Name night and day[48].	ਸੱਚੇ ਗੁਰੂ ਨੂੰ ਮਿਲ[45] ਪੈਣ ਤੇ ਉਹ ਪਵਿੱਤ੍ਰ[47] ਹੋ ਗਿਆ ਅਤੇ ਰੈਣ ਦਿਹੁੰ[48] ਉਹ ਨਾਮ ਦਾ ਉਚਾਰਣ[49] ਕਰਦਾ ਸੀ।
ਏਕੋ[50] ਪੜੈ[51] ਏਕੋ[52] ਨਾਉ[53] ਬੂਝੈ[54] ਦੂਜਾ[55] ਅਵਰੁ[56] ਨ ਜਾਣੈ[57] ॥ ੪ ॥	He read[51] only of One[50] God, realised[54] but One[52] Name[53] and knew[57] no other[56] second[55].	ਉਹ ਕੇਵਲ ਇਕ[50] ਪਰਮਾਤਮਾ ਨੂੰ ਵਾਚਦਾ[51] ਸੀ, ਸਿਰਫ਼ ਇਕੱਲੇ[52] ਨਾਮ[53] ਨੂੰ ਹੀ ਅਨੁਭਵ[54] ਕਰਦਾ ਸੀ ਤੇ ਹੋਰ ਕਿਸੇ[56] ਦੂਸਰੇ[55] ਨੂੰ ਨਹੀਂ ਸੀ ਸਿੰਞਾਣਦਾ[57]।

ਖਟੁ[58] ਦਰਸਨ[59] ਜੋਗੀ ਸੰਨਿਆਸੀ[60] ਬਿਨੁ ਗੁਰ ਭਰਮਿ[61] ਭੁਲਾਏ[62] ॥	The followers of six[58] schools of philosophy[59] (the Shastras) Yogis and solitarians[60] have gone astray[62] in doubt[61], without the Guru.	ਛਿਆਂ[58] ਫ਼ਲਸਫ਼ਿਆਂ[59] (ਛੇ ਸ਼ਾਸਤਰਾਂ) ਦੇ ਮੰਨਣ ਵਾਲ, ਯੋਗੀ ਅਤੇ ਇਕਾਂਤੀ[60], ਗੁਰਾਂ ਦੇ ਬਗ਼ੈਰ, ਸੰਦੇਹ[61] ਅੰਦਰ ਕੁਰਾਹੇ ਪਏ[62] ਹੋਏ ਹਨ।
ਸਤਿਗੁਰੁ ਸੇਵਹਿ[63] ਤਾ[64] ਗਤਿ[65] ਮਿਤਿ[66] ਪਾਵਹਿ[67] ਹਰਿ ਜੀਉ[68] ਮੰਨਿ[69] ਵਸਾਏ[70] ॥	If they serve[63] the True Guru, then[64] alone, do they find[67] salvation[65] and way[66] to the Lord and imbibe[70] reverend[68] God in their minds[69].	ਜੇਕਰ ਉਹ ਸੱਚੇ ਗੁਰਾਂ ਦੀ ਟਹਿਲ ਸੇਵਾ[63] ਕਰਨ, ਕੇਵਲ ਤਦ[64] ਹੀ ਉਹ ਮੋਖ਼ਸ਼[65] ਤੇ ਸਾਂਈ ਦੇ ਰਸਤੇ[66] ਨੂੰ ਪਾਉਂਦੇ[67] ਹਨ ਅਤੇ ਮਾਣਨੀਯ[68] ਹਰੀ ਨੂੰ ਆਪਣੇ ਚਿੱਤ[69] ਵਿਚ ਟਿਕਾ[70] ਲੈਂਦੇ ਹਨ।
ਸਚੀ ਬਾਣੀ[71] ਸਿਉ[72] ਚਿਤੁ[73] ਲਾਗੈ[74] ਆਵਣੁ ਜਾਣੁ[75] ਰਹਾਏ[76] ॥ ੫ ॥	With[72] the True Gurbani[71] their mind[73] is fixed[74] and their coming and going[75] cease[76].	ਸੱਚੀ ਗੁਰਬਾਣੀ[71] ਨਾਲ[72] ਉਨ੍ਹਾਂ ਦਾ ਮਨ[73] ਜੁੜ[74] ਜਾਂਦਾ ਹੈ ਅਤੇ ਉਨ੍ਹਾਂ ਦਾ ਆਉਣਾ ਤੇ ਜਾਣਾ[75] ਮੁਕ[76] ਜਾਂਦਾ ਹੈ।
ਪੰਡਿਤ[77] ਪੜਿ ਪੜਿ[78] ਵਾਦੁ[79] ਵਖਾਣਹਿ[80] ਬਿਨੁ ਗੁਰ ਭਰਮਿ[81] ਭੁਲਾਏ[82] ॥	By reading and studying[78], the Brahmans[77] set afoot[80] controversies[79], and without the Guru they go amiss[82] in scepticism[81].	ਵਾਚ ਤੇ ਘੋਖ[78] ਕੇ ਬ੍ਰਹਿਮਣ[77] ਬਹਿਸ-ਮੁਬਾਹਿਸੇ[79] ਖੜੇ[80] ਕਰਦੇ ਹਨ ਅਤੇ ਗੁਰਾਂ ਦੇ ਬਗ਼ੈਰ ਸ਼ੱਕ ਸ਼ੁਬ੍ਹੇ[81] ਅੰਦਰ ਘੁਸੇ[82] ਫਿਰਦੇ ਹਨ।
ਲਖ ਚਉਰਾਸੀਹ ਫੇਰੁ[83] ਪਇਆ[84] ਬਿਨੁ ਸਬਦੈ[85] ਮੁਕਤਿ[86] ਨ ਪਾਏ ॥	They go round[84] in the circuit[83] of eighty-four lakhs of existences and sans the Name[85] obtain not salvation[86].	ਉਹ ਚੁਰਾਸੀ ਲੱਖ ਜੂਨੀਆਂ ਦੇ ਗੇੜੇ[83] ਵਿਚ ਪੈ ਜਾਂਦੇ[84] ਹਨ ਅਤੇ ਨਾਮ[85] ਦੇ ਬਾਝੋਂ ਉਨ੍ਹਾਂ ਨੂੰ ਮੋਖ਼ਸ਼[86] ਦੀ ਪਰਾਪਤੀ ਨਹੀਂ ਹੁੰਦੀ।
ਜਾ[87] ਨਾਉ[88] ਚੇਤੈ[89] ਤਾ[90] ਗਤਿ[91] ਪਾਏ[95] ਜਾ[92] ਸਤਿਗੁਰੁ ਮੇਲਿ[93] ਮਿਲਾਏ[94] ॥ ੬ ॥	When[87] they remember[89] the Name[88] and when[92] the True Guru unites[94] them with Lord's union[93], then[90], do they attain[95] to emancipation[91].	ਜਦ[87] ਉਹ ਨਾਮ[88] ਦਾ ਅਰਾਧਨ[89] ਕਰਦੇ ਹਨ ਅਤੇ ਜਦ[92] ਸੱਚੇ ਗੁਰੂ ਉਨ੍ਹਾਂ ਨੂੰ ਸੁਆਮੀ ਦੇ ਮਿਲਾਪ[93] ਨਾਲ ਮਿਲਾਉਂਦੇ[94] ਹਨ, ਤਦ[90] ਉਹ ਕਲਿਆਣ[91] ਨੂੰ ਪਰਾਪਤ[95] ਹੁੰਦੇ ਹਨ।
੬੮	**68**	**੬੮**
ਸਤਸੰਗਤਿ[96] ਮਹਿ[97] ਨਾਮੁ ਹਰਿ ਉਪਜੈ[98] ਜਾ[99] ਸਤਿਗੁਰੁ ਮਿਲੈ[100] ਸੁਭਾਏ[2] ॥	When[99] by virtue of good[100] faith[2] the True Guru meets, the Name of God emanates[98] in[97] the saint's congregation[96].	ਜਦ[99] ਸ੍ਰੇਸ਼ਟ[100] ਸ਼ਰਧਾ[2] ਦੇ ਸਦਕੇ ਸੱਚੇ ਗੁਰੂ ਜੀ ਮਿਲਦੇ ਹਨ ਤਾਂ ਸਾਧਸੰਗਤ[96] ਅੰਦਰ[97] ਵਾਹਿਗੁਰੂ ਦਾ ਨਾਮ ਉਤਪੰਨ[98] ਹੁੰਦਾ ਹੈ।
ਮਨੁ[3] ਤਨੁ[4] ਅਰਪੀ[5] ਆਪੁ[6] ਗਵਾਈ[7] ਚਲਾ[8] ਸਤਿਗੁਰ ਭਾਏ[9] ॥	I offer[5] my soul[3] and body[4], give[7] up my self-conceit[6] and act[8] according to True Guru's Will[9].	ਮੈਂ ਆਪਣੀ ਆਤਮਾ[3] ਤੇ ਦੇਹਿ[4] ਸਮਰਪਣ[5] ਕਰਦਾ ਹਾਂ ਆਪਣੀ ਸਵੈ-ਹੰਗਤਾ[6] ਤਿਆਗਦਾ[7] ਹਾਂ ਤੇ ਸੱਚੇ ਗੁਰਾਂ ਦੀ ਰਜ਼ਾ[9] ਅਨੁਸਾਰ ਟੁਰਦਾ[8] ਹਾਂ।
ਸਦ[10] ਬਲਿਹਾਰੀ[11] ਗੁਰ ਅਪੁਨੇ ਵਿਟਹੁ[12] ਜਿ[13] ਹਰਿ ਸੇਤੀ[14] ਚਿਤੁ[15] ਲਾਏ[16] ॥੭॥	I am ever[10] a sacrifice[11] unto[12] my Guru who[13] attaches[16] my soul[15] with[14] the Lord.	ਮੈਂ ਹਮੇਸ਼ਾਂ[10] ਹੀ ਆਪਣੇ ਗੁਰਾਂ ਉਤੋਂ[12] ਕੁਰਬਾਨ[11] ਜਾਂਦਾ ਹਾਂ ਜੋ[13] ਮੇਰੀ ਆਤਮਾ[15] ਨੂੰ ਪ੍ਰਭੂ ਨਾਲ[14] ਜੋੜਦੇ[16] ਹਨ।
ਸੋ[17] ਬ੍ਰਾਹਮਣੁ ਬ੍ਰਹਮੁ[18] ਜੋ	He[17] is a Brahman who knows[19]	ਉਹੀ[17] ਬ੍ਰਹਿਮਣ ਹੈ ਜੋ ਸਾਹਿਬ[18] ਨੂੰ ਜਾਣਦਾ[19] ਹੈ

ਬਿੰਦੇ[19] ਹਰਿ ਸੇਤੀ[20] ਰੰਗਿ[21] ਰਾਤਾ[22] ॥	the Lord[18] and is imbued[22] with[20] the love[21] of God.	ਅਤੇ ਭਗਵਾਨ ਦੀ ਪ੍ਰੀਤ[21] ਨਾਲ[20] ਰੰਗਿਆ[22] ਹੋਇਆ ਹੈ।
ਪ੍ਰਭੁ ਨਿਕਟਿ[23] ਵਸੈ[29] ਸਭਨਾ[30] ਘਟ[24] ਅੰਤਰਿ[25] ਗੁਰਮੁਖਿ[26] ਵਿਰਲੈ[27] ਜਾਤਾ[28] ॥	The Lord abides[29] near[23] within[25] the hearts[24] of all[30]. Hardly any one[27] knows[28] Him, through the Guru[26].	ਸੁਆਮੀ ਸਾਰਿਆਂ[30] ਦੇ ਦਿਲਾਂ[24] ਅੰਦਰ[25] ਨੇੜੇ[23] ਹੀ ਰਹਿੰਦਾ[29] ਹੈ। ਕੋਈ ਟਾਂਵਾ ਟੱਲਾ[27] ਹੀ ਉਸ ਨੂੰ ਗੁਰਾਂ[26] ਦੇ ਰਾਹੀਂ ਜਾਣਦਾ[28] ਹੈ।
ਨਾਨਕ ਨਾਮੁ ਮਿਲੈ ਵਡਿਆਈ[31] ਗੁਰ ਕੈ ਸਬਦਿ[32] ਪਛਾਤਾ[33] ॥੮॥੫॥੨੨॥	Nanak by God's Name one receives honour[31], and by Gurbani[32] he recognises[33] the Lord.	ਨਾਨਕ ਹਰੀ ਨਾਮ ਦੁਆਰਾ ਆਦਮੀ ਨੂੰ ਇੱਜ਼ਤ[31] ਮਿਲਦੀ ਹੈ ਅਤੇ ਗੁਰਬਾਣੀ[32] ਦੁਆਰਾ ਉਹ ਸੁਆਮੀ ਨੂੰ ਸਿੰਞਾਣ[33] ਲੈਂਦਾ ਹੈ।
ਸਿਰੀਰਾਗੁ ਮਹਲਾ ੩ ॥	Sri Rag, Third Guru	ਸਿਰੀ ਰਾਗ, ਤੀਜੀ ਪਾਤਸ਼ਾਹੀ।
ਸਹਜੈ[34] ਨੋ ਸਭ[37] ਲੋਚਦੀ[35] ਬਿਨੁ[38] ਗੁਰ ਪਾਇਆ[36] ਨ ਜਾਇ ॥	All[37] long for[35] the state of Equipoise[34] but without[38] the Guru it cannot be obtained[36].	ਸਾਰੇ[37] ਅਡੋਲਤਾ[34] ਦੀ ਅਵਸਥਾ ਦੀ ਤਾਂਘ[35] ਕਰਦੇ ਹਨ, ਪ੍ਰੰਤੂ ਗੁਰਾਂ ਬਾਝੋਂ[38] ਇਹ ਪ੍ਰਾਪਤ[36] ਨਹੀਂ ਹੁੰਦੀ।
ਪੜਿ ਪੜਿ[39] ਪੰਡਿਤ ਜੋਤਕੀ[40] ਥਕੇ[44] ਭੇਖੀ[41] ਭਰਮ[42] ਭੁਲਾਇ[43] ॥	The Pandits and astrologers[40] have grown weary[44] of extensive reading[39] and the sectarians[41] go amiss[43] in scepticism[42].	ਪੰਡਤ ਤੇ ਜੋਤਸ਼ੀ[40] ਪੜ੍ਹ ਪੜ੍ਹ ਕੇ[39] ਹਾਰ ਹੁੱਟ[44] ਗਏ ਹਨ ਅਤੇ ਸੰਪ੍ਰਦਾਈ[41] ਵਹਿਮ[42] ਅੰਦਰ ਕੁਰਾਹੇ[43] ਪਏ ਹੋਏ ਹਨ !
ਗੁਰ ਭੇਟੇ[45] ਸਹਜੁ ਪਾਇਆ ਆਪਣੀ ਕਿਰਪਾ[46] ਕਰੇ[47] ਰਜਾਇ[48] ॥ ੧ ॥	If the Lord of Will[48] showers[47] His benediction[46] the state of Poise is attained by meeting[45] the Guru.	ਜੇਕਰ ਰਜ਼ਾ ਦਾ ਮਾਲਕ[48] ਆਪਣੀ ਰਹਿਮਤ[46] ਧਾਰੇ[47] ਤਾਂ ਗੁਰਾਂ ਨੂੰ ਮਿਲਣ[45] ਦੁਆਰਾ ਅਡੋਲ ਅਵਸਥਾ ਪਾਈ ਜਾਂਦੀ ਹੈ।
ਭਾਈ ਰੇ ਗੁਰ ਬਿਨੁ ਸਹਜੁ[49] ਨ ਹੋਇ ॥	O' Brother ! without the Guru, no Equipoise[49] can be obtained.	ਹੇ ਵੀਰ ! ਗੁਰਾਂ ਦੇ ਬਾਝੋਂ ਅਡੋਲਤਾ[49] ਪ੍ਰਾਪਤ ਨਹੀਂ ਹੋ ਸਕਦੀ।
ਸਬਦੈ[50] ਹੀ ਤੇ[54] ਸਹਜੁ ਊਪਜੈ[51] ਹਰਿ ਪਾਇਆ ਸਚੁ[52] ਸੋਇ[53] ॥੧॥ਰਹਾਉ॥	It is from[54] the Divine Word[50] that Poise proceeds[51] and that[53] True God[52] is obtained. Pause.	ਈਸ਼ਵਰੀ ਕਲਾਮ[50] ਤੋਂ[54] ਹੀ ਅਡੋਲਤਾ ਉਤਪੰਨ[51] ਹੁੰਦੀ ਹੈ, ਅਤੇ ਉਹ[53] ਸੱਚਾ ਵਾਹਿਗੁਰੂ[52] ਪ੍ਰਾਪਤ ਹੁੰਦਾ ਹੈ। ਠਹਿਰਾਉ।
ਸਹਜੇ[55] ਗਾਵਿਆ[56] ਥਾਇ[57] ਪਵੈ ਬਿਨੁ ਸਹਜੈ ਕਥਨੀ[58] ਬਾਦਿ[59] ॥	What is sung[56] in Divine comprehension[55] becomes acceptable[57]. Without Divine comprehension the recitation[58] is in vain[59].	ਜੋ ਕੁਛ ਰੱਬੀ ਗਿਆਤ[55] ਅੰਦਰ ਗਾਇਨ[56] ਕੀਤਾ ਜਾਂਦਾ ਹੈ, ਉਹ ਕਬੂਲ[57] ਪੈ ਜਾਂਦਾ ਹੈ। ਰੱਬੀ ਗਿਆਤ ਦੇ ਬਾਝੋਂ ਆਖਣਾ[58] ਬੇਫ਼ਾਇਦਾ[59] ਹੈ।
ਸਹਜੇ[60] ਹੀ ਭਗਤਿ[61] ਊਪਜੈ[62] ਸਹਜਿ ਪਿਆਰਿ[63] ਬੈਰਾਗਿ[64] ॥	It is by Divine knowledge[60] that devotion[61] emanates[62] and by Divine knowledge love[63] of God and detachment[64] from the world are produced.	ਬ੍ਰਹਿਮ ਗਿਆਨ[60] ਦੁਆਰਾ ਅਨੁਰਾਗ[61] ਉਤਪੰਨ[62] ਹੁੰਦਾ ਹੈ ਅਤੇ ਬ੍ਰਹਿਮ ਗਿਆਨ ਦੁਆਰਾ ਹੀ ਰੱਬ ਦੀ ਪ੍ਰੀਤ[63] ਤੇ ਸੰਸਾਰ ਵਲੋਂ ਉਪਰਾਮਤਾ[64] ਪੈਦਾ ਹੁੰਦੀਆਂ ਹਨ।
ਸਹਜੈ ਹੀ ਸੁਖੁ[65] ਸਾਤਿ[66] ਹੋਇ[67] ਬਿਨੁ ਸਹਜੈ ਜੀਵਣੁ[68]	From Divine knowledge bliss[65] and peace[66] ensue[67] and without Divine	ਬ੍ਰਹਿਮ ਗਿਆਨ ਤੋਂ ਹੀ ਖ਼ੁਸ਼ੀ[65] ਤੇ ਠੰਢ-ਚੈਨ[66] ਰਵਾਂ[67] ਹੁੰਦੇ ਹਨ ਅਤੇ ਬ੍ਰਹਿਮ-ਗਿਆਨ ਦੇ ਬਗ਼ੈਰ ਜ਼ਿੰਦਗੀ[68]

ਬਾਦਿ[69] ॥ ੨ ॥	knowledge the life[68] is in vain[69].	ਨਿਸਫਲ[69] ਹੈ ।
ਸਹਜਿ[70] ਸਾਲਾਹੀ[71] ਸਦਾ ਸਦਾ[72] ਸਹਜਿ ਸਮਾਧਿ[73] ਲਗਾਇ[74] ॥	In celestial repose[70], ever and ever[72], thou praise[71] the Lord and in celestial repose thou embrace[74] trance[73].	ਬੈਕੁੰਠੀ ਆਰਾਮ[70] ਅੰਦਰ ਮੈਂ, ਸਦੀਵ ਤੇ ਹਮੇਸ਼ਾ[72], ਸਾਈਂ ਦਾ ਜੱਸ[71] ਕਰਦਾ ਹਾਂ ਤੇ ਬੈਕੁੰਠੀ ਆਰਾਮ ਅੰਦਰ ਹੀ ਮੈਂ ਮਗਨਤਾ[73] ਅੰਦਰ ਲਗਦਾ[74] ਹਾਂ ।
ਸਹਜੇ ਹੀ ਗੁਣ[75] ਊਚਰੈ[77] ਭਗਤਿ[78] ਕਰੇ[79] ਲਿਵ ਲਾਇ[80] ॥	In Divine repose, mortal utters[77] God's praises[76] and lovingly[80] performs[79] His service[78].	ਬੈਕੁੰਠੀ ਆਰਾਮ ਅੰਦਰ ਪ੍ਰਾਣੀ ਵਾਹਿਗੁਰੂ ਦਾ ਜੱਸ[76] ਉਚਾਰਦਾ[77] ਅਤੇ ਪਿਆਰ ਨਾਲ[80] ਉਸ ਦੀ ਸੇਵਾ[78] ਕਮਾਉਂਦਾ[79] ਹੈ ।
ਸਬਦੇ[81] ਹੀ ਹਰਿ ਮਨਿ[82] ਵਸੈ[83] ਰਸਨਾ[84] ਹਰਿਰਸੁ[85] ਖਾਇ[86] ॥੩॥	Through the Word[81] God dwells[83] in the mind[82] and the tongue[84] tastes[86] God's Nectar[85].	ਸ਼ਬਦ ਦੁਆਰਾ[81] ਵਾਹਿਗੁਰੂ ਚਿਤ[82] ਅੰਦਰ ਟਿਕਦਾ[83] ਹੈ ਅਤੇ ਜਿਹਭਾ[84] ਵਾਹਿਗੁਰੂ ਅੰਮ੍ਰਿਤ[85] ਨੂੰ ਭੁੰਚਦੀ[86] ਹੈ ।
ਸਹਜੇ[87] ਕਾਲੁ[88] ਵਿਡਾਰਿਆ[89] ਸਚ[90] ਸਰਣਾਈ[91] ਪਾਇ[92] ॥	By entering[92] the sanctuary[91] of the True One[90], death[88] is easily[87] destroyed[89].	ਸਤਿਪੁਰਖ[90] ਦੀ ਸਰਣਾਗਤ[91] ਲੈਣ[92] ਦੁਆਰਾ, ਮੌਤ[88] ਸੁਖੈਨ[87] ਹੀ ਮਾਰੀ[89] ਜਾਂਦੀ ਹੈ ।
ਸਹਜੇ ਹਰਿਨਾਮੁ ਮਨਿ[93] ਵਸਿਆ[94] ਸਚੀ ਕਾਰ[95] ਕਮਾਇ[96] ॥	If the mortal practises[96] the true way of life[95], God's Name easily abides[94] in his mind[93].	ਜੇਕਰ ਜੀਵ ਸੱਚੀ ਜੀਵਣ ਰਹੁ-ਰੀਤ[95] ਦੀ ਕਮਾਈ[96] ਕਰੇ ਤਾਂ ਭਗਵਾਨ ਦਾ ਨਾਮ ਸੁਖੈਨ ਹੀ ਉਸ ਦੇ ਚਿੱਤ[93] ਵਿਚ ਟਿਕ[94] ਜਾਂਦਾ ਹੈ ।
ਸੇ[97] [98]ਵਡਭਾਗੀ[99] ਜਿਨੀ ਪਾਇਆ[100] ਸਹਜੇ ਰਹੇ ਸਮਾਇ[2] ॥ ੪ ॥	Exceedingly[98] fortunate[99] are they[97] who have found[100] God and easily remain absorbed[2] in Him.	ਬਹੁਤ[98] ਚੰਗੇ ਕਰਮਾਂ[99] ਵਾਲੇ ਹਨ ਉਹ[97] ਜਿਨ੍ਹਾਂ ਨੇ ਵਾਹਿਗੁਰੂ ਨੂੰ ਪਾ ਲਿਆ[100] ਹੈ ਅਤੇ ਸੁਖੈਨ ਹੀ ਉਸ ਦੇ ਅੰਦਰ ਲੀਨ[2] ਰਹਿੰਦੇ ਹਨ ।
ਮਾਇਆ[3] ਵਿਚਿ ਸਹਜੁ[4] ਨ ਊਪਜੈ[5] ਮਾਇਆ ਦੂਜੈ ਭਾਇ[6] ॥	In Maya (worldly attachment[3]) mental equilibrium[4] springs[5] not. The worldly attachment produces duality[6].	ਸੰਸਾਰੀ ਪਦਾਰਥਾਂ[3] ਅੰਦਰ ਆਤਮਕ ਟਿਕਾਉ[4] ਉਤਪੰਨ[5] ਨਹੀਂ ਹੁੰਦਾ । ਸੰਸਾਰੀ ਪਦਾਰਥ ਦਵੈਤ-ਭਾਵ[6] ਪੈਦਾ ਕਰਦੇ ਹਨ ।
ਮਨਮੁਖ[7] ਕਰਮ[8] ਕਮਾਵਣੇ[9] ਹਉਮੈ[10] ਜਲੈ ਜਲਾਇ[11] ॥	The wayward[7] perform[9] religious[8] rites but they are burnt down[11] by self-conceitedness[10].	ਆਪ-ਹੁਦਰੇ[7] ਭਾਵੇਂ ਧਾਰਮਕ ਸੰਸਕਾਰ[8] ਕਰਦੇ[9] ਹਨ ਪ੍ਰੰਤੂ ਸਵੈ-ਹੰਗਤਾ[10] ਉਨ੍ਹਾਂ ਨੂੰ ਸਾੜ[11] ਸੁੱਟਦੀ ਹੈ ।
ਜੰਮਣੁ ਮਰਣੁ[12] ਨ ਚੁਕਈ[13] ਫਿਰਿ ਫਿਰਿ[14] ਆਵੈ ਜਾਇ[15] ॥ ੫ ॥	Their birth and death[12] cease[13] not. They come and go[15] again and again[14].	ਉਨ੍ਹਾਂ ਦਾ ਜੰਮਣਾ ਤੇ ਮਰਣਾ[12] ਮੁਕਦਾ[13] ਨਹੀਂ । ਉਹ ਮੁੜ ਮੁੜ[14] ਕੇ ਆਉਂਦੇ ਤੇ ਜਾਂਦੇ[15] ਰਹਿੰਦੇ ਹਨ ।
ਤ੍ਰਿਹੁ[17] ਗੁਣਾ[18] ਵਿਚਿ ਸਹਜੁ[19] ਨ ਪਾਈਐ ਤ੍ਰੈ ਗੁਣ[20] ਭਰਮਿ[21] ਭੁਲਾਇ[22] ॥	In three[17] dispositions[18] Equipoise[19] is not obtained. The three modes[20] lead astray[22] the mortal in doubt[21].	ਤਿੰਨਾਂ[17] ਸੁਭਾਵਾਂ[18] ਅੰਦਰ ਆਤਮਕ ਟਿਕਾ[19] ਪ੍ਰਾਪਤ ਨਹੀਂ ਹੁੰਦਾ । ਤਿੰਨੇ ਹਾਲਤਾਂ[20] ਪ੍ਰਾਣੀ ਨੂੰ ਵਹਿਮ[21] ਅੰਦਰ ਕੁਰਾਹੇ ਪਾਉਂਦੀਆਂ[22] ਹਨ ।
ਪੜੀਐ[23] ਗੁਣੀਐ[24] ਕਿਆ[25] ਕਥੀਐ[26] ਜਾ[27] ਮੁੰਢਹੁ[28] ਘੁਥਾ ਜਾਇ[29] ॥	What[25] do reading[23], studying[24], and talking[26] avail a man if[27] he misses[29] the very Origin[28]?	ਆਦਮੀ ਨੂੰ ਪੜ੍ਹਨ[23], ਘੋਖਣ[24] ਤੇ ਬੋਲਣ[26] ਦਾ ਕੀ ਲਾਭ[25] ਹੈ ਜੇਕਰ ਉਹ ਐਨ ਮੂਲ[28] ਨੂੰ ਹੀ ਘੁਸ[27] ਜਾਵੇ ?

ਚਉਥੇ ਪਦ[30] ਮਹਿ[31] ਸਹਜੁ[32] ਹੈ ਗੁਰਮੁਖਿ[33] ਪਲੈ[33*] ਪਾਇ[34] ॥	In[31] the fourth state[30] there is Spiritual Bliss[32] and the Guruwards[33] obtain[34] it in their sheet[33*].	ਚੌਥੀ ਅਵਸਥਾ[30] ਅੰਦਰ[31] ਰੂਹਾਨੀ ਪਰਸੰਨਤਾ[32] ਹੈ ਅਤੇ ਗੁਰੂ ਅਨੁਸਾਰੀ[33] ਇਸ ਨੂੰ ਝੋਲੀ ਵਿਚ[33*] ਪ੍ਰਾਪਤ[34] ਕਰਦੇ ਹਨ ।
ਨਿਰਗੁਣ[35] ਨਾਮੁ ਨਿਧਾਨੁ[36] ਹੈ ਸਹਜੇ[37] ਸੋਝੀ[38] ਹੋਇ ॥	In the Name of the attributeless Lord[35] there is treasure[36]. Through Divine comprehension[37] Knowledge[38] is obtained.	ਲਛਣਾ-ਰਹਿਤ[35] ਸੁਆਮੀ ਦੇ ਨਾਮ ਵਿਚ ਖ਼ਜ਼ਾਨਾ[36] ਹੈ । ਬ੍ਰਹਿਮ ਗਿਆਤ[37] ਰਾਹੀਂ ਗਿਆਨ[38] ਹੁੰਦਾ ਹੈ ।
ਗੁਣਵੰਤੀ[39] ਸਾਲਾਹਿਆ[40] ਸਚੇ[41] ਸਚੀ[42] ਸੋਇ[43] ॥	The virtuous[39], praise[40] God saying "True[42] is the reputation[43] of the True One[41]".	ਨੇਕੀ ਨਿਪੁੰਨ[39] ਹਰੀ ਦੀ ਪ੍ਰਸੰਸਾ[40] ਕਰਦੀਆਂ ਆਖਦੀਆਂ ਹਨ, "ਸੱਚੀ[42] ਹੈ ਸ਼ੁਹਰਤ[43] ਸਤਿਪੁਰਖ[41] ਦੀ ।"
ਭੁਲਿਆ[44] ਸਹਜਿ[45] ਮਿਲਾਇਸੀ[46] ਸਬਦਿ[47] ਮਿਲਾਵਾ[48] ਹੋਇ[49] ॥੭॥	The Lord[45] unites[46] even the strayers[44]. It is through the Name[47] that union[48] is accomplished[49].	ਘੁਥਿਆਂ[44] ਹੋਇਆਂ ਨੂੰ ਭੀ ਸਾਹਿਬ[45] ਮਿਲਾ[46] ਲੈਂਦਾ ਹੈ । ਨਾਮ[47] ਦੇ ਰਾਹੀਂ ਹੀ ਮਿਲਾਪ[48] ਹੁੰਦਾ[49] ਹੈ ।
ਬਿਨੁ ਸਹਜੈ[50] ਸਭੁ ਅੰਧੁ[51] ਹੈ ਮਾਇਆ[52] ਮੋਹੁ[53] ਗੁਬਾਰੁ[54] ॥	Without Divine Knowledge[50] all are blind[51]. The love[53] of mammon[52] is pitch darkness[54].	ਬ੍ਰਹਿਮ ਗਿਆਨ[50] ਦੇ ਬਾਝੋਂ ਸਾਰੇ ਅੰਨ੍ਹੇ[51] ਹਨ । ਮੋਹਨੀ[52] ਦੀ ਮਮਤਾ[53] ਅਨ੍ਹੇਰ-ਘੁੱਪ[54] ਹੈ ।
ਸਹਜੇ ਹੀ ਸੋਝੀ[55] ਪਈ[56] ਸਚੈ ਸਬਦਿ[57] ਅਪਾਰਿ[58] ॥	Through Divine Knowledge understanding[55] of the Infinite[58] True Lord[57] is obtained[56].	ਬ੍ਰਹਿਮ-ਗਿਆਨ ਦੇ ਰਾਹੀਂ ਅਨੰਤ[58] ਸਚੇ ਸੁਆਮੀ[57] ਦੀ ਸਮਝ[55] ਆ ਜਾਂਦੀ[56] ਹੈ ।
ਆਪੇ[59] ਬਖਸਿ[60] ਮਿਲਾਇਨੁ[61] ਪੂਰੇ[62] ਗੁਰ ਕਰਤਾਰਿ[63] ॥੮॥	Himself[59] granting pardon[60] the Perfect[62] Guru unites[61] man with the Creator[63].	ਖ਼ੁਦ[59] ਮਾਫ਼ੀ[60] ਦੇ ਕੇ ਪੂਰਨ[62] ਗੁਰੂ ਜੀ ਇਨਸਾਨ ਨੂੰ ਸਿਰਜਣਹਾਰ[63] ਨਾਲ ਮਿਲਾ[61] ਦਿੰਦੇ ਹਨ ।
ਸਹਜੇ[64] ਅਦਿਸਟੁ[65] ਪਛਾਣੀਐ[66] ਨਿਰਭਉ[67] ਜੋਤਿ[68] ਨਿਰੰਕਾਰੁ[69] ॥	Through Equipoise[64] the Unseen[65], Fearless[67], Luminous[68] and Formless[69] Lord is recognised[66].	ਆਤਮਕ ਟਿਕਾਉ[64] ਰਾਹੀਂ ਅਡਿੱਠ[65], ਭੈ-ਰਹਿਤ,[67] ਪ੍ਰਕਾਸ਼ਵਾਨ[68] ਅਤੇ ਆਕਾਰ-ਰਹਿਤ[69] ਸੁਆਮੀ ਸਿੰਞਾਣਿਆ[66] ਜਾਂਦਾ ਹੈ ।
ਸਭਨਾ[70] ਜੀਆ[71] ਕਾ ਇਕੁ[72] ਦਾਤਾ[73] ਜੋਤੀ[74] ਜੋਤਿ[75] ਮਿਲਾਵਣਹਾਰੁ[76] ॥	Of all[70] the beings[71], there is but One[72] Bestower[73]. The Luminous[74] Lord is the blender[76] of man's light[75] with Himself.	ਸਮੂਹ[70] ਜੀਵਾਂ[71] ਦਾ ਕੇਵਲ ਇਕੋ[72] ਹੀ ਦਾਤਾਰ[73] ਹੈ ! ਪ੍ਰਕਾਸ਼ਵਾਨ[74] ਪ੍ਰਭੂ ਮਨੁੱਖੀ ਚਾਨਣ[75] ਨੂੰ ਆਪਣੇ ਨਾਲ ਮਿਲਾਉਣ ਵਾਲਾ[76] ਹੈ ।
ਪੂਰੇ[77] ਸਬਦਿ[78] ਸਲਾਹੀਐ[79] ਜਿਸ ਦਾ ਅੰਤੁ[80] ਨ ਪਾਰਾਵਾਰੁ[81] ॥੯॥	By means of the Perfect[77] Word[78], praise[79] thou the Lord, who has no limit[80] and this or that[81] end.	ਪੂਰਨ[77] ਸ਼ਬਦ[78] ਦੇ ਜ਼ਰੀਏ ਤੂੰ ਉਸ ਸਾਹਿਬ ਦੀ ਕੀਰਤੀ[79] ਕਰ ਜਿਸ ਦਾ ਕੋਈ ਓੜਕ[80] ਤੇ ਉਰਲਾ ਜਾਂ ਪਾਰਲਾ[81] ਕਿਨਾਰਾ ਨਹੀਂ ।
ਗਿਆਨੀਆ[82] ਕਾ ਧਨੁ[83] ਨਾਮੁ ਹੈ ਸਹਜਿ[84] ਕਰਹਿ[85] ਵਾਪਾਰੁ[86] ॥	The Wise-in-God[82] have Lord's Name as their wealth[83] and through poise[84] do they have[85] traffic[86] with Him.	ਬ੍ਰਹਿਮ ਬੇਤਿਆਂ[82] ਦੀ ਦੌਲਤ[83] ਸੁਆਮੀ ਦਾ ਨਾਮ ਹੈ । ਅਡੋਲਤਾ[84] ਰਾਹੀਂ ਉਹ ਉਸ ਨਾਲ ਵਣਜ[86] ਕਰਦੇ[85] ਹਨ ।

ਅਨਦਿਨੁ[87] ਲਾਹਾ[88] ਹਰਿਨਾਮੁ ਲੈਨਿ[89] ਅਖੁਟ[90] ਭਰੇ[91] ਭੰਡਾਰ[92] ॥

By night[87] and day, they receive[89] the profit[88] of God's Name whose treasures[92] are brimful[91] and inexhaustible[90].

ਰੈਣ[87] ਦਿਹੁੰ ਉਹ ਵਾਹਿਗੁਰੂ ਦੇ ਨਾਮ ਦਾ ਲਾਭ[88] ਲੈਂਦੇ[89] ਹਨ ਜਿਸ ਦੇ ਖ਼ਜ਼ਾਨੇ[92] ਭਰਪੂਰ[91] ਅਤੇ ਅਤੁੱਟ[90] ਹਨ।

੬੯ — 69

ਨਾਨਕ ਤੋਟਿ[93] ਨ ਆਵਈ[94] ਦੀਏ[95] ਦੇਵਣਹਾਰਿ[96] ॥ ੧੦ ॥ ੬ ॥ ੨੩ ॥

Nanak, when the Giver[96] gives[95], there occurs[94] no deficiency[93].

ਨਾਨਕ, ਜਦ ਦੇਣ ਵਾਲਾ[96] ਦਿੰਦਾ[95] ਹੈ, ਤਦ ਕੋਈ ਕਮੀ[93] ਨਹੀਂ ਵਾਪਰਦੀ[94]।

ਸਿਰੀਰਾਗੁ ਮਹਲਾ ੩ ॥

Sri Rag, Third Guru.

ਸਿਰੀ ਰਾਗ, ਤੀਜੀ ਪਾਤਸ਼ਾਹੀ।

ਸਤਿਗੁਰਿ ਮਿਲਿਐ[97] ਫੇਰੁ[98] ਨ ਪਵੈ ਜਨਮ[99] ਮਰਣ[100] ਦੂਖੁ[2] ਜਾਇ[3] ॥

By meeting[97] the Sat Guru one is not cast to the round[98] and his pain[2] of birth[99] and death[100] is removed[3].

ਸੱਚੇ ਗੁਰਾਂ ਨੂੰ ਭੇਟਣ[97] ਦੁਆਰਾ ਆਦਮੀ ਗੇੜੇ[98] ਵਿਚ ਨਹੀਂ ਪੈਂਦਾ ਅਤੇ ਉਸ ਦੀ ਪੈਦਾਇਸ਼[99] ਤੇ ਮੌਤ[100] ਦੀ ਪੀੜ[2] ਦੂਰ[3] ਹੋ ਜਾਂਦੀ ਹੈ।

ਪੂਰੈ[4] ਸਬਦਿ[5] ਸਭ ਸੋਝੀ[6] ਹੋਈ ਹਰਿਨਾਮੇ ਰਹੈ ਸਮਾਇ[7] ॥ ੧ ॥

Through perfect[4] Guru's Word[5] entire understanding[6] is gained, and man remains absorbed[7] in God's Name.

ਪੂਰਨ ਗੁਰਾਂ[4] ਦੇ ਸ਼ਬਦ[5] ਦੁਆਰਾ ਸਾਰੀ ਸਮਝ[6] ਆ ਜਾਂਦੀ ਹੈ ਅਤੇ ਆਦਮੀ ਵਾਹਿਗੁਰੂ ਦੇ ਨਾਮ ਵਿਚ ਲੀਨ[7] ਰਹਿੰਦਾ ਹੈ।

ਮਨ[8] ਮੇਰੇ ਸਤਿਗੁਰ ਸਿਉ[9] ਚਿਤੁ[10] ਲਾਇ[11] ॥

O' my mind[8]! fix[11] thy attention[10] with[9] (on) the True Guru.

ਹੇ ਮੇਰੀ ਜਿੰਦੜੀਏ[8]! ਆਪਣੀ ਬ੍ਰਿਤੀ[10] ਸੱਚੇ ਗੁਰਾਂ ਨਾਲ[9] (ਉਤੇ) ਜੋੜ[11]।

ਨਿਰਮਲੁ[12] ਨਾਮੁ ਸਦ[13] ਨਵਤਨੋ[14] ਆਪਿ[15] ਵਸੈ[16] ਮਨਿ[17] ਆਇ[18] ॥ ੧ ॥ ਰਹਾਉ ॥

The immaculate[12] and ever[13] fresh[14] Name, of Itself[15], comes[18] and abides[16] within the saint's mind[17]. Pause.

ਪਵਿੱਤ੍ਰ[12] ਅਤੇ ਸਦੀਵੀ[13] ਤਰੋਤਾਜ਼ਾ[14] ਨਾਮ, ਖ਼ੁਦ-ਬ-ਖ਼ੁਦ[15] ਆ[18] ਕੇ ਸਾਧੂ ਦੇ ਚਿਤ[17] ਅੰਦਰ ਟਿਕ[16] ਜਾਂਦਾ ਹੈ। ਠਹਿਰਾਉ।

ਹਰਿ ਜੀਉ[19] ਰਾਖਹੁ ਅਪੁਨੀ ਸਰਣਾਈ[20] ਜਿਉ[21] ਰਾਖਹਿ[22] ਤਿਉ ਰਹਣਾ ॥

O' venerable[19] God! keep me in Thine sanctuary[20], where-in I shall live as[21] Thou shalt keep[22] me.

ਹੇ ਮਾਣਨੀਯ[19] ਵਾਹਿਗੁਰੂ! ਮੈਨੂੰ ਆਪਣੀ ਸ਼ਰਣਾਗਤ[20] ਵਿਚ ਰੱਖ, ਜਿਸ ਅੰਦਰ ਮੈਂ ਉਸ ਤਰ੍ਹਾਂ ਰਹਾਂਗਾ, ਜਿਸ ਤਰ੍ਹਾਂ[21] ਤੂੰ ਮੈਨੂੰ ਰਖੇਂਗਾ[22]।

ਗੁਰ ਕੈ ਸਬਦਿ[23] ਜੀਵਤੁ ਮਰੈ[24] ਗੁਰਮੁਖਿ[25] [26]ਭਵਜਲੁ[27] ਤਰਣਾ[28] ॥ ੨ ॥

Through Guru's Word[23] the pious person[25] remains dead in life[24] and thus swims across[28] the dreadful[26] ocean[27] of the World.

ਗੁਰਾਂ ਦੇ ਉਪਦੇਸ਼[23] ਦੁਆਰਾ ਪਵਿੱਤ੍ਰ ਪੁਰਸ਼[25] ਜੀਉਂਦੇ ਜੀ ਮਰਿਆ[24] ਰਹਿੰਦਾ ਹੈ ਅਤੇ ਇਸ ਤਰ੍ਹਾਂ ਭਿਆਨਕ[26] ਸੰਸਾਰ ਸਮੁੰਦਰ[27] ਤੋਂ ਪਾਰ[28] ਹੋ ਜਾਂਦਾ ਹੈ।

ਵਡੈ[29] ਭਾਗਿ[30] ਨਾਉ ਪਾਈਐ[34] ਗੁਰਮਤਿ[31] ਸਬਦਿ[32] ਸੁਹਾਈ[33] ॥

By great[29] good fortune[30] man receives[34] the Name, and by Guru's wisdom[31], enshrined in Gurbani[32], he looks beauteous[33].

ਭਾਰੇ[29] ਚੰਗੇ ਨਸੀਬਾਂ[30] ਦੁਆਰਾ ਬੰਦੇ ਨੂੰ ਨਾਮ ਪਰਾਪਤ[34] ਹੁੰਦਾ ਹੈ ਅਤੇ ਗੁਰਾਂ ਦੀ ਅਕਲ[31] ਦੁਆਰਾ, ਗੁਰਬਾਣੀ[32] ਅੰਦਰ ਟਿਕਿਆ ਹੋਇਆ, ਉਹ ਸੁੰਦਰ[33] ਦਿੱਸਦਾ ਹੈ।

ਆਪੇ[35] ਮਨਿ[36] ਵਸਿਆ[37] ਪ੍ਰਭੁ ਕਰਤਾ[38] ਸਹਜੇ[39]

Lord, the Creator[38], Himself[35] dwells[37] in his mind[36], and he remains absorb-

ਸਾਹਿਬ ਸਿਰਜਣਹਾਰ[38], ਖ਼ੁਦ[35] ਉਸਦੇ ਹਿਰਦੇ[36] ਅੰਦਰ ਟਿਕ[37] ਜਾਂਦਾ ਹੈ ਅਤੇ ਉਹ ਬੈਕੁੰਠੀ ਪਰਮ[39]-ਅਨੰਦ

ਰਹਿਆ ਸਮਾਈ[40] ॥ ੩ ॥	ed[40] in celestial beatitude[39].	ਵਿਚ ਲੀਨ[40] ਰਹਿੰਦਾ ਹੈ ।
ਇਕਨਾ[41] ਮਨਮੁਖਿ[42] ਸਬਦੁ[43]ਨ ਭਾਵੈ[44] ਬੰਧਨਿ[45] ਬੰਧਿ[46] ਭਵਾਇਆ[47] ॥	Some[41] egocentrics[42] like[44] not Lord's Name[43]. Loaded[46] with chains[45] they are goaded[47] into species.	ਕਈਆਂ[41] ਆਪ-ਹੁਦਰਿਆਂ[42] ਨੂੰ ਸਾਈਂ ਦਾ ਨਾਮ[43] ਚੰਗਾ[44] ਨਹੀਂ ਲੱਗਦਾ । ਸੰਗਲਾਂ[45] ਨਾਲ ਨਰੜ[46] ਕੇ ਉਹ ਜੂਨੀਆਂ ਅੰਦਰ ਧਕੇ[47] ਜਾਂਦੇ ਹਨ ।
ਲਖ ਚਉਰਾਸੀਹ ਫਿਰਿ[48] ਫਿਰਿ ਆਵੈ[49] ਬਿਰਥਾ[50] ਜਨਮੁ[51] ਗਵਾਇਆ[52]॥੪॥	They return[49] after repeatedly wandering[48] in eighty-four lakhs of existences and waste[52] their life[51] in vain[50].	ਉਹ ਚੁਰਾਸੀ ਲੱਖ ਜੂਨੀਆਂ ਅੰਦਰ ਬਾਰੰਬਾਰ[48] ਭਟਕ ਕੇ ਆਏ[49] ਹਨ ਅਤੇ ਆਪਣਾ ਜੀਵਨ[51] ਬੇਅਰਥ[50] ਵੰਞਾ[52] ਲੈਂਦੇ ਹਨ ।
ਭਗਤਾ[53] ਮਨਿ[58] ਆਨੰਦੁ[54] ਹੈ ਸਚੈ ਸਬਦਿ[55] ਰੰਗਿ[56] ਰਾਤੇ[57] ॥	Within the mind[58] of His devotees[53] there is bliss[54]. They are imbued[57] with the love[56] of the True Lord[55].	ਉਸ ਦੇ ਅਨੁਰਾਗੀਆਂ[53] ਦੇ ਹਿਰਦੇ ਅੰਦਰ[58] ਖੁਸ਼ੀ[54] ਹੈ । ਉਹ ਸੱਚੇ ਸੁਆਮੀ[55] ਦੀ ਪ੍ਰੀਤ[56] ਨਾਲ ਰੰਗੀਜੇ[57] ਹੋਏ ਹਨ ।
ਅਨਦਿਨੁ[58]*ਗੁਣ[59]ਗਾਵਹਿ[60] ਸਦ[61] ਨਿਰਮਲ[62] ਸਹਜੇ[63] ਨਾਮਿ ਸਮਾਤੇ[64] ॥ ੫ ॥	Night[58]* and day, they the Pure Ones[62] ever[61] sing[60] the praises[59] and are easily[63] absorbed[64] in His Name.	ਰੈਣ[58]* ਦਿਹੁੰ ਉਹ ਪਵਿੱਤ੍ਰ ਪੁਰਸ਼[62] ਹਮੇਸ਼ਾਂ[61] ਕੀਰਤੀ[59] ਗਾਇਨ[60] ਕਰਦੇ ਹਨ । ਅਤੇ ਸੁਖੇਨ[63] ਹੀ ਉਸ ਦੇ ਨਾਮ ਅੰਦਰ ਲੀਨ[64] ਹੋ ਜਾਂਦੇ ਹਨ ।
ਗੁਰਮੁਖਿ[65] ਅੰਮ੍ਰਿਤ[66] ਬਾਣੀ[67] ਬੋਲਹਿ[68] ਸਭ [69]ਆਤਮਰਾਮੁ[70] ਪਛਾਣੀ[71] ॥	The true Sikhs of the Guru[65] recite[68] the ambrosial[66] Word[67] and recongise[71] the Pervading Lord[70] amongst all the hearts[69].	ਗੁਰਾਂ ਦੇ ਸਚੇ[65] ਸਿਖ, ਅੰਮ੍ਰਿਤਮਈ[66] ਸ਼ਬਦ[67] ਦਾ ਪਾਠ[68] ਕਰਦੇ ਹਨ ਅਤੇ ਸਾਰਿਆਂ[69] ਦੇ ਦਿਲਾਂ ਅੰਦਰ ਵਿਆਪਕ ਸਾਹਿਬ[70] ਨੂੰ ਸਿੰਞਾਣਦੇ[71] ਹਨ ।
ਏਕੋ[72] ਸੇਵਨਿ[73] ਏਕੁ ਅਰਾਧਹਿ[74] ਗੁਰਮੁਖਿ[75] ਅਕਥ[76] ਕਹਾਣੀ[77] ॥ ੬ ॥	Only One[72] (God) do they serve[73], and One do they meditate[74] upon. Ineffable[76] is the discourse[77] of the true Sikhs[75] of the Guru.	ਕੇਵਲ ਇਕ[72] (ਵਾਹਿਗੁਰੂ) ਦੀ ਉਹ ਟਹਿਲ[73] ਕਮਾਉਂਦੇ ਹਨ ਤੇ ਇਕੋ ਦਾ ਹੀ ਉਹ ਸਿਮਰਨ[74] ਕਰਦੇ ਹਨ । ਅਕਹਿ[76] ਹੈ ਕਥਾ[77] ਗੁਰਾਂ ਦੇ ਸੱਚੇ[75] ਸਿੱਖਾਂ ਦੀ।
ਸਚਾ ਸਾਹਿਬੁ[78] ਸੇਵੀਐ[79] ਗੁਰਮੁਖਿ[80] ਵਸੈ[81] ਮਨਿ[82] ਆਇ[83] ॥	The Guruwards[80] serve[79] the True Lord[78], who comes[83] and takes abode[81] in their heart[82].	ਗੁਰੂ-ਅਨੁਸਾਰੀ[80] ਸਚੇ ਸੁਆਮੀ[78] ਦੀ ਸੇਵਾ ਕਮਾਉਂਦੇ[79] ਹਨ, ਜੋ ਆ[83] ਕੇ ਉਨ੍ਹਾਂ ਦੇ ਦਿਲ[82] ਅੰਦਰ ਟਿਕ[81] ਜਾਂਦਾ ਹੈ ।
ਸਦਾ[84] ਰੰਗਿ[85] ਰਾਤੇ[86] ਸਚ[87] ਸਿਉ[88] ਅਪੁਨੀ ਕਿਰਪਾ[89] ਕਰੇ[90] ਮਿਲਾਇ[91] ॥ ੭ ॥	They, ever[84] remain imbued[86] with[88] the love[85] of the True Being[87] who, by showering[90] His benediction[89], unites[91] them with Himself.	ਉਹ ਹਮੇਸ਼ਾਂ[84] ਹੀ ਸਤਿਪੁਰਖ[87] ਦੇ ਪਿਆਰ[85] ਨਾਲ[88] ਰੰਗੇ[86] ਰਹਿੰਦੇ ਹਨ, ਜੋ ਆਪਣੀ ਰਹਿਮਤ[89] ਨਿਛਾਵਰ[90] ਕਰਕੇ ਉਨ੍ਹਾਂ ਨੂੰ ਆਪਣੇ ਨਾਲ ਅਭੇਦ[91] ਕਰ ਲੈਂਦਾ ਹੈ ।
ਆਪੇ[92] ਕਰੇ ਕਰਾਏ[93] ਆਪੇ ਇਕਨਾ[94] ਸੁਤਿਆ[95] ਦੇਇ[96] ਜਗਾਇ[97] ॥	Of Himself[92] He does and of Himself He causes others[93] to do. Some[94] He blesses[96] by raising[97] them from slumber[95].	ਆਪ[92] ਉਹ ਕਰਦਾ ਹੈ ਅਤੇ ਆਪੇ ਹੀ ਕਰਾਉਂਦਾ[93] ਹੈ । ਕਈਆਂ[94] ਨੂੰ ਉਹ ਨੀਂਦਰੋਂ[95] ਜਗਾ[97] ਕੇ ਦਾਤ ਬਖ਼ਸ਼ਦਾ[96] ਹੈ ।
ਆਪੇ ਮੇਲਿ[98] ਮਿਲਾਇਦਾ[99] ਨਾਨਕ ਸਬਦਿ[100] ਸਮਾਇ[2] ॥ ੮ ॥ ੭ ॥ ੨੪ ॥	By merging[2] man in His Name[100], God Himself unites[99] him in His union[98].	ਆਦਮੀ ਨੂੰ ਆਪਣੇ ਨਾਮ[100] ਅੰਦਰ ਲੀਨ[2] ਕਰਕੇ ਵਾਹਿਗੁਰੂ ਖ਼ੁਦ ਉਸ ਨੂੰ ਆਪਣੇ ਮਿਲਾਪ[98] ਅੰਦਰ ਮਿਲਾ[99] ਲੈਂਦਾ ਹੈ ।

ਸਿਰੀਰਾਗੁ ਮਹਲਾ ੩ ॥	Sri Rag, Third Guru.	ਸਿਰੀ ਰਾਗ, ਤੀਜੀ ਪਾਤਸ਼ਾਹੀ।
ਸਤਿਗੁਰਿ ਸੇਵਿਐ[3] ਮਨੁ[4] ਨਿਰਮਲਾ[5] ਭਏ[6] ਪਵਿਤੁ[7] ਸਰੀਰੁ[8] ॥	By serving[3] the True Guru, mind[4] becomes stainless[5] and the body[8] is rendered[6] pure[7].	ਸੱਚੇ ਗੁਰਾਂ ਦੀ ਟਹਿਲ[3] ਕਮਾਉਣ ਦੁਆਰਾ ਚਿੱਤ[4] ਬੇ-ਦਾਗ਼[5] ਹੋ ਜਾਂਦਾ ਹੈ ਤੇ ਦੇਹਿ[8] ਪਵਿੱਤ੍ਰ[7] ਹੋ ਜਾਂਦੀ[6] ਹੈ।
ਮਨਿ[9] ਆਨੰਦੁ[10] ਸਦਾ ਸੁਖੁ[11] ਪਾਇਆ[12] ਭੇਟਿਆ[13] ਗਹਿਰ[14] ਗੰਭੀਰੁ[15] ॥	By meeting[13] the profound[14] and unfathomable[15] Master, happiness[10] and eternal peace[11] are received[12], in the heart[9].	ਡੂੰਘੇ[14] ਅਤੇ ਅਥਾਹ[15] ਮਾਲਕ ਨੂੰ ਮਿਲਣ[13] ਦੁਆਰਾ, ਖ਼ੁਸ਼ੀ[10] ਤੇ ਸਦੀਵੀ ਆਰਾਮ[11], ਦਿਲ[9] ਅੰਦਰ ਪ੍ਰਾਪਤ[12] ਹੋ ਜਾਂਦੇ ਹਨ।
ਸਚੀ ਸੰਗਤਿ[16] ਬੈਸਣਾ[17] ਸਚਿ[18] ਨਾਮਿ ਮਨੁ[19] ਧੀਰ[20] ॥ ੧ ॥	By sitting[17] in the true congregation[16], mental[19] consolation[20] of the True Name[18] is acquired.	ਸੱਚੇ ਸਤਿਸੰਗ[16] ਅੰਦਰ ਬੈਠਣ[17] ਦੁਆਰਾ ਸਤਿਨਾਮ[18] ਦਾ ਮਾਨਸਕ[19] ਧੀਰਜ[20] ਪ੍ਰਾਪਤ ਹੋ ਜਾਂਦਾ ਹੈ।
ਮਨ[24] ਰੇ[21] ਸਤਿਗੁਰੁ ਸੇਵਿ[22] ਨਿਸੰਗੁ[23] ॥	O'[21] my mind[24] ! do thou serve[22] the True Guru unhesitatingly[23].	ਹੇ[21] ਮੇਰੀ ਜਿੰਦੜੀਏ[24] ! ਤੂੰ ਨਿਧੜਕ[23] ਹੋ ਕੇ ਸੱਚੇ ਗੁਰਾਂ ਦੀ ਘਾਲ[22] ਕਮਾ।
ਸਤਿਗੁਰੁ ਸੇਵਿਐ ਹਰਿ ਮਨਿ[25] ਵਸੈ[26] ਲਗੈ[27] ਨ ਮੈਲੁ[28] ਪਤੰਗੁ[29] ॥ ੧ ॥ ਰਹਾਉ ॥	By serving the True Guru, God shall abide[26] within thy mind[25] and not even a particle[29] of filth[28] shall attach[27] to thee. Pause.	ਸੱਚੇ ਗੁਰਾਂ ਦੀ ਟਹਿਲ ਕਮਾਉਣ ਦੁਆਰਾ ਵਾਹਿਗੁਰੂ ਤੇਰੇ ਚਿੱਤ[25] ਅੰਦਰ ਟਿਕ[26] ਜਾਵੇਗਾ ਅਤੇ ਤੈਨੂੰ ਭੋਰਾ[29] ਭਰ ਭੀ ਗਿਲਾਜ਼ਤ[28] ਨਹੀਂ ਚਮੜੇਗੀ[27]। ਠਹਿਰਾਉ।
ਸਚੈ ਸਬਦਿ[30] ਪਤਿ[31] ਊਪਜੈ[32] ਸਚੇ[33] ਸਚਾ ਨਾਉ[34] ॥	Through True Word[30] springs[32] honour[31]. True is the Name[34] of the True Lord[33].	ਸੱਚੇ ਸ਼ਬਦ[30] ਰਾਹੀਂ ਇਜ਼ਤ[31] ਪੈਦਾ[32] ਹੁੰਦੀ ਹੈ। ਸੱਚੇ ਸੁਆਮੀ[33] ਦਾ ਨਾਮ[34] ਸੱਚਾ ਹੈ।
ਜਿਨੀ ਹਉਮੈ[35] ਮਾਰਿ[36] ਪਛਾਣਿਆ[37] ਹਉ ਤਿਨ ਬਲਿਹਾਰੈ[38] ਜਾਉ ॥	I am a sacrifice[38] unto those who still[36] their ego[35] and recognise[37] the Lord.	ਮੈਂ ਉਨ੍ਹਾਂ ਉਤੋਂ ਕੁਰਬਾਨ[38] ਜਾਂਦਾ ਹਾਂ ਜੋ ਆਪਣੀ ਹੰਗਤਾ[35] ਨੂੰ ਨਵਿਰਤ[36] ਕਰਦੇ ਅਤੇ ਸਾਹਿਬ ਨੂੰ ਸਿਞਾਣਦੇ[37] ਹਨ।
ਮਨਮੁਖ[39] ਸਚੁ[40] ਨ ਜਾਣਨੀ ਤਿਨ[43] ਠਉਰ[41] ਨ ਕਤਹੂ[42] ਥਾਉ[44] ॥ ੨ ॥	The perverse[39] know not the True Master[40]. They[43] find no shelter[41] or place[44] any where[42].	ਪ੍ਰਤੀਕੂਲ[39] ਸੱਚੇ ਮਾਲਕ[40] ਨੂੰ ਨਹੀਂ ਜਾਣਦੇ। ਉਨ੍ਹਾਂ[43] ਨੂੰ ਕੋਈ ਪਨਾਹ[41] ਜਾਂ ਜਗ੍ਹਾ[44] ਕਿਧਰੇ[42] ਨਹੀਂ ਲੱਭਦੀ।
ਸਚੁ ਖਾਣਾ[45] ਸਚੁ ਪੈਨਣਾ[46] ਸਚੇ[47] ਹੀ ਵਿਚਿ ਵਾਸੁ[48] ॥	Truth is the food[45] and Truth the dress[46] of the pious, and in the True One[47] they have their abode[48].	ਸੱਚ ਹੈ ਭੋਜਨ[45] ਤੇ ਸੱਚ ਹੀ ਹੈ ਪੁਸ਼ਾਕ[46] ਜਗਿਆਸੂਆਂ ਦੀ, ਅਤੇ ਸਤਿਪੁਰਖ[47] ਅੰਦਰ ਹੀ ਹੈ ਉਨ੍ਹਾਂ ਦਾ ਵਸੇਬਾ[48]।
ਸਦਾ[49] ਸਚਾ[50] ਸਾਲਾਹਣਾ[51] ਸਚੈ ਸਬਦਿ[52] ਨਿਵਾਸੁ[53] ॥	They ever[49] praise[51] the True Lord[50] and in the True Name[52] is their residence[53].	ਉਹ ਹਮੇਸ਼ਾ[49] ਸੱਚੇ[50] ਸੁਆਮੀ ਦੀ ਪ੍ਰਸੰਸਾ[51] ਕਰਦੇ ਹਨ ਅਤੇ ਸੱਚੇ ਨਾਮ[52] ਅੰਦਰ ਉਨ੍ਹਾਂ ਦਾ ਟਿਕਾਣਾ[53] ਹੈ।
ਸਭੁ[54] [55]ਆਤਮਰਾਮੁ[56] ਪਛਾਣਿਆ[57] ਗੁਰਮਤੀ[58] [59]ਨਿਜਘਰਿ[60] ਵਾਸੁ[61] ॥੩॥	Amongst all[54] they recognise[57] the pervading[55] Soul[56], and by Guru's instruction[58] they dwell[61] in their	ਸਾਰਿਆਂ[54] ਅੰਦਰ ਉਹ ਵਿਆਪਕ[55] ਰੂਹ[56] ਨੂੰ ਸਿੰਞਾਣਦੇ[57] ਹਨ ਅਤੇ ਗੁਰਾਂ ਦੇ ਉਪਦੇਸ਼[58] ਦੁਆਰਾ ਉਹ ਆਪਣੇ ਨਿਜ[59] ਦੇ ਗ੍ਰਿਹ[60] ਅੰਦਰ ਰਹਿੰਦੇ[61] ਹਨ।

	own[59] home[60].	
ਸਚੁ ਵੇਖਣੁ[62]ਸਚੁ ਬੋਲਣਾ[63] ਤਨੁ[64] ਮਨੁ[65] ਸਚਾ[66] ਹੋਇ[67] ॥	Truth they see[62], Truth they tell[63] and in their body[64] and soul[65] is that[67] True Master[66].	ਸੱਚ ਉਹ ਵੇਖਦੇ[62] ਹਨ, ਸੱਚ ਹੀ ਉਹ ਆਖਦੇ[63] ਹਨ ਅਤੇ ਉਨ੍ਹਾਂ ਦੀ ਦੇਹਿ[64] ਤੇ ਆਤਮਾ[65] ਅੰਦਰ ਉਹ[67] ਸੱਚਾ[66] ਮਾਲਕ ਹੀ ਹੈ।
ਸਚੀ ਸਾਖੀ[68] ਉਪਦੇਸੁ[69] ਸਚੁ ਸਚੇ[70] ਸਚੀ ਸੋਇ[71] ॥	True is their narration[68] and True their instruction[69]. Such True ones[70] have True reputation[71].	ਸੱਚੀ ਹੈ ਉਨ੍ਹਾਂ ਦੀ ਵਾਰਤਾ[68] ਅਤੇ ਸੱਚੀ ਉਨ੍ਹਾਂ ਦੀ ਸਿੱਖ-ਮੱਤ[69]। ਐਸੇ ਸਚਿਆਰਿਆਂ[70] ਦੀ ਸ਼ੁਹਰਤ[71] ਸੱਚੀ ਹੈ।
ਜਿੰਨੀ ਸਚੁ[72] ਵਿਸਾਰਿਆ[73] ਸੇ[74] ਦੁਖੀਏ[75] ਚਲੇ[76] ਰੋਇ[77] ॥ ੪ ॥	They[74], who have forgotten[73] the True One[72], are woe-begone[75] and depart[76] bewailing[77].	ਜਿਨ੍ਹਾਂ ਨੇ ਸਤਿਪੁਰਖ[72] ਨੂੰ ਭੁਲਾ[73] ਦਿਤਾ ਹੈ, ਉਹ[74] ਦੁਖਾਂਤ੍ਰ[75] ਹਨ ਅਤੇ ਵਿਰਲਾਪ[77] ਕਰਦੇ ਟੁਰ[76] ਜਾਂਦੇ ਹਨ।
ਸਤਿਗੁਰੁ ਜਿਨੀ ਨ ਸੇਵਿਓ[78] ਸੇ[79] ਕਿਤੁ[80] ਆਏ ਸੰਸਾਰਿ[81] ॥	What[80] for they[79], who have not served[78] the True Guru, have come in this world[81] ?	ਜਿਨ੍ਹਾਂ ਨੇ ਸੱਚੇ ਗੁਰਾਂ ਦੀ ਘਾਲ[78] ਨਹੀਂ ਘਾਲੀ ਉਹ[79] ਕਾਹਦੇ ਲਈ[80] ਇਸ ਜਹਾਨ[81] ਵਿਚ ਆਏ ਹਨ ?
ਜਮ[82] ਦਰਿ[83] ਬਧੇ[84] ਮਾਰੀਅਹਿ[85] ਕੂਕ[86] ਨ ਸੁਣੈ[87] ਪੂਕਾਰ[88] ॥	They are bound[84] and beaten[85] at death's[82] door[83], and none hears[87] their shrieks[86] and wails[88].	ਮੌਤ[82] ਦੇ ਬੂਹੇ[83] ਉਤੇ ਉਹ ਨਰੜ[84] ਕੇ ਪਟਕੇ[85] ਜਾਂਦੇ ਹਨ ਅਤੇ ਕੋਈ ਭੀ ਉਨ੍ਹਾਂ ਦੀਆਂ ਚੀਕਾਂ[86] ਤੇ ਵਿਰਲਾਪ[88] ਨਹੀਂ ਸੁਣਦਾ[87]।
੭੦	**70**	**੭੦**
ਬਿਰਥਾ[89] ਜਨਮੁ[90] ਗਵਾਇਆ[91] ਮਰਿ[92] ਜੰਮਹਿ[93] ਵਾਰੋ ਵਾਰ[94]॥੫॥	They lose[91] their life[90] in vain[89] and die[92], and are reborn[93] again and again[94].	ਉਹ ਆਪਣਾ ਜੀਵਨ[90] ਬੇਫ਼ਾਇਦਾ[89] ਗੁਆ[91] ਲੈਂਦੇ ਹਨ; ਅਤੇ ਮੁੜ ਮੁੜ[94] ਕੇ ਮਰਦੇ[92] ਤੇ ਜੰਮਦੇ[93] ਹਨ।
ਏਹੁ ਜਗੁ[95] ਜਲਤਾ[96] ਦੇਖਿ[97] ਕੈ ਭਜਿ[98] ਪਏ[99] ਸਤਿਗੁਰ ਸਰਣਾ[100] ॥	Beholding[97] this world[95] on fire[96], I hastened[98] and entered[99] Guru's sanctuary[100].	ਇਸ ਸੰਸਾਰ[95] ਨੂੰ ਸੜਦਾ[96] ਹੋਇਆ ਤੱਕ[97] ਕੇ, ਮੈਂ ਦੌੜ[98] ਕੇ ਸੱਚੇ ਗੁਰਾਂ ਦੀ ਪਨਾਹ[100] ਲੈ ਲਈ[99]।
ਸਤਿਗੁਰਿ ਸਚੁ[2] ਦ੍ਰਿੜਾਇਆ[3] ਸਦਾ[4] ਸਚਿ[5] ਸੰਜਮਿ[6] ਰਹਣਾ[7] ॥	The True Guru has impressed[3] upon me ever[4] to abide[7] in justice[2], truthfulness[5] and self-restraint[6].	ਸੱਚੇ ਗੁਰਾਂ ਨੇ ਮੈਨੂੰ ਹਮੇਸ਼ਾਂ[4] ਨਿਆਇ[2], ਸੱਚਾਈ[5] ਅਤੇ ਸਵੈ-ਕਾਬੂ[6] ਅੰਦਰ ਵੱਸਣਾ[7] ਨਿਸਚਿਤ[3] ਕਰਵਾ ਦਿੱਤਾ ਹੈ।
ਸਤਿਗੁਰੁ ਸਚਾ[8] ਹੈ ਬੋਹਿਥਾ[9] ਸਬਦੇ[10] [11]ਭਵਜਲੁ[12] ਤਰਣਾ[13] ॥ ੬ ॥	The True Guru is the right[8] ship[9]. By his instruction[10] man swims across[13] the dreadful[11] world-ocean[12].	ਸੱਚੇ ਗੁਰੂ ਜੀ ਦਰੁਸਤ[8] ਜਹਾਜ਼[9] ਹਨ। ਉਨ੍ਹਾਂ ਦੇ ਉਪਦੇਸ਼[10] ਦੁਆਰਾ ਇਨਸਾਨ ਭੈਦਾਇਕ[11] ਸੰਸਾਰ ਸਮੁੰਦਰ[12] ਤੋਂ ਪਾਰ ਹੋ[13] ਜਾਂਦਾ ਹੈ।
ਲਖ ਚਉਰਾਸੀਹ ਫਿਰਦੇ[14] ਰਹੇ ਬਿਨੁ ਸਤਿਗੁਰ ਮੁਕਤਿ[15] ਨ ਹੋਈ ॥	The mortals continue wandering[14] in eighty-four lakhs of existences and without the Guru they obtain not emancipation[15].	ਪ੍ਰਾਣੀ ਚੁਰਾਸੀ ਲੱਖ ਜੂਨੀਆਂ ਅੰਦਰ ਭਟਕਦੇ[14] ਰਹਿੰਦੇ ਹਨ ਅਤੇ ਗੁਰਾਂ ਦੇ ਬਾਝੋਂ ਉਹ ਮੋਖਸ਼[15] ਨੂੰ ਪਰਾਪਤ ਨਹੀਂ ਹੁੰਦੇ।
ਪੜਿ[16]ਪੜਿ ਪੰਡਿਤ ਮੋਨੀ[17] ਥਕੇ[18] ਦੂਜੈ ਭਾਇ[19] ਪਤਿ[20]	Tired[18] of extensive reading[16] have grown the Pandits and Men of silence[17].	ਘਣਾ ਪੜ੍ਹਨ[16] ਦੁਆਰਾ, ਪੰਡਤ ਤੇ ਚੁੱਪ[17] ਰਹਿਣੇ ਬੰਦੇ ਹਾਰ-ਹੁੱਟ[18] ਗਏ ਹਨ। ਦਵੈਤ-ਭਾਵ[19] ਵਿਚ

ਖੋਈ[21] ||	Being attached to duality[19] they lose[21] their honour[20].	ਹੋਣ ਕਰ ਕੇ ਉਹ ਆਪਣੀ ਇੱਜ਼ਤ[20] ਗੁਆ[21] ਲੈਂਦੇ ਹਨ।
ਸਤਿਗੁਰਿ ਸਬਦੁ[22] ਸੁਣਾਇਆ[23] ਬਿਨੁ ਸਚੇ[24] ਅਵਰੁ[25] ਨ ਕੋਈ || ੭ ||	The True Guru has preached[23] unto me the gospel[22], "Without the True Lord[24], there is no other[25]".	ਸੱਚੇ ਗੁਰਾਂ ਨੇ ਮੈਨੂੰ ਉਪਦੇਸ਼[22] ਦਿੱਤਾ[23] ਹੈ, "ਸੱਚੇ ਸਾਈਂ[24] ਦੇ ਬਗ਼ੈਰ ਹੋਰ[25] ਕੋਈ ਨਹੀਂ।"
ਜੋ ਸਚੈ[26] ਲਾਏ ਸੇ[27] ਸਚਿ[28] ਲਗੇ[29] ਨਿਤ[30] ਸਚੀ[31] ਕਾਰ[32] ਕਰੰਨਿ[33] ||	They[27], whom the True One[26] attaches, get attached[29] to the Truth[28] and ever[30] do[33] the right[31] deeds[32].	ਜਿਨ੍ਹਾਂ ਨੂੰ ਸਤਿਪੁਰਖ[26] ਜੋੜਦਾ ਹੈ, ਉਹ[27] ਸੱਚ[28] ਨਾਲ ਜੁੜ[29] ਜਾਂਦੇ ਹਨ ਅਤੇ ਸਦੀਵ[30] ਹੀ ਦਰੁਸਤ[31] ਕੰਮ[32] ਕਰਦੇ[33] ਹਨ।
ਤਿਨਾ[34] [35]ਨਿਜਘਰਿ[36] ਵਾਸਾ[37] ਪਾਇਆ[38] ਸਚੈ ਮਹਲਿ[39] ਰਹੰਨਿ[40] ||	They[34] acquire[38] abode[37] in their own[35] home[36] and dwell[40] in the True Palace[39].	ਉਹ[34] ਆਪਣੇ ਨਿੱਜ[35] ਦੇ ਗ੍ਰਿਹ[36] ਅੰਦਰ ਵਸੇਬਾ[37] ਪਾ ਲੈਂਦੇ[38] ਹਨ ਅਤੇ ਮੰਦਰ[39] ਅੰਦਰ ਵਸਦੇ[40] ਹਨ।
ਨਾਨਕ ਭਗਤ[41] ਸੁਖੀਏ[42] ਸਦਾ[43] ਸਚੈ ਨਾਮਿ[44] ਰਚੰਨਿ[45] ||੮||੧੭||੮||੨੫||	Nanak, the saints[41] are ever[43] happy[42]. They get absorbed[45] in the True Name[44].	ਨਾਨਕ, ਸੰਤ[41] ਮੇਸ਼ਾਂ[43] ਹੀ ਖ਼ੁਸ਼[42] ਵਿਚਰਦੇ ਹਨ। ਉਹ ਸਤਿਨਾਮ[44] ਅੰਦਰ ਸਮਾ[45] ਜਾਂਦੇ ਹਨ।
ਸਿਰੀਰਾਗੁ ਮਹਲਾ ੫ ||	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ।
ਜਾ ਕਉ[46] ਮੁਸਕਲੁ[47] ਅਤਿ[48] ਬਣੈ[49] ਢੋਈ[50] ਕੋਇ ਨ ਦੇਇ[51] ||	He who[46] is confronted[49] with dire[48] difficulty[47] and whom none offers[51] any asylum[50],	ਉਹ ਜਿਸ[46] ਉਤੇ ਭਾਰੀ[48] ਔਕੜ[47] ਆ ਬਣਦੀ[49] ਹੈ ਅਤੇ ਜਿਸ ਨੂੰ ਕੋਈ ਪਨਾਹ[50] ਨਹੀਂ ਦਿੰਦਾ[51],
ਲਾਗੂ[52] ਹੋਏ[53] ਦੁਸਮਨਾ[54] ਸਾਕ[55] ਭਿ[56] ਭਜਿ ਖਲੇ[57]|| ਸਭੋ[58] ਭਜੈ[59] ਆਸਰਾ[60] ਚੁਕੈ[61] ਸਭੁ ਅਸਰਾਉ[62] ||	When friends[52] turn into[53] enemies[54] and even[56] the relations[55] flee away[57], and when all[58] the support[60] gives[59] way and all the succour[62] is at an end[61],	ਜਦ ਮਿਤ੍ਰ[52] ਵੈਰੀ[54] ਬਣ ਜਾਂਦੇ[53] ਹਨ ਅਤੇ ਰਿਸ਼ਤੇ-ਦਾਰ[55] ਭੀ[56] ਦੌੜ ਜਾਂਦੇ[57] ਹਨ ਅਤੇ ਸਮੂਹ[58] ਸਹਾਰਾ[60] ਟੁੱਟ[59] ਜਾਂਦਾ ਹੈ, ਤੇ ਸਾਰੀ ਮਦਦ[62] ਖ਼ਤਮ ਹੋ ਜਾਂਦੀ[61] ਹੈ,
ਚਿਤਿ[63] ਆਵੈ ਓਸੁ[64] ਪਾਰਬ੍ਰਹਮੁ[65] ਲਗੈ[66] ਨ ਤਤੀ[67] ਵਾਉ[68] || ੧ ||	If he[64] then remembers[63] the Supreme[65] Lord, even the hot[67] wind[68] shall not touch[66] him.	ਜੇਕਰ ਤਦ ਉਹ[64] ਸ਼੍ਰੋਮਣੀ ਸਾਹਿਬ[65] ਨੂੰ ਯਾਦ[63] ਕਰ ਲਵੇ ਤਾਂ ਉਸ ਨੂੰ ਗਰਮ[67] ਹਵਾ[68] ਭੀ ਨਹੀਂ ਛੂਹੇਗੀ[66]।
ਸਾਹਿਬੁ[69] ਨਿਤਾਣਿਆ[70] ਕਾ ਤਾਣੁ[71] ||	The Master[69] is the might[71] of the mightless[70].	ਮਾਲਕ[69] ਨਿਰਬਲਾਂ[70] ਦਾ ਬਲ[71] ਹੈ।
ਆਇ ਨ ਜਾਈ ਥਿਰੁ[72] ਸਦਾ[73] ਗੁਰਸਬਦੀ[74] ਸਚੁ[75] ਜਾਣੁ[76] || ੧ || ਰਹਾਉ ||	He comes and goes not and is ever[73] permanent[72]. By Guru's Word[74] know[76] Him as True[75]. Pause.	ਉਹ ਆਉਂਦਾ ਤੇ ਜਾਂਦਾ ਨਹੀਂ ਅਤੇ ਸਦੀਵੀ[73] ਸਥਿਰ[72] ਹੈ। ਗੁਰਾਂ ਦੇ ਸ਼ਬਦ[74] ਦੁਆਰਾ ਉਸ ਨੂੰ ਸਤਿ[75] ਸਮਝ[76]। ਠਹਿਰਾਉ।
ਜੇ[77] ਕੋ[78] ਹੋਵੈ ਦੁਬਲਾ[79] ਨੰਗ[80] ਭੁਖ[81] ਕੀ ਪੀਰ[82] || ਦਮੜਾ[83] ਪਲੈ[84] ਨ ਪਵੈ ਨਾ ਕੋ ਦੇਵੈ ਧੀਰ[85] ||	If[77] someone[78] be weak[79] from the pangs[82] of poverty[80] and hunger[81], and if he has got no money[83] in his pocket[84], and there be none to give him	ਜੇਕਰ[77] ਕੋਈ ਜਣਾ[78] ਕੰਗਾਲਤਾ[80] ਅਤੇ ਭੁੱਖ[81] ਦੇ ਦੁਖ ਦੀ ਪੀੜ[82] ਕਰਕੇ ਨਿਰਬਲ[79] ਹੋਵੇ ਅਤੇ ਜੇਕਰ ਉਸ ਦੀ ਜੇਬ[84] ਵਿਚ ਕੋਈ ਰੁਪਿਆ[83] ਪੈਸਾ ਨਾ ਹੋਵੇ ਅਤੇ ਉਸ ਨੂੰ ਕੋਈ ਭੀ ਧੀਰਜ ਦਲਾਸਾ[85] ਨਾ ਦੇਵੇ

ਸੁਆਰਥੁ[86] ਸੁਆਉ[87] ਨ ਕੋ ਕਰੇ ਨਾ ਕਿਛੁ ਹੋਵੈ[88] ਕਾਜੁ[89] ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ[90] ਹੋਵੈ ਰਾਜੁ[91] ॥ ੨ ॥

consolation[88], and if no one were to gratify his aim[86] and desire[87], and no work[89] of his be accomplished[88]; And if he in his heart, remembers the Supreme Lord, he shall have a permanent[90] kingdom[91].

ਅਤੇ ਜੇਕਰ ਕੋਈ ਭੀ ਉਸ ਦਾ ਮਨੋਰਥ[86] ਤੇ ਖ਼ਾਹਿਸ਼[87] ਪੂਰੀਆਂ ਨਾ ਕਰੇ ਤੇ ਉਸ ਦਾ ਕੋਈ ਕੰਮ[89] ਨੇਪਰੇ[88] ਨਾ ਚੜ੍ਹੇ; ਅਤੇ ਜੇਕਰ ਉਹ ਆਪਣੇ ਦਿਲ ਵਿਚ, ਸ਼੍ਰੋਮਣੀ ਸਾਹਿਬ ਦਾ ਸਿਮਰਨ ਕਰ ਲਵੇ ਤਾਂ ਉਸਨੂੰ ਮੁਸਤਕਿਲ[90] ਪਾਤਸ਼ਾਹੀ[91] ਪ੍ਰਾਪਤ ਹੋਵੇਗੀ ।

ਜਾ ਕਉ[92] ਚਿੰਤਾ[93] ਬਹੁਤੁ ਬਹੁਤੁ[94] ਦੇਹੀ[95] ਵਿਆਪੈ[96] ਰੋਗੁ[97] ॥
ਗ੍ਰਿਸਤਿ[98] ਕੁਟੰਬਿ[99] ਪਲੇਟਿਆ[100] ਕਦੇ[2] ਹਰਖੁ[3] ਕਦੇ ਸੋਗੁ[4] ॥ ਗਉਣੁ ਕਰੇ[5] ਚਹੁ ਕੁੰਟ[6] ਕਾ ਘੜੀ[7] ਨ ਬੈਸਣੁ[8] ਸੋਇ[9] ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ[10] ਮਨੁ[11] ਸੀਤਲੁ[12] ਹੋਇ ॥ ੩ ॥

He who[92] is plagued[96] by very excessive[94] anxiety[93] and bodily[95] ailment[97], He who is wrapped up[100] in household[98] and family[99] and sometimes[2] feels joy[3] and sometimes sorrow[4]; and wanders[5] in four directions[6] and cannot sit[8] or sleep[9] even for a moment[7]; Were he to reflect over the Supreme Lord, his body[10] and soul[11] shall be cooled[12] (rest at peace).

ਉਹ ਜੋ[92] ਪਰਮ ਘਣੇ[94] ਫ਼ਿਕਰ[93] ਤੇ ਸਰੀਰ[95] ਦੀ ਬੀਮਾਰੀ[97] ਦਾ ਸਤਾਇਆ[96] ਹੋਇਆ ਹੈ; ਉਹ ਜੋ ਘਰ ਬਾਰ[98] ਤੇ ਟੱਬਰ ਕਬੀਲੇ[99] ਵਿਚ ਲਪੇਟਿਆ[100] ਹੋਇਆ ਹੈ ਅਤੇ ਕਿਸੇ ਵੇਲੇ[2] ਖ਼ੁਸ਼ੀ[3] ਤੇ ਕਿਸੇ ਵੇਲੇ ਅਫ਼ਸੋਸ[4] ਮਹਿਸੂਸ ਕਰਦਾ ਹੈ; ਅਤੇ ਚੌਹੀਂ ਪਾਸੀਂ[6] ਭਟਕਦਾ[5] ਫਿਰਦਾ ਹੈ ਅਤੇ ਇਕ ਮੁਹਤ[7] ਭਰ ਲਈ ਭੀ ਬੈਠ[8] ਜਾਂ ਸੌਂ[9] ਨਹੀਂ ਸਕਦਾ; ਜੇਕਰ ਉਹ ਸ਼੍ਰੋਮਣੀ ਸਾਹਿਬ ਦਾ ਅਰਾਧਨ ਕਰੇ ਤਾਂ ਉਸ ਦੀ ਦੇਹਿ[10] ਤੇ ਆਤਮਾ[11] ਠੰਢੇ[12] (ਸ਼ਾਂਤ) ਹੋ ਜਾਂਦੇ ਹਨ ।

ਕਾਮਿ[13] ਕਰੋਧਿ[14] ਮੋਹਿ[15] ਵਸਿ[16] ਕੀਆ ਕਿਰਪਨ[17] ਲੋਭਿ[18] ਪਿਆਰੁ[19] ॥
ਚਾਰੇ ਕਿਲਵਿਖ[20] ਉਨਿ[21] ਅਘ[22] ਕੀਏ[23] ਹੋਆ ਅਸੁਰ[24] ਸੰਘਾਰੁ[25] ॥ ਪੋਥੀ[26] ਗੀਤ[27] ਕਵਿਤ[28] ਕਿਛੁ ਕਦੇ ਨ ਕਰਨਿ[29] ਧਰਿਆ[30] ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ[30†] ਸਿਮਰਤ ਤਰਿਆ[30*] ॥ ੪ ॥

Man may be in the power[16] of lust[13], wrath[14] and worldly love[15], and be a miser[17] through love[19] of greed[18]; He[21] may have committed[23] the four major sins[20] and other misdeeds[22]; And be a demon[24] to kill[25] and he may never have given[30] his ear[29] to sacred books[26], hymns[27] and poetry[28]. If he thinks of the Supreme Lord, then, by remembering Him even for a moment[30]†, he is saved[30*].

ਬੰਦਾ ਵਿਸ਼ੇ ਭੋਗ[13] ਗੁੱਸੇ[14] ਤੇ ਸੰਸਾਰੀ ਮਮਤਾ[15] ਦੇ ਅਖ਼ਤਿਆਰ[16] ਵਿਚ ਹੋਵੇ ਤੇ ਲਾਲਚ[18] ਦੀ ਪ੍ਰੀਤ[19] ਰਾਹੀਂ ਕੰਜੂਸ[17] ਹੋ ਗਿਆ ਹੋਵੇ; ਉਸ[21] ਨੇ ਚਾਰੇ ਹੀ ਬੱਜਰ ਪਾਪ[20] ਤੇ ਹੋਰ ਕੁਕਰਮ[22] ਕੀਤੇ[23] ਹੋਣ ਤੇ ਮਾਰ ਸੁੱਟਣ[25] ਲਈ ਉਹ ਰਾਖ਼ਸ਼[24] ਹੋਵੇ, ਅਤੇ ਪਵਿੱਤਰ ਪੁਸਤਕਾਂ[26], ਭਜਨ[27] ਤੇ ਕਵਿਤਾ[28] ਵੱਲ ਉਸ ਨੇ ਕਦਾਚਿੱਤ ਆਪਣਾ ਕੰਨ[29] ਹੀ ਨਾ ਕੀਤਾ[30] ਹੋਵੇ; ਜੇ ਉਹ ਸ਼੍ਰੋਮਣੀ ਸਾਹਿਬ ਨੂੰ ਚੇਤੇ ਕਰ ਲਵੇ ਤਦ ਉਸ ਨੂੰ ਇਕ ਮੁਹਤ[30]† ਭਰ ਲਈ ਅਰਾਧਨ ਨਾਲ ਉਹ ਪਾਰ ਉਤਰ[30*] ਜਾਂਦਾ ਹੈ ।

ਸਾਸਤ[31] ਸਿੰਮ੍ਰਿਤਿ[32] ਬੇਦ ਚਾਰਿ ਮੁਖਾਗਰ[33] ਬਿਚਰੇ[34] ॥

Though the mortal may repeat[34] by heart[33] (the six) treatises on philosophy[31], (twenty seven) ceremonial books[32] and the four Vedas;

ਭਾਵੇਂ ਪ੍ਰਾਣੀ ਫ਼ਲਸਫ਼ੇ ਦੇ (ਛੇ) ਗ੍ਰੰਥ[31], (ਸਤਾਈ) ਕਰਮਕਾਂਡੀ[32] ਪੁਸਤਕਾਂ ਅਤੇ ਚਾਰੇ ਵੇਦ ਮੂੰਹ ਜ਼ਬਾਨੀ[33] ਉਚਾਰਣ[34] ਕਰੇ;

ਤਪੇ[35] ਤਪੀਸਰ[36] ਜੋਗੀਆ

Though he may be a penitent[36], a

ਭਾਵੇਂ ਉਹ ਪਸਚਾਤਾਪੀ[35], ਵੱਡਾ ਰਿਸ਼ੀ[36] ਤੇ ਯੋਗੀ

ਤੀਰਥਿ[37] ਗਵਨੁ[38] ਕਰੇ ॥ ਖਟੁ[39]ਕਰਮਾ[40] ਤੇ ਦੁਗੁਣੇ[41] ਪੂਜਾ[42] ਕਰਤਾ[43] ਨਾਇ[43*] ॥

great sage[36] or a yogi and may visit[38] places of pilgrimage[37]; and though he may perform six[39] rites[40] twice over[41] and bathe[43*] and perform[43] worship[42];

ਹੋਵੇ, ਤੇ ਯਾਤ੍ਰਾ-ਅਸਥਾਨਾਂ[37] ਤੇ ਰਟਨ[38], ਕਰੇ ਅਤੇ ਭਾਵੇਂ ਉਹ ਛੇ[39] ਸੰਸਕਾਰਾਂ[40] ਨੂੰ ਦੂਹਰੀ[41] ਵਾਰ ਕਰੇ ਅਤੇ ਨ੍ਹਾ[43*] ਕੇ ਉਪਾਸ਼ਨਾ[42] ਕਰੇ[43];

ਰੰਗੁ[44] ਨ ਲਗੀ[45]ਪਾਰਬ੍ਰਹਮ ਤਾ[49] ਸਰਪਰ[46] ਨਰਕੇ[47] ਜਾਇ[48] ॥ ੫ ॥

Yet, if he has not embraced[45] love[44] for the Supreme Lord, he shall, assuredly[46], go[48] to hell[47] then[49].

ਫਿਰ ਭੀ ਜੇਕਰ ਉਸ ਦੀ ਪ੍ਰੀਤ[44] ਸ਼ਰੋਮਣੀ ਸਾਹਿਬ ਨਾਲ ਨਹੀਂ ਗੰਢੀ ਗਈ[45], ਤਦ[49], ਉਹ ਨਿਸਚਿਤ[46] ਹੀ ਦੋਜ਼ਖ਼[47] ਨੂੰ ਜਾਏਗਾ[48] ।

ਰਾਜ[50] ਮਿਲਕ[51] ਸਿਕਦਾਰੀਆ[52] ਰਸ[53] ਭੋਗਣ[54] ਬਿਸਥਾਰ[55] ॥

Though one may have empire[50], principality[51], lordship[52] and plentiful[55] enjoyments[54] of dainties[53];

ਭਾਵੇਂ ਆਦਮੀ ਕੋਲ ਬਾਦਸ਼ਾਹੀ[50], ਰਜਵਾੜਾ[51]; ਸਰਦਾਰੀ[52] ਅਤੇ ਘਨੇਰੇ[55] ਸੁਆਦਿਸ਼ਟ[53] ਅਨੰਦ[54] ਹੋਣ;

ਬਾਗ[56] ਸੁਹਾਵੇ[57] ਸੋਹਣੇ[58] ਚਲੈ[59] ਹੁਕਮੁ[60] ਅਫਾਰ[61]॥

He may have delightful[57] and beauteous[58] gardens[56] and he may issue[59] unchallengeable[61] orders[60];

ਉਸ ਪਾਸ ਮਨੋਹਰ[57] ਤੇ ਸੁੰਦਰ[58] ਚਮਨ[56] ਹੋਣ ਤੇ ਉਹ ਅਮੋੜ[61] ਫੁਰਮਾਨ[60] ਜਾਰੀ[59] ਕਰੇ;

ਰੰਗ[62] ਤਮਾਸੇ[63] ਬਹੁ[64] ਬਿਧੀ[65] ਚਾਇ[66] ਲਗਿ ਰਹਿਆ[67] ॥

and he may have revels[62] and entertainments[63] of many[64] sorts[65] and continue enjoying[67] buoyant pleasures[66];

ਉਸ ਕੋਲ ਅਨੇਕਾਂ[64] ਕਿਸਮਾਂ[65] ਦੀਆਂ ਰੰਗ-ਰਲੀਆਂ[62] ਤੇ ਦਿਲ ਬਹਿਲਾਵੇ[63] ਹੋਣ, ਅਤੇ ਉਹ ਉਮੰਗ-ਭਰੀਆਂ ਮੌਜ-ਬਹਾਰਾਂ[66] ਮਾਣਦਾ[67] ਰਹਿੰਦਾ ਹੋਵੇ;

ਚਿਤਿ[68] ਨ ਆਇਓ ਪਾਰਬ੍ਰਹਮੁ[69] ਤਾ[70] ਸਰਪ[71] ਕੀ ਜੂਨਿ[72] ਗਇਆ[73] ॥ ੬ ॥

Yet, if he muse[68] not over the Lofty-Lord[69], then[70], he shall go[73] (be born) in the serpent[71] species[72].

ਫਿਰ ਭੀ; ਜੇਕਰ ਉਹ ਉੱਚੇ ਸੁਆਮੀ[69] ਦਾ ਸਿਮਰਨ[68] ਨਹੀਂ ਕਰਦਾ, ਤਦ[70] ਉਹ ਸੱਪ[71] ਦੀਆਂ ਜੂਨੀਆਂ[72] ਅੰਦਰ ਜਾਵੇਗਾ[73] (ਜਨਮੇਗਾ) ।

ਬਹੁਤੁ[74] ਧਨਾਢਿ[75] ਅਚਾਰਵੰਤੁ[76] ਸੋਭਾ[77] ਨਿਰਮਲ[78] ਰੀਤਿ[79]

One may be very[74] wealthy[75] and of good conduct[76] and have spotless[78] reputation[77] and mode[79] of life;

ਬੰਦਾ ਘਣਾ[74] ਅਮੀਰ[75] ਤੇ ਚੰਗੇ ਚਾਲ ਚਲਣ ਵਾਲਾ[76] ਹੋਵੇ, ਅਤੇ ਉਸ ਦੀ ਬੇਦਾਗ਼[78] ਸ਼ੁਹਰਤ[77] ਤੇ ਜੀਵਨ ਰਹੁ-ਰੀਤੀ[79] ਹੋਵੇ;

ਮਾਤ[80] ਪਿਤਾ[81] ਸੁਤ[82] ਭਾਈਆ[83]ਸਾਜਨ[84] ਸੰਗਿ[85] ਪਰੀਤਿ[86] ॥ ਲਸਕਰ[87] [88]ਤਰਕਸਬੰਦ[89] ਬੰਦ[90] ਜੀਉ ਜੀਉ[91] ਸਗਲੀ[92] ਕੀਤ ॥

He may bear affection[86] with[85] his mother[80], father[81], sons[82], brothers[83] and friends[84], and he may possess weapons[88]-equipped[89]-army[87] and all[92] may salute[90] and welcome him[91] meekly;

ਉਸ ਦੀ ਆਪਣੀ ਅੰਮੜੀ,[80] ਬਾਬਲ,[81] ਪੁਤ੍ਰਾਂ,[82] ਵੀਰਾਂ[83] ਅਤੇ ਮਿੱਤਰਾਂ[84] ਨਾਲ[85] ਮੁਹੱਬਤ[86] ਹੋਵੇ, ਉਸ ਕੋਲਿ ਹਥਿਆਰ[89] ਬੰਦ[88] ਸੈਨਾ[87] ਹੋਵੇ; ਅਤੇ ਸਾਰੇ[92] ਉਸ ਨੂੰ ਸਲਾਮ ਕਰਦੇ[90] ਤੇ ਨਿਮ੍ਰਤਾ ਨਾਲ ਜੀ ਆਇਆਂ ਆਖਦੇ[91] ਹੋਣ;

੭੧ 71

ਚਿਤਿ ਨ ਆਇਓ ਪਾਰਬ੍ਰਹਮੁ ਤਾ[93] ਖੜਿ[94] ਰਸਾਤਲਿ[95] ਦੀਤ[96] ॥੭॥

Yet, if such man remembers not the Lofty Lord, he shall be taken[94] and consigned[96] to the hideous hell[95] then[93].

ਪ੍ਰੰਤੂ ਜੇਕਰ ਇਹੋ ਜਿਹਾ ਬੰਦਾ ਉੱਚੇ ਸਾਹਿਬ ਦਾ ਸਿਮਰਨ ਨਹੀਂ ਕਰਦਾ ਤਦ[93] ਉਸ ਨੂੰ ਲੈ ਜਾ[94] ਕੇ ਕੁੰਭੀ ਨਰਕ[95] ਸੁਟ ਦਿਤਾ[96] ਜਾਵੇਗਾ ।

ਕਾਇਆ[97] ਰੋਗੁ[98] ਨ[100] ਛਿਦ੍ਰੁ[99] ਕਿਛੁ ਨਾ ਕਿਛੁ

Man may possess body[97] free[100] from disease[98] and deformity[99] and may

ਆਦਮੀ ਦੀ ਕਿਸੇ ਬੀਮਾਰੀ[98] ਤੇ ਨੁਕਸ[99] ਤੋਂ ਬਿਨਾਂ[100] ਦੇਹੀ[97] ਹੋਵੇ ਅਤੇ ਉਸ ਨੂੰ ਕੋਈ ਦਿਲ ਦਾ ਸਾੜਾ[2]

ਕਾੜਾ[2] ਸੋਗੁ[3] ॥	have no heart-burning[2] and grief[3] ;	ਤੇ ਗ਼ਮ[3] ਨਾ ਹੋਵੇ ;
ਮਿਰਤੁ[4] ਨ ਆਵੀ ਚਿਤੁ[5] ਤਿਸੁ[6] [7]ਅਹਿਨਿਸਿ[8] ਭੋਗੈ[9] ਭੋਗੁ[10] ॥	He[6] may not think[5] of death[4], and day[7] and night[8] revel[9] in pleasures[10];	ਉਹ[6] ਮੌਤ[4] ਦਾ ਖ਼ਿਆਲ[5] ਤੱਕ ਭੀ ਨਾ ਕਰਦਾ ਹੋਵੇ ਅਤੇ ਦਿਨੂੰ[7] ਰੈਣ[8] ਮੌਜ ਬਹਾਰਾਂ[10] ਮਾਣਦਾ[9] ਹੋਵੇ; ਅਤੇ
ਸਭ ਕਿਛੁ[11] ਕੀਤੋਨੁ[12] ਆਪਣਾ[13] ਜੀਇ[14] ਨ ਸੰਕ[15] ਧਰਿਆ[16] ॥	and he may have made[12] everything[11] his own[13] and entertain[16] no mental[14] fear[15];	ਉਸ ਨੇ ਸਾਰੀ ਚੀਜ਼[11] ਆਪਣੀ ਨਿੱਜ[13] ਦੀ ਬਣਾ[12] ਲਈ ਹੋਵੇ ਅਤੇ ਉਸ ਦੇ ਮਨ[14] ਵਿਚ ਕੋਈ ਡਰ[15] ਭੀ ਨਾ ਹੋਵੇ[16];
ਚਿਤਿ ਨ ਆਇਓ ਪਾਰਬ੍ਰਹਮੁ ਜਮ[17] ਕੰਕਰ[18] ਵਸਿ[19] ਪਰਿਆ[20] ॥ ੮ ॥	If he remembers not the Lofty Lord, he shall fall[20] in the power[19] of death's[17] myrmidon[18].	ਜੇਕਰ ਉਹ ਉਚੇ ਸਾਹਿਬ ਨੂੰ ਯਾਦ ਨਹੀਂ ਕਰਦਾ ਤਾਂ ਉਹ ਮੌਤ[17] ਦੇ ਦੂਤ[18] ਦੇ ਕਾਬੂ[19] ਵਿਚ ਆ[20] ਜਾਏਗਾ ।
ਕਿਰਪਾ[21] ਕਰੇ[22] ਜਿਸੁ ਪਾਰਬ੍ਰਹਮੁ[23] ਹੋਵੈ[25] ਸਾਧੂ ਸੰਗੁ[24] ॥	He, on whom the Exalted Lord[23] showers[22] mercy[21], obtains[25] the society of saints[24].	ਜਿਸ ਉਤੇ ਉਤਕ੍ਰਿਸ਼ਟਤ[23] ਸਾਹਿਬ ਆਪਣੀ ਰਹਿਮਤ[21] ਨਿਛਾਵਰ[22] ਕਰਦਾ ਹੈ, ਉਸ ਨੂੰ ਸਤਿ ਸੰਗਤ[24] ਪ੍ਰਾਪਤ[25] ਹੁੰਦੀ ਹੈ ।
ਜਿਉ[26] ਜਿਉ ਓਹੁ ਵਧਾਈਐ ਤਿਉ ਤਿਉ[28] ਹਰਿ ਸਿਉ ਰੰਗੁ[29] ॥	The more[26] he frequents the saint's congregation the more[28] the Love[29] for the Lord.	ਜਿੰਨਾਂ ਜ਼ਿਆਦਾ[26] ਉਹ ਸਤਿਸੰਗਤ ਅੰਦਰ ਜੁੜਦਾ ਹੈ, ਓਨਾ ਹੀ ਜ਼ਿਆਦਾ[28] ਉਸ ਦਾ ਸਾਈਂ ਨਾਲ ਪਿਆਰ[29] ਪੈ ਜਾਂਦਾ ਹੈ ।
ਦੁਹਾ[27] ਸਿਰਿਆ[30] ਕਾ ਖਸਮੁ[31] ਆਪਿ[32] ਅਵਰੁ[33] ਨ ਦੂਜਾ[34] ਥਾਉ[35] ॥	God Himself[32] is the Lord[31] of both[27] the ends[30] (this world and the next one). There is no other[33] second[34] place[35] of rest.	ਵਾਹਿਗੁਰੂ ਖ਼ੁਦ[32] ਦੋਹਾਂ[27] ਹੀ ਕਿਨਾਰਿਆਂ[30] ਦਾ ਸੁਆਮੀ[31] ਹੈ । ਹੋਰ ਕੋਈ[33] ਦੂਸਰੀ[34] ਆਰਾਮ ਦੀ ਥਾਂ[35] ਨਹੀਂ ।
ਸਤਿਗੁਰ ਤੁਠੈ[36] ਪਾਇਆ ਨਾਨਕ ਸਚਾ[37] ਨਾਉ ॥੯॥ ੧ ॥ ੨੬ ॥	When the True Guru is mightily pleased[36], O' Nanak ! the True Name[37] is obtained.	ਜਦ ਸਚੇ ਗੁਰੂ ਜੀ ਪਰਮ-ਪਰਸੰਨ[36] ਹੋ ਜਾਂਦੇ ਹਨ, ਹੇ ਨਾਨਕ ! ਸਚਾ ਨਾਮ[37] ਪਰਾਪਤ ਹੋ ਜਾਂਦਾ ਹੈ ।
ਸਿਰੀਰਾਗੁ ਮਹਲਾ ੫ ਘਰੁ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਜਾਨਉ ਨਹੀ ਭਾਵੈ[38] ਕਵਨ[39] ਬਾਤਾ[40] ॥	I know not what[39] things[40] please[38] Thee, O' Master.	ਮੈਂ ਨਹੀਂ ਜਾਣਦਾ, ਤੈਨੂੰ ਕਿਹੜੀਆਂ[39] ਗੱਲਾਂ[40] ਚੰਗੀਆਂ[38] ਲਗਦੀਆਂ ਹਨ, ਹੇ ਮਾਲਕ !
ਮਨ[41] ਖੋਜਿ[42] ਮਾਰਗੁ[43] ॥ ੧ ॥ ਰਹਾਉ ॥	Seek[42] thou His way[43], O' my mind![41] Pause.	ਉਸ ਦੇ ਰਾਹ[43] ਦੀ ਤੂੰ ਭਾਲ ਕਰ[42], ਹੇ ਮੇਰੀ ਜਿੰਦੜੀਏ[41] ! ਠਹਿਰਾਉ ।
ਧਿਆਨੀ[44] ਧਿਆਨੁ ਲਾਵਹਿ[45] ॥	The meditator[44] practises[45] meditation.	ਅਰਾਧਨ ਕਰਨ[44] ਵਾਲਾ ਅਰਾਧਨ ਕਰਦਾ[45] ਹੈ ।
ਗਿਆਨੀ[46] ਗਿਆਨੁ ਕਮਾਵਹਿ[47] ॥	The theologian[46] practises[47] theology.	ਬ੍ਰਹਿਮ-ਬੇਤਾ[46] ਬ੍ਰਹਿਮ ਵਿਦਿਆ ਦਾ ਅਭਿਆਸ[47] ਕਰਦਾ ਹੈ ।
ਪ੍ਰਭੁ ਕਿਨਹੀ[48] ਜਾਤਾ[49] ॥ ੧ ॥	But rare[48] is the one who knows[49] the Lord.	ਪਰ ਕੋਈ ਵਿਰਲਾ[48] ਪੁਰਸ਼ ਹੀ ਹੈ ਜੋ ਸਾਂਈ ਨੂੰ ਜਾਣਦਾ[49] ਹੈ ।

ਭਗਉਤੀ[50] ਰਹਤ[51] ਜੁਗਤਾ[52] ॥	The worshipper[50] lives[51] under discipline[52].	ਉਪਾਸ਼ਕ[50] ਜ਼ਾਬਤੇ[52] ਅੰਦਰ ਰਹਿੰਦਾ[51] ਹੈ।
ਜੋਗੀ ਕਹਤ[53] ਮੁਕਤਾ[54] ॥	The yogi asserts[53] that he is emancipated[54].	ਯੋਗੀ ਆਖਦਾ[53] ਹੈ ਕਿ ਉਹ ਬੰਦ-ਖ਼ਲਾਸ[54] ਹੈ।
ਤਪਸੀ[55] ਤਪਹਿ[56] ਰਾਤਾ[57] ॥ ੨ ॥	The penitent[55] is absorbed[57] in penance[56].	ਕਰੜੀ ਘਾਲ[56] ਘਾਲਣ ਵਾਲਾ ਕਰੜੀ[56] ਘਾਲ ਅੰਦਰ ਲੀਨ[57] ਹੈ।
ਮੋਨੀ[58] ਮੋਨਿਧਾਰੀ[59] ॥	The man of silence[58] observes[59] silence.	ਚੁੱਪ ਕੀਤਾ ਬੰਦਾ[58] ਚੁੱਪ ਰਹਿੰਦਾ[59] ਹੈ।
ਸਨਿਆਸੀ[60] ਬ੍ਰਹਮ-ਚਾਰੀ[61] ॥	The solitarian[60] is a celibate[61].	ਇਕਾਂਤੀ[60] ਜਤੀ[61] ਹੈ।
ਉਦਾਸੀ[62] ਉਦਾਸਿ[63] ਰਾਤਾ[64] ॥ ੩ ॥	The stoic[62] is imbued[64] in dispassion[63].	ਤਿਆਗੀ[62] ਵੈਰਾਗ[63] ਅੰਦਰ ਰੰਗਿਆ[64] ਹੋਇਆ ਹੈ।
ਭਗਤਿ[65] ਨਵੈ[66] ਪਰਕਾਰਾ[67] ॥	Adorer's adoration[65] is of nine[66] sorts[67].	ਉਪਾਸ਼ਕ ਦੀ ਉਪਾਸ਼ਨਾ[65] ਨੌਂ[66] ਕਿਸਮਾਂ[67] ਦੀ ਹੈ।
ਪੰਡਿਤੁ ਵੇਦੁ ਪੁਕਾਰਾ[68] ॥	The Pandits read aloud[68] the Vedas.	ਪੰਡਤ ਵੇਦਾਂ ਨੂੰ ਉੱਚੀ ਉੱਚੀ[68] ਪੜ੍ਹਦੇ ਹਨ।
ਗਿਰਸਤੀ[69] ਗਿਰਸਤਿ[70] ਧਰਮਾਤਾ[71] ॥ ੪ ॥	The householder[69] deems his faith[71], in the family life[70].	ਕਬੀਲਦਾਰੀ[70] ਨੂੰ ਘਰਬਾਰੀ[69] ਆਪਣਾ ਈਮਾਨ[71] ਜਾਣਦਾ ਹੈ।
ਇਕ ਸਬਦੀ[72] ਬਹੁ ਰੂਪਿ[73] ਅਵਧੂਤਾ[74] ॥	The utterer of one Word[72]('Invisible') the chameleon-faced one[73], the naked one[74].	ਇਕ ਲਫ਼ਜ਼[72] ('ਅਲਖ') ਉਚਾਰਨ ਕਰਨ ਵਾਲਾ, ਬਹੁ-ਰੂਪੀਆ[73] ਨਾਂਗਾ[74] |
ਕਾਪੜੀ[75] ਕਉਤੇ[76] ਜਾਗੂਤਾ[77] ॥	The patched-coat wearer[75], the showman[76], the night-waker[77].	ਗੋਦੜੀ ਪਹਿਰਨ[75] ਵਾਲਾ, ਸਾਂਗ-ਧਾਰੀ[76], ਰਾਤ ਨੂੰ ਜਾਗਣ ਵਾਲਾ[77]।
ਇਕਿ ਤੀਰਥਿ[78] ਨਾਤਾ[79] ॥ ੫ ॥	The bath-man[79] is at the places of pilgrimage[78].	ਯਾਤ੍ਰਾ-ਅਸਥਾਨਾਂ[78] ਦਾ ਹੈ ਇਸ਼ਨਾਨੀ[79]।
[80]ਨਿਰਹਾਰ[81] ਵਰਤੀ[82] [83]ਆਪਰਸਾ[84] ॥	The one going[82] without[80] food[81] is the [83]non-toucher[84].	ਭੋਜਨ[81] ਬਿਨਾ[80] ਵਿਚਰਣ[82] ਵਾਲਾ ਹੈ, ਕਿਸੇ ਨਾਲ[83] ਨਾ ਲਗਣ ਵਾਲਾ[84]।
ਇਕਿ ਲੁਕਿ[85] ਨ ਦੇਵਹਿ[86] ਦਰਸਾ[87] ॥ ਇਕਿ ਮਨ[88] ਹੀ ਗਿਆਤਾ[89] ॥ ੬ ॥	The one who remains concealed[85] and shows[86] not his sight[87] and the one who is wise[89] in his own mind[88];	ਇਕ ਉਹ ਜੋ ਲੁਕਿਆ[85] ਰਹਿੰਦਾ ਹੈ ਤੇ ਕਿਸੇ ਨੂੰ ਆਪਣਾ ਦਰਸ਼ਨ[87] ਨਹੀਂ ਦਿੰਦਾ[86]। ਇਕ ਉਹ ਜੋ ਆਪਣੇ ਚਿੱਤ[88] ਅੰਦਰ ਹੀ ਸਿਆਣਾ[89] ਹੈ।
ਘਾਟਿ[90] ਨ ਕਿਨਹੀ ਕਹਾਇਆ[91] ॥	none calls[91] himself deficient[90].	ਕੋਈ ਭੀ ਆਪਣੇ ਆਪ ਨੂੰ ਘਟ[90] ਨਹੀਂ ਆਖਦਾ[91]।
ਸਭ[92] ਕਹਤੇ[93] ਹੈ ਪਾਇਆ[94] ॥	Every one[92] says[93] that he has obtained[94] the Lord.	ਹਰ ਕੋਈ[92] ਆਖਦਾ[93] ਹੈ ਕਿ ਉਸ ਨੇ ਸਾਂਈ ਨੂੰ ਪਾ ਲਿਆ[94] ਹੈ।
ਜਿਸੁ ਮੇਲੇ ਸੋ[95] ਭਗਤਾ[96] ॥ ੭ ॥	He[95] is the saint[96], whom God unites with Himself.	ਉਹੀ[95] ਸਾਧੂ[96] ਹੈ, ਜਿਸ ਨੂੰ ਹਰੀ ਆਪਣੇ ਨਾਲ ਮਿਲਾ ਲੈਂਦਾ ਹੈ।
ਸਗਲ[97]ਉਕਤਿ[98]ਉਪਾਵਾ[99]॥	Abandoning[100] all[97] the devices[98]	ਸਮੂਹ[97] ਜੁਗਤੀਆਂ[98] ਅਤੇ ਉਪਰਾਲਿਆਂ[99] ਨੂੰ ਛਡ[100]

ਤਿਆਗੀ[100] ਸਰਨਿ[2] ਪਾਵਾ[3] ॥	and endeavours[99], I have sought[3] the Guru's sanctuary[2].	ਕੇ ਮੈਂ ਗੁਰਾਂ ਦੀ ਸ਼ਰਣਾਗਤ[2] ਸੰਭਾਲੀ[3] ਹੈ।
ਨਾਨਕੁ ਗੁਰਚਰਣਿ[4] ਪਰਾਤਾ[5]॥੮॥੨॥੨੭॥	Nanak has fallen[5] at the feet[4] of the Guru.	ਨਾਨਕ ਗੁਰਾਂ ਦੇ ਪੈਰਾਂ[4] ਤੇ ਪਿਆ[5] ਹੈ।
੧ ਓ ਸਤਿਗੁਰ ਪ੍ਰਸਾਦਿ ॥	There is but one God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ, ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਸਿਰੀਰਾਗੁ ਮਹਲ ੧ ਘਰੁ ੩ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ।
ਜੋਗੀ ਅੰਦਰਿ[6] ਜੋਗੀਆ ॥ ਤੂੰ ਭੋਗੀ[7] ਅੰਦਰਿ ਭੋਗੀਆ॥	Amongst[6] yogis, Thou art a Yogi and amongst revellers[7], a Reveller.	ਯੋਗੀਆਂ ਵਿਚ[6] ਤੂੰ ਇਕ ਯੋਗੀ ਹੈਂ ਅਤੇ ਅਨੰਦ ਮਾਨਣ ਵਾਲਿਆਂ[7] ਵਿਚ ਇਕ ਅਨੰਦ ਮਾਨਣ ਵਾਲਾ।
ਤੇਰਾ ਅੰਤੁ[8] ਨ ਪਾਇਆ[9] ਸੁਰਗਿ[10] ਮਛਿ[11] ਪਇਆਲਿ[12] ਜੀਉ ॥੧॥	O' Lord ! Thine limits[8] are not known[9] to the beings in heavens[10], this world[11] and the under-world[12].	ਹੇ ਸਾਹਿਬ ! ਬਹਿਸ਼ਤ[10], ਇਸ ਜਹਾਨ[11] ਅਤੇ ਪਾਤਾਲ[12] ਦੇ ਜੀਵਾਂ ਨੂੰ ਤੇਰੇ ਓੜਕ[8] ਦਾ ਪਤਾ[9] ਨਹੀਂ।
ਹਉ ਵਾਰੀ[13] ਹਉ ਵਾਰਣੈ ਕੁਰਬਾਣੁ[14] ਤੇਰੇ ਨਾਵ[15] ਨੋ[16] ॥ ੧ ॥ ਰਹਾਉ ॥	I am devoted[13], devoted unto Thee, and I am a sacrifice[14] unto[16] Thine Name[15]. Pause.	ਮੈਂ ਤੇਰੇ ਉਤੋਂ ਸਦਕੇ[13], ਮੈਂ ਸਦਕੇ ਜਾਂਦਾ ਹਾਂ ਅਤੇ ਤੇਰੇ ਨਾਮ[15] ਉਤੋਂ[16] ਬਲਿਹਾਰਨੇ[14] ਹਾਂ। ਠਹਿਰਾਉ।
ਤੁਧੁ ਸੰਸਾਰੁ[17] ਉਪਾਇਆ[18] ਸਿਰੇ ਸਿਰਿ[19] ਧੰਧੇ[20] ਲਾਇਆ[21] ॥	Thou didst create[18] the world[17] and assigned[21] task[20] to one and all[19].	ਤੂੰ ਜਹਾਨ[17] ਨੂੰ ਪੈਦਾ[18] ਕੀਤਾ ਤੇ ਹਰ ਇਕ[19] ਨੂੰ ਕੰਮ-ਕਾਜੇ[20] ਲਾਇਆ[21] ਹੈ।
ਵੇਖਹਿ[22] ਕੀਤਾ[23] ਆਪਣਾ ਕਰਿ ਕੁਦਰਤਿ[24] ਪਾਸਾ ਢਾਲਿ[25] ਜੀਉ ॥ ੨ ॥	Thou see-est[22] Thine creation[23] and by Thine omnipotence[24] castest the dice[25].	ਤੂੰ ਆਪਣੀ ਰਚਨਾ[23] ਨੂੰ ਦੇਖਦਾ[22] ਹੈਂ ਅਤੇ ਆਪਣੀ ਅਪਾਰ ਸ਼ਕਤੀ ਦੁਆਰਾ[24] ਨਰਦਾਂ[25] ਨੂੰ ਸੁਟਦਾ ਹੈਂ।
ਪਰਗਟਿ[26] ਪਾਹਾਰੈ[27] ਜਾਪਦਾ[28] ॥	Thou art seen[28] manifest[26] in Thy workshop[27].	ਤੂੰ ਆਪਣੇ ਕਾਰਖਾਨੇ[27] ਵਿਚ ਪਰਤੱਖ[26] ਦਿਸਦਾ[28] ਹੈਂ।
ਸਭੁ[29]ਨਾਵੈਨੋਪਰਤਾਪਦਾ[30]॥	Every one[29] longs[30] for Thy Name.	ਹਰ ਕੋਈ[29] ਤੇਰੇ ਨਾਮ ਨੂੰ ਲੋਚਦਾ[30] ਹੈ।
ਸਤਿਗੁਰ ਬਾਝੁ[31]ਨਪਾਇਓ[32] ਸਭ[33] ਮੋਹੀ[34] ਮਾਇਆ[35] ਜਾਲਿ[36] ਜੀਉ ॥ ੩ ॥	Without[31] the True Guru, Thou art found[32] not. All[33] others are enticed[34] into the net[36] of mammon[35].	ਸੱਚੇ ਗੁਰਾਂ ਦੇ ਬਿਨਾਂ[31] ਤੂੰ ਨਹੀਂ ਲੱਭਦਾ[32]। ਬਾਕੀ ਸਾਰੇ[33] ਮੋਹਨੀ[35] ਦੇ ਫੰਧੇ[36] ਵਿਚ ਲੁਭਾਇਮਾਨ ਹੋ ਫਸੇ[34] ਹੋਏ ਹਨ।
ਸਤਿਗੁਰ ਕਉ ਬਲਿ[37] ਜਾਈਐ ॥ ਜਿਤੁ ਮਿਲਿਐ[38] ਪਰਮਗਤਿ[39] ਪਾਈਐ[40] ॥	I am a sacrifice[37] unto the True Guru, by meeting[38] whom the supreme status[39] is obtained[40].	ਮੈਂ ਸੱਚੇ ਗੁਰਾਂ ਉਤੋਂ ਕੁਰਬਾਨ[37] ਜਾਂਦਾ ਹਾਂ, ਜਿਨ੍ਹਾਂ ਨੂੰ ਭੇਟਣ[38] ਦੁਆਰਾ ਮਹਾਨ[39] ਪਦਵੀ ਪਰਾਪਤ[40] ਹੁੰਦੀ ਹੈ।
੭੨	72	੭੨
ਸੁਰਿਨਰ[41] ਮੁਨਿਜਨ[42] ਲੋਚਦੇ[43] ਸੋ[44] ਸਤਿਗੁਰਿ	The True Guru has caused me to understand[45] Him[44] whom the	ਸੱਚੇ ਗੁਰਾਂ ਨੇ ਮੈਨੂੰ ਉਹ[44] ਦਰਸਾ[45] ਦਿੱਤਾ ਹੈ ਜਿਸ ਦਾ ਦੇਵੀ-ਸਰੂਪ[41] ਆਦਮੀ ਅਤੇ ਮੋਨੀ ਰਿਸ਼ੀ[42] ਚਾਹਨਾ[43]

ਦੀਆ ਬੁਝਾਇ[45] ਜੀਉ ॥ ੪ ॥	angelic men[41] and silent[42] sages crave for[43].	ਰੱਖਦੇ ਹਨ।
ਸਤਸੰਗਤਿ[46] ਕੈਸੀ[47] ਜਾਣੀਐ[48] ॥	How[47] is the society of saints[46] known[48] ?	ਸਾਧਸੰਗਤ[46] ਕਿਸ ਤਰ੍ਹਾਂ[47] ਜਾਣੀ ਜਾਂਦੀ[48] ਹੈ ?
ਜਿਥੈ[49] ਏਕੋ[50] ਨਾਮੁ ਵਖਾਣੀਐ[51] ॥	The Name of One Lord[50] is mentioned[51] there[49].	ਇਕ ਪ੍ਰਭੂ[50] ਦੇ ਨਾਮ ਦਾ ਉਥੇ[49] ਉਚਾਰਨ[51] ਹੁੰਦਾ ਹੈ।
ਏਕੋ ਨਾਮੁ[52] ਹੁਕਮੁ[53] ਹੈ ਨਾਨਕ ਸਤਿਗੁਰਿ ਦੀਆ ਬੁਝਾਇ[54] ਜੀਉ ॥ ੫ ॥	Nanak, the mortal is ordered[53] to ponder over the Name alone[52]. This thing the True Guru has caused me to understand[54].	ਨਾਨਕ ਪ੍ਰਾਣੀ ਨੂੰ ਕੇਵਲ ਨਾਮ[52] ਦਾ ਹੀ ਅਰਾਧਨ ਕਰਨ ਦਾ ਫ਼ਰਮਾਨ[53] ਹੋਇਆ ਹੋਇਆ ਹੈ। ਇਹ ਗੱਲ ਸੱਚੇ ਗੁਰਾਂ ਨੇ ਮੈਨੂੰ ਸਮਝਾ ਦਿਤੀ[54] ਹੈ।
ਇਹੁ ਜਗਤੁ[55] ਭਰਮਿ[56] ਭੁਲਾਇਆ[57] ॥	This world[55] has gone astray[57] in doubt[56].	ਇਹ ਦੁਨੀਆਂ[55] ਸੰਦੇਹ[56] ਕਰਕੇ ਕੁਰਾਹੇ ਪਈ[57] ਹੋਈ ਹੈ।
ਆਪਹੁ[58] ਤੁਧੁ[59] ਖੁਆਇਆ[60] ॥	Thou[59] Thyself[58], O' Lord ! hast misled it[60].	ਤੂੰ[59] ਆਪ[58] ਹੀ, ਹੇ ਸਾਹਿਬ ! ਇਸ ਨੂੰ ਗੁਮਰਾਹ ਕੀਤਾ[60] ਹੈ।
ਪਰਤਾਪੁ[61] ਲਗਾ[62] ਦੋਹਾਗਣੀ[63] ਭਾਗ[64] ਜਿਨਾ[65] ਕੇ ਨਾਹਿ ਜੀਉ ॥ ੬ ॥	Great agony[61] befalls[62] the deserted[63] brides, who[65] possess not good fortune[64].	ਛੁਟੜ ਪਤਨੀਆਂ,[63] ਜਿਨ੍ਹਾਂ[65] ਦੀ ਚੰਗੀ ਕਿਸਮਤ[64] ਨਹੀਂ, ਨੂੰ ਬਹੁਤ ਹੀ ਦੁਖ[61] ਵਾਪਰਦਾ[62] ਹੈ।
ਦੋਹਾਗਣੀ ਕਿਆ[66] ਨੀਸਾਣੀਆ[67] ॥	What[66] are the distinctive marks[67] of the discarded ones ?	ਛਡੀਆਂ ਹੋਈਆਂ ਦੇ ਕੀ[66] ਲੱਛਣ[67] ਹਨ ?
ਖਸਮਹੁ[68] ਘੁਥੀਆ[69] ਫਿਰਹਿ[70] ਨਿਮਾਣੀਆ[71] ॥	They miss[69] their Spouse[68] and wander[70] unhonoured[71].	ਉਹ ਆਪਣੇ ਕੰਤ[68] ਤੋਂ ਘੁਸ[69] ਜਾਂਦੀਆਂ ਹਨ ਅਤੇ ਬੇਇਜ਼ਤ[71] ਹੋ ਭਟਕਦੀਆਂ[70] ਹਨ।
ਮੈਲੇ[72] ਵੇਸ[73] ਤਿਨਾ[74] ਕਾਮਣੀ[75] ਦੁਖੀ[76] ਰੈਣਿ[77] ਵਿਹਾਇ[78] ਜੀਉ ॥ ੭ ॥	Dirty[72] is the dress[73] of those[74] brides[75], and they pass[78] their night[77] in distress[76].	ਗੰਦਾ[72] ਹੈ ਪਹਿਰਾਵਾ[73] ਉਨ੍ਹਾਂ[74] ਪਤਨੀਆਂ[75] ਦਾ ਅਤੇ ਉਨ੍ਹਾਂ ਦੀ ਰਾਤ[77] ਕਸ਼ਟ[76] ਅੰਦਰ ਬੀਤਦੀ[78] ਹੈ।
ਸੋਹਾਗਣੀ[79] ਕਿਆ[80] ਕਰਮੁ[81] ਕਮਾਇਆ[82] ॥	What[80] deeds[81] have the loved brides[79] done[82] ?	ਪਤੀ-ਪਿਆਰੀ[79] ਪਤਨੀਆਂ ਨੇ ਕਿਹੜੇ[80] ਅਮਲ[81] ਕਮਾਏ[82] ਹਨ ?
ਪੂਰਬਿ[83] ਲਿਖਿਆ[84] ਫਲੁ[85] ਪਾਇਆ[86] ॥	They have obtained[86] the fruit[85] of [83]pre-ordained writ[84].	ਉਨ੍ਹਾਂ ਨੂੰ ਧੁਰ[83] ਦੀ ਲਿਖਤਾਕਾਰ[84] ਦਾ ਮੇਵਾ[85] ਪਰਾਪਤ[86] ਹੋਇਆ ਹੈ।
ਨਦਰਿ[87] ਕਰੇ[88] ਕੈ ਆਪਣੀ ਆਪੇ[89] ਲਏ ਮਿਲਾਇ[90] ਜੀਉ ॥੮॥	By casting[88] His merciful glance[87], the Lord unites[90] them with Himself[89].	ਆਪਣੀ ਰਹਿਮਤ ਦੀ ਨਿਗਾਹ[87] ਮਾਰ[88] ਕੇ ਸਾਹਿਬ ਉਨ੍ਹਾਂ ਨੂੰ ਆਪਣੇ[89] ਨਾਲ ਅਭੇਦ ਕਰ ਲੈਂਦਾ[90] ਹੈ।
ਹੁਕਮੁ[91] ਜਿਨਾ ਨੋ ਮਨਾਇਆ[92] ॥ ਤਿਨ[93] ਅੰਤਰਿ[94] ਸਬਦੁ[95] ਵਸਾਇਆ[96] ॥	They[93], whom the Lord causes to abide[92] by His Will[91], place[96] His Name[95] in their hearts[94].	ਜਿਨ੍ਹਾਂ ਪਾਸੋਂ ਪ੍ਰਭੂ ਆਪਣੀ ਆਗਿਆ[91] ਦਾ ਪਾਲਣ[92] ਕਰਵਾਉਂਦਾ ਹੈ, ਉਹ[93] ਉਸ ਦੇ ਨਾਮ[95] ਨੂੰ ਆਪਣੇ ਦਿਲਾਂ[94] ਅੰਦਰ ਟਿਕਾਉਂਦੇ[96] ਹਨ।
ਸਹੀਆ[97] ਸੇ[98] ਸੋਹਾਗਣੀ[99]	Such[98] mates[97] are the true brides[99],	ਐਸੀਆਂ[98] ਸਹੇਲੀਆਂ[97] ਸੱਚੀਆਂ ਪਤਨੀਆਂ[99] ਹਨ,

ਜਿਨ ਸਹ[100] ਨਾਲਿ ਪਿਆਰੁ[2] ਜੀਉ ॥ ੯ ॥	who bear affection[2] to their Spouse[100].	ਜਿਹੜੀਆਂ ਆਪਣੇ ਕੰਤ[100] ਨਾਲ ਪ੍ਰੀਤ[2] ਕਰਦੀਆਂ ਹਨ।
ਜਿਨਾ ਭਾਣੇ[3] ਕਾ ਰਸੁ[4] ਆਇਆ[5] ॥ ਤਿਨ ਵਿਚਹੁ[6] ਭਰਮੁ[7] ਚੁਕਾਇਆ[8] ॥	They who feel[5] pleasure[4] in God's Will[3], remove[8] superstition[7] from within[6] themselves.	ਜੋ ਰੱਬ ਦੀ ਰਜ਼ਾ[3] ਅੰਦਰ ਪਰਸੰਨਤਾ[4] ਮਹਿਸੂਸ[5] ਕਰਦੀਆਂ ਹਨ, ਉਨ੍ਹਾਂ ਦੇ ਅੰਦਰੋਂ[6] ਸੰਦੇਹ[7] ਦੂਰ[8] ਹੋ ਜਾਂਦਾ ਹੈ।
ਨਾਨਕ ਸਤਿਗੁਰੁ ਐਸਾ[9] ਜਾਣੀਐ[10] ਜੋ ਸਭਸੈ[11] ਲਏ ਮਿਲਾਇ[12] ਜੀਉ ॥੧੦॥	Nanak, deem[10] that such[9] is the True Guru who unites[12] all[11] with the Lord.	ਨਾਨਕ ਸੱਚੇ ਗੁਰਾਂ ਨੂੰ ਐਹੋ[9] ਜੇਹਾ ਖ਼ਿਆਲ[10] ਕਰ ਜੋ ਸਾਰਿਆਂ[11] ਨੂੰ ਸੁਆਮੀ ਨਾਲ ਮਿਲਾ[12] ਦਿੰਦੇ ਹਨ।
ਸਤਿਗੁਰਿ ਮਿਲਿਐ[13] ਫਲੁ[14] ਪਾਇਆ[15] ॥ ਜਿਨਿ[16] ਵਿਚਹੁ[17] ਅਹਕਰਣੁ[18] ਚੁਕਾਇਆ[19] ॥	He, who[16] drives away[19] the ego[18] from within[17] himself, receives[15] the fruit[14] of God's Name on meeting[13] the True Guru.	ਜਿਹੜਾ[16] ਆਪਣੇ ਅੰਦਰੋਂ[17] ਹੰਕਾਰ[18] ਨੂੰ ਦੂਰ[19] ਕਰ ਦਿੰਦਾ ਹੈ, ਉਹ ਸੱਚੇ ਗੁਰਾਂ ਨੂੰ ਭੇਟ[13] ਕੇ ਹਰੀ ਨਾਮ ਦਾ ਮੇਵਾ[14] ਪਰਾਪਤ[15] ਕਰ ਲੈਂਦਾ ਹੈ।
[20]ਦੁਰਮਤਿ[21] ਕਾ ਦੁਖੁ[22] ਕਟਿਆ[23] ਭਾਗੁ[24] ਬੈਠਾ[25] ਮਸਤਕਿ[26] ਆਇ[27] ਜੀਉ ॥ ੧੧ ॥	The pain[22] of his evil[20]-intellect[21] is eliminated[23], and good luck[24] comes[27] and alights[25] on his brow[26].	ਉਸ ਦੀ ਮੰਦੀ[20] ਅਕਲ[21] ਦੀ ਪੀੜ[22] ਨਵਿਰਤ[23] ਹੋ ਜਾਂਦੀ ਹੈ, ਅਤੇ ਚੰਗੀ ਕਿਸਮਤ[24] ਉਸ ਦੇ ਮਥੇ[26] ਤੇ ਆ[27] ਉਤਰਦੀ[25] ਹੈ।
ਅੰਮ੍ਰਿਤੁ[28] ਤੇਰੀ ਬਾਣੀਆ[29] ॥ ਤੇਰਿਆ ਭਗਤਾ[30] ਰਿਦੈ[31] ਸਮਾਣੀਆ[32] ॥	Ambrosia[28] is Thy Word[29], O' Master ! It has permeated[32] the mind[31] of Thy slaves[30]	ਸੁਧਾਰਸ[28] ਹੈ ਤੇਰੀ ਬਾਣੀ[29], ਹੇ ਮਾਲਕ ! ਇਹ ਤੇਰੇ ਗੋਲਿਆਂ[30] ਦੇ ਮਨ[31] ਅੰਦਰ ਰਮੀ[32] ਹੋਈ ਹੈ।
ਸੁਖੁ[33] ਸੇਵਾ[34] ਅੰਦਰਿ ਰਖਿਐ[35] ਆਪਣੀ ਨਦਰਿ[36] ਕਰਹਿ[37] ਨਿਸਤਾਰਿ[38] ਜੀਉ ॥ ੧੨ ॥	In Thine service[34], Thou hast placed[35] eternal peace[33]. By showing[37] Thy mercy[36] Thou emancipatest[38] the mortals.	ਆਪਣੀ ਟਹਿਲ ਸੇਵਾ[34] ਅੰਦਰ ਤੂੰ ਸਦੀਵੀ[33] ਆਰਾਮ ਟਿਕਾਇਆ[35] ਹੈ। ਆਪਣੀ ਦਇਆ[36] ਧਾਰ[37] ਕੇ ਤੂੰ ਜੀਵਾਂ ਨੂੰ ਬੰਦ ਖ਼ਲਾਸ[38] ਕਰ ਦਿੰਦਾ ਹੈਂ।
ਸਤਿਗੁਰੁ ਮਿਲਿਆ[39] ਜਾਣੀਐ[40] ॥	True is known[40] to be the meeting[39] with the True Guru,	ਸੱਚੇ ਗੁਰਾਂ ਨਾਲ ਮਿਲਣਾ[39] ਸੱਚਾ ਜਾਣਿਆ[40] ਜਾਂਦਾ ਹੈ,
ਜਿਤੁ ਮਿਲਿਐ ਨਾਮੁ ਵਖਾਣੀਐ[41] ॥	If by this meeting the Name of the Lord may be repeated[41].	ਜੇਕਰ ਇਸ ਮਿਲਾਪ ਦੁਆਰਾ ਸਾਹਿਬ ਦੇ ਨਾਮ ਦਾ ਉਚਾਰਨ[41] ਕੀਤਾ ਜਾਵੇ।
ਸਤਿਗੁਰ ਬਾਝੁ[42] ਨ ਪਾਇਓ[43] ਸਭ ਥਕੀ[44] ਕਰਮ[45] ਕਮਾਇ[46] ਜੀਉ ॥ ੧੩ ॥	Without[42] the True Guru, none has found[43] the Lord. All have grown weary[44] of performing[46] religious rites[45].	ਸੱਚੇ ਗੁਰਾਂ ਦੇ ਬਗ਼ੈਰ[42] ਕਿਸੇ ਨੂੰ ਭੀ ਪ੍ਰਭੂ ਪਰਾਪਤ[43] ਨਹੀਂ ਹੋਇਆ। ਸਾਰੇ ਧਾਰਮਕ ਸੰਸਕਾਰ[45] ਕਰਦੇ ਕਰਦੇ[46] ਹੰਭ[44] ਗਏ ਹਨ।
ਹਉ ਸਤਿਗੁਰ ਵਿਟਹੁ[47] ਘੁਮਾਇਆ[48] ॥ ਜਿਨਿ ਭ੍ਰਮਿ[49] ਭੁਲਾ[50] ਮਾਰਗਿ[51] ਪਾਇਆ[52] ॥	I am a sacrifice[48] unto[47] the True Guru, who has put[52] me, going amiss[50] in error[49], on the right path[51].	ਮੈਂ ਸਚੇ ਗੁਰਾਂ ਉਤੋਂ[47] ਘੋਲੀ[48] ਜਾਂਦਾ ਹਾਂ ਜਿਸ ਨੇ ਮੈਨੂੰ ਗਲਤ-ਫ਼ਹਿਮੀ[49] ਅੰਦਰ ਘੁਸੇ[50] ਹੋਏ ਨੂੰ ਠੀਕ ਰਸਤੇ[51] ਪਾ[52] ਦਿਤਾ ਹੈ।

ਨਦਰਿ[53] ਕਰੇ[54] ਜੇ[55] ਆਪਣੀ ਆਪੇ[56] ਲਏ ਰਲਾਇ[57] ਜੀਉ ॥ ੧੪ ॥	If[55] the Lord casts[54] His merciful glance[53], He unites[57] man with Himself[56].	ਜੇਕਰ[55] ਸਾਹਿਬ ਆਪਣੀ ਰਹਿਮਤ[53] ਦੀ ਨਿਗਾਹ ਧਾਰੇ[54] ਤਾਂ ਉਹ ਇਨਸਾਨ ਨੂੰ ਆਪਣੇ[56] ਨਾਲ ਮਿਲਾ[57] ਲੈਂਦਾ ਹੈ।
ਤੂੰ ਸਭਨਾ ਮਾਹਿ[58] ਸਮਾਇਆ[59] ॥	Thou, O' Lord ! art contained[59] in[58] all.	ਤੂੰ ਹੇ ਸੁਆਮੀ ! ਸਾਰਿਆਂ ਅੰਦਰ[58] ਰਮਿਆ[59] ਹੋਇਆ ਹੈਂ।
ਤਿਨਿ[60] ਕਰਤੈ[61] ਆਪੁ[62] ਲੁਕਾਇਆ[63] ॥	That[60] Creator[61] keeps Himself[62] concealed[63].	ਉਹ[60] ਸਿਰਜਣਹਾਰ[61] ਆਪਣੇ ਆਪ[62] ਨੂੰ ਲੁਕਾਈ[63] ਰੱਖਦਾ ਹੈ।
ਨਾਨਕ ਗੁਰਮੁਖਿ[64] ਪਰਗਟੁ[65] ਹੋਇਆ ਜਾ[66] ਕਉ ਜੋਤਿ[67] ਧਰੀ[68] ਕਰਤਾਰਿ[69] ਜੀਉ ॥੧੫॥	Nanak, the Maker[69] reveals[65] Himself unto the Guruward[64], within whom[66] He has installed[68] His light[67].	ਨਾਨਕ, ਰਚਣਹਾਰ[69] ਗੁਰੂ-ਅਨੁਸਾਰੀ[64] ਉਤੇ ਆਪਣੇ ਆਪ ਨੂੰ ਜ਼ਾਹਰ[65] ਕਰ ਦਿੰਦਾ ਹੈ, ਜਿਸ[66] ਵਿਚ ਉਸ ਨੇ ਆਪਣਾ ਨੂਰ[67] ਅਸਥਾਪਨ[68] ਕੀਤਾ ਹੋਇਆ ਹੈ।
ਆਪੇ[70] ਖਸਮਿ[71] ਨਿਵਾਜਿਆ[72] ॥ ਜੀਉ[73] ਪਿੰਡੁ[74] ਦੇ[75] ਸਾਜਿਆ[76] ॥	Giving[75] him soul[73] and body[74], the Master[71] did create[76] His attendant and Himself[70] blessed him with honour[72].	ਆਤਮਾ[73] ਤੇ ਦੇਹਿ[74] ਦੇ ਕੇ[75] ਮਾਲਕ[71] ਨੇ ਆਪਣੇ ਟਹਿਲੂਏ ਨੂੰ ਰਚਿਆ[76] ਅਤੇ ਖ਼ੁਦ[70] ਹੀ ਉਸ ਨੂੰ ਇਜ਼ਤ ਆਬਰੂ[72] ਪਰਦਾਨ ਕੀਤੀ ਹੈ।
ਆਪਣੇ ਸੇਵਕ[77] ਕੀ ਪੈਜ[78] ਰਖੀਆ[79] ਦੁਇ ਕਰ[80] ਮਸਤਕਿ[81] ਧਾਰਿ[82] ਜੀਉ ॥ ੧੬ ॥	God preserves[79] the honour[78] of His servant[77], by placing[82] His both hands[80] on his forehead[81].	ਆਪਣੇ ਦੋਨੋਂ ਹੱਥ[80] ਉਸ ਦੇ ਮਥੇ[81] ਉਤੇ ਰੱਖ[82] ਕੇ ਵਾਹਿਗੁਰੂ ਆਪਣੇ ਨੌਕਰ[77] ਦੀ ਇਜ਼ਤ[78] ਬਰਕਰਾਰ[79] ਰੱਖਦਾ ਹੈ।
ਸਭਿ[83] ਸੰਜਮ[84] ਰਹੇ[85] ਸਿਆਣਪਾ[86] ॥	All[83] the contrivances[84] and clevernesses[86] avail not[85].	ਸਮੂਹ[83] ਅਟਕਲਾਂ[84] ਤੇ ਚਤਰਾਈਆਂ[86] ਕਿਸੇ ਕੰਮ ਨਹੀਂ[85] ਆਉਂਦੀਆਂ।
ਮੇਰਾ ਪ੍ਰਭੁ[87] ਸਭੁ[88] ਕਿਛੁ ਜਾਣਦਾ[89] ॥	My Master[87] knows[89] everything[88].	ਮੇਰਾ ਮਾਲਕ[87] ਸਭ[88] ਕੁਝ ਜਾਣਦਾ[89] ਹੈ।
ਪ੍ਰਗਟ[90] ਪ੍ਰਤਾਪੁ[91] ਵਰਤਾਇਓ[92] ਸਭੁ ਲੋਕੁ[93] ਕਰੈ ਜੈਕਾਰੁ[94] ਜੀਉ ॥੧੭॥	The Lord has made[92] manifest[90] the glory[91] and all the people[93] acclaim[94] His servant.	ਮਾਲਕ ਨੇ ਉਜਾਗਰ[90] ਕਰ[92] ਦਿਤੀ ਹੈ ਮਹਿਮਾ[91] ਅਤੇ ਸਾਰੇ ਜਣੇ[93] ਵਾਹ ਵਾਹ[94] ਕਰਦੇ ਹਨ ਉਸ ਦੇ ਸੇਵਕ ਨੂੰ।
ਮੇਰੇ ਗੁਣ[95] ਅਵਗਨ[96] ਨ ਬੀਚਾਰਿਆ[97] ॥	The Lord minded[97] not my merits[95] and demerits[96].	ਸਾਹਿਬ ਨੇ ਮੇਰੀਆਂ ਨੇਕੀਆਂ[95] ਤੇ ਬਦੀਆਂ[96] ਵੱਲ ਨਹੀਂ ਤੱਕਿਆ[97]।
ਪ੍ਰਭਿ ਆਪਣਾ ਬਿਰਦੁ[98] ਸਮਾਰਿਆ[99] ॥	The Master has honoured[99] His creed[98] of protecting His slave.	ਆਪਣੇ ਗੋਲੇ ਦੀ ਰਖਿਆ ਕਰਨ ਦੇ ਧਰਮ[98] ਨੂੰ ਮਾਲਕ ਨੇ ਨਿਬਾਹਿਆ[99] ਹੈ।
ਕੰਠਿ[100] ਲਾਇ ਕੈ[2] ਰਖਿਓਨੁ[3] ਲਗੈ[4] ਨ ਤਤੀ[5] ਵਾਉ[6] ਜੀਉ ॥ ੧੮ ॥	By embracing[2] me to His bosom[100] the Lord has preserved[3] me, and now even the hot[5] wind[6] brushes[4] me not.	ਆਪਣੀ ਛਾਤੀ[100] ਨਾਲ ਲਾ[2] ਕੇ ਸਾਹਿਬ ਨੇ ਮੇਰੀ ਰਖਿਆ[3] ਕੀਤੀ ਹੈ ਅਤੇ ਹੁਣ ਮੈਨੂੰ ਗਰਮ[5] ਹਵਾ[6] ਭੀ ਨਹੀਂ ਛੋਹਦੀ[4]।
ਮੈ ਮਨਿ[7] ਤਨਿ[8] ਪ੍ਰਭੂ	With my soul[7] and body[8] I have	ਆਪਣੀ ਆਤਮਾ[7] ਤੇ ਦੇਹਿ[8] ਨਾਲ ਮੈਂ ਸੁਆਮੀ ਦਾ

ਧਿਆਇਆ[9] ॥	reflected[9] over the Lord.	ਅਰਾਧਨ[9] ਕੀਤਾ ਹੈ ।
ਜੀਇ[10] ਇਛਿਅੜਾ[11] ਫਲੁ[12] ਪਾਇਆ[13] ॥	I have obtained[13] the fruit[12] my mind[10]-desired[11].	ਮੈਂ ਆਪਣੇ ਚਿੱਤ[10] ਚਾਹੁੰਦਾ[11] ਮੇਵਾ[12] ਪਰਾਪਤ[13] ਕਰ ਲਿਆ ਹੈ ।
ਸਾਹ[14] ਪਾਤਿਸਾਹ[15] ਸਿਰਿ[16] ਖਸਮੁ[17] ਤੂੰ ਜਪਿ[18] ਨਾਨਕ ਜੀਵੈ[19] ਨਾਉ[20] ਜੀਉ ॥੧੯॥	Thou art the Lord[17] over the head[16] of kings[14] and emperors[15]. Nanak lives[19] by repeating[18] Thy Name[20].	ਤੂੰ ਰਾਜਿਆਂ[14] ਤੇ ਮਹਾਰਾਜਿਆਂ[15] ਦੇ ਸਿਰਾਂ[16] ਉਤੇ ਸੁਆਮੀ[17] ਹੈਂ । ਨਾਨਕ ਤੇਰੇ ਨਾਮ[20] ਦਾ ਉਚਾਰਣ[18] ਕਰਨ ਦੁਆਰਾ ਜੀਉਂਦਾ[19] ਹੈ ।
੭੩	73	੭੩
ਤੁਧੁ ਆਪੇ ਆਪੁ[21] ਉਪਾਇਆ[22] ॥ ਦੂਜਾ[23] ਖੇਲੁ[24] ਕਰਿ[25] ਦਿਖਲਾਇਆ[26] ॥	Thou Thyself[21] hast created[22] the universe and setting afoot[25] the play[24] of duality[23] hast exhibited[26] it.	ਤੂੰ ਖ਼ੁਦ[21] ਹੀ ਆਲਮ ਨੂੰ ਰਚਿਆ[22] ਹੈ ਅਤੇ ਦਵੈਤ-ਭਾਵ[23] ਦੀ ਖੇਡ[24] ਨੂੰ ਸਾਜ[25] ਕੇ ਪ੍ਰਗਟ[26] ਕੀਤਾ ਹੈ ।
ਸਭੁ[27] ਸਚੋ ਸਚੁ[28] ਵਰਤਦਾ[29] ਜਿਸੁ[30] ਭਾਵੈ[31] ਤਿਸੈ[32] ਬੁਝਾਇ[33] ਜੀਉ ॥ ੨੦ ॥	The Truest of the true[28] is pervading[29] everywhere[27]. He instructs[33] him[32] whom[30] He is pleased[31] with.	ਸਚਿਆਰਾਂ ਦਾ ਪ੍ਰਮ ਸਚਿਆਰ[28] ਹਰ ਥਾਂ[27] ਵਿਆਪਕ[29] ਹੋ ਰਿਹਾ ਹੈ । ਉਹ ਉਸ ਨੂੰ[32] ਦਰਸਾਉਂਦਾ[33] ਹੈ ਜਿਹੜਾ[30] ਉਸ ਨੂੰ ਚੰਗਾ[31] ਲਗਦਾ ਹੈ ।
ਗੁਰਪਰਸਾਦੀ[35] ਪਾਇਆ[34] ॥	By Guru's grace[35] I have obtained[34] God.	ਗੁਰਾਂ ਦੀ ਦਇਆ[35] ਦੁਆਰਾ ਮੈਂ ਵਾਹਿਗੁਰੂ ਨੂੰ ਪਾ[34] ਲਿਆ ਹੈ ।
ਤਿਥੈ[39] ਮਾਇਆ[36] ਮੋਹੁ[37] ਚੁਕਾਇਆ[38] ॥	Because of that[39] I have shed[38] the love[37] of worldly valuables[36].	ਉਸ ਦੇ ਕਾਰਨ[39] ਮੈਂ ਸੰਸਾਰੀ ਪਦਾਰਥਾਂ[36] ਦੀ ਲਗਨ[37] ਨੂੰ ਨਵਿਰਤ[38] ਕਰ ਦਿਤਾ ਹੈ ।
ਕਿਰਪਾ[40] ਕਰਿਕੈ[41] ਆਪਣੀ ਆਪੇ[42] ਲਏ ਸਮਾਇ[43] ਜੀਉ॥ ੨੧ ॥	By showing[41] His mercy[40], He has blended[43] me with His ownself[42].	ਆਪਣੀ ਮਿਹਰ[40] ਧਾਰ[41] ਕੇ ਉਸ ਨੇ ਮੈਨੂੰ ਆਪਣੇ[42] ਆਪ ਨਾਲ ਅਭੇਦ ਕਰ[43] ਲਿਆ ਹੈ ।
ਗੋਪੀ[44] ਨੈ[45] ਗੋਆਲੀਆ[46] ॥	Thou art the milk-maid[44], the (Jamna) river[45] and (Krishna), the herdsman[46].	ਤੂੰ ਹੀ ਗੁਆਲਣ[44], (ਜਮਨਾ) ਦਰਿਆ[45] ਅਤੇ (ਕ੍ਰਿਸ਼ਨ) ਵਾਗੀ[46] ਹੈਂ ।
ਤੁਧੁ ਆਪੇ[47] ਗੋਇ[48] ਉਠਾਲੀਆ[49] ॥	Thou Thyself[47] hast sustained[49] the earth[48].	ਤੂੰ ਖ਼ੁਦ[47] ਹੀ ਧਰਤੀ[48] ਨੂੰ ਥੰਮਿਆ[49] ਹੋਇਆ ਹੈ ।
ਹੁਕਮੀ[50] ਭਾਂਡੇ[52] ਸਾਜਿਆ[51] ਤੂੰ ਆਪੇ[52]* ਭੰਨਿ[53] ਸਵਾਰਿ[54] ਜੀਉ ॥੨੨॥	By Thy order[50] are fashioned[51] the human vessels[52] and Thou Thyself[52]* embellishest[54] and breakest[53] them.	ਤੇਰੇ ਫ਼ਰਮਾਨ[50] ਦੁਆਰਾ ਮਨੁਖੀ ਬਰਤਨ[52] ਘੜੇ[51] ਹੋਏ ਹਨ ਅਤੇ ਤੂੰ ਆਪ[52]* ਹੀ ਉਨ੍ਹਾਂ ਨੂੰ ਸਜਾਉਂਦਾ[54] ਤੇ ਤੋੜਦਾ[53] ਹੈਂ ।
ਜਿਨ[55] ਸਤਿਗੁਰ ਸਿਉ[56] ਚਿਤੁ[57] ਲਾਇਆ[58] ॥	They who[55] have fixed[58] their mind[57] with[56] (on) the True Guru,	ਜਿਨ੍ਹਾਂ[55] ਨੇ ਆਪਣਾ ਮਨ[57] ਸਚੇ ਗੁਰਾਂ ਨਾਲ[56] (ਉਤੇ) ਜੋੜਿਆ[58] ਹੈ,
ਤਿਨੀ[59] ਦੂਜਾ ਭਾਉ[60] ਚੁਕਾਇਆ[61] ॥	They[59] have purged[61] themselves of worldly[60] love.	ਉਨ੍ਹਾਂ[59] ਨੇ ਸੰਸਾਰੀ ਮਮਤਾ[60] ਨੂੰ ਨਵਿਰਤ[61] ਕਰ ਛਡਿਆ ਹੈ ।
ਨਿਰਮਲ[62] ਜੋਤਿ[63] ਤਿਨ[64] ਪ੍ਰਾਣੀਆ[65] ਓਇ[66] ਚਲੇ[67]	Immaculate[62] is the light[63] of those[64] (such) mortals[65]. They[66] depart[67]	ਪਵਿੱਤ੍ਰ[62] ਹੈ ਨੂਰ[63] ਉਨ੍ਹਾਂ[64] (ਐਸੇ) ਜੀਵਾਂ[65] ਦਾ । ਉਹ[66] ਆਪਣੇ ਜੀਵਨ[68] ਦੇ ਮਿਸ਼ਨ ਨੂੰ ਸੁਸ਼ੋਭਤ[69] ਕਰਕੇ

ਜਨਮੁ[68] ਸਵਾਰਿ[69] ਜੀਉ ॥ ੨੩ ॥	after setting aright[69] their life's[68] missison.	ਕੂਚ[69] ਕਰਦੇ ਹਨ ।
ਤੇਰੀਆ[70] ਸਦਾ ਸਦਾ[71] ਚੰਗਿਆਈਆ[72] ॥ ਮੈ ਰਾਤਿ[73] ਦਿਹੈ ਵਡਿਆਈਆ[74] ॥	For ever and aye[71], and by night[73] and day, I praise[74] Thine[70] excellences[72].	ਸਦੀਵ ਤੇ ਹਮੇਸ਼ਾਂ[71] ਲਈ ਤੇ ਰੈਣ[73] ਦਿਹੁੰ ਮੈਂ ਤੇਰੀਆਂ[70] ਖ਼ੂਬੀਆਂ[72] ਦੀ ਪ੍ਰਸੰਸਾ[74] ਕਰਦਾ ਹਾਂ ।
ਅਣਮੰਗਿਆ[75] ਦਾਨੁ[76] ਦੇਵਣਾ[77] ਕਹੁ[78] ਨਾਨਕ ਸਚੁ[79] ਸਮਾਲਿ[80] ਜੀਉ॥੨੪॥੧॥	Thou givest[77] Thine gifts[76] unasked[75]. Says[78] Nanak, O' Man ! do thou reflect[80] over the True Lord[79].	ਤੂੰ ਬਿਨਾ ਯਾਚਨਾ[75] ਕੀਤੇ ਦੇ ਆਪਣੀਆਂ ਦਾਤਾਂ[76] ਦਿੰਦਾ[77] ਹੈਂ । ਨਾਨਕ ਆਖਦਾ[78] ਹੈ, ਹੇ ਬੰਦੇ ! ਤੂੰ ਸੱਚੇ ਸੁਆਮੀ[79] ਦਾ ਸਿਮਰਨ[80] ਕਰ ।
ਸਿਰੀਰਾਗੁ ਮਹਲਾ ੫ ॥	Sri Rag, Fifth Guru.	ਸਿਰੀ ਰਾਗ, ਪੰਜਵੀਂ ਪਾਤਸ਼ਾਹੀ ।
ਪੈ[81] ਪਾਇ[82] ਮਨਾਈ[83] ਸੋਇ[84] ਜੀਉ ॥	I fall[81] at Lord's feet[82] to conciliate[83] Him[84].	ਮੈਂ ਪ੍ਰਭੂ ਨੂੰ[84] ਪ੍ਰਸੰਨ[83] ਕਰਨ ਲਈ ਉਸ ਦੇ ਪੈਰੀਂ[82] ਪੈਂਦਾ[81] ਹਾਂ ।
ਸਤਿਗੁਰ ਪੁਰਖਿ[85] ਮਿਲਾਇਆ[86] ਤਿਸੁ[87] ਜੇਵਡੁ[88] ਅਵਰੁ ਨ ਕੋਇ ਜੀਉ ॥ ੧ ॥ ਰਹਾਉ ॥	The True Guru has united[86] me with the Lord[85]. There is none so great[88] as He[87].	ਸੱਚੇ ਗੁਰਾਂ ਨੇ ਮੈਨੂੰ ਸਾਹਿਬ[85] ਨਾਲ ਮਿਲਾ[86] ਦਿਤਾ ਹੈ । ਉਸ[87] ਜਿਡਾ ਵਡਾ[88] ਹੋਰ ਕੋਈ ਨਹੀਂ ।
	Pause.	ਠਹਿਰਾਉ ।
[89]ਗੋਸਾਈ[90] ਮਿਹੰਡਾ[91] ਇਠੜਾ[92] ॥	The Lord[90] of the world[89] is my[91] Beloved[92].	ਸ੍ਰਿਸ਼ਟੀ[89] ਦਾ ਸੁਆਮੀ[90] ਮੇਰਾ[91] ਪ੍ਰੀਤਮ[92] ਹੈ ।
ਅੰਮ[93] ਅਬੇ[94] ਥਾਵਹੁ[95] ਮਿਠੜਾ[96] ॥	He is sweeter[96] than[95] the mother[93] and father[94].	ਉਹ ਅਮੜੀ[93] ਤੇ ਬਾਬਲ[94] ਨਾਲੋਂ[95] ਬਹੁਤ ਮਿੱਠਾ[96] ਹੈ ।
ਭੈਣ[97] ਭਾਈ[98] ਸਭਿ ਸਜਣਾ[99] ਤੁਧੁ ਜੇਹਾ[100] ਨਾਹੀ ਕੋਇ ਜੀਉ ॥ ੧ ॥	Among sisters[97], brothers[98] and all the friends[99], there is none like[100] Thee, O' Lord !	ਅੰਮਾ ਜਾਈਆਂ[97], ਵੀਰਾਂ[98] ਅਤੇ ਸਾਰੇ ਮਿਤ੍ਰਾਂ[99] 'ਚੋਂ ਤੇਰੇ ਵਰਗਾ[100] ਹੋਰ ਕੋਈ ਨਹੀਂ, ਹੇ ਸਾਹਿਬ !
ਤੇਰੈ ਹੁਕਮੇ[2] ਸਾਵਣੁ ਆਇਆ ॥	By Thine order[2] the month of Sawan has come.	ਤੇਰੇ ਫੁਰਮਾਨ[2] ਦੁਆਰਾ ਸਉਣ ਦਾ ਮਹੀਨਾ ਆਇਆ ਹੈ ।
ਮੈ ਸਤ[3] ਕਾ ਹਲੁ[4] ਜੋਆਇਆ[5] ॥	I have yoked[5] the plough[4] of Truth[3].	ਮੈਂ ਸੱਚ[3] ਦਾ ਹਲ[4] ਜੋਤਿਆ[5] ਹੈ ।
ਨਾਉ[6] ਬੀਜਣ ਲਗਾ[7] ਆਸ[8] ਕਰਿ ਹਰਿ ਬੋਹਲ[9] ਬਖਸ[10] ਜਮਾਇ[11] ਜੀਉ ॥ ੨ ॥	I begin to sow[7] the Name[6] in this hope[8] that God, by His beneficence[10], will cause to yield[11] heaps[9] of corn.	ਇਸ ਉਮੀਦ[8] ਵਿਚ ਕਿ ਵਾਹਿਗੁਰੂ, ਆਪਣੀ ਰਹਿਮਤ[10] ਸਦਕਾ, ਦਾਣਿਆਂ ਦਾ ਅੰਬਾਰ[9] ਪੈਦਾ[11] ਕਰੇਗਾ, ਮੈਂ ਨਾਮ[6] ਬੀਜਣ[7] ਲੱਗਾ ਹਾਂ ।
ਹਉ[12] ਗੁਰ ਮਿਲਿ[13] ਇਕੁ[14] ਪਛਾਣਦਾ[15] ॥	Having met[13] the Guru I[12] recognise[15] but One[14] Lord.	ਗੁਰਾਂ ਨੂੰ ਭੇਟ[13] ਕੇ ਮੈਂ[12] ਕੇਵਲ ਇਕ[14] ਸਾਹਿਬ ਨੂੰ ਹੀ ਸਿਞਾਣਦਾ[15] ਹਾਂ ।
ਦੂਜਾ[16] ਕਾਗਲੁ[18] ਚਿਤਿ[19] ਨ ਜਾਣਦਾ[20] ॥	Within my mind[19] I know[20] not of any other[16] account[18].	ਮੈਂ ਆਪਣੇ ਮਨ[19] ਅੰਦਰ ਕਿਸੇ ਹੋਰਸ[16] ਹਿਸਾਬ[18] ਨੂੰ ਜਾਣਦਾ[20] ਹੀ ਨਹੀਂ ।

ਹਰਿ ਇਕਤੈ[21] ਕਾਰੈ[22] ਲਾਇਓਨੁ[23] ਜਿਉ[24] ਭਾਵੈ[25] ਤਿਂਵੈ[26] ਨਿਬਾਹਿ[27] ਜੀਉ ॥ ੩ ॥	God has assigned[23] to me the one[21] task[22]. As[24] it pleases[25] Him, so[26] do I perform[27] it.	ਵਾਹਿਗੁਰੂ ਨੇ ਇਕ[21] ਕੰਮ[22] ਮੇਰੇ ਜ਼ਿਮੇ ਲਾਇਆ[23] ਹੈ, ਜਿਸ ਤਰ੍ਹਾਂ[24] ਉਸ ਨੂੰ ਚੰਗਾ[25] ਲੱਗਦਾ ਹੈ, ਉਸੇ[26] ਤਰ੍ਹਾਂ ਮੈਂ ਇਸ ਨੂੰ ਨੇਪਰੇ[27] ਚਾੜ੍ਹਦਾ ਹਾਂ।
ਤੁਸੀ ਭੋਗਿਹੁ[28] ਭੁੰਚਹੁ[29] ਭਾਈਹੋ[30] ॥	O' my Brothren[30] ! you eat[29] and enjoy[28] yourselves.	ਹੇ ਮੇਰੇ ਭਰਾਓ[30] ! ਤੁਸੀਂ ਖਾਓ ਪੀਓ[29] ਤੇ ਅਨੰਦ[28] ਮਾਣੋਂ।
ਗੁਰਿ ਦੀਬਾਣਿ[31] ਕਵਾਇ[32] ਪੈਨਾਈਓ[33] ॥	In God's Court[31], the Guru has invested[33] me with a robe of honour[32].	ਰੱਬ ਦੇ ਦਰਬਾਰ[31] ਅੰਦਰ, ਗੁਰਦੇਵ ਜੀ ਨੇ ਮੈਨੂੰ ਇੱਜ਼ਤ ਦੀ ਪੁਸ਼ਾਕ[32] ਪਹਿਰਾਈ[33] ਹੈ।
ਹਉ ਹੋਆ ਮਾਹਰੁ[34] ਪਿੰਡ[35] ਦਾ ਬੰਨਿ[36] ਆਦੇ[37] ਪੰਜਿ ਸਰੀਕ[38] ਜੀਉ ॥ ੪ ॥	I have become the Master[34] of the village[35], and I have taken[37] prisoner[36] its five rivals[38].	ਮੈਂ ਗਰਾਉਂ[35] ਦਾ ਮਾਲਕ[34] ਹੋ ਗਿਆ ਹਾਂ ਅਤੇ ਇਸ ਦੇ ਪੰਜੇ ਵਿਰੋਧੀ[38] ਮੈਂ ਕੈਦ ਕਰ[36] ਲਿਆਂਦੇ[37] ਹਨ।
ਹਉ[42] ਆਇਆ[40] ਸਾਮ੍ਹੈ[39] ਤਿਹੰਡੀਆ[41] ॥	I[42] have entered[40] Thine[41] sanctuary[39], O' Lord !	ਮੈਂ[42] ਤੇਰੀ[41] ਸ਼ਰਣਾਗਤ[39] ਸੰਭਾਲੀ[40] ਹੈ, ਹੇ ਸਾਹਿਬ !
ਪੰਜਿ ਕਿਰਸਾਣ[43] ਮੁਜੇਰੇ[44] ਮਿਹਡਿਆ[45] ॥	The five cultivators[43] have become my[45] tenants[44].	ਪੰਜੇ ਕਾਸ਼ਤਕਾਰ[43] ਮੇਰੇ[45] ਮੁਜ਼ਾਰੇ[44] ਬਣ ਗਏ ਹਨ।
ਕੰਨੁ[46] ਕੋਈ ਕਢਿ[47] ਨ ਹੰਘਈ[48] ਨਾਨਕ ਵੁਠਾ[49] ਘੁਘਿ[50] ਗਿਰਾਉ[51] ਜੀਉ ॥ ੫ ॥	None can dare[48] raise[47] his ear[46] (head) now against me. Nanak, the village[51] is thickly[50] populated[49], therefore.	ਮੇਰੇ ਖ਼ਿਲਾਫ਼ ਹੁਣ ਕੋਈ ਕੰਨ[46] (ਸਿਰ) ਚੁਕਣ[47] ਦਾ ਹੀਆ[48] ਨਹੀਂ ਕਰ ਸਕਦਾ। ਇਸ ਲਈ ਪਿੰਡ[51] ਦੀ ਸੰਘਣੀ[50] ਵਸੋਂ[49] ਹੋ ਗਈ ਹੈ।
ਹਉ ਵਾਰੀ[52] ਘੁੰਮਾ[53] ਜਾਵਦਾ ॥	Sacrifice[52], O' Sacrifice[53] I am unto Thee, O' My Lord !	ਕੁਰਬਾਨ[52], ਓ ਕੁਰਬਾਨ[53], ਮੈਂ ਤੇਰੇ ਉਤੋਂ ਹਾਂ, ਹੇ ਮੇਰੇ ਸੁਆਮੀ !
ਇਕਸਾਹਾ[54] ਤੁਧੁ ਧਿਆਇਦਾ[55] ॥	Continually[54], without break, on Thee I meditate[55].	ਇਕੋ[54] ਸਾਹ, ਲਗਾਤਾਰ ਮੈਂ ਤੇਰਾ ਅਰਾਧਨ[55] ਕਰਦਾ ਹਾਂ।
ਉਜੜੁ[56] ਥੇਹੁ[57] ਵਸਾਇਓ[58] ਹਉ[61] ਤੁਧ[62] ਵਿਟਹੁ[59] ਕੁਰਬਾਣੁ[60] ਜੀਉ ॥ ੬ ॥	Thou hast re-peopled[58] the village[57] in ruins[56]. Unto[59] Thee[62], O' my Master ! I[61] am a sacrifice[60].	ਤੂੰ ਉਜੜੇ ਪੁਜੜੇ[56] ਪਿੰਡ[57] ਨੂੰ ਨਵੇਂ ਸਿਰਿਓਂ ਆਬਾਦ[58] ਕੀਤਾ ਹੈ। ਤੇਰੇ[62] ਉਤੋਂ[59], ਹੇ ਮੇਰੇ ਮਾਲਕ ! ਮੈਂ[61] ਘੱਲੀਏ[60] ਜਾਂਦਾ ਹਾਂ।
ਹਰਿ ਇਠੈ[63] ਨਿਤ[64] ਧਿਆ-ਇਦਾ[65] ॥ ਮਨਿ[66] ਚਿੰਦੀ[67] ਸੋ[68] ਫਲੁ[69] ਪਾਇਦਾ[70] ॥	My beloved[63] God ! Thee I ever[64] meditate[65] on and obtain[70] the[68] boons[69] which my mind[66] desires[67].	ਮੇਰੇ ਪ੍ਰੀਤਮ[63] ! ਵਾਹਿਗੁਰੂ ਤੇਰਾ ਮੈਂ ਸਦੀਵ[64] ਹੀ ਸਿਮਰਨ[65] ਕਰਦਾ ਹਾਂ ਅਤੇ ਮੈਂ ਉਹ[68] ਮੁਰਾਦਾਂ[69] ਪਾਉਂਦਾ[70] ਹਾਂ ਜੋ ਮੇਰਾ ਚਿੱਤ[66] ਚਾਹੁੰਦਾ[67] ਹੈ।
ਸਭੇ[71] ਕਾਜ[72] ਸਵਾਰਿਅਨੁ[73] ਲਾਹੀਅਨੁ[74] ਮਨ[75] ਕੀ ਭੁਖ[76] ਜੀਉ ॥੭॥	Thou hast arranged[73] all[71] mine affairs[72] and appeased[74] the hunger[76] of my soul[75].	ਤੂੰ ਮੇਰੇ ਸਮੂਹ[71] ਕਾਰਜ[72] ਰਾਸ[73] ਕਰ ਦਿਤੇ ਹਨ ਅਤੇ ਮੇਰੀ ਆਤਮਾ[75] ਦੀ ਭੁੱਖ[76] ਨਵਿਰਤ[74] ਕਰ ਦਿਤੀ ਹੈ।
ਮੈ ਛਡਿਆ[77] ਸਭੋ ਧੰਧੜਾ[78] ॥	I have abandoned[77] all mine avocations[78].	ਮੈਂ ਆਪਣੇ ਸਾਰੇ ਕਾਰ-ਵਿਹਾਰ[78] ਤਿਆਗ[77] ਦਿਤੇ ਹਨ।
[79]ਗੋਸਾਈ[80]ਸੇਵੀ[81]ਸਚੜਾ[82]॥	I serve[81] the True[82] Lord[80] of the	ਮੈਂ ਸ੍ਰਿਸ਼ਟੀ[79] ਦੇ ਸੱਚੇ[82] ਸੁਆਮੀ[80] ਦੀ ਟਹਿਲ[81]

	universe[79].	ਕਮਾਉਂਦਾ ਹਾਂ ।
ਨਉ[83] ਨਿਧਿ[84] ਨਾਮੁ ਨਿਧਾਨੁ[85] ਹਰਿ ਮੈ ਪਲੈ[86] ਬਧਾ[87] ਛਿਕਿ[88]ਜੀਉ ॥੮॥	I have firmly[88] tied[87] to my skirt[86], His Name, the home[85] of nine[83] treasures[84].	ਮੈਂ ਆਪਣੇ ਲੜ[86] ਨਾਲ ਨੌਂ[83] ਖ਼ਜ਼ਾਨਿਆਂ[84] ਦੇ ਘਰ[85] ਨਾਮ ਨੂੰ ਘੁੱਟ[88] ਕੇ ਬੰਨ੍ਹ[87] ਲਿਆ ਹੈ ।
ਮੈ ਸੁਖੀ ਹੂੰ ਸੁਖੁ[89] ਪਾਇਆ[90] ॥	I have obtained[90] the Comfort[89] of comforts.	ਮੈਂ ਆਰਾਮਾਂ ਦਾ ਅਰਾਮ[89] ਪਰਾਪਤ[90] ਕਰ ਲਿਆ ਹੈ ।
ਗੁਰਿ ਅੰਤਰਿ[91] ਸਬਦੁ[92] ਵਸਾਇਆ[93] ॥	Within my mind[91] the Guru has implanted[93] Master's Name[92].	ਮੇਰੀ ਆਤਮਾ[91] ਅੰਦਰ ਗੁਰਾਂ ਨੇ ਮਾਲਕ ਦਾ ਨਾਮ[92] ਟਿਕਾ[93] ਦਿਤਾ ਹੈ ।
ਸਤਿਗੁਰਿ ਪੁਰਖਿ[94] ਵਿਖਾਲਿਆ[95] ਮਸਤਕਿ[96] ਧਰਿਕੈ[97] ਹਥੁ[98] ਜੀਉ ॥੯॥	Placing[97] his hand[98] on my brow[96], the True Guru has shown[95] me my Spouse[94].	ਮੇਰੇ ਮੱਥੇ[96] ਉਤੇ ਆਪਣਾ ਕਰ[98] ਟੇਕ[97] ਕੇ ਸਚੇ ਗੁਰਾਂ ਨੇ ਮੈਨੂੰ ਮੇਰਾ ਕੰਤ[94] ਦਿਖਾਲ[95] ਦਿੱਤਾ ਹੈ ।
ਮੈ ਬਧੀ[99] ਸਚੁ[100] ਧਰਮਸਾਲ[2] ਹੈ ॥	I have founded[99]the temple[2]of truthfulness[100].	ਮੈਂ ਸੱਚਾਈ[100] ਦੇ ਮੰਦਰ[2] ਦੀ ਨੀਂਹ[99] ਰੱਖੀ ਹੈ ।
ਗੁਰਸਿਖਾ[3] ਲਹਦਾ[4] ਭਾਲਿ[5] ਕੈ ॥	I have searched[5]for and brought[4]into it, the disciples of the Guru[3].	ਗੁਰੂ ਦੇ ਸਿੱਖਾਂ[3] ਨੂੰ ਲੱਭ[5] ਕੇ ਮੈਂ ਇਸ ਵਿਚ ਲਿਆਇਆ[4] ਹਾਂ ।
ਪੈਰ[6] ਧੋਵਾ[7] ਪਖਾ[8] ਫੇਰਦਾ[9] ਤਿਸੁ[10] ਨਿਵਿ ਨਿਵਿ[11] ਲਗਾ[12] ਪਾਇ[13] ਜੀਉ ॥ ੧੦ ॥	I wash[7] their feet[6], wave[9] ,fan[8] over them, and bowing low[11] fall[12] at their[10] feet[13].	ਮੈਂ ਉਨ੍ਹਾਂ ਦੇ ਪਗ[6] ਧੋਂਦਾ[7] ਹਾਂ, ਉਨ੍ਹਾਂ ਨੂੰ ਪੱਖੀ[8] ਝਲਦਾ[9] ਹਾਂ ਅਤੇ ਨੀਵਾਂ ਝੁਕ[11] ਕੇ ਉਨ੍ਹਾਂ[10] ਦੇ ਚਰਨਾਂ[13] ਤੇ ਢਹਿ[12] ਪੈਂਦਾ ਹਾਂ ।
੭੪	**74**	**੭੪**
ਸੁਣਿ[14] ਗਲਾ[15]ਗੁਰ ਪਹਿ[16] ਆਇਆ[18] ॥	Having heard[14] words[15] regarding Him I went[18] to[16] the Guru.	ਉਨ੍ਹਾਂ ਬਾਰੇ ਬਚਨ[15] ਸਰਵਣ[14] ਕਰਕੇ, ਮੈਂ ਗੁਰਾਂ ਦੇ ਕੋਲ[16] ਪੁੱਜਾ[18] ।
ਨਾਮੁ ਦਾਨੁ[19] ਇਸਨਾਨੁ[20] ਦਿੜਾਇਆ[21] ॥	He impressed[21]upon me,the goodness of the Name,charity[19]and ablution[20].	ਉਨ੍ਹਾਂ ਨੇ ਨਾਮ, ਦਾਨ ਪੁੰਨ[19]ਅਤੇ ਨ੍ਹਾਉਣ[20] ਦੀ ਭਲਾਈ ਮੈਨੂੰ ਨਿਸਚਿਤ[21] ਕਰਵਾ ਦਿਤੀ ।
ਸਭੁ ਮੁਕਤੁ[22] ਹੋਆ ਸੈਸਾਰੜਾ[23]ਨਾਨਕ ਸਚੀ ਬੇੜੀ[24] ਚਾੜਿ[25] ਜੀਉ ॥ ੧੧ ॥	Having embarked[25] on the True boat[24],O' Nanak ! the whole world[23] is saved[22].	ਸੱਚੀ ਨਊਕਾ[24] ਉਤੇ ਚੜ੍ਹ[25] ਜਾਣ ਕਰਕੇ, ਸਾਰਾ ਸੰਸਾਰ[23] ਬਚ ਗਿਆ[22] ਹੈ, ਹੇ ਨਾਨਕ !
ਸਭ ਸ੍ਰਿਸਟਿ[26] ਸੇਵੇ[27] ਦਿਨੁ ਰਾਤਿ[28] ਜੀਉ ॥	The entire universe[26]waits[27] on Thee, day and night[28].	ਸਾਰਾ ਆਲਮ[26], ਦਿਹੁੰ[28] ਰੈਣ, ਤੇਰੀ ਟਹਿਲ[27] ਕਮਾਉਂਦਾ ਹੈ ।
ਦੇ[29] ਕੰਨੁ[30] ਸੁਣਹੁ ਅਰਦਾਸਿ[31] ਜੀਉ ॥	Lend[29] Thy ear[30]and hear my supplication[31] O' Lord !	ਆਪਣਾ ਕੰਨ[30] ਦੇ ਕੇ[29] ਮੇਰੀ ਪ੍ਰਾਰਥਨਾ[31] ਸੁਣ, ਹੇ ਸੁਆਮੀ !
ਠੋਕਿ ਵਜਾਇ[32] ਸਭ[33] ਡਿਠੀਆ[34] ਤੁਸਿ[35] ਆਪੇ[37] ਲਇਅਨੁ ਛਡਾਇ[36] ਜੀਉ ॥ ੧੨ ॥	I have thoroughly tested[32] and seen[34] all[33].Thou alone[37]by Thine pleasure[35] deliverest[36] men.	ਮੈਂ ਸਾਰਿਆਂ[33] ਨੂੰ ਚੰਗੀ ਤਰ੍ਹਾਂ[32] ਨਿਰਣੈ ਕਰਕੇ ਵੇਖ[34] ਲਿਆ ਹੈ । ਕੇਵਲ[37] ਤੂੰ ਹੀ ਆਪਣੀ ਖ਼ੁਸ਼ੀ[35] ਦੁਆਰਾ ਬੰਦਿਆਂ ਨੂੰ ਬੰਦ-ਖ਼ਲਾਸ[36] ਕਰਦਾ ਹੈਂ ।

ਹੁਣਿ[38] ਹੁਕਮੁ[39] ਹੋਆ[40] ਮਿਹਰਵਾਣ ਦਾ[41] ॥	The Merciful Master[41] has now[38] given[40] the command[39].	ਮਹਿਆਵਾਨ ਮਾਲਕ[41] ਨੇ ਹੁਣ[38] ਫੁਰਮਾਨ[39] ਜਾਰੀ[40] ਕਰ ਦਿਤਾ ਹੈ
ਪੈ[42] ਕੋਇ ਨ ਕਿਸੈ[43] ਰਵਾਣਦਾ[44] ॥	No one now chases[42] and annoys[44] another[43].	ਪਿਛੇ ਪੈ[42] ਕੇ, ਹੁਣ ਕੋਈ ਕਿਸੇ[43] ਨੂੰ ਦੁਖਾਂਤ੍[44] ਨਹੀਂ ਕਰਦਾ।
ਸਭ ਸੁਖਾਲੀ[45] ਵੁਠੀਆ[46] ਇਹੁ ਹੋਆ ਹਲੇਮੀ[47] ਰਾਜੁ[48] ਜੀਉ ॥ ੧੩ ॥	All abide[46] in peace[45] and this now has become a benign[47] regime[48].	ਸਾਰੇ ਆਰਾਮ ਅੰਦਰ[45] ਵਸਦੇ[46] ਹਨ ਅਤੇ ਹੁਣ ਇਹ ਰਹਿਮਤ[47] ਦਾ ਰਾਜ-ਭਾਗ[48] ਹੋ ਗਿਆ ਹੈ।
ਝਿੰਮਿ[49] ਝਿੰਮਿ ਅੰਮ੍ਰਿਤੁ[50] ਵਰਸਦਾ[51] ॥	Nectar[50] fall[51] very softly[49].	ਸੁਧਾਰਸ[50] ਬੜੀ ਨਰਮੀ[49] ਨਾਲ ਵਰ੍ਹਦਾ[51] ਹੈ।
ਬੋਲਾਇਆ ਬੋਲੀ[52] ਖਸਮ[53] ਦਾ ॥	I speak[52] as the Master[53] causes me to speak.	ਮੈਂ ਉਸ ਤਰ੍ਹਾਂ ਬੋਲਦਾ[52] ਹਾਂ ਜਿਸ ਤਰ੍ਹਾਂ ਮਾਲਕ[53] ਮੈਨੂੰ ਬੁਲਾਉਂਦਾ ਹੈ।
ਬਹੁ[54] ਮਾਣੁ[55] ਕੀਆ ਤੁਧੁ ਉਪਰੇ ਤੂੰ ਆਪੇ[56] ਪਾਇਹਿ ਥਾਇ[57] ਜੀਉ ॥ ੧੪ ॥	On Thee, I take great[54] pride[55], O' Lord ! do Thou, of Thine[56] pleasure, accept[57] me.	ਤੇਰੇ ਉਤੇ ਮੈਨੂੰ ਭਾਰਾ[54] ਫ਼ਖ਼ਰ[55] ਹੈ, ਹੇ ਸੁਆਮੀ ! ਆਪਣੀ[56] ਖ਼ੁਸ਼ੀ ਦੁਆਰਾ ਤੂੰ ਮੈਨੂੰ ਪਰਵਾਨ[57] ਕਰ।
ਤੇਰਿਆ ਭਗਤਾ[58] ਭੁਖ[59] ਸਦ[60] ਤੇਰੀਆ ॥	Thine devotees[58] are ever[60] hungry[59] for Thee.	ਤੇਰੇ ਅਨੁਰਾਗੀਆਂ[58] ਨੂੰ ਸਦੀਵ[60] ਤੇਰੀ ਭੁੱਖ[59] ਲਗੀ ਰਹਿੰਦੀ ਹੈ।
ਹਰਿ ਲੋਚਾ[61] ਪੂਰਨ[62] ਮੇਰੀਆ ॥	O' God ! fulfil[62] my desires[61].	ਹੇ ਵਾਹਿਗੁਰੂ ! ਮੇਰੀਆਂ ਮਨਸ਼ਾਂ[61] ਪੂਰੀਆਂ[62] ਕਰ।
ਦੇਹੁ ਦਰਸੁ[63] ਸੁਖਦਾਤਿਆ[64] ਮੈ ਗਲ[66] ਵਿਚਿ ਲੈਹੁ ਮਿਲਾਇ[65] ਜੀਉ ॥ ੧੫ ॥	O' giver of peace[64] ! grant me a sight[63] of Thee and take[65] me into Thine embrace[66].	ਹੇ ਆਰਾਮ ਬਖ਼ਸ਼ਣਹਾਰ[64] ! ਮੈਨੂੰ ਆਪਣਾ ਦੀਦਾਰ[63] ਬਖ਼ਸ਼ ਤੇ ਮੈਨੂੰ ਆਪਣੀ ਗਲਵੱਕੜੀ[66] ਵਿਚ ਲੈ[65] ਲੈ।
ਤੁਧੁ ਜੇਵਡੁ[67] ਅਵਰੁ ਨ ਭਾਲਿਆ[68] ॥ ਤੂੰ ਦੀਪ[69] ਲੋਅ[70] ਪਇਆਲਿਆ[71] ॥	I have found[68] none as great[67] as Thee. Thou art contained in the earth[69], firmament[70] and under-worlds[71].	ਤੇਰੇ ਜਿੱਡਾ ਵੱਡਾ[67] ਮੈਨੂੰ ਹੋਰ ਕੋਈ ਨਹੀਂ ਲੱਭਾ[68]। ਤੂੰ ਧਰਤੀ[69], ਆਕਾਸ਼[70] ਤੇ ਪਾਤਾਲਾਂ[71] ਅੰਦਰ ਵਿਆਪਕ ਹੈਂ।
ਤੂੰ ਥਾਨਿ[72] ਥਨੰਤਰਿ[73] ਰਵਿ ਰਹਿਆ[74] ਨਾਨਕ ਭਗਤਾ[75] ਸਚੁ ਅਧਾਰੁ[76] ਜੀਉ ॥੧੬॥	Thou art permeating[74] all the places[72] and interplaces[73]. Nanak, Thou art the True Support[76] of Thine devotees[75].	ਤੂੰ ਸਾਰੀਆਂ ਥਾਵਾਂ[72] ਅਤੇ ਥਾਵਾਂ ਦੀਆਂ ਵਿੱਥਾਂ[73] ਅੰਦਰ ਪ੍ਰਵੇਸ਼[74] ਕਰ ਰਿਹਾ ਹੈਂ। ਨਾਨਕ, ਤੂੰ ਆਪਣਿਆਂ ਅਨੁਰਾਗੀਆਂ[75] ਦਾ ਸੱਚਾ ਆਸਰਾ[76] ਹੈਂ।
ਹਉ[77] [78]ਗੋਸਾਈ[79] ਦਾ ਪਹਿਲਵਾਨੜਾ[80] ॥	I[77] am the petty wrestler[80] of the World[78]-Lord[79].	ਮੈਂ[77] ਸ੍ਰਿਸ਼ਟੀ[78] ਦੇ ਸੁਆਮੀ[79] ਦਾ ਅਦਨਾ[80] ਘੁਲਾਟੀਆ ਹਾਂ !
ਮੈ ਗੁਰ ਮਿਲਿ[81] ਉਚ[82] ਦੁਮਾਲੜਾ[83] ॥	Having met[81] the Guru, I have put on a tall[82] plumed turban[83].	ਗੁਰਾਂ ਨੂੰ ਭੇਟ[81] ਕੇ ਮੈਂ ਉੱਚੀ[82] ਤੁਰ੍ਹੇ ਵਾਲੀ[83] ਦਸਤਾਰ ਸਜਾ ਲਈ ਹੈ।
ਸਭ[84] ਹੋਈ ਛਿੰਝ[85] ਇਕਠੀਆ[86] ਦਯੁ[87] ਬੈਠਾ[88] ਵੇਖੈ[89] ਆਪਿ[90] ਜੀਉ ॥ ੧੭ ॥	All[84] the assemblage to witness wrestling[85] is gathered[86], and the Merciful Master[87] Himself[90] is seated[88] to behold[89] it.	ਸਾਰਾ[84] ਘੋਲ ਵੇਖਣ ਵਾਲਾ ਮਜਮਾ[85] ਇਕੱਤਰ[86] ਹੋ ਗਿਆ ਹੈ ਅਤੇ ਮਿਹਰਬਾਨ ਮਾਲਕ[87] ਆਪੇ[90] ਬਹਿ[88] ਕੇ ਦੇਖ[89] ਰਿਹਾ ਹੈ।

ਵਾਤ[91] ਵਜਨਿ[92] ਟੰਮਕ[93] ਭੇਰੀਆ[94] ॥	The bugles[91], drums[93] and trumpets[94] play[92].	ਵਾਜੇ[91], ਨਗਾਰੇ[93] ਅਤੇ ਤੂਤੀਆਂ[94] ਵਜਦੀਆਂ[92] ਹਨ ।
ਮਲ[95] ਲਥੇ[96] ਲੈਦੇ[97] ਫੇਰੀਆ[98] ॥	The wrestlers[95] enter[96] the arena and take[97] gyrations[98] round it.	ਪਹਿਲਵਾਨ[95] ਅਖਾੜੇ ਅੰਦਰ ਦਾਖ਼ਲ[96] ਹੁੰਦੇ ਹਨ ਅਤੇ ਇਸ ਦੇ ਉਦਾਲੇ ਚੱਕਰ[98] ਕੱਟਦੇ[97] ਹਨ ।
ਨਿਹਤੇ[99] ਪੰਜਿ ਜੁਆਨ[100] ਮੈ ਗੁਰ ਥਾਪੀ ਦਿਤੀ[2] ਕੰਡਿ[3] ਜੀਉ ॥ ੧੮ ॥	I have floored[99] the five youths[100] (deadly sins) and the Guru has patted[2] me on my back[3].	ਮੈਂ ਪੰਜੇ ਚੋਬਰਾਂ[100] (ਮੁਹਲਕ ਪਾਪਾਂ) ਦੀ ਪਿੱਠ ਲਾ ਦਿੱਤੀ[99] ਹੈ ਅਤੇ ਗੁਰਾਂ ਨੇ ਮੇਰੀ ਪਿੱਠ[3] ਤੇ ਮੈਨੂੰ ਥਾਪੜਾ[2] ਦਿੱਤਾ ਹੈ ।
ਸਭ[4] ਇਕਠੇ ਹੋਇ[5] ਆਇਆ[6] ॥	All[4] come[6] together in a body[5].	ਸਾਰੇ[4] ਮਿਲ ਕੇ ਇਕ ਸਮੁਦਾਇ[5] ਵਿਚ ਆਏ[6] ਹਨ ।
ਘਰਿ[7] ਜਾਸਨਿ[8] ਵਾਟ[9] ਵਟਾਇਆ[10] ॥	They shall return[8] home[7] through different[10] routes[9].	ਉਹ ਭਿੰਨ[10] ਭਿੰਨ ਮਾਰਗਾਂ[9] ਰਾਹੀਂ[8] ਆਪਣੇ ਗ੍ਰਿਹ[7] ਜਾਣਗੇ ।
ਗੁਰਮੁਖਿ[11] ਲਾਹਾ[12] ਲੈ[13] ਗਏ[14] ਮਨਮੁਖ[15] ਚਲੇ[16] ਮੂਲੁ[17]ਗਵਾਇ[18]ਜੀਉ।੧੯।	The Guruwards[11] reap[13] profit[12] and leave[14] while the mindwards[15] lose[18] even their capital[17] and depart[16].	ਗੁਰੂ-ਅਨੁਸਾਰੀ[11] ਨਫ਼ਾ[12] ਕਮਾ[13] ਕੇ ਕੂਚ ਕਰਦੇ[14] ਹਨ ਜਦ ਕਿ ਮਨ-ਅਨੁਸਾਰੀ[15] ਆਪਣਾ ਅਸਲ ਜ਼ਰ[17] ਭੀ ਗੁਆ[18] ਕੇ ਟੁਰਦੇ[16] ਹਨ !
ਤੂੰ ਵਰਨਾ[19] ਚਿਹਨਾ[20] ਬਾਹਰਾ[21] ॥	Thou art sans[21] colours[19] and marks[20].	ਤੂੰ ਰੰਗਾਂ[19] ਅਤੇ ਚਿੰਨ੍ਹਾਂ[20] ਤੋਂ ਬਗ਼ੈਰ[21] ਹੈਂ ।
ਹਰਿ ਦਿਸਹਿ[22] ਹਾਜਰੁ[23] ਜਾਹਰਾ[24] ॥	God is apparently[24] seen[22] to be present[23].	ਵਾਹਿਗੁਰੂ ਪਰਤੱਖ[24] ਹੀ ਹਾਜ਼ਰ ਨਾਜ਼ਰ[23] ਦਿਸਦਾ[22] ਹੈ ।
ਸੁਣਿ ਸੁਣਿ[25] ਤੁਝੈ ਧਿਆਇਦੇ[26] ਤੇਰੇ ਭਗਤ[27] ਰਤੇ[28] ਗੁਣਤਾਸੁ[29] ਜੀਉ ॥ ੨੦ ॥	O' Treasure of Excellences[29] ! Thine saints[27] continually hear[25] Thine Praises, meditate[26] on Thee and are imbued[28] with Thee.	ਹੇ ਖ਼ੂਬੀਆਂ ਦੇ ਖ਼ਜ਼ਾਨੇ[29] ! ਤੇਰੇ ਸਾਧੂ[27] ਤੇਰੀ ਕੀਰਤੀ ਲਗਾਤਾਰ[25] ਸੁਣਦੇ, ਤੇਰਾ ਸਿਮਰਨ ਕਰਦੇ[26] ਅਤੇ ਤੇਰੇ ਨਾਲ ਰੰਗੇ[28] ਹੋਏ ਹਨ ।
ਮੈ ਜੁਗਿ ਜੁਗਿ[30] ਦਯੈ[31] ਸੇਵੜੀ[32] ॥	In every age[30] I am the maid servant[32] of God[31].	ਹਰ ਯੁਗ[30] ਅੰਦਰ ਮੈਂ ਵਾਹਿਗੁਰੂ[31] ਦੀ ਬਾਂਦੀ[32] ਹਾਂ ।
ਗੁਰਿ ਕਟੀ[33] ਮਿਹਡੀ[34] ਜੇਵੜੀ[35] ॥	The Guru has cut[33] my[34] fetters[35].	ਗੁਰਾਂ ਨੇ ਮੇਰੀਆਂ[34] ਬੇੜੀਆਂ[35] ਵੱਢ ਸੁਟੀਆਂ[33] ਹਨ ।
ਹਉ[36] ਬਾਹੁੜਿ[37] ਛਿੰਝ[38] ਨ ਨਚਊ[39] ਨਾਨਕ ਅਉਸਰੁ[40] ਲਧਾ[41] ਭਾਲਿ[42] ਜੀਉ ॥ ੨੧ ॥ ੨ ॥ ੨੯ ॥	I[36] shall not again[37] dance[39] in the wrestling arena[38]. Nanak has searched[42] and found[41] this opportunity[40].	ਮੈਂ[36] ਮੁੜਕੇ[37] ਘੁਲਣ ਵਾਲੇ[38] ਅਖਾੜੇ ਅੰਦਰ ਨਿਰਤ-ਕਾਰੀ[39] ਨਹੀਂ ਕਰਾਂਗੀ । ਨਾਨਕ ਨੇ ਖੋਜ ਢੂੰਡ[42] ਕੇ ਇਹ ਮੌਕਾ[40] ਲੱਭ[41] ਲਿਆ ਹੈ ।
੧ ੴ ਸਤਿਗੁਰ ਪ੍ਰਸਾਦਿ ॥	There is but one God. By the true Guru's grace He is obtained.	ਵਾਹਿਗੁਰੂ ਕੇਵਲ ਇਕ ਹੈ । ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਸਿਰੀ ਰਾਗੁ ਮਹਲਾ ੧ ਪਹਰੇ ਘਰੁ ੧ ॥	Sri Rag, First Guru.	ਸਿਰੀ ਰਾਗ, ਪਹਿਲੀ ਪਾਤਸ਼ਾਹੀ ।

ਪਹਿਲੈ[43] ਪਹਰੈ[44] ਰੈਣਿ[45] ਕੈ[46] ਵਣਜਾਰਿਆ[47] ਮਿਤ੍ਰਾ[48] ਹੁਕਮਿ[49] ਪਇਆ[50] ਗਰਭਾਸਿ[51] ॥

In he first[43] watch[44] of[46] night[45] O' my merchant[47] friend[48] ! by Lord's order[49], Thou were cast[50] into the womb[51].

ਰਾਤ੍ਰੀ[45] ਦੇ[46] ਪਹਿਲੇ[43] ਹਿੱਸੇ[44] ਵਿਚ, ਹੇ ਮੇਰੇ ਸੁਦਾਗਰ[47] ਬੇਲੀਆ[48] ! ਸਾਹਿਬ ਦੇ ਫੁਰਮਾਨ[49] ਦੁਆਰਾ ਤੈਨੂੰ ਮਾਂ ਦੇ ਪੇਟ ਅੰਦਰ[51] ਪਾ ਦਿੱਤਾ[50] ਗਿਆ ।

ਉਰਧ[52] ਤਪੁ[53] ਅੰਤਰਿ[54] ਕਰੇ ਵਣਜਾਰਿਆ ਮਿਤ੍ਰਾ ਖਸਮ[55] ਸੇਤੀ[56] ਅਰਦਾਸਿ[57] ॥ ਖਸਮ[58] ਸੇਤੀ ਅਰਦਾਸਿ ਵਖਾਣੈ[59] ਉਰਧ[60] ਧਿਆਨਿ[61] ਲਿਵ[62] ਲਾਗਾ[63] ॥

With body reversed[52] Thou performed penance[53] within[54] and prayed[57] to[56] thy Master[55], O' my merchant friend! Upside down[60] Thou said[59] prayers unto the Lord[58] with fixed[63] attention[61] and affection[62].

ਪੁੱਠੀ ਹੋਈ[52] ਹੋਈ ਦੇਹਿ ਨਾਲ ਤੂੰ ਅੰਦਰ[54] ਤਪੱਸਿਆ[53] ਕਰਦਾ ਅਤੇ ਆਪਣੇ ਮਾਲਕ[55] ਕੋਲਿ[56] ਪ੍ਰਾਰਥਨਾ[57] ਕਰਦਾ ਸੈਂ, ਹੇ ਮੇਰੇ ਸੁਦਾਗਰ ਬੇਲੀਆ ! ਮੂਧੇ ਮੂੰਹ[60] ਤੂੰ ਜੁੜੀ ਹੋਈ[63] ਬ੍ਰਿਤੀ[61] ਅਤੇ ਪ੍ਰੀਤ[62] ਨਾਲ ਸੁਆਮੀ[58] ਮੂਹਰੇ ਬੇਨਤੀ ਅਰਜ਼ ਕਰਦਾ[59] ਸੈਂ ।

[64]ਨਾਮਰਜਾਦੁ[65] ਆਇਆ ਕਲਿ[66] ਭੀਤਰਿ[67] ਬਾਹੁੜਿ[68] ਜਾਸੀ[69] ਨਾਗਾ[70] ॥

Thou came against[64] manner[65] (naked) in[67] the darkage[66] (world) and again[68], shall depart[69] naked[70].

ਤੂੰ ਕਲਜੁਗ[66] (ਜਗਤ) ਅੰਦਰ[67] ਦਸਤੂਰ[65] ਦੇ ਉਲਟ[64] (ਨੰਗਾ) ਆਇਆ ਸੈਂ ਅਤੇ ਮੁੜ[68] ਨੰਗਾ[70] ਹੀ ਟੁਰ[69] ਜਾਏਂਗਾ ।

ਜੈਸੀ[71] ਕਲਮ[72] ਵੁੜੀ[73] ਹੈ ਮਸਤਕਿ[74] ਤੈਸੀ[75] ਜੀਅੜੇ[76] ਪਾਸਿ[77] ॥

Such[75] cargo shall be with[77] the mortal[76], as[71] God's pen[72] has recorded[73] on his brow[74].

ਪ੍ਰਾਨੀ[76] ਕੋਲਿ[77] ਐਸਾ[75] ਵੱਖਰ ਹੋਵੇਗਾ ਜੈਸਾ[71] ਕਿ ਰੱਬ ਦੀ ਕਾਨੀ[72] ਨੇ ਉਸ ਦੇ ਮਥੇ[74] ਉਤੇ ਲਿਖਿਆ[73] ਹੈ ।

੭੫ / 75 / ੭੫

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ[78] ਪਇਆ[79] ਗਰਭਾਸਿ[80] ॥ ੧ ॥

Says Nanak, in the first watch, Soul descends[79] into the womb[80] by Lord's will[78].

ਗੁਰੂ ਜੀ ਫੁਰਮਾਉਂਦੇ ਹਨ, ਪਹਿਲੇ ਪਹਿਰੇ ਅੰਦਰ ਸੁਆਮੀ ਦੀ ਰਜ਼ਾ[78] ਦੁਆਰਾ ਜਿੰਦੜੀ ਰਹਿਮ[80] ਅੰਦਰ ਆ ਪੈਂਦੀ[79] ਹੈ ।

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ[81] ਗਇਆ ਧਿਆਨੁ[82] ॥

In the second watch of the night, O' merchant friend ! man forgets[81] Lord's meditation[82]

ਰਾਤ੍ਰੀ ਦੇ ਦੂਸਰੇ ਪਹਿਰੇ ਵਿਚ, ਹੇ ਸੁਦਾਗਰ ਸੱਜਣਾ ! ਇਨਸਾਨ ਸਾਹਿਬ ਦੇ ਸਿਮਰਨ[82] ਨੂੰ ਭੁਲ[81] ਜਾਂਦਾ ਹੈ ।

ਹਥੋ ਹਥਿ[83] ਨਚਾਈਐ[84] ਵਣਜਾਰਿਆ ਮਿਤ੍ਰਾ ਜਿਉ[85] ਜਸੁਦਾ ਘਰਿ[86] ਕਾਨੁ[87] ॥ ਹਥੋ ਹਥਿ ਨਚਾਈਐ ਪ੍ਰਾਣੀ[88] ਮਾਤ[89] ਕਹੈ[90] ਸੁਤੁ[91] ਮੇਰਾ[92] ॥

ਤੁਧੁ ਆਪੇ[58] ਭਾਵੈ[59] ਸੋ[60] ਕਰਹਿ[61] ਤੁਧੁ[62] ਓਤੈ[63] ਕੰਮਿ[64] ਓਇ[65] ਲਾਇਆ[66] ॥	Thou[62] hast put[66] them[65] to that[63] task[64] and they do[61] that very[60] work which pleaseth[59] Thine own-self[58].	ਤੂੰ[62] ਉਨ੍ਹਾਂ[65] ਨੂੰ ਉਸ[63] ਕਾਰੇ[64] ਲਾਇਆ[66] ਹੈ ਅਤੇ ਉਹ ਉਹੀ ਕੁਛ[60] ਕਰਦੇ[61] ਹਨ ਜੋ ਤੇਰੇ ਆਪਣੇ ਆਪ[58] ਨੂੰ ਚੰਗਾ[59] ਲੱਗਦਾ ਹੈ ।
ਇਕਨਾ[67] ਸਚੁ[68] ਬੁਝਾਇਓਨੁ[69] ਤਿਨਾ[70] ਅਤੁਟ[71] ਭੰਡਾਰ[72] ਦੇਵਾਇਆ[73] ॥	To some[67] Thou hast explained[69] truthfulness[68], and to them[70] Thou hast given[73] inexhaustible[71] treasures[72] there-of.	ਕਈਆਂ[67] ਨੂੰ ਤੂੰ ਸੱਚਾਈ[68] ਦਰਸਾਈ[69] ਹੈ ਅਤੇ ਉਨ੍ਹਾਂ[70] ਨੂੰ ਉਸ ਦੇ ਅਮੁੱਕ[71] ਖ਼ਜ਼ਾਨੇ[72] ਦਿੱਤੇ[73] ਹਨ ।
ਹਰਿ ਚੇਤਿ[74] ਖਾਹਿ[75] ਤਿਨਾ[76] ਸਫਲੁ[77] ਹੈ ਅਚੇਤਾ[78] ਹਥੁ[79] ਤਡਾਇਆ[80] ॥੯॥	Profitable[77] is the advent of those[76] who eat[75] by remembering[74] God. They, who remember not the Lord[78], stretch[80] out their hand[79] to beg.	ਫਲ-ਦਾਇਕ[77] ਹੈ ਉਨ੍ਹਾਂ[76] ਦਾ ਆਗਮਨ ਜੋ ਵਾਹਿਗੁਰੂ ਦਾ ਸਿਮਰਨ[74] ਕਰਕੇ ਖਾਂਦੇ[75] ਹਨ । ਜੋ ਸਾਹਿਬ ਦਾ ਸਿਮਰਨ[78] ਨਹੀਂ ਕਰਦੇ ਉਹ ਮੰਗਣ ਲਈ ਹੱਥ[79] ਅੱਡਦੇ[80] ਹਨ ।
ਸਲੋਕ ਮ: ੩ ॥	Slok, Third Guru.	ਸਲੋਕ, ਤੀਜੀ ਪਾਤਸ਼ਾਹੀ ।
ਪੜਿ ਪੜਿ[81] ਪੰਡਿਤ[82] ਬੇਦ ਵਖਾਣਹਿ[83] ਮਾਇਆ[84] ਮੋਹ[85] ਸੁਆਇ[86] ॥	For the aim[86] and love[85] of wealth[84], the Brahmans[82] constantly read[81] and expound[83] the Vedas.	ਧਨ-ਦੌਲਤ[84] ਦੇ ਮਨੋਰਥ[86] ਤੇ ਮੁਹੱਬਤ[85] ਦੀ ਖ਼ਾਤਰ, ਬ੍ਰਹਿਮਣ[82] ਵੇਦਾਂ ਨੂੰ ਇਕ-ਰਸ ਵਾਚਦੇ[81] ਤੇ ਉਨ੍ਹਾਂ ਦੀ ਵਿਆਖਿਆ[83] ਕਰਦੇ ਹਨ ।
ਦੂਜੈ[87] ਭਾਇ[88] ਹਰਿਨਾਮੁ ਵਿਸਾਰਿਆ[89] ਮਨ[90] ਮੂਰਖ[91] ਮਿਲੈ[92] ਸਜਾਇ[93] ॥	Through the love[88] of worldly valuables[87], the foolish[91] mind[90] has forgotten[89] God's Name, and he shall be	ਸੰਸਾਰੀ ਪਦਾਰਥਾਂ[87] ਦੀ ਪ੍ਰੀਤ[88] ਰਾਹੀਂ ਬੇਵਕੂਫ[91] ਬੰਦੇ[90] ਨੇ ਵਾਹਿਗੁਰੂ ਦਾ ਨਾਮ ਭੁਲਾ[89] ਛਡਿਆ ਹੈ, ਇਸ ਲਈ ਉਸ ਨੂੰ ਡੰਡ[93] ਮਿਲੇਗਾ[92] ।

	awarded[92] punishment[93].	
ਜਿਨਿ[94] ਜੀਉ[95] ਪਿੰਡੁ[96] ਦਿਤਾ[97] ਤਿਸੁ[98] ਕਬਹੂੰ ਨ ਚੇਤੈ[99] ਜੋ[100] ਦੇਂਦਾ[2] ਰਿਜਕੁ[3] ਸੰਬਾਹਿ[4] ॥	He never thinks[99] of Him[98] who[94] gave[97] him the soul[95] and body[96] and who[100] provides[2] all[4] with sustenance[3].	ਉਹ ਕਦਾਚਿਤ ਉਸ[98] ਨੂੰ ਯਾਦ[99] ਨਹੀਂ ਕਰਦਾ ਜਿਸ ਨੇ[94] ਉਸ ਨੂੰ ਆਤਮਾ[95] ਤੇ ਦੇਹਿ[96] ਦਿੱਤੀਆਂ[97] ਹਨ ਅਤੇ ਜਿਹੜਾ[100] ਸਾਰਿਆਂ[4] ਨੂੰ ਰੋਜ਼ੀ[3] ਬਖ਼ਸ਼ਦਾ[2] ਹੈ।
ਜਮ[5] ਕਾ ਫਾਹਾ[6] ਗਲਹੁ[7] ਨ ਕਟੀਐ[8] ਫਿਰਿ[9] ਫਿਰਿ ਆਵੈ ਜਾਇ[10] ॥	The noose[6] of death[5] shall not be cut[8] from his neck[7] and he shall continue to come and go[10] over and over again[9].	ਮੌਤ[5] ਦੀ ਫ਼ਾਂਸੀ[6] ਉਸ ਦੀ ਗਰਦਨ[7] ਤੋਂ ਨਹੀਂ ਵੱਢੀ[8] ਜਾਣੀ ਅਤੇ ਉਹ ਮੁੜ ਮੁੜ[9] ਕੇ ਆਉਂਦਾ ਤੇ ਜਾਂਦਾ[10] ਰਹੇਗਾ।
ਮਨਮੁਖਿ[11] ਕਿਛੂ ਨ ਸੂਝੈ[12] ਅੰਧੁਲੇ[13] ਪੂਰਬਿ[14] ਲਿਖਿਆ[15] ਕਮਾਇ[16] ॥	The blind[13] self-willed[11] man understands[12] nothing and practises[16] what is [14]pre-destined[15] for him.	ਅੰਨ੍ਹਾ[13] ਆਪ-ਹੁਦਰਾ[11] ਇਨਸਾਨ ਕੁਝ ਭੀ ਨਹੀਂ ਸਮਝਦਾ[12] ਅਤੇ ਉਹੋ ਕੁਛ ਕਰਦਾ[16] ਹੈ ਜੋ ਉਸ ਲਈ ਮੁੱਢ[14] ਤੋਂ ਲਿਖਿਆ[15] ਹੋਇਆ ਹੈ।
ਪੂਰੈ[17] ਭਾਗਿ[18] ਸਤਿਗੁਰੁ ਮਿਲੈ[19] ਸੁਖ ਦਾਤਾ[20] ਨਾਮੁ ਵਸੈ[21] ਮਨਿ[22] ਆਇ[23] ॥	Through the perfect[17] good fortune[18], True Guru, the giver of peace[20], is met[19] and the Name comes[23] to abide[21] in man's mind[22].	ਪੂਰਨ[17] ਚੰਗੇ ਨਸੀਬਾਂ[18] ਦੁਆਰਾ, ਆਰਾਮ ਬਖ਼ਸ਼ਣਹਾਰ[20], ਸੱਚੇ ਗੁਰੂ ਜੀ, ਮਿਲਦੇ[19] ਹਨ ਅਤੇ ਨਾਮ ਆ[23] ਕੇ ਇਨਸਾਨ ਦੇ ਅੰਤਰ ਆਤਮੇ[22] ਟਿਕ[21] ਜਾਂਦਾ ਹੈ।
ਸੁਖੁ[24] ਮਾਣਹਿ[25] ਸੁਖੁ ਪੈਨਣਾ[26] ਸੁਖੇ ਸੁਖਿ[27] ਵਿਹਾਇ[28] ॥	He enjoys[25] peace[24], wears[26] peace and in the joy of joys[27] he passes[28] his life.	ਉਹ ਆਰਾਮ[24] ਭੋਗਦਾ[25] ਹੈ, ਆਰਾਮ ਪਹਿਨਦਾ[26] ਹੈ ਅਤੇ ਖ਼ੁਸ਼ੀਆਂ ਦੀ ਖ਼ੁਸ਼ੀ[27] ਵਿਚ ਆਪਣੀ ਜ਼ਿੰਦਗੀ ਗੁਜ਼ਾਰਦਾ[28] ਹੈ।
ਨਾਨਕ ਸੋ[29] ਨਾਉ ਮਨਹੁ[30] ਨ ਵਿਸਾਰੀਐ[31] ਜਿਤੁ[32] ਦਰਿ[33] ਸਚੈ[34] ਸੋਭਾ[35] ਪਾਇ[36] ॥ ੧ ॥	Nanak, in thy mind[30] grow not oblivious[31] of the[29] Name, by which[32] honour[35] is obtained[36] in the court[33] of the True Lord[34].	ਨਾਨਕ, ਆਪਣੇ ਚਿੱਤ[30] ਵਿਚੋਂ ਉਸ[29] ਨਾਮ ਨੂੰ ਨਾ ਭੁਲਾ[31], ਜਿਸ ਦੁਆਰਾ[32] ਸੱਚੇ ਸਾਹਿਬ[34] ਦੇ ਦਰਬਾਰ[33] ਅੰਦਰ ਇੱਜ਼ਤ[35] ਪਰਾਪਤ[36] ਹੁੰਦੀ ਹੈ।
ਮ: ੩ ॥	Third Guru.	ਤੀਜੀ ਪਾਤਸ਼ਾਹੀ।
੮੬	86	੮੬
ਸਤਿਗੁਰੁ ਸੇਵਿ[37] ਸੁਖੁ[38] ਪਾਇਆ ਸਚੁ ਨਾਮੁ[39] [40]ਗੁਣਤਾਸੁ[41] ॥	By serving[37] the True Guru happiness[38] is procured. The True Name[39] is the treasure[41] of excellences[40].	ਸੱਚੇ ਗੁਰਾਂ ਦੀ ਟਹਿਲ[37] ਕਮਾਉਣ ਦੁਆਰਾ ਪ੍ਰਸੰਨਤਾ[38] ਪਰਾਪਤ ਹੁੰਦੀ ਹੈ। ਸਤਿਨਾਮ[39] ਉਤਕ੍ਰਿਸ਼ਟਤਾਈਆਂ[40] ਦਾ ਖ਼ਜ਼ਾਨਾ[41] ਹੈ।
ਗੁਰਮਤੀ[42] ਆਪੁ[43] ਪਛਾਣਿਆ[44] ਰਾਮਨਾਮ[45] ਪਰਗਾਸੁ[46] ॥	By Guru's instruction[42], one recognises[44] his ownself[43], and the light[46] of Lord's Name[45] comes into him.	ਗੁਰਾਂ ਦੇ ਉਪਦੇਸ਼[42] ਦੁਆਰਾ, ਬੰਦਾ ਆਪਣੇ ਆਪੇ[43] ਨੂੰ ਸਿੰਞਾਣ[44] ਲੈਂਦਾ ਹੈ ਅਤੇ ਸਾਹਿਬ ਦੇ ਨਾਮ[45] ਦੀ ਰੋਸ਼ਨੀ[46] ਉਸ ਦੇ ਅੰਦਰ ਆ ਜਾਂਦੀ ਹੈ।
ਸਚੋ[47] ਸਚੁ[48] ਕਮਾਵਣਾ[49] ਵਡਿਆਈ[50] ਵਡੇ[51] ਪਾਸਿ[52] ॥	The true man[47] practises[49] truth[48]. The greatness[50] is with[52] the great Lord[51].	ਸਤਿਪੁਰਖ[47] ਧਰਮ[48] ਦੀ ਕਮਾਈ ਕਰਦਾ[49] ਹੈ। ਵਿਸ਼ਾਲਤਾ[50], ਵਿਸ਼ਾਲ ਸੁਆਮੀ[51] ਦੇ ਕੋਲਿ[52] ਹੈ।
ਜੀਉ[53] ਪਿੰਡੁ[54] ਸਭੁ[55] ਤਿਸ	He glorifies[56] and supplicates[57] the	ਉਹ ਸੁਆਮੀ ਦੀ ਮਹਿਮਾ[56] ਤੇ ਉਸ ਦੇ ਮੁਹਰੇ ਬੇਨਤੀ[57]

ਕਾ ਸਿਫਤ[56] ਕਰੇ ਅਰਦਾਸਿ[57] ॥

Lord, to whom belong his soul[63], body[64] and everything[65].

ਕਰਦਾ ਹੈ, ਜੋ ਉਸ ਦੀ ਜਿੰਦੜੀ[63], ਦੇਹਿ[64] ਤੇ ਹਰ ਸ਼ੈ[65] ਦਾ ਮਾਲਕ ਹੈ।

ਸਚੈ ਸਬਦਿ[58] ਸਾਲਾਹਣਾ[59] ਸੁਖੇ ਸੁਖਿ[60] ਨਿਵਾਸੁ[61] ॥

By singing the praises[59] of the True Lord[58], he abides[61] in supreme bliss[60].

ਸੱਚੇ ਸਾਹਿਬ[58] ਦੀ ਸਿਫ਼ਤ-ਸ਼ਲਾਘਾ ਗਾਇਨ[59] ਕਰਨ ਦੁਆਰਾ ਉਹ ਪ੍ਰਮ-ਅਨੰਦ[60] ਅੰਦਰ ਵਸਦਾ[61] ਹੈ।

ਜਪੁ[62]ਤਪੁ[63] ਸੰਜਮੁ[64]ਮਨੈ[65] ਮਾਹਿ[66] ਬਿਨੁ ਨਾਵੈ ਧ੍ਰਿਗੁ[67] ਜੀਵਾਸੁ[68] ॥

Within[66] his mind[65], though man may practise recitation[62], penance[63] and self-restraint[64], yet without God's Name, accursed[67] is his living[68].

ਆਪਣੇ ਚਿਤ[65] ਅੰਦਰ[66] ਭਾਵੇਂ ਇਨਸਾਨ ਪਾਠ[62], ਤਪੱਸਿਆ[63] ਤੇ ਸਵੈ-ਰਿਆਜ਼ਤ[64] ਦੀ ਕਿਰਤ ਕਰੇ, ਪ੍ਰੰਤੂ ਹਰੀ ਦੇ ਨਾਮ ਦੇ ਬਗ਼ੈਰ, ਲਾਨ੍ਹਤ ਮਾਰਿਆ[67] ਹੈ ਉਸ ਦਾ ਜੀਵਨ[68]।

ਗੁਰਮਤੀ[69] ਨਾਉ ਪਾਈਐ ਮਨਮੁਖ[70] ਮੋਹਿ[71] ਵਿਣਾਸੁ[72] ॥

By Guru's instruction[69], Lord's Name is received. The self-willed[70] perish[72] through worldly love[71].

ਗੁਰਾਂ ਦੇ ਉਪਦੇਸ਼[69] ਦੁਆਰਾ ਸਾਹਿਬ ਦਾ ਨਾਮ ਪ੍ਰਾਪਤ ਹੁੰਦਾ ਹੈ। ਆਪ-ਹੁਦਰੇ[70] ਸੰਸਾਰੀ ਮਮਤਾ[71] ਰਾਹੀਂ ਨਾਸ[72] ਹੋ ਜਾਂਦੇ ਹਨ।

ਜਿਉ[73]ਭਾਵੈ[74]ਤਿਉ ਰਾਖੁ[75] ਤੂੰ ਨਾਨਕੁ ਤੇਰਾ ਦਾਸੁ[76] ॥ ੨ ॥

Protect[75] me as[73] Thou willest[74], O' Master ! Nanak is thy slave[76].

ਜਿਸ[73] ਤਰ੍ਹਾਂ ਤੈਨੂੰ ਚੰਗਾ[74] ਲੱਗਦਾ ਹੈ, ਮੇਰੀ ਰਖਿਆ[75] ਕਰ, ਹੇ ਮਾਲਕ ! ਨਾਨਕ ਤੇਰਾ ਗੋਲਾ[76] ਹੈ।

ਪਉੜੀ ॥

Pauri.

ਪਉੜੀ।

ਸਭੁ[77] ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ[78] ॥

All[77] are Thine, O' Lord ! and Thou belongest to all. Thou art the capital[78] of everyone.

ਸਾਰੇ[77] ਤੇਰੇ ਹਨ, ਹੇ ਸੁਆਮੀ ! ਅਤੇ ਤੂੰ ਸਾਰਿਆਂ ਦਾ। ਤੂੰ ਹਰ ਜਣੇ ਦੀ ਪੂੰਜੀ[78] ਹੈਂ।

ਸਭਿ ਤੁਧੈ ਪਾਸਹੁ ਮੰਗਦੇ[79] ਨਿਤ[80] ਕਰਿ ਅਰਦਾਸਿ[81]॥

All beg[79] of Thee for alms and each day[80] make supplications[81].

ਸਮੂਹ ਤੇਰੇ ਕੋਲੋਂ ਖ਼ੈਰ ਦੀ ਯਾਚਨਾ[79] ਕਰਦੇ ਹਨ ਅਤੇ ਹਰ ਰੋਜ਼[80] ਪ੍ਰਾਰਥਨਾ[81] ਕਰਦੇ ਹਨ।

ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ[82] ਦੂਰਿ[83] ਹੈ ਪਾਸਿ[84] ॥

Whomsoever Thou givest, he obtains everything. To some[82] Thou art distant[83] and to some near[84].

ਜਿਸ ਕਿਸੇ ਨੂੰ ਤੂੰ ਦਿੰਦਾ ਹੈਂ, ਉਹ ਸਾਰਾ ਕੁਝ ਪਾ ਲੈਂਦਾ ਹੈ। ਕਈਆਂ[82] ਨੂੰ ਤੂੰ ਦੁਰੇਡੇ[83] ਹੈਂ ਤੇ ਕਈਆਂ ਦੇ ਨੇੜੇ[84]।

ਤੁਧੁ ਬਾਝਹੁ[85] ਥਾਉ[86] ਕੋ ਨਾਹੀ ਜਿਸੁ ਪਾਸਹੁ[87] ਮੰਗੀਐ ਮਨਿ[88] ਵੇਖਹੁ[89] ਕੋ[90] ਨਿਰਜਾਸਿ[91] ॥

Without[85] Thee, there is no place[86] where to beg from[87]. Let some one[90] verify[91] and see[89] in his mind[88].

ਤੇਰੇ ਬਗ਼ੈਰ[85] ਕੋਈ ਥਾਂ[86] ਨਹੀਂ ਜਿਸ ਤੋਂ[87] ਯਾਚਨਾ ਕੀਤੀ ਜਾਵੇ। ਕੋਈ ਜਣਾ[90] ਆਪਣੇ ਚਿਤ[88] ਅੰਦਰ ਨਿਰਣੈ[91] ਕਰਕੇ ਦੇਖ[89] ਲਵੇ।

ਸਭਿ ਤੁਧੈ ਨੋ ਸਾਲਾਹਦੇ[92] ਦਰਿ[93] ਗੁਰਮੁਖਾ[94] ਨੋ ਪਰਗਾਸਿ[95] ॥ ੯ ॥

All praise[92] Thee, O' Lord ! To the Guruwards[94], Thy door[93] becomes manifest[95].

ਸਾਰੇ ਤੇਰੀ ਉਸਤਤੀ[92] ਕਰਦੇ ਹਨ, ਹੇ ਪ੍ਰਭੂ ! ਗੁਰੂ ਅਨੁਸਾਰੀਆਂ[94] ਨੂੰ ਤੇਰਾ ਬੂਹਾ[93] ਪ੍ਰਗਟ[95] ਹੋ ਜਾਂਦਾ ਹੈ।

ਸਲੋਕ ਮ: ੩ ॥

Slok, Third Guru.

ਸਲੋਕ, ਤੀਜੀ ਪਾਤਸ਼ਾਹੀ।

ਪੰਡਿਤੁ ਪੜਿ ਪੜਿ[96]ਉਚਾ[97] ਕੂਕਦਾ[98] ਮਾਇਆ[99] ਮੋਹਿ[100] ਪਿਆਰੁ[2] ॥

Through love[100] and attachment[2] of wealth[99] the Brahman shouts[98] aloud[97] when reading and reciting[96].

ਧਨ[99] ਦੀ ਪ੍ਰੀਤ[100] ਤੇ ਲਗਨ[2] ਰਾਹੀਂ ਬ੍ਰਹਿਮਣ ਵਾਚਦਾ ਤੇ ਪਾਠ ਕਰਦਾ[96] ਹੋਇਆ ਜ਼ੋਰ[97] ਨਾਲ ਪੁਕਾਰਦਾ[98] ਹੈ।

ਅੰਤਰਿ[3] ਬ੍ਰਹਮੁ[4] ਨ

The Foolish[7] and ignorant[8] man[6]

ਬੇਵਕੂਫ਼[7] ਤੇ ਬੇ-ਸਮਝ[8] ਬੰਦਾ[6] ਸਿਰਜਣਹਾਰ[4] ਨੂੰ

ਚੀਨਈ[5] ਮਨਿ[6] ਮੂਰਖੁ[7] ਗਾਵਾਰੁ[8] ॥

recognises[5] not the Creator[4] who is within[3] his-self.

ਨਹੀਂ ਸਿਞਾਣਦਾ[6], ਜੋ ਕਿ ਉਸ ਦੇ ਆਪਣੇ ਅੰਦਰ[3] ਹੈ।

ਦੂਜੈ ਭਾਇ[9] ਜਗਤੁ[10] ਪਰਬੋਧਦਾ[11] ਨਾ ਬੂਝੈ[12] ਬੀਚਾਰੁ[13] ॥

Because of the love of duality[9], he instructs[11] the world[10] and himself understands[12] not Divine Knowledge[13].

ਦਵੈਤ-ਭਾਵ[9] ਦੇ ਕਾਰਨ ਉਹ ਸੰਸਾਰ[10] ਨੂੰ ਸਿਖ-ਮਤ[11] ਦਿੰਦਾ ਹੈ ਅਤੇ ਖ਼ੁਦ ਬ੍ਰਹਿਮ ਗਿਆਨ[13] ਨੂੰ ਨਹੀਂ ਸਮਝਦਾ[12]।

ਬਿਰਥਾ[14] ਜਨਮੁ[15] ਗਵਾਇਆ[16] ਮਰਿ ਜੰਮੈ[17] ਵਾਰੋ ਵਾਰ[18] ॥

He loses[16] his life[15] in vain[14] and dies and is born[17] again and again[18].

ਉਹ ਆਪਣਾ ਜੀਵਨ[15] ਬੇਅਰਥ[14] ਗੁਆ[16] ਲੈਂਦਾ ਹੈ ਅਤੇ ਮੁੜ ਮੁੜ[18] ਕੇ ਮਰਦਾ ਤੇ ਜੰਮਦਾ[17] ਹੈ।

ਮ: ੩ ॥

Third Guru.

ਤੀਜੀ ਪਾਤਸ਼ਾਹੀ।

ਜਿਨੀ ਸਤਿਗੁਰੁ ਸੇਵਿਆ[19] ਤਿਨੀ ਨਾਉ ਪਾਇਆ ਬੂਝਹੁ[20] ਕਰਿ ਬੀਚਾਰੁ[21] ॥

They, who wait upon[19] the True Guru, receive Lord's Name. Reflect[21] over and understand[20] this.

ਜੋ ਸੱਚੇ ਗੁਰਾਂ ਦੀ ਟਹਿਲ[19] ਕਮਾਉਂਦੇ ਹਨ, ਉਹ ਸਾਈਂ ਦੇ ਨਾਮ ਨੂੰ ਪਰਾਪਤ ਕਰਦੇ ਹਨ। ਇਸ ਨੂੰ ਸੋਚ[21] ਤੇ ਸਮਝ[20]।

ਸਦਾ[22] ਸਾਂਤਿ[23] ਸੁਖੁ[24] ਮਨਿ[25] ਵਸੈ[26] ਚੂਕੈ[27] ਕੂਕ[28] ਪੁਕਾਰ[29] ॥

Their wailings[28] and complaints[29] come to an end[27] and peace[23], and joy[24] ever[22] abide[26] in their mind[25].

ਉਨ੍ਹਾਂ ਦਾ ਵਿਰਲਾਪ[28] ਤੇ ਸ਼ਿਕਵਾ ਸ਼ਿਕਾਇਤਾਂ[29] ਮੁਕ ਜਾਂਦੀਆਂ[27] ਹਨ, ਅਤੇ ਠੰਢ-ਚੈਨ[23] ਤੇ ਖ਼ੁਸ਼ੀ[24] ਉਨ੍ਹਾਂ ਦੇ ਚਿਤ[25] ਵਿਚ ਹਮੇਸ਼ਾਂ[22] ਲਈ ਵਸ[26] ਜਾਂਦੀਆਂ ਹਨ।

ਆਪੈ[30] ਨੋ ਆਪੁ[31] ਖਾਇ[32] ਮਨੁ[36] ਨਿਰਮਲੁ[33] ਹੋਵੈ ਗੁਰਸਬਦੀ[34] ਵੀਚਾਰੁ[35] ॥

Their self[31] eats[32] up its self-conceit[30], and their mind[36] becomes pure[33] by reflecting[35] over Gurbani[34].

ਉਨ੍ਹਾਂ ਦਾ ਆਪਾ[31] ਆਪਣੀ ਸਵੈ-ਹੰਗਤਾ[30] ਨੂੰ ਖਾ[32] ਜਾਂਦਾ ਹੈ ਅਤੇ ਗੁਰਬਾਣੀ[34] ਨੂੰ ਸੋਚਣ[35] ਸਮਝਣ ਦੁਆਰਾ ਉਨ੍ਹਾਂ ਦਾ ਅੰਤਸ਼-ਕਰਨ[36] ਸ਼ੁੱਧ[33] ਹੋ ਜਾਂਦਾ ਹੈ।

ਨਾਨਕ ਸਬਦਿ[37] ਰਤੇ[38] ਸੇ[39] ਮੁਕਤੁ[40] ਹੈ ਹਰਿ ਜੀਉ[41] ਹੇਤਿ[42] ਪਿਆਰੁ[43] ॥ ੨ ॥

Nanak, they[39], who are imbued[38] with the Name[37] and bear love[42] and affection[43] to the Venerable Lord[41], get emancipated[40].

ਨਾਨਕ, ਜੋ ਨਾਮ[37] ਨਾਲ ਰੰਗੀਜੇ[38] ਹਨ ਅਤੇ ਪੂਜਯ[41] ਪ੍ਰਭੂ ਨਾਲ ਪ੍ਰੀਤ[42] ਤੇ ਮੁਹੱਬਤ[43] ਕਰਦੇ ਹਨ, ਉਹ[39] ਬੰਦ-ਖ਼ਲਾਸ[40] ਹੋ ਜਾਂਦੇ ਹਨ।

ਪਉੜੀ ॥

Pauri.

ਪਉੜੀ।

ਹਰਿ ਕੀ ਸੇਵਾ[44] ਸਫਲ[45] ਹੈ ਗੁਰਮੁਖਿ[46] ਪਾਵੈ ਥਾਇ[47] ॥

Accredited[45] is the service[44] of God, who approves[47] it through the Guru[46].

ਅਮੋਘ[45] ਹੈ ਚਾਕਰੀ[44] ਵਾਹਿਗੁਰੂ ਦੀ, ਜੋ ਗੁਰਾਂ ਦੇ ਰਾਹੀਂ[46] ਇਸ ਨੂੰ ਪਰਵਾਨ[47] ਕਰਦਾ ਹੈ।

ਜਿਸੁ[48] ਹਰਿ ਭਾਵੈ[49] ਤਿਸੁ[50] ਗੁਰੁ ਮਿਲੈ ਸੋ[52] ਹਰਿਨਾਮੁ ਧਿਆਇ[51] ॥

With whom[48] the Lord is pleased[49], him[50] meets the Guru, and he[52] alone ponders[51] over the Name.

ਜਿਹਦੇ ਨਾਲ[48] ਮਾਲਕ ਪ੍ਰਸੰਨ[49] ਹੁੰਦਾ ਹੈ, ਉਸ[50] ਨੂੰ ਗੁਰੂ ਜੀ ਮਿਲਦੇ ਹਨ, ਕੇਵਲ ਉਹੀ[52] ਨਾਮ ਦਾ ਅਰਾਧਨ[51] ਕਰਦਾ ਹੈ।

ਗੁਰਸਬਦੀ[53] ਹਰਿ ਪਾਈਐ ਹਰਿ ਪਾਰਿ ਲਘਾਇ[54] ॥

By Guru's Words[53], God is obtained, and the Lord ferries the man[54] across the world-ocean.

ਗੁਰਬਾਣੀ[53] ਦੁਆਰਾ ਵਾਹਿਗੁਰੂ ਹਾਸਲ ਹੁੰਦਾ ਹੈ ਅਤੇ ਸੁਆਮੀ ਬੰਦੇ ਨੂੰ ਸੰਸਾਰ-ਸਾਗਰ ਤੋਂ ਪਾਰ[54] ਕਰ ਦਿੰਦਾ ਹੈ।

ਮਨਹਠਿ[55] ਕਿਨੈ ਨ ਪਾਇਓ ਪੁਛਹੁ[56] ਵੇਦਾ ਜਾਇ[57] ॥

Through mind's obstinacy[55] none has attained to God. Go[57] and consult[56] the Vedas.

ਚਿੱਤ ਦੀ ਜ਼ਿੱਦ[55] ਰਾਹੀਂ ਕਿਸੇ ਨੂੰ ਭੀ ਵਾਹਿਗੁਰੂ ਪਰਾਪਤ ਨਹੀਂ ਹੋਇਆ। ਜਾ[57] ਕੇ ਵੇਦਾਂ ਪਾਸੋਂ ਪਤਾ[56] ਕਰ ਲਓ।

ਨਾਨਕ ਹਰਿ ਕੀ ਸੇਵਾ[58] ਸੋ[59] ਕਰੇ[62] ਜਿਸੁ[60] ਲਏ[61] ਹਰਿ ਲਾਇ ॥ ੧੦ ॥	Nanak, he[59] alone performs[62] God's service[58] whom[60] God attaches[61] to Himself.	ਨਾਨਕ, ਕੇਵਲ ਉਹੀ[59] ਵਾਹਿਗੁਰੂ ਦੀ ਚਾਕਰੀ[58] ਕਮਾਉਂਦਾ[62] ਹੈ, ਜਿਸ[60] ਨੂੰ ਹਰੀ ਆਪਣੇ ਨਾਲ ਜੋੜ[61] ਲੈਂਦਾ ਹੈ !
ਸਲੋਕ ਮ: ੩ ॥	Slok, Third Guru.	ਸਲੋਕ, ਤੀਜੀ ਪਾਤਸ਼ਾਹੀ ।
ਨਾਨਕ ਸੋ[63] ਸੂਰਾ[64] ਵਰੀਆਮੁ[65] ਜਿਨਿ ਵਿਚਹੁ[66] ਦੁਸਟੁ[67] ਅਹੰਕਰਣੁ[68] ਮਾਰਿਆ[69] ॥	Nanak, he[63] is the brave[64] warrior[65] who has subdued[69] his vicious[67] inner[66] ego[68].	ਨਾਨਕ, ਉਹੀ[63] ਬਹਾਦਰ[64] ਯੋਧਾ[65] ਹੈ ਜਿਸ ਨੇ ਆਪਣੇ ਅੰਦਰਲੀ[66] ਪਾਪਣ[67] ਹੰਗਤਾ[68] ਨੂੰ ਕਾਬੂ[69] ਕਰ ਲਿਆ ਹੈ ।
ਗੁਰਮੁਖਿ[70] ਨਾਮੁ ਸਾਲਾਹਿ[71] ਜਨਮੁ[72] ਸਵਾਰਿਆ[73] ॥	By praising[71] the Name, the pious person[70] reforms[73] his life[72].	ਨਾਮ ਦੀ ਉਸਤਤੀ[71] ਕਰਨ ਦੁਆਰਾ, ਪਵਿੱਤ੍ਰ ਪੁਰਸ਼[70] ਆਪਣਾ ਜੀਵਨ[72] ਸੁਧਾਰ[73] ਲੈਂਦਾ ਹੈ ।
ਆਪਿ[74] ਹੋਆ ਸਦਾ[75] ਮੁਕਤੁ[76] ਸਭੁ ਕੁਲੁ[77] ਨਿਸਤਾਰਿਆ[78] ॥	He himself[74] is ever[75] emancipated[76] and saves[78] all his lineage[77].	ਉਹ ਖ਼ੁਦ[74] ਸਦੀਵ[75] ਹੀ ਬੰਦ-ਖ਼ਲਾਸ[76] ਹੈ ਅਤੇ ਆਪਣੀ ਸਾਰੀ ਵੰਸ[77] ਨੂੰ ਬਚਾ[78] ਲੈਂਦਾ ਹੈ ।
ਸੋਹਨਿ[79] ਸਚਿ ਦੁਆਰਿ[80] ਨਾਮੁ ਪਿਆਰਿਆ[81] ॥	They, who bear love[81] to the Name, look beauteous[79] at the True gate[80].	ਜੋ ਨਾਮ ਨਾਲ ਪ੍ਰੀਤ[81] ਕਰਦੇ ਹਨ, ਉਹ ਸੱਚੇ ਦਰ[80] ਉਤੇ ਸੁੰਦਰ ਦਿਸਦੇ[79] ਹਨ ।
ਮਨਮੁਖ[82] ਮਰਹਿ[83] ਅਹੰਕਾਰਿ[84] ਮਰਣੁ[85] ਵਿਗਾੜਿਆ[86] ॥	The self-willed[82] die[83] in egotism[84]. They degrade[86] even the death[85] (die an ignoble death).	ਆਪ-ਹੁਦਰੇ[82] ਗਰਬ ਗੁਮਾਨ[84] ਅੰਦਰ ਮਰਦੇ[83] ਹਨ । ਉਹ ਮੌਤ[85] ਨੂੰ ਨੀਚ ਬਣਾ[86] ਦਿੰਦੇ (ਕੁਮੌਤੇ ਮਰਦੇ) ਹਨ ।
ਸਭੋ[87] ਵਰਤੈ[88] ਹੁਕਮੁ[89] ਕਿਆ[90] ਕਰਹਿ ਵਿਚਾਰਿਆ[91] ॥	Everything[87] befalls[88] according to Lord's Will[89]. What[90] can poor[91] mortals do ?	ਹਰ[87] ਸ਼ੈ ਸਾਹਿਬ ਦੇ ਅਮਰ[89] ਅਨੁਸਾਰ ਹੁੰਦੀ[88] ਹੈ । ਗਰੀਬ[91] ਪ੍ਰਾਣੀ ਕੀ[90] ਕਰ ਸਕਦੇ ਹਨ ?
ਆਪਹੁ[92] ਦੂਜੈ[93] ਲਗਿ[94] ਖਸਮੁ[95] ਵਿਸਾਰਿਆ[96] ॥	Attached[94] to ego[92] and duality[93], the man has forgotten[96] the Master[95].	ਸਵੈ-ਹੰਗਤਾ[92] ਤੇ ਦਵੈਤ-ਭਾਵ[93] ਨਾਲ ਜੁੜ[94] ਕੇ, ਇਨਸਾਨ ਨੇ ਮਾਲਕ[95] ਨੂੰ ਭੁਲਾ[96] ਛਡਿਆ ਹੈ ।
ਨਾਨਕ ਬਿਨੁ[98] ਨਾਵੈ ਸਭੁ ਦੁਖੁ[97] ਸੁਖੁ[99] ਵਿਸਾਰਿਆ[100] ॥ ੧ ॥	Nanak, without[98] the Name, all is suffering[97] and happiness[99] is forgotten[100].	ਨਾਨਕ ਨਾਮ ਦੇ ਬਾਝੋਂ[98], ਸਮੂਹ ਤਕਲੀਫ਼[97] ਹੀ ਹੈ, ਅਤੇ ਖ਼ੁਸ਼ੀ[99] ਭੁੱਲ[100] ਜਾਂਦੀ ਹੈ ।
ਮ: ੩ ॥	Third Guru.	ਤੀਜੀ ਪਾਤਸ਼ਾਹੀ ।
ਗੁਰਿ ਪੂਰੈ[2] ਹਰਿਨਾਮੁ ਦਿੜਾਇਆ[3] ਤਿਨਿ[4] ਵਿਚਹੁ[5] ਭਰਮੁ[6] ਚੁਕਾਇਆ[7] ॥	The Perfect[2] Guru has implanted[3] God's Name in me, and that[4] has dispelled[7] doubt[6] from within[5] me.	ਪੂਰਨ[2] ਗੁਰਾਂ ਨੇ ਮੇਰੇ ਅੰਦਰ ਹਰੀ ਦਾ ਨਾਮ ਪੱਕਾ[3] ਕਰ ਦਿਤਾ ਅਤੇ ਉਸ[4] ਨੇ ਮੇਰੇ ਅੰਦਰੋਂ[5] ਵਹਿਮ[6] ਦੂਰ[7] ਕਰ ਦਿੱਤਾ ।
ਰਾਮਨਾਮੁ[8] ਹਰਿ ਕੀਰਤਿ[9] ਗਾਈ[10] ਕਰਿ[11] ਚਾਨਣੁ[12] ਮਗੁ[13] ਦਿਖਾਇਆ[14] ॥	Lord's Name[8] and God's praises[9] I did sing[10]. The Divine light[12] was kindled[11] and I was shown[14] the way[13].	ਸੁਆਮੀ ਦੇ ਨਾਮ[8] ਅਤੇ ਵਾਹਿਗੁਰੂ ਦੇ ਜੱਸ[9] ਦਾ ਮੈਂ ਗਾਇਨ[10] ਕੀਤਾ । ਰਬੀ ਨੂਰ[12] ਪ੍ਰਗਟ[11] ਕਰਕੇ ਮੈਨੂੰ ਰਸਤਾ[13] ਦਿਖਾਲ[14] ਦਿਤਾ ਗਿਆ ।
ਹਉਮੈ[15] ਮਾਰਿ[16] ਏਕ[17]	By effacing[16] my ego[15], I fixed[18] my	ਆਪਣੀ ਹੰਗਤਾ[15] ਨੂੰ ਨਵਿਰਤ[16] ਕਰਕੇ ਮੈਂ ਆਪਣੀ

ਲਿਵ[18] ਲਾਗੀ[19] ਅੰਤਰਿ[20] ਨਾਮੁ ਵਸਾਇਆ[21] ॥

attention[18] on One God[17] and implanted[21] the Name within my mind[20].

ਬਿਰਤੀ[18] ਇਕ[17] ਵਾਹਿਗੁਰੂ ਨਾਲ ਜੋੜ[19] ਲਈ ਅਤੇ ਨਾਮ ਨੂੰ ਆਪਣੇ ਚਿਤ[20] ਅੰਦਰ ਟਿਕਾ[21] ਲਿਆ।

੮੭

87

੮੭

ਗੁਰਮਤੀ[22] ਜਮੁ[23] ਜੋਹਿ[24] ਨ ਸਾਕੈ ਸਾਚੈ ਨਾਮਿ[25] ਸਮਾਇਆ[26] ॥

By Guru's instruction[22] I got absorbed[26] in the True Name[25] and death's courier[23] cannot touch[24] me.

ਗੁਰਾਂ ਦੇ ਉਪਦੇਸ਼[22] ਦੁਆਰਾ ਮੈਂ ਸਤਿਨਾਮ[25] ਅੰਦਰ ਲੀਨ[26] ਹੋ ਗਿਆ ਅਤੇ ਮੌਤ ਦਾ ਦੂਤ[23] ਮੈਨੂੰ ਛੂਹ[24] ਨਹੀਂ ਸਕਦਾ।

ਸਭੁ[27] ਆਪੇ ਆਪਿ[28] ਵਰਤੈ[29] ਕਰਤਾ[30] ਜੋ[31] ਭਾਵੈ[32] ਸੋ[33] ਨਾਇ[34] ਲਾਇਆ[35] ॥

The Creator[30] Himself[28] pervades[29] everywhere[27] He associates[35] to His Name[34] those[33] with whom[31] He is pleased[32].

ਸਿਰਜਣਹਾਰ[30] ਖ਼ੁਦ[28] ਹੀ ਹਰ[27] ਥਾਂ ਵਿਆਪਕ[29] ਹੋ ਰਿਹਾ ਹੈ, ਜਿਨ੍ਹਾਂ[31] ਉਤੇ ਉਹ ਪ੍ਰਸੰਨ[32] ਹੁੰਦਾ ਹੈ, ਉਨ੍ਹਾਂ[33] ਨੂੰ ਆਪਣੇ ਨਾਮ[34] ਨਾਲ ਜੋੜਦਾ[35] ਹੈ।

ਜਨ[36] ਨਾਨਕੁ ਨਾਮੁ ਲਏ[37] ਤਾ[38] ਜੀਵੈ[39] ਬਿਨੁ ਨਾਵੈ ਖਿਨੁ[40] ਮਰਿ ਜਾਇਆ ॥ ੨ ॥

If slave[36] Nanak repeats[37] God's Name, then[38] alone, does he live[39]. Without the Name he dies in an instant[40].

ਜੇਕਰ ਗੋਲਾ[36] ਨਾਨਕ ਨਾਰਾਇਣ ਦੇ ਨਾਮ ਦਾ ਜਾਪ[37] ਕਰੇ, ਕੇਵਲ ਤਦ[38] ਹੀ ਉਹ ਜੀਊਂਦਾ[39] ਰਹਿੰਦਾ ਹੈ। ਨਾਮ ਦੇ ਬਗ਼ੈਰ ਉਹ ਇਕ ਛਿਨ[40] ਅੰਦਰ ਮਰ ਜਾਂਦਾ ਹੈ।

ਪਉੜੀ ॥

Pauri.

ਪਉੜੀ।

ਜੋ ਮਿਲਿਆ[41] ਹਰਿ ਦੀਬਾਣ[42] ਸਿਉ ਸੋ[43] ਸਭਨੀ ਦੀਬਾਣੀ[45] ਮਿਲਿਆ[44] ॥

He[43], who repairs[41] to God's Court[42], is accepted[44] at all the courts[45].

ਜੋ ਵਾਹਿਗੁਰੂ ਦੇ ਦਰਬਾਰ[42] ਅੰਦਰ ਹਾਜ਼ਰ[41] ਹੁੰਦਾ ਹੈ ਉਹ[43] ਸਾਰੀਆਂ ਕਚਹਿਰੀਆਂ[45] ਅੰਦਰ ਪਰਵਾਣ[44] ਹੁੰਦਾ ਹੈ।

ਜਿਥੈ[46] ਓਹੁ ਜਾਇ ਤਿਥੈ[47] ਓਹੁ ਸੁਰਖਰੂ[48] ਉਸ ਕੈ ਮੁਹਿ[49] ਡਿਠੈ[50] ਸਭ ਪਾਪੀ[51] ਤਰਿਆ[52] ॥

Wheresoever[46] he goes, he stands exonerated[48] there[47]. By seeing[50] his face[49] all the sinners[51] are saved[52].

ਜਿਥੇ ਕਿਤੇ[46] ਭੀ ਉਹ ਜਾਂਦਾ ਹੈ, ਉਥੇ[47] ਉਹ ਨਿਰ-ਦੋਸ਼ ਠਹਿਰਾਇਆ[48] ਜਾਂਦਾ ਹੈ। ਉਸ ਦਾ ਚਿਹਰਾ[49] ਦੇਖਣ[50] ਦੁਆਰਾ ਸਾਰੇ ਗੁਨਾਹਗਾਰ[51] ਪਾਰ ਉਤਰ[52] ਜਾਂਦੇ ਹਨ।

ਓਸੁ ਅੰਤਰਿ[53] ਨਾਮੁ ਨਿਧਾਨੁ[54] ਹੈ ਨਾਮੋ ਪਰਵਰਿਆ[55] ॥

Within[53] him is the Name treasure[54], and through God's Name he becomes acceptable[55].

ਉਸ ਦੇ ਅੰਦਰ[53] ਨਾਮ ਦਾ ਖ਼ਜ਼ਾਨਾ[54] ਹੈ ਅਤੇ ਹਰੀ ਦੇ ਨਾਮ ਰਾਹੀਂ ਹੀ ਉਹ ਕਬੂਲ[55] ਪੈਂਦਾ ਹੈ।

ਨਾਉ ਪੂਜੀਐ[56] ਨਾਉ ਮੰਨੀਐ[57] ਨਾਇ ਕਿਲਵਿਖ[58] ਸਭ ਹਿਰਿਆ[59] ॥

The Name he adores[56], the Name he believes[57] in and God's Name effaces[59] all his sins[58].

ਨਾਮ ਨੂੰ ਉਹ ਪੂਜਦਾ[56] ਹੈ, ਨਾਮ ਉਤੇ ਹੀ ਉਸ ਦਾ ਨਿਸਚਾ[57] ਹੈ ਅਤੇ ਹਰੀ ਦਾ ਨਾਮ ਹੀ ਉਸ ਦੇ ਸਾਰੇ ਪਾਪਾਂ[58] ਨੂੰ ਨਾਬੂਦ[59] ਕਰਦਾ ਹੈ।

ਜਿਨੀ ਨਾਮੁ ਧਿਆਇਆ[60] ਇਕਮਨਿ[61] ਇਕਚਿਤਿ[62] ਸੇ[63] ਅਸਥਿਰੁ[64] ਜਗਿ[65] ਰਹਿਆ ॥ ੧੧ ॥

They[63], who meditate[60] on God's Name, with single mind[61] and single heart[62], remain eternal[64] in this world[65].

ਜਿਹੜੇ ਵਾਹਿਗੁਰੂ ਦੇ ਨਾਮ ਦਾ, ਇਕ ਰਿਦੇ[61] ਤੇ ਇਕ ਦਿਲ[62] ਨਾਲ, ਸਿਮਰਨ[60] ਕਰਦੇ ਹਨ, ਉਹ[63] ਇਸ ਸੰਸਾਰ[65] ਅੰਦਰ ਅਮਰ[64] ਰਹਿੰਦੇ ਹਨ।

ਸਲੋਕ ਮ: ੩ ॥

Slok, Third Guru.

ਸਲੋਕ, ਤੀਜੀ ਪਾਤਸ਼ਾਹੀ।

ਆਤਮਾ ਦੇਉ[66] ਪੂਜੀਐ[67] ਗੁਰ ਕੈ[68] ਸਹਜਿ ਸੁਭਾਇ[69] ॥

Worship[67] thou the bright Lord[66] with the Guru-given[68] mental

ਗੁਰਾਂ ਦੀ ਦਿਤੀ[68] ਹੋਈ ਆਤਮਕ[69] ਅਡੋਲਤਾ ਨਾਲ ਤੂੰ ਪ੍ਰਕਾਸ਼ਵਾਨ[66] ਪ੍ਰਭੂ ਦੀ ਉਪਾਸ਼ਨਾ[67] ਕਰ।

	equipoise[89].	
ਆਤਮੇ[70] ਨੋ ਆਤਮੇ[71] ਦੀ ਪ੍ਰਤੀਤਿ[72] ਹੋਇ ਤਾ[72]* ਘਰ[73] ਹੀ ਪਰਚਾ[74] ਪਾਇ[75] ॥	If the individual soul[70] has faith[72] in the Supreme Soul[71], it shall then[72]* obtain[75] Divine Knowledge[74] within it's home[73].	ਜੇਕਰ ਬੰਦੇ ਦੀ ਰੂਹ[70] ਦਾ ਪਰਮ-ਰੂਹ[71] ਵਿਚ ਭਰੋਸਾ[72] ਬੱਝ ਜਾਵੇ, ਤਦ[72]* ਇਹ ਆਪਣੇ ਗ੍ਰਿਹ[73] ਅੰਦਰ ਹੀ ਬ੍ਰਹਿਮ-ਗਿਆਨ[74] ਨੂੰ ਪਰਾਪਤ[75] ਕਰ ਲਵੇਗੀ।
ਆਤਮਾ ਅਡੋਲੁ[76] ਨ ਡੋਲਈ[77] ਗੁਰ[78] ਕੈ ਭਾਇ ਸੁਭਾਇ[79] ॥	Like the Guru's[78] natural inclination[79], the soul then becomes steady[76], and wavers[77] not.	ਗੁਰਾਂ[78] ਦੇ ਕੁਦਰਤੀ ਰਜੂਅ[79] ਦੀ ਤਰ੍ਹਾਂ, ਤਦ ਰੂਹ ਅਸਥਿਰ[76] ਹੋ ਜਾਂਦੀ ਹੈ, ਅਤੇ ਡਿਕਡੋਲੇ[77] ਨਹੀਂ ਖਾਂਦੀ।
ਗੁਰ ਵਿਣੁ[80] ਸਹਜੁ[81] ਨ ਆਵਈ[86] ਲੋਭੁ[82] ਮੈਲੁ[83] ਨ ਵਿਚਹੁ[84] ਜਾਇ[85] ॥	Without[80] the Guru, peace[81] is not obtained[86] and the filth[83] of greed[82] departs[85] not from within[84].	ਗੁਰਾਂ ਦੇ ਬਗੈਰ[80] ਆਰਾਮ[81] ਪਰਾਪਤ[86] ਨਹੀਂ ਹੁੰਦਾ ਅਤੇ ਲਾਲਚ[82] ਦੀ ਮਲੀਨਤਾ[83] ਅੰਦਰੋਂ[84] ਦੂਰ[85] ਨਹੀਂ ਹੁੰਦੀ।
ਖਿਨੁ[87] ਪਲੁ[88] ਹਰਿਨਾਮੁ ਮਨਿ ਵਸੈ[89] ਸਭੁ[90] ਅਠਸਠਿ[91] ਤੀਰਥ[92] ਨਾਇ[93] ॥	If God's Name dwells[89] in the mind even for an instant[87] and a moment[88], it includes bathing[93] at all[90] the sixty-eight[91] places of pilgrimage[92].	ਜੇਕਰ ਰਬ ਦਾ ਨਾਮ ਇਕ ਮਹਤ[87] ਤੇ ਲਮ੍ਹੇ[88] ਭਰ ਲਈ ਭੀ ਚਿਤ ਅੰਦਰ ਟਿਕ[89] ਜਾਵੇ ਤਾਂ ਸਮੂਹ[90] ਅਠਾਹਟ[91] ਯਾਤ੍ਰਾ ਅਸਥਾਨਾਂ[92] ਤੇ ਨ੍ਹਾਉਣਾ[93] ਇਸ ਵਿਚ ਆ ਜਾਂਦਾ ਹੈ।
ਸਚੇ[94] ਮੈਲੁ[95] ਨ ਲਗਈ[96] ਮਲੁ[97] ਲਾਗੈ ਦੂਜੈ ਭਾਇ[98] ॥	To the True[94], filth[95] attaches[96] not. Impurity[97] attaches to him who harbours love for duality[98].	ਸਚਿਆਰਾਂ[94] ਨੂੰ ਗੰਦਗੀ[95] ਨਹੀਂ ਚਿਮੜਦੀ[96]। ਪਲੀਤੀ[97] ਉਸ ਨੂੰ ਚਿਮੜਦੀ ਹੈ ਜੋ ਹੋਰਸ ਨਾਲ ਪ੍ਰੀਤ[98] ਪਾਉਂਦਾ ਹੈ।
ਧੋਤੀ[99] ਮੂਲਿ[100] ਨ ਉਤਰੈ[2] ਜੇ[3] ਅਠਸਠਿ ਤੀਰਥ[5] ਨਾਇ[4] ॥	By washing[99], it never[100] departs[2] though[3] one may have ablutions[4] at sixty-eight shrines[6].	ਧੋਪਣ[99] ਦੁਆਰਾ ਇਹ ਹਰਗਿਜ਼[100] ਨਹੀਂ ਲਹਿੰਦੀ[2], ਭਾਵੇਂ[3] ਬੰਦਾ ਅਠਾਹਟ ਧਰਮ ਅਸਥਾਨ[5] ਤੇ ਇਸ਼ਨਾਨ[4] ਪਿਆ ਕਰੇ।
ਮਨਮੁਖ[6] ਕਰਮ[7] ਕਰੈ[8] ਅਹੰਕਾਰੀ[9] ਸਭੁ[10] ਦੁਖੋ ਦੁਖੁ[11] ਕਮਾਇ[12] ॥	The perverse person[6] practises[8] deeds[7] of pride[9] and he earns[12] nothing but[10] pain over pain[11].	ਪ੍ਰਤੀਕੂਲ ਪੁਰਸ਼[6] ਗਰਬ ਗੁਮਾਨ[9] ਦੇ ਕੰਮ[7] ਕਰਦਾ[8] ਹੈ, ਅਤੇ ਉਹ ਨਿਰੋਲ[10] ਕਸ਼ਟ ਉਤੇ ਕਸ਼ਟ[11] ਦੀ ਖੱਟੀ ਖੱਟਦਾ[12] ਹੈ।
ਨਾਨਕ ਮੈਲਾ[13] ਊਜਲੁ[14] ਤਾ[15] ਥੀਐ[16] ਜਾ[17] ਸਤਿਗੁਰ ਮਾਹਿ[18] ਸਮਾਇ[19] ॥ ੧ ॥	Nanak, only then[15], the dirty one[13] becomes[16] neat and tidy[14], when[17] he merges[19] in[18] the True Guru.	ਨਾਨਕ, ਕੇਵਲ ਤਦ[15], ਹੀ ਗਲੀਜ਼-ਪ੍ਰਾਣੀ[13] ਸਾਫ ਸੁਥਰਾ[14] ਹੁੰਦਾ[16] ਹੈ, ਜਦ[17] ਉਹ ਸੱਚੇ ਗੁਰਾਂ ਅੰਦਰ[18] ਲੀਨ[19] ਹੋ ਜਾਂਦਾ ਹੈ।
ਮ: ੩ ॥	Third Guru.	ਤੀਜੀ ਪਾਤਸ਼ਾਹੀ।
ਮਨਮੁਖੁ[20] ਲੋਕੁ[21] ਸਮਝਾਈਐ[22] ਕਦਹੁ[23] ਸਮਝਾਇਆ[24] ਜਾਇ ॥	The self-willed[20] person[21] is counselled[22] but how[23] can he be instructed[24]?	ਆਪਹੁਦਰੇ[20] ਪੁਰਸ਼[21] ਨੂੰ ਨਸੀਹਤ[22] ਕੀਤੀ ਜਾਂਦੀ ਹੈ, ਪ੍ਰੰਤੂ ਉਸ ਨੂੰ ਕਿਸ ਤਰ੍ਹਾਂ[23] ਸਿਖ-ਮਤ[24] ਦਿਤੀ ਜਾ ਸਕਦੀ ਹੈ ?
ਮਨਮੁਖੁ[30] ਰਲਾਇਆ[25] ਨਾ ਰਲੈ[26] ਪਇਐ[27] ਕਿਰਤਿ[28] ਫਿਰਾਇ[29] ॥	Though introduced[25] to the good, the perverse person[30] associates[26] not with them, and owing to his past[27] misdeeds[28] goes round[29] in transmigration	ਭਲਿਆਂ ਨਾਲ ਮਿਲਾਇਆ[25] ਹੋਇਆ ਭੀ, ਪ੍ਰਤੀਕੂਲ ਪੁਰਸ਼[30] ਉਨ੍ਹਾਂ ਦੀ ਸੰਗਤ[26] ਨਹੀਂ ਕਰਦਾ ਤੇ ਆਪਣੇ ਪੂਰਬਲ[27] ਮੰਦ ਅਮਲਾਂ[28] ਦੇ ਸਬੱਬ ਆਵਾਗਉਣ ਅੰਦਰ ਭਟਕਦਾ[29] ਹੈ।

ਲਿਵ[31] ਧਾਤੁ[32] ਦੁਇ[33] ਰਾਹ[34] ਹੈ ਹੁਕਮੀ[35] ਕਾਰ[36] ਕਮਾਇ[37] ॥	God's love[31] and mammon's attachment[32] are the two[33] ways[34], and which act[36] (way) one commits[37] (treads) depends on God's Will[35].	ਰਬ ਦੀ ਪ੍ਰੀਤ[31] ਤੇ ਮਾਇਆ ਦੀ ਲਗਨ[32] ਦੋ[33] ਰਸਤੇ[34] ਹਨ, ਬੰਦਾ ਕਿਹੜੇ ਅਮਲ[36] ਕਮਾਉਂਦਾ[37] (ਕਿਸ ਰਾਹੇ ਟੁਰਦਾ) ਹੈ, ਰਬ ਦੀ ਰਜ਼ਾ[35] ਤੇ ਨਿਰਭਰ ਹੈ।
ਗੁਰਮੁਖਿ[38] ਆਪਣਾ ਮਨੁ[39] ਮਾਰਿਆ[40] ਸਬਦਿ[41] ਕਸਵਟੀ[42] ਲਾਇ[43] ॥	The Guruward[38] has vanquished[40] his mind[39] by applying[43] the touchstone[42] of Gurbani[41].	ਗੁਰਬਾਣੀ[41] ਦੀ ਘਸਵੱਟੀ[42] ਦਾ ਅਭਿਆਸ[43] ਕਰਨ ਦੁਆਰਾ ਗੁਰੂ ਅਨੁਸਾਰੀ[38] ਨੇ ਆਪਣੇ ਮਨੂਏ[39] ਨੂੰ ਕਾਬੂ ਕਰ[40] ਲਿਆ ਹੈ।
ਮਨਹੀ ਨਾਲਿ ਝਗੜਾ[44] ਮਨਹੀ ਨਾਲਿ ਸਥ[45] ਮਨਹੀ ਮੰਝਿ[46] ਸਮਾਇ[47] ॥	With his mind he contends[44], with his mind he parleys[45] and with his mind he engages[47] in[46] contest.	ਆਪਣੇ ਮਨੂਏ ਨਾਲ ਉਹ ਟਾਕਰਾ[44] ਕਰਦਾ ਹੈ, ਮਨੂਏ ਨਾਲ ਹੀ ਉਹ ਸੁਲ੍ਹਾ ਦੀ ਗੱਲ[45] ਕਰਦਾ ਹੈ ਅਤੇ ਮਨੂਏ ਨਾਲ ਹੀ ਉਹ ਘੋਲ ਅੰਦਰ[46] ਜੁਟਦਾ[47] ਹੈ।
ਮਨੁ[48] ਜੋ[49] ਇਛੇ[50] ਸੋ[51] ਲਹੈ[58] ਸਚੈ ਸਬਦਿ[59] ਸੁਭਾਇ[60] ॥	With the love[60] of the True Word[59], man[48] obtains[58] that[51] what[49] he desires[50].	ਸੱਚੀ ਗੁਰਬਾਣੀ[59] ਦੀ ਪ੍ਰੀਤ ਨਾਲ[60] ਇਨਸਾਨ[48] ਉਹ ਕੁਛ[51] ਪਾ ਲੈਂਦਾ[58] ਹੈ ਜਿਹੜਾ ਕੁਛ[49] ਉਹ ਚਾਹੁੰਦਾ[50] ਹੈ।
ਅੰਮ੍ਰਿਤੁ[52] ਨਾਮੁ ਸਦ[53] ਭੁੰਚੀਐ[54] ਗੁਰਮੁਖਿ[55] ਕਾਰ[56] ਕਮਾਇ[57] ॥	He ever[53] drinks[54] the Name Nectar[52] and practises[57] deeds[56] according to Guru's instruction[55].	ਉਹ ਹਮੇਸ਼ਾ[53] ਨਾਮ ਸੁਧਾਰਸ[52] ਪਾਨ[54] ਕਰਦਾ ਹੈ ਅਤੇ ਗੁਰਾਂ ਦੇ ਉਪਦੇਸ਼[55] ਅਨੁਸਾਰ ਅਮਲ[56] ਕਮਾਉਂਦਾ[57] ਹੈ।
ਵਿਣੁ[61] ਮਨੈ ਜਿ ਹੋਰੀ[62] ਨਾਲਿ ਲੁਝਣਾ[63] ਜਾਸੀ[64] ਜਨਮੁ[65] ਗਵਾਇ[66] ॥	He, who grapples[63] with some other[62] than[61] his own mind, shall depart[64] after wasting[66] his life[65].	ਜੋ ਆਪਣੇ ਮਨੂਏ ਦੇ ਬਗੈਰ[61] ਕਿਸੇ ਹੋਰਸ[62] ਨਾਲ ਹਥੋ-ਪਾਈ[63] ਹੁੰਦਾ ਹੈ, ਉਹ ਆਪਣਾ ਜੀਵਨ[65] ਗੁਆ[66] ਕੇ ਟੁਰ ਜਾਏਗਾ[64]।
ਮਨਮੁਖੀ[67] ਮਨਹਠਿ[68] ਹਾਰਿਆ[69] ਕੂੜੁ[70] ਕੁਸਤੁ[71] ਕਮਾਇ[72] ॥	Through mind's obstinacy[68] and the practice[72] of falsehood[70] and untruthfulness[71], the waywards[67] lose[69] the life game.	ਮਨੂਏ ਦੀ ਜ਼ਿੱਦ[68] ਅਤੇ ਝੂਠ[70] ਤੇ ਨਾਰਾਸਤੀ[71] ਦੀ ਕਿਰਤ[72] ਰਾਹੀਂ ਆਪ-ਹੁਦਰੇ[67] ਜੀਵਨ ਦੀ ਖੇਡ ਹਾਰ[69] ਜਾਂਦੇ ਹਨ।
ਗੁਰ ਪਰਸਾਦੀ[73] ਮਨੁ[74] ਜਿਣੈ[75] ਹਰਿ ਸੇਤੀ ਲਿਵ[76] ਲਾਇ[77] ॥	He, who by Guru's grace[73], subdues[75] his evil-self[74], fixes[77] his love[76] on God.	ਜੋ ਗੁਰਾਂ ਦੀ ਦਇਆ[73] ਦੁਆਰਾ ਆਪਣੇ ਮੰਦੇ-ਆਪੇ[74] ਤੇ ਕਾਬੂ[75] ਪਾ ਲੈਂਦਾ ਹੈ, ਉਸ ਦੀ ਹਰੀ ਨਾਲ ਪ੍ਰੀਤ[76] ਲਗ[77] ਜਾਂਦੀ ਹੈ।
ਨਾਨਕ ਗੁਰਮੁਖਿ[78] ਸਚੁ ਕਮਾਵੈ[79] ਮਨਮੁਖਿ[80] ਆਵੈ ਜਾਇ[81] ॥ ੨ ॥	Nanak, the holy man[78] practises[79] truth and the evil one[80] continues coming and going[81].	ਨਾਨਕ ਨੇਕ ਬੰਦਾ[78] ਸਚ ਦੀ ਕਮਾਈ[79] ਕਰਦਾ ਹੈ, ਅਤੇ ਮੰਦ ਜੀਵ[80] ਆਉਂਦਾ ਤੇ ਜਾਂਦਾ[81] ਰਹਿੰਦਾ ਹੈ।
ਪਉੜੀ ॥	Pauri.	ਪਉੜੀ।
ਹਰਿ ਕੇ ਸੰਤ[82] ਸੁਣਹੁ[83] ਜਨ[84] ਭਾਈ[85] ਹਰਿ[86] ਸਤਿਗੁਰ ਕੀ ਇਕ ਸਾਖੀ[87] ॥	O' saintly[82] person[84] of God ! my brothers[85] hear[83] thee an instruction[87] of the Godly[86] True Guru.	ਹੇ ਹਰੀ ਦੇ ਸਾਧੂ ਸਰੂਪ[82] ਪੁਰਸ਼ੋ[84] ! ਮੇਰੇ ਵੀਰਨੋ[85], ਤੁਸੀਂ ਰਬ-ਰੂਪ[86] ਸਚੇ ਗੁਰਾਂ ਦੀ ਇਕ ਸਿਖਿਆ[87] ਸਰਵਣ[83] ਕਰੋ।
ਜਿਸੁ[88] ਧੁਰਿ[89] ਭਾਗੁ[90] ਹੋਵੈ[98] ਮੁਖਿ[91] ਮਸਤਕਿ[92]	The[93] mortal[94], who[88] has[98] good fortune[90] pre-ordained[89] on his face[91]	ਜਿਹਦੇ[88] ਚਿਹਰੇ[91] ਤੇ ਮੱਥੇ[92] ਉਤੇ ਚੰਗੇ ਨਸੀਬ[90] ਮੁਢ ਤੋਂ ਉਕਰੇ[89] ਹੋਏ ਹਨ[98], ਉਹੋ[93] ਪ੍ਰਾਣੀ[94] ਇਸ ਨੂੰ

ਤਿਨਿ[93] ਜਨ[94] ਲੈ[95] ਹਿਰਦੈ[96] ਰਾਖੀ[97] ॥
ਹਰਿ[99] ਅੰਮ੍ਰਿਤ[100] ਕਥਾ[2] ਸਰੇਸਟ[3]ਊਤਮ[4]ਗੁਰਬਚਨੀ[5] ਸਹਜੇ[6] ਚਾਖੀ[7] ॥
ਤਹ[8] ਭਇਆ[9] ਪ੍ਰਗਾਸੁ[10] ਮਿਟਿਆ[11] ਅੰਧਿਆਰਾ[12] ਜਿਉ[13] ਸੂਰਜ[14] ਰੈਣਿ[15] ਕਿਰਾਖੀ[16] ॥
ਅਦਿਸਟੁ[17] ਅਗੋਚਰੁ[18] ਅਲਖੁ[19] ਨਿਰੰਜਨੁ[20] ਸੋ[21] ਦੇਖਿਆ[22] ਗੁਰਮੁਖਿ[23] ਆਖੀ[24] ॥ ੧੨ ॥

and brow[92] grasps[95] and keeps[97] it in his heart[96].
By means of Gurbani[5], he has easily[6] tasted[7] the sublime[3], exquisite[4] and ambrosial[100] discourse[2] of God[99].
There[8] in his heart dawns[9] the Divine Light[10] which like[13] the sun[14], removing[16] night's[15] darkness, banished[11] his mental ignorance[12].
Through the Guru[23], he[21] beholds[22] with his eyes[24] the unseen[17], unapproachable[18], unknowable[19] and immaculate[20] Lord.

ਗ੍ਰਹਿਣ[95] ਕਰਕੇ ਆਪਣੇ ਦਿਲ[96] ਅੰਦਰ ਟਿਕਾਈ[97] ਰੱਖਦਾ ਹੈ।
ਗੁਰਬਾਣੀ[5] ਦੇ ਜ਼ਰੀਏ, ਉਸ ਨੇ ਵਾਹਿਗੁਰੂ[99] ਦੀ ਉਨਤ[3], ਉਤਕ੍ਰਿਸ਼ਟਤ[4] ਤੇ ਅੰਮ੍ਰਿਤਮਈ[100] ਧਰਮ-ਵਾਰਤਾ[2] ਦਾ ਸੁਖੈਨ[6] ਹੀ ਰਸ ਮਾਣ[7] ਲਿਆ ਹੈ।
ਉਥੇ[8] ਉਸ ਦੇ ਦਿਲ ਅੰਦਰ ਰਬੀ[10] ਨੂਰ ਉਦੇ ਹੋ[9] ਜਾਂਦਾ ਹੈ, ਜੋ ਭਾਨ[14] ਦੇ ਰਾਤ੍ਰੀ[15] ਦੇ ਹਨ੍ਹੇਰੇ ਨੂੰ ਹਟਾਉਣ[16] ਦੀ ਮਾਨਿੰਦ[13] ਉਸ ਦੀ ਆਤਮਕ ਬੇਸਮਝੀ[12] ਨੂੰ ਦੂਰ[11] ਕਰ ਦਿੰਦਾ ਹੈ।
ਗੁਰਾਂ ਦੇ ਰਾਹੀਂ[23], ਉਹ[21] ਆਪਣਿਆਂ ਨੇਤ੍ਰਾਂ[24] ਨਾਲ ਨਾ-ਦਿਸਣ[17] ਵਾਲੇ, ਪਹੁੰਚ ਤੋਂ ਪਰੇ[18], ਸਮਝ ਸੋਚ ਤੋਂ ਉਚੇਰੇ[19] ਅਤੇ ਪਵਿੱਤ੍ਰ[20] ਪ੍ਰਭੂ ਨੂੰ ਵੇਖ[22] ਲੈਂਦਾ ਹੈ।

੮੮ — 88 — ੮੮

ਸਲੋਕ ਮ: ੩ ॥

Slok, Third Guru.

ਸਲੋਕ, ਤੀਜੀ ਪਾਤਸ਼ਾਹੀ।

ਸਤਿਗੁਰੁ ਸੇਵੇ[25] ਆਪਣਾ ਸੋ[26]ਸਿਰੁ[27] ਲੇਖੈ ਲਾਇ[28] ॥

The[26] heads[27] (men) who serve[25] their True Guru, become fruitful[28].

ਜਿਹੜੇ[26] ਸੀਸ[27] (ਇਨਸਾਨ) ਆਪਣੇ ਸੱਚੇ ਗੁਰਾਂ ਦੀ ਟਹਿਲ ਕਮਾਉਂਦੇ[25] ਹਨ, ਉਹ ਸਫਲ[28] ਹੋ ਜਾਂਦੇ ਹਨ।

ਵਿਚਹੁ[29] ਆਪੁ[30] ਗਵਾਇ[31] ਕੈ ਰਹਨਿ ਸਚਿ[32] ਲਿਵ[33] ਲਾਇ[34] ॥

Having effaced[31] their self-conceit[30] from within[29] them, they remain absorbed[34] in the love[33] of the True Lord[32].

ਆਪਣੇ ਅੰਦਰੋਂ[29] ਸਵੈ-ਹੰਗਤਾ[30] ਨੂੰ ਮੇਸ[31] ਕੇ, ਉਹ ਸੱਚੇ ਸਾਹਿਬ[32] ਦੀ ਪ੍ਰੀਤ[33] ਅੰਦਰ ਲੀਨ[34] ਰਹਿੰਦੇ ਹਨ।

ਸਤਿਗੁਰੁ ਜਿਨੀ ਨ ਸੇਵਿਓ[35] ਤਿਨਾ[36] ਬਿਰਥਾ[37] ਜਨਮੁ[38] ਗਵਾਇ[39] ॥

They[36], who serve not[35] the True Guru, waste[39] their lives[38] in vain[37].

ਜੋ ਸੱਚੇ ਗੁਰਾਂ ਦੀ ਘਾਲ ਨਹੀਂ ਘਾਲਦੇ[35], ਉਹ[36] ਆਪਣਾ ਜੀਵਨ[38] ਬੇ-ਅਰਥ[37] ਗੁਆ[39] ਲੈਂਦੇ ਹਨ।

ਨਾਨਕ ਜੋ[40] ਤਿਸੁ[41] ਭਾਵੈ[42] ਸੋ[43] ਕਰੇ[44] ਕਹਣਾ[45] ਕਿਛੂ ਨ ਜਾਇ ॥ ੧ ॥

Nanak the Lord does[44] that[43] what[40] He[41] wills[42]. None has any say[45] there-in.

ਨਾਨਕ, ਸੁਆਮੀ ਉਹ ਕੁਝ[43] ਕਰਦਾ[44] ਹੈ, ਜੋ ਕੁਝ[40] ਉਸ[41] ਨੂੰ ਚੰਗਾ ਲੱਗਦਾ[42] ਹੈ। ਉਸ ਵਿਚ ਕਿਸੇ ਦਾ ਕੋਈ ਦਖ਼ਲ[45] ਨਹੀਂ।

ਮ: ੩ ॥

Third Guru.

ਤੀਜੀ ਪਾਤਸ਼ਾਹੀ।

ਮਨੁ ਵੇਕਾਰੀ[46] ਵੇੜਿਆ[47] ਵੇਕਾਰਾ[48]ਕਰਮ[49]ਕਮਾਇ[50]।
ਦੂਜੈ ਭਾਇ[51] ਅਗਿਆਨੀ[52] ਪੂਜਦੇ[53] ਦਰਗਹ[54] ਮਿਲੈ ਸਜਾਇ[55] ॥
ਆਤਮ ਦੇਉ[56] ਪੂਜੀਐ[57]

He, whose mind is encircled[47] by sins[46], commits[50] evil[48] deeds[49].
The spiritually[52] blind worship[53] duality[51] and they are punished[55] in Lord's Court[54].
Adore[57] thou, the Soul Illuming[56]

ਜਿਸ ਦਾ ਮਨੂਆ ਪਾਪਾਂ[46] ਨਾਲ ਘੇਰਿਆ[47] ਹੋਇਆ ਹੈ, ਉਹ ਮੰਦੇ[48] ਅਮਲ[49] ਕਰਦਾ[50] ਹੈ।
ਰਬੀ ਗਿਆਤ-ਹੀਣ[52] ਦਵੈਤ-ਭਾਵ[51] ਦੀ ਉਪਾਸ਼ਨਾ[53] ਕਰਦੇ ਹਨ ਅਤੇ ਉਨ੍ਹਾਂ ਨੂੰ ਸਾਈਂ ਦੇ ਦਰਬਾਰ[54] ਅੰਦਰ ਡੰਡ[55] ਮਿਲਦਾ ਹੈ।
ਤੂੰ ਰੂਹ ਨੂੰ ਪ੍ਰਕਾਸ਼ ਕਰਨ[56] ਵਾਲੇ ਸੁਆਮੀ ਦੀ

ਬਿਨੁ ਸਤਿਗੁਰ ਬੂਝ[58] ਨ ਪਾਇ ॥	Lord, but without the True Guru, His understanding[58] cannot be obtained.	ਪ੍ਰਸਤਿਸ਼[57] ਕਰ, ਪ੍ਰੰਤੂ ਸੱਚੇ ਗੁਰਾਂ ਦੇ ਬਗ਼ੈਰ ਉਸ ਦੀ ਸਮਝ[58] ਨਹੀਂ ਆ ਸਕਦੀ।
ਜਪੁ[59] ਤਪੁ[60] ਸੰਜਮੁ[61] ਭਾਣਾ[62] ਸਤਿਗੁਰੂ ਕਾ ਕਰਮੀ[63] ਪਲੈ ਪਾਇ[64] ॥	Meditation[59], penance[60] and self-mortification[61] are in the acceptance of the true Guru's will[62]. By God's grace[63] man receives[64] this understanding.	ਸਿਮਰਨ,[59] ਕਰੜੀ ਘਾਲ,[60] ਤੇ ਸਵੈ-ਰਿਆਜ਼ਤ[61] ਸੱਚੇ ਗੁਰਾਂ ਦੀ ਰਜ਼ਾ[62] ਕਬੂਲ ਕਰਨ ਵਿਚ ਹਨ। ਵਾਹਿਗੁਰੂ ਦੀ ਦਇਆ[63] ਦੁਆਰਾ ਬੰਦੇ ਨੂੰ ਇਹ ਸਮਝ ਪਰਾਪਤ[64] ਹੁੰਦੀ ਹੈ।
ਨਾਨਕ ਸੇਵਾ[65] ਸੁਰਤਿ[66] ਕਮਾਵਣੀ[67] ਜੋ[68] ਹਰਿ ਭਾਵੈ[69] ਸੁ[70] ਥਾਇ ਪਾਇ[71] ॥ ੨ ॥	Nanak, attentively[66] perform[67] the service[65] of the Lord, but that[70] service alone shall be approved[71] which[68] God likes[69].	ਨਾਨਕ ਧਿਆਨ[66] ਨਾਲ ਸਾਹਿਬ ਦੀ ਟਹਿਲ ਸੇਵਾ[65] ਕਰ[67] ਪਰ ਕੇਵਲ ਉਹੀ[70] ਟਹਿਲ ਸੇਵਾ ਪਰਵਾਨ[71] ਹੋਵੇਗੀ ਜਿਹੜੀ[68] ਵਾਹਿਗੁਰੂ ਨੂੰ ਚੰਗੀ ਲਗਦੀ[69] ਹੈ।
ਪਉੜੀ ॥	Pauri.	ਪਉੜੀ।
ਹਰਿ[72] ਹਰਿ ਨਾਮੁ ਜਪਹੁ[73] ਮਨ[74] ਮੇਰੇ ਜਿਤੁ[75] ਸਦਾ[76] ਸੁਖੁ[77] ਹੋਵੈ[78] ਦਿਨੁ ਰਾਤੀ[79] ॥	O' my Soul[74] ! do thou meditate[73] on Lord God's[72] Name, which[75] will ever[76] bring[78] thee peace[77] by day and night[79].	ਹੇ ਮੇਰੀ ਜਿੰਦੜੀਏ[74] ! ਤੂੰ ਵਾਹਿਗੁਰੂ ਸੁਆਮੀ[72] ਦੇ ਨਾਮ ਦਾ ਅਰਾਧਨ[73] ਕਰ ਜਿਸ[75] ਨਾਲ ਤੈਨੂੰ ਦਿਹੁੰ ਰੈਣ[79] ਹਮੇਸ਼ਾ[76] ਹੀ ਆਰਾਮ[77] ਮਿਲੇਗਾ[78]।
ਹਰਿ ਹਰਿ ਨਾਮੁ ਜਪਹੁ[80] ਮਨ ਮੇਰੇ ਜਿਤੁ ਸਿਮਰਤ[81] ਸਭਿ ਕਿਲਵਿਖ[82] ਪਾਪ[83] ਲਹਾਤੀ[84] ॥	Repeat[80] thou the Name of the Lord Master, O' my mind ! by remembering[81] which all thine evil deeds[82] and sins[83] will be effaced[84].	ਤੂੰ ਸੁਆਮੀ ਮਾਲਕ ਦੇ ਨਾਮ ਦਾ ਉਚਾਰਣ[80] ਕਰ ਹੇ ਮੇਰੀ ਜਿੰਦੇ ! ਜਿਸ ਦੇ ਅਰਾਧਨ[81] ਕਰਨ ਦੁਆਰਾ ਤੇਰੇ ਸਾਰੇ ਕੁਕਰਮ[82] ਤੇ ਗੁਨਾਹ[83] ਮਿਟ[84] ਜਾਣਗੇ।
ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ[85] ਦੁਖ[86] ਭੁਖ[87] ਸਭ ਲਹਿ ਜਾਤੀ[88] ॥	Repeat thou the Name of the Lord Master, by which all the poverty[85], pain[86] and hunger[87] shall be removed[88].	ਤੂੰ ਸੁਆਮੀ ਮਾਲਕ ਦੇ ਨਾਮ ਦਾ ਉਚਾਰਣ ਕਰ, ਹੇ ਮੇਰੀ ਜਿੰਦੇ ! ਜਿਸ ਦੁਆਰਾ ਤੇਰੀ ਗ਼ਰੀਬੀ[85], ਦਰਦ[86] ਤੇ ਖੁਦਿਆ[87] ਸਭ ਦੂਰ ਹੋ ਜਾਣਗੀਆਂ[88]।
ਹਰਿ ਹਰਿ ਨਾਮੁ ਜਪਹੁ ਮਨ ਮੇਰੇ ਮੁਖਿ[89] ਗੁਰਮੁਖਿ[90] ਪ੍ਰੀਤਿ[91] ਲਗਾਤੀ[92] ॥	Lord God's Name, do thou remember, O' my Soul ! by which thou shalt come to embrace[92] affection[91] for the Supreme[89] Exalted Guru[90].	ਵਾਹਿਗੁਰੂ ਸੁਆਮੀ ਦੇ ਨਾਮ ਦਾ ਚਿੰਤਨ ਕਰ, ਹੇ ਮੇਰੀ ਆਤਮਾਂ ! ਜਿਸ ਦੁਆਰਾ ਮੁਖੀ[89] ਉਤਕ੍ਰਿਸ਼ਟ[90] ਗੁਰਾਂ ਨਾਲ ਤੇਰੀ ਪਿਰਹੜੀ[91] ਪੈ ਜਾਵੇਗੀ[92]।
ਜਿਤੁ[93] ਮੁਖਿ[94] ਭਾਗੁ[95] ਲਿਖਿਆ[96] ਧੁਰਿ[97] ਸਾਚੈ[98] ਹਰਿ ਤਿਤੁ ਮੁਖਿ[99] ਨਾਮੁ ਜਪਾਤੀ[100] ॥ ੧੩ ॥	He, on whose[93] face[94] the True One[98] has from the very beginning[97], inscribed[96] good luck[95], utters[100] God's Name with his mouth[99].	ਜਿਸ[93] ਦੇ ਚਿਹਰੇ[94] ਉਤੇ ਸਤਿਪੁਰਖ[98] ਨੇ ਐਨ ਮੁਢ[97] ਤੋਂ ਚੰਗੀ ਕਿਸਮਤ[95] ਉਕਰੀ[96] ਹੋਈ ਹੈ ਉਹ ਆਪਣੇ ਮੂੰਹ[99] ਨਾਲ ਵਾਹਿਗੁਰੂ ਦੇ ਨਾਮ ਦਾ ਜਾਪ[100] ਕਰਦਾ ਹੈ!
ਸਲੋਕ ਮ: ੩ ॥	Slok, Third Guru.	ਸਲੋਕ, ਤੀਜੀ ਪਾਤਸ਼ਾਹੀ।
ਸਤਿਗੁਰੁ ਜਿਨੀ ਨ ਸੇਵਿਓ[2]	They who serve[2] not the True Guru	ਜੋ ਸਚੇ ਗੁਰਾਂ ਦੀ ਘਾਲ[2] ਨਹੀਂ ਘਾਲਦੇ ਅਤੇ ਗੁਰ-

ਸਬਦਿ[3] ਨ ਕੀਤੋ ਵੀਚਾਰੁ[4]॥ ਅੰਤਰਿ[5] ਗਿਆਨੁ[6] ਨ ਆਇਓ[7] ਮਿਰਤਕੁ[8] ਹੈ ਸੰਸਾਰਿ[9] ॥

and ponder[4] not over Gurbani[3], obtain[7] not Divine knowledge[6] in their hearts[5] and are as dead[8] in the world[9].

ਬਾਣੀ[3] ਦੀ ਸੋਚ ਵਿਚਾਰ[4] ਨਹੀਂ ਕਰਦੇ, ਉਨ੍ਹਾਂ ਦੇ ਦਿਲ[5] ਅੰਦਰ ਬ੍ਰਹਿਮ ਗਿਆਤ[6] ਪ੍ਰਵੇਸ਼[7] ਨਹੀਂ ਕਰਦੀ ਅਤੇ ਉਹ ਇਸ ਜਗ[9] ਵਿਚ ਮੁਰਦੇ[8] ਦੀ ਮਾਨਿੰਦ ਹਨ ।

ਲਖ ਚਉਰਾਸੀਹ ਫੇਰੁ ਪਇਆ[10] ਮਰਿ[11] ਜੰਮੈ[12] ਹੋਇ ਖੁਆਰੁ[13] ॥

They go round[10] in eighty-four lakhs of existences and are ruined[13] in death[11] and birth[12].

ਉਹ ਚੁਰਾਸੀ ਲੱਖ ਜੂਨੀਆਂ ਅੰਦਰ ਚੱਕਰ[10] ਕਟਦੇ ਹਨ ਅਤੇ ਮਰਣ[11] ਤੇ ਜੰਮਣ[12] ਅੰਦਰ ਤਬਾਹ[13] ਹੁੰਦੇ ਹਨ ।

ਸਤਿਗੁਰ ਕੀ ਸੇਵਾ[16] ਸੋ[14] ਕਰੇ[15] ਜਿਸ[20] ਨੋ ਆਪਿ[19] ਕਰਾਏ[17] ਸੋਇ[18] ॥

He[14], whom[20] that[18] Lord Himself[19] causes to perform[17], performs[15] the service[16] of the True Guru.

ਜਿਸ ਪਾਸੋਂ[20] ਉਹ[18] ਸੁਆਮੀ ਖ਼ੁਦ[19] ਕਰਾਉਂਦਾ[17] ਹੈ, ਉਹ[14] ਸੱਚੇ ਗੁਰਾਂ ਦੀ ਟਹਿਲ[16] ਕਮਾਉਂਦਾ[15] ਹੈ ।

ਸਤਿਗੁਰ ਵਿਚਿ ਨਾਮੁ ਨਿਧਾਨੁ[21] ਹੈ ਕਰਮਿ[22] ਪਰਾਪਤਿ[23] ਹੋਇ ॥

In the True Guru is the Name treasure[21], which is obtained[23] by God's grace[22].

ਸੱਚੇ ਗੁਰਾਂ ਅੰਦਰ ਨਾਮ ਦਾ ਖ਼ਜ਼ਾਨਾ[21] ਹੈ, ਜੋ ਰਬ ਦੀ ਰਹਿਮਤ[22] ਦੁਆਰਾ ਪਾਇਆ[23] ਜਾਂਦਾ ਹੈ ।

ਸਚਿ[24] ਰਤੇ[25] ਗੁਰਸਬਦ[26] ਸਿਉ[27] ਤਿਨ[28] ਸਚੀ[29] ਸਦਾ[30] ਲਿਵ[31] ਹੋਇ[32] ॥

Ever[30] sincere[29] is[32] the affection[31] of those[28] who are truly[24] imbued[25] with[27] the Guru's words[26].

ਸਦੀਵੀ[30] ਸੱਚੀ[29] ਹੈ[32] ਪਿਰਹੜੀ[31] ਉਨ੍ਹਾਂ[28] ਦੀ, ਜੋ ਵਾਸਤਵ[24] ਵਿਚ ਗੁਰਾਂ ਦੀ ਬਾਣੀ[26] ਨਾਲ[27] ਰੰਗੀਜੇ[25] ਹਨ ।

ਨਾਨਕ ਜਿਸ ਨੋ ਮੇਲੇ[33] ਨ ਵਿਛੁੜੈ[34] ਸਹਜਿ[35]ਸਮਾਵੈ[36] ਸੋਇ[37] ॥ ੧ ॥

Nanak, he, whom God unites[33] with Himself, separates[34] not from Him and is easily[35] absorbed[36] in Him[37].

ਨਾਨਕ, ਜਿਸ ਨੂੰ ਵਾਹਿਗੁਰੂ ਆਪਣੇ ਨਾਲ ਅਭੇਦ[33] ਕਰ ਲੈਂਦਾ ਹੈ, ਉਹ ਉਸ ਨਾਲੋਂ ਜੁਦਾ[34] ਨਹੀਂ ਹੁੰਦਾ, ਅਤੇ ਸੁਖੈਨ[35] ਹੀ ਉਸ[37] ਵਿਚ ਲੀਨ[36] ਹੋ ਜਾਂਦਾ ਹੈ ।

ਮ: ੩ ॥

Third Guru.

ਤੀਜੀ ਪਾਤਸ਼ਾਹੀ

ਸੋ[38] ਭਗਉਤੀ[39] ਜੁ ਭਗਵੰਤੈ[40] ਜਾਣੈ ॥ ਗੁਰ ਪਰਸਾਦੀ[41] ਆਪੁ[42] ਪਛਾਣੈ[43] ॥

He[38] is the man of God's[39] sect who knows the Auspicious Master[40], and by Guru's grace[41] recognises[43] his ownself[42].

ਉਹ[38] ਹੀ ਵਾਹਿਗੁਰੂ ਦੇ ਭੇਖ ਵਾਲਾ[39] ਬੰਦਾ ਹੈ ਜਿਹੜਾ ਮੁਬਾਰਕ ਮਾਲਕ[40] ਨੂੰ ਜਾਣਦਾ ਹੈ, ਅਤੇ ਗੁਰਾਂ ਦੀ ਦਇਆ[41] ਦੁਆਰਾ ਆਪਣੇ[42] ਆਪ ਨੂੰ ਸਿੰਞਾਣਦਾ[43]ਹੈ ।

ਧਾਵਤੁ[44] ਰਾਖੈ[45] ਇਕਤੁ[46] ਘਰਿ[47] ਆਣੈ[48] ॥

He restrains[45] his wandering[44] mind, and brings[48] the One God[46] in his heart-home[47].

ਉਹ ਆਪਣੇ ਭੱਜੇ ਫਿਰਦੇ[44] ਮਨੂਏ ਨੂੰ ਹੋੜ ਰਖਦਾ[45] ਹੈ, ਅਤੇ ਇਕ ਹਰੀ[46] ਨੂੰ ਆਪਣੇ ਦਿਲ ਦੇ ਗ੍ਰਿਹ[47] ਵਿਚ ਲਿਆਉਂਦਾ[48] ਹੈ ।

ਜੀਵਤੁ[49] ਮਰੈ[50] ਹਰਿ ਨਾਮੁ ਵਖਾਣੈ[51] ॥

He remains dead[50] whilst alive[49] and repeats[51] the Name of God.

ਉਹ ਜੀਉਂਦੇ[49] ਜੀ ਮਰਿਆ[50] ਰਹਿੰਦਾ ਹੈ ਅਤੇ ਰੱਬ ਦੇ ਨਾਮ ਦਾ ਜਾਪ[51] ਕਰਦਾ ਹੈ ।

ਐਸਾ[52] ਭਗਉਤੀ[53] ਉਤਮੁ[54] ਹੋਇ ॥

Sublime[54] is such[52] a devotee[53].

ਸ੍ਰੇਸ਼ਟ[54] ਹੈ ਇਹੋ[52] ਜਿਹਾ ਅਨੁਰਾਗੀ[53] ।

ਨਾਨਕ ਸਚਿ[55] ਸਮਾਵੈ[56] ਸੋਇ[57] ॥ ੨ ॥

He[57] is absorbed[56] in the True Lord[55], O' Nanak !

ਉਹ[57] ਸੱਚੇ ਸਾਈਂ[55] ਅੰਦਰ ਲੀਨ[56] ਹੋ ਜਾਂਦਾ ਹੈ, ਹੇ ਨਾਨਕ !

ਮ: ੩ ॥

Third Guru.

ਤੀਜੀ ਪਾਤਸ਼ਾਹੀ ।

ਅੰਤਰਿ[58] ਕਪਟੁ[59]

There is deception[59] within his mind[58]

ਉਸ ਦੇ ਹਿਰਦੇ[58] ਅੰਦਰ ਛਲ ਫ਼ਰੇਬ[59] ਹੈ ਅਤੇ ਉਹ

ਭਗਉਤੀ[60] ਕਹਾਏ[61] ॥	and he calls[61] himself a true devotee[60].	ਆਪਣੇ ਆਪ ਨੂੰ ਸੱਚਾ ਭਗਤ[60] ਅਖਵਾਉਂਦਾ[61] ਹੈ।
ਪਾਖੰਡਿ[62] ਪਾਰਬ੍ਰਹਮੁ[63] ਕਦੇ ਨ ਪਾਏ[64] ॥	Through hypocrisy[62] he shall never obtain[64] the Supreme Lord[63].	ਦੰਭ[62] ਦੇ ਰਾਹੀਂ ਉਸ ਨੂੰ ਪਰਮ ਪ੍ਰਭੂ[63] ਕਦਾਚਿੱਤ ਪਰਾਪਤ[64] ਨਹੀਂ ਹੋਣਾ।
ਪਰ[65]ਨਿੰਦਾ ਕਰੇ[66]ਅੰਤਰਿ[67] ਮਲੁ[68] ਲਾਏ[69] ॥	He slanders[66] others[65] and soils[69] his soul[67] with filth[68].	ਉਹ ਹੋਰਨਾਂ[65] ਤੇ ਇਲਜ਼ਾਮ ਲਾਉਂਦਾ[66] ਹੈ ਅਤੇ ਆਪਣੀ ਆਤਮਾ[67] ਨੂੰ ਗੰਦ[68] ਲਾਉਂਦਾ[69] ਹੈ।
ਬਾਹਰਿ[70] ਮਲੁ[71] ਧੋਵੈ[72] ਮਨ[73] ਕੀ ਜੂਠਿ[74] ਨ ਜਾਏ[75] ॥	He washes off[72] the filth[71] from out side[70], but his heart's[73] impurity[74] goes[75] not.	ਉਹ ਬਾਹਰਵਾਰ[70] ਦੀ ਗੰਦਗੀ[71] ਧੋ ਸੁਟਦਾ[72] ਹੈ, ਪਰ ਉਸ ਦੇ ਦਿਲ[73]ਦੀ ਅਪਵਿੱਤ੍ਰਤਾ[74] ਨਹੀਂ ਜਾਂਦੀ[75]।
ਸਤਸੰਗਤਿ[76] ਸਿਉ[77] ਬਾਦੁ[78] ਰਚਾਏ[79] ॥	With[77] the saints congregation[76] he picks up[79] a quarrel[78].	ਸਾਧਸੰਗਤ[76] ਨਾਲ[77] ਉਹ ਵਿਵਾਦ[78] ਖੜਾ[79] ਕਰ ਲੈਂਦਾ ਹੈ।
ਅਨਦਿਨੁ[80] ਦੁਖੀਆ[81] ਦੂਜੈ ਭਾਇ[82] ਰਚਾਏ[83] ॥	Absorbed[83] in the love of duality[82] night and day[80], he remains miserable[81].	ਦਵੈਤ-ਭਾਵ[82]ਅੰਦਰ ਖਚਤ[83] ਹੋਇਆ ਹੋਇਆ, ਰੈਣ[80] ਦਿਹੁੰ ਉਹ ਦੁਖਾਂਤ੍ਰ[81] ਰਹਿੰਦਾ ਹੈ।
ਹਰਿਨਾਮੁ ਨ ਚੇਤੈ[84] ਬਹੁ[85] ਕਰਮ[86] ਕਮਾਏ[87] ॥	He remembers[84] not God's Name and performs[87] many[85] rituals[86].	ਉਹ ਵਾਹਿਗੁਰੂ ਦੇ ਨਾਮ ਦਾ ਸਿਮਰਨ[84] ਨਹੀਂ ਕਰਦਾ ਅਤੇ ਘਣੇਰੇ[85] ਕਰਮ ਕਾਂਡ[86] ਕਰਦਾ ਹੈ[87]।
ਪੂਰਬ[88] ਲਿਖਿਆ[89] ਸੁ[90] ਮੇਟਣਾ[91] ਨ ਜਾਏ ॥	What is destined[89] from the very outset[88], that[90] cannot be effaced[91].	ਜੋ ਕੁਛ ਐਨ ਆਰੰਭ[88] ਤੋਂ ਉਕਰਿਆ[89] ਹੋਇਆ ਹੈ, ਉਹ[90] ਮੇਸਿਆ[91] ਨਹੀਂ ਜਾ ਸਕਦਾ।
ਨਾਨਕ ਬਿਨੁ[92] ਸਤਿਗੁਰ ਸੇਵੇ[93] ਮੋਖੁ[94] ਨ ਪਾਏ[95] ॥ ੩ ॥	Nanak, without[92] serving[93] the True Guru, salvation[94] is not obtained[95].	ਨਾਨਕ ਸੱਚੇ ਗੁਰਾਂ ਦੀ ਟਹਿਲ[93] ਕਮਾਉਣ ਦੇ ਬਗੈਰ[92], ਮੁਕਤੀ[94] ਪਰਾਪਤ[95] ਨਹੀਂ ਹੁੰਦੀ।
ਪਉੜੀ ॥	Pauri.	ਪਉੜੀ।
ਸਤਿਗੁਰੁ ਜਿਨੀ[100] ਧਿਆਇਆ[96] ਸੇ[97] ਕੜਿ[98] ਨ ਸਵਾਹੀ[99] ॥	They[97], who[100] dwell[96] on the True Guru, burn[98] not to ashes[99].	ਜੋ[100] ਸੱਚੇ ਗੁਰਾਂ ਨੂੰ ਯਾਦ[96] ਕਰਦੇ ਹਨ, ਉਹ[97] ਸੜ[98] ਕੇ ਸੁਆਹ[99] ਨਹੀਂ ਹੁੰਦੇ।
ਸਤਿਗੁਰੁ ਜਿਨੀ ਧਿਆਇਆ ਸੇ ਤ੍ਰਿਪਤਿ[2] ਅਘਾਹੀ[3] ॥	They, who dwell on the True Guru, are satisfied[2] and satiated[3].	ਜੋ ਸੱਚੇ ਗੁਰਾਂ ਨੂੰ ਯਾਦ ਕਰਦੇ ਹਨ, ਉਹ ਰਜ[2] ਤੇ ਧ੍ਰਾਪ[3] ਜਾਂਦੇ ਹਨ।
ਸਤਿਗੁਰ ਜਿਨੀ ਧਿਆਇਆ ਤਿਨ ਜਮ[4] ਡਰੁ[5] ਨਾਹੀ ॥	They, who think of the True Guru, have no fear[5] of death[4].	ਜੋ ਸੱਚੇ ਗੁਰਾਂ ਨੂੰ ਚੇਤੇ ਕਰਦੇ ਹਨ, ਉਨ੍ਹਾਂ ਨੂੰ ਮੌਤ[4] ਦਾ ਕੋਈ ਭੈ[5] ਨਹੀਂ।
੮੯	89	੮੯
ਜਿਨ ਕਉ ਹੋਆ ਕ੍ਰਿਪਾਲੁ[6] ਹਰਿ ਸੇ ਸਤਿਗੁਰ ਪੈਰੀ[7] ਪਾਹੀ[8] ॥	They, unto whom God becomes merciful[6], fall[8] at the True Guru's feet[7].	ਜਿਨ੍ਹਾਂ ਉਤੇ ਵਾਹਿਗੁਰੂ ਮਿਹਰਬਾਨ[6] ਹੁੰਦਾ ਹੈ, ਉਹ ਸੱਚੇ ਗੁਰਾਂ ਦੇ ਪਗਾਂ[7] ਉਤੇ ਡਿਗਦੇ[8] ਹਨ।
ਤਿਨ[9] ਐਥੈ[10] ਓਥੈ[12] ਮੁਖ[11] ਉਜਲੇ[13] ਹਰਿ ਦਰਗਹ[14] ਪੈਧੇ[15] ਜਾਹੀ[16] ॥ ੧੪ ॥	Here[10] and hereafter[12] their[9] faces[11] are bright[13]. They go[16] to God's Court[14] arrayed with the robe of[15] honour.	ਏਥੇ[10] ਤੇ ਓਥੇ[12] ਉਨ੍ਹਾਂ[9] ਦੇ ਚਿਹਰੇ[11] ਰੋਸ਼ਨ[13] ਹੁੰਦੇ ਹਨ, ਉਹ ਵਾਹਿਗੁਰੂ ਦੇ ਦਰਬਾਰ[14] ਨੂੰ ਇੱਜ਼ਤ ਦੀ ਪੁਸ਼ਾਕ[15] ਪਾ ਕੇ ਜਾਂਦੇ[16] ਹਨ।

ਸਲੋਕ ਮ: ੨ ॥

Slok, Second Guru.

ਸਲੋਕ, ਦੂਜੀ ਪਾਤਸ਼ਾਹੀ ।

ਜੋ[17] ਸਿਰੁ[18] ਸਾਂਈ[19] ਨਾ ਨਿਵੈ[20] ਸੁ[21] ਸਿਰੁ ਦੀਜੈ ਡਾਰਿ[22] ॥

Cut off[22] the[21] head; the head[18] which[17] bows[20] not to the Lord[19].

ਕੱਟ[22] ਦਿਓ ਉਸ[21] ਸੀਸ ਨੂੰ ਜਿਹੜਾ[17] ਸੀਸ[18] ਸੁਆਮੀ[19] ਮੂਹਰੇ ਨਹੀਂ ਝੁਕਦਾ[20] ।

ਨਾਨਕ ਜਿਸੁ[23] ਪਿੰਜਰ[24] ਮਹਿ[25] ਬਿਰਹਾ[26] ਨਹੀ ਸੋ[27] ਪਿੰਜਰੁ ਲੈ[28] ਜਾਰਿ[29] ॥੧॥

Nanak, take[28] and burn[29] the[27] human frame, the human frame[24], in[25] which[23] there is not the pang of separation from God[26].

ਨਾਨਕ, ਉਸ[27] ਮਨੁੱਖੀ ਢਾਂਚੇ ਨੂੰ ਲੈ[28] ਕੇ ਸਾੜ[29] ਸੁੱਟ, ਜਿਹੜੇ[23] ਮਨੁੱਖੀ[24] ਢਾਂਚੇ ਵਿਚ[25] ਵਾਹਿਗੁਰੂ ਨਾਲ ਵਿਛੋੜੇ[26] ਦੀ ਪੀੜ ਨਹੀਂ ।

ਮ: ੫ ॥

Fifth Guru.

ਪੰਜਵੀਂ ਪਾਤਸ਼ਾਹੀ ।

ਮੁੰਢਹੁ[30] ਭੁਲੀ[31] ਨਾਨਕਾ ਫਿਰਿ ਫਿਰਿ[32] ਜਨਮਿ[33] ਮੁਈਆਸੁ[34] ॥

Having forgotten[31] the Primal[30] Being, O' Nanak! (the creative woman) is born[33] and dies[34], again and again[32].

ਆਦਿ ਪੁਰਖ[30] ਨੂੰ ਭੁਲਾ[31] ਕੇ, ਹੇ ਨਾਨਕ ! (ਜੀਵ-ਰੂਪ ਇਸਤ੍ਰੀ) ਮੁੜ ਮੁੜ ਕੇ[32] ਜੰਮਦੀ[33] ਤੇ ਮਰਦੀ[34] ਹੈ ।

ਕਸਤੂਰੀ[35] ਕੈ ਭੋਲੜੈ[36] ਗੰਦੇ[37] ਡੁੰਮਿ[38] ਪਈਆਸੁ[39] ॥੨॥

Mistaking[36] it for musk[35], she has fallen[39] into the filthy[37] pit[38].

ਭੁਲੇਖੇ[36] ਨਾਲ ਇਸ ਨੂੰ ਨਾਫ਼ਾ[35] ਜਾਣਕੇ, ਉਹ ਪਲੀਤ[37] ਟੋਏ[38] ਵਿਚ ਡਿਗ[39] ਪਈ ਹੈ ।

ਪਉੜੀ ॥

Pauri.

ਪਉੜੀ ।

ਸੋ[40] ਐਸਾ[41] ਹਰਿਨਾਮੁ ਧਿਆਈਐ[42] ਮਨ[46] ਮੇਰੇ ਜੋ ਸਭਨਾ[43] ਉਪਰਿ[45] ਹੁਕਮੁ ਚਲਾਏ[44] ॥

My Soul[46] ! remember[42] thou that[40], such[41], Name of God, who rules[44] over[45] all[43].

ਮੇਰੀ ਜਿੰਦੇ[46] ! ਤੂੰ ਵਾਹਿਗੁਰੂ ਦੇ ਉਸ[40] ਇਹੋ ਜਿਹੇ[41] ਨਾਮ ਦਾ ਸਿਮਰਨ[42] ਕਰ, ਜਿਹੜਾ ਸਾਰਿਆਂ[43] ਉਤੇ[45] ਰਾਜ[44] ਕਰਦਾ ਹੈ ।

ਸੋ ਐਸਾ ਹਰਿਨਾਮੁ ਜਪੀਐ[47] ਮਨ ਮੇਰੇ ਜੋ ਅੰਤੀ[48] ਅਉਸਰਿ[49] ਲਏ ਛਡਾਏ[50] ॥

My Soul ! repeat[47] thou that, such, Name of God, which shall rescue[50] thee at the last[48] moment[49].

ਮੇਰੀ ਜਿੰਦੇ ! ਤੂੰ ਹਰੀ ਦੇ ਉਸ ਇਹੋ ਜਿਹੇ ਨਾਮ ਦਾ ਉਚਾਰਨ[47] ਕਰ, ਜਿਹੜਾ ਅਖ਼ੀਰ[48] ਦੇ ਵੇਲੇ[49] ਤੈਨੂੰ ਬੰਦ ਖ਼ਲਾਸ ਕਰਾਵੇਗਾ[50] ।

ਸੋ ਐਸਾ ਹਰਿਨਾਮੁ ਜਪੀਐ ਮਨ ਮੇਰੇ ਜੁ ਮਨ[51] ਕੀ ਤ੍ਰਿਸਨਾ[52] ਸਭ[53] ਭੁਖ[54] ਗਵਾਏ[55] ॥

My Soul ! repeat thou that, such, Name of God, which shall drive out[55] all[53] thy mind's[51] desires[52] and hungers[54].

ਮੇਰੀ ਜਿੰਦੇ ! ਤੂੰ ਹਰੀ ਦੇ ਉਸ ਐਸੇ ਨਾਮ ਦਾ ਜਾਪ ਕਰ ਜਿਹੜਾ ਤੇਰੇ ਚਿੱਤ[51] ਦੀਆਂ ਸਾਰੀਆਂ[53] ਖ਼ਾਹਿਸ਼ਾਂ[52] ਤੇ ਭੁੱਖਾਂ[54] ਨੂੰ ਦੂਰ ਕਰ ਦੇਵੇਗਾ[55] ।

ਸੋ[56] ਗੁਰਮੁਖਿ[57] ਨਾਮੁ ਜਪਿਆ[58] ਵਡਭਾਗੀ[59] ਤਿਨ[60] ਨਿੰਦਕ[61] ਦੁਸਟ[62] ਸਭਿ[63] ਪੈਰੀ[64] ਪਾਏ[65] ॥

Through the Guru[57] the very fortunate fellow[59] ponders[58] on the[56] Name, which[60] makes all[63] the slanderers[61] and sinners[62] fall[65] at His feet[64].

ਗੁਰਾਂ ਦੇ ਰਾਹੀਂ[57] ਭਾਰੇ ਨਸੀਬਾਂ ਵਾਲੇ[59]ਜਣੇ ਨੇ ਉਸ[56] ਨਾਮ ਦਾ ਚਿੰਤਨ[58] ਕੀਤਾ ਹੈ ਜਿਹੜਾ[60] ਸਮੂਹ[63] ਬਦ-ਖੋਆਂ[61], ਅਤੇ ਪਾਪੀਆਂ[62] ਨੂੰ ਉਸ ਦੇ ਪਗਾਂ[64] ਤੇ ਲਿਆ ਪਾਉਂਦਾ[65] ਹੈ ।

ਨਾਨਕ ਨਾਮੁ ਅਰਾਧਿ[66] ਸਭਨਾ ਤੇ[67]ਵਡਾ ਸਭਿ ਨਾਵੈ ਅਗੈ[68] ਆਣਿ[69] ਨਿਵਾਏ[70] ॥ ੧੫ ॥

Nanak, do thou deliberate[66] over the most Exalted[67] Name of God, before[68] which Name all come[69] and kneel[70] down.

ਨਾਨਕ, ਤੂੰ ਵਾਹਿਗੁਰੂ ਦੇ ਪ੍ਰਮ ਉਤਕ੍ਰਿਸ਼ਟਤ[67] ਨਾਮ ਦਾ ਸਿਮਰਨ[66] ਕਰ, ਜਿਸ ਨਾਮ ਦੇ ਮੂਹਰੇ[68] ਸਾਰੇ ਆ ਕੇ[69] ਘੁਟਨੇ[70] ਟੇਕਦੇ ਹਨ ।

ਸਲੋਕ ਮ: ੩ ॥	Slok, Third Guru.	ਸਲੋਕ, ਤੀਜੀ ਪਾਤਸ਼ਾਹੀ ।
ਵੇਸ[71] ਕਰੇ[72] [73]ਕੁਰੂਪਿ[74] [75]ਕੁਲਖਣੀ[76] ਮਨਿ[77] ਖੋਟੈ[78] ਕੂੜਿਆਰਿ[79] ॥	The [73]unsightly[74] and of [75]evil-disposition[76] bride wears[72] good clothes[71] but her soul[77] is impure[78] and false[79].	[73]ਬਦ-ਸ਼ਕਲ[74] ਤੇ [75]ਬਦ-ਚਲਨ[76] ਪਤਨੀ ਚੰਗੇ ਬਸਤ੍ਰ[71] ਪਹਿਰਦੀ[72] ਹੈ ਪ੍ਰੰਤੂ ਉਸ ਦੀ ਆਤਮਾ[77] ਅਪਵਿੱਤ੍ਰ[78] ਤੇ ਝੂਠੀ[79] ਹੈ ।
ਪਿਰ[80] ਕੈ ਭਾਣੈ[81] ਨਾ ਚਲੈ[82] ਹੁਕਮੁ[83] ਕਰੇ[84] ਗਾਵਾਰਿ[85] ॥	She walks[82] not according to the will[81] of her Spouse[80]. The ignorant bide[85], rather, gives[84] Him orders[83].	ਉਹ ਆਪਣੇ ਕੰਤ[80] ਦੀ ਰਜ਼ਾ[81] ਅਨੁਸਾਰ ਨਹੀਂ ਟੁਰਦੀ[82] । ਬੇਸਮਝ ਤ੍ਰੀਮਤ[85] ਸਗੋਂ ਉਸ ਤੇ ਹੁਕਮ[83] ਚਲਾਉਂਦੀ[84] ਹੈ ।
ਗੁਰ ਕੈ ਭਾਣੈ[86] ਜੋ ਚਲੈ ਸਭਿ[87] ਦੁਖ ਨਿਵਾਰਣਹਾਰਿ[88] ॥	She who walks in the will[86] of the Guru, escapes[88] all the miseries[87].	ਜਿਹੜੀ ਗੁਰਾਂ ਦੀ ਰਜ਼ਾ[86] ਵਿਚ ਤੁਰਦੀ ਹੈ, ਉਹ ਸਾਰਿਆਂ ਦੁਖੜਿਆਂ[87] ਤੋਂ ਬਚ[88] ਜਾਂਦੀ ਹੈ ।
ਲਿਖਿਆ[89] ਮੇਟਿ[90] ਨ ਸਕੀਐ ਜੋ[90*] ਧੁਰਿ[91] ਲਿਖਿਆ[92] ਕਰਤਾਰਿ[93] ॥	The one which[90*] the Creator[93] had [91]pre-ordained[92], that writ[89] cannot be erased[90].	ਉਹ ਜਿਹੜੀ[90*] ਸਿਰਜਣਹਾਰ[93] ਨੇ ਐਨ ਆਰੰਭ[91] ਵਿਚ ਲਿਖੀ[92] ਸੀ, ਉਹ ਲਿਖਤਾਕਾਰ[89] ਮੇਸੀ[90] ਨਹੀਂ ਜਾ ਸਕਦੀ ।
ਮਨੁ[94] ਤਨੁ[95] ਸਉਪੇ[96] ਕੰਤ[97] ਕਉ[2] ਸਬਦੇ[98] ਧਰੇ[99] ਪਿਆਰੁ[100] ॥	She ought to dedicate[96] her soul[94] and body[95] to[2] her Spouse[97], and nurture[99] affection[100] for His Word[98].	ਉਸ ਨੂੰ ਆਪਣੀ ਆਤਮਾ[94] ਤੇ ਦੇਹਿ[95] ਆਪਣੇ ਭਰਤੇ[97] ਨੂੰ[2] ਸਮਰਪਣ[96] ਕਰਨੀ ਅਤੇ ਉਸ ਦੇ ਬਚਨ[98] ਨਾਲ ਪ੍ਰੀਤ[100] ਪਾਉਣੀ[99] ਉਚਿਤ ਹੈ ।
ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ[3] ਰਿਦੈ[4] ਬੀਚਾਰਿ[5] ॥	See[3] and reflect[5] on this in thy mind[4], without the Name's meditation, none has obtained the Lord.	ਆਪਣੇ ਚਿੱਤ[4] ਅੰਦਰ ਵੇਖ[3] ਅਤੇ ਇਸ ਨੂੰ ਸੋਚ ਸਮਝ[5] ਕਿ ਨਾਮ ਦੇ ਸਿਮਰਨ ਦੇ ਬਾਝੋਂ ਕਿਸੇ ਨੂੰ ਭੀ ਪ੍ਰਭੂ ਪਰਾਪਤ ਨਹੀਂ ਹੋਇਆ ।
ਨਾਨਕ ਸਾ[6] ਸੁਆਲਿਉ[7] ਸੁਲਖਣੀ[8] ਜਿ[9] ਰਾਵੀ[10] ਸਿਰਜਨਹਾਰਿ[11] ੧ ॥	Nanak, beauteous[7] and well-conducted[8] is she[6], whom[9] the Creator[11] enjoys[10].	ਨਾਨਕ ਸਨੁੱਖੀ[7] ਅਤੇ ਚੰਗੇ ਚਾਲ ਚੱਲਣ ਵਾਲੀ[8] ਹੈ ਉਹ[6] ਜਿਸਨੂੰ[9] ਕਰਤਾਰ[11] ਮਾਣਦਾ[10] ਹੈ ।
ਮ: ੩ ॥	Third Guru.	ਤੀਜੀ ਪਾਤਸ਼ਾਹੀ ।
ਮਾਇਆ[12] ਮੋਹੁ[13] ਗੁਬਾਰੁ[14] ਹੈ ਤਿਸ ਦਾ[15] ਨ ਦਿਸੈ[16] ਉਰਵਾਰੁ[17] ਨ ਪਾਰੁ[18] ॥	The love[13] of wealth[12] is darkness[14]. It's[15] this shore[17] and yonder[18] one are not seen[16].	ਧਨ ਦੌਲਤ[12] ਦੀ ਲਗਨ[13] ਅਨ੍ਹੇਰਾ[14] ਹੈ । ਇਸਦਾ[15] ਇਹ ਕਿਨਾਰਾ[17] ਤੇ ਪਰਲਾ[18] ਕਿਨਾਰਾ ਨਜ਼ਰੀਂ[16] ਨਹੀਂ ਪੈਂਦੇ ।
ਮਨਮੁਖ[19] ਅਗਿਆਨੀ[20] ਮਹਾ[21] ਦੁਖੁ[22] ਪਾਇਦੇ[23] ਡੁਬੇ[24] ਹਰਿਨਾਮੁ ਵਿਸਾਰਿ[25] ॥	The ignorant[20] self-willed[19] persons suffer[23] supreme[21] pain[22] and are drowned[24], forgetting[25] God's Name.	ਬੇ-ਸਮਝ[20] ਮਨ-ਮਤੀਏ[19] ਪੁਰਸ਼ ਪਰਮ[21] ਤਕਲੀਫ਼[22] ਉਠਾਉਂਦੇ[23] ਹਨ ਅਤੇ ਰੱਬ ਦੇ ਨਾਮ ਨੂੰ ਭੁਲਾ[25] ਕੇ ਡੁੱਬ[24] ਗਏ ਹਨ ।
ਭਲਕੇ[25*] ਉਠਿ ਬਹੁ[26] ਕਰਮ[27] ਕਮਾਵਹਿ ਦੂਜੈ ਭਾਇ[28] ਪਿਆਰੁ[29] ॥	Arising in the morning[25*] they perform many[26] rituals[27] and their attachment[29] is with duality[28].	ਸਵੇਰ ਸਾਰ[25*] ਉਠ ਕੇ ਉਹ ਘਨੇਰੇ[26] ਕਰਮ[27] ਕਾਂਡ ਕਰਦੇ ਹਨ ਅਤੇ ਉਨ੍ਹਾਂ ਦੀ ਲਗਨ[29] ਦਵੈਤ-ਭਾਵ[28] ਨਾਲ ਹੈ ।
ਸਤਿਗੁਰੁ ਸੇਵਹਿ[30] ਆਪਣਾ [31]ਭਉਜਲੁ[32] ਉਤਰੇ ਪਾਰਿ[33] ॥	They who serve[30] their True Guru, cross[33] the terrible[31]-ocean[32].	ਜੋ ਆਪਣੇ ਸੱਚੇ ਗੁਰਾਂ ਦੀ ਘਾਲ ਘਾਲਦੇ[30] ਹਨ, ਉਹ ਭੈ-ਦਾਇਕ[31] ਸਮੁੰਦਰ[32] ਤੋਂ ਪਾਰ[33] ਹੋ ਜਾਂਦੇ ਹਨ
ਨਾਨਕ ਗੁਰਮੁਖਿ[34] ਸਚਿ[35] ਸਮਾਵਹਿ[36] ਸਚੁ[37] ਨਾਮੁ	Nanak, the Guruwards[34] keep the True Name[37] clasped[39] to their	ਨਾਨਕ ਗੁਰੂ-ਅਨੁਸਾਰੀ[34] ਸਤਿਨਾਮ[37] ਨੂੰ ਆਪਣੇ ਦਿਲ[38] ਨਾਲ ਲਾਈ[39] ਰਖਦੇ ਹਨ ਅਤੇ ਸੱਚੇ ਸੁਆਮੀ[35]

[38]ਉਰਧਾਰਿ[39] ॥ ੨ ॥	heart[38] and get absorbed[36] in the True Lord[36].	ਅੰਦਰ ਲੀਨ[36] ਹੋ ਜਾਂਦੇ ਹਨ ।
ਪਉੜੀ ॥	Pauri.	ਪਉੜੀ ।
ਹਰਿ ਜਲਿ[40] ਥਲਿ[41] [42]ਮਹੀਅਲਿ[43] ਭਰਪੂਰਿ[44] ਦੂਜਾ[45] ਨਾਹਿ ਕੋਇ[46] ॥	God is fully pervading[44] the oceans[40], the sandy tracts[41], the earth[42] and the sky[43]. Besides Him there is no other[46] second[45].	ਵਾਹਿਗੁਰੂ ਸਮੁੰਦਰਾਂ[40], ਮਾਰੂਥਲਾਂ[41], ਧਰਤੀ[42] ਤੇ ਆਕਾਸ਼[43] ਅੰਦਰ ਪਰੀ-ਪੂਰਨ[44] ਹੈ । ਉਸ ਦੇ ਬਗ਼ੈਰ ਹੋਰ[46] ਦੂਸਰਾ[45] ਕੋਈ ਨਹੀਂ ।
ਹਰਿ ਆਪਿ[47]ਬਹਿ[48] ਕਰੇ[49] ਨਿਆਉ[50] ਕੂੜਿਆਰ[51]ਸਭ ਮਾਰਿ[52] ਕਢੋਇ[53] ॥	Seated[48] (on the throne), God Himself[47] administers[49] justice[50] and thrashing[52] all the false[51], He drives them off[53].	(ਤਖ਼ਤ ਤੇ) ਬੈਠ[48] ਕੇ, ਵਾਹਿਗੁਰੂ ਖ਼ੁਦ[47] ਇਨਸਾਫ਼[50] ਕਰਦਾ[49] ਹੈ ਤੇ ਸਾਰੇ ਝੂਠਿਆਂ[51] ਨੂੰ ਕੁਟ ਫ਼ਾਟ[52] ਕੇ, ਬਾਹਰ ਕਢ[53] ਦਿੰਦਾ ਹੈ ।
ਸਚਿਆਰਾ[54] ਦੇਇ[55] ਵਡਿਆਈ[56] ਹਰਿ ਧਰਮ[57] ਨਿਆਉ ਕੀਓਇ ॥	To the truthful[54] God grants[55] greatness[56] and administers even-handed[57] justice.	ਸੱਚਿਆਂ[54] ਨੂੰ ਵਾਹਿਗੁਰੂ ਬਜ਼ੁਰਗੀ[56] ਬਖ਼ਸ਼ਦਾ[55] ਹੈ ਅਤੇ ਐਨ ਸੱਚਾ ਸੁੱਚਾ[57] ਇਨਸਾਫ਼ ਕਰਦਾ ਹੈ ।
ਸਭ ਹਰਿ ਕੀ ਕਰਹੁ ਉਸਤਤਿ[58] ਜਿਨਿ ਗਰੀਬ[59] ਅਨਾਥ[60]ਰਾਖਿ ਲੀਓਇ[61]॥	Ye all praise[58] the Lord, who protects[61] the poor[59] and the masterless[60].	ਤੁਸੀਂ ਸਾਰੇ ਪ੍ਰਭੂ ਦੀ ਪਰਸੰਸਾ[58] ਕਰੋ, ਜੋ ਕੰਗਾਲਾਂ[59] ਤੇ ਨਿਖ਼ਸਮਿਆਂ[60] ਦੀ ਰਖਿਆ[61] ਕਰਦਾ ਹੈ ।
ਜੈਕਾਰੁ[62]ਕੀਉ[63]ਧਰਮੀਆ[64] ਕਾ ਪਾਪੀ[65] ਕਉ ਡੰਡੁ[66] ਦੀਓਇ[67] ॥ ੧੯ ॥	He grants[63] laurels[62] to the virtuous[64], and to the evil-doer[65] He awards[67] punishment[66].	ਉਹ ਨੇਕਾਂ[64] ਨੂੰ ਮਾਣ ਪ੍ਰਤਿਸ਼ਟਾ[62] ਬਖ਼ਸ਼ਦਾ[63] ਹੈ ਅਤੇ ਗੁਨਾਹਗਾਰ[65] ਨੂੰ ਉਹ ਸਜ਼ਾ[66] ਦਿੰਦਾ[67] ਹੈ ।
ਸਲੋਕ ਮ: ੩ ॥	Slok, Third Guru.	ਸਲੋਕ, ਤੀਜੀ ਪਾਤਸ਼ਾਹੀ ।
ਮਨਮੁਖ[68]ਮੈਲੀ[69] ਕਾਮਣੀ[70] ਕੁਲਖਣੀ[71] ਕੁਨਾਰਿ[72] ॥	The wayward[68] woman[70] is filthy[69], ill-natured[71] and an evil wife[72].	ਆਪ-ਹੁਦਰੀ[68] ਤ੍ਰੀਮਤ[70], ਮਲੀਣ[69], ਬਦ-ਖ਼ਸਲਤ[71] ਅਤੇ ਮੰਦੀ-ਵਹੁਟੀ[72] ਹੈ ।
ਪਿਰੁ[73] ਛੋਡਿਆ[74] ਘਰਿ[75] ਆਪਣਾ ਪਰ[76] ਪੁਰਖੈ[77] ਨਾਲਿ ਪਿਆਰੁ[78] ॥	She leaves[74] her Husband[73] and home[75] and bears affection[78] to another[76] person[77].	ਉਹ ਆਪਣੇ ਖ਼ਸਮ[73] ਤੇ ਗ੍ਰਿਹ[75] ਨੂੰ ਤਜ ਦਿੰਦੀ[74] ਹੈ ਅਤੇ ਪਰਾਏ[76] ਪੁਰਸ਼[77] ਨਾਲ ਪ੍ਰੀਤ[78] ਕਰਦੀ ਹੈ !
ਤ੍ਰਿਸਨਾ[79] ਕਦੇ ਨ ਚੁਕਈ[80] ਜਲਦੀ[81] ਕਰੇ ਪੁਕਾਰ[82] ॥	Her passion[79] is never extinguished[80], she burns[81] and cries aloud[82].	ਉਸ ਦਾ ਚਿਤ-ਵੇਗ[79] ਕਦਾਚਿਤ ਮਾਤ[80] ਨਹੀਂ ਪੈਂਦਾ, ਉਹ ਸੜਦੀ[81] ਹੈ ਅਤੇ ਉੱਚੀ ਉੱਚੀ ਕੂਕਦੀ[82] ਹੈ ।
ਨਾਨਕ ਬਿਨੁ ਨਾਵੈ ਕੁਰੂਪਿ[83] ਕੁਸੋਹਣੀ[84] ਪਰਹਰਿ[85] ਛੋਡੀ[86] ਭਤਾਰਿ[87]॥ ੧ ॥	Nanak, without God's Name, she is unsightly[83] and unhandsome[84], and her Husband[87] has forsaken[85] and abandoned[86] her.	ਨਾਨਕ, ਹਰੀ ਨਾਮ ਦੇ ਬਾਝੋਂ, ਉਹ ਬਦਨੁਮਾ[83] ਤੇ ਬਦ-ਸਕਲ[84] ਹੈ, ਅਤੇ ਉਸ ਦੇ ਕੰਤ[87] ਨੇ ਉਸ ਨੂੰ ਤਿਆਗ[85] ਤੇ ਛਡ[86] ਦਿਤਾ ਹੈ ।
੯੦	90	੯੦
ਮ: ੩ ॥	Third Guru.	ਤੀਜੀ ਪਾਤਸ਼ਾਹੀ ।
ਸਬਦਿ[88]ਰਤੀ[89]ਸੋਹਾਗਣੀ[90] ਸਤਿਗੁਰ ਕੈ ਭਾਇ[91]	She, who is imbued[89] with Gurbani[88] and bears love[91] and affection[92] to	ਜੋ ਗੁਰਬਾਣੀ ਨਾਲ ਰੰਗੀਜੀ[89] ਹੈ ਅਤੇ ਸੱਚੇ ਗੁਰਾਂ ਨਾਲ ਪ੍ਰੀਤ[91] ਤੇ ਪਰੇਮ[92] ਕਰਦੀ ਹੈ, ਉਹ ਖੁਸ-ਬਾਸ

ਪਿਆਰਿ[92] ॥

the True Guru, is a happy bride[90].

ਪਤਨੀ[90] ਹੈ ।

ਸਦਾ[93] ਰਾਵੇ[94] ਪਿਰੁ[95] ਆਪਣਾ ਸਚੈ[98] ਪ੍ਰੇਮਿ[96] ਪਿਆਰਿ[97] ॥

With true[98] attachment[96] and reverential[97] regards, she ever[93] enjoys[94] her Beloved[95].

ਸੱਚੀ[98] ਲਗਨ[96] ਤੇ ਮੁਹੱਬਤ[97] ਨਾਲ, ਉਹ ਹਮੇਸ਼ਾ[93] ਆਪਣੇ ਪ੍ਰੀਤਮ[95] ਨੂੰ ਮਾਣਦੀ[94] ਹੈ ।

ਅਤਿ[99] ਸੁਆਲਿਉ[100] ਸੁੰਦਰੀ[2] ਸੋਭਾਵੰਤੀ[3] ਨਾਰਿ[4] ॥

She is extremely[99] lovable[100], beauteous[2] and praise-worthy[3] wife[4].

ਉਹ ਪ੍ਰਮ[99] ਸੁਹਣੀ[100] ਸੁਨੱਖੀ[2] ਅਤੇ ਸ਼ਲਾਘਾ-ਯੋਗ[3] ਵਹੁਟੀ[4] ਹੈ ।

ਨਾਨਕ ਨਾਮਿ ਸੋਹਾਗਣੀ[5] ਮੇਲੀ[6] ਮੇਲਣਹਾਰਿ[7] ॥੨॥

Nanak, with the Name of her Lord, she is made the true bride[5] and the Blender[7] blends[6] her with Himself.

ਨਾਨਕ, ਆਪਣੇ ਸੁਆਮੀ ਦੇ ਨਾਮ ਨਾਲ, ਉਹ ਸੱਚੀ ਪਤਨੀ[5] ਬਣ ਜਾਂਦੀ ਹੈ ਤੇ ਅਭੇਦ ਕਰਨ ਵਾਲਾ[7] ਉਸ ਨੂੰ ਆਪਣੇ ਨਾਲ ਅਭੇਦ ਕਰ ਲੈਂਦਾ[6] ਹੈ ।

ਪਉੜੀ ॥

Pauri.

ਪਉੜੀ ।

ਹਰਿ ਤੇਰੀ ਸਭ[9] ਕਰਹਿ ਉਸਤਤਿ[11] ਜਿਨਿ[12] ਫਾਥੇ[13] ਕਾਢਿਆ[14] ॥

All[9] sing Thine praises[11], O' God ! who[12] has set free[14] the entrapped[13].

ਸਾਰੇ[9] ਤੇਰੀ ਮਹਿਮਾ[11] ਗਾਇਨ ਕਰਦੇ ਹਨ, ਹੇ ਵਾਹਿਗੁਰੂ ! ਜਿਸ[12] ਨੇ ਫਸਿਆਂ ਹੋਇਆਂ[13] ਨੂੰ, ਆਜ਼ਾਦ[14] ਕਰ ਦਿਤਾ ਹੈ ।

ਹਰਿ ਤੁਧ ਨੋ ਕਰਹਿ ਸਭ ਨਮਸਕਾਰੁ[15] ਜਿਨਿ ਪਾਪੈ[16] ਤੇ[17] ਰਾਖਿਆ[18] ॥

Everyone makes obeisance[15] unto Thee, O' Lord ! who has rescued[18] one from[17] sins[16].

ਹਰ ਕੋਈ ਤੈਨੂੰ ਬੰਦਨਾ[15] ਕਰਦਾ ਹੈ, ਹੇ ਪ੍ਰਭੂ ! ਜਿਸ ਨੇ ਉਸ ਨੂੰ ਗੁਨਾਹਾਂ[16] ਤੋਂ[17] ਬਚਾ ਲਿਆ[18] ਹੈ ।

ਹਰਿ ਨਿਮਾਣਿਆ[19] ਤੂੰ ਮਾਣੁ ਹਰਿ ਡਾਢੀ ਹੂੰ ਤੂੰ ਡਾਢਿਆ[20] ॥

O' God ! Thou art the honour of the dishonoured[19]. Thou art the strongest[20] of the strong, my Lord.

ਹੇ ਹਰੀ ! ਤੂੰ ਬੇਇਜ਼ਤਿਆਂ[19] ਦੀ ਇਜ਼ਤ ਹੈਂ । ਤੂੰ ਤਾਕਤਵਰਾਂ ਦਾ ਪਰਮ-ਤਾਕਤਵਰ[20] ਹੈਂ ।

ਹਰਿ ਅਹੰਕਾਰੀਆ[21] ਮਾਰਿ[22] ਨਿਵਾਏ[23] ਮਨਮੁਖ[24] ਮੂੜ[25] ਸਾਧਿਆ[26] ॥

God beats[22] down[23] the egoists[21] and corrects[26] the self-willed[24] fools[25].

ਮੇਰਾ ਮਾਲਕ ਵਾਹਿਗੁਰੂ ਮਗਰੂਰਾਂ[21] ਨੂੰ ਨਿਸਲ[22] ਕਰਕੇ ਨੀਚਾ ਦਿਖਾ[23] ਦਿਦਾ ਹੈ ਅਤੇ ਮੂੰਹ-ਜ਼ੋਰ[24] ਮੂਰਖਾਂ[25] ਨੂੰ ਦਰੁਸਤ[26] ਕਰ ਦਿੰਦਾ ਹੈ ।

ਹਰਿ ਭਗਤਾ[27] ਦੇਇ[28] ਵਡਿਆਈ[29] ਗਰੀਬ[30] ਅਨਾਥਿਆ[31] ॥੧੭॥

God grants[28] glory[29] to His saints[27], the poor[30] and the patronless[31].

ਵਾਹਿਗੁਰੂ ਆਪਣੇ ਸੰਤਾਂ[27], ਗਰੀਬੜਿਆਂ[30] ਅਤੇ ਨਿਖਸਮਿਆਂ[31] ਨੂੰ ਪ੍ਰਭਤਾ[29] ਬਖ਼ਸ਼ਦਾ[28] ਹੈ ।

ਸਲੋਕ ਮ: ੩ ॥

Slok, Third Guru.

ਸਲੋਕ, ਤੀਜੀ ਪਾਤਸ਼ਾਹੀ ।

ਸਤਿਗੁਰ ਕੈ ਭਾਣੈ[32] ਜੋ ਚਲੈ[33] ਤਿਸੁ[34] ਵਡਿਆਈ[35] ਵਡੀ[36] ਹੋਇ[37] ॥

He[34], who walks[33] according to the Will[32] of the True Guru, obtains[37] great[36] honour[35].

ਜਿਹੜਾ ਸੱਚੇ ਗੁਰਾਂ ਦੀ ਰਜ਼ਾ[32] ਅਨੁਸਾਰ ਤੁਰਦਾ[33] ਹੈ, ਉਹ[34] ਭਾਰੀ[36] ਇੱਜ਼ਤ[35] ਪਾਉਂਦਾ[37] ਹੈ ।

ਹਰਿ ਕਾ ਨਾਮੁ ਉਤਮੁ[38] ਮਨਿ[39] ਵਸੈ[40] ਮੇਟਿ[41] ਨ ਸਕੈ ਕੋਇ ॥

The exalted[38] Name of God abides[40] in his heart[39], and none can undo[41] his renown.

ਵਾਹਿਗੁਰੂ ਦਾ ਉਤਕ੍ਰਿਸ਼ਟਤ[38] ਨਾਮ ਉਸ ਦੇ ਦਿਲ[39] ਵਿਚ ਵਸਦਾ[40] ਹੈ ਅਤੇ ਉਸ ਦੀ ਨਾਮਵਰੀ ਨੂੰ ਕੋਈ ਭੀ ਮੇਸ[41] ਨਹੀਂ ਸਕਦਾ ।

ਕਿਰਪਾ[42] ਕਰੇ[43] ਜਿਸੁ ਆਪਣੀ ਤਿਸੁ[44] ਕਰਮਿ[45]

He[44], unto whom the Lord shows[43] His kindness[42], obtains[46] His Name

ਜਿਸ ਉਤੇ ਸਾਈਂ ਆਪਣੀ ਮਿਹਰ[42] ਧਾਰਦਾ[43] ਹੈ, ਉਹ[44] ਸ੍ਰੇਸ਼ਟ ਅਮਲਾਂ[45] ਰਾਹੀਂ ਉਸ ਦੇ ਨਾਮ ਨੂੰ ਪਾ[46]

ਪਰਾਪਤਿ[46] ਹੋਇ ॥	through meritorious deeds[45].	ਲੈਂਦਾ ਹੈ ।
ਨਾਨਕ ਕਾਰਣੁ[47] ਕਰਤੇ[48] ਵਸਿ[49] ਹੈ ਗੁਰਮੁਖਿ[50]ਬੂਝੈ[51] ਕੋਇ[52] ॥ ੧ ॥	Nanak, the creation[47] is in the power[49] of the Creator[48]. Through the Guru[50] a few[52] realise[51] it.	ਨਾਨਕ, ਰਚਨਾ[47] ਰਚਣਹਾਰ[48] ਦੇ ਅਖ਼ਤਿਆਰ[49] ਵਿਚ ਹੈ। ਗੁਰਾਂ[50] ਦੇ ਰਾਹੀਂ ਕੋਈ ਵਿਰਲਾ[52] ਹੀ ਇਹ ਅਨੁਭਵ[51] ਕਰਦਾ ਹੈ ।
ਮ: ੩ ॥	Third Guru.	ਤੀਜੀ ਪਾਤਸ਼ਾਹੀ ।
ਨਾਨਕ ਹਰਿਨਾਮੁ ਜਿਨੀ[53] ਆਰਾਧਿਆ[54] ਅਨਦਿਨੁ[55] ਹਰਿ ਲਿਵਤਾਰ[56] ॥	Nanak, they, who[53] meditate[54] on God's Name, night and day[55], abide in the Lord's constant love[56].	ਨਾਨਕ, ਜੋ[53] ਹਰੀ ਦੇ ਨਾਮ ਦਾ ਸਿਮਰਨ[54] ਕਰਦੇ ਹਨ, ਉਹ ਰੈਣ[55]-ਦਿਹੁੰ, ਸਾਈਂ ਦੇ ਇਕ ਰਸ ਸਨੇਹ[56] ਵਿਚ ਵਸਦੇ ਹਨ ।
ਮਾਇਆ[57] ਬੰਦੀ[58] ਖਸਮ[59] ਕੀ ਤਿਨ ਅਗੈ[61] ਕਮਾਵੈ ਕਾਰ[60] ॥	The mammon[57], the maid-servant[58] of the Master[59] performs service[60] before[61] them.	ਮੋਹਣੀ[57], ਮਾਲਕ[59] ਦੀ ਬਾਂਦੀ[58], ਉਨ੍ਹਾਂ ਮੂਹਰੇ[61] ਟਹਿਲ[60] ਕਮਾਉਂਦੀ ਹੈ ।
ਪੂਰੈ[62] ਪੂਰਾ[63] ਕਰਿ ਛੋਡਿਆ[64] ਹੁਕਮਿ[65] ਸਵਾਰਣਹਾਰ[66] ॥	The Perfect One[62], the reformer[66], by His order[65] has made[64] them perfect[63].	ਸੁਧਾਰ ਕਰਨ[66] ਵਾਲੇ, ਪੂਰਨ[62] ਪੁਰਖ ਨੇ ਆਪਣੇ ਫੁਰਮਾਨ[65] ਦੁਆਰਾ ਉਨ੍ਹਾਂ ਨੂੰ ਮੁਕੰਮਲ[63] ਕਰ[64] ਦਿਤਾ ਹੈ ।
ਗੁਰਪਰਸਾਦੀ[67] ਜਿਨਿ ਬੁਝਿਆ[68] ਤਿਨਿ[69]ਪਾਇਆ [70]ਮੋਖਦੁਆਰੁ[71] ॥	They[69], who by Guru's favour[67] understand[68] God, obtain the gate[71] of salvation[70].	ਜਿਹੜੇ ਗੁਰਾਂ ਦੀ ਦਇਆ[67] ਦੁਆਰਾ ਵਾਹਿਗੁਰੂ ਨੂੰ ਸਮਝਦੇ[68] ਹਨ, ਉਹ[69] ਮੁਕਤੀ[70] ਦਾ ਦਰਵਾਜ਼ਾ[71] ਪਾ ਲੈਂਦੇ ਹਨ ।
ਮਨਮੁਖ[72] ਹੁਕਮੁ[73]ਨ ਜਾਣਨੀ ਤਿਨ[77] ਮਾਰੇ[74] ਜਮ[75] ਜੰਦਾਰੁ[76] ॥	The waywards[72] understand not Lord's fiat[73]. Them[77], the death's courier[75] beats[74] with a rod[76].	ਆਪ-ਹੁਦਰੇ[72] ਸਾਹਿਬ ਦੇ ਫੁਰਮਾਨ[73] ਨੂੰ ਨਹੀਂ ਸਮਝਦੇ, ਉਨ੍ਹਾਂ[77] ਨੂੰ ਮੌਤ ਦਾ ਦੂਤ[75] ਡੰਡੇ[76] ਨਾਲ ਕੁਟਦਾ[74] ਹੈ ।
ਗੁਰਮੁਖਿ[78] ਜਿਨੀ ਅਰਾਧਿਆ[79] ਤਿਨੀ ਤਰਿਆ[80] [81]ਭਉਜਲੁ[82] ਸੰਸਾਰੁ[83] ॥	They, who dwell[79] on the Lord, by Guru's grace[78], cross[80] the terrible[81] world[83]-ocean[82].	ਜੋ ਗੁਰਾਂ ਦੀ ਮਿਹਰ ਸਦਕਾ[78], ਸਾਹਿਬ ਦਾ ਸਿਮਰਨ[79] ਕਰਦੇ ਹਨ, ਉਹ ਭਿਆਨਕ[81] ਜਗਤ[83] ਸਮੁੰਦਰ[82] ਤੋਂ ਪਾਰ[80] ਹੋ ਜਾਂਦੇ ਹਨ ।
ਸਭਿ ਅਉਗਣ[84] ਗੁਣੀ[85] ਮਿਟਾਇਆ[86] ਗੁਰੁ ਆਪੇ[87] ਬਖਸਣਹਾਰੁ[88] ॥ ੨ ॥	The Guru, who himself[87] is the pardoner[88], wipes out[86] all their demerits[84] with merits[85].	ਗੁਰੂ ਜੀ ਜੋ ਆਪ[87] ਹੀ ਮਾਫ਼ੀ ਦੇਣ[88] ਵਾਲੇ ਹਨ, ਉਨ੍ਹਾਂ ਦੀਆ ਸਾਰੀਆਂ ਬਦੀਆਂ[84], ਚੰਗਿਆਈਆਂ[85] ਨਾਲ ਮੇਸ[86] ਛਡਦੇ ਹਨ ।
ਪਉੜੀ ॥	Pauri.	ਪਉੜੀ ।
ਹਰਿ ਕੀ ਭਗਤਾ[89] ਪਰਤੀਤਿ[90] ਹਰਿ ਸਭ[91] ਕਿਛੁ ਜਾਣਦਾ[92] ॥	His serfs[89] have confidence[90] in God. The Lord knows[92] everything[91].	ਉਸ ਦੇ ਨਫਰਾਂ[89] ਨੂੰ ਰਬ ਤੇ ਭਰੋਸਾ[90] ਹੈ । ਸਾਹਿਬ ਸਾਰਾ[91] ਕੁਝ ਸਮਝਦਾ[92] ਹੈ ।
ਹਰਿ ਜੇਵਡੁ[93] ਨਾਹੀ ਕੋਇ ਜਾਣੁ[94] ਹਰਿ ਧਰਮੁ[95] ਬੀਚਾਰਦਾ[96] ॥	None is as great[93] a Knower[94] as God. The Lord administers[96] nothing but justice[95].	ਵਾਹਿਗੁਰੂ ਜਿੱਡਾ ਵੱਡਾ[93] ਕੋਈ ਜਾਣਕਾਰ[94] ਨਹੀਂ । ਸੁਆਮੀ ਪੂਰਾ ਇਨਸਾਫ਼[95] ਕਰਦਾ[96] ਹੈ ।
ਕਾੜਾ[97] ਅੰਦੇਸਾ[98] ਕਿਉ ਕੀਜੈ[99] ਜਾ[100] ਨਾਹੀ ਅਧ-	Why should we feel[99] burning[97] and anxiety[98] when[100] the Lord punishes[3]	ਅਸੀਂ ਕਿਉਂ ਸਾੜਾ[97] ਤੇ ਫ਼ਿਕਰ[98] ਮਹਿਸੂਸ[99] ਕਰੀਏ ਜਦ[100] ਸੁਆਮੀ ਕੋਈ ਅਨਿਆਈ[2] ਦੰਡ[3] ਨਹੀਂ ਦਿੰਦਾ ।

ਰਮਿ[2] ਮਾਰਦਾ[3] ॥
ਸਚਾ ਸਾਹਿਬੁ ਸਚੁ ਨਿਆਉ[4]
ਪਾਪੀ[4*] ਨਰੁ[5] ਹਾਰਦਾ[6] ॥

ਸਾਲਾਹਿਹੁ[7] ਭਗਤਹੁ[8] ਕਰ[9]
ਜੋੜਿ[10] ਹਰਿ ਭਗਤ ਜਨ[11]
ਤਾਰਦਾ[12] ॥ ੧੮ ॥

ਸਲੋਕ ਮ: ੩ ॥

ਆਪਣੇ ਪ੍ਰੀਤਮ[13] ਮਿਲਿ
ਰਹਾ ਅੰਤਰਿ[14] ਰਖਾ [15]ਉਰਿ
ਧਾਰਿ[16] ॥
ਸਾਲਾਹੀ[17] ਸੋ[18] ਪ੍ਰਭ ਸਦਾ
ਸਦਾ[19] ਗੁਰ ਕੈ ਹੇਤਿ[20]
ਪਿਆਰਿ[21] ॥
ਨਾਨਕ ਜਿਸੁ ਨਦਰਿ[22] ਕਰੇ[23]
ਤਿਸੁ[24] ਮੇਲਿ ਲਏ[25] ਸਾਈ[26]
ਸੁਹਾਗਣਿ[27] ਨਾਰਿ[28] ॥ ੧ ॥

ਮ: ੩ ॥

ਗੁਰ ਸੇਵਾ[29] ਤੇ ਹਰਿ ਪਾਈ-
ਐ ਜਾ ਕਉ[30] ਨਦਰਿ[31]
ਕਰੇਇ[32] ॥
ਮਾਣਸ[33] ਤੇ[34] ਦੇਵਤੇ[35]
ਭਏ[36] ਧਿਆਇਆ[37] ਨਾਮ
ਹਰੇ ॥
ਹਉਮੈ[38] ਮਾਰਿ[39] ਮਿਲਾਇ-
ਨੁ[40] ਗੁਰ ਕੈ ਸਬਦਿ[41]
ਤਰੇ[42] ॥
ਨਾਨਕ ਸਹਜਿ[43] ਸਮਾਇ-
ਅਨੁ[44] ਹਰਿ ਆਪਣੀ ਕ੍ਰਿਪਾ[45]
ਕਰੇ[46] ॥ ੨ ॥

ਪਉੜੀ ॥

ਹਰਿ ਆਪਣੀ ਭਗਤਿ[47]
ਕਰਾਇ[48] ਵਡਿਆਈ[49]
ਵੇਖਾਲੀਅਨੁ[50] ॥

not without justification[2] ?

True is the master and true His justice[4]. The vicious[4*] man[5] alone suffers defeat[6].

Praise[7] ye, O' Saint[8] ! the Lord with hands[9] folded[10]. God saves[12] the saintly persons[11].

Slok, Third Guru.

May I meet my beloved[13] and continue to hold[16] him to my mind[14] and heart[15].

Through the love[20] and affection[21] of the Guru, I praise[17] that[18], Lord for ever and aye[19].

Nanak, on[23] whom is His grace[22], He unites[25] her[24] with Himself. She[26] alone, is the faithful[27] bride[28] of the Lord.

Third Guru.

He, to whom[30] God shows[32] mercy[31], obtains Him by performing the service[29] of the Guru.

By meditating[37] on God's Name, from[34] the mortals[33] they become[36] demigods[35].

They efface[39] their ego[38], unite[40] with the Lord, and are saved[42] by Guru's word[41].

Nanak, they on whom God confers[46] His favour[45], are easily[43] absorbed[44] in Him.

Pauri.

By putting[48] man to His devotional[47] service, God has manifested[50] His glory[49].

ਸੱਚਾ ਹੈ ਮਾਲਕ ਅਤੇ ਸੱਚਾ ਹੈ ਉਸ ਦਾ ਇਨਸਾਫ਼[4] । ਕੇਵਲ ਗੁਨਾਹਗਾਰ[4*] ਬੰਦਾ[5] ਹੀ ਸ਼ਿਕਸਤ[6] ਉਠਾਉਂਦਾ ਹੈ ।

ਆਪਣੇ ਹੱਥ[9] ਬੰਨ੍ਹ[10] ਕੇ, ਹੇ ਸੰਤੋ[8] ! ਤੁਸੀਂ ਸਾਹਿਬ ਦੀ ਪਰਸੰਸਾ[7] ਕਰੋ । ਹਰੀ ਸਾਧ-ਰੂਪ[11] ਪੁਰਸ਼ਾਂ ਨੂੰ ਪਾਰ[12] ਕਰ ਦਿੰਦਾ ਹੈ ।

ਸਲੋਕ, ਤੀਜੀ ਪਾਤਸ਼ਾਹੀ ।

ਰੱਬ ਕਰੇ ਮੈਂ ਆਪਣੇ ਪਿਆਰੇ[13] ਨੂੰ ਮਿਲ ਪਵਾਂ ਅਤੇ ਉਸ ਨੂੰ ਆਪਣੇ ਹਿਰਦੇ[14] ਤੇ ਦਿਲ[15] ਨਾਲ ਲਾਈ ਰੱਖਾਂ[16] ।

ਗੁਰਾਂ ਦੀ ਪ੍ਰੀਤ[20] ਤੇ ਪ੍ਰੇਮ[21] ਰਾਹੀਂ, ਮੈਂ ਸਦੀਵ ਤੇ ਹਮੇਸ਼ਾਂ[19] ਹੀ ਉਸ[18] ਸਾਹਿਬ ਦੀ ਸਿਫ਼ਤ-ਸਨਾ[17] ਕਰਦਾ ਹਾਂ ।

ਨਾਨਕ, ਜਿਸ ਉਤੇ[23] ਉਸ ਦੀ ਰਹਿਮਤ[22] ਹੈ, ਉਸ[24] ਨੂੰ ਉਹ ਆਪਣੇ ਨਾਲ ਜੋੜ[25] ਲੈਂਦਾ ਹੈ । ਕੇਵਲ ਉਹੀ[26] ਸਾਹਿਬ ਦੀ ਜਾਂ-ਨਿਸਾਰ[27] ਪਤਨੀ[28] ਹੈ ।

ਤੀਜੀ ਪਾਤਸ਼ਾਹੀ ।

ਜਿਸ ਉਤੇ[30] ਵਾਹਿਗੁਰੂ ਮਿਹਰ[31] ਧਾਰਦਾ[32] ਹੈ, ਉਹ ਗੁਰਾਂ ਦੀ ਟਹਿਲ[29] ਕਮਾ ਕੇ, ਉਸ ਨੂੰ ਪਾ ਲੈਂਦਾ ਹੈ !

ਵਾਹਿਗੁਰੂ ਦੇ ਨਾਮ ਦਾ ਅਰਾਧਨ[37] ਕਰਨ ਦੁਆਰਾ ਪ੍ਰਾਣੀਆ[33] ਤੋਂ[34] ਉਹ ਸੁਰ[35] ਬਣ[36] ਜਾਂਦੇ ਹਨ ।

ਉਹ ਆਪਣੀ ਹੰਗਤਾ[38] ਨੂੰ ਮੇਸ[39] ਦਿੰਦੇ ਹਨ, ਸਾਈਂ ਨਾਲ ਮਿਲ ਜਾਂਦੇ[40] ਹਨ ਅਤੇ ਗੁਰਬਾਣੀ[41] ਦੁਆਰਾ ਪਾਰ ਉਤਰ[42] ਜਾਂਦੇ ਹਨ ।

ਨਾਨਕ, ਜਿਨ੍ਹਾਂ ਉਤੇ ਵਾਹਿਗੁਰੂ ਆਪਣੀ ਰਹਿਮਤ[45] ਨਿਛਾਵਰ[46] ਕਰਦਾ ਹੈ, ਉਹ ਸੁਖੈਨ[43] ਹੀ ਉਸ ਵਿਚ ਲੀਨ[44] ਹੋ ਜਾਂਦੇ ਹਨ ।

ਪਉੜੀ ।

ਇਨਸਾਨ ਨੂੰ ਆਪਣੀ ਪ੍ਰੇਮ-ਮਈ[47] ਸੇਵਾ ਅੰਦਰ ਜੋੜ[48] ਕੇ ਵਾਹਿਗੁਰੂ ਨੇ ਆਪਣੀ ਕੀਰਤੀ[49] ਪਰਗਟ[50] ਕੀਤੀ ਹੈ ।

੯੧

ਆਪਣੀ ਆਪਿ ਕਰੇ ਪਰਤੀਤਿ[51] ਆਪੇ[52] ਸੇਵ[53] ਘਾਲੀਅਨੁ[54] ॥
ਹਰਿ ਭਗਤਾ[55] ਨੋ ਦੇਇ[56] ਅਨੰਦੁ[57] ਥਿਰੁ[58] ਘਰੀ[59] ਬਹਾਲਿਅਨੁ[60] ॥
ਪਾਪੀਆ[61] ਨੋ ਨ ਦੇਈ ਥਿਰੁ[62] ਰਹਣਿ ਚੁਣਿ[62*] ਨਰਕ[63] ਘੋਰਿ[64] ਚਾਲਿਅਨੁ[65] ॥
ਹਰਿ ਭਗਤਾ[66] ਨੋ ਦੇਇ[67] ਪਿਆਰੁ[68] ਕਰਿ[69] ਅੰਗੁ[70] ਨਿਸਤਾਰਿਅਨੁ[71] ॥੧੯॥

ਸਲੋਕ ਮ: ੧ ॥

[72]ਕੁਬੁਧਿ[73] ਡੂਮਣੀ[74] ਕੁਦਇਆ[75] ਕਸਾਇਣਿ[76] ਪਰ[77] ਨਿੰਦਾ[78] ਘਟ[79] ਚੂਹੜੀ[80] ਮੁਠੀ[81] ਕ੍ਰੋਧਿ[82] ਚੰਡਾਲਿ[83] ॥
ਕਾਰੀ[84] ਕਢੀ[85] ਕਿਆ[86] ਥੀਐ[87] ਜਾਂ[88] ਚਾਰੇ ਬੈਠੀਆ ਨਾਲਿ[89] ॥
ਸਚੁ[90] ਸੰਜਮੁ[91] ਕਰਣੀ[92] ਕਾਰਾਂ[93] ਨਾਵਣੁ[94] ਨਾਉ ਜਪੇਹੀ[95] ॥
ਨਾਨਕ ਅਗੈ[96] ਊਤਮ[97] ਸੇਈ[98] ਜਿ[99] ਪਾਪਾਂ[100] ਪੰਦਿ[2] ਨ ਦੇਹੀ[3] ॥ ੧ ॥

ਮ: ੧ ॥

ਕਿਆ[4] ਹੰਸੁ[5] ਕਿਆ ਬਗੁਲਾ[6] ਜਾ ਕਉ ਨਦਰਿ[7] ਕਰੇਇ ॥
ਜੋ[8] ਤਿਸੁ[9] ਭਾਵੈ[10] ਨਾਨਕਾ

91

God causes the devotee to place faith[51] in Him and through him performs[54] His own[52] service[53].

God bestows[56] bliss[57] on His faithful adorers[55] and seats[60] them in the eternal[58] home[59].

To the sinners[61] He allows not stability[62]. Picking[62*] them up, He consigns[65] them to the terrible[64] hell[63].

The Lord blesses[67] His devotees[66], with His love[68] and taking[69] their side[70] saves[71] them.

Slok, First Guru.

Evil-intellect[73] is the she-drummer[74], heartlessness[75] is the butcheress[76], other's[77] slander[78] in the heart[79] is a sweepress[80] and deceitful[81] wrath[82] is a pariah-woman[83].

What[86] does[87] the drawing[85] of lines[84] avail[87] thee when[88] these four are seated with[89] thee ?

Make righteousness[90] thy abstinence[91], pious way of life[92] thine lines[93] and the Name's meditation[95] thy ablution[94].

Nanak, they alone[98] shall be exquisite[97] here-after[96] who[99] do not walk[3] the way[2] of sins[100].

First Guru.

What[4] is a swan[5] and what a crane[6] ? The Lord may show mercy[7] to any He likes.

He, who[8] is pleasing[10] to Him[9], O'

੯੧

ਵਾਹਿਗੁਰੂ ਭਗਤ ਦਾ ਆਪਣੇ ਵਿਚ ਨਿਸਚਾ[54] ਬੰਨ੍ਹਾਉਂਦਾ ਹੈ ਅਤੇ ਉਸ ਦੇ ਰਾਹੀਂ ਆਪਣੇ[52] ਆਪ ਦੀ ਟਹਿਲ[53] ਕਰਦਾ[54] ਹੈ।

ਵਾਹਿਗੁਰੂ ਆਪਣੇ ਅਨਿੰਨ ਉਪਾਸ਼ਕਾਂ[55] ਨੂੰ ਪਰਸੰਨਤਾ[57] ਪ੍ਰਦਾਨ[56] ਕਰਦਾ ਹੈ ਤੇ ਉਨ੍ਹਾਂ ਨੂੰ ਅਬਿਨਾਸ਼ੀ[58] ਗ੍ਰਹਿ[59] ਅੰਦਰ ਬਹਾਲਦਾ[60] ਹੈ।

ਗੁਨਾਹਗਾਰਾਂ[61] ਨੂੰ, ਉਹ ਸਥਿਰਤਾ[62] ਨਹੀਂ ਦਿੰਦਾ। ਉਨ੍ਹਾਂ ਨੂੰ ਚੁਣ[62*] ਕੇ ਉਹ ਭਿਆਨਕ[64] ਦੋਜ਼ਖ਼[63] ਵਿਚ ਪਾਉਂਦਾ[65] ਹੈ।

ਆਪਣੇ ਅਨੁਰਾਗੀਆਂ[66] ਨੂੰ ਸਾਹਿਬ ਆਪਣੀ ਪ੍ਰੀਤ[68] ਦੀ ਦਾਤ ਦਿੰਦਾ[67] ਹੈ ਅਤੇ ਉਨ੍ਹਾਂ ਦਾ ਪੱਖ[70] ਲੈ ਕੇ[69] ਉਨ੍ਹਾਂ ਦੀ ਰਖਿਆ[71] ਕਰਦਾ ਹੈ।

ਸਲੋਕ, ਪਹਿਲੀ ਪਾਤਸ਼ਾਹੀ।

[72]ਮੰਦੀ-ਮੱਤ[73], ਤਪਲ ਬਾਜਨੀ[74]; ਬੇ-ਤਰਸੀ[75] ਬੁਚੜਨੀ[76], ਦਿਲ[79] ਅੰਦਰ ਹੋਰਨਾਂ[77] ਦੀ ਨਿੰਦਾ-ਚੁਗਲੀ[78], ਭੰਗਣ[80], ਅਤੇ ਧੋਖੇਬਾਜ਼[81], ਗੁੱਸਾ[82] ਨੀਚ-ਤ੍ਰੀਮਤ[83] ਹੈ।

ਲਕੀਰਾਂ[84] ਖਿੱਚਣ[85] ਦਾ ਤੈਨੂੰ[86] ਕੀ ਲਾਭ[87] ਹੈ ਜਦ[88] ਇਹ ਚਾਰੋਂ ਹੀ ਤੇਰੇ ਸਾਥ[89] ਬੈਠੀਆਂ ਹਨ ?

ਸਚਾਈ[90] ਨੂੰ ਆਪਣਾ ਪ੍ਰਹੇਜ਼[91], ਪਵਿੱਤਰ ਜੀਵਨ ਰਹੁਰੀਤੀ[92] ਨੂੰ ਆਪਣੀਆਂ ਲਕੀਰਾਂ[93] ਅਤੇ ਨਾਮ ਦੇ ਸਿਮਰਨ[95] ਨੂੰ ਆਪਣਾ ਇਸ਼ਨਾਨ[94] ਬਣਾ।

ਨਾਨਕ ਪ੍ਰਲੋਕ[96] ਵਿਚ ਕੇਵਲ ਉਹੀ[98] ਉਤਕ੍ਰਿਸ਼ਟ[97] ਹੋਣਗੇ ਜੋ[99] ਗੁਨਾਹਾਂ[100] ਦੇ ਰਾਹੀਂ[2] ਨਹੀਂ ਟੁਰਦੇ[3]।

ਪਹਿਲੀ ਪਾਤਸ਼ਾਹੀ।

ਕੀ[4] ਰਾਜ ਹੰਸ[5] ਹੈ ਤੇ ਕੀ ਇਕ ਬੱਗ[6] ? ਸਾਹਿਬ ਜਿਸ ਤੇ ਚਾਹੇ ਰਹਿਮ[7] ਕਰ ਦੇਵੇ।

ਜਿਹੜਾ[8] ਉਸ ਨੂੰ[9] ਚੰਗਾ[10] ਲਗਦਾ ਹੈ, ਹੇ ਨਾਨਕ !

ਕਾਗਹੁ[11] ਹੰਸੁ[12]ਕਰੇ[13]॥੨॥

Nanak ! him He makes[13] a swan[12] from a crow[11].

ਉਸ ਨੂੰ ਉਹ ਕਾਂ ਤੋਂ[11] ਰਾਜ ਹੰਸ[12] ਬਣਾ ਦਿੰਦਾ[13] ਹੈ।

ਪਉੜੀ ॥

Pauri.

ਪਉੜੀ।

ਕੀਤਾ[14] ਲੋੜੀਐ[15] ਕੰਮੁ[16] ਸੁ[17]ਹਰਿ ਪਹਿ[18]ਆਖੀਐ[19]॥

Whatever work[16], thou desirest[15] to do[14], tell[19] that[17] to[18] the Lord.

ਜਿਹੜਾ ਕਾਰਜ[16] ਭੀ ਤੂੰ ਕਰਨਾ[14] ਚਾਹੁੰਦਾ[15] ਹੈਂ, ਉਸ ਨੂੰ[17] ਪ੍ਰਭੂ ਦੇ ਕੋਲ[18] ਕਹੁ[19]।

ਕਾਰਜੁ[20] ਦੇਇ ਸਵਾਰਿ[21] ਸਤਿਗੁਰ ਸਚੁ ਸਾਖੀਐ[22] ॥

He shall accomplish[21] thy affair[20]. The True Guru bears true testimony[22] to it.

ਉਹ ਤੇਰਾ ਕੰਮ[20] ਰਾਸ ਕਰ[21] ਦਏਗਾ। ਸੱਚੇ ਗੁਰੂ ਜੀ ਇਸ ਬਾਰੇ ਸੱਚੀ ਗਵਾਹੀ[22] ਦਿੰਦੇ ਹਨ।

ਸੰਤਾ ਸੰਗਿ[23] ਨਿਧਾਨੁ[24] ਅੰਮ੍ਰਿਤੁ[25] ਚਾਖੀਐ[26] ॥

By the company of[23] the Saints, thou shalt taste[26] the treasure[24] of the Name-Nectar[25].

ਸਾਧੂਆਂ ਦੀ ਸੰਗਤ[23] ਦੁਆਰਾ, ਤੂੰ-ਨਾਮ ਸੁਧਾਰਸ[25] ਦੇ ਖ਼ਜ਼ਾਨੇ[24] ਨੂੰ ਚਖ[26] ਲਵੇਂਗਾ।

ਭੈ[27] ਭੰਜਨ[28] ਮਿਹਰਵਾਨ[29] ਦਾਸ[30] ਕੀ ਰਾਖੀਐ[31] ॥

The merciful[29] Lord, the destroyer[28] of dread[27], preserves[31] the honour of His slave[30].

ਡਰ[27] ਨਾਸ ਕਰਨ ਵਾਲਾ[28], ਮਿਹਆਵਾਨ[29] ਮਾਲਕ ਆਪਣੇ ਗੋਲੇ[30] ਦੀ ਇਜ਼ਤ ਰਖਦਾ[31] ਹੈ।

ਨਾਨਕ ਹਰਿਗੁਣ[32] ਗਾਇ[33] ਅਲਖੁ[34] ਪ੍ਰਭੁ ਲਾਖੀਐ[35] ॥ ੨੦ ॥

Nanak, sing[33] thou the praises[32] of God and thou shalt see[35] the invisible[34] Lord.

ਨਾਨਕ, ਤੂੰ ਵਾਹਿਗੁਰੂ ਦਾ ਜੱਸ[32] ਗਾਇਨ[33] ਕਰ ਅਤੇ ਤੂੰ ਅਦ੍ਰਿਸ਼ਟ[34] ਸਾਹਿਬ ਨੂੰ ਵੇਖ[35] ਲਵੇਂਗਾ।

ਸਲੋਕ ਮ: ੩ ॥

Slok, Third Guru.

ਸਲੋਕ, ਤੀਜੀ ਪਾਤਸ਼ਾਹੀ।

ਜੀਉ[36] ਪਿੰਡੁ[37] ਸਭੁ ਤਿਸ ਕਾ[41] ਸਭਸੈ[38] ਦੇਇ[39] ਅਧਾਰੁ[40] ॥

Our soul[36] and body[37] are all His[41]. He lends[39] support[40] to all[38].

ਸਾਡੀ ਆਤਮਾ[36] ਤੇ ਦੇਹਿ[37] ਸਮੂਹ ਉਸ ਦੀਆਂ[41] ਹਨ। ਉਹ ਸਾਰਿਆਂ[38] ਨੂੰ ਆਸਰਾ[40] ਦਿੰਦਾ[39] ਹੈ।

ਨਾਨਕ ਗੁਰਮੁਖਿ[42]ਸੇਵੀਐ[43] ਸਦਾ ਸਦਾ[44] ਦਾਤਾਰੁ[45] ॥

By Guru's instruction[42], serve[43] Him who is ever and ever[44] the donor[45].

ਗੁਰਾਂ ਦੇ ਉਪਦੇਸ਼[42] ਦੁਆਰਾ, ਉਸ ਦੀ ਘਾਲ[43] ਕਮਾ ਜੋ ਸਦੀਵ ਤੇ ਹਮੇਸ਼ਾਂ[44] ਹੀ ਦੇਣਹਾਰ[45] ਹੈ।

ਹਉ[46] ਬਲਿਹਾਰੀ[47] ਤਿਨ ਕਉ[48] ਜਿਨਿ[49] ਧਿਆਇਆ[50] ਹਰਿ ਨਿਰੰਕਾਰੁ[51] ॥

I[46] am a sacrifice[47] unto those[48] who[49] meditate[50] on the formless Lord[51].

ਮੈਂ[46] ਉਨ੍ਹਾਂ ਉਤੋਂ[48] ਕੁਰਬਾਨ[47] ਜਾਂਦਾ ਹਾਂ ਜੋ[49] ਰੂਪ-ਰੰਗ-ਰਹਿਤ ਸੁਆਮੀ[51] ਦਾ ਸਿਮਰਨ[50] ਕਰਦੇ ਹਨ।

ਓਨਾ ਕੇ[52] ਮੁਖ[53] ਸਦ[54] ਉਜਲੇ[55] ਓਨਾ ਨੋ[56] ਸਭੁ ਜਗਤੁ[57] ਕਰੇ ਨਮਸਕਾਰੁ[58] ॥ ੧ ॥

Their[52] faces[53] are ever[54] bright[55], and the whole world[57] makes obeisance[58] unto them[56].

ਉਨ੍ਹਾਂ ਦੇ[52] ਚਿਹਰੇ[53] ਸਦੀਵ[54] ਹੀ ਰੋਸ਼ਨ[55] ਹਨ ਅਤੇ ਸਾਰਾ ਜਹਾਨ[57] ਉਨ੍ਹਾਂ[56] ਨੂੰ ਪਰਣਾਮ[58] ਕਰਦਾ ਹੈ।

ਮ: ੩ ॥

Third Guru.

ਤੀਜੀ ਪਾਤਸ਼ਾਹੀ।

ਸਤਿਗੁਰ ਮਿਲਿਐ[59]ਉਲਟੀ ਭਈ[60] ਨਵ[61] ਨਿਧਿ[62] ਖਰਚਿਉ[63] ਖਾਇ[64] ॥

On meeting[59] the True Guru, I am altogether altered[60], and I have obtained the nine[61] treasures[62] to spend[63] and eat[64].

ਸੱਚੇ ਗੁਰਾਂ ਨੂੰ ਮਿਲ ਪੈਣ[59] ਤੇ ਮੈਂ ਬਿਲਕੁਲ ਹੀ ਬਦਲ[60] ਗਿਆ ਹਾਂ ਅਤੇ ਮੈਨੂੰ ਖ਼ਰਚਣ[63] ਤੇ ਖਾਣ[64] ਨੂੰ ਨੌ[61] ਖ਼ਜ਼ਾਨੇ[62] ਪਰਾਪਤ ਹੋ ਗਏ ਹਨ।

ਅਠਾਰਹ[65] ਸਿਧੀ[66] ਪਿਛੈ ਲਗੀਆ[67] ਫਿਰਨਿ ਨਿਜ[68]-ਘਰਿ[69]ਵਸੈ[70]ਨਿਜਥਾਇ[71]॥	The eighteen[65] miracles[66] follow me in train[67] and I abide[70] in my own[68] home[69] and own place[71].	ਅਠਾਰਾਂ[65] ਕਰਾਮਾਤਾਂ[66] ਮੇਰੇ ਮਗਰ ਤੁਰੀਆਂ[67] ਫਿਰਦੀਆਂ ਹਨ ਤੇ ਮੈਂ ਆਪਣੇ ਨਿੱਜ[68] ਦੇ ਗ੍ਰਿਹਿ[69] ਤੇ ਨਿਜ ਦੇ ਥਾਂ[71] ਵਿਚ ਵਸਦਾ[70] ਹਾਂ।
ਅਨਹਦ[72] ਧੁਨੀ[73] ਸਦ[74] ਵਜਦੇ[75] [76]ਉਨਮਨਿ ਹਰਿ ਲਿਵ[77] ਲਾਇ[78] ॥	Unbeaten[72] celestial strain[73] ever[74] plays[75] for me and in the state of exaltation[76] I am absorbed[78] in God's affection[77].	ਬਿਨਾ ਆਲਾਪਿਆ[72] ਬੈਕੁੰਠੀ ਕੀਰਤਨ[73] ਹਮੇਸ਼ਾਂ[74] ਮੇਰੇ ਲਈ ਹੁੰਦਾ[75] ਹੈ ਅਤੇ ਪਰਮ-ਅਨੰਦ[76] ਦੀ ਹਾਲਤ ਵਿਚ ਮੈਂ ਵਾਹਿਗੁਰੂ ਦੀ ਪ੍ਰੀਤ[77] ਅੰਦਰ ਲੀਨ[78] ਹਾਂ।
ਨਾਨਕ ਹਰਿ ਭਗਤਿ[79]ਤਿਨਾ ਕੈ ਮਨਿ[80] ਵਸੈ[81] ਜਿਨ ਮਸਤਕਿ[82] ਲਿਖਿਆ[83] ਧੁਰਿ[84] ਪਾਇ[85] ॥ ੨ ॥	Nanak, God's devotion[79] abides[81] within the heart[80] of those on whose forehead[82] such fate is found[85] inscribed[83] from the very out set[84].	ਨਾਨਕ, ਵਾਹਿਗੁਰੂ ਦੀ ਬੰਦਗੀ[79] ਉਨ੍ਹਾਂ ਦੇ ਦਿਲ[80] ਅੰਦਰ ਵਸਦੀ[81] ਹੈ ਜਿਨ੍ਹਾਂ ਦੇ ਮੱਥੇ[82] ਉਤੇ ਐਸੀ ਕਿਸਮਤ ਐਨ ਪ੍ਰਾਰੰਭ[84] ਤੋਂ ਉਕਰੀ[83] ਹੋਈ ਪਾਈ[85] ਜਾਂਦੀ ਹੈ।
ਪਉੜੀ ॥	Pauri.	ਪਉੜੀ।
ਹਉ ਢਾਢੀ[86] ਹਰਿਪ੍ਰਭ[87] ਖਸਮ ਕਾ ਹਰਿ ਕੈ ਦਰਿ[88] ਆਇਆ[89] ॥	I am a ministrel[86] of Lord God, the Master[87] and have come[89] to His gate[88].	ਮੈਂ ਵਾਹਿਗੁਰੂ ਸੁਆਮੀ, ਮਾਲਕ[87], ਦਾ ਭੱਟ[86] ਹਾਂ ਅਤੇ ਵਾਹਿਗੁਰੂ ਦੇ ਬੂਹੇ[88] ਤੇ ਆਇਆ ਹਾਂ[89]।
ਹਰਿ ਅੰਦਰਿ[90] ਸੁਣੀ[91] ਪੂਕਾਰ[92] ਢਾਢੀ[94] ਮੁਖਿ ਲਾਇਆ[93] ॥	God listened[91] to my loud plaint[92] from within[90] and me, the bard[94], He called into His presence[93].	ਵਾਹਿਗੁਰੂ ਨੇ ਅੰਦਰਵਾਰੋਂ[90] ਮੇਰੀ ਉਚੀ ਫਰਿਆਦ[92] ਸਰਵਣ[91] ਕੀਤੀ ਤੇ ਮੈਂ, ਭੱਟ[94] ਨੂੰ, ਆਪਣੀ ਹਜ਼ੂਰੀ[93] ਵਿਚ ਬੁਲਾ ਲਿਆ।
ਹਰਿ ਪੁਛਿਆ ਢਾਢੀ[95] ਸਦਿ[96] ਕੈ ਕਿਤੁ ਅਰਥਿ[97] ਤੂੰ ਆਇਆ[98] ॥	Calling[96] the eulogist[95] in, God asked him the object[97] of his arrival[98] there.	ਯਸ਼ ਗਾਉਣ[95] ਵਾਲੇ ਨੂੰ ਅੰਦਰ ਬੁਲਾ[96] ਕੇ, ਵਾਹਿਗੁਰੂ ਨੇ ਉਸ ਨੂੰ ਉਸ ਦੇ ਉਥੇ ਆਉਣ[98] ਦਾ ਮਨੋਰਥ[97] ਪੁਛਿਆ।
ਨਿਤ[99] ਦੇਵਹੁ[100] ਦਾਨੁ[2] ਦਇਆਲ[3] ਪ੍ਰਭ[4] ਹਰਿ-ਨਾਮੁ[5] ਧਿਆਇਆ[6] ॥	O' my merciful[3] Master[4] God[5]! ever[99] grant[100] me the gift[2] of Thy Name's meditation[6].	ਹੇ ਮੇਰੇ ਮਿਹਰਬਾਨ[3] ਮਾਲਕ[4] ਵਾਹਿਗੁਰੂ[5]! ਮੈਨੂੰ ਸਦੀਵ[99] ਹੀ ਆਪਣੇ ਨਾਮ ਦੇ ਸਿਮਰਨ[6] ਦੀ ਦਾਤ[2] ਪ੍ਰਦਾਨ[100] ਕਰ।
ਹਰਿ ਦਾਤੈ[7] ਹਰਿਨਾਮੁ ਜਪਾਇਆ[8] ਨਾਨਕੁ ਪੈਨਾਇਆ[9] ॥੨੧॥੧॥ ਸੁਧੁ	God, the Bestower[7], caused Nanak to remember[8] Lord's Name and clothed him with the robe[9] of honour.	ਵਾਹਿਗੁਰੂ, ਦਾਤਾਰ[7] ਨੇ ਨਾਨਕ ਪਾਸੋਂ ਸੁਆਮੀ ਦੇ ਨਾਮ ਦਾ ਸਿਮਰਨ ਕਰਵਾਇਆ[8] ਅਤੇ ਉਸ ਨੂੰ ਇੱਜ਼ਤ ਦੀ ਪੁਸ਼ਾਕ[9] ਪਹਿਨਾਈ।
ੴ ਸਤਿਗੁਰ ਪ੍ਰਸਾਦਿ ॥	There is but one God. By the True Guru's favour He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਮਿਲਦਾ ਹੈ।
ਸਿਰੀਰਾਗੁ ਕਬੀਰ ਜੀਉ[10] ਕਾ ॥ ਏਕੁ ਸੁਆਨੁ ਕੈ ਘਰਿ[11] ਗਾਵਣਾ	Sri Rag, Reverend[10] Kabir. To be sung in the tune[11] of 'Eksuan'.	ਸਿਰੀ ਰਾਗ, ਮਾਣਨੀਯ[10] ਕਬੀਰ। ਏਕ ਸੁਆਨ ਦੇ ਸੁਰ[11] ਵਿਚ ਆਲਾਪਣਾ।
ਜਨਨੀ[11]* ਜਾਨਤ[12] ਸੁਤੁ[13] ਬਡਾ ਹੋਤੁ ਹੈ ਇਤਨਾਕੁ[14]	The mother[11]* thinks[12] that her son[13] is growing up; but this much[14] she	ਮਾਤਾ[11]* ਖਿਆਲ[12] ਕਰਦੀ ਹੈ ਕਿ ਉਸ ਦਾ ਪੁਤ੍ਰ[13] ਵਡਾ ਹੁੰਦਾ ਜਾ ਰਿਹਾ ਹੈ; ਪ੍ਰੰਤੂ ਉਹ ਐਨਾ[14] ਕੁ ਨਹੀਂ

ਨ ਜਾਨੈ[15] ਜਿ ਦਿਨ ਦਿਨ[16]
ਅਵਧ[17] ਘਟਤੁ[18] ਹੈ ॥
ਮੋਰ ਮੋਰ[19] ਕਰਿ[20] ਅਧਿਕ[21]
ਲਾਡੁ ਧਰਿ[22] ਪੇਖਤ[23] ਹੀ
[24]ਜਮਰਾਉ[25] ਹਸੈ[26] ॥੧॥

understands[15] not, that day by day[16] his age[17] is diminishing[18].
Calling[20] him "mine, my[19] own", she fondles[22] him excessively[21]. The King[25] of death's couriers[24] looks[23] and laughs[26].

ਸਮਝਦੀ[15] ਕਿ ਰੋਜ਼-ਬ-ਰੋਜ਼[16] ਉਸ ਦੀ ਉਮਰ[17] ਘਟ[18] ਹੁੰਦੀ ਜਾ ਰਹੀ ਹੈ।
ਉਸ ਨੂੰ "ਮੇਰਾ, ਮੇਰਾ[19] ਆਪਣਾ" ਆਖ[20] ਕੇ ਉਹ ਉਸ ਨੂੰ ਘਣਾ[21] ਪਿਆਰ ਕਰਦੀ[22] ਹੈ। ਮੌਤ ਦੇ ਦੂਤਾਂ[24] ਦਾ ਰਾਜਾ[25] ਵੇਖਦਾ[23] ਅਤੇ ਹੱਸਦਾ[26] ਹੈ।

੯੨ / 92

ਐਸਾ[27]ਤੈਂ[28]ਜਗੁ[29]ਭਰਮਿ[30]
ਲਾਇਆ[31] ॥
ਕੈਸੇ[32] ਬੂਝੈ[33] ਜਬ[34]
ਮੋਹਿਆ[35] ਹੈ ਮਾਇਆ[36]
॥ ੧ ॥ ਰਹਾਉ ॥
ਕਹਤ[37] ਕਬੀਰ ਛੋਡਿ[38]
ਬਿਖਿਆ[39] ਰਸ[40] ਇਤੁ[41]
ਸੰਗਤਿ[42] ਨਿਹਚਉ[43]
ਮਰਣਾ[44] ॥ ਰਮਈਆ[45]
ਜਪਹੁ[46] ਪ੍ਰਾਣੀ[47] ਅਨਤ[48]
ਜੀਵਣ[55] ਬਾਣੀ[49] ਇਨ[50]
ਬਿਧਿ[51] ਭਵ[52] ਸਾਗਰੁ[53]
ਤਰਣਾ[54] ॥ ੨ ॥
ਜਾਂ[56] ਤਿਸੁ[57] ਭਾਵੈ[58] ਤਾ[59]
ਲਾਗੈ[60] ਭਾਉ[61] ॥ ਭਰਮੁ[62]
ਭੁਲਾਵਾ[63] ਵਿਚਹੁ[64]
ਜਾਇ[65] ॥
ਉਪਜੈ[66] ਸਹਜੁ[67]ਗਿਆਨ[68]
ਮਤਿ[69] ਜਾਗੈ[70] ॥
ਗੁਰਪ੍ਰਸਾਦਿ[71] ਅੰਤਰਿ[72]
ਲਿਵ[73] ਲਾਗੈ[74] ॥ ੩ ॥
ਇਤੁ[75] ਸੰਗਤਿ[76] ਨਾਹੀ
ਮਰਣਾ[77] ॥
ਹੁਕਮੁ[78] ਪਛਾਣਿ[79] ਤਾ[80]
ਖਸਮੈ[81] ਮਿਲਣਾ[82] ॥ ੧ ॥
ਰਹਾਉ[83] ਦੂਜਾ[84] ॥
ਸਿਰੀਰਾਗੁ ਤ੍ਰਿਲੋਚਨ ਕਾ ॥

So much[27] hast Thou[28], O' Lord! misled[31] the world[29] in illusion[30].
How[32] can it understand[33] Thee, O' Master! since[34] mammon[36] has bewitched[35] it? Pause.
Says Kabir[37], abondon[38] the pleasures[40] of sin[39], for thou shalt assuredly[43] die[44] in their[41] association[42].
O' mortal[47]! remember[46] thou the Omnipresent[45] Lord, by means of Gurbani[49], the grantor of eternal[48] life[55]. In this[50] way[51], thou shalt swim across[54] the terrible[52] ocean[53].
When[56] it pleases[58] Him[57], it is then[59] that man comes to embrace[60] love[61] for the Lord and the error[63] of superstition[62] departs[65] from within[64] him.
Equipoise[67] is produced[66] and the intellect[69] awakens[70] towards Divine knowledge[68].
By Guru's grace[71], the heart[72] is touched[74] by Divine love[73].
In this[75] association[76] of God, there is no death[77].
Recognise[79] His order[78] and then[80] shalt thou meet[82] the Spouse[81].
Second[84] pause[83].

Sri Rag, Tirlochan.

ਤੂੰ[28], ਹੇ ਸੁਆਮੀ ! ਸੰਸਾਰ[29] ਨੂੰ ਵਹਿਮ[30] ਅੰਦਰ ਐਨਾ[27] ਕੁਰਾਹੇ ਪਾ[31] ਛਡਿਆ ਹੈ।
ਇਹ ਤੈਨੂੰ ਕਿਸ ਤਰ੍ਹਾਂ[32] ਸਮਝ[33] ਸਕਦਾ ਹੈ, ਹੇ ਮਾਲਕ ! ਜਦ[34] ਕਿ ਮੋਹਣੀ[36] ਨੇ ਇਸ ਨੂੰ ਛਲ[35] ਲਿਆ ਹੈ ? ਠਹਿਰਾਉ।
ਕਬੀਰ ਜੀ ਆਖਦੇ[37] ਹਨ; ਤੂੰ ਪਾਪ[39] ਦੀਆਂ ਰੰਗ[40] ਰਲੀਆਂ ਨੂੰ ਤਿਆਗ[38] ਦੇ, ਕਿਉਂਕਿ ਇਨ੍ਹਾਂ[41] ਦੇ ਮੇਲ-ਮਿਲਾਪ[42] ਅੰਦਰ ਤੂੰ ਯਕੀਨਨ[43]ਹੀ ਮਰ[44]ਜਾਏਂਗਾ।
ਹੇ ਫ਼ਾਨੀ[47] ਬੰਦੇ ! ਤੂੰ ਅਨੰਤ[48] ਜੀਵਨ[55] ਬਖ਼ਸ਼ਣ ਵਾਲੀ ਗੁਰਬਾਣੀ[49] ਦੇ ਜ਼ਰੀਏ, ਸਰਬ-ਵਿਆਪਕ[45] ਸੁਆਮੀ ਦੀ ਬੰਦਗੀ[46] ਕਰ। ਇਸ[50] ਤਰੀਕੇ[51] ਨਾਲ ਤੂੰ ਭਿਆਨਕ[52] ਸਮੁੰਦਰ[53] ਤੋਂ ਪਾਰ[54] ਹੋ ਜਾਵੇਂਗਾ।
ਜਦ[56] ਉਸ[57] ਨੂੰ ਚੰਗਾ ਲੱਗਦਾ[58] ਹੈ, ਤਦ[59] ਹੀ ਇਨਸਾਨ ਦੀ ਪ੍ਰੀਤ[61] ਪ੍ਰਭੂ ਨਾਲ ਪੈਂਦੀ[60] ਹੈ ਅਤੇ ਗ਼ਲਤ-ਫ਼ਹਿਮੀ[63] ਦਾ ਸੰਦੇਹ[62] ਉਸ ਦੇ ਅੰਦਰੋਂ[64] ਦੂਰ ਹੋ ਜਾਂਦਾ ਹੈ।
ਅਡੋਲਤਾ[67] ਪੈਦਾ[66] ਹੋ ਜਾਂਦੀ ਹੈ ਅਤੇ ਬੁੱਧੀ[69] ਬ੍ਰਹਿਮ-ਵੀਚਾਰ[68] ਵਲ ਜਾਗ[70] ਪੈਂਦੀ ਹੈ।
ਗੁਰਾਂ ਦੀ ਦਇਆ[71] ਦੁਆਰਾ ਦਿਲ[72] ਵਿਚ ਰਬੀ ਪ੍ਰੀਤ[73] ਪੈਦਾ ਹੋ ਜਾਂਦੀ[74] ਹੈ।
ਵਾਹਿਗੁਰੂ ਦੇ ਇਸ[75] ਮੇਲ-ਮਿਲਾਪ[76] ਅੰਦਰ ਮੌਤ[77] ਨਹੀਂ।
ਉਸ ਦੇ ਹੁਕਮ[78] ਨੂੰ ਸਿੰਞਾਣ[79] ਅਤੇ ਤਦ[80] ਤੂੰ ਕੰਤ[81] ਨੂੰ ਮਿਲ[82] ਪਵੇਂਗੀ।
ਦੂਸਰਾ[84] ਠਹਿਰਾਉ[83]।

ਸਿਰੀ ਰਾਗ, ਤ੍ਰਿਲੋਚਨ।

ਮਾਇਆ[85] ਮੋਹੁ[86] ਮਨਿ[87] ਆਗਲੜਾ[88]ਪ੍ਰਾਣੀ[89]ਜਰਾ[90] ਮਰਣੁ[91] ਭਉ[92] ਵਿਸਰਿ ਗਇਆ[93] ॥	In the mortal's[89] mind[87] is the great[88] love[86] of wealth[85] through which he has forgotten[93]the fear[92] of old age[90] and death[91].	ਫ਼ਾਨੀ ਬੰਦੇ[89] ਦੇ ਚਿਤ[87] ਅੰਦਰ ਧਨ ਦੌਲਤ[85] ਦੀ ਭਾਰੀ[88] ਲਗਨ[86] ਹੈ ਜਿਸ ਦੇ ਰਾਹੀਂ ਉਸ ਨੂੰ ਬੁਢੇਪੇ[90] ਅਤੇ ਮੌਤ[91] ਦਾ ਡਰ[92] ਭੁਲ[93] ਗਿਆ ਹੈ ।
ਕੁਟੰਬੁ[94]ਦੇਖਿ[95] ਬਿਗਸਹਿ[96] ਕਮਲਾ[97] ਜਿਉ[98] ਪਰ[99] ਘਰਿ[100] ਜੋਹਹਿ[2] ਕਪਟ[3] ਨਰਾ[4] ॥ ੧ ॥	On beholding[95] thy family[94] thou bloomest[96] like[98] the lotus flower[97]. O' vicious[3] man[4] ! thou espieth[2] other's[99] homes[100].	ਆਪਣੇ ਟੱਬਰ ਕਬੀਲੇ[94] ਨੂੰ ਵੇਖ[95] ਕੇ ਤੂੰ ਕੰਵਲ[97] ਫੁੱਲ ਦੇ ਵਾਂਙੂ[98] ਖਿੜ੍ਹ[96] ਜਾਂਦਾ ਹੈ । ਹੇ ਦੁਸ਼ਟ[3] ਬੰਦੇ[4] ! ਤੂੰ ਹੋਰਨਾਂ[99] ਦੇ ਝੁਗੇ[100] ਤਕਦਾ[2] ਹੈ ।
ਦੂੜਾ[5] ਆਇਓਹਿ[6] ਜਮਹਿ[7] ਤਣਾ[8] ॥ਤਿਨ[8*] ਆਗਲੜੈ[9] ਮੈ ਰਹਣੁ ਨ ਜਾਇ[10] ॥	When the powerful[8] couriers[5] of death[7]come[6],I cannot stand[10]before[9] (against) them[8*].	ਜਦ ਮੌਤ[7] ਦੇ ਬਲਵਾਨ[8] ਦੂਤ[5] ਆਉਂਦੇ[6] ਹਨ, ਮੈਂ ਉਨ੍ਹਾਂ[8*] ਦੇ ਸਾਹਮਣੇ[9] (ਖਿਲਾਫ਼) ਖੜਾ[10] ਨਹੀਂ ਹੋ ਸਕਦਾ ।
ਕੋਈ ਕੋਈ[11] ਸਾਜਣੁ[12] ਆਇ[13] ਕਹੈ[14] ॥ ਮਿਲੁ ਮੇਰੇ ਬੀਠੁਲਾ[15] ਲੈ[16] ਬਾਹੜੀ[17] ਵਲਾਇ[18] ॥ ਮਿਲੁ[19] ਮੇਰੇ ਰਮਈਆ[20] ਮੈ ਲੇਹਿ ਛਡਾਇ[21]॥੧ਰਹਾਉ॥	Rare[11] is the friend[12], who having come[13] into this world says[14], "meet my Beloved[15] and throw[16] Thine arms[17] around[18] me. Meet[19] me my pervading God[20] and rescue[21] me". Pause.	ਕੋਈ ਵਿਰਲਾ[11] ਹੀ ਮਿਤ੍ਰ[12] ਹੈ ਜੋ ਇਸ ਦੁਨੀਆਂ ਵਿਚ ਆ[13] ਕੇ ਆਖਦਾ[14] ਹੈ, "ਮੈਂਡੇ ਪ੍ਰੀਤਮਾ[15] ਮੈਨੂੰ ਦਰਸ਼ਨ ਦੇ ਅਤੇ ਆਪਣੀਆਂ ਬਾਹਾਂ[17] ਮੇਰੇ ਉਦਾਲੇ[18] ਪਾ[16], ਮੈਨੂੰ ਭੇਟ[19], ਹੇ ਮੇਰੇ ਵਿਆਪਕ ਵਾਹਿਗੁਰੂ[20] ਅਤੇ ਮੇਰੀ ਬੰਦ-ਖ਼ਲਾਸ[21] ਕਰ ।" । ਠਹਿਰਾਉ ।
ਅਨਿਕ ਅਨਿਕ[22] ਭੋਗ[23] ਰਾਜ[24] ਬਿਸਰੇ[25] ਪ੍ਰਾਣੀ[26] ਸੰਸਾਰ[27] ਸਾਗਰ[28] ਪੈ[29] ਅਮਰੁ[30] ਭਇਆ[31] ॥	O' mortal[26], in various and diverse[22] pleasures[23] and royal revelments[24] thou hast forgotten[25] God and falling[29] into this world[27] ocean[28] thou deemest that thou hast become[31] imperishable[30].	ਭਿੰਨ ਤੇ ਮੁਖ਼ਤਲਿਫ਼[22] ਤਰ੍ਹਾਂ ਦੀਆਂ ਭੋਗ ਬਿਲਾਸਾਂ[23] ਤੇ ਪਾਤਸ਼ਾਹੀ ਰੰਗ-ਰਲੀਆਂ[24] ਅੰਦਰ ਤੂੰ ਹੇ ਫ਼ਾਨੀ[26] ਬੰਦੇ ! ਵਾਹਿਗੁਰੂ ਨੂੰ ਭੁਲਾ ਛਡਿਆ[25] ਹੈ ਅਤੇ ਇਸ ਜਗਤ[27] ਸਮੁੰਦਰ[28] ਵਿਚ ਪੈ ਕੇ[29] ਤੂੰ ਖਿਆਲ ਕਰਦਾ ਹੈਂ ਕਿ ਤੂੰ ਅਬਿਨਾਸੀ[30] ਹੋ ਗਿਆ[31] ਹੈਂ ।
ਮਾਇਆ[32] ਮੂਠਾ[33]ਚੇਤਸਿ[34] ਨਾਹੀ ਜਨਮੁ[35] ਗਵਾਇਓ[36] ਆਲਸੀਆ[37] ॥ ੨ ॥	Cheated[33] by mammon[32] thou thinkest[34] not of the Lord and thou, the idle man[37], wastest[36] away thy life[35].	ਮੋਹਨੀ[32] ਦਾ ਠਗਿਆ[33] ਹੋਇਆ ਤੂੰ ਸਾਹਿਬ ਨੂੰ ਚੇਤੇ[34] ਨਹੀਂ ਕਰਦਾ ਅਤੇ ਤੂੰ ਹੇ ਸੁਸਤ[37] ਆਦਮੀ, ਆਪਣਾ ਜੀਵਨ[35] ਗੁਆ[36] ਲੈਂਦਾ ਹੈ ।
ਬਿਖਮ[38] ਘੋਰ[39] ਪੰਥਿ[40] ਚਾਲਣਾ[41] ਪ੍ਰਾਣੀ[42] ਰਵਿ[43] ਸਸਿ[44] ਤਹ[45] ਨ ਪ੍ਰਵੇਸੰ[46] ॥	O' mortal[42] ! thou hast to tread[41] a difficult[38] and terrible[39] path[40], where[45] the sun[43] and moon[44] have no entrance[46].	ਹੇ ਜੀਵ[42] ! ਤੂੰ ਔਖੇ[38] ਤੇ ਭਿਆਨਕ[39] ਰਸਤੇ[40] ਟੁਰਨਾ[41] ਹੈ, ਜਿਥੇ[45] ਸੂਰਜ[43] ਤੇ ਚੰਦ[44] ਦੀ ਪਹੁੰਚ[46] ਨਹੀਂ ।
ਮਾਇਆ[47] ਮੋਹੁ[48] ਤਬ[49] ਬਿਸਰਿ ਗਇਆ[50] ਜਾਂ[51] ਤਜੀਅਲੇ[52] ਸੰਸਾਰੰ[53] ॥੩॥	When[51] man leaves[52] the world[53] he forgets[50] the love[48] of mammon[47], then[49].	ਜਦ[51] ਇਨਸਾਨ ਜਗਤ[53] ਨੂੰ ਛਡਦਾ[52] ਹੈ, ਉਹ ਤਦ[49] ਮੋਹਨੀ[47] ਦੀ ਮਮਤਾ[48] ਨੂੰ ਭੁਲ[50] ਜਾਂਦਾ ਹੈ ।
ਆਜੁ[54] ਮੇਰੈ ਮਨਿ ਪ੍ਰਗਟੁ[55]	Today[54] it has become[56] manifest[55]	ਅਜ[54] ਮੇਰੇ ਚਿੱਤ ਨੂੰ ਜ਼ਾਹਰ[55] ਹੋ ਗਿਆ[56] ਹੈ ਕਿ

ਭਇਆ[56] ਹੈ ਪੇਖੀਅਲੇ[57] ਧਰਮਰਾਉ[58] ॥	my mind that the Righteous Judge[58] continues spying[57] mortals.	ਧਰਮ ਰਾਜਾ[58] ਪ੍ਰਾਣੀਆਂ ਨੂੰ ਤਕਦਾ[57] ਰਹਿੰਦਾ ਹੈ।
ਤਹ[59] ਕਰਦਲ[60] ਕਰਨਿ[61] [62]ਮਹਾਬਲੀ[63] ਤਿਨ[64] ਆਗਲੜੈ[65] ਮੈ ਰਹਣੁ ਨ ਜਾਇ[66] ॥੪॥	There[59], his supremely[62] powerful[63] couriers crush[61] men between their hands[60], and I cannot stand[66] up against[65] them[64].	ਉਥੇ[59] ਉਸ ਦੇ ਪਰਮ[62] ਤਾਕਤਵਰ[63] ਦੂਤ ਬੰਦਿਆਂ ਨੂੰ ਆਪਣੇ ਹਥਾਂ[60] ਵਿਚ ਰਗੜ ਸੁਟਦੇ[61] ਹਨ ਅਤੇ ਮੈਂ ਉਨ੍ਹਾਂ[64] ਦੇ ਮੂਹਰੇ[65] ਠਹਿਰ[66] ਨਹੀਂ ਸਕਦਾ।
ਜੇ[67] ਕੋ[68] ਮੂੰ[69] ਉਪਦੇਸੁ[70] ਕਰਤੁ[71] ਹੈ ਤਾ[72] ਵਣਿ[73] ਤ੍ਰਿਣਿ[74] ਰਤੜਾ[76] ਨਾਰਾਇਣਾ[75] ॥	If[67] someone[68] gives[71] me[69] instruction[70], then[72], it ought to be this that Pervading God[75] is contained[76] in woods[73] and grass blades[74].	ਜੇਕਰ[67] ਕੋਈ ਜਣਾ[68] ਮੈਨੂੰ[69] ਸਿਖਮਤ[70] ਦੇਵੇ[71], ਤਦ[72] ਇਹ ਦੇਵੇ ਕਿ ਵਿਆਪਕ ਵਾਹਿਗੁਰੂ[75] ਜੰਗਲਾਂ[73] ਤੇ ਘਾਹ ਦੀਆਂ ਤਿੜ੍ਹਾਂ[74] ਅੰਦਰ ਰਮਿਆਂ[76] ਹੋਇਆ ਹੈ।
ਐ[77] ਜੀ[83] ਤੂੰ ਆਪੇ[78] ਸਭ ਕਿਛੁ[79] ਜਾਣਦਾ[80] ਬਦਤਿ[81] ਤ੍ਰਿਲੋਚਨੁ ਰਾਮਈਆ[82] ॥	Says[81] Tirlochan, "O'[77] my venerable[83] Pervading[82] God ! Thou Thyself[78] knowest[80] everything[79]".	ਤ੍ਰਿਲੋਚਨ ਆਖਦਾ[81] ਹੈ, "ਹੇ[77] ਮੇਰੇ ਮਾਣਨੀਯ[83] ਵਿਆਪਕ[82] ਹਰੀ ! ਤੂੰ ਖੁਦ ਹੀ ਸਾਰਾ[78] ਕੁਝ[79] ਸਮਝਦਾ[80] ਹੈਂ।
ਸਿਰੀਰਾਗੁ ਭਗਤ[84] ਕਬੀਰ ਜੀਉ ਕਾ ॥	Sri Rag, Saint[84] Kabir ji.	ਸਿਰੀ ਰਾਗ, ਸੰਤ[84] ਕਬੀਰ ਜੀ।
ਅਚਰਜ[90] ਏਕੁ[91] ਸੁਨਹੁ[92] ਰੇ[95] ਪੰਡੀਆ ਅਬ[93] ਕਿਛੁ ਕਹਨੁ[94] ਨ ਜਾਈ ॥ ਸੁਰਿ[96]ਨਰ[97]ਗਣ[98]ਗੰਧ੍ਰਬ[99] ਜਿਨਿ[100] ਮੋਹੇ[2] [3]ਤ੍ਰਿਭਵਣ[4] ਮੇਖੁਲੀ ਲਾਈ[5] ॥ ੧ ॥	Listen[92], O'[95] Pandit ! the One Lord[91] alone is wonderous[90]. I cannot now[93] describe[94] Him, who[100] has bewitched[2] demigods[96] men[97], celestial heralds[98] and musicians[99], and has nailed[5] the three[3] worlds[4].	ਸੁਣ[92], ਹੇ[95] ਪੰਡਤ ! ਕੇਵਲ ਇਕ ਪ੍ਰਭੂ[91] ਹੀ ਅਦਭੁਤ[90] ਹੈ। ਮੈਂ ਹੁਣ[93] ਉਸ ਨੂੰ ਬਿਆਨ[94] ਨਹੀਂ ਕਰ ਸਕਦਾ। ਜਿਸ[100] ਨੇ ਦੇਵਤੇ,[96] ਮਨੁਖ,[97] ਸਵਰਗੀ[98] ਏਲਚੀ ਤੇ ਗਵੀਏ[99], ਫਰੇਫ਼ਤਾ ਕਰ ਰਖੇ[2] ਹਨ ਅਤੇ ਜਿਸ ਨੇ ਤਿੰਨਾਂ[3] ਜਹਾਨਾਂ[4] ਨੂੰ ਜਕੜਿਆ[5] ਹੋਇਆ ਹੈ।
ਰਾਜਾ[6] ਰਾਮ[7] ਅਨਹਦ[8] ਕਿੰਗੁਰੀ[9] ਬਾਜੈ[10] ॥ ਜਾ[11] ਕੀ ਦਿਸਟਿ[12] ਨਾਦ[13] ਲਿਵ[14] ਲਾਗੈ[15]॥੧ਰਹਾਉ॥	The sovereign[6] Lord's[7] lyre[9] plays[10] unstruck[8], and through His[11] kind glance[12] one comes to cherish[15] affection[14] for this music[13]. Pause.	ਪਾਤਸ਼ਾਹ[6] ਪ੍ਰਭੂ[7] ਦੀ ਵੀਣਾ[9] ਬਿਨਾਂ ਵਜਾਏ[8] ਵੱਜਦੀ[10] ਹੈ ਅਤੇ ਜਿਸ[11] ਦੀ ਮਿਹਰ ਦੀ ਨਿਗਾਹ[12] ਦੁਆਰਾ ਇਨਸਾਨ ਦੀ ਇਸ ਰਾਗ[13] ਨਾਲ ਪ੍ਰੀਤ[14] ਪੈ[15] ਜਾਂਦੀ ਹੈ। ਠਹਿਰਾਉ।
ਭਾਠੀ[16]ਗਗਨੁ[17] ਸਿੰਙਿਆ[18] ਅਰੁ[19] ਚੁੰਙਿਆ[20] ਕਨਕ[21] ਕਲਸ[22]ਇਕੁ[23]ਪਾਇਆ[24]॥	I have obtained[24] tenth gate[17] as a still[16], with a funnel to suck[18] in and[19] a funnel to spit out[20], and mind as a[23] golden[21] vat[22].	ਮੈਨੂੰ ਦਸਮਦੁਆਰ[17] ਦੀ ਭੱਠੀ[16], ਸਮੇਤ ਇਕ ਨਾਲੀ ਅੰਦਰ ਖਿਚਣ[18] ਵਾਲੀ ਅਤੇ[19] ਇਕ ਨਾਲੀ ਬਾਹਰ ਸੁਟਣ ਵਾਲੀ[20] ਦੇ ਅਤੇ ਅੰਤਸ਼ਕਰਨ ਦਾ ਸੋਨੇ[21] ਦਾ ਇਕ[23] ਬਰਤਨ[22] ਪਰਾਪਤ ਹੋਇਆ[24] ਹੈ।
ਤਿਸੁ[25]ਮਹਿ[26]ਧਾਰ[27]ਚੁਐ[28] ਅਤਿ[29] ਨਿਰਮਲ[30] ਰਸ ਮਹਿ ਰਸਨ[31] ਚੁਆਇਆ[32] ॥ ੨ ॥	In[26] that[25] vat, the extremely[29] pure[30] steam[27] of Name Nectar trickles[28]. Like this I have distilled[32] the essence of essences[31].	ਉਸ[25] ਬਰਤਨ ਅੰਦਰ[26] ਪਰਮ[29] ਸ਼ੁੱਧ[30] ਨਾਮ ਅੰਮ੍ਰਿਤ ਦੀ ਨਦੀ[27] ਟਪਕਦੀ[28] ਹੈ। ਇਸ ਤਰ੍ਹਾਂ ਮੈਂ ਜੌਹਰਾਂ ਦਾ ਜੌਹਰ[31] ਖਿੱਚ[32] ਲਿਆ ਹੈ।
ਏਕ ਜੁ ਬਾਤ[33] ਅਨੂਪ[34] ਬਨੀ[35] ਹੈ ਪਵਨ[36]	An incomparable[34] thing[33] has happened[35]. My breath[36], I have	ਇਕ ਬੇ-ਮਿਸਾਲ[34] ਗੱਲ[33] ਬਣ[35] ਗਈ ਹੈ। ਆਪਣੇ ਸੁਆਮੀ[36] ਨੂੰ ਮੈਂ ਸ਼ਰਾਬ ਦਾ ਕਟੋਰਾ[37] ਬਣਾਇਆ[38] ਹੈ।

ਪਿਆਲਾ[37] ਸਾਜਿਆ[38] ॥

made[38] the wine-cup[37].

ਤੀਨਿ[39] ਭਵਨ[40] ਮਹਿ[41] ਏਕੋ[42] ਜੋਗੀ ਕਹਹੁ[43] ਕਵਨੁ[44] ਹੈ ਰਾਜਾ[45] ॥ ੩ ॥

In[41] the three[39] worlds[40] he is the unique[42] Yogi(who drinks such 'wine'). Say[43], which[44] king[45] can equal him ?

ਤਿੰਨਾਂ[39] ਹੀ ਪੁਰੀਆਂ[40] ਅੰਦਰ[41] ਉਹ ਅਦੁਤੀ[42] ਯੋਗੀ ਹੈ (ਜੋ ਐਸੀ 'ਸ਼ਰਾਬ' ਪੀਂਦਾ ਹੈ)। ਦਸੋ[43] ਕਿਹੜਾ[44] ਪਾਤਸ਼ਾਹ[45] ਉਸ ਦੀ ਬਰਾਬਰੀ ਕਰ ਸਕਦਾ ਹੈ ?

ਐਸੇ[46] ਗਿਆਨ[47] ਪ੍ਰਗਟਿਆ[48] ਪੁਰਖੋਤਮ[49] ਕਹੁ[52] ਕਬੀਰ ਰੰਗਿ[50] ਰਾਤਾ[51] ॥

Says Kabir[52], such[46] knowledge[47] of the Supreme Person[49] has manifested[48] itself, that I have been imbued[51] with His love[50].

ਕਬੀਰ ਜੀ ਆਖਦੇ[52] ਹਨ, ਪਰਮ ਪੁਰਸ਼[49] ਦੀ ਐਹੋ ਜੇਹੀ[46] ਗਿਆਤ[47] ਨਾਜ਼ਲ[48] ਹੋਈ ਹੈ ਕਿ ਮੈਂ ਉਸ ਦੀ ਪ੍ਰੀਤ[50] ਅੰਦਰ ਰੰਗਿਆ[51] ਗਿਆ ਹਾਂ।

ਅਉਰ[53] ਦੁਨੀ[54] ਸਭ[55] ਭਰਮਿ[56] ਭੁਲਾਨੀ[57] ਮਨੁ[58] ਰਾਮ[59] ਰਸਾਇਨ[60] ਮਾਤਾ[61] ॥ ੪ ॥ ੩ ॥

The rest[53] of the world[54] is all[55] deluded[57] by doubt[56] but my soul[58] is intoxicated[61] with the elixir[60] of pervading God[59].

ਬਾਕੀ[53] ਦੀ ਦੁਨੀਆਂ[54] ਸਾਰੀ[55] ਵਹਿਮ[56] ਨੇ ਬਹਿਕਾਈ[57] ਹੋਈ ਹੈ, ਪ੍ਰੰਤੂ ਮੇਰੀ ਆਤਮਾ[58] ਵਿਆਪਕ ਵਾਹਿਗੁਰੂ[59] ਦੇ ਅੰਮ੍ਰਿਤ[60] ਨਾਲ ਮਤਵਾਲੀ[61] ਹੋਈ ਹੋਈ ਹੈ।

੯੩ 93 ੯੩

ਸ੍ਰੀਰਾਗ ਬਾਣੀ ਭਗਤ ਬੇਣੀ[62] ਜੀਉ ਕੀ ॥ ਪਹਰਿਆ ਕੈ ਘਰਿ[63] ਗਾਵਣਾ[64] ॥

Sri Rag, Saint Beni[62].
To be sung[64] in the tune[63] of 'Pahre'.

ਸਿਰੀ ਰਾਗੁ ਬਾਨੀ, ਸੰਤ ਬੇਣੀ[62]।
'ਪਹਿਰੇ' ਦੀ ਸੁਰ[63] ਵਿਚ ਗਾਇਨ[64] ਕਰਨਾ।

੧ ੴ ਸਤਿਗੁਰ ਪ੍ਰਸਾਦਿ ॥

There is but one God. By the favour of the True Guru He is obtained.

ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਮਿਹਰ ਦੁਆਰਾ ਉਹ ਪਰਾਪਤ ਹੁੰਦਾ ਹੈ।

ਰੇ[65] ਨਰ[66] ਗਰਭ[67] ਕੁੰਡਲ[68] ਜਬ[69] ਆਛਤ[70] ਉਰਧ[71] ਧਿਆਨ[72] ਲਿਵ[73] ਲਾਗਾ[74] ॥

O'[65] man[66] ! when[69] thou wert[70] in the belly's[67] coil[68], thou didst meditate[72] and fix[74] thy attention[73] on the Lord, standing on[71] thy head.

ਹੇ[65] ਇਨਸਾਨ[66] ! ਜਦ[69] ਤੂੰ ਪੇਟ[67] ਦੇ ਵਲ[68] ਅੰਦਰ ਸੈਂ[70], ਤੂੰ ਸਿਰ ਦੇ ਭਾਰ ਖੜਾ[71] ਹੋ ਕੇ ਸਾਹਿਬ ਦਾ ਸਿਮਰਨ[72] ਕਰਦਾ ਅਤੇ ਉਸ ਉਤੇ ਆਪਣੀ ਬ੍ਰਿਤੀ[73] ਜੋੜਦਾ[74] ਸੈਂ।

ਮਿਰਤਕ[75] ਪਿੰਡਿ[76] ਪਦ[77] ਮਦ[78] ਨਾ[85] [79]ਅਹਿਨਿਸਿ[80] ਏਕੁ[81] ਅਗਿਆਨ[82] [83]ਸੁ ਨਾਗਾ[84] ॥

Thou harboured not[85] the pride[78] of the dignity[77] of thy perishable[75] body[76] and being completely[83] rid of[84] ignorance[82] thou contemplated over one God[81], day[79] and night[80].

ਤੇਰੇ ਵਿਚ ਤੇਰੀ ਨਾਸਵੰਤ[75] ਦੇਹਿ[76] ਦੇ ਰੁਤਬੇ[77] ਦਾ ਗ਼ਰੂਰ[78] ਨਹੀਂ[85] ਸੀ ਅਤੇ ਬੇ-ਸਮਝੀ[82] ਤੋਂ ਮੁਕੰਮਲ[83] ਸੱਖਣਾ[84] ਹੋਣ ਕਰਕੇ ਤੂੰ ਦਿਨ[79] ਰੈਣ[80] ਇਕ ਹਰੀ[81] ਦਾ ਅਰਾਧਨ ਕਰਦਾ ਸੈਂ।

ਤੇ[85] ਦਿਨ[86] ਸੰਮਲੁ[87] ਕਸਟ[88] ਮਹਾ[89] ਦੁਖ[90] ਅਬ[91] ਚਿਤੁ[92] ਅਧਿਕ[93] ਪਸਾਰਿਆ[94] ॥

Recall[87] the travail[88] and supreme[89] suffering[90] of those[85] days[86]. Now[91] thou hast greatly[93] extended[94] the net of thy mind[92].

ਤਸੀਹੇ[88] ਅਤੇ ਪਰਮ[89] ਤਕਲੀਫ਼[90] ਦੇ ਉਹ[85] ਦਿਹਾੜੇ[86] ਯਾਦ[87] ਕਰ। ਹੁਣ[91] ਤੂੰ ਆਪਣੇ ਮਨ[92] ਦੇ ਜਾਲ ਨੂੰ ਘਨੇਰਾ[93] ਖਿਲਾਰ[94] ਲਿਆ ਹੈ।

ਗਰਭ[95] ਛੋਡਿ[96] ਮ੍ਰਿਤ[97] ਮੰਡਲ[98] ਆਇਆ[99] ਤਉ[100]

Leaving[96] the womb[95] thou entered[99] this mortal[97] world[98]. Then[100], thou,

ਕੁੱਖ[95] ਨੂੰ ਤਿਆਗ[96] ਕੇ ਤੂੰ ਇਸ ਫ਼ਾਨੀ[97] ਸੰਸਾਰ[98] ਵਿਚ ਪ੍ਰਵੇਸ਼[99] ਕੀਤਾ। ਤਦ[100] ਤੂੰ ਹੇ ਬੰਦੇ[2] !

[2]ਨਰਹਰਿ[3] ਮਨਹੁ[4] ਬਿਸਾਰਿਆ[5] ॥੧॥	O' man[2] ! didst forget[5] God[3] in thy mind[4].	ਵਾਹਿਗੁਰੂ[3] ਨੂੰ ਆਪਣੇ ਮਨ[4] ਵਿਚੋਂ ਭੁਲਾ[5] ਦਿਤਾ।
ਫਿਰਿ[6] ਪਛੁਤਾਵਹਿਗਾ[7] ਮੂੜਿਆ[8] ਤੂੰ ਕਵਨ[9] ਕੁਮਤਿ[10] ਭ੍ਰਮਿ[11] ਲਾਗਾ[12] ॥	Thou shalt, afterwards[6], repent[7], O' fool[8] ! through what[9] evil intellect[10] art thou attached[12] to scepticism[11] ?	ਤੂੰ ਮਗਰੋਂ[6] ਪਸਚਾਤਾਪ[7] ਕਰੇਂਗਾ, ਹੇ ਮੂਰਖਾ[8] ! ਕਿਹੜੀ[9] ਮੰਦੀ ਬੁਧੀ[10] ਰਾਹੀਂ ਤੂੰ ਸ਼ੱਕ[11] ਸੁਭੇ ਨਾਲ ਚਿਮੜ[12] ਗਿਆ ਹੈਂ ?
ਚੇਤਿ[13] ਰਾਮੁ[14] ਨਾਹੀ[15] ਜਮਪੁਰਿ[16] ਜਾਹਿਗਾ[17] ਜਨੁ[18] ਬਿਚਰੈ[19] ਅਨਰਾਧਾ[20] ॥੧॥ ਰਹਾਉ ॥	Remember[13] the pervading Lord[14], otherwise thou shalt go[17] to the city[16] of death's myrmidons[15]. Why, O' man[18] ! do thou wander[19] unrestrained[20] ? Pause.	ਵਿਆਪਕ ਸੁਆਮੀ[14] ਨੂੰ ਚੇਤੇ[13] ਕਰ, ਨਹੀਂ ਤਾਂ ਤੂੰ ਮੌਤ ਦੇ ਦੂਤਾਂ[15] ਦੇ ਸ਼ਹਿਰ[16] ਨੂੰ ਜਾਵੇਂਗਾ[17], ਹੇ ਬੰਦੇ[18]! ਤੂੰ ਕਿਉਂ ਅਮੋੜ[20] ਭਟਕਦਾ ਫਿਰਦਾ[19] ਹੈਂ ? ਠਹਿਰਾਉ।
ਬਾਲ[21] ਬਿਨੋਦ[22] ਚਿੰਦ[23] ਰਸ[24] ਲਾਗਾ[25] ਖਿਨੁ ਖਿਨੁ[26] ਮੋਹਿ[27] ਬਿਆਪੈ[28] ॥	A child[21] feels[25] anxiety[23] for plays[22] and sweet[24] and by degrees[26] it gets entangled[28] in worldly love[27].	ਬੱਚਾ[21] ਖੇਡ[22] ਅਤੇ ਮਿਠਾਸਾਂ[24] ਦੇ ਫ਼ਿਕਰ[23] ਵਿਚ ਲੱਗਾ[25] ਰਹਿੰਦਾ ਹੈ ਅਤੇ ਧੀਰੇ ਧੀਰੇ[26] ਸੰਸਾਰੀ ਮਮਤਾ[27] ਅੰਦਰ ਉਲਝ[28] ਜਾਂਦਾ ਹੈ।
ਰਸੁ[29] ਮਿਸੁ[30] ਮੇਧੁ[31] ਅੰਮ੍ਰਿਤੁ[32] ਬਿਖੁ[33] ਚਾਖੀ[34] ਤਉ[35] ਪੰਚ[36] ਪ੍ਰਗਟ[37] ਸੰਤਾਪੈ[38] ॥	In the misunderstanding[30] of savoury[29] and sacred[31] ambrosia[32], man eats[34] posion[33] and then[35], the five[36] passions appear[37] and torture[38] him.	ਸੁਆਦਲੇ[29] ਤੇ ਪਵਿਤ੍ਰ[31] ਆਬਿ-ਹਿਯਾਤ[32] ਦੀ ਗ਼ਲਤ ਫ਼ਹਿਮੀ[30] ਅੰਦਰ ਇਨਸਾਨ ਜ਼ਹਿਰ[33] ਖਾਂਦਾ[34] ਹੈ ਅਤੇ ਫਿਰ[35] ਪੰਜ[36] ਮੰਦ-ਵਿਸ਼ੇ ਆ ਜ਼ਾਹਿਰ[37] ਹੁੰਦੇ ਹਨ ਅਤੇ ਉਸ ਨੂੰ ਦੁਖ[38] ਦਿੰਦੇ ਹਨ।
ਜਪੁ[39] ਤਪੁ[40] ਸੰਜਮੁ[41] ਛੋਡਿ[42] [43]ਸੁਕ੍ਰਿਤ[44] ਮਤਿ[45] ਰਾਮਨਾਮੁ[46] ਨ ਅਰਾਧਿਆ[47] ॥	Man abandons[42] meditation[39], toilsome service[40], self-restraint[41] and propensity[45] towards good[43] actions[44] and repeats[47] not pervading[46] Lord's Name.	ਆਦਮੀ ਸਿਮਰਨ[39], ਕਰੜੀ ਘਾਲ[40], ਸਵੈ-ਰੋਕਥਾਮ[41] ਅਤੇ ਨੇਕ[43] ਅਮਲਾਂ[44] ਵਲ ਦੀ ਰੁਚੀ[45] ਨੂੰ ਤਿਆਗ[42] ਦਿੰਦਾ ਹੈ ਅਤੇ ਵਿਆਪਕ ਸਾਈਂ[46] ਦੇ ਨਾਮ ਦਾ ਜਾਪ[47] ਨਹੀਂ ਕਰਦਾ।
ਉਛਲਿਆ[48] ਕਾਮੁ[49] ਕਾਲ[50] ਮਤਿ[51] ਲਾਗੀ[52] ਤਉ[53] ਆਨਿ[54] ਸਕਤਿ[55] ਗਲਿ[56] ਬਾਂਧਿਆ[57] ॥ ੨ ॥	His lust[49] overflows[48], blackness[50] attaches[52] to his understanding[51] and then[53] he hugs[57] to his bosom[56] another's[54] woman[55].	ਉਸ ਦੇ ਭੋਗ ਬਿਲਾਸ ਦਾ[49] ਵੇਗ ਛੱਲਾਂ[48] ਮਾਰਦਾ ਹੈ, ਉਸ ਦੀ ਸਮਝ[51] ਨੂੰ ਕਾਲਖ[50] ਲੱਗ[52] ਜਾਂਦੀ ਹੈ ਅਤੇ ਤਦ[53] ਉਹ ਹੋਰਨਾਂ[54] ਦੀ ਜ਼ਨਾਨੀ[55] ਨੂੰ ਆਪਣੀ ਛਾਤੀ[56] ਨਾਲ ਲਾਉਂਦਾ[57] ਹੈ।
ਤਰੁਣ[58] ਤੇਜੁ[59] ਪਰ[60] ਤ੍ਰਿਅ[61] ਮੁਖੁ[62] ਜੋਹਹਿ[63] ਸਰੁ[64] ਅਪਸਰੁ[65] ਨ ਪਛਾਨਿਆ[66] ॥	In the ardour[59] of youth[58], he stares[63] at the faces[62] of others[60] wives[61] and distinguishes[66] not between good[64] and evil[65].	ਜੁਆਨੀ[58] ਦੇ ਜੋਸ਼[59] ਅੰਦਰ ਉਹ ਹੋਰਨਾਂ[60] ਦੀਆਂ ਵਹੁਟੀਆਂ[61] ਦੇ ਮੂੰਹ[62] ਤੱਕਦਾ[63] ਹੈ ਅਤੇ ਭਲੇ[64] ਤੇ ਬੁਰੇ[65] ਦੀ ਪਛਾਣ[66] ਨਹੀਂ ਕਰਦਾ।
ਉਨਮਤ[67] ਕਾਮਿ[68] ਮਹਾ[69] ਬਿਖੁ[70] ਭੂਲੈ[71] ਪਾਪੁ[72] ਪੁੰਨੁ[73] ਨ ਪਛਾਨਿਆ[74] ॥	In the intoxication[67] of lust[68] and other great[69] sins[70] he goes amiss[71] and distinguishes[74] not vice[72] from virtue[73].	ਸ਼ਹਿਵਤ[68] ਤੇ ਹੋਰ ਮਹਾਨ[69] ਪਾਪਾਂ[70] ਦੇ ਨਸ਼ੇ[67] ਅੰਦਰ ਉਹ ਕੁਰਾਹੇ ਪੈ[71] ਜਾਂਦਾ ਹੈ ਅਤੇ ਬੱਦੀ[72] ਤੇ ਨੇਕੀ[73] ਦੀ ਸਿਞਾਣ[74] ਨਹੀਂ ਕਰਦਾ।

ਸੁਤ[75] ਸੰਪਤਿ[76] ਦੇਖਿ[77] ਇਹੁ ਮਨੁ[78] ਗਰਬਿਆ[79] ਰਾਮੁ[80] ਰਿਦੈ[81] ਤੇ[83] ਖੋਇਆ[82] ॥	By beholding[77] his sons[75] and wealth[76], this mind[78] of his goes proud[79] and he forgets[82] the pervading Lord[80] from[83] his heart[81].	ਆਪਣੇ ਪੁਤ੍ਰਾਂ[75] ਤੇ ਦੌਲਤ[76] ਨੂੰ ਵੇਖਣ[77] ਦੁਆਰਾ ਉਸ ਦਾ ਇਹ ਮਨੂਆ[78] ਹੰਕਾਰੀ[79] ਹੋ ਜਾਂਦਾ ਹੈ ਅਤੇ ਆਪਣੇ ਦਿਲ[81] ਤੋਂ[83] ਉਹ ਵਿਆਪਕ ਸੁਆਮੀ[80] ਨੂੰ ਭੁਲਾ[82] ਦਿੰਦਾ ਹੈ।
ਅਵਰ[84]ਮਰਤ[85] ਮਾਇਆ[86] ਮਨੁ[87] ਤੋਲੇ[88] ਤਉ[89] ਭਗ[90] ਮੁਖਿ[91] ਜਨਮੁ[92] ਵਿਗੋਇਆ[93] ॥ ੩ ॥	On another's[84] death[85] he weighs[88] his wealth[86] in his heart[87]. Thou[89], O' man ! hath wasted[93] thy life[92] in the pleasure of urinary orifice[90] (ravishment) and mouth[91] (dainties).	ਹੋਰਸ[84] ਦੀ ਮੌਤ[85] ਤੇ ਉਹ ਆਪਣੇ ਦਿਲ[87] ਅੰਦਰ ਉਸ ਦੀ ਦੌਲਤ[86] ਨੂੰ ਜੋਖਦਾ[88] ਹੈ । ਤੂੰ[89] ਹੇ ਬੰਦੇ ! ਆਪਣਾ ਜੀਵਨ[92] ਪਿਸ਼ਾਬ ਵਾਲੀ ਮੋਰੀ[90](ਜ਼ਨਾਹਕਾਰੀ) ਅਤੇ ਮੂੰਹ[91] ਦੇ ਸੁਆਦਾਂ (ਨਿਆਮ੍ਹਤਾਂ) ਅੰਦਰ ਗੁਆ[93] ਲਿਆ ਹੈ ।
ਪੁੰਡਰ[94] ਕੇਸ[95]ਕੁਸਮ[96]ਤੇ[97] ਧਉਲੇ[98]ਸਪਤ[99]ਪਾਤਾਲ[100] ਕੀ ਬਾਣੀ[2] ॥	His grey[94] hair[95] are whiter[98] than[97] even the jasmine flower[96] and his voice[2] grows feeble as if it proceeds from the seventh[99] under-world[100].	ਉਸ ਦੇ ਚਿਟੇ[94] ਵਾਲ[95] ਚੰਬੇਲੀ ਦੇ ਫੁੱਲ[96] ਨਾਲੋਂ[97] ਭੀ ਵਧੇਰੇ ਸੁਫੈਦ[98] ਹਨ ਅਤੇ ਉਸ ਦੀ ਆਵਾਜ਼[2] ਐਨੀ ਮੱਧਮ ਪੈ ਜਾਂਦੀ ਹੈ ਜਿਸ ਤਰ੍ਹਾਂ ਉਹ ਸੱਤਵੇਂ[99] ਹੇਠਲੇ ਲੋਕ[100] ਤੋਂ ਆਉਂਦੀ ਹੋਵੇ ।
ਲੋਚਨ[3] ਸ੍ਰਮਹਿ[4] ਬੁਧਿ[5] ਬਲ[6] ਨਾਠੀ[7] ਤਾ[8] ਕਾਮੁ[9] ਪਵਸਿ ਮਾਧਾਣੀ[10] ॥	When his eyes[3] water[4] and his intellect[5] and strength[6] flee[7], then[8] the desires[9] begin to churn[10] him.	ਜਦ ਉਸ ਦੀਆਂ ਅੱਖਾਂ[3] ਵਗਦੀਆਂ[4] ਹਨ ਅਤੇ ਉਸਦੀ ਅਕਲ[5] ਤੇ ਤਾਕਤ[6]ਦੌੜ ਜਾਂਦੀਆਂ[7] ਹਨ,ਤਦ[8] ਕਾਮਨਾਵਾਂ[9] ਉਸ ਨੂੰ ਰਿੜਕਣ ਲੱਗ[10] ਜਾਂਦੀਆਂ ਹਨ ।
ਤਾ ਤੇ[12] ਬਿਖੈ[13] ਭਈ[14] ਮਤਿ[15]ਪਾਵਸਿ[16]ਕਾਇਆ[17] ਕਮਲੁ[18] ਕੁਮਲਾਣਾ[19] ॥	Therefore[12] with vices[13] his soul[15] is gone[14] dry[16] and the lotus flower[18] of his body[17] has withered[19] away.	ਇਸ[12] ਲਈ ਵਿਸ਼ਿਆਂ[13] ਨਾਲ, ਉਸ ਦੀ ਆਤਮਾ[15] ਸੁਕ ਸੜ[16] ਗਈ[14] ਹੈ ਅਤੇ ਉਸ ਦੀ ਦੇਹਿ[17] ਦਾ ਕੰਵਲ ਫੁਲ[18] ਮੁਰਝਾ[19] ਗਿਆ ਹੈ ।
ਅਵਗਤਿ[20] ਬਾਣਿ[21]ਛੋਡਿ[22] ਮ੍ਰਿਤ[23] ਮੰਡਲਿ[24] ਤਉ[25] ਪਾਛੈ[27] ਪਛੁਤਾਣਾ[26] ॥੪॥	By renouncing[22] the Word[21] of the Immortal Lord[20] in this mortal[23] world[24],thou[25],O' man ! shalt regret[26] afterwards[27].	ਇਸ ਫ਼ਾਨੀ[23] ਸੰਸਾਰ[24] ਅੰਦਰ ਅਮਰ ਮਾਲਕ[20] ਦੀ ਬਾਣੀ[21] ਨੂੰ ਤਿਆਗ[22] ਕੇ,[25] ਤੂੰ ਹੇ ਇਨਸਾਨ ਮਗਰੋਂ[27] ਅਫ਼ਸੋਸ[26] ਕਰੇਂਗਾ ।
ਨਿਕੁਟੀ[28] ਦੇਹ[29] ਦੇਖਿ[30] ਧੁਨਿ[31] ਉਪਜੈ[32] ਮਾਨ[33] ਕਰਤ[34] ਨਹੀ ਬੂਝੈ[35] ॥	Beholding[30] the small[28] bodies[29] (children) love[31] springs[32] in man's mind and he takes[34] pride[33]on them but understands[35] not the Lord.	ਛੋਟੀਆਂ[28] ਦੇਹਾਂ[29] (ਬੱਚਿਆਂ) ਨੂੰ ਵੇਖ[30] ਕੇ ਮਨੁੱਖ ਦੇ ਮਨ ਵਿਚ ਪਿਆਰ[31] ਪੈਦਾ[32] ਹੁੰਦਾ ਹੈ ਅਤੇ ਉਹ ਉਨ੍ਹਾਂ ਉਤੇ ਫ਼ਖ਼ਰ[33] ਕਰਦਾ[34] ਹੈ ਪ੍ਰੰਤੂ ਸਾਂਈਂ ਨੂੰ ਨਹੀਂ ਸਮਝਦਾ[35] ।
ਲਾਲਚੁ ਕਰੈ[36] ਜੀਵਨ[37] ਪਦ[38] ਕਾਰਨ[39] ਲੋਚਨ[40] ਕਛੂ[41] ਨ ਸੂਝੈ[42] ॥	Though his eyes[40]see[42]not anything[41] still he cherishes longing[36] for[39] the dignity[38] of long life[37].	ਭਾਵੇਂ ਉਸ ਨੂੰ ਆਪਣੀਆਂ ਅੱਖਾਂ[40] ਤੋਂ ਕੁਝ[41] ਭੀ ਦਿਸਦਾ[42] ਨਹੀਂ ਫਿਰ ਭੀ ਉਹ ਲੰਮੀ ਉਮਰ[37] ਦੇ ਮਰਤਬੇ[38] ਵਾਸਤੇ[39] ਲਾਲਸਾ ਕਰਦਾ[36] ਹੈ ।
ਥਾਕਾ[43] ਤੇਜੁ[44] ਉਡਿਆ[45] ਮਨੁ[46] ਪੰਖੀ[47] ਘਰਿ[48] ਆਂਗਨਿ[49] ਨ ਸੁਖਾਈ[50] ॥	The fire[44] is extinguished[43],the soul[46] bird[47] has flown[45] away and his corpse is not now tolerated[50] in home[48] and courtyard[49].	ਅੱਗ[44] ਬੁਝ[43] ਗਈ ਹੈ, ਭਉਰ[46] ਪੰਛੀ[47] ਉਡ[45] ਗਿਆ ਹੈ ਅਤੇ ਉਸ ਦੀ ਲੋਥ ਹੁਣ ਗ੍ਰਿਹ[48] ਤੇ ਵਿਹੜੇ[49] ਵਿਚ ਨਹੀਂ ਸੁਖਾਉਂਦੀ[50] ।

ਬੇਣੀ ਕਹੈ[51] ਸੁਨਹੁ[52] ਰੇ[53] ਭਗਤਹੁ[54] ਮਰਨ[55] ਮੁਕਤਿ[56] ਕਿਨਿ[57] ਪਾਈ[58] ॥੫॥	Says[51] Beni, hear[52] O'[53] saint[54]! who[57] has obtained[58] salvation[56] after (such an ignoble) death[55]?	ਬੇਣੀ (ਜੀ) ਆਖਦੇ[51] ਹਨ, ਸੁਣਣ[52] ਕਰੋ, ਹੇ[53] ਸਾਧੂਓ[54]! (ਐਹੋ ਜੇਹੀ ਪਲੀਤ) ਮੌਤ[55] ਮਗਰੋਂ ਕਿਸ[57] ਨੂੰ ਕਲਿਆਣ[56] ਪਰਾਪਤ[58] ਹੋਈ ਹੈ?
ਸਿਰੀਰਾਗੁ ॥	Sri Rag.	ਸਿਰੀ ਰਾਗ।
ਤੋਹੀ[59] ਮੋਹੀ[60] ਮੋਹੀ ਤੋਹੀ ਅੰਤਰੁ[61] ਕੈਸਾ[62] ॥	Thou[59] art me[60], I am Thou. What[62] is the difference[61].	ਤੂੰ[59] ਮੈਂ[60] ਹਾਂ, ਮੈਂ ਤੂੰ ਹੈਂ। ਕੀ[62] ਫਰਕ[61] ਹੈ?
ਕਨਕ[63] ਕਟਿਕ[64] ਜਲ[65] ਤਰੰਗ[66] ਜੈਸਾ[67] ॥੧॥	The same as[67] between gold[63] and its bracelet[64] and between water[65] and its ripples[66].	ਐਹੋ ਜੇਹਾ[67] ਜਿਹਾ[63] ਕਿ ਸੋਨੇ ਤੇ ਇਸ ਦੇ ਕੜੇ[64] ਵਿਚ ਅਤੇ ਪਾਣੀ[65] ਤੇ ਇਸ ਦੀਆਂ ਲਹਿਰਾਂ[66] ਵਿਚ।
ਜਉਪੈ[68] ਹਮ[69] ਨ ਪਾਪ[70] ਕਰੰਤਾ[71] ਅਹੇ[72] ਅਨੰਤਾ[73]॥ ਪਤਿਤ[74] ਪਾਵਨ[75] ਨਾਮੁ ਕੈਸੇ[76] ਹੁੰਤਾ[77]॥੧॥ ਰਹਾਉ॥	If[68] I[69] did not commit[71] sins[70], O'[72] my Infinite Lord[73]! how[76] shouldest thou have gained[77] the Name of the Redeemer[75] of sinners[74]? Pause.	ਜੇਕਰ[68] ਮੈਂ[69] ਗੁਨਾਹ[70] ਨਾਂ ਕਮਾਉਂਦਾ[71] ਹੋ[72] ਮੇਰੇ ਬੇਅੰਤ ਸੁਆਮੀ[73]! ਤਾਂ ਪਾਪੀਆਂ[74] ਨੂੰ ਪਵਿੱਤਰ ਕਰਨ ਵਾਲਾ[75] ਤੇਰਾ ਨਾਮ ਕਿਸ[76] ਤਰ੍ਹਾਂ ਪਰਾਪਤ ਹੁੰਦਾ[77]? ਠਹਿਰਾਉ।
ਤੁਮ੍ਹ[82] ਜੁ[78] ਨਾਇਕ[79] ਆਛਹੁ[80] ਅੰਤਰਜਾਮੀ[81] ॥	Thou[82], who[78] art[80] my Master[79], art the searcher of hearts[81].	ਤੂੰ[82], ਜੋ[78] ਮੇਰਾ ਮਾਲਕ[79] ਹੈ,[80] ਦਿਲਾਂ ਦੀਆਂ ਜਾਣਨਹਾਰ[81] ਹੈਂ।
ਪ੍ਰਭ[83] ਤੇ[84] ਜਨੁ[85] ਜਾਨੀਜੈ[86] ਜਨ ਤੇ ਸੁਆਮੀ ॥ ੨ ॥	From[84] the Lord[83] is known[86] His servant[85], and from the servant his Lord.	ਸਾਹਿਬ[83] ਤੋਂ[84] ਉਸ ਦਾ ਨੌਕਰ[85] ਜਾਣਿਆ[86] ਜਾਂਦਾ ਹੈ ਅਤੇ ਨੌਕਰ ਤੋਂ ਉਸ ਦਾ ਮਾਲਿਕ।
ਸਰੀਰੁ[87] ਆਰਾਧੈ[88] ਮੋ ਕਉ[89] ਬੀਚਾਰੁ[90] ਦੇਹੂ[91] ॥	Grant[91] me[89] the wisdom[90] to meditate[88] on Thee with my body[87].	ਮੈਨੂੰ[89] ਸਿਆਣਪ[90] ਬਖ਼ਸ਼[91] ਤਾਂ ਜੋ ਆਪਣੀ ਦੇਹਿ[87] ਨਾਲ ਤੇਰਾ ਸਿਮਰਨ[88] ਕਰਾਂ।
ਰਵਿਦਾਸ[92] ਸਮ ਦਲ[93] ਸਮਝਾਵੈ[94] ਕੋਊ[95]* ॥ ੩ ॥	Some rare[95]* person can explain[94] to me that the Lord is uniformly[92] contained amongst multitudes[93] (all) O' Ravdass!	ਕੋਈ ਵਿਰਲਾ[95]* ਪੁਰਸ਼ ਹੀ ਮੈਨੂੰ ਦਰਸਾ[94] ਸਕਦਾ ਹੈ ਕਿ ਸਾਹਿਬ ਸਮੁਦਾਵਾਂ[93] (ਸਾਰਿਆਂ) ਅੰਦਰ ਇਕ-ਸੁਰ[92] ਰਮਿਆ ਹੋਇਆ ਹੈ, ਹੇ ਰਵਿਦਾਸ!
੯੪	**94**	**੯੪**
ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪	Majh Rag, Couplets, Fourth Guru.	ਰਾਗੁ ਮਾਝ, ਚਉਪਦੇ, ਚਉਥੀ ਪਾਤਸ਼ਾਹੀ।
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥	There is but one God. True is His Name, creative His personality and immortal His form. He is without fear, without enmity, unborn and self-illumined. By the favour of the True Guru He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਬੇ-ਡਰ, ਦੁਸ਼ਮਨੀ ਰਹਿਤ, ਅਜਨਮਾ ਅਤੇ ਸਵੈ-ਪਰਕਾਸ਼ਵਾਨ ਹੈ। ਸੱਚੇ ਗੁਰਾਂ ਦੀ ਮਿਹਰ ਦੁਆਰਾ ਉਹ ਪਰਾਪਤ ਹੁੰਦਾ ਹੈ।
ਹਰਿ[95] ਹਰਿ ਨਾਮੁ ਮੈ ਹਰਿ[96]	Lord God's[95] Name is in every way[96]	ਵਾਹਿਗੁਰੂ ਸੁਆਮੀ[95] ਦਾ ਨਾਮ, ਹਰ ਤਰ੍ਹਾਂ[96] ਨਾਲ

ਮਨਿ[97] ਭਾਇਆ[98] ॥	pleasing[98] to my mind[97].	ਮੇਰੇ ਚਿਤ[97] ਨੂੰ ਚੰਗਾ[98] ਲੱਗਦਾ ਹੈ ।
[99]ਵਡਭਾਗੀ[100] ਹਰਿਨਾਮੁ ਧਿਆਇਆ[2] ॥	By the great[99] good fortune[100], I have pondered[2] over God's Name.	ਪਰਮ[99] ਚੰਗੇ ਨਸੀਬ[100] ਦੁਆਰਾ, ਮੈਂ ਵਾਹਿਗੁਰੂ ਦੇ ਨਾਮ ਦਾ ਅਰਾਧਨ[2] ਕੀਤਾ ਹੈ ।
ਗੁਰਿ ਪੂਰੈ[3] ਹਰਿਨਾਮ ਸਿਧਿ[4] ਪਾਈ ਕੋ ਵਿਰਲਾ[5] ਗੁਰਮਤਿ[6] ਚਲੈ[7]ਜੀਉ ॥੧॥	The perfect[3] Guru has obtained perfection[4] in God's Name. A few[5] walk[7] in the Guru's way[6].	ਪੂਰਨ ਗੁਰਾਂ[3] ਨੇ ਵਾਹਿਗੁਰੂ ਦੇ ਨਾਮ ਵਿਚ ਪੂਰਨਤਾ[4] ਪਰਾਪਤ ਕੀਤੀ ਹੈ । ਕੋਈ ਟਾਵਾਂ[5] ਹੀ ਗੁਰਾਂ ਦੇ ਰਾਹੇ[6] ਟੁਰਦਾ[7] ਹੈ ।
ਮੈ ਹਰਿ[8] ਹਰਿ ਖਰਚੁ[9] ਲਇਆ ਬੰਨਿ[10] ਪਲੈ[12] ॥	The viaticum[9] of God's Name[8], I have tied[10] to my skirt[12].	ਰੱਬ ਦੇ ਨਾਮ[8] ਦਾ ਤੋਸਾ[9] ਮੈਂ ਆਪਣੇ ਲੜ[12] ਨਾਲ ਬੰਨ੍ਹ[10] ਲਿਆ ਹੈ ।
ਮੇਰਾ ਪ੍ਰਾਣ[13] ਸਖਾਈ[14] ਸਦਾ[16] ਨਾਲਿ[15] ਚਲੈ ॥	The succourer[14] of my soul[13] shall ever[16], bear my company[15].	ਮੇਰੀ ਜਿੰਦੜੀ[13] ਦਾ ਸਹਾਇਕ[14] ਸਦੀਵ[16] ਹੀ ਮੇਰੇ ਸਾਥ[15] ਜਾਵੇਗਾ ।
ਗੁਰਿ ਪੂਰੈ ਹਰਿਨਾਮੁ ਦਿੜਾਇਆ[17] ਹਰਿ ਨਿਹਚਲੁ[18] ਹਰਿ ਧਨੁ[19] ਪਲੈ[20] ਜੀਉ ॥ ੨ ॥	The Perfect Guru has implanted[17] God's Name (in my heart). In my lap[20] I have imperishable[18] wealth[19] of God's Name.	ਮੁਕੰਮਲ ਗੁਰਾਂ ਨੇ (ਮੇਰੇ ਮਨ ਅੰਦਰ) ਵਾਹਿਗੁਰੂ ਦਾ ਨਾਮ ਪੱਕਾ[17] ਕੀਤਾ ਹੈ । ਮੇਰੀ ਝੋਲੀ[20] ਵਿਚ ਵਾਹਿਗੁਰੂ ਦੇ ਨਾਮ ਦੀ ਨਾਸ-ਰਹਿਤ[18] ਦੌਲਤ[19] ਹੈ ।
ਹਰਿ ਹਰਿ[21] ਸਜਣੁ[22] ਮੇਰਾ ਪ੍ਰੀਤਮੁ[23] ਰਾਇਆ[24] ॥	The Lord God[21] is my friend[22]. He is my beloved[23] Monarch[24].	ਵਾਹਿਗੁਰੂ ਸੁਆਮੀ[21] ਮੇਰਾ ਮਿੱਤ੍ਰ[22] ਹੈ । ਉਹ ਮੇਰਾ ਪਿਆਰਾ[23] ਪਾਤਸ਼ਾਹ[24] ਹੈ ।
ਕੋਈ[25] ਆਣਿ[26] ਮਿਲਾਵੈ[27] ਮੇਰੇ ਪ੍ਰਾਣ[28] ਜੀਵਾਇਆ[29] ॥	Let some one[25] come[26] and introduce[27] me to God, the Rejuvenator[29] of my very life[28].	ਕੋਈ[25] ਜਣਾ ਆ[26] ਕੇ ਮੈਨੂੰ ਮੇਰੀ ਜਿੰਦੜੀ[28] ਨੂੰ ਸੁਰਜੀਤ ਕਰਨ[29] ਵਾਲੇ ਵਾਹਿਗੁਰੂ ਨਾਲ ਮਿਲਾ[27] ਦੇਵੇ ।
ਹਉ ਰਹਿ[30] ਨ ਸਕਾ ਬਿਨੁ ਦੇਖੇ ਪ੍ਰੀਤਮਾ[31] ਮੈ ਨੀਰੁ[32] ਵਹੇ ਵਹਿ[33]ਚਲੈ[34]ਜੀਉ॥੩॥	I cannot live[30] without seeing my Darling[31]. The tears[32] are profusely[33] falling[34] down my eyes.	ਮੈਂ ਆਪਣੇ ਦਿਲਬਰ[31] ਨੂੰ ਵੇਖਣ ਦੇ ਬਗੈਰ ਬਚ[30] ਨਹੀਂ ਸਕਦਾ । ਮੇਰਿਆਂ ਨੈਣਾਂ ਵਿਚੋਂ ਹੰਝੂ[32] ਛਮਾਛਮ[33] ਵਰਸ[34] ਰਹੇ ਹਨ ।
ਸਤਿਗੁਰੁ ਮਿਤ੍ਰੁ[35] ਮੇਰਾ ਬਾਲ ਸਖਾਈ[36] ॥	My friendly[35] True Guru is my infantine intimate[36].	ਮੇਰਾ ਯਾਰ[35] ਸੱਚਾ ਗੁਰੂ ਮੇਰਾ ਬਚਪਨ ਦਾ ਬੇਲੀ[36] ਹੈ ।
ਹਉ ਰਹਿ[37]ਨ ਸਕਾ ਬਿਨੁ[39] ਦੇਖੇ[36*] ਮੇਰੀ ਮਾਈ[38] ॥	I cannot sustain life[37] without[39] a sight[36*] of him, O' my mother[38] !	ਮੈਂ ਉਸ ਦੇ ਦੀਦਾਰ[36*] ਤੋਂ ਵਾਂਝਿਆ[39] ਹੋਇਆ ਜੀਊਂਦਾ[37] ਨਹੀਂ ਰਹਿ ਸਕਦਾ, ਹੇ ਮੇਰੀ ਅੰਮੜੀਏ[38] !
ਹਰਿ ਜੀਉ[40] ਕ੍ਰਿਪਾ[41] ਕਰਹੁ[42]ਗੁਰੁ ਮੇਲਹੁ[43] ਜਨ[44] ਨਾਨਕ ਹਰਿ ਧਨੁ[45] ਪਲੈ[46] ਜੀਉ ॥ ੪ ॥ ੧ ॥	O' venerable[40] God ! show[42] mercy[41] and cause me to[43] meet the Guru. From him slave[44] Nanak shall gather the wealth of God's[45] Name, in his lap[46].	ਹੇ ਮਾਣਨੀਯ[40] ਵਾਹਿਗੁਰੂ ! ਰਹਿਮਤ[41] ਧਾਰ[42] ਅਤੇ ਮੈਨੂੰ ਗੁਰਾਂ ਨਾਲ ਮਿਲਾ[43] ਦੇ । ਉਨ੍ਹਾਂ ਪਾਸੋਂ ਗੋਲਾ[44] ਨਾਨਕ ਵਾਹਿਗੁਰੂ ਦੇ ਨਾਮ ਦੀ ਦੌਲਤ[45] ਆਪਣੀ ਝੋਲੀ[46] ਵਿਚ ਇਕੱਤਰ ਕਰ ਲਵੇਗਾ ।
ਮਾਝ ਮਹਲਾ ੪ ॥	Majh, Fourth Guru.	ਮਾਝ, ਚਉਥੀ ਪਾਤਸ਼ਾਹੀ ।
[47]ਮਧੁਸੂਦਨ[48] ਮੇਰੇ ਮਨ[49] ਤਨ[50] ਪ੍ਰਾਨਾ[51] ॥	Lord, the Lover[48] of Nectar[47], is my soul[49], body[50] and very life[51].	ਅੰਮ੍ਰਿਤ[47] ਦਾ ਪਿਆਰਾ[48] ਪ੍ਰਭੂ ਮੇਰੀ ਆਤਮਾ[49], ਦੇਹਿ[50] ਤੇ ਜਿੰਦ-ਜਾਨ[51] ਹੈ ।
ਹਉ ਹਰਿ ਬਿਨੁ[52] ਦੂਜਾ[53]	Without[52] God, I recognise[55] no	ਵਾਹਿਗੁਰੂ ਦੇ ਬਗੈਰ[52] ਮੈਂ ਕਿਸੇ ਹੋਰ[54] ਦੂਸਰੇ[53] ਨੂੰ

ਅਵਰੁ[54] ਨ ਜਾਨਾ[55] ॥	other[54] second[55].	ਨਹੀਂ ਸਿੰਞਾਣਦਾ[55] ।
ਕੋਈ ਸਜਣੁ[56] ਸੰਤੁ ਮਿਲੈ [57]ਵਡਭਾਗੀ[58] ਮੈ ਹਰਿਪ੍ਰਭੁ ਪਿਆਰਾ[59] ਦਸੈ[60] ਜੀਉ ॥ ੧ ॥	If by greatest[57] good fortune[58] some friendly[56] saint meets me, he would show[60] me the way to Lord God, my Beloved[59].	ਜੇਕਰ ਪਰਮ[57] ਚੰਗੇ ਨਸੀਬਾਂ[58] ਦੁਆਰਾ ਕੋਈ ਮਿਤ੍ਰ[56] ਸਾਧੂ ਮੈਨੂੰ ਮਿਲ ਪਵੇ, ਤਾਂ ਉਹ ਮੈਨੂੰ ਮੇਰੇ ਪ੍ਰੀਤਮ,[59] ਵਾਹਿਗੁਰੂ ਸੁਆਮੀ, ਦਾ ਰਾਹ ਦਿਖਾ[60] ਦੇਵੇਗਾ ।
ਹਉ[61] ਮਨੁ[62] ਤਨੁ[64] ਖੋਜੀ ਭਾਲਿ[63] ਭਾਲਾਈ ॥	I[61] search and seek[63] my heart[62] and body[64].	ਮੈਂ[61] ਆਪਣਾ ਦਿਲ[62] ਤੇ ਦੇਹਿ[64] ਦੀ ਖੋਜ ਤੇ ਢੂੰਡ ਭਾਲ[63] ਕਰਦਾ ਹਾਂ ।
ਕਿਉ[65]ਪਿਆਰਾ[66]ਪ੍ਰੀਤਮੁ[67] ਮਿਲੈ[68] ਮੇਰੀ ਮਾਈ[69] ॥	How[65] shall I meet[68] my amiable[66] Beloved[67], O' my mother[69] ?	ਮੈਂ ਆਪਣੇ ਮਨਮੋਹਨ[66] ਦਿਲਬਰ[67] ਨੂੰ ਕਿਸ ਤਰ੍ਹਾਂ[65] ਭੇਟਾਂਗਾ[68] । ਹੇ ਮੇਰੀ ਅੰਮੜੀਏ[69] ।
ਮਿਲਿ[70] ਸਤਸੰਗਤਿ[71] ਖੋਜੁ[72] ਦਸਾਈ[73] ਵਿਚਿ ਸੰਗਤਿ ਹਰਿਪ੍ਰਭੁ ਵਸੈ[74] ਜੀਉ ॥ ੨ ॥	Joining[70] the society of saints[71], I enquire about[73] the track[72] to God. In the saints congregation, the Lord God abides[74].	ਸਾਧ ਸਮੇਲਨ[71] ਅੰਦਰ ਜੁੜਕੇ[70] ਮੈਂ ਵਾਹਿਗੁਰੂ ਦੇ ਮਾਰਗ[72] ਦੀ ਪੁਛ ਗਿਛ[73] ਕਰਦਾ ਹਾਂ । ਸਾਧ ਸਭਾ ਅੰਦਰ ਵਾਹਿਗੁਰੂ ਸੁਆਮੀ ਨਿਵਾਸ[74] ਰੱਖਦਾ ਹੈ ।
ਮੇਰਾ ਪਿਆਰਾ[75] ਪ੍ਰੀਤਮੁ[76] ਸਤਿਗੁਰੁ ਰਖਵਾਲਾ[77] ॥	My sweet[75] darling[76], the True Guru, is my protector[77].	ਮੇਰਾ ਮਿਠੜਾ[75] ਦਿਲਬਰ[76], ਸਚਾ ਗੁਰੂ, ਮੇਰੀ ਰਖਿਆ 'ਕਰਨ ਵਾਲਾ[77] ਹੈ ।
ਹਮ ਬਾਰਿਕ[78] ਦੀਨ[79] ਕਰਹੁ ਪ੍ਰਤਿਪਾਲਾ[80] ॥	I am a helpless[79] child[78], cherish[80] me, O' my Guru.	ਮੈਂ ਇਕ ਬੇਬਸ[79] ਬਾਲ[78] ਹਾਂ ਮੇਰੀ ਪਾਲਣਾ ਪੋਸਣਾ[80] ਕਰ, ਹੇ ਮੇਰੇ ਗੁਰਦੇਵ !
ਮੇਰਾ ਮਾਤ[81] ਪਿਤਾ[82]ਗੁਰੁ[83] ਸਤਿਗੁਰੁ ਪੂਰਾ[84] ਗੁਰ ਜਲ[85] ਮਿਲਿ[86] ਕਮਲੁ[87] ਵਿਗਸੈ[88] ਜੀਉ ॥ ੩ ॥	The great[83] and perfect[84] True Guru, is my mother[81] and father[82]. By obtaining[86] the Guru-water[85] my heart-lotus[87] blooms[88].	ਵਿਸ਼ਾਲ[83] ਅਤੇ ਪੂਰਨ[84] ਸਚੇ ਗੁਰੂ ਜੀ ਮੇਰੀ ਅਮੜੀ[81] ਅਤੇ ਬਾਬਲ[82] ਹਨ । ਗੁਰੂ-ਪਾਣੀ[85] ਨੂੰ ਪਰਾਪਤ[86] ਕਰਨ ਦੁਆਰਾ ਮੇਰਾ ਦਿਲ-ਕੰਵਲ[87] ਖਿੜ[88] ਜਾਂਦਾ ਹੈ ।
ਮੈ ਬਿਨੁ ਗੁਰ ਦੇਖੇ ਨੀਦ[89] ਨ ਆਵੈ[90] ॥ ਮੇਰੇ ਮਨ[91] ਤਨਿ[92] ਵੇਦਨ[93] ਗੁਰ ਬਿਰਹੁ[93]* ਲਗਾਵੈ ॥	Without seeing the Guru, I find[90] no sleep[89]. The separation[93]* from the Guru afflicts my soul[91] and body[92] with pain[93].	ਗੁਰਾਂ ਨੂੰ ਵੇਖਣ ਬਾਝੋਂ ਮੈਨੂੰ ਨੀਂਦ੍[89] ਨਹੀਂ ਪੈਂਦੀ[90] । ਮੇਰੀ ਆਤਮਾ[91] ਤੇ ਦੇਹਿ[92] ਨੂੰ ਗੁਰਾਂ ਨਾਲੋਂ ਵਿਛੋੜੇ[93]* ਦੀ ਪੀੜ[93] ਸਤਾਂਦੀ ਹੈ ।
ਹਰਿ ਹਰਿ ਦਇਆ[94] ਕਰਹੁ ਗੁਰੁ ਮੇਲਹੁ ਜਨ[94]* ਨਾਨਕ ਗੁਰ ਮਿਲਿ[96] ਰਹਸੈ[95] ਜੀਉ ॥ ੪ ॥ ੨ ॥	O' Lord God ! show mercy[94] unto me and cause me to meet the Guru. By meeting[96] the Guru, slave[94]* Nanak blossoms[95] forth.	ਹੇ ਵਾਹਿਗੁਰੂ ਸੁਆਮੀ ! ਮੇਰੇ ਤੇ ਮਿਹਰ[94] ਧਾਰ ਅਤੇ ਮੈਨੂੰ ਗੁਰਾਂ ਨਾਲ ਮਿਲਾ ਦੇ । ਗੁਰਾਂ ਨੂੰ ਭੇਟਣ[96] ਦੁਆਰਾ ਗੋਲਾ[94]* ਨਾਨਕ ਪ੍ਰਫੁਲਤ[95] ਹੋ ਜਾਂਦਾ ਹੈ ।
੯੫	**95**	**੯੫**
ਮਾਝ ਮਹਲਾ ੪ ॥	Majh, Fourth Guru.	ਮਾਝ, ਚਉਥੀ ਪਾਤਸ਼ਾਹੀ ।
ਹਰਿਗੁਣ[97] ਪੜੀਐ[98] ਹਰਿਗੁਣ ਗੁਣੀਐ[99] ॥	Recite[98] God's glories[97] and God's glories do thou reflect[99] upon.	ਵਾਹਿਗੁਰੂ ਦੀ ਕੀਰਤੀ[97] ਵਾਚ[98] ਅਤੇ ਵਾਹਿਗੁਰੂ ਦੀ ਕੀਰਤੀ ਦਾ ਹੀ ਤੂੰ ਧਿਆਨ[99] ਧਾਰ ।
ਹਰਿ[100] ਹਰਿ ਨਾਮ ਕਥਾ[2] ਨਿਤ[3] ਸੁਣੀਐ[4] ॥	Ever[3] hearken[4] thou, O' man ! the discourse[2] of Lord Master's[100] Name.	ਤੂੰ ਹੇ ਬੰਦੇ ! ਸੁਆਮੀ ਮਾਲਕ[100] ਦੇ ਨਾਮ ਦੀ ਸਦੀਵ[3] ਹੀ ਧਰਮ-ਵਾਰਤਾ[2] ਸਰਵਣ[4] ਕਰ ।

ਮਿਲਿ[5] ਸਤਸੰਗਤਿ[6] ਹਰਿਗੁਣ[7] ਗਾਏ[8] ਜਗੁ[9] [10]ਭਉਜਲੁ[11] ਦੁਤਰੁ[12] ਤਰੀਐ[13] ਜੀਉ ॥ ੧ ॥	By meeting[5] the society of saints[6] and singing[8] God's praises[7], the arduous[12] and hideous[10] [9]world-ocean[11] is ferried[13] over.	ਸਾਧ-ਸਭਾ[6] ਨਾਲ ਜੁੜਣ[5] ਅਤੇ ਵਾਹਿਗੁਰੂ ਦਾ ਜੱਸ[7] ਗਾਇਨ[8] ਕਰਨ ਦੁਆਰਾ ਕਠਨ[12] ਤੇ ਭੈ-ਦਾਇਕ[10] [9]ਸੰਸਾਰ-ਸਮੁੰਦਰ[11] ਤਰਿਆ[13] ਜਾਂਦਾ ਹੈ।
ਆਉ ਸਖੀ[14] ਹਰਿ ਮੇਲੁ ਕਰੇਹਾ[15] ॥	Come my maids[14] ! let us meet[15] our Lord.	ਆਓ ਮੇਰੀਓ ਸਹੇਲੀਓ[14] ! ਆਪਾਂ ਆਪਣੇ ਸੁਆਮੀ ਨੂੰ ਮਿਲੀਏ[15]।
ਮੇਰੇ ਪ੍ਰੀਤਮ[16] ਕਾ ਮੈ ਦੇਇ[17] ਸਨੇਹਾ[18] ॥	They shall give[17] me the message[18] of my Love[16].	ਉਹ ਮੈਨੂੰ ਮੇਰੇ ਪਿਆਰੇ[16] ਦਾ ਸੰਦੇਸਾ[18] ਦੇਣਗੀਆਂ[17]।
ਮੇਰਾ ਮਿਤ੍ਰੁ[19] ਸਖਾ[20] ਸੁ[21] ਪ੍ਰੀਤਮੁ[22] ਭਾਈ[23] ਮੈ ਦਸੇ[24] ਹਰਿ[25] ਨਰ[26] ਹਰੀਐ[27] ਜੀਉ ॥ ੨ ॥	He[21] alone is a friend[19], comrade[20], beloved[22] and brother[23] of mine, who shows[24] me the way to the [25]Lion-man[26], the incarnation of God[27].	ਕੇਵਲ ਉਹੀ[21] ਮੇਰਾ ਸਜਣ[19], ਸਾਥੀ[20], ਪਿਆਰਾ[22] ਤੇ ਵੀਰ[23] ਹੈ, ਜੋ ਮੈਨੂੰ [25]ਸ਼ੇਰ-ਮਨੁਸ਼[26] ਸਰੂਪ ਵਾਹਿਗੁਰੂ[27] ਦਾ ਰਾਹ ਵਿਖਾਲਦਾ[24] ਹੈ।
ਮੇਰੀ ਬੇਦਨ[28] ਹਰਿ[29] ਗੁਰੁ ਪੂਰਾ[30] ਜਾਣੈ[31] ॥	My malady[28] the perfect[30] Divine[29] Guru knows[31].	ਮੇਰੀ ਬੀਮਾਰੀ[28] ਨੂੰ ਪੂਰਨ[30] ਰਬ-ਰੂਪ[29] ਗੁਰੂ ਜੀ ਸਮਝਦੇ[31] ਹਨ।
ਹਉ ਰਹਿ[32] ਨ ਸਕਾ ਬਿਨੁ ਨਾਮ ਵਖਾਣੇ[33] ॥	I cannot live[32] without uttering[33] Lord's Name.	ਮੈਂ ਸੁਆਮੀ ਦਾ ਨਾਮ ਉਚਾਰਨ[33] ਕਰਨ ਬਗੈਰ ਬਚ[32] ਨਹੀਂ ਸਕਦਾ !
ਮੈ ਅਉਖਧੁ[34] ਮੰਤ੍ਰੁ[35] ਦੀਜੈ[38] ਗੁਰ ਪੂਰੇ[36] ਮੈ ਹਰਿ ਹਰਿ[39] ਨਾਮਿ ਉਧਰੀਐ[37] ਜੀਉ ॥ ੩ ॥	Give[38] me the medicine[34] of God's Name[35], O' my Perfect[36] Guru ! It is through Lord God's Name[39] that I swim across[37].	ਮੈਨੂੰ ਵਾਹਿਗੁਰੂ ਦੇ ਨਾਮ[35] ਦੀ ਦਵਾਈ[34] ਦੇਹ,[38] ਹੇ ਮੇਰੇ ਮੁਕੰਮਲ[36] ਗੁਰਦੇਵ ਜੀ ! ਵਾਹਿਗੁਰੂ ਸੁਆਮੀ ਦੇ ਨਾਮ[39] ਰਾਹੀਂ ਹੀ ਮੇਰਾ ਪਾਰ ਉਤਾਰਾ[37] ਹੁੰਦਾ ਹੈ।
ਹਮ[40] ਚਾਤ੍ਰਿਕ[41] ਦੀਨ[42] ਸਤਿਗੁਰ ਸਰਣਾਈ[43] ॥	I[40] am a poor[42] piedcuckoo[41], in the sanctuary[43] of the True Guru.	ਮੈਂ[40] ਗਰੀਬ[42] ਪਪੀਹਾ[41] ਸੱਚੇ ਗੁਰਾਂ ਦੀ ਤਾਬੇ[43] ਹਾਂ।
ਹਰਿ ਹਰਿ ਨਾਮੁ ਬੂੰਦ[44] ਮੁਖਿ[45] ਪਾਈ[46] ॥	The Guru has oozed[46] the drop[44] of the Name of Lord God in my mouth[45].	ਗੁਰਾਂ ਨੇ ਵਾਹਿਗੁਰੂ ਸੁਆਮੀ ਦੇ ਨਾਮ ਦੀ ਕਣੀ[44] ਮੇਰੇ ਮੂੰਹ[45] ਵਿਚ ਚੋਈ[46] ਹੈ।
ਹਰਿ [47]ਜਲਨਿਧਿ[48] ਹਮ ਜਲ ਕੇ ਮੀਨੇ[49] ਜਨ[50] ਨਾਨਕ ਜਲ ਬਿਨੁ[51] ਮਰੀਐ[52] ਜੀਉ ॥ ੪ ॥ ੩ ॥	God is the treasure[48] of water[47], and I a fish[49] in that water. Without[51] this water, serf[50] Nanak meets his[52] end.	ਵਾਹਿਗੁਰੂ ਪਾਣੀ[47] ਦਾ ਭੰਡਾਰ[48] ਹੈ ਤੇ ਮੈਂ ਉਸ ਪਾਣੀ ਦੀ ਮੱਛੀ[49]। ਇਸ ਪਾਣੀ ਦੇ ਬਾਝੋਂ[51] ਨਫਰ[50] ਨਾਨਕ ਮਰ ਜਾਂਦਾ[52] ਹੈ।
ਮਾਝ ਮਹਲਾ ੪ ॥	Majh, Fourth Guru.	ਮਾਝ, ਚਉਥੀ ਪਾਤਸ਼ਾਹੀ।
ਹਰਿਜਨ[53] ਸੰਤ[54] ਮਿਲਹੁ ਮੇਰੇ ਭਾਈ[55] ॥	O' saints[54], O' servants[53] of God ! meet me, my brothers[55]	ਹੇ ਸਾਧੂਓ[54], ਹੇ ਵਾਹਿਗੁਰੂ ਦੇ ਸੇਵਕੋ[53] ! ਮੈਨੂੰ ਮਿਲੋ ਮੇਰੇ ਵੀਰਨੋ[55]।
ਮੇਰਾ ਹਰਿਪ੍ਰਭੁ ਦਸਹੁ[56] ਮੈ ਭੁਖ[57] ਲਗਾਈ[58] ॥	Tell[56] me of my Lord God, I feel[58] hunger[57] for Him.	ਮੈਨੂੰ ਮੇਰੇ ਵਾਹਿਗੁਰੂ ਸੁਆਮੀ ਦੀ ਗੱਲ[56] ਦਸੋ। ਮੈਨੂੰ ਉਸ ਦੀ ਖੁਦਿਆ[57] ਲੱਗੀ[58] ਹੋਈ ਹੈ।
ਮੇਰੀ ਸਰਧਾ[59] ਪੂਰਿ[60] ਜਗ[61]-	My Bestower[63], the life[62] of the	ਮੇਰੇ ਦਾਤਾਰ[63], ਜਗਤ[61] ਦੀ ਜਿੰਦ ਜਾਨ[62], ਮੇਰੀ

ਜੀਵਨ[62] ਦਾਤੇ[63] ਮਿਲਿ[64] ਹਰਿ ਦਰਸਨਿ[65] ਮਨੁ[66] ਭੀਜੈ[67] ਜੀਉ ॥ ੧ ॥	world[61], fulfil[60] my faith[59]. By obtaining[64] the sight[65] of God my soul[66] is sated[67].	ਸੱਧਰ[59] ਪੂਰੀ[60] ਕਰ। ਵਾਹਿਗੁਰੂ ਦਾ ਦੀਦਾਰ[65] ਪਰਾਪਤ[64] ਕਰਨ ਦੁਆਰਾ ਮੇਰੀ ਆਤਮਾ[66] ਰੱਜ[67] ਜਾਂਦੀ ਹੈ।
ਮਿਲਿ[68] ਸਤਸੰਗਿ ਬੋਲੀ[69] ਹਰਿ[70] ਬਾਣੀ ॥	Joining[68] the saint's society, I recite[69] Divine[70] Guru's hymns.	ਸਾਧ ਸੰਗਤ ਨਾਲ-ਜੁੜ[68] ਕੇ ਮੈਂ ਰੱਬ-ਰੂਪ ਗੁਰਾਂ[70] ਦੀ ਬਾਣੀ ਉਚਾਰਦਾ[69] ਹਾਂ।
ਹਰਿ ਹਰਿ ਕਥਾ[71] ਮੇਰੈ ਮਨਿ[72] ਭਾਣੀ[73] ॥	Lord master's discourse[71] is pleasing[73] unto my mind[72].	ਸੁਆਮੀ ਮਾਲਕ ਦੀ ਧਰਮ-ਵਾਰਤਾ[71] ਮੇਰੇ ਚਿੱਤ[72] ਨੂੰ ਚੰਗੀ[73] ਲਗਦੀ ਹੈ!
ਹਰਿ ਹਰਿ[74] ਅੰਮ੍ਰਿਤੁ[75] ਹਰਿ[76] ਮਨਿ[77] ਭਾਵੈ[78] ਮਿਲਿ[79] ਸਤਿਗੁਰ ਅੰਮ੍ਰਿਤੁ ਪੀਜੈ[80] ਜੀਉ ॥ ੨ ॥	The ambrosia[75] of God's Name[74], is, in every way[76], sweet[78] unto my Soul[77]. I quaff[80] the Name-Nectar by meeting[79] the True Guru.	ਵਾਹਿਗੁਰੂ ਦੇ ਨਾਮ[74] ਦਾ ਸੁਧਾ-ਰਸ[75] ਹਰ ਤਰ੍ਹਾਂ[76] ਨਾਲ ਮੇਰੀ ਆਤਮਾ[77] ਨੂੰ ਮਿਠੜਾ[78] ਲਗਦਾ ਹੈ। ਸੱਚੇ ਗੁਰਾਂ ਨੂੰ ਭੇਟ[79] ਕੇ ਮੈਂ ਨਾਮ ਆਬਿ-ਹਿਯਾਤ ਨੂੰ ਪਾਨ[80] ਕਰਦਾ ਹਾਂ।
[81]ਵਡਭਾਗੀ[82]ਹਰਿ ਸੰਗਤਿ[83] ਪਾਵਹਿ[84] ॥	By great[81] good luck[82], man finds[84] God's congregation[83].	ਭਾਰੇ[81] ਚੰਗੇ ਕਰਮਾਂ[82] ਦੁਆਰਾ ਇਨਸਾਨ ਵਾਹਿਗੁਰੂ ਦੀ ਸਭਾ[83] ਨੂੰ ਪਰਾਪਤ[84] ਕਰਦਾ ਹੈ!
ਭਾਗਹੀਨ[85] ਭ੍ਰਮਿ[86] ਚੋਟਾ[87] ਖਾਵਹਿ[88] ॥	The unfortunate[85] ones wander in doubt[86] and sustain[88] strokes[87].	ਨਿਕਰਮਣ[85] ਬੰਦੇ ਵਹਿਮ[86] ਅੰਦਰ ਭਟਕਦੇ ਅਤੇ ਸੱਟਾਂ[87] ਸਹਾਰਦੇ[88] ਹਨ।
ਬਿਨੁ ਭਾਗਾ[89] ਸਤਸੰਗੁ[90] ਨ ਲਭੈ[91] ਬਿਨੁ ਸੰਗਤਿ[92] ਮੈਲੁ[93] ਭਰੀਜੈ[94] ਜੀਉ ॥ ੩ ॥	Without good fortune[89] the guild of the righteous[90] is not found[91]. Without such an association[92] one is soiled[94] with the filth[93] of sins.	ਚੰਗੇ ਕਰਮਾਂ[89] ਦੇ ਬਗ਼ੈਰ ਸੱਚਿਆਂ ਦੀ ਸੰਗਤ[90] ਨਹੀਂ ਲਭਦੀ[91]। ਐਸੀ ਸੁਹਬਤ[92] ਦੇ ਬਾਝੋਂ ਇਨਸਾਨ ਪਾਪਾਂ ਦੀ ਮਲੀਨਤਾ[93] ਨਾਲ ਲਿਬੜ[94] ਜਾਂਦਾ ਹੈ।
ਮੈ ਆਇ[95] ਮਿਲਹੁ[96] ਜਗ[97] ਜੀਵਨ[98] ਪਿਆਰੇ[99] ॥	Come[95] and meet[96] me, O' my Beloved[99], the life[98] of the world[97].	ਆ ਕੇ[95] ਮੈਨੂੰ ਦਰਸ਼ਨ[96] ਦੇ, ਹੇ ਮੇਰੇ ਪ੍ਰੀਤਮ[99]! ਜਗਤ[97] ਦੀ ਜਿੰਦ-ਜਾਨ[98]।
ਹਰਿ[100]ਹਰਿ ਨਾਮੁ ਦਇਆ[2] ਮਨਿ[3] ਧਾਰੇ[4] ॥	Be merciful[2], O' Lord God[100]! and implant[4] Thy Name in my heart[3].	ਮਿਹਰਬਾਨ[2] ਹੋ ਜਾਓ, ਹੇ ਵਾਹਿਗੁਰੂ ਸੁਆਮੀ[100]। ਅਤੇ ਮੇਰੇ ਦਿਲ[3] ਅੰਦਰ ਆਪਣਾ ਨਾਮ ਅਸਥਾਪਨ[4] ਕਰੋ।
ਗੁਰਮਤਿ[5] ਨਾਮੁ ਮੀਠਾ[6] ਮਨਿ[7] ਭਾਇਆ[11] ਜਨ[8] ਨਾਨਕ ਨਾਮਿ ਮਨੁ[9] ਭੀਜੈ[10] ਜੀਉ ॥ ੪ ॥ ੪ ॥	Under Guru's instruction[5], the sweet[6] Name has become pleasing[11] to my mind[7], and slave[8] Nanak's soul[9] is over joyed[10] with the Name.	ਗੁਰਾਂ ਦੇ ਉਪਦੇਸ਼[5] ਤਾਬੇ ਮਿੱਠੜਾ[6] ਨਾਮ ਮੇਰੇ ਚਿਤ[7] ਨੂੰ ਚੰਗਾ[11] ਲਗਣ ਲਗ ਗਿਆ ਹੈ ਅਤੇ ਗੋਲੇ[8] ਨਾਨਕ ਦੀ ਆਤਮਾ[9] ਨਾਮ ਨਾਲ ਪਰਮ ਪਰਸੰਨ[10] ਹੋ ਗਈ ਹੈ।
ਮਾਝ ਮਹਲਾ ੪ ॥	Majh, Fourth Guru.	ਮਾਝ, ਚਉਥੀ ਪਾਤਸ਼ਾਹੀ।
ਹਰਿ ਗੁਰ ਗਿਆਨੁ[12] ਹਰਿ ਰਸੁ[13] ਹਰਿ ਪਾਇਆ ॥	From the Guru, I have obtained God's knowledge[12] and Lord God's elixir[13].	ਗੁਰਾਂ ਪਾਸੋਂ ਮੈਂ ਵਾਹਿਗੁਰੂ ਦੀ ਗਿਆਤ[12] ਅਤੇ ਵਾਹਿਗੁਰੂ ਸੁਆਮੀ ਦਾ ਅੰਮ੍ਰਿਤ[13] ਪਰਾਪਤ ਕੀਤਾ ਹੈ।
ਮਨੁ [17]ਹਰਿਰੰਗਿ[14] ਰਾਤਾ[15] ਹਰਿਰਸੁ ਪੀਆਇਆ[16] ॥	My soul[17] is imbued[15] with God's love[14] and drinks[16] God's Nactar.	ਮੇਰੀ ਆਤਮਾ[17] ਵਾਹਿਗੁਰੂ ਦੀ ਪ੍ਰੀਤ[14] ਨਾਲ ਰੰਗੀ[15] ਹੋਈ ਹੈ ਅਤੇ ਵਾਹਿਗੁਰੂ ਦੇ ਆਬਿ-ਹਿਯਾਤ ਨੂੰ ਪਾਨ[16] ਕਰਦੀ ਹੈ।
ਹਰਿ ਹਰਿ ਨਾਮੁ[19] ਮੁਖਿ[18]	With my mouth[18] I utter[20] Lord God	ਆਪਣੇ ਮੂੰਹ[18] ਨਾਲ ਮੈਂ ਪ੍ਰਭੂ ਤੇ ਪ੍ਰਮੇਸ਼ਰ ਦੇ ਨਾਮ[19] ਦਾ

ਹਰਿ ਹਰਿ ਬੋਲੀ[20] ਮਨੁ ਹਰਿਰਸਿ ਟੁਲਿ[21] ਟੁਲਿ ਪਉਦਾ ਜੀਉ ॥ ੧ ॥	and Lord God's Name[19], and my mind is overflowing[21] with God's ambrosia.	ਉਚਾਰਣ[20] ਕਰਦਾ ਹਾਂ ਅਤੇ ਮੇਰਾ ਚਿੱਤ ਵਾਹਿਗੁਰੂ ਦੇ ਅੰਮ੍ਰਿਤ ਨਾਲ ਪੰਰੀ-ਪੂਰਨ[21] ਹੋ ਰਿਹਾ ਹੈ।
ਆਵਹੁ[22] ਸੰਤ[23] ਮੈ ਗਲਿ[24] ਮੇਲਾਈਐ[25] ॥	Come[22], O' Saints[23] ! and hug[25]me to my Lord's bosom[24].	ਹੇ ਸਾਧੂਓ[23] ! ਆਓ[22] ਤੇ ਮੈਨੂੰ ਆਪਣੇ ਸੁਆਮੀ ਦੇ ਗੱਲ[24] ਨਾਲ ਮਿਲਾਓ[25]।
ਮੇਰੇ ਪ੍ਰੀਤਮ[26]ਕੀ ਮੈ ਕਥਾ[27] ਸੁਣਾਈਐ[28] ॥	Recite[28] to me the discourse[27] of my Beloved[26].	ਮੇਰੇ ਪਿਆਰੇ[26] ਦੀ ਮੈਨੂੰ ਧਰਮ-ਵਾਰਤਾ[27] ਸੁਣਾਓ[28]।
ਹਰਿ ਕੇ ਸੰਤ ਮਿਲਹੁ ਮਨੁ[29] ਦੇਵਾ[30] ਜੋ[31] ਗੁਰਬਾਣੀ ਮੁਖਿ[32] ਚਉਦਾ[33]ਜੀਉ॥੨॥	If I meet such saints of God, who[31] with their mouth[32] recite[33] Gurbani, I would offer[30] my soul[29] unto them.	ਜੇਕਰ ਮੈਂ ਰੱਬ ਦੇ ਐਸੇ ਸਾਧੂਆਂ ਨੂੰ ਮਿਲ ਪਵਾਂ, ਜਿਹੜੇ[31] ਆਪਣੇ ਮੂੰਹ[32] ਨਾਲ ਗੁਰਬਾਣੀ ਦਾ ਉਚਾਰਣ[33] ਕਰਦੇ ਹਨ, ਮੈਂ ਉਨ੍ਹਾਂ ਨੂੰ ਆਪਣੀ ਆਤਮਾ[29] ਅਰਪਣ[30] ਕਰ ਦੇਵਾਂਗਾ।
[34]ਵਡਭਾਗੀ[35] ਹਰਿ ਸੰਤੁ ਮਿਲਾਇਆ[36] ॥	Through the greatest[34] good fortune[35], God has introduced[36] me to His saint.	ਪੂਰਨ[34] ਚੰਗੇ ਨਸੀਬਾਂ[35] ਰਾਹੀਂ, ਵਾਹਿਗੁਰੂ ਨੇ ਮੈਨੂੰ ਆਪਣੇ ਸਾਧੂ ਨਾਲ ਮਿਲਾ[36] ਦਿੱਤਾ ਹੈ।
ਗੁਰਿ ਪੂਰੈ[37] ਹਰਿਰਸੁ[38] ਮੁਖਿ[39] ਪਾਇਆ[40] ॥	The perfect[37] Guru has poured[40] into my mouth[39] God's Nectar[38].	ਪੂਰਨ-ਗੁਰਾਂ[37] ਨੇ ਮੇਰੇ ਮੂੰਹ[39] ਵਿਚ ਵਾਹਿਗੁਰੂ ਦਾ ਅੰਮ੍ਰਿਤ[38] ਪਾ[40] ਦਿੱਤਾ ਹੈ।
ਭਾਗਹੀਨ[41] ਸਤਿਗੁਰੁ ਨਹੀ ਪਾਇਆ ਮਨਮੁਖੁ[42]ਗਰਭ[43] ਜੂਨੀ[44] ਨਿਤਿ[45] ਪਉਦਾ[46] ਜੀਉ ॥ ੩ ॥	The unfortunate[41] one obtain not the True Guru. The perverse[42]person ever[45] enters[46] the womb[43] existences[44].	ਨਿਕਰਮਣ[41] ਬੰਦਾ ਸੱਚੇ ਗੁਰਾਂ ਨੂੰ ਪ੍ਰਾਪਤ ਨਹੀਂ ਹੁੰਦਾ। ਪ੍ਰਤੀਕੂਲ ਪੁਰਸ਼[42] ਹਮੇਸ਼ਾਂ[45] ਰਹਿਮ[43] ਦੀਆਂ ਜੂਨੀਆਂ ਅੰਦਰ[44] ਪ੍ਰਵੇਸ਼[46] ਕਰਦਾ ਹੈ।
ਆਪਿ[47] ਦਇਆਲਿ[48] ਦਇਆ[49] ਪ੍ਰਭਿ[50] ਧਾਰੀ[51]॥ ਮਲੁ[52] ਹਉਮੈ[53] ਬਿਖਿਆ[54] ਸਭ[55] ਨਿਵਾਰੀ[56] ॥	The Merciful[48] Lord[50] has Himself[47] been moved[51] with pity[49] and He has removed[56] all[55] the poisonous[54] filth[52] of ego[53].	ਮਿਹਰਬਾਨ[48] ਸੁਆਮੀ[50] ਨੇ ਆਪ[47] ਹੀ ਰਹਿਮਤ[49] ਕੀਤੀ[51] ਹੈ ਅਤੇ ਉਸ ਨੇ ਹੰਕਾਰ[53] ਦੀ ਸਾਰੀ[55] ਜ਼ਹਿਰੀਲੀ[54] ਮਲੀਨਤਾ[52] ਲਾਹ[56] ਸੁੱਟੀ ਹੈ।
ਨਾਨਕ ਹਟ[57] ਪਟਣ[58] ਵਿਚਿ ਕਾਂਇਆ[59] ਹਰਿ[63] ਲੈਂਦੇ[60] ਗੁਰਮੁਖਿ[61] ਸਉਦਾ[62] ਜੀਉ ॥੪॥੫॥	Nanak, the Guruwards[61] buy[60] the goods[62] of God's Name[63] from the stalls[57] of the city[58]of human body[59].	ਨਾਨਕ, ਗੁਰੂ-ਅਨੁਸਾਰੀ[61] ਮਨੁੱਖੀ ਦੇਹਿ[59] ਦੇ ਸ਼ਹਿਰ[58] ਦੀਆਂ ਦੁਕਾਨਾਂ[57] ਵਿਚੋਂ ਰੱਬ ਦੇ ਨਾਮ[63] ਦਾ ਸੌਦਾ ਸੂਤ[62] ਖ਼ਰੀਦਦੇ[60] ਹਨ।
ਮਾਝ ਮਹਲਾ ੪ ॥	Majh, Fourth Guru.	ਮਾਝ, ਚਉਥੀ ਪਾਤਸ਼ਾਹੀ।
ਹਉ[63]* ਗੁਣ[64] [65]ਗੋਵਿੰਦ[66] ਹਰਿਨਾਮੁ ਧਿਆਈ[67] ॥	I[63]* meditate[67] on the excellences[64] and the Name of God, the world[65] Master[66].	ਮੈਂ[63]* ਹਰੀ, ਸ੍ਰਿਸ਼ਟੀ[65] ਦੇ ਮਾਲਕ[66], ਦੀਆਂ ਉਤਕ੍ਰਿਸ਼ਟ-ਤਾਈਆਂ[64] ਤੇ ਨਾਮ ਦਾ ਅਰਾਧਨ[67] ਕਰਦਾ ਹਾਂ।
ਮਿਲਿ[68] ਸੰਗਤਿ[69] ਮਨਿ[70] ਨਾਮੁ ਵਸਾਈ[71] ॥	Joining[68] the guild of the[69] saints I place[71] God's Name within my mind[70].	ਸਾਧ-ਸਮਾਗਮ[69] ਨਾਲ ਜੁੜ[68] ਕੇ ਮੈਂ ਆਪਣੇ ਚਿਤ[70] ਅੰਦਰ ਵਾਹਿਗੁਰੂ ਦੇ ਨਾਮ ਨੂੰ ਟਿਕਾਉਂਦਾ[71] ਹਾਂ।
ਹਰਿ ਪ੍ਰਭੁ[72] ਅਗਮ[73] ਅਗੋ-	The Lord God[72] is the inaccessible[73]	ਵਾਹਿਗੁਰੂ ਸੁਆਮੀ[72] ਪਹੁੰਚ[73] ਤੋਂ ਪਰੇ ਅਤੇ ਅਗਾਧ[74]

ਚਰ[74] ਸੁਆਮੀ[75] ਮਿਲਿ[76] ਸਤਿਗੁਰ ਹਰਿਰਸੁ[77]ਕੀਚੈ[78] ਜੀਉ ॥ ੧ ॥	and inapprehensible[74] Master[75]. By meeting[76] True Guru, I enjoy[78] Divine bliss[77].	ਮਾਲਕ[75] ਹੈ । ਸੱਚੇ ਗੁਰਾਂ ਨੂੰ ਭੇਟਣ ਦੁਆਰਾ ਮੈਂ ਈਸ਼ਵਰੀ ਅਨੰਦ[77] ਨੂੰ ਮਾਣਦਾ[78] ਹਾਂ ।
੯੬	**96**	**੯੬**
ਧਨੁ[79] ਧਨੁ ਹਰਿਜਨ[80] ਜਿਨਿ[81]ਹਰਿ ਪ੍ਰਭੁ ਜਾਤਾ[82]॥	Blest[79], blest are the slaves[80] of God, who[81] know[82] Lord God.	ਮੁਬਾਰਕ[79], ਮੁਬਾਰਕ ਹਨ ਰੱਬ ਦੇ ਗੋਲੇ[80], ਜਿਹੜੇ[81] ਵਾਹਿਗੁਰੂ ਸੁਆਮੀ ਨੂੰ ਸਮਝਦੇ[82] ਹਨ ।
ਜਾਇ[85] ਪੁਛਾ[83] ਜਨ ਹਰਿ ਕੀ ਬਾਤਾ[84] ॥	I go[85] and ask[83] such slaves the discourses[84] of God.	ਮੈਂ ਜਾ[85] ਕੇ ਐਸੇ ਗੋਲਿਆਂ ਪਾਸੋਂ ਵਾਹਿਗੁਰੂ ਦੀਆਂ ਗੱਲਾਂ[84] ਪੁਛਦਾ[83] ਹਾਂ ।
ਪਾਵ[86] ਮਲੋਵਾ[87] ਮਲਿ ਮਲਿ[88] ਧੋਵਾ ਮਿਲਿ ਹਰਿਜਨ[89] ਹਰਿਰਸੁ[90] ਪੀਚੈ[91] ਜੀਉ ॥ ੨ ॥	I shampoo[87] their feet[86] and wash and rub them[88]. By meeting God's attendants[89], I quaff[91] God's ambrosia[90].	ਮੈਂ ਉਨ੍ਹਾਂ ਦੇ ਪੈਰਾਂ[86] ਦੀ ਮੁਠੀ-ਚਾਪੀ[87] ਕਰਦਾ ਅਤੇ ਉਨ੍ਹਾਂ ਨੂੰ ਸਾਫ਼ ਕਰਦਾ[88] ਤੇ ਧੋਂਦਾ ਹਾਂ । ਰੱਬ ਦੇ ਸੇਵਕਾਂ[89] ਨੂੰ ਮਿਲਕੇ, ਮੈਂ ਵਾਹਿਗੁਰੂ ਦੇ ਅੰਮ੍ਰਿਤ[90] ਨੂੰ ਪੀਂਦਾ[91] ਹਾਂ ।
ਸਤਿਗੁਰ ਦਾਤੈ[92] ਨਾਮੁ ਦਿੜਾਇਆ[93] ॥	True Guru, the bestower[92], has implanted[93] God's Name in my heart.	ਦਾਤਾਰ[92], ਸੱਚੇ ਗੁਰਾਂ ਨੇ ਮੇਰੇ ਦਿਲ ਅੰਦਰ ਵਾਹਿਗੁਰੂ ਦਾ ਨਾਮ ਪੱਕਾ[93] ਕਰ ਦਿੱਤਾ ਹੈ ।
[94]ਵਡਭਾਗੀ[95] ਗੁਰ ਦਰਸਨੁ[96] ਪਾਇਆ ॥	By the greatest[94] good luck[95], I have obtained the sight[96] of the Guru.	ਪਰਮ[94] ਚੰਗੇ ਨਸੀਬਾਂ[95] ਰਾਹੀਂ ਮੈਨੂੰ ਗੁਰਾਂ ਦਾ ਦੀਦਾਰ[96] ਪਰਾਪਤ ਹੋਇਆ ਹੈ ।
ਅੰਮ੍ਰਿਤੁ[97] ਰਸੁ[5] ਸਚੁ[98] ਅੰਮ੍ਰਿਤੁ[99] ਬੋਲੀ[100] ਗੁਰਿ ਪੂਰੈ[2] ਅੰਮ੍ਰਿਤੁ[3] ਲੀਚੈ[4] ਜੀਉ ॥ ੩ ॥	By uttering[100] the Nectarean[99] True[98] Name, I drink the ambrosial[97] essence[5]. It is from the perfect[2] Guru that the elixir[3] is obtained[4].	ਅੰਮ੍ਰਿਤਮਈ[99] ਸੱਚੇ[98] ਨਾਮ ਦਾ ਉਚਾਰਣ[100] ਕਰਨ ਦੁਆਰਾ ਮੈਂ ਆਬਿ-ਹਿਯਾਤੀ[97] ਜੌਹਰ[5] ਪਾਨ ਕਰਦਾ ਹਾਂ । ਪੂਰਨ[2] ਗੁਰਾਂ ਪਾਸੋਂ ਹੀ ਸੁਧਾਰਸ[3] ਪਰਾਪਤ[4] ਹੁੰਦਾ ਹੈ ।
ਹਰਿ ਸਤਸੰਗਤਿ[6] [7]ਸਤ-ਪੁਰਖੁ[8] ਮਿਲਾਈਐ[9] ॥	O' God ! cause me to[9] meet the society of the saints[6] and the true[7] persons[8].	ਹੇ ਵਾਹਿਗੁਰੂ ! ਮੈਨੂੰ ਸਾਧ ਸਮੇਲਣ[6] ਅਤੇ ਸੱਚੇ[7] ਪੁਰਸ਼ਾਂ[8] ਦੇ ਨਾਲ ਜੋੜ[9] ਦੇ ।
ਮਿਲਿ ਸਤਸੰਗਤਿ ਹਰਿਨਾਮੁ ਧਿਆਈਐ[10] ॥	On meeting the congregation of the pious persons I shall ponder[10] on God's Name.	ਪਵਿੱਤ੍ਰ ਪੁਰਸ਼ਾਂ ਦੀ ਸਭਾ ਨਾਲ ਮਿਲ ਕੇ ਮੈਂ ਰੱਬ ਦੇ ਨਾਮ ਦਾ ਅਰਾਧਨ[10] ਕਰਾਂਗਾ ।
ਨਾਨਕ ਹਰਿ ਕਥਾ[11] ਸੁਣੀ ਮੁਖਿ[12] ਬੋਲੀ[13] ਗੁਰਮਤਿ[14] ਹਰਿ ਨਾਮਿ ਪਰੀਚੈ[15] ਜੀਉ ॥੪॥੬॥	Nanak, God's gospel[11] I hear and recite[13] with my mouth[12]. Under Guru's instruction[14] I am satiated[15] with God's Name.	ਨਾਨਕ, ਵਾਹਿਗੁਰੂ ਦੀ ਵਾਰਤਾ[11] ਮੈਂ ਸਰਵਣ ਕਰਦਾ ਅਤੇ ਆਪਣੇ ਮੂੰਹ[12] ਨਾਲ ਉਚਾਰਦਾ[13] ਹਾਂ । ਗੁਰਾਂ ਦੇ ਉਪਦੇਸ਼[14] ਤਾਬੇ ਹਰੀ ਦੇ ਨਾਮ ਨਾਲ ਮੈਂ ਤ੍ਰਿਪਤ[15] ਹੋ ਜਾਂਦਾ ਹਾਂ ।
ਮਾਝ ਮਹਲਾ ੪ ॥	Majh, Fourth Guru.	ਮਾਝ, ਚਉਥੀ ਪਾਤਸ਼ਾਹੀ ।
ਆਵਹੁ ਭੈਣੇ[16]ਤੁਸੀ ਮਿਲਹੁ ਪਿਆਰੀਆ[17] ॥	Come, my sisters[16] ! meet me my dears[17].	ਆਓ, ਮੇਰੀਓ ਅੰਮਾ ਜਾਈਓ[16] ! ਮੈਨੂੰ ਮਿਲੋ ਮੇਰੀਆਂ ਸਨੇਹੀਓ[17] ।

ਸਤਿ[6] ਕਰੇ[7] ਜਿਨਿ ਗੁਰੂ ਪਛਾਤਾ[8] ਸੋ[9] ਕਾਹੇ ਕਉ[10] ਡਰਦਾ[11] ਜੀਉ ॥ ੩ ॥	He, who recognises[8] the Guru, practises[7] Truth[6]. Why[10] should he[9], then feel frightened[11] ?	ਜੋ ਗੁਰਾਂ ਨੂੰ ਸਿੰਞਾਣਦਾ[8] ਹੈ ਉਹ ਸੱਚ[6] ਦੀ ਕਮਾਈ[7] ਕਰਦਾ ਹੈ। ਉਹ[9] ਤਦ ਕਿਉਂ[10] ਭੈ-ਭੀਤ[11] ਹੋਵੇ ?
ਜਬ[12] ਤੇ ਸਾਧੂ ਸੰਗਤਿ[13] ਪਾਏ ॥ ਗੁਰ ਭੇਟਤ[14] ਹਉ[15] ਗਈ[16] ਬਲਾਏ[17] ॥	Since the time[12] I have obtained the society of saints[13] and met[14] the Guru, the demon[17] of pride[15] has departed[16].	ਜਿਸ ਵੇਲੇ[12] ਤੋਂ ਮੈਂ ਸਤਿਸੰਗਤ[13] ਪਰਾਪਤ ਕੀਤੀ ਹੈ ਅਤੇ ਗੁਰਾਂ ਨੂੰ ਮਿਲਿਆ[14] ਹਾਂ, ਹੰਕਾਰ[15] ਦਾ ਭੂਤ[17] ਦੂਰ[16] ਹੋ ਗਿਆ ਹੈ।
ਸਾਸਿ ਸਾਸਿ[18] ਹਰਿ ਗਾਵੈ[19] ਨਾਨਕੁ ਸਤਿਗੁਰ ਢਾਕਿ ਲੀਆ[20] ਮੇਰਾ ਪੜਦਾ[21] ਜੀਉ ॥੪॥੧੭॥੨੪॥	With every breath[18] of his, Nanak sings[19] the praises of God. The True Guru has screened[20] my sins[21].	ਆਪਣੇ ਹਰ ਸੁਆਸ[18] ਨਾਲ ਨਾਨਕ, ਵਾਹਿਗੁਰੂ ਦੀ ਕੀਰਤੀ ਗਾਇਨ[19] ਕਰਦਾ ਹੈ। ਸੱਚੇ ਗੁਰਾਂ ਨੇ ਮੇਰੇ ਪਾਪਾਂ[21] ਨੂੰ ਕੱਜ[20] ਦਿੱਤਾ ਹੈ।

ਮਾਝ ਮਹਲਾ ੫ ॥
ਓਤਿ[22] ਪੋਤਿ[23] ਸੇਵਕ[24] ਸੰਗਿ[25] ਰਾਤਾ[26] ॥
ਪ੍ਰਭ ਪ੍ਰਤਿਪਾਲੇ[27] ਸੇਵਕ ਸੁਖਦਾਤਾ[28] ॥
ਪਾਣੀ[29] ਪਖਾ[30] ਪੀਸਉ[31] ਸੇਵਕ ਕੈ ਠਾਕੁਰ ਹੀ ਕਾ ਆਹਰੁ[32] ਜੀਉ ॥੧॥

Majh, Fifth Guru.
Like warp[22] and woof[23] the Lord is intertwined[26] with[25] His servant[24].
The comfort-giver[28] Lord cherishes[27] His serf.
I carry water[29], wave fan[30] and grind[31] grain for the (God's) attendant who has the longing and occupation[32] of the Lord's service.

ਮਾਝ, ਪੰਜਵੀਂ ਪਾਤਸ਼ਾਹੀ।
ਤਾਣੇ[22] ਪੇਟੇ[23] ਦੀ ਤਰ੍ਹਾਂ ਸੁਆਮੀ ਆਪਣੇ ਦਾਸ[24] ਨਾਲ[25] ਇਕ ਮਿਕ[26] ਹੋਇਆ ਹੋਇਆ ਹੈ।
ਆਰਾਮ ਦੇਣਹਾਰ[28] ਸੁਆਮੀ ਆਪਣੇ ਨਫ਼ਰ ਦੀ ਪਰਵਰਸ਼[27] ਕਰਦਾ ਹੈ।
ਮੈਂ ਜਲ[29] ਢੋਂਦਾ ਹਾਂ, ਪੱਖੀ[30] ਝੱਲਦਾ ਹਾਂ ਅਤੇ ਦਾਣੇ ਪੀਂਹਦਾ[31] ਹਾਂ, (ਹਰੀ ਦੇ) ਟਹਿਲੂਏ ਲਈ ਜਿਸ ਨੂੰ ਪ੍ਰਭੂ ਦੀ ਚਾਕਰੀ ਦੀ ਹੀ ਚਾਹ ਤੇ ਰੁਝੇਵਾਂ[32] ਹੈ।

ਕਾਟਿ[33] ਸਿਲਕ[34] ਪ੍ਰਭਿ ਸੇਵਾ[35] ਲਾਇਆ[36] ॥
ਹੁਕਮੁ[37] ਸਾਹਿਬ ਕਾ ਸੇਵਕ ਮਨਿ[38] ਭਾਇਆ[39] ॥
ਸੋਈ[40] ਕਮਾਵੈ[41] ਜੋ[42] ਸਾਹਿਬ ਭਾਵੈ[43] ਸੇਵਕੁ ਅੰਤਰਿ[44] ਬਾਹਰਿ[45] ਮਾਹਰੁ[46] ਜੀਉ ॥੨॥
ਤੂੰ ਦਾਨਾ[47] ਠਾਕੁਰੁ[49] ਸਭ ਬਿਧਿ[48] ਜਾਨਹਿ[50] ॥

The Lord has cut[33] my noose[34] and yoked[36] me to His service[35].
The order[37] of the Lord is pleasing[39] to His slave's mind[38].
He does[41] that[40] what[42] is pleasing[43] to his Master. Within[44] and without[45] the servant becomes supreme[46].
Thou art the wise[47] Master[49] and knowest[50] all the ways[48].

ਸਾਹਿਬ ਨੇ ਮੇਰੀ ਫਾਹੀ[34] ਕਟ ਸੁਟੀ[33] ਹੈ ਅਤੇ ਮੈਨੂੰ ਆਪਣੀ ਟਹਿਲ ਸੇਵਾ[35] ਅੰਦਰ ਜੋੜ[36] ਲਿਆ ਹੈ।
ਸੁਆਮੀ ਦਾ ਫ਼ਰਮਾਨ[37] ਉਸ ਦੇ ਗੋਲੇ ਦੇ ਚਿੱਤ[38] ਨੂੰ ਚੰਗਾ[39] ਲੱਗਦਾ ਹੈ।
ਉਹ ਉਹੀ ਕੁਛ[40] ਕਰਦਾ[41] ਹੈ, ਜਿਹੜਾ[42] ਉਸ ਦੇ ਮਾਲਕ ਨੂੰ ਭਾਉਂਦਾ[43] ਹੈ। ਅੰਦਰ[44] ਤੇ ਬਾਹਰਵਾਰ[45] ਨੌਕਰ ਸ਼ਰੋਮਣੀ[46] ਹੋ ਜਾਂਦਾ ਹੈ।
ਤੂੰ ਸਿਆਣਾ[47] ਮਾਲਕ[49] ਹੈਂ ਅਤੇ ਸਾਰੀਆਂ ਜੁਗਤੀਆਂ[48] ਜਾਣਦਾ[50] ਹੈਂ।

੧੦੨ 102 ੧੦੨

ਠਾਕੁਰ ਕੇ ਸੇਵਕ ਹਰਿਰੰਗ[51] ਮਾਣਹਿ[52] ॥
ਜੋ ਕਿਛੁ[53] ਠਾਕੁਰ ਕਾ[54] ਸੋ[55] ਸੇਵਕ[58] ਕਾ ਸੇਵਕੁ ਠਾਕੁਰ ਹੀ ਸੰਗਿ[56] ਜਾਹਰੁ[57] ਜੀਉ ॥ ੩ ॥
ਅਪੁਨੈ[59] ਠਾਕੁਰਿ ਜੋ[60] ਪਹਿਰਾਇਆ[61] ॥ ਬਹੁਰਿ[62] ਨ ਲੇਖਾ[63] ਪੁਛਿ ਬੁਲਾਇਆ[64] ॥
ਤਿਸੁ[70] ਸੇਵਕ ਕੈ ਨਾਨਕ ਕੁਰਬਾਣੀ[65] ਸੋ[66] ਗਹਿਰ[67] ਗੰਭੀਰਾ[68] ਗਉਹਰੁ[69] ਜੀਉ ॥ ੪ ॥ ੧੮ ॥ ੨੪ ॥

The Lord's serfs enjoy[52] God's affection[51].
What[53] belongs to[54] the Lord, that[55] belongs to His page[58]. The page is distinguished[57] in the association[56] of his Lord.
He, whom[60] his[59] Master clothes with the robe of honour[61], is not called[64] to account[63] again[62].
To that[70] servant, Nanak is a sacrifice[65]. He[66] is the pearl[69] of the deep[67] and infinite[68] Lord.

ਸਾਹਿਬ ਦੇ ਨਫ਼ਰ ਵਾਹਿਗੁਰੂ ਦੀ ਪ੍ਰੀਤ[51] ਦਾ ਅਨੰਦ[52] ਭੋਗਦੇ ਹਨ।
ਜਿਹੜਾ ਕੁਝ[53] ਸੁਆਮੀ[54] ਦਾ ਹੈ, ਉਹ[55] ਉਸ ਦੇ ਗੁਮਾਸ਼ਤੇ[58] ਦਾ ਹੈ। ਗੁਮਾਸ਼ਤਾ ਆਪਣੇ ਸੁਆਮੀ ਦੀ ਸੰਗਤ[56] ਅੰਦਰ ਹੀ ਉਘਾ ਤੇ ਉਜਾਗਰ[57] ਹੁੰਦਾ ਹੈ।
ਜਿਸ[60] ਨੂੰ ਉਸ[59] ਦਾ ਮਾਲਕ ਇੱਜ਼ਤ ਦੀ ਪੁਸ਼ਾਕ[61] ਪਹਿਨਾਉਂਦਾ ਹੈ, ਉਸ ਨੂੰ ਮੁੜ[62] ਕੇ ਲੇਖੇ ਪਤੇ[63] ਲਈ ਨਹੀਂ ਸੱਦਦਾ[64]।
ਉਸ[70] ਨੌਕਰ ਤੋਂ, ਨਾਨਕ ਬਲਿਹਾਰੇ[65] ਜਾਂਦਾ ਹੈ। ਉਹ[66] ਡੂੰਘੇ[67] ਤੇ ਬੇਅੰਤ[68] ਸੁਆਮੀ ਦਾ ਮੋਤੀ[69] ਹੈ।

ਮਾਝ ਮਹਲਾ ੫ ॥
ਸਭ ਕਿਛੁ[71] ਘਰ[72] ਮਹਿ[73] ਬਾਹਰਿ ਨਾਹੀ ॥

Majh, Fifth Guru.
Everything[71] is within[73] the home[72], not even one is without.

ਮਾਝ, ਪੰਜਵੀਂ ਪਾਤਸ਼ਾਹੀ।
ਹਰ[71] ਸ਼ੈ ਗ੍ਰਿਹਿ[72] ਦੇ ਵਿਚ[73] ਹੈ, ਇਕ ਭੀ ਬਾਹਰਵਾਰ ਨਹੀਂ।

ਬਾਹਰਿ ਟੋਲੈ[74] ਸੋ[75] ਭਰਮਿ[76] ਭੁਲਾਹੀ[77] ॥

He[75], who seeks[74] without, is lost[77] in doubt[76].

ਜੋ ਬਾਹਰਵਾਰ ਢੂੰਡਦਾ[74] ਹੈ, ਉਹ[75] ਸੰਸੇ[76] ਅੰਦਰ ਘੁਸ[77] ਜਾਂਦਾ ਹੈ।

ਗੁਰ ਪਰਸਾਦੀ[78] ਜਿਨੀ ਅੰਤਰਿ[79] ਪਾਇਆ[80] ਸੋ[81] ਅੰਤਰਿ ਬਾਹਰਿ ਸੁਹੇਲਾ[82] ਜੀਉ ॥ ੧ ॥

By Guru's grace[78] he[81], who has found[80] the Lord in his mind[79], is comfortable[82] within and without.

ਗੁਰਾਂ ਦੀ ਦਇਆ[78] ਦੁਆਰਾ ਜਿਸ ਨੇ ਪ੍ਰਭੂ ਨੂੰ ਆਪਣੇ ਅੰਤਸ਼ਕਰਨ[79] ਅੰਦਰ ਭਾਲ[80] ਲਿਆ ਹੈ, ਉਹ[81] ਅੰਦਰੋਂ ਤੇ ਬਾਹਰੋਂ ਸੁਖੀ[82] ਹੈ।

ਝਿਮਿ[83] ਝਿਮਿ ਵਰਸੈ[84] ਅੰਮ੍ਰਿਤ[85] ਧਾਰਾ[86] ॥

Within him the stream[86] of Nectar[85] uniformly[83] rains[84].

ਉਸ ਦੇ ਅੰਦਰ ਸੁਧਾਰਸ[85] ਦੀ ਨਦੀ ਇਕ[83] ਰਸ[86] ਵਰ੍ਹਦੀ[84] ਹੈ।

ਮਨੁ[87] ਪੀਵੈ[88] ਸੁਨਿ[89] ਸਬਦੁ[90] ਬੀਚਾਰਾ[91] ॥

The soul[87] drinks[88], hears[89] and reflect[91] upon the Name[90].

ਆਤਮਾ[87] ਨਾਮ[90] ਨੂੰ ਪੀਂਦੀ[88], ਸੁਣਦੀ[89] ਤੇ ਵੀਚਾਰਦੀ[91] ਹੈ।

ਅਨਦ[92] ਬਿਨੋਦ[93] ਕਰੇ ਦਿਨ ਰਾਤੀ[94] ਸਦਾ[95] ਸਦਾ ਹਰਿ ਕੇਲਾ[96] ਜੀਉ ॥ ੨ ॥

It rejoices[92] and enjoys[93] day and night[94], and sports[96] with God for ever and aye[95].

ਇਹ ਦਿਨ[94] ਰੈਣ ਖੁਸ਼ੀਆਂ[92] ਤੇ ਮੌਜਾਂ[93] ਕਰਦੀ ਹੈ ਅਤੇ ਸਦੀਵ ਤੇ ਹਮੇਸ਼ਾਂ[95] ਲਈ ਵਾਹਿਗੁਰੂ ਨਾਲ ਖੇਡਦੀ[96] ਹੈ।

ਜਨਮ ਜਨਮ[97] ਕਾ ਵਿਛੁੜਿਆ[98] ਮਿਲਿਆ[4] ॥ ਸਾਧ[99] ਕ੍ਰਿਪਾ[100] ਤੇ ਸੂਕਾ[2] ਹਰਿਆ[3] ॥

By saint-Guru's[99] grace[100], separated[98] since many births[97], I have now met[4] God and though dried up[2] have reverdured[3].

ਸੰਤ-ਗੁਰਾਂ[99] ਦੀ ਰਹਿਮਤ[100] ਦਾਂ ਸਦਕਾ, ਅਨੇਕਾਂ ਜਨਮਾਂ[97] ਤੋਂ ਵਿਛੁੰਨਾ[98], ਮੈਂ ਹੁਣ ਵਾਹਿਗੁਰੂ ਨੂੰ ਮਿਲ[4] ਪਿਆ ਹਾਂ ਅਤੇ ਸੁੱਕਾ ਸੜਿਆ[2] ਹੋਣ ਦੇ ਬਾਵਜੂਦ ਹਰਾ-ਭਰਾ[3] ਹੋ ਗਿਆ ਹਾਂ।

[5]ਸੁਮਤਿ[6] ਪਾਏ ਨਾਮੁ ਧਿਆਏ[7] ਗੁਰਮੁਖਿ[8] ਹੋਏ ਮੇਲਾ[9] ਜੀਉ ॥ ੩ ॥

Through the Guru[8], I have obtained exquisite[5] understanding[6], have meditated[7] on the Name and have met[9] the Lord.

ਗੁਰਾਂ ਦੇ ਰਾਹੀਂ[8] ਮੈਨੂੰ ਸਰੇਸ਼ਟ[5] ਸਮਝ[6] ਪਰਾਪਤ ਹੋ ਗਈ ਹੈ, ਮੈਂ ਨਾਮ ਦਾ ਸਿਮਰਨ[7] ਕੀਤਾ ਹੈ ਅਤੇ ਮੇਰਾ ਸੁਆਮੀ ਨਾਲ ਮਿਲਾਪ[9] ਹੋ ਗਿਆ ਹੈ।

ਜਲ[10] ਤਰੰਗੁ[11] ਜਿਉ[12] ਜਲਹਿ ਸਮਾਇਆ[13] ॥ ਤਿਉ[14] ਜੋਤੀ[15] ਸੰਗਿ[16] ਜੋਤਿ[17] ਮਿਲਾਇਆ[18] ॥

As[12] the waves[11] of water[10] blend[13] with water, so[14] my light[17] is blended[18] with[16] the Lord's light[15].

ਜਿਸ[12] ਤਰ੍ਹਾਂ ਪਾਣੀ[10] ਦੀਆਂ ਲਹਿਰਾਂ[11] ਪਾਣੀ ਨਾਲ ਮਿਲ[13] ਜਾਂਦੀਆਂ ਹਨ, ਏਸੇ ਤਰ੍ਹਾਂ[14] ਮੇਰਾ ਨੂਰ[17] ਸਾਈਂ ਦੇ ਨੂਰ[15] ਨਾਲ[16] ਮਿਲ[18] ਗਿਆ ਹੈ।

ਕਹੁ[19] ਨਾਨਕ ਭ੍ਰਮ[20] ਕਟੇ[21] ਕਿਵਾੜਾ[22] ਬਹੁੜਿ[23] ਨ ਹੋਈਐ ਜਉਲਾ[24] ਜੀਉ ॥ ੪ ॥ ੧੯ ॥ ੨੬ ॥

Says[19] Nanak, the shutters[22] of delusion[20] have been hewed[21] down and there shall be no more[23] wandering[24].

ਗੁਰੂ ਜੀ ਆਖਦੇ[19] ਹਨ, ਸੰਦੇਹ[20] ਦੇ ਤਖਤੇ[22] ਵਢੇ ਗਏ[21] ਹਨ, ਅਤੇ ਮੁੜ[23] ਕੇ ਭਟਕਣਾ[24] ਨਹੀਂ ਹੋਵੇਗਾ।

ਮਾਝ ਮਹਲਾ ੫ ॥

Majh, Fifth Guru.

ਮਾਝ, ਪੰਜਵੀਂ ਪਾਤਸ਼ਾਹੀ।

ਤਿਸੁ[25] ਕੁਰਬਾਣੀ[26] ਜਿਨਿ ਤੂੰ ਸੁਣਿਆ[27] ॥ ਤਿਸੁ ਬਲਿਹਾਰੀ ਜਿਨਿ ਰਸਨਾ[28] ਭਣਿਆ[29] ॥

Sacrifice[26] am I to him[25] who has heard[27] of Thee. Sacrifice am I to him who has uttered[29] Thy Name with his tongue[28].

ਘੋਲੀ ਜਾਂਦਾ[26] ਹਾਂ ਮੈਂ ਉਸ[25] ਉਤੋਂ ਜਿਸ ਨੇ ਤੇਰੇ ਬਾਰੇ ਸਰਵਣ[27] ਕੀਤਾ ਹੈ, ਘੋਲੀ ਜਾਂਦਾ ਹਾਂ ਮੈਂ ਉਸ ਤੋਂ ਜਿਸ ਨੇ ਆਪਣੀ ਜਿਹਭਾ[28] ਨਾਲ ਤੇਰੇ ਨਾਮ ਦਾ ਉਚਾਰਣ[29] ਕੀਤਾ ਹੈ।

ਵਾਰਿ[30] ਵਾਰਿ ਜਾਈ ਤਿਸੁ

I am ever a sacrifice[30] unto[31] him,

ਮੈਂ ਸਦੀਵ ਹੀ ਸਦਕੇ[30] ਜਾਂਦਾ ਹਾਂ ਉਸ ਉਤੋਂ[31], ਜਿਹੜਾ

ਵਿਟਹੁ[31] ਜੋ ਮਨਿ[32] ਤਨਿ[33] ਤੁਧੁ ਆਰਾਧੇ[34] ਜੀਉ ॥੧॥	who with his soul[32] and body[33] meditates[34] on Thee, O' Lord !	ਆਪਣੀ ਆਤਮਾ[32] ਤੇ ਦੇਹਿ[33] ਨਾਲ ਤੇਰਾ ਸਿਮਰਨ[34] ਕਰਦਾ ਹੈ, ਹੇ ਸਾਹਿਬ !
ਤਿਸੁ ਚਰਣ[35] ਪਖਾਲੀ[36] ਜੋ ਤੇਰੈ ਮਾਰਗਿ[37] ਚਾਲੈ[38] ॥	I shampoo[36] the feet[35] of him who walks[38] in Thine path[37].	ਮੈਂ ਉਸ ਦੇ ਪੈਰ[35] ਧੋਂਦਾ[36] ਹਾਂ ਜਿਹੜੇ ਤੇਰੇ ਰਸਤੇ[37] ਤੇ ਟੁਰਦਾ[38] ਹੈ ।
ਨੈਨ[39] ਨਿਹਾਲੀ[40] ਤਿਸੁ[41] ਪੁਰਖ[42] ਦਇਆਲੈ[43] ॥	With mine eyes[39], I long to behold[40] that[41] beneficent[43] person[42].	ਆਪਣਿਆਂ ਨੇਤ੍ਰਾਂ[39] ਨਾਲ ਮੈਂ ਉਸ[41] ਮਿਹਰਬਾਨ[43] ਪੁਰਸ਼[42] ਨੂੰ ਵੇਖਣ[40] ਲਈ ਲੋਚਦਾ ਹਾਂ ।
ਮਨੁ[44] ਦੇਵਾ[45] ਤਿਸੁ[46] ਅਪੁਨੇ ਸਾਜਨ[47] ਜਿਨਿ ਗੁਰ ਮਿਲਿ ਸੋ ਪ੍ਰਭੁ[49] ਲਾਧੇ[48] ਜੀਉ ॥੨॥	I tender[45] my soul[44] unto that[46] friend[47] of mine, who meeting the Guru, has found[48] that Lord[49].	ਮੈਂ ਆਪਣੀ ਜਿੰਦੜੀ[44] ਉਸ[46], ਆਪਣੇ ਮਿਤ੍ਰ[47] ਨੂੰ ਅਰਪਣ[45] ਕਰਦਾ ਹਾਂ, ਜਿਸ ਨੇ ਗੁਰਾਂ ਨਾਲ ਮਿਲ ਕੇ ਉਸ ਸੁਆਮੀ[49] ਨੂੰ ਭਾਲ[48] ਲਿਆ ਹੈ ।
ਸੇ[50] ਵਡਭਾਗੀ[51] ਜਿਨਿ ਤੁਮ ਜਾਣੇ[52] ॥	Greatly fortunate[51] are they[50] who know[52] Thee.	ਭਾਰੇ ਚੰਗੇ ਕਰਮਾਂ[51] ਵਾਲੇ ਹਨ ਉਹ[50] ਜੋ ਤੈਨੂੰ ਜਾਣਦੇ[52] ਹਨ ।
ਸਭ[53] ਕੈ ਮਧੇ[54] ਅਲਿਪਤ[55] ਨਿਰਬਾਣੇ[56] ॥	Amidst[54] all[53] they remain apart[55] and unaffected[56].	ਸਾਰਿਆਂ[53] ਦੇ ਵਿਚਕਾਰ[54] ਉਹ ਅਟੰਕ[55] ਤੇ ਨਿਰਲੇਪ[56] ਰਹਿੰਦੇ ਹਨ ।
ਸਾਧ ਕੈ ਸੰਗਿ[57] ਉਨਿ[58] [59]ਭਉਜਲੁ[60] ਤਰਿਆ[61] ਸਗਲ[62] ਦੂਤ[63] ਉਨਿ ਸਾਧੇ[64] ਜੀਉ ॥ ੩ ॥	In the society of saints[57] they[58] cross[61] the terrible[59] world-ocean[60] and conquer[64] all[62] their evil passions[63].	ਸਤਿਸੰਗਤ[57] ਅੰਦਰ ਉਹ[58] ਭਿਆਨਕ[59] ਸੰਸਾਰ ਸਮੁੰਦਰ[60] ਤੋਂ ਪਾਰ[61] ਹੋ ਜਾਂਦੇ ਹਨ ਅਤੇ ਆਪਣੇ ਸਮੂਹ[62] ਮੰਦ ਵਿਸ਼ੇ ਵੇਗਾਂ[63] ਤੇ ਜਿੱਤ ਪਾ ਲੈਂਦੇ[64] ਹਨ ।
ਤਿਨ[65] ਕੀ ਸਰਣਿ[66] ਪਰਿਆ[67] ਮਨੁ ਮੇਰਾ[68] ॥	Their[65] asylum[66] my soul[68] has entered[67].	ਉਨ੍ਹਾਂ[65] ਦੀ ਸ਼ਰਣਾਗਤ[66] ਮੇਰੀ ਜਿੰਦੜੀ[68] ਨੇ ਸੰਭਾਲੀ[67] ਹੈ ।
ਮਾਣੁ[69] ਤਾਣੁ[70] ਤਜਿ[71] ਮੋਹੁ[72] ਅੰਧੇਰਾ[73] ॥	It has eschewed[71] its self-conceit[69], self-strength[70] and the darkness[73] of worldly love[72].	ਇਸ ਨੇ ਆਪਣੀ ਸਵੈ-ਹੰਗਤਾ[69], ਸਵੈ-ਬਲ[70] ਅਤੇ ਸੰਸਾਰੀ ਮਮਤਾ[72] ਦਾ ਅਨ੍ਹੇਰਾ[73] ਛੱਡ[71] ਦਿੱਤਾ ਹੈ ।
ਨਾਮੁ ਦਾਨੁ[74] ਦੀਜੈ[75] ਨਾਨਕ ਕਉ ਤਿਸੁ[76] ਪ੍ਰਭ[79] ਅਗਮ[77] ਅਗਾਧੇ[78] ਜੀਉ ॥ ੪ ॥ ੨੦ ॥ ੨੭ ॥	(O' my saintly Guru !)grant[75] Nanak the gift[74] of the Name of that[76] unapproachable[77] and unfathomable[78] Lord[79].	(ਹੇ ਮੇਰੇ ਸੰਤ ਸਰੂਪ ਗੁਰੂ ਜੀ !) ਨਾਨਕ ਨੂੰ ਉਸ[76] ਪਹੁੰਚ[77] ਤੋਂ ਪਰੇ ਅਤੇ ਥਾਹ-ਰਹਿਤ[78] ਸਾਹਿਬ[79] ਦੇ ਨਾਮ ਦੀ ਦਾਤ[74] ਪ੍ਰਦਾਨ[75] ਕਰੋ ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਤੂੰ ਪੇਡੁ[80] ਸਾਖ[81] ਤੇਰੀ ਫੂਲੀ[82] ॥	Thou art the tree[80], Thy branch[81] has blossomed[82].	ਤੂੰ ਬ੍ਰਿਛ[80] ਹੈਂ, ਤੇਰੀ ਟਹਿਣੀ[81] ਪ੍ਰਫੁਲਤ[82] ਹੋਈ ਹੈ ।
ਤੂੰ ਸੂਖਮੁ[83] ਹੋਆ[84] ਅਸਥੂਲੀ[85] ॥	From being very minute[83] Thou hast become[84] very big[85].	ਨਿਹਾਇਤ ਹੀ ਮਹੀਨ[83] ਤੋਂ ਤੂੰ ਬਹੁਤ ਹੀ ਵੱਡਾ[85] ਹੋਇਆ[84] ਹੈਂ ।
ਤੂੰ ਜਲ[86] ਨਿਧਿ[87] ਤੂੰ ਫੇਨੁ[88] ਬੁਦਬੁਦਾ[89] ਤੁਧੁ ਬਿਨੁ[90] ਅਵਰੁ[91] ਨ ਭਾਲੀਐ ਜੀਉ ॥੧॥	Thou art the ocean[87] of water[86] and Thou its foam[88] and bubble[89]. Without[90] Thee I see[92] not another[91].	ਤੂੰ ਪਾਣੀ[86] ਦਾ ਸਮੁੰਦਰ[87] ਹੈਂ ਅਤੇ ਤੂੰ ਹੀ ਇਸ ਦੀ ਝੱਗ[88] ਤੇ ਬੁਲਬੁਲਾ[89] । ਤੇਰੇ ਬਾਝੋਂ[90] ਮੈਨੂੰ ਹੋਰ ਕੋਈ[91] ਦਿਸ[92] ਨਹੀਂ ਆਉਂਦਾ ।

ਤੂੰ ਸੂਤੁ[93] ਮਣੀਏ[94] ਭੀ ਤੂੰਹੈ ॥
ਤੂੰ ਗੰਠੀ[95] ਮੇਰੁ[96] ਸਿਰਿ[97] ਤੂੰਹੈ ॥
ਆਦਿ[98] ਮਧਿ[99] ਅੰਤਿ[100] ਪ੍ਰਭੁ ਸੋਈ[2] ਅਵਰੁ ਨ ਕੋਈ ਦਿਖਾਲੀਐ[4] ਜੀਉ ॥ ੨ ॥
ਤੂੰ ਨਿਰਗੁਣੁ[5] ਸਰਗੁਣੁ[6] ਸੁਖਦਾਤਾ[7] ॥
ਤੂੰ ਨਿਰਬਾਣੁ[8] ਰਸੀਆ[9] ਰੰਗਿ ਰਾਤਾ[10] ॥
ਅਪਣੇ ਕਰਤਬ[11] ਆਪੇ[12] ਜਾਣਹਿ ਆਪੇ ਤੁਧੁ ਸਮਾਲੀਐ[13] ਜੀਉ ॥ ੩ ॥
ਤੂੰ ਠਾਕੁਰੁ[14] ਸੇਵਕੁ[15] ਫੁਨਿ[16] ਆਪੇ ॥
ਤੂੰ ਗੁਪਤੁ[17] ਪਰਗਟੁ[18] ਪ੍ਰਭੁ[19] ਆਪੇ ॥
ਨਾਨਕ ਦਾਸੁ[20] ਸਦਾ[21] ਗੁਣ[22] ਗਾਵੈ ਇਕ ਭੋਰੀ[23] ਨਦਰਿ[24] ਨਿਹਾਲੀਐ[25] ਜੀਉ ॥੪ ॥ ੨੧ ॥ ੨੮ ॥

Of the rosary Thou art the thread[93] and Thou its beads[94] too.
Thou art its knots[95] and Thou its topmost[97] chief bead[96].
In the beginning[98], the middle[99] and in the end[100] that[2] Lord is. No one else comes to my view[4].
Thou art unqualitative[5], qualitative[6] and the peace-giver[7].
Thou art unaffected[8], the enjoyer[9] and imbued in affection[10].
Thine ingenuities[11] Thou Thyself[12] knowest. It is thou who rememberest[13] Thyself.
Thou art the Master[14] and Thou again[16] the servant[15].
Thou, O' Lord[19] ! art unmanifest[17] and manifest[18] Thyself.
Serf[20] Nanak ever[21] sings Thine praises[22]. For a moment[23] look[25] on him with Thine gracious glance[24].

ਮਾਲਾ ਦਾ ਤੂੰ ਧਾਗਾ[93] ਹੈਂ ਅਤੇ ਇਸ ਦੇ ਮਣਕੇ[94] ਭੀ ਤੂੰ ਹੀ।
ਤੂੰ ਇਸ ਦੀਆਂ ਗੰਢਾਂ[95] ਹੈਂ ਅਤੇ ਤੂੰ ਹੀ ਇਸ ਦਾ ਸਿਖਰਲਾ[97] ਵੱਡਾ ਮਣਕਾ[96]।
ਆਰੰਭ[98], ਵਿਚਕਾਰ[99] ਤੇ ਅਖ਼ੀਰ[100] ਵਿਚ ਉਹੀ[2] ਸਾਹਿਬ ਹੈ। ਕੋਈ ਹੋਰ ਮੈਨੂੰ ਨਜ਼ਰੀ[4] ਨਹੀਂ ਪੈਂਦਾ।
ਤੂੰ ਲਛਣਾ-ਰਹਿਤ[5], ਲਛਣਾ-ਸਹਿਤ[6] ਅਤੇ ਆਰਾਮ ਬਖ਼ਸ਼ਣਹਾਰ[7] ਹੈਂ।
ਤੂੰ ਨਿਰਲੇਪ,[8] ਆਨੰਦ-ਮਾਨਣਹਾਰ[9] ਅਤੇ ਪ੍ਰੀਤ ਅੰਦਰ ਰੰਗਿਆ[10] ਹੋਇਆ ਹੈਂ।
ਆਪਣੇ ਹੁਨਰ[11] ਤੂੰ ਆਪ ਖ਼ੁਦ[12] ਹੀ ਜਾਣਦਾ ਹੈਂ। ਤੂੰ ਆਪ ਹੀ ਆਪਣਾ ਸਿਮਰਨ[13] ਕਰਦਾ ਹੈਂ।
ਤੂੰ ਮਾਲਕ[14] ਹੈਂ ਅਤੇ ਫਿਰ[16] ਤੂੰ ਆਪ ਹੀ ਨੌਕਰ[15]।
ਤੂੰ, ਹੇ ਸਾਈਂ[19] ! ਪੋਸ਼ੀਦਾ[17] ਹੈਂ ਅਤੇ ਆਪ ਹੀ ਪਰਤੱਖ[18]।
ਨਫ਼ਰ[20] ਨਾਨਕ ਸਦੀਵ[21] ਹੀ ਤੇਰੀ ਕੀਰਤੀ[22] ਗਾਇਨ ਕਰਦਾ ਹੈ। ਇਕ ਮੁਹਤ[23] ਲਈ ਉਸ ਵਲ ਆਪਣੀ ਦਇਆ ਦ੍ਰਿਸ਼ਟੀ[24] ਨਾਲ ਤੱਕ[25]।

੧੦੩

ਮਾਝ ਮਹਲਾ ੫ ॥
ਸਫਲੁ[26] ਸੁ[27] ਬਾਣੀ[28] ਜਿਤੁ[29] ਨਾਮੁ ਵਖਾਣੀ[30] ॥
ਗੁਰ ਪਰਸਾਦਿ[31] ਕਿਨੈ ਵਿਰਲੈ[34] ਜਾਣੀ[32] ॥
ਧੰਨੁ[33] ਸੁ[35] ਵੇਲਾ[36] ਜਿਤੁ[37] ਹਰਿ ਗਾਵਤ[38] ਸੁਨਣਾ[39] ਆਏ[40] ਤੇ[41] ਪਰਵਾਨਾ[42] ਜੀਉ ॥ ੧ ॥
ਸੇ[43] ਨੇਤ੍ਰ[44] ਪਰਵਾਣੁ[45] ਜਿਨੀ ਦਰਸਨੁ[46] ਪੇਖਾ[47] ॥
ਸੇ ਕਰ[48] ਭਲੇ[49] ਜਿਨੀ

103

Majh, Fifth Guru.

Blest[26] are the[27] words[28] wherewith[29] the Name (of God) is uttered[30].
Rare[34] is the person who knows[32] such an utterance by the Guru's grace[31].
Auspicious[33] is the[35] time[36] when[37] man sings[38] and hears[39] the God's praises. Acceptable[42] is the advent[40] in this world of such a man[41].
Acceptable[45] are the[43] eyes[44] which behold[47] the Lord's sight[46].
Praiseworthy[49] are the hands[48] that

੧੦੩

ਮਾਝ, ਪੰਜਵੀਂ ਪਾਤਸ਼ਾਹੀ।

ਮੁਬਾਰਕ[26] ਹਨ ਉਹ[27] ਸ਼ਬਦ[28] ਜਿਨ੍ਹਾਂ ਦੁਆਰਾ[29] ਹਰੀ ਦੇ ਨਾਮ ਦਾ ਉਚਾਰਣ[30] ਕੀਤਾ ਜਾਂਦਾ ਹੈ।
ਕੋਈ ਟਾਵਾਂ[34] ਹੀ ਪੁਰਸ਼ ਹੈ ਜੋ ਐਸੇ ਉਚਾਰਣ ਨੂੰ ਗੁਰਾਂ ਦੀ ਦਇਆ[31] ਦੁਆਰਾ ਜਾਣਦਾ[32] ਹੈ।
ਸੁਭਹਾਨ[33] ਹੈ ਉਹ[35] ਸਮਾਂ[36] ਜਦ[37] ਇਨਸਾਨ ਵਾਹਿਗੁਰੂ ਦਾ ਜੱਸ ਗਾਇਨ[38] ਤੇ ਸਰਵਣ[39] ਕਰਦਾ ਹੈ। ਪ੍ਰਮਾਣੀਕ[42] ਹੈ ਐਸੇ[41] ਇਨਸਾਨ ਦਾ ਆਗਮਨ[40] ਇਸ ਜਗ ਅੰਦਰ।
ਪ੍ਰਮਾਣੀਕ[45] ਹਨ ਉਹ[43] ਅੱਖਾਂ[44] ਜਿਹੜੀਆਂ ਪ੍ਰਭੂ ਦਾ ਦੀਦਾਰ[46] ਦੇਖਦੀਆਂ[47] ਹਨ।
ਸ਼ਲਾਘਾ-ਯੋਗ[49] ਹਨ ਉਹ ਹਥ[48] ਜਿਹੜੇ (ਵਾਹਿਗੁਰੂ

ਹਰਿ ਜਸੁ[50] ਲੇਖਾ[51] ॥	write[51] the praise[50] (of God).	ਦੀ) ਉਪਮਾ[50] ਲਿਖਦੇ[51] ਹਨ ।
ਸੇ ਚਰਣ[52] ਸੁਹਾਵੇ[53] ਜੋ ਹਰਿ ਮਾਰਗਿ[54] ਚਲੇ[55] ਹਉ[56] ਬਲਿ[57] ਤਿਨਿ[58] ਸੰਗਿ[59] ਪਛਾਣਾ[60] ਜੀਉ ॥ ੨ ॥	Beautiful[53] are the feet[52] which walk[55] in the Lord's way[54] Sacrifice[57] am I[56] to them[58] in whose company[59] I rerognise[60] God.	ਸੁੰਦਰ[53] ਹਨ ਉਹ ਪੈਰ[52] ਜਿਹੜੇ ਸੁਆਮੀ ਦੇ ਰਾਹ[54] ਅੰਦਰ ਟਰਦੇ[55] ਹਨ । ਕੁਰਬਾਨ[57] ਹਾਂ ਮੈਂ[56] ਉਨ੍ਹਾਂ[58] ਉਤੋਂ ਜਿਨ੍ਹਾਂ ਦੀ ਸੰਗਤ[59] ਵਿਚ ਮੈਂ ਵਾਹਿਗੁਰੂ ਨੂੰ ਸਿਞਾਣਦਾ[60] ਹਾਂ ।
ਸੁਣਿ[61] ਸਾਜਨ[62] ਮੇਰੇ ਮੀਤ[63] ਪਿਆਰੇ[64] ॥	Hearken[61], O' my friend[62] intimate[63] and beloved[64] !	ਕੰਨ[61] ਕਰ ਹੇ ਮੇਰੇ ਯਾਰ,[62] ਦੋਸਤ[63] ਤੇ ਪ੍ਰੀਤਮ[64] !
ਸਾਧਸੰਗਿ[65] ਖਿਨ[66] ਮਾਹਿ[67] ਉਧਾਰੇ[68] ॥	In the society of the saints[65] thou shalt be saved[68] in[67] a moment[66].	ਸਤਿਸੰਗਤ[65] ਅੰਦਰ ਤੇਰਾ ਇਕ ਮੁਹਤ[66] ਵਿਚ[67] ਪਾਰ ਉਤਾਰਾ[68] ਹੋ ਜਾਏਗਾ ।
ਕਿਲਵਿਖ[69] ਕਾਟਿ[70] ਹੋਆ ਮਨੁ[71] ਨਿਰਮਲੁ[72] ਮਿਟਿ ਗਏ[73] ਆਵਣ ਜਾਣਾ[74] ਜੀਉ ॥ ੩ ॥	Thy mind[71] shall be purged[70] clean[72] of sins[69], and thy coming and going[74] shall cease[73].	ਗੁਨਾਹਾਂ[69] ਨੂੰ ਦੂਰ[70] ਕਰਕੇ ਤੇਰੀ ਆਤਮਾ[71] ਸਾਫ਼ ਸੁਥਰੀ[72] ਹੋ ਜਾਵੇਗੀ ਤੇ ਤੇਰਾ ਆਉਣਾ ਤੇ ਜਾਣਾ[74] ਮੁਕ[73] ਜਾਵੇਗਾ ।
ਦੁਇ[75] ਕਰ[76] ਜੋੜਿ[77] ਇਕੁ ਬਿਨਉ[78] ਕਰੀਜੈ ॥	Clasping[77] both[75] the hands[76] I make a supplication[78], O' Lord !	ਦੋਨੋ[75] ਹੱਥ[76] ਬੰਨ੍ਹ[77] ਕੇ, ਹੇ ਸਾਹਿਬ! ਮੈਂ ਇਕ ਪ੍ਰਾਰਥਨਾ[78] ਕਰਦਾ ਹਾਂ ।
ਕਰਿ[79] ਕਿਰਪਾ[80] ਡੁਬਦਾ[81] ਪਥਰੁ[82] ਲੀਜੈ[83] ॥	Show[79] mercy[80] unto me and save[83] the sinking[81] stone[82].	ਮੇਰੇ ਤੇ ਰਹਿਮਤ[80] ਧਾਰ[79] ਅਤੇ ਡੁਬਦੇ[81] ਹੋਏ ਪਾਹਨ[82] ਨੂੰ ਬਚਾ[83] ਲੈ ।
ਨਾਨਕ ਕਉ[84] ਪ੍ਰਭ ਭਏ ਕ੍ਰਿਪਾਲਾ[85] ਪ੍ਰਭ ਨਾਨਕ ਮਨਿ[86] ਭਾਣਾ[87] ਜੀਉ ॥ ੪ ॥ ੨੨ ॥ ੨੯ ॥	Unto[84] Nanak the Lord has become merciful[85]. To Nanak's mind[86] the Lord is pleasing[87].	ਨਾਨਕ ਉਤੇ[84] ਸਾਹਿਬ ਮਿਹਰਬਾਨ[85] ਹੋ ਗਿਆ ਹੈ । ਨਾਨਕ ਦੇ ਚਿਤ[86] ਨੂੰ ਸਾਹਿਬ ਚੰਗਾ[87] ਲੱਗਦਾ ਹੈ ।
ਮਾਝ ਮਹਲਾ ੫ ॥	**Majh, Fifth Guru.**	**ਮਾਝ, ਪੰਜਵੀਂ ਪਾਤਸ਼ਾਹੀ ।**
ਅੰਮ੍ਰਿਤੁ[88] ਬਾਣੀ[89] ਹਰਿ[90] ਹਰਿ ਤੇਰੀ ॥	My Lord God[90] ! Thy Gurbani[89] is Nectar[88].	ਹੇ ਵਾਹਿਗੁਰੂ[90] ਸੁਆਮੀ ! ਤੇਰੀ ਗੁਰਬਾਣੀ[89] ਆਬਿ-ਹਿਯਾਤ[88] ਹੈ ।
ਸੁਣਿ[91] ਸੁਣਿ ਹੋਵੈ ਪਰਮਗਤਿ[92] ਮੇਰੀ ॥	By continuously hearing[91] it, I have obtained the highest rank[92].	ਇਸ ਨੂੰ ਇਕਰਸ ਸਰਵਣ[91] ਕਰਨ ਦੁਆਰਾ ਮੈਨੂੰ ਮਹਾਨ ਉੱਚਾ ਮਰਤਬਾ[92] ਪਰਾਪਤ ਹੋਇਆ ਹੈ ।
ਜਲਨਿ[93] ਬੁਝੀ[94] ਸੀਤਲੁ[95] ਹੋਇ ਮਨੂਆ[96] ਸਤਿਗੁਰ ਕਾ ਦਰਸਨੁ[97] ਪਾਏ ਜੀਉ ॥ ੧ ॥	The burning[93] within me is extinguished[94] and my soul[96] is rendered cool[95] on having the sight[97] of the True Guru.	ਸੱਚੇ ਗੁਰਾਂ ਦਾ ਦੀਦਾਰ[97] ਪਾਉਣ ਤੇ ਮੇਰੇ ਅੰਦਰ ਦਾ ਸਾੜਾ[93] ਖ਼ਤਮ[94] ਹੋ ਗਿਆ ਹੈ ਅਤੇ ਮੇਰੀ ਆਤਮਾ[96] ਠੰਢੀ ਠਾਰ[95] ਹੋ ਗਈ ਹੈ ।
ਸੂਖੁ[98] ਭਇਆ ਦੁਖੁ[4] ਦੂਰਿ[99] ਪਰਾਨਾ[100] ॥ ਸੰਤ ਰਸਨ[2] ਹਰਿਨਾਮੁ ਵਖਾਨਾ[3] ॥	When the saints repeat[3] God's Name with their tongue[2] happiness[98] is obtained and sorrow[4] flees[100] far away[99].	ਜਦ ਸਾਧੂ ਆਪਣੀ ਜੀਭਾ[2] ਨਾਲ ਵਾਹਿਗੁਰੂ ਦੇ ਨਾਮ ਦਾ ਉਚਾਰਣ[3] ਕਰਦੇ ਹਨ ਖ਼ੁਸ਼ੀ[98] ਪਰਾਪਤ ਹੁੰਦੀ ਹੈ, ਅਤੇ ਗ਼ਮ[4] ਦੁਰੇਡੇ[99] ਦੌੜ[100] ਜਾਂਦਾ ਹੈ ।
ਜਲ[4] ਥਲ[5] ਨੀਰਿ[5*] ਭਰੇ[6]	The sea[4], dry land[5] and tank[7] are	ਸਮੁੰਦਰ[4], ਸੁਕੀ ਧਰਤੀ[5] ਤੇ ਤਾਲ[7] ਨਾਮ ਦੇ ਪਾਣੀ[5*]

ਸਰ[7] ਸੁਭਰ[8] ਬਿਰਥਾ ਕੋਇ ਜਾਏ[9] ਜੀਉ ॥ ੨ ॥

completely filled[6] with the Name water[5] and no place[9] is left empty[8].

ਨਾਲ ਪੂਰੀ ਤਰ੍ਹਾਂ ਪੂਰਨ[6] ਹੋ ਗਏ ਹਨ ਅਤੇ ਕੋਈ ਥਾਂ[9] ਖਾਲੀ[8] ਨਹੀਂ ਰਹੀ ।

ਦਇਆ[10] ਧਾਰੀ[11] ਤਿਨਿ[12] ਸਿਰਜਨਹਾਰੇ[13] ॥ ਜੀਅ[14] ਜੰਤ[15] ਸਗਲੇ[16] ਪ੍ਰਤਿਪਾਰੇ[17] ॥ ਮਿਹਰਵਾਨ[18] ਕਿਰਪਾਲ[19] ਦਇਆਲਾ[20] ਸਗਲੇ ਤ੍ਰਿਪਤਿ[21] ਅਘਾਏ[22] ਜੀਉ ॥੩॥

That[12] Creator[13] has showered[11] His benediction[10] and has cherished[17] all[16] the men[14] and lower animals[15]. The Lord is kind[18], merciful[19] and compassionate[20]. All are satiated[21] and satisfied[22] through Him.

ਉਸ[12] ਕਰਤਾਰ[13] ਨੇ ਆਪਣੀ ਰਹਿਮਤ[10] ਨਿਛਾਵਰ[11] ਕੀਤੀ ਹੈ ਅਤੇ ਸਮੂਹ[16] ਇਨਸਾਨ[14] ਤੇ ਨੀਵੇਂ ਜੀਵਾਂ[15] ਦੀ ਪਾਲਣਾ ਪੋਸਣਾ[17] ਕੀਤੀ ਹੈ । ਸੁਆਮੀ ਮਇਆਵਾਨ[18], ਰਹੀਮ[19] ਤੇ ਨਰਮ-ਦਿਲ[20] ਹੈ । ਸਾਰੇ ਉਸ ਦੇ ਰਾਹੀਂ ਰਜਦੇ[21] ਤੇ ਧ੍ਰਾਪਦੇ[22] ਹਨ ।

ਵਣੁ[23] ਤ੍ਰਿਣੁ[24] [25]ਤ੍ਰਿਭਵਣੁ[26] ਕੀਤੋਨੁ[27] ਹਰਿਆ[28] ॥

The woods[23], grass blades[24] and the three[25] worlds[26] the Lord has rendered[27] green[28].

ਜੰਗਲ ਬੇਲੇ[23], ਘਾਹ ਦੀਆਂ ਤਿੜਾਂ[24] ਤੇ ਤਿੰਨਾਂ[25] ਜਹਾਨ[26] ਪ੍ਰਭੂ ਨੇ ਸਰ-ਸਬਜ਼[28] ਕਰ[27] ਦਿਤੇ ਹਨ ।

ਕਰਣਹਾਰਿ[29] ਖਿਨ[30] ਭੀਤਰਿ[31] ਕਰਿਆ ॥ ਗੁਰਮੁਖਿ[32] ਨਾਨਕ ਤਿਸੈ[33] ਅਰਾਧੇ[34] ਮਨ[35] ਕੀ ਆਸ[36] ਪੁਜਾਏ ਜੀਉ ॥ ੪ ॥ ੨੩ ॥ ੩੦ ॥

The Doer[29] in[31] a moment[30] did all this. Under Guru's instruction[32], Nanak meditates[34] on Him[33], who fulfils[37] the heart's[35] desires[36].

ਕਰਨ[29] ਵਾਲੇ ਨੇ ਇਕ ਮੁਹਤ[30] ਵਿਚ[31] ਇਹ ਸਾਰਾ ਕੁਛ ਕਰ ਦਿਤਾ । ਗੁਰਾਂ ਦੇ ਉਪਦੇਸ਼[32] ਤਾਬੇ, ਨਾਨਕ ਉਸ[33] ਦਾ ਸਿਮਰਨ[34] ਕਰਦਾ ਹੈ, ਜੋ ਦਿਲ[35] ਦੀਆਂ ਉਮੀਦਾਂ[36] ਪੂਰਨ[37] ਕਰਦਾ ਹੈ ।

ਮਾਝ ਮਹਲਾ ੫ ॥

Majh, Fifth Guru.

ਮਾਝ, ਪੰਜਵੀਂ ਪਾਤਸ਼ਾਹੀ ।

ਤੂੰ ਮੇਰਾ ਪਿਤਾ[38] ਤੂੰਹੈ ਮੇਰਾ ਮਾਤਾ[39] ॥ ਤੂੰ ਮੇਰਾ ਬੰਧਪੁ[40] ਤੂੰ ਮੇਰਾ ਭ੍ਰਾਤਾ[41] ॥

Thou art my father[38], Thou art my mother[39], Thou art my kinsman[40] and Thou art my brother[41].

ਤੂੰ ਮੇਰਾ ਪਿਉ[38] ਹੈਂ, ਤੂੰ ਮੇਰੀ ਮਾਂ[39] ਹੈਂ, ਤੂੰ ਮੇਰਾ ਸਨਬੰਧੀ[40] ਹੈਂ ਤੇ ਤੂੰ ਹੀ ਮੇਰਾ ਭਰਾ[41] ।

ਤੂੰ ਮੇਰਾ ਰਾਖਾ[41]* ਸਭਨੀ ਥਾਈ[42] ਤਾ[43] ਭਉ[44] ਕੇਹਾ[45] ਕਾੜਾ[46] ਜੀਉ ॥ ੧ ॥

In all the places[42] Thou art my protector[41]*. Then[43] why[45] should I feel fear[44] and anxiety[46] ?

ਸਾਰੀਆਂ ਥਾਵਾਂ[42] ਅੰਦਰ ਤੂੰ ਮੇਰਾ ਰਖਵਾਲਾ[41]* ਹੈਂ । ਤਦ[43] ਮੈਂ ਕਿਉਂ[45] ਡਰ[44] ਤੇ ਚਿੰਤਾ[46] ਮਹਿਸੂਸ ਕਰਾਂ ?

ਤੁਮਰੀ ਕ੍ਰਿਪਾ[47] ਤੇ ਤੁਧੁ ਪਛਾਣਾ[48] ॥

By Thy grace[47] do I understand[48] Thee.

ਤੇਰੀ ਦਇਆਲਤਾ[47] ਰਾਹੀਂ ਮੈਂ ਤੈਨੂੰ ਸਮਝਦਾ[48] ਹਾਂ ।

ਤੂੰ ਮੇਰੀ ਓਟ[49] ਤੂੰਹੈ ਮੇਰਾ ਮਾਣਾ[50] ॥

Thou art my covert[49] and Thou art my honour[50].

ਤੂੰ ਮੇਰੀ ਪਨਾਹ[49] ਹੈਂ ਅਤੇ ਤੂੰ ਹੀ ਮੇਰੀ ਇਜ਼ਤ ਆਬਰੂ[50] ।

ਤੁਝ ਬਿਨੁ[51] ਦੂਜਾ ਅਵਰੁ[52] ਨ ਕੋਈ ਸਭੁ ਤੇਰਾ ਖੇਲੁ[53] ਅਖਾੜਾ[54] ਜੀਉ ॥ ੨ ॥

Beside[51] Thee there in no other second[52]. The entire universe is the arena[54] of Thy play[53].

ਤੇਰੇ ਬਗੈਰ[51] ਹੋਰ ਦੂਸਰਾ[52] ਕੋਈ ਨਹੀਂ । ਸਾਰਾ ਆਲਮ ਤੇਰੀ ਖੇਡ[53] ਦਾ ਪਿੜ[54] ਹੈ ।

ਜੀਅ[55] ਜੰਤ[56] ਸਭਿ ਤੁਧੁ ਉਪਾਏ[57] ॥

All the men[55] and other beings[56] Thou hast created[57].

ਸਾਰੇ ਮਨੁੱਖ[55] ਤੇ ਹੋਰ ਜੀਵ[56] ਤੂੰ ਪੈਦਾ[57] ਕੀਤੇ ਹਨ ।

ਜਿਤੁ ਜਿਤੁ[58] ਭਾਣਾ[59] ਤਿਤੁ ਤਿਤੁ[60] ਲਾਏ[61] ॥

As[58] is Thy will[59] so[60] are the tasks Thou hast assigned[61] to them.

ਜਿਸ ਤਰ੍ਹਾਂ[58] ਤੇਰੀ ਰਜ਼ਾ[59] ਹੈ ਉਸੇ ਤਰ੍ਹਾਂ[60] ਦੇ ਕੰਮੀਂ ਤੂੰ ਉਨ੍ਹਾਂ ਨੂੰ ਲਾਇਆ[61] ਹੈ ।

ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ[62] ਜੀਉ ॥ ੩ ॥

All that is done is Thy doing. There is nothing ours[62] in it.

ਸਾਰਾ ਕੁਛ ਜੋ ਹੁੰਦਾ ਹੈ, ਤੇਰਾ ਹੀ ਕੰਮ ਹੈ । ਇਸ ਵਿਚ ਅਸਾਡਾ[62] ਕੁਛ ਭੀ ਨਹੀਂ ।

ਨਾਮੁ ਧਿਆਇ[63] ਮਹਾ[64] ਸੁਖੁ[65] ਪਾਇਆ[66] ॥
ਹਰਿ ਗੁਣ[67] ਗਾਇ[68] ਮੇਰਾ ਮਨੁ[69] ਸੀਤਲਾਇਆ[70] ॥
ਗੁਰਿ ਪੂਰੈ[71] ਵਜੀ[72] ਵਾਧਾਈ[73] ਨਾਨਕ ਜਿਤਾ[74] [75]ਬਿਖਾੜਾ[76] ਜੀਉ ॥ ੪ ॥ ੨੪ ॥ ੩੧ ॥

By meditating[63] on Thine Name. I have obtained[66] supreme[64] bliss[65]. By singing[68] the God's praises[67] my soul[69] is cooled down[70]. By the perfect[71] Guru's grace, Nanak has captured[74] the arduous[75] battle-field[76] and congratulations[73] are pouring[72] in on his victory.

ਤੇਰੇ ਨਾਮ ਦਾ ਅਰਾਧਨ[63] ਕਰਨ ਦੁਆਰਾ ਮੈਨੂੰ ਪਰਮ[64] ਅਨੰਦ[65] ਪਰਾਪਤ[66] ਹੋਇਆ ਹੈ । ਵਾਹਿਗੁਰੂ ਦੀ ਸਿਫ਼ਤ[67] ਸ਼ਲਾਘਾ ਗਾਇਨ[68] ਕਰਨ ਦੁਆਰਾ ਮੇਰੀ ਆਤਮਾ[69] ਠੰਢੀ ਠਾਰ[70] ਹੋ ਗਈ ਹੈ । ਪੂਰਨ[71] ਗੁਰਾਂ ਦੀ ਰਹਿਮਤ ਦਾ ਸਦਕਾ ਨਾਨਕ ਨੇ ਔਖਾ[75] ਮੈਦਾਨ-ਜੰਗ[76] ਫ਼ਤਿਹ[74] ਕਰ ਲਿਆ ਹੈ ਅਤੇ ਜਿੱਤ ਦੀਆਂ ਮੁਬਾਰਕਾਂ[73] ਉਸ ਨੂੰ ਮਿਲ[72] ਰਹੀਆਂ ਹਨ ।

ਮਾਝ ਮਹਲਾ ੫ ॥

Majh, Fifth Guru.

ਮਾਝ, ਪੰਜਵੀਂ ਪਾਤਸ਼ਾਹੀ ।

ਜੀਅ[77] ਪ੍ਰਾਣ[78] ਪ੍ਰਭ ਮਨਹਿ[79] ਅਧਾਰਾ[80] ॥

Lord is the mainstay[80] of my soul[77], life[78] and mind[79].

ਸੁਆਮੀ ਮੇਰੀ ਆਤਮਾ[77], ਜ਼ਿੰਦਗੀ[78] ਅਤੇ ਮਨ[79] ਦਾ ਆਸਰਾ[80] ਹੈ ।

ਭਗਤ[81] ਜੀਵਹਿ[82] ਗੁਣ[83] ਗਾਇ[84] ਅਪਾਰਾ[85] ॥

The saints[81] sustain life[82] by singing[84] the praises[83] of the endless[85] One.

ਸੰਤ[81] ਅੰਤ-ਰਹਿਤ ਪੁਰਖ[85] ਦਾ ਜੱਸ[83] ਗਾਇਨ[84] ਕਰਨ ਦੁਆਰਾ ਜੀਉਂਦੇ[82] ਹਨ ।

ਗੁਣ[86]ਨਿਧਾਨ[87] ਅੰਮ੍ਰਿਤੁ[88] ਹਰਿਨਾਮਾ ਹਰਿ ਧਿਆਇ ਧਿਆਇ[89] ਸੁਖੁ[90] ਪਾਇਆ ਜੀਉ ॥ ੧ ॥

God's Nectarean[88] Name is the treasure[87] of excellences[86] and by continually repeating[89] it I have obtained peace[90].

ਵਾਹਿਗੁਰੂ ਦਾ ਸੁਧਾ-ਸਰੂਪ[88] ਨਾਮ ਉਤਕ੍ਰਿਸ਼ਟਤਾਈਆਂ[86] ਦਾ ਖ਼ਜ਼ਾਨਾ[87] ਹੈ ਅਤੇ ਇਸ ਨੂੰ ਇਕਰਸ ਉਚਾਰਣ[89] ਕਰਨ ਦੁਆਰਾ ਮੈਂ ਆਰਾਮ ਚੈਨ[90] ਪਰਾਪਤ ਕੀਤਾ ਹੈ ।

੧੦੪ 104 ੧੦੪

ਮਨਸਾ[91] ਧਾਰਿ[92] ਜੋ ਘਰਿ ਤੇ ਆਵੈ ॥ ਸਾਧਸੰਗਿ ਜਨਮੁ ਮਰਣੁ[93] ਮਿਟਾਵੈ[94] ॥

He, who with[92] hearty aspiration[91] comes from home and joins the society of the saints, gets rid[94] of birth and death[93].

ਜਿਹੜਾ ਦਿਲੀ ਅਭਿਲਾਸ਼ਾ[91] ਨਾਲ[92] ਘਰੋਂ ਆ ਕੇ ਸਤਿਸੰਗਤ ਅੰਦਰ ਜੁੜਦਾ ਹੈ, ਉਹ ਜੰਮਣ ਤੇ ਮਰਣ[93] ਤੋਂ ਛੁਟਕਾਰਾ ਪਾ ਜਾਂਦਾ[94] ਹੈ ।

ਆਸ[95] ਮਨੋਰਥੁ[96] ਪੂਰਨੁ[97] ਹੋਵੈ ਭੇਟਤ[98] ਗੁਰ ਦਰਸਾਇਆ[99] ਜੀਉ ॥ ੨ ॥

The hopes[95] and heart's desires[96] are realised[97] by having[98] the sight[99] of the Guru.

ਗੁਰਾਂ ਦਾ ਦੀਦਾਰ[99] ਪਾਉਣ[98] ਦੁਆਰਾ ਉਮੀਦਾਂ[95] ਤੇ ਦਿਲ ਦੀਆਂ ਖ਼ਾਹਿਸ਼ਾਂ[96] ਪੂਰੀਆਂ[97] ਹੋ ਜਾਂਦੀਆਂ ਹਨ ।

ਅਗਮ[100] ਅਗੋਚਰ[2] ਕਿਛੁ ਮਿਤਿ[3] ਨਾਹੀ ਜਾਨੀ ॥

The limit[3] of the inaccessible[100] and inapprehensible[2] Lord cannot be known.

ਅਪਹੁੰਚ[100] ਤੇ ਅਗਾਧ[2] ਸੁਆਮੀ ਦਾ ਅੰਤ[3] ਜਾਣਿਆ ਨਹੀਂ ਜਾ ਸਕਦਾ ।

ਸਾਧਿਕ[4] ਸਿਧ[5] ਧਿਆਵਹਿ[6] ਗਿਆਨੀ[7] ॥

On Him meditate[6] the strivers[4], men of miracle[5] and the divines[7].

ਉਸ ਦਾ ਸਿਮਰਨ[6] ਕਰਦੇ ਹਨ ਪੁਰਸ਼ਾਰਥੀ[4], ਕਰਾਮਾਤੀ[5] ਬੰਦੇ ਤੇ ਗਿਆਨਵਾਨ[7] ।

ਖੁਦੀ[8] ਮਿਟੀ[9] ਚੂਕਾ[10] ਭੋਲਾਵਾ[11] ਗੁਰਿ ਮਨ ਹੀ[12] ਮਹਿ[13] ਪ੍ਰਗਟਾਇਆ[14] ਜੀਉ ॥ ੩ ॥

My ego[8] is erased[9] and misconception[11] removed[10]. The Guru has manifested[14] the Lord within[13] my mind[12].

ਮੇਰਾ ਹੰਕਾਰ[8] ਨਵਿਰਤ[9] ਹੋ ਗਿਆ ਹੈ. ਤੇ ਗ਼ਲਤ-ਫ਼ਹਿਮੀ[11] ਦੂਰ[10] । ਗੁਰਾਂ ਨੇ ਮੇਰੇ ਚਿੱਤ[12] ਅੰਦਰ[13] ਹੀ ਸਾਹਿਬ ਨੂੰ ਪ੍ਰਤੱਖ[14] ਕਰ ਦਿੱਤਾ ਹੈ ।

ਅਨਦ[15] ਮੰਗਲ[16] ਕਲਿਆਣ[17] ਨਿਧਾਨਾ[18] ॥ ਸੂਖ ਸਹਜ[19]ਹਰਿਨਾਮੁਵਖਾਨਾ[20]। ਹੋਇ[21] ਕ੍ਰਿਪਾਲੁ[22] ਸੁਆਮੀ ਅਪਨਾ[23] ਨਾਉ ਨਾਨਕ ਘਰ[24] ਮਹਿ ਆਇਆ[25] ਜੀਉ ॥੪॥੨੪॥੩੧॥	I have uttered[20] the God's Name which is the treasure[18] of joy[15], rejoicing[16], salvation[17] and supreme bliss[19]. When my[23] Master did become[21] merciful[22], O' Nanak ! His Name entered[25] my mind's home[24].	ਮੈਂ ਵਾਹਿਗੁਰੂ ਦੇ ਨਾਮ ਦਾ ਜਾਪ ਕੀਤਾ[20] ਹੈ ਜੋ ਖੁਸ਼ੀ[15] ਹਾਸ-ਬਿਲਾਸ[16], ਮੋਖਸ਼[17] ਅਤੇ ਪ੍ਰਸੰਨਤਾ[19] ਦਾ ਖ਼ਜ਼ਾਨਾ[18] ਹੈ। ਜਦ ਮੇਰਾ[23] ਮਾਲਕ ਮਿਹਰਬਾਨ[22] ਹੋ[21] ਗਿਆ ਹੇ ਨਾਨਕ ! ਉਸ ਦਾ ਨਾਮ ਮੇਰੇ ਮਨ ਦੇ ਗ੍ਰਿਹਿ[24] ਅੰਦਰ ਪ੍ਰਵੇਸ਼[25] ਕਰ ਗਿਆ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ।
ਸੁਣਿ[26] ਸੁਣਿ[27] ਜੀਵਾ[28] ਸੋਇ[29] ਤੁਮਾਰੀ ॥	I live[28] by hearing[27] with mine ears[26] Thine tidings[29].	ਆਪਣਿਆਂ ਕੰਨਾਂ[26] ਨਾਲ ਤੇਰੀਆਂ ਕਨਸੋਆਂ[29] ਸਰਵਣ[27] ਕਰਕੇ ਮੈਂ ਜੀਊਂਦਾ[28] ਹਾਂ।
ਤੂੰ ਪ੍ਰੀਤਮੁ[30] ਠਾਕੁਰੁ ਅਤਿ[31] ਭਾਰੀ[32] ॥	Thou art my Beloved[30], O'my very[31] great[32] Master !	ਤੂੰ ਮੇਰਾ ਦਿਲਬਰ[30] ਹੈਂ, ਹੇ ਮੇਰੇ ਪਰਮ[31] ਵਡੇ[32] ਮਾਲਕ !
ਤੁਮਰੇ ਕਰਤਬ[33] ਤੁਮ ਹੀ ਜਾਣਹੁ ਤੁਮਰੀ ਓਟ[34] [35]ਗੋੁਪਾਲਾ[36] ਜੀਉ ॥੧॥	Thine affairs[33] Thou alone knowest. I have Thine prop[34], O' world[35] cherisher[36] !	ਤੇਰੇ ਕੰਮ[33] ਤੂੰ ਹੀ ਜਾਣਦਾ ਹੈਂ। ਮੈਨੂੰ ਤੇਰਾ ਹੀ ਆਸਰਾ[34] ਹੈ, ਹੇ ਸ੍ਰਿਸ਼ਟੀ[35] ਦੇ ਪ੍ਰਤਿਪਾਲਕ[36] !
ਗੁਣ[37] ਗਾਵਤ[38] ਮਨੁ ਹਰਿਆ[39] ਹੋਵੈ ॥	By singing[38] Thine praises[37] the soul is reverdured[39].	ਤੇਰਾ ਜੱਸ[37] ਗਾਉਣ[38] ਦੁਆਰਾ ਆਤਮਾ ਸਰ-ਸਬਜ਼[39] ਹੋ ਜਾਂਦੀ ਹੈ।
ਕਥਾ[40] ਸੁਣਤ[41] ਮਲੁ[42] ਸਗਲੀ[43] ਖੋਵੈ[44] ॥	Hearing[41] Thy discourse[40] the entire[43] filth[42] is removed[44].	ਤੇਰੀ ਵਾਰਤਾ[40] ਸਰਵਣ[41] ਕਰਕੇ ਸਾਰੀ[43] ਮਲੀਨਤਾ[42] ਲਹਿ[44] ਜਾਂਦੀ ਹੈ।
ਭੇਟਤ[45] ਸੰਗਿ[46] ਸਾਧ[47] ਸੰਤਨ ਕੈ ਸਦਾ[48] ਜਪਉ[49] ਦਇਆਲਾ[50] ਜੀਉ ॥ ੨ ॥	Meeting[45] the society[46] of the holy and pious[47] persons, I ever[48] meditate[49] on the merciful[50] Master.	ਨੇਕ ਤੇ ਪਵਿਤ੍ਰ[47] ਪੁਰਸ਼ਾਂ ਦੀ ਸੰਗਤ[46] ਨਾਲ ਮਿਲ[45] ਕੇ ਮੈਂ ਹਮੇਸ਼ਾ[48] ਹੀ ਮਿਹਰਬਾਨ ਮਾਲਕ[50] ਦਾ ਸਿਮਰਨ[49] ਕਰਦਾ ਹਾਂ !
ਪ੍ਰਭੁ ਅਪੁਨਾ[51] ਸਾਸਿ ਸਾਸਿ[52] ਸਮਾਰਉ[53] ॥	My Lord[51] ! with every breath[52] I remember[53].	ਆਪਣੇ ਸਾਈਂ[51] ਨੂੰ ਮੈਂ ਹਰ ਸੁਆਸ[52] ਨਾਲ ਯਾਦ[53] ਕਰਦਾ ਹਾਂ।
ਇਹ ਮਤਿ[54]ਗੁਰ ਪ੍ਰਸਾਦਿ[55] ਮਨਿ ਧਾਰਉ[56] ॥	This understanding[54], by the Guru's grace[55], I install[56] in my mind.	ਇਹ ਸਮਝ[54], ਗੁਰਾਂ ਦੀ ਦਇਆ[55] ਦੁਆਰਾ, ਮੈਂ ਆਪਣੇ ਚਿੱਤ ਵਿਚ ਟਿਕਾਉਂਦਾ[56] ਹਾਂ।
ਤੁਮਰੀ ਕ੍ਰਿਪਾ[57] ਤੇ ਹੋਇ[58] ਪ੍ਰਗਾਸਾ[59] ਸਰਬ ਮਇਆ[60] ਪ੍ਰਤਿਪਾਲਾ[61] ਜੀਉ ॥੩॥	By Thine grace[57] the Divine[59] light dawns[58]. The All-merciful[60] Master nurtures[61] everyone.	ਤੇਰੀ ਰਹਿਮਤ[57] ਦੁਆਰਾ ਈਸ਼ਵਰੀ ਨੂਰ[59]ਉਦੇ[58]ਹੁੰਦਾ ਹੈ। ਕੁਲੀ-ਮਿਹਰਬਾਨ[60] ਮਾਲਕ ਹਰ ਇਕ ਨੂੰ ਪਾਲਦਾ[61] ਹੈ।
ਸਤਿ[62] ਸਤਿ ਸਤਿ ਪ੍ਰਭੁ ਸੋਈ[63] ॥	True[62], True, True is that Lord[63].	ਸੱਚਾ[62], ਸੱਚਾ, ਸੱਚਾ, ਹੈ ਉਹ ਸੁਆਮੀ[63]।
ਸਦਾ[64] ਸਦਾ ਸਦ ਆਪੇ[65] ਹੋਈ[66] ॥	Ever[64], ever, ever, the Lord is[66] all by Himself[65].	ਹਮੇਸ਼ਾ[64], ਹਮੇਸ਼ਾ, ਹਮੇਸ਼ਾ, ਸੁਆਮੀ ਸਾਰਾ ਕੁਝ ਆਪਣੇ[65] ਆਪ ਤੋਂ ਹੀ ਹੈ[66]।
ਚਲਿਤ[67] ਤੁਮਾਰੇ ਪ੍ਰਗਟ[68] ਪਿਆਰੇ[69] ਦੇਖਿ[72] ਨਾਨਕ	Thine blissful plays[67] are manifest[68], O' my Beloved[69] ! Seeing[72] them	ਤੇਰੇ ਰੰਗੀਲੇ ਖੇਲ[67] ਪ੍ਰਤੱਖ[68] ਹਨ, ਹੇ ਮੇਰੇ ਪ੍ਰੀਤਮ[69] ! ਉਨ੍ਹਾਂ ਨੂੰ ਵੇਖ[72] ਕੇ ਨਾਨਕ ਪਰਮ-ਪ੍ਰਸੰਨ[71] ਹੋ[70]

ਭਏ[70] ਨਿਹਾਲਾ[71] ਜੀਉ ॥ ੪ ॥ ੨੬ ॥ ੩੩ ॥	Nanak is[70] extremely pleased[71].	ਗਿਆ ਹੈ ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਹੁਕਮੀ[73] ਵਰਸਣ[74] ਲਾਗੇ ਮੇਹਾ[75] ॥	By the order[73] of God the rain[75] begins to fall[74].	ਹਰੀ ਦੇ ਹੁਕਮ ਦੁਆਰਾ[73] ਮੀਂਹ[75] ਵਰ੍ਹਣ[74] ਲਗਦਾ ਹੈ ।
ਸਾਜਨ[76] ਸੰਤ[77] ਮਿਲਿ[78] ਨਾਮੁ ਜਪੇਹਾ[79] ॥	The friends[76] and saints[77] meet[78] and repeat[79] the Name.	ਮਿਤ੍ਰ[76] ਤੇ ਸਾਧੂ[77] ਇਕੱਠੇ[78] ਹੋ ਨਾਮ ਦਾ ਜਾਪ[79] ਕਰਦੇ ਹਨ ।
ਸੀਤਲ[80] ਸਾਂਤਿ[81] ਸਹਜ-[82] ਸੁਖੁ ਪਾਇਆ ਠਾਢਿ[83] ਪਾਈ[84] ਪ੍ਰਭਿ ਆਪੇ[85] ਜੀਉ ॥੧॥	Serene[80] tranquillity[81] and celestial bliss[82] I have obtained since the Lord Himself[85] infused[84] coolness[83] within my mind.	ਠੰਢੀ[80] ਸ਼ਾਂਤੀ[81] ਅਤੇ ਬੈਕੁੰਠੀ ਅਨੰਦ[82] ਮੈਨੂੰ ਪਰਾਪਤ ਹੋਇਆ ਹੈ ਕਿਉਂਜੁ ਸਾਹਿਬ ਨੇ ਖ਼ੁਦ[85] ਹੀ ਮੇਰੇ ਮਨ ਅੰਦਰ ਠੰਢ[83]-ਚੈਨ ਫੂਕੀ[84] ਹੈ ।
ਸਭੁ ਕਿਛੁ[86] ਬਹੁਤੋ ਬਹੁਤੁ[87] ਉਪਾਇਆ[88] ॥	Everything[86] in great abundance[87] God has produced[88].	ਹਰ[86] ਸ਼ੈ ਜ਼ਿਆਦਾ ਬਹੁਤਾਤ[87] ਵਿਚ ਰਬ ਨੇ ਪੈਦਾ[88] ਕੀਤੀ ਹੈ ।
ਕਰਿ ਕਿਰਪਾ[89] ਪ੍ਰਭਿ ਸਗਲ ਰਜਾਇਆ[90] ॥	Showing His mercy[89] the Lord has satiated[90] all.	ਆਪਣੀ ਰਹਿਮਤ[89] ਧਾਰ ਕੇ ਸੁਆਮੀ ਨੇ ਸਾਰਿਆਂ ਨੂੰ ਰਜਾ[90] ਦਿਤਾ ਹੈ ।
ਦਾਤਿ[91] ਕਰਹੁ[96] ਮੇਰੇ ਦਾਤਾਰਾ[92] ਜੀਅ[93] ਜੰਤ[94] ਸਭਿ ਧ੍ਰਾਪੇ[95] ਜੀਉ ॥ ੨ ॥	When Thou givest[96] gifts[91], O' my Bestower[92] ! the mortals[93] and other sentient beings[94] are all gratified[95].	ਜਦ ਤੂੰ ਖ਼ੈਰਾਤਾਂ[91] ਦਿੰਦਾ[96] ਹੈਂ, ਹੇ ਮੇਰੇ ਦਾਤੇ[92] ! ਪ੍ਰਾਣੀ[93] ਤੇ ਹੋਰ ਪ੍ਰਾਣ-ਧਾਰੀ[94] ਜੀਵ ਸਭ ਰੱਜ ਜਾਂਦੇ[95] ਹਨ ।
ਸਚਾ ਸਾਹਿਬੁ ਸਚੀ ਨਾਈ[97] ॥	True is the Master and true His Name[97].	ਸਚਾ ਹੈ ਮਾਲਕ ਤੇ ਸਚਾ ਉਸ ਦਾ ਨਾਮ[97] ।
ਗੁਰ ਪਰਸਾਦਿ[98] ਤਿਸੁ[99] ਸਦਾ ਧਿਆਈ[100] ॥	By the Guru's grace[98] I ever meditate[100] on Him[99].	ਗੁਰਾਂ ਦੀ ਮਿਹਰ[98] ਦਾ ਸਦਕਾ ਮੈਂ ਉਸ[99] ਦਾ ਸਦੀਵ ਹੀ ਸਿਮਰਣ[100] ਕਰਦਾ ਹਾਂ ।
ਜਨਮ ਮਰਣ[2] ਭੈ[3] ਕਾਟੇ[4] ਮੋਹਾ[5] ਬਿਨਸੇ[6] ਸੋਗ[7] ਸੰਤਾਪੇ[8] ਜੀਉ ॥ ੩ ॥	He has dispelled[4] my fear[3] of birth and death[2], and my worldly love[5], sorrow[7] and adversity[8] are erased[6].	ਉਸ ਨੇ ਮੇਰਾ ਜੰਮਣ ਤੇ ਮਰਣ[2] ਦਾ ਡਰ[3] ਦੂਰ[4] ਕਰ ਦਿਤਾ ਹੈ ਅਤੇ ਮੇਰੀ ਸੰਸਾਰੀ ਮਮਤਾ[5], ਗ਼ਮ[7] ਤੇ ਮੁਸੀਬਤ[8] ਮਿਟ[6] ਗਏ ਹਨ ।
ਸਾਸਿ ਸਾਸਿ[9] ਨਾਨਕੁ ਸਾਲਾਹੇ[10] ॥ ਸਿਮਰਤ[11] ਨਾਮੁ ਕਾਟੇ[12] ਸਭ ਫਾਹੇ[13] ॥	With every breath[9] Nanak eulogises[10] the Lord. By remembering[11] God's Name all his fetters[13] are cut off[12].	ਹਰ ਸੁਆਸ[9] ਨਾਲ ਨਾਨਕ ਸੁਆਮੀ ਦੀ ਪ੍ਰਸੰਸਾ[10] ਕਰਦਾ ਹੈ । ਹਰੀ ਨਾਮ ਦਾ ਜਾਪ[11] ਕਰਨ ਦੁਆਰਾ ਉਸ ਦੀਆਂ ਸਾਰੀਆਂ ਜ਼ੰਜੀਰਾਂ[13] ਵੱਢੀਆਂ[12] ਗਈਆਂ ਹਨ ।
ਪੂਰਨ[14] ਆਸ[15] ਕਰੀ ਖਿਨ[16] ਭੀਤਰਿ[17] ਹਰਿ ਹਰਿ ਹਰਿ[18] ਗੁਣ[19] ਜਾਪੇ[20] ਜੀਉ ॥੪॥੨੭॥੩੪॥	In[17] an instant[16], all his hopes[15] are realised[14] by reflecting[20] upon the excellences[19] of God, the Lord[18] Master[18].	ਵਾਹਿਗੁਰੂ ਸੁਆਮੀ ਮਾਲਕ[18] ਦੀਆਂ ਵਡਿਆਈਆਂ[19] ਦਾ ਚਿੰਤਨ[20] ਕਰਨ ਦੁਆਰਾ ਇਕ ਮੁਹਤ[16] ਵਿਚ[17] ਉਸ ਦੀਆਂ ਸਾਰੀਆਂ ਉਮੀਦਾਂ[15] ਬਰ ਆਈਆਂ[14] ਹਨ ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਆਉ ਸਾਜਨ[21] ਸੰਤ[22] ਮੀਤ[23] ਪਿਆਰੇ[24] ॥	Come, my dear[24] friends[21], saints[22] and intimates[23] !	ਆਓ, ਮੇਰੇ ਸਨੇਹੀ[24] ਯਾਰੋ[21], ਸਾਧੂਓ[22] ਅਤੇ ਮਿਤਰੋ[23] !

ਮਿਲਿ[25] ਗਾਵਹ[26] ਗੁਣ[27] ਅਗਮ[28] ਅਪਾਰੇ[29] ॥	Let us in unison[25] sing[26] the praises[27] of the inaccessible[28] and infinite Lord[29].	ਆਪਾਂ ਰਲ ਕੇ[25] ਅਪੁੱਜ[28] ਤੇ ਅਨੰਤ[29] ਸੁਆਮੀ ਦਾ ਜੱਸ[27] ਗਾਇਨ[26] ਕਰੀਏ ।
ਗਾਵਤ[30] ਸੁਣਤ[31] ਸਭੇ ਹੀ ਮੁਕਤੇ[32] ਸੋ[33] ਧਿਆਈਐ[34] ਜਿਨਿ ਹਮ ਕੀਏ[35] ਜੀਉ ॥ ੧ ॥	They, who sing[30] or hear[31] His Name, are all emancipated[32]. Let us meditate[34] on Him[33] who did create[35] us.	ਜੋ ਉਸ ਦੇ ਨਾਮ ਨੂੰ ਗਾਇਨ[30] ਜਾਂ ਸਰਵਣ[31] ਕਰਦੇ ਹਨ ਉਹ ਸਾਰੇ ਮੁਕਤ[32] ਹੋ ਜਾਂਦੇ ਹਨ । ਆਓ ਆਪਾਂ ਉਸ[33] ਦਾ ਅਰਾਧਨ[34] ਕਰੀਏ ਜਿਸ ਨੇ ਸਾਨੂੰ ਪੈਦਾ[35] ਕੀਤਾ ਹੈ ।
ਜਨਮ ਜਨਮ[35*] ਕੇ ਕਿਲਬਿਖ[36] ਜਾਵਹਿ[37] ॥ ਮਨ[38] ਚਿੰਦੇ[39] ਸੇਈ[40] ਫਲ[41] ਪਾਵਹਿ[42] ॥	The sins[36] of many births[35*] will depart[37] and we shall receive[42] the[40] fruits[41] that our heart[38] desires[39].	ਅਨੇਕਾਂ ਜਨਮਾਂ[35*] ਦੇ ਪਾਪ[36] ਦੂਰ[37] ਹੋ ਜਾਣਗੇ ਅਤੇ ਸਾਨੂੰ ਉਹ[40] ਮੇਵੇ[41] ਮਿਲ[42] ਜਾਣਗੇ ਜਿਹੜੇ ਸਾਡਾ ਦਿਲ[38] ਚਾਹੁੰਦਾ[39] ਹੈ ।
ਸਿਮਰਿ[43] ਸਾਹਿਬੁ ਸੋ[44] ਸਚੁ ਸੁਆਮੀ[45] ਰਿਜਕੁ[46] ਸਭਸੁ[47] ਕਉ ਦੀਏ[48] ਜੀਉ ॥	Meditate[43] on that[44] Lord, the True Master[45], who gives[48] sustenance[46] to one and all[47].	ਉਸ ਸਾਈਂ[44], ਸੱਚੇ ਮਾਲਕ[45] ਦਾ ਅਰਾਧਨ[43] ਕਰ ਜੋ ਸਾਰਿਆਂ[47] ਨੂੰ ਰੋਜ਼ੀ[46] ਦਿੰਦਾ[48] ਹੈ ।
ਨਾਮੁ ਜਪਤ[49] ਸਰਬ[50] ਸੁਖੁ ਪਾਈਐ[51] ॥	By repeating[49] the Name all[50] the comforts are obtained[51].	ਨਾਮ ਦਾ ਉਚਾਰਣ[49] ਕਰਨ ਦੁਆਰਾ ਸਾਰੇ[50] ਆਰਾਮ ਮਿਲ ਜਾਂਦੇ[51] ਹਨ ।
ਸਭੁ[54] ਭਉ[52] ਬਿਨਸੈ[53] ਹਰਿ ਹਰਿ ਧਿਆਈਐ[55] ॥	By pondering[55] over God's Name[54] all the fears[52] are annulled[53].	ਵਾਹਿਗੁਰੂ ਦੇ ਨਾਮ[54] ਦਾ ਅਰਾਧਨ[55] ਕਰਨ ਦੁਆਰਾ ਸਾਰੇ ਡਰ[52] ਨਾਸ[53] ਹੋ ਜਾਂਦੇ ਹਨ ।
ਜਿਨਿ ਸੇਵਿਆ[56] ਸੋ[57] ਪਾਰਗਿਰਾਮੀ[58] ਕਾਰਜ[59] ਸਗਲੇ ਥੀਏ[60] ਜੀਉ ॥੩॥	He[57], who serves[56] the Lord, is the perfect person[58] and all his affairs[59] are adjusted[60].	ਜੋ ਸਾਹਿਬ ਦੀ ਟਹਿਲ[56] ਕਮਾਉਂਦਾ ਹੈ, ਉਹ[57] ਪੂਰਨ ਪੁਰਸ਼[58] ਹੈ ਅਤੇ ਉਸ ਦੇ ਸਾਰੇ ਕੰਮ[59] ਰਾਸ[60] ਹੋ ਜਾਂਦੇ ਹਨ ।
ਆਇ[61] ਪਇਆ[62] ਤੇਰੀ ਸਰਣਾਈ[63] ॥	I have come[61] and entered[62] Thine sanctuary[63].	ਮੈਂ ਆ[61] ਕੇ ਤੇਰੀ ਸਰਣਾਗਤ[63] ਸੰਭਾਲੀ[62] ਹੈ ।
ਜਿਉ[64] ਭਾਵੈ[65] ਤਿਉ[66] ਲੈਹਿ ਮਿਲਾਈ[67] ॥	As[64] it pleases[65] so[66] do Thou unite[67] me with Thee.	ਜਿਸ[64] ਤਰ੍ਹਾਂ ਤੈਨੂੰ ਚੰਗਾ[65] ਲਗਦਾ ਹੈ ਉਸੇ ਤਰ੍ਹਾਂ[66] ਮੈਨੂੰ ਆਪਣੇ ਨਾਲ[67] ਮਿਲਾ ਲੈ ।
੧੦੫	**105**	**੧੦੫**
ਕਰਿਕਿਰਪਾ[68] ਪ੍ਰਭੁ ਭਗਤੀ[69] ਲਾਵਹੁ[70] ਸਚੁ ਨਾਨਕ ਅੰਮ੍ਰਿਤੁ[71] ਪੀਏ[72] ਜੀਉ ॥ ੪ ॥ ੨੮ ॥ ੩੫ ॥	Take pity[68] on me and put[70] me in Thine devotional service[69], O' Lord! that Nanak may drink[72] the true Nectar[71].	ਮੇਰੇ ਉਤੇ ਤਰਸ[68] ਕਰ ਅਤੇ ਮੈਨੂੰ ਆਪਣੀ ਪ੍ਰੇਮ-ਮਈ[69] ਸੇਵਾ ਅੰਦਰ ਜੋੜ[70], ਤਾਂ ਜੋ ਨਾਨਕ ਸੱਚੇ ਸੁਧਾਰਸ[71] ਨੂੰ ਪਾਨ[72] ਕਰੇ ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਭਏ[73] ਕ੍ਰਿਪਾਲ[74] [75]ਗੋਬਿੰਦ[76] [77]ਗੁਸਾਈ[78] ॥	The [75]world-preserver[76] and the Lord[78] of the universe[77] has become[73] Merciful[74].	ਜਗਤ[75] ਰਖਿਅਕ[76] ਅਤੇ ਆਲਮ[77] ਦਾ ਸੁਆਮੀ[78] ਮਿਹਰਬਾਨ[74] ਹੋ ਗਿਆ[73] ਹੈ ।
ਮੇਘੁ[79] ਵਰਸੈ[80] ਸਭਨੀਥਾਈ[81] ॥	The rain[79] falls[80] at all the places[81].	ਸਾਰੀਆਂ ਥਾਵਾਂ[81] ਤੇ ਮੀਂਹ[79] ਵਰ੍ਹਦਾ[80] ਹੈ ।

ਦੀਨ[82]ਦਇਆਲ[83] ਸਦਾ[84] ਕਿਰਪਾਲਾ[85]ਠਾਢਿ ਪਾਈ[86] ਕਰਤਾਰੇ[87] ਜੀਉ ॥ ੧ ॥	The [84]ever-benevolent[85] Creator[87], Merciful[83] to the poor[82] has cooled[86] us all.	ਗਰੀਬਾਂ[82] ਤੇ ਤਰਸ ਕਰਨ ਵਾਲੇ[83],ਸਦੀਵੀ[84] ਮਇਆ-ਵਾਨ[85] ਸਿਰਜਣਹਾਰ[87] ਨੇ ਸਾਨੂੰ ਸਾਰਿਆਂ ਨੂੰ ਸੀਤਲ[86] ਕਰ ਦਿਤਾ ਹੈ।
ਅਪੁਨੇ ਜੀਅ[88] ਜੰਤ ਪ੍ਰਤਿ-ਪਾਰੇ[89]॥ ਜਿਉ[90] ਬਾਰਿਕ[91] ਮਾਤਾ[92] ਸੰਮਾਰੇ[93] ॥	He nourishes[89] His sentient beings[88] as[90] the mother[92] takes care[93] of her child[91].	ਜਿਸ ਤਰ੍ਹਾਂ[90] ਮਾਂ[92] ਆਪਣੇ ਬੱਚੇ[91] ਦੀ ਸੰਭਾਲ[93] ਕਰਦੀ ਹੈ, ਉਹ ਆਪਣੇ ਪ੍ਰਾਣਧਾਰੀ ਜੀਵਾਂ[88] ਦੀ ਪਾਲਣਾ[89] ਕਰਦਾ ਹੈ।
ਦੁਖਭੰਜਨ[95]ਸੁਖ[96]ਸਾਗਰ[97] ਸੁਆਮੀ ਦੇਤ[98] ਸਗਲ[99] ਆਹਾਰੇ[100] ਜੀਉ ॥੨॥	Lord the destroyer[95] of distress and the ocean[97] of peace[96], gives[98] sustenance[100] to all[99].	ਤਕਲੀਫ ਰਫ਼ਾ ਕਰਨ ਵਾਲਾ[95] ਅਤੇ ਆਰਾਮ[96] ਦਾ ਸਮੁੰਦਰ[97], ਸਾਹਿਬ ਸਾਰਿਆਂ[99] ਨੂੰ ਰਿਜ਼ਕ[100] ਦਿੰਦਾ[98] ਹੈ।
ਜਲਿ[2] ਥਲਿ[3] ਪੂਰਿ ਰਹਿਆ[4] ਮਿਹਰਵਾਨਾ[5] ॥	The Merciful One[5] is fully filling[4] the water[2] and dry land[3].	ਦਇਆਲੂ ਪੁਰਖ[5] ਪਾਣੀ[2] ਅਤੇ ਸੁੱਕੀ ਧਰਤੀ[3] ਨੂੰ ਪੂਰੀ ਤਰ੍ਹਾਂ ਭਰ ਰਿਹਾ[4] ਹੈ !
ਸਦ[6] ਬਲਿਹਾਰਿ[7] ਜਾਈਐ ਕੁਰਬਾਨਾ[8] ॥	I am ever[6] devoted[7] and a sacrifice[8] unto Him.	ਮੈਂ ਹਮੇਸ਼ਾਂ[6] ਉਸ ਉਤੋਂ ਸਦਕੇ[7] ਤੇ ਵਾਰਣੇ[8] ਜਾਂਦਾ ਹਾਂ !
ਰੈਣਿ[9] ਦਿਨਸੁ[10] ਤਿਸੁ[11] ਸਦਾ ਧਿਆਈ[12]ਜਿ ਖਿਨ[13] ਮਹਿ[14]ਸਗਲਉਧਾਰੇ[15]ਜੀਉ।	Night[9] and day[10] I always meditate[12] on Him[11] who, in[14] an instant[13], saves[15] all.	ਰਾਤ[9] ਤੇ ਦਿਨ[10] ਮੈਂ ਹਮੇਸ਼ਾ ਉਸ[11] ਦਾ ਸਿਮਰਨ[12] ਕਰਦਾ ਹਾਂ, ਜੋ ਇਕ ਮੁਹਤ[13] ਵਿਚ[14], ਸਾਰਿਆਂ ਦਾ ਪਾਰ ਉਤਾਰਾ[15] ਕਰ ਦਿੰਦਾ ਹੈ।
ਰਾਖਿ ਲੀਏ[16] ਸਗਲੇ ਪ੍ਰਭਿ ਆਪੇ[17] ॥ ਉਤਰਿ ਗਏ[18] ਸਭ ਸੋਗ[19] ਸੰਤਾਪੇ[20] ॥	The Lord Himself[17] protects[16] all, and all the sorrows[19] and afflictions[20] depart[18].	ਸੁਆਮੀ ਖ਼ੁਦ[17] ਸਮੂਹ ਦੀ ਰਖਿਆ[16] ਕਰਦਾ ਹੈ ਅਤੇ ਸਾਰੇ ਗ਼ਮ[19] ਤੇ ਦੁਖੜੇ[20] ਦੂਰ ਹੋ ਗਏ[18] ਹਨ।
ਨਾਮੁ ਜਪਤ[21]ਮਨੁ[22] ਤਨੁ[23] ਹਰੀਆਵਲੁ[24] ਪ੍ਰਭ ਨਾਨਕ ਨਦਰਿ[25] ਨਿਹਾਰੇ[26]ਜੀਉ ॥ ੪ ॥ ੨੯ ॥ ੩੬ ॥	Meditating[21] on the Name the soul[22] and body[23] are rendered ever-green[24],and with gracious glance[25]the Lord looks[26]on the mortal,O, Nanak!	ਨਾਮ ਦਾ ਅਰਾਧਨ[21] ਕਰਕੇ ਆਤਮਾ[22] ਤੇ ਦੇਹਿ[23] ਸਦੀਵੀ ਸਰ-ਸਬਜ਼[24] ਹੋ ਜਾਂਦੇ ਹਨ ਅਤੇ ਪ੍ਰਾਣੀ ਨੂੰ ਸੁਆਮੀ ਦਇਆ ਦ੍ਰਿਸ਼ਟੀ[25] ਨਾਲ ਤੱਕਦਾ[26] ਹੈ, ਹੇ ਨਾਨਕ !
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ।
ਜਿਥੈ ਨਾਮੁ ਜਪੀਐ[27] ਪ੍ਰਭ ਪਿਆਰੇ[28] ॥ ਸੇ[29] ਅਸਥਲ[30] ਸੋਇਨ[31] ਚਉਬਾਰੇ[32] ॥	Where the Name of the beloved[28] Lord is repeated[27], those[29] unpeopl ed[30] places are like the golden[31] mansions[32].	ਜਿਥੇ ਪ੍ਰੀਤਮ[28] ਠਾਕਰ ਦੇ ਨਾਮ ਦਾ ਉਚਾਰਨ[27] ਕੀਤਾ ਜਾਂਦਾ ਹੈ ਉਹ[29] ਬੇ-ਆਬਾਦ[30] ਥਾਵਾਂ ਸੁਨਹਿਰੀ[31] ਚੁਬਾਰਿਆਂ[32] ਦੀ ਮਾਨਿੰਦ ਹਨ।
ਜਿਥੈ ਨਾਮੁ ਨ ਜਪੀਐ ਮੇਰੇ[33]ਗੋਇਦਾ[34]ਸੇਈ[35] ਨਗਰ[36] ਉਜਾੜੀ[37] ਜੀਉ ॥ ੧ ॥	Where the Name of my world[33]-Master[34] is not repeated, those[35] towns[36] are like a wilderness[37].	ਜਿਥੇ ਮੇਰੇ ਸ੍ਰਿਸ਼ਟੀ[33] ਦੇ ਮਾਲਕ[34] ਦੇ ਨਾਮ ਦਾ ਉਚਾਰਨ ਨਹੀਂ ਕੀਤਾ ਜਾਂਦਾ, ਉਹ[35] ਕਸਬੇ[36] ਬੀਆਬਾਨ[37] ਦੀ ਤਰ੍ਹਾਂ ਹਨ।
ਹਰਿ ਰੁਖੀ[38] ਰੋਟੀ[39]ਖਾਇ[40] ਸਮਾਲੇ[41] ॥ ਹਰਿ ਅੰਤਰਿ ਬਾਹਰਿ[42]ਨਦਰਿ[43]ਨਿਹਾਲੇ[44]	He, who eating[40] dry[38] bread[39] remembers[41] God, with his eyes[43] sees[44]the Lord within and without[42].	ਜੋ ਖ਼ੁਸ਼ਕ[38] ਮੰਨੀ[39] ਛਕ[40] ਕੇ ਵਾਹਿਗੁਰੂ ਦਾ ਚਿੰਤਨ[41] ਕਰਦਾ ਹੈ, ਉਹ ਆਪਣੀਆਂ ਅੱਖਾਂ[43] ਨਾਲ, ਸਾਹਿਬ ਨੂੰ ਅੰਦਰ ਤੇ ਬਾਹਰਵਾਰ[42] ਦੇਖ[44] ਲੈਂਦਾ ਹੈ।

ਖਾਇ ਖਾਇ[45] ਕਰੇ[46] ਬਦ-
ਫੈਲੀ[47] ਜਾਣੁ[48] ਵਿਸੂ ਕੀ[49]
ਵਾੜੀ[50] ਜੀਉ ॥੨॥

Know[48] that he, who eats copiously[45] and does[46] evil[47], is like an archard[50] of poison[49].

ਸਮਝ[48] ਲੈ ਕਿ ਜੋ ਬਹੁਤਾ ਖਾਂਦਾ[45] ਹੈ ਅਤੇ ਬਦੀ[47] ਕਮਾਉਂਦਾ[46] ਹੈ ਉਹ ਜ਼ਹਿਰ[49] ਦੀ ਬਗੀਚੀ[50] ਦੀ ਮਾਨਿੰਦ ਹੈ।

ਸੰਤਾ[51] ਸੇਤੀ[52] ਰੰਗੁ[53] ਨ
ਲਾਏ[54] ॥ ਸਾਕਤ[55]ਸੰਗਿ[56]
ਵਿਕਰਮ[57] ਕਮਾਏ[58] ॥
ਦੁਲਭ[59]ਦੇਹ[60]ਖੋਈ[61]ਅਗਿ-
ਆਨੀ[62] ਜੜ[63] ਅਪੁਣੀ[64]
ਆਪਿ[65]ਉਪਾੜੀ[66]ਜੀਉ॥੩॥

The ignorant man[62], who bears[54] not love[53] with[52] the saints[51] and does[58] evil deeds[57] in the company[56] of the wicked[55], loses[61] his unprocurable[59] body[60] (life) and himself[65] extirpates[66] his own[64] root[63].

ਬੇ-ਸਮਝ[62] ਬੰਦਾ, ਜੋ ਸਾਧੂਆਂ[51] ਨਾਲ[52] ਪ੍ਰੀਤ[53] ਨਹੀਂ ਗੰਢਦਾ[54] ਅਤੇ ਫੈਲੀਆਂ[55] ਦੇ ਮਿਲਾਪ[56] ਵਿਚ ਮੰਦੇ ਅਮਲ[57] ਕਰਦਾ[58] ਹੈ, ਉਹ ਆਪਣੇ ਨਾਯਾਬ[59] ਸਰੀਰ[60] (ਜੀਵਨ) ਨੂੰ ਗੁਆ[61] ਲੈਂਦਾ ਹੈ ਅਤੇ ਆਪਣੀ[64] ਜੜ੍ਹ[63] ਨੂੰ ਖ਼ੁਦ[65] ਹੀ ਪੁਟ ਸੁਟਦਾ[66] ਹੈ।

ਤੇਰੀ ਸਰਣਿ[67] ਮੇਰੇ ਦੀਨ[68]
ਦਇਆਲਾ[69] ॥

O' Merciful[69] to the meek[68] I have entered Thy sanctuary[67].

ਹੇ ਮਸਕੀਨਾਂ[68] ਤੇ ਮਿਹਰਬਾਨ[69] ! ਮੈਂ ਤੇਰੀ ਪਨਾਹ[67] ਲਈ ਹੈ।

ਸੁਖ[70] ਸਾਗਰ[71] ਮੇਰੇ ਗੁਰ[72]
[73]ਗੋਪਾਲਾ[74] ॥

Thou, O' great[72] cherisher[74] of the universe[73] ! art an ocean[71] of happiness[70].

ਹੇ ਮੇਰੇ ਵਿਸ਼ਾਲ[72] ਤੇ ਆਲਮ[73] ਦੇ ਪਾਲਣਹਾਰ[74] ! ਤੂੰ ਪ੍ਰਸੰਨਤਾ[70] ਦਾ ਸਮੁੰਦਰ[71] ਹੈਂ।

ਕਰਿ ਕਿਰਪਾ[75] ਨਾਨਕੁ
ਗੁਣ[76] ਗਾਵੈ ॥ ਰਾਖਹੁ[77]
ਸਰਮ[78] ਅਸਾੜੀ[79] ਜੀਉ ॥
੪ ॥ ੩੦ ॥ ੩੭ ॥

Show mercy[75] that Nanak may sing Thine praises[76] and thus preserve[77] my[79] (Nanak's) honour[78].

ਰਹਿਮ[75] ਕਰ ਤਾ ਜੋ ਨਾਨਕ ਤੇਰੀ ਸਿਫ਼ਤ ਸ਼ਲਾਘਾ[76] ਗਾਇਨ ਕਰੇ ਅਤੇ ਇਸ ਤਰ੍ਹਾਂ ਮੇਰੀ[79] (ਨਾਨਕ ਦੀ) ਇੱਜ਼ਤ[78] ਬਰਕਰਾਰ[77] ਰੱਖ।

ਮਾਝ ਮਹਲਾ ੫ ॥

Majh, Fifth Guru.

ਮਾਝ, ਪੰਜਵੀਂ ਪਾਤਸ਼ਾਹੀ।

ਚਰਣ[80] ਠਾਕੁਰ ਕੇ ਰਿਦੈ[81]
ਸਮਾਣੇ[82] ॥

Lord's feet[80] I have treasured[82] up in my mind[81],

ਪ੍ਰਭੂ ਦੇ ਪੈਰ[80] ਮੈਂ ਆਪਣੇ ਮਨ[81] ਅੰਦਰ ਟਿਕਾਏ[82] ਹਨ।

ਕਲਿ[83]ਕਲੇਸ[84]ਸਭ ਦੂਰਿ[85]
ਪਇਆਣੇ[86] ॥

All my botherations[83] and sufferings[84] have fled[86] far away[85].

ਮੇਰੀਆਂ ਸਾਰੀਆਂ ਕਲਪਨਾਂ[83] ਤੇ ਦੁਖੜੇ[84] ਦੁਰੇਡੇ[85] ਨੱਸ[86] ਗਏ ਹਨ।

ਸਾਂਤਿ[87] ਸੂਖ[88] ਸਹਜ[89]
ਧੁਨਿ[90] ਉਪਜੀ[91] ਸਾਧੂ
ਸੰਗਿ[92] ਨਿਵਾਸਾ[93]ਜੀਉ।੧।

Within me naturally[89] rings[91] the music[90] of peace[87] and pleasure[88] and I abide[93] in the saint's[92] society.

ਮੇਰੇ ਅੰਦਰ ਠੰਢ-ਚੈਨ[87] ਤੇ ਖ਼ੁਸ਼ੀ[88] ਦੀ[90] ਲੈ ਸੁਭਾਵਕ[89] ਹੀ ਗੂੰਜਦੀ[91] ਹੈ ਤੇ ਮੈਂ ਸਤਿਸੰਗਤ[92] ਅੰਦਰ ਵਸਦਾ[93] ਹਾਂ।

ਲਾਗੀ[94] ਪ੍ਰੀਤਿ[95] ਨ
ਤੂਟੈ[96] ਮੂਲੇ ॥

Love[95] contracted[94] with the Lord never sunders[96].

ਸਾਈਂ ਨਾਲ ਪਿਰਹੜੀ[95] ਪਾਈ[94] ਹੋਈ ਕਦਾਚਿਤ ਨਹੀਂ ਟੁਟਦੀ[96]।

ਹਰਿ ਅੰਤਰਿ ਬਾਹਰਿ[97]
ਰਹਿਆ ਭਰਪੂਰੇ[98] ॥

Within and without[97] the Lord is fully pervading[98].

ਅੰਦਰ ਤੇ ਬਾਹਰ[97] ਸਾਹਿਬ ਪੂਰੀ ਤਰ੍ਹਾਂ ਵਿਆਪਕ[98] ਹੋ ਰਿਹਾ ਹੈ।

ਸਿਮਰਿ[99] ਸਿਮਰਿ ਸਿਮਰਿ
ਗੁਣ[100] ਗਾਵਾ[2] ਕਾਟੀ[3]
ਜਮ ਕੀ[4] ਫਾਸਾ[5] ਜੀਉ ॥
੨ ॥

By remembering[99], remembering and ever remembering the Lord, and singing[2] His praises[100] the noose[5] of death[4] is mowed[3] down

ਸਾਈਂ ਨੂੰ ਯਾਦ[99] ਕਰਨ, ਯਾਦ ਕਰਨ ਤੇ ਸਦਾ ਯਾਦ ਕਰਨ ਅਤੇ ਉਸ ਦਾ ਜੱਸ[100] ਗਾਇਨ[2] ਕਰਨ ਦੁਆਰਾ ਮੌਤ[4] ਦੀ ਫਾਹੀ[5] ਕੱਟੀ[3] ਜਾਂਦੀ ਹੈ।

ਅੰਮ੍ਰਿਤੁ[6] ਵਰਖੈ[7] ਅਨਹਦ[8]

The rain of ambrosial[6] Gurbani[9] is

ਅੰਮ੍ਰਿਤਮਈ[6] ਗੁਰਬਾਣੀ[9] ਦੀ ਬਾਰਸ ਇਕ ਰਸ[8] ਵਰ੍ਹ

ਬਾਣੀ[9] ॥	incessantly[8] falling[7].	ਰਹੀ[7] ਹੈ ।
ਮਨ[10] ਤਨ[11] ਅੰਤਰਿ[12] ਸਾਂਤਿ[13] ਸਮਾਣੀ[14] ॥	Therewith within[12] my mind[10] and body[11] the Divine peace[13] has entered[14].	ਉਸ ਨਾਲ ਮੇਰੇ ਚਿੱਤ[10] ਤੇ ਦੇਹਿ[11] ਅੰਦਰ[12] ਇਲਾਹੀ ਠੰਢ ਚੈਨ[13] ਪ੍ਰਵੇਸ਼[14] ਕਰ ਗਈ ਹੈ ।
ਤ੍ਰਿਪਤਿ[15] ਅਘਾਇ[16] ਰਹੇ ਜਨ[17] ਤੇਰੇ ਸਤਿਗੁਰਿ ਦੀਆ ਦਿਲਾਸਾ[18] ਜੀਉ ॥ ੩ ॥	Sated[15] and satiated[16] remain Thine serfs[17], O' Lord ! and the True Guru patronizes[18] them.	ਰਜੇ[15] ਤੇ ਧ੍ਰਾਪੇ[16] ਰਹਿੰਦੇ ਹਨ ਤੇਰੇ ਨਫ਼ਰ,[17] ਹੇ ਸੁਆਮੀ ! ਅਤੇ ਸੱਚੇ ਗੁਰੂ ਜੀ ਉਨ੍ਹਾਂ ਨੂੰ ਢਾਰਸ ਤੇ ਸਹਾਰਾ[18] ਦਿੰਦੇ ਹਨ ।
ਜਿਸ ਕਾ[19] ਸਾ[20] ਤਿਸ[21] ਤੇ[22] ਫਲੁ[23] ਪਾਇਆ[24] ॥	I have obtained[24] the boon[23] from[22] Him[21] (the Guru), to whom[19] I belong[20].	ਮੈਂ ਉਸ[21] (ਗੁਰੂ) ਪਾਸੋਂ[22] ਮੁਰਾਦ[23] ਪਾਈ[24] ਹੈ ਜਿਸ[19] ਦੀ ਮੈਂ ਮਲਕੀਅਤ[20] ਹਾਂ ।
ਕਰਿ[25] ਕਿਰਪਾ[26] ਪ੍ਰਭ ਸੰਗਿ[27] ਮਿਲਾਇਆ[28] ॥	Showing[25] his mercy[26] the Guru has united[28] me with[27] the Lord.	ਆਪਣੀ ਮਿਹਰ[26] ਧਾਰ[25] ਕੇ, ਗੁਰੂ ਨੇ ਮੈਨੂੰ ਸੁਆਮੀ ਨਾਲ[27] ਮਿਲਾ[28] ਦਿਤਾ ਹੈ ।
ਆਵਣ ਜਾਣ[29] ਰਹੇ[30] [31]ਵਡਭਾਗੀ[32] ਨਾਨਕ ਪੂਰਨ[33] ਆਸਾ[34] ਜੀਉ ॥ ੪ ॥ ੩੧ ॥ ੩੮ ॥	Through great[31] good luck[32] my coming and going[29] have ceased[30] and my hopes[34] have been realized[33], O' Nanak !	ਵਡੇ[31] ਚੰਗੇ ਕਰਮਾਂ[32] ਰਾਹੀਂ ਮੇਰਾ ਆਉਣਾ ਤੇ ਜਾਣਾ[29] ਮੁਕ ਗਿਆ[30] ਹੈ ਅਤੇ ਮੇਰੀਆਂ ਉਮੀਦਾਂ[34] ਬਰ ਆਈਆਂ[33] ਹਨ, ਹੇ ਨਾਨਕ !
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਮੀਹੁ[37] ਪਇਆ[35] ਪਰਮੇਸਰਿ[36] ਪਾਇਆ ॥	Rain[37] has fallen[35] the Lofty Lord[36] has made it fall.	ਬਾਰਸ਼[37] ਹੋਈ[35] ਹੈ ਸ਼੍ਰੋਮਣੀ ਸਾਹਿਬ[36] ਨੇ ਇਸ ਨੂੰ ਪਾਇਆ ਹੈ ।
ਜੀਅ[37*] ਜੰਤ[38] ਸਭਿ ਸੁਖੀ[39] ਵਸਾਇਆ[40] ॥	He has caused all the men[37*] and other beings[38] to abide[40] in peace[39].	ਉਸ ਨੇ ਸਮੂਹ ਇਨਸਾਨਾਂ[37*] ਅਤੇ ਹੋਰ ਜੀਵਾਂ[38] ਨੂੰ ਆਰਾਮ[39] ਵਿਚ ਵਸਾ[40] ਦਿਤਾ ਹੈ ।
ਗਇਆ[41] ਕਲੇਸੁ[42] ਭਇਆ[42*] ਸੁਖੁ ਸਾਚਾ[43] ਹਰਿ ਹਰਿ[44] ਨਾਮੁ ਸਮਾਲੀ[45] ਜੀਉ ॥ ੧ ॥	Their suffering[42] is gone[41] and true happiness[43] has dawned[42*] on them by pondering[45] on the Lord God's Name[44].	ਵਾਹਿਗੁਰੂ ਸੁਆਮੀ[44] ਦੇ ਨਾਮ ਦਾ ਚਿੰਤਨ[45] ਕਰਨ ਦੁਆਰਾ ਉਨ੍ਹਾਂ ਦੀ ਤਕਲੀਫ਼[42] ਦੂਰ[41] ਹੋ ਗਈ ਹੈ ਤੇ ਉਨ੍ਹਾਂ ਨੂੰ ਸੱਚੀ ਖੁਸ਼ੀ[43] ਪਰਾਪਤ[42*] ਹੋਈ ਹੈ ।
ਜਿਸ[46] ਕੇ ਸੇ[47] ਤਿਨ[48] ਹੀ ਪ੍ਰਤਿਪਾਰੇ[49] ॥	He[48], whom[46] they belonged[47], has nursed[49] them.	ਜੀਹਦੀ[46] ਉਹ ਮਲਕੀਅਤ[47] ਸਨ, ਉਸੇ[48] ਨੇ ਉਨ੍ਹਾਂ ਦੀ ਪਾਲਣਾ[49] ਕੀਤੀ ਹੈ ।
ਪਾਰਬ੍ਰਹਮ[50] ਪ੍ਰਭੁ[51] ਭਏ[52] ਰਖਵਾਰੇ[53] ॥	The Exalted Lord[50] Master[51] has become[52] their protector[53].	ਉਤਕ੍ਰਿਸ਼ਟ ਸੁਆਮੀ[50] ਮਾਲਕ[51] ਉਨ੍ਹਾਂ ਦਾ ਰਖਿਅਕ[53] ਹੋ ਗਿਆ[52] ਹੈ ।
੧੦੬	106	੧੦੬
ਸੁਣੀ ਬੇਨੰਤੀ[54] ਠਾਕੁਰਿ ਮੇਰੈ ਪੂਰਨ[55] ਹੋਈ ਘਾਲੀ[56] ਜੀਉ ॥੨॥	My Master has heard my supplication[54] and my service[56] has borne fruit[55].	ਮੇਰੇ ਮਾਲਕ ਨੇ ਮੇਰੀ ਪ੍ਰਾਰਥਨਾ[54] ਸੁਣ ਲਈ ਹੈ ਅਤੇ ਮੇਰੀ ਸੇਵਾ[56] ਸਫਲ ਹੋ[55] ਗਈ ਹੈ ।
ਸਰਬ[57] ਜੀਆ[58] ਕਉ ਦੇਵਣਹਾਰਾ[59] ॥	The Lord is the giver[59] of all[57] the living beings[58].	ਸੁਆਮੀ ਸਾਰਿਆਂ[57] ਜੀਵਾਂ[58] ਨੂੰ ਦੇਣਵਾਲਾ[59] ਹੈ ।

ਗੁਰ ਪਰਸਾਦੀ[60] ਨਦਰਿ[61] ਨਿਹਾਰਾ[62] ॥	By the Guru's grace[60] I have seen[62] Him with mine eyes[61].	ਗੁਰਾਂ ਦੀ ਦਇਆ[60] ਦੁਆਰਾ ਮੈਂ ਉਸ ਨੂੰ ਆਪਣੀਆਂ ਅੱਖਾਂ[61] ਨਾਲ ਵੇਖ ਲਿਆ[62] ਹੈ।
ਜਲ[63] ਥਲ[64] ਮਹੀਅਲ[65] ਸਭਿ ਤ੍ਰਿਪਤਾਣੇ[66] ਸਾਧੂ[66*] ਚਰਨ[67] ਪਖਾਲੀ[68] ਜੀਉ॥੩॥	The beings of the ocean[63], land[64] and sky[65] are all satiated[66]. I wash[68] the feet[67] of the Saint-Guru[66*].	ਸਮੁੰਦਰ[63], ਧਰਤੀ[64] ਤੇ ਅਸਮਾਨ[65] ਦੇ ਸਮੂਹ ਜੀਵ ਧਰਾਪ[66] ਗਏ ਹਨ। ਮੈਂ ਸੰਤ-ਗੁਰਾਂ[66*] ਦੇ ਪੈਰ[67] ਧੋਂਦਾ[68] ਹਾਂ।
ਮਨ ਕੀ ਇਛ[69] ਪੁਜਾਵਣਹਾਰਾ[70] ॥	Lord is the fulfiller[70] of mind's aspiration[69].	ਪ੍ਰਭੂ ਚਿਤ ਦੀ ਖ਼ਾਹਿਸ਼[69] ਪੂਰੀ[70] ਕਰਨ ਵਾਲਾ ਹੈ।
ਸਦਾ ਸਦਾ[71] ਜਾਈ ਬਲਿਹਾਰਾ[72] ॥	Ever and ever[71] I am a sacrifice[72] unto Him.	ਹਮੇਸ਼ਾਂ ਤੇ ਸਦੀਵ[71] ਹੀ ਮੈਂ ਉਸ ਤੋਂ ਕੁਰਬਾਨ[72] ਜਾਂਦਾ ਹਾਂ।
ਨਾਨਕ ਦਾਨੁ[73] ਕੀਆ ਦੁਖ ਭੰਜਨਿ[74] ਰਤੇ[75] ਰੰਗਿ[76] ਰਸਾਲੀ[77] ਜੀਉ॥੪॥੩੨॥੩੯ ॥	Nanak, the destroyer of pain[74] has given me this gift[73] and I am imbued[76] with the love[76] of Him, who is the home of happiness[77].	ਨਾਨਕ ਦਰਦ ਦੇ ਨਾਸ ਕਰਨ[74] ਵਾਲੇ ਨੇ ਮੈਨੂੰ ਇਹ ਦਾਤ[73] ਦਿਤੀ ਹੈ ਕਿ ਮੈਂ ਉਸ ਦੀ ਪ੍ਰੀਤ[76] ਨਾਲ ਰੰਗਿਆ[75] ਗਿਆ ਹਾਂ ਜੋ ਪ੍ਰਸੰਨਤਾ ਦਾ ਘਰ[77] ਹੈ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ।
ਮਨੁ[78] ਤਨੁ[79] ਤੇਰਾ ਧਨੁ[80] ਭੀ ਤੇਰਾ ॥	My soul[78] and body[79] are Thine, my wealth[80] too is Thine.	ਮੇਰੀ ਆਤਮਾ[78] ਤੇ ਦੇਹਿ[79] ਤੇਰੀਆਂ ਹਨ, ਮੇਰੀ ਦੌਲਤ[80] ਭੀ ਤੇਰੀ ਹੈ।
ਤੂੰ ਠਾਕੁਰੁ ਸੁਆਮੀ[81] ਪ੍ਰਭੁ[82] ਮੇਰਾ ॥	Thou art my Lord Master[81] Husband[82].	ਤੂੰ ਮੇਰਾ ਸਾਹਿਬ ਮਾਲਕ[81] ਤੇ ਸਿਰ ਦਾ ਸਾਈਂ[82] ਹੈਂ।
ਜੀਉ[83] ਪਿੰਡੁ[84] ਸਭੁ[85] ਰਾਸਿ[86] ਤੁਮਾਰੀ ਤੇਰਾ ਜੋਰੁ[87] [88]ਗੋਪਾਲਾ[89] ਜੀਉ ॥ ੧ ॥	My life[83] and body[84] are all[85] Thy capital[86], and my power[87] is from Thee, O' the world[88] cherisher[89]!	ਮੇਰੀ ਜਿੰਦੜੀ[83] ਤੇ ਦੇਹਿ[84] ਸਮੂਹ[85] ਤੇਰੀ ਹੀ ਪੂੰਜੀ[86] ਹੈ ਅਤੇ ਮੇਰੀ ਸਤਿਆ[87] ਤੇਰੇ ਤੋਂ ਹੀ ਹੈ, ਹੇ ਸ੍ਰਿਸ਼ਟੀ[88] ਦੇ ਪਾਲਕ[89]।
ਸਦਾ ਸਦਾ[90] ਤੂੰਹੈ ਸੁਖਦਾਈ[91] ॥	For ever and aye[90] Thou art the giver of peace[91].	ਸਦੀਵ ਤੇ ਹਮੇਸ਼ਾਂ[90] ਲਈ ਤੂੰ ਆਰਾਮ[91] ਦੇਣ ਵਾਲਾ ਹੈਂ।
ਨਿਵਿ[92] ਨਿਵਿ ਲਾਗਾ[93] ਤੇਰੀ ਪਾਈ[94] ॥	I bow[92], ever bow and fall[93] at Thine feet[94].	ਮੈਂ ਨਿਮਸ਼ਕਾਰ ਕਰਦਾ[92] ਹਾਂ, ਸਦਾ ਨਿਮਸ਼ਕਾਰ ਕਰਦਾ ਹਾਂ ਅਤੇ ਤੇਰੇ ਪੈਰੀਂ[94] ਪੈਂਦਾ[93] ਹਾਂ।
ਕਾਰ[95]ਕਮਾਵਾ[96]ਜੇ[97]ਤੁਧੁ[98] ਭਾਵਾ[99] ਜਾ[100] ਤੂੰ ਦੇਹਿ[2] ਦਇਆਲਾ[3] ਜੀਉ ॥ ੨ ॥	If[97] it pleases[98] Thee[99] and when[100] Thou givest[2] me, O' merciful[3] One! will perform[96] Thy service[95].	ਜੇਕਰ[97] ਤੈਨੂੰ[98] ਚੰਗਾ[99] ਲਗੇ ਅਤੇ ਜਦ[100] ਤੂੰ ਦੇਵੇਂ,[2] ਹੇ ਮਿਹਰਬਾਨ ਪੁਰਖ[3]! ਮੈਂ ਤੇਰੀ ਘਾਲ[95] ਘਾਲਾਂਗਾ[96]।
ਪ੍ਰਭੂ ਤੁਮ ਤੇ[4] ਲਹਣਾ[5] ਤੂੰ ਮੇਰਾ ਗਹਣਾ[6] ॥	O' Lord! from[4] Thee alone I receive[5] and Thou art my ornament[6].	ਹੇ ਸੁਆਮੀ! ਮੈਂ ਕੇਵਲ ਤੇਰੇ ਕੋਲੋਂ[4] ਹੀ ਲੈਂਦਾ[5] ਹਾਂ ਅਤੇ ਤੂੰ ਹੀ ਮੇਰਾ ਜ਼ੇਵਰ[6] ਹੈਂ।
ਜੋ[7] ਤੂੰ ਦੇਹਿ[8] ਸੋਈ[9] ਸੁਖੁ[10] ਸਹਣਾ[11] ॥	Whatever[7] Thou givest[8] me, I endure[11] that[9] as comfort[10].	ਜੋ ਕੁਛ[7] ਤੂੰ ਮੈਨੂੰ ਦਿੰਦਾ[8] ਹੈਂ, ਮੈਂ ਉਸ[9] ਨੂੰ ਆਰਾਮ[10] ਸਮਝ ਕੇ ਸਹਾਰਦਾ[11] ਹਾਂ।
ਜਿਥੈ[12] ਰਖਹਿ[13] ਬੈਕੁੰਠੁ[14] ਤਿਥਾਈ[15] ਤੂੰ ਸਭਨਾ ਕੇ ਪ੍ਰਤਿਪਾਲਾ[16] ਜੀਉ ॥ ੩ ॥	Wherever[12] Thou keepest[13] me, there[15] I find heaven[14]. Thou art the nurser[16] of all.	ਜਿਥੇ ਕਿਤੇ[12] ਭੀ ਤੂੰ ਮੈਨੂੰ ਰੱਖਦਾ[13] ਹੈਂ, ਉਥੇ[15] ਹੀ ਮੇਰਾ ਸਵਰਗ[14] ਹੈ। ਤੂੰ ਸਾਰਿਆਂ ਦੀ ਪਰਵਰਸ਼[16] ਕਰਨ ਵਾਲਾ ਹੈਂ।

ਸਿਮਰਿ ਸਿਮਰਿ[17] ਨਾਨਕ ਸੁਖੁ[18] ਪਾਇਆ[19] ॥	By meditating[17] and pondering on the Lord, Nanak has obtained[19] peace[18].	ਸਾਹਿਬ ਦਾ ਚਿੰਤਨ ਤੇ ਅਰਾਧਨ[17] ਕਰਨ ਦੁਆਰਾ ਨਾਨਕ ਨੇ ਆਰਾਮ[18] ਪਰਾਪਤ[19] ਕੀਤਾ ਹੈ।
ਆਠ ਪਹਰ[20] ਤੇਰੇ ਗੁਣ[21] ਗਾਇਆ[22] ॥	Throughout the eight watches of[20] the day he sings[22] Thine praises[21].	ਦਿਨ ਦੇ ਅਠੇ[20] ਪਹਿਰ ਹੀ ਉਹ ਤੇਰੀ ਸਿਫ਼ਤ ਸ਼ਲਾਘਾ[21] ਗਾਇਨ[22] ਕਰਦਾ ਹੈ।
ਸਗਲ[23] ਮਨੋਰਥ[24]ਪੂਰਨ[25] ਹੋਏ ਕਦੇ ਨ ਹੋਇ ਦੁਖਾਲਾ[26] ਜੀਉ ॥੪॥੩੩॥੪੦॥	All[23] his heart's[24] desires are fulfilled[25] and he shall never more be distressed[26].	ਉਸ ਦੇ ਦਿਲ ਦੀਆਂ ਖ਼ਾਹਿਸ਼ਾਂ[24] ਸਾਰੀਆਂ[23] ਪੂਰੀਆਂ[25] ਹੋ ਗਈਆਂ ਹਨ ਅਤੇ ਉਹ ਮੁੜ ਕੇ ਕਦਾਚਿੱਤ ਦੁਖੀ[26] ਨਹੀਂ ਹੋਵੇਗਾ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ।
ਪਾਰਬ੍ਰਹਮਿ[27] ਪ੍ਰਭਿ ਮੇਘੁ[28] ਪਠਾਇਆ[29] ॥	The Lofty Lord[27] Master has sent[29] the cloud[28].	ਉਚੇ[27] ਸੁਆਮੀ ਮਾਲਕ ਨੇ ਬੱਦਲ[28] ਭੇਜਿਆ[29] ਹੈ।
ਜਲਿ[30]ਥਲਿ[31]ਮਹੀਅਲਿ[32] ਦਹ[33]ਦਿਸਿ[34]ਵਰਸਾਇਆ[35]	In[32] ten[33] directions[34] and over sea[30] and land[31] He has caused it to rain[35].	ਦਸਾਂ[33] ਹੀ ਪਾਸਿਆਂ[34] ਵਿਚ[32] ਅਤੇ ਸਮੁੰਦਰ[30] ਤੇ ਧਰਤੀ[31] ਉਤੇ ਉਸ ਨੇ ਮੀਂਹ ਵਰ੍ਹਾਇਆ[35] ਹੈ।
ਸਾਂਤਿ[36] ਭਈ[37] ਬੁਝੀ[38]ਸਭ ਤ੍ਰਿਸਨਾ[39]ਅਨਦੁ[40] ਭਇਆ ਸਭ ਠਾਈ[41] ਜੀਉ ॥ ੧ ॥	Peace[36] has ensued[37]. All the thirst[39] is quenched[38], and there is joy[40] at all the places[41].	ਠੰਢ ਚੈਨ[36] ਵਰਤ[37] ਗਈ ਹੈ। ਸਾਰੀ ਤੇਹ[39] ਮਿਟ[38] ਗਈ ਹੈ, ਅਤੇ ਸਾਰੀਆਂ ਥਾਵਾਂ[41] ਤੇ ਖ਼ੁਸ਼ੀ[40] ਹੋ ਗਈ ਹੈ।
ਸੁਖਦਾਤਾ[42] ਦੁਖ ਭੰਜਨਹਾਰਾ[43] ॥	God is the giver[42] of comfort and the destroyer[43] of distress.	ਵਾਹਿਗੁਰੂ ਆਰਾਮ ਦੇਣਹਾਰ[42] ਅਤੇ ਤਕਲੀਫ਼ ਰਫ਼ਾ ਕਰਨ ਵਾਲਾ[43] ਹੈ।
ਆਪੇ[44] ਬਖਸਿ[45] ਕਰੇ[46] ਜੀਅ[47] ਸਾਰਾ[48] ॥	He Himself[44] gives[46] gifts[45] to all[48] the beings[47].	ਉਹ ਖ਼ੁਦ[44] ਹੀ ਸਾਰਿਆਂ[48] ਜੀਵਾਂ[47] ਨੂੰ ਦਾਤਾਂ[45] ਦਿੰਦਾ[46] ਹੈ।
ਅਪਨੇ ਕੀਤੇ[49] ਨੋ ਆਪਿ ਪ੍ਰਤਿਪਾਲੇ[50] ਪਇ[51] ਪੈਰੀ[52] ਤਿਸਹਿ[53]ਮਨਾਈ[54]ਜੀਉ॥੨॥	His creation[49] He Himself nurtures[50]. Falling[51] at His feet[52] I propitiate[54] Him[53].	ਆਪਣੀ ਰਚਨਾ[49] ਨੂੰ ਉਹ ਆਪੇ ਹੀ ਪਾਲਦਾ ਪੋਸਦਾ[50] ਹੈ। ਉਸ ਦੇ ਪਗੀਂ[52] ਡਿਗ[51] ਕੇ ਮੈਂ ਉਸ[53] ਨੂੰ ਪ੍ਰਸੰਨ[54] ਕਰਦਾ ਹਾਂ।
ਜਾ[55] ਕੀ ਸਰਣਿ[56]ਪਇਆ[57] ਗਤਿ[58] ਪਾਈਐ ॥ ਸਾਸਿ ਸਾਸਿ[59] ਹਰਿਨਾਮੁ ਧਿਆਈਐ[60] ॥	With every breath[59] meditate[60] on the Name of God, by seeking[57] whose[55] shelter[56] emancipation[58] is obtained.	ਆਪਣੇ ਹਰ ਸੁਆਸ[59] ਨਾਲ ਵਾਹਿਗੁਰੂ ਦੇ ਨਾਮ ਦਾ ਸਿਮਰਨ[60] ਕਰ ਜਿਸ[55] ਦੀ ਸ਼ਰਣਾਗਤ[56] ਸੰਭਾਲਣ[57] ਦੁਆਰਾ ਮੁਕਤੀ[58] ਪਰਾਪਤ ਹੁੰਦੀ ਹੈ।
ਤਿਸੁ[61] ਬਿਨੁ[62] ਹੋਰੁ[63] ਨ ਦੂਜਾ[64] ਠਾਕੁਰੁ[65] ਸਭ ਤਿਸੈ ਕੀਆ[66]ਜਾਈ[67]ਜੀਉ॥੩॥	Without[62] Him[61] there is no other[63] second[64] Master[65]. All the places[67] are but His[66].	ਉਸ[61] ਦੇ ਬਗ਼ੈਰ[62] ਹੋਰਸ ਕੋਈ[63] ਦੂਸਰਾ[64] ਮਾਲਕ[65] ਨਹੀਂ। ਸਾਰੀਆਂ ਥਾਵਾਂ[67] ਕੇਵਲ ਉਸੇ ਦੀਆਂ[66] ਹੀ ਹਨ।
ਤੇਰਾ ਮਾਣੁ[68] ਤਾਣੁ[69] ਪ੍ਰਭ ਤੇਰਾ ॥	Thine is the honour[68] and Thine, O' Lord ! is the strength[69] of mine.	ਤੇਰੀ ਹੀ ਹੈ ਮੇਰੀ ਇਜ਼ਤ[68] ਤੇ ਤੇਰੀ ਹੀ ਹੈ, ਹੇ ਮੇਰੇ ਸਾਈਂ ! ਮੇਰੀ ਤਾਕਤ[69]।
ਤੂੰ ਸਚਾ ਸਾਹਿਬੁ[70] ਗੁਣੀ[71] ਗਹੇਰਾ[72] ॥	Thou art my True Lord[70], an ocean[72] of excellences[71].	ਤੂੰ ਹੀ ਹੈਂ ਮੇਰਾ ਸੱਚਾ ਸੁਆਮੀ[70], ਵਡਿਆਈਆਂ[71] ਦਾ ਸਮੁੰਦਰ[72]।
ਨਾਨਕੁ ਦਾਸੁ[76]ਕਹੈ ਬੇਨੰਤੀ[73] ਆਠ ਪਹਰ[74] ਤੁਧੁ	Serf[76] Nanak makes a supplication[73]. Throughout the eight watches of[74]	ਨਫ਼ਰ[76] ਨਾਨਕ ਇਕ ਪ੍ਰਾਰਥਨਾ[73] ਕਰਦਾ ਹੈ। ਦਿਨ ਦੇ ਅਠੇ ਪਹਿਰ[74] ਹੀ ਮੈਂ ਤੇਰਾ

ਧਿਆਈ[75] ਜੀਉ॥੪॥੩੪॥ ੪੧ ॥	the day, I reflect[76] upon Thee.	ਅਰਾਧਨ[76] ਕਰਦਾ ਹਾਂ ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਸਭੇਸੁਖ[77]ਭਏ[78]ਪ੍ਰਭੁਤੁਠੇ[79]॥	All the happiness[77] ensues[78] when the Lord becomes mightily pleased[79].	ਸਾਰੀਆਂ ਖ਼ੁਸ਼ੀਆਂ[77] ਹੋ ਆਉਂਦੀਆਂ[78] ਹਨ ਜਦ ਸੁਆਮੀ ਪਰਮ-ਪਰਸੰਨ[79] ਹੁੰਦਾ ਹੈ ।
ਗੁਰ ਪੂਰੇ[80] ਕੇ ਚਰਣ[81] ਮਨਿ ਵੁਠੇ[82] ॥	The feet[81] of the perfect[80] Guru abide[82] in my mind.	ਪੂਰਨ[80] ਗੁਰਾਂ ਦੇ ਪੈਰ[81] ਮੇਰੇ ਚਿਤ ਅੰਦਰ ਵਸਦੇ[82] ਹਨ ।
ਸਹਜ[83] ਸਮਾਧਿ ਲਗੀ[84] ਲਿਵ[85] ਅੰਤਰਿ[86]ਸੋ[87]ਰਸੁ[88] ਸੋਈ[89] ਜਾਣੈ[90] ਜੀਉ ॥੧॥	In[86] the Lord's love[85] I have acquired[84] profound concentration[83]. That[87] blisss[88] the[89] enjoyer alone knows[90].	ਪ੍ਰਭੂ ਦੀ ਪ੍ਰੀਤ[85] ਅੰਦਰ[86] ਮੇਰੀ ਅਫੁਰ[83] ਤਾੜੀ ਲੱਗ[84] ਗਈ ਹੈ । ਉਸ[87] ਖ਼ੁਸ਼ੀ[88] ਨੂੰ ਉਹ[89] ਅਨੰਦ ਮਾਨਣ ਵਾਲਾ ਹੀ ਜਾਣਦਾ[90] ਹੈ ।
ਅਗਮ[91] ਅਗੋਚਰੁ[92] ਸਾਹਿਬੁ[93] ਮੇਰਾ ॥ ਘਟ ਘਟ[94] ਅੰਤਰਿ[95] ਵਰਤੈ[96]ਨੇਰਾ[97] ॥	Unapproachable[91] and beyond comprehension[92] is my Lord[93]. He dwells in[95] every heart[94] and lives[96] near[97].	ਅਪਹੁੰਚ[91] ਤੇ ਗਿਆਤ ਤੋਂ ਪਰੇ[92] ਹੈ ਮੇਰਾ ਮਾਲਕ[93] । ਉਹ ਹਰ ਦਿਲ[94] ਅੰਦਰ[95] ਵੱਸਦਾ ਹੈ ਤੇ ਨੇੜੇ[97] ਹੀ ਰਹਿੰਦਾ[96] ਹੈ ।
ਸਦਾ[98]ਅਲਿਪਤੁ[99]ਜੀਆ[100] ਕਾ ਦਾਤਾ[2] ਕੋ ਵਿਰਲਾ[3] ਆਪੁ[4] ਪਛਾਣੈ[5] ਜੀਉ ॥੨॥	He is ever[98] unaffected[99] and is the giver[2] of beings[100]. Rare[3] is the person who understands[5] his own self[4].	ਉਹ ਹਮੇਸ਼ਾ[98] ਨਿਰਲੇਪ[99] ਹੈ ਤੇ ਜੀਵਾਂ[100] ਨੂੰ ਦੇਣ ਵਾਲਾ[2] ਹੈ । ਕੋਈ[3] ਟਾਂਵਾਂ ਪੁਰਸ਼ ਹੀ ਆਪਣੇ ਆਪੇ[4] ਨੂੰ ਸਮਝਦਾ[5] ਹੈ ।
ਪ੍ਰਭ ਮਿਲਣੈ[6] ਕੀ ਏਹ ਨੀਸਾਣੀ[7] ॥	This is the sign[7] of union[6] with the Lord.	ਸੁਆਮੀ ਦੇ ਮਿਲਾਪ[6] ਦਾ ਇਹ ਲੱਛਣ[7] ਹੈ ।
ਮਨਿ[8] ਇਕੋ[9]ਸਚਾ[10]ਹੁਕਮੁ[11] ਪਛਾਣੀ[12] ॥	That in his mind[8] the man recognises[12] only[9] the True Lord's[10] command[11].	ਇਨਸਾਨ ਆਪਣੇ ਚਿੱਤ[8] ਅੰਦਰ ਕੇਵਲ[9] ਸੱਚੇ[10] ਸਾਈਂ ਦੇ ਫ਼ੁਰਮਾਨ[11] ਨੂੰ ਹੀ ਸਿੰਞਾਣਦਾ[12] ਹੈ ।
ਸਹਜਿ[13] ਸੰਤੋਖਿ[14] ਸਦਾ[15] ਤ੍ਰਿਪਤਾਸੇ[16] ॥ ਅਨਦੁ[17] ਖਸਮ[18] ਕੈ ਭਾਣੈ[19] ਜੀਉ ॥੩॥	By walking according to the Master's[18] will[19], man obtains eternal[15] peace[13], contentment[14], satiation[16] and happiness[17].	ਮਾਲਕ[18] ਦੀ ਰਜ਼ਾ[19] ਅਨੁਸਾਰ ਟੁਰਨ ਦੁਆਰਾ ਇਨਸਾਨ ਨੂੰ ਸਦੀਵੀ[15] ਆਰਾਮ[13], ਸੰਤੁਸ਼ਟਤਾ[14], ਰੱਜ[16] ਅਤੇ ਖ਼ੁਸ਼ੀ[17] ਪਰਾਪਤ ਹੁੰਦੀ ਹੈ ।
ਹਥੀ[20]ਦਿਤੀ[21]ਪ੍ਰਭਿ ਦੇਵਣਹਾਰੈ[22] ॥	Lord, the bestower[22] has given[21] me His hand[20].	ਸੁਆਮੀ ਦਾਤਾਰ[22] ਨੇ ਮੈਨੂੰ ਆਪਣਾ ਹਥ[20] ਦਿਤਾ[21] ਹੈ ।
ਜਨਮ ਮਰਣ[23] ਰੋਗ[24] ਸਭਿ ਨਿਵਾਰੇ[25] ॥	He has annulled[25] all my affliction[24] of birth and death[23].	ਉਸ ਨੇ ਮੇਰੇ ਜੰਮਣ ਤੇ ਮਰਣ[23] ਦੇ ਸਮੂਹ ਕਸ਼ਟ[24] ਦੂਰ[25] ਕਰ ਦਿਤੇ ਹਨ ।
ਨਾਨਕ ਦਾਸ[26] ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ[27] ਰੰਗ[28] ਮਾਣੇ[29] ਜੀਉ ॥੪॥ ੩੫ ॥ ੪੨ ॥	Nanak, they, whom the Lord has made His slaves[26], enjoy[29] the pleasure[28] of singing God's praises[27].	ਨਾਨਕ ਜਿਨ੍ਹਾਂ ਨੂੰ ਸੁਆਮੀ ਨੇ ਆਪਣੇ ਗੋਲੇ[26] ਬਣਾ ਲਿਆ ਹੈ, ਉਹ ਵਾਹਿਗੁਰੂ ਦਾ ਜੱਸ ਗਾਇਨ ਕਰਨ[27] ਦਾ ਅਨੰਦ[28] ਭੋਗਦੇ[29] ਹਨ ।

੧੦੭

ਮਾਝ ਮਹਲਾ ੫ ॥

ਕੀਨੀ[30] ਦਇਆ[31] [32]ਗੋਪਾਲ[33] [34]ਗੁਸਾਈ[35] ॥ ਗੁਰ ਕੇ ਚਰਣ[36] ਵਸੇ[37] ਮਨ ਮਾਹੀ[38] ॥
ਅੰਗੀਕਾਰੁ[39] ਕੀਆ ਤਿਨਿ[40] ਕਰਤੈ[41] ਦੁਖ[42] ਕਾ ਡੇਰਾ[43] ਢਾਹਿਆ[44] ਜੀਉ ॥ ੧ ॥
ਮਨਿ[45] ਤਨਿ[46] ਵਸਿਆ ਸਚਾ[47] ਸੋਈ[48] ॥ ਬਿਖੜਾ[49] ਥਾਨੁ[50] ਨ ਦਿਸੈ[51] ਕੋਈ ॥
ਦੂਤ[52] ਦੁਸਮਣ[53] ਸਭਿ ਸਜਣ[54]ਹੋਏ ਏਕੋ ਸੁਆਮੀ[55] ਆਹਿਆ[56] ਜੀਉ ॥ ੨ ॥
ਜੋ ਕਿਛੁ[57] ਕਰੇ ਸੁ[58]ਆਪੇ[59] ਆਪੈ ॥
ਬੁਧਿ[60] ਸਿਆਣਪ[61] ਕਿਛੂ ਨ ਜਾਪੈ[62] ॥
ਆਪਣਿਆ ਸੰਤਾ ਨੋ ਆਪਿ ਸਹਾਈ[63] ਪ੍ਰਭਿ ਭਰਮ[64] ਭੁਲਾਵਾ[65] ਲਾਹਿਆ[66] ਜੀਉ ॥੩॥
ਚਰਣ[67] ਕਮਲ[68] ਜਨ[69] ਕਾ ਆਧਾਰੋ[70] ॥
ਆਠ ਪਹਰ[71] ਰਾਮਨਾਮੁ[72] ਵਾਪਾਰੋ[73] ॥
ਸਹਜ[74] ਅਨੰਦ[75] ਗਾਵਹਿ[76] ਗੁਣ[77] [78]ਗੋਵਿੰਦ[79] ਪ੍ਰਭ ਨਾਨਕ ਸਰਬ[80] ਸਮਾਹਿਆ[81] ਜੀਉ ॥੪॥ ੩੬ ॥ ੪੩ ॥

ਮਾਝ ਮਹਲਾ ੫ ॥

ਸੋ[82] ਸਚੁ ਮੰਦਰੁ[83] ਜਿਤੁ[84] ਸਚੁ[85] ਧਿਆਈਐ[86] ॥
ਸੋ ਰਿਦਾ[87] ਸੁਹੇਲਾ[88] ਜਿਤੁ[89] ਹਰਿਗੁਣ[90] ਗਾਈਐ[91] ॥
ਸਾ[92] ਧਰਤਿ[93] ਸੁਹਾਵੀ[94]

107

Majh, Fifth Guru.

The [32]world-nurser[33] and the Lord[34] of the universe[35] has shown[30]mercy[31] and the Guru's feet[36] I have placed[37] within[38] my mind.
That[40] Creator[41] has taken my side[39] and has demolished[44] the abode[43] of adversity[42].
Within my mind[45] and body[46] the[48] True Lord[47] abides and no place[50] appears[51] to be agonising[49] for me.
All the evil-doers[52] and enemies[53] have become friends[54], as I long for[56] but One Lord[55].
Whatever[57] He does, He does that[58] all by Himself[59].
By intellect[60] and wisdom[61] one cannot gauge[62] His doings.
Of His saints the Lord Himself is the succourer[63]. He has cast away[66] my doubt[64] and misgiving[65].
The Lord's lotus[68] feet[67] are the support[70] of His serf[69].
Day and night[71] he deals[73] in the Name of the pervading God[72].
In peace[74] and pleasure[75] he sings[76] the praises[77] of the [78]World-Lord[79].
Among all[80], the Master is contained[81], O' Nanak !

Majh, Fifth Guru.

True is the[82] palace[83], where-in[84] the True Lord[85] is remembered[86].
Illustrious[88] is the soul[87] which[89] chants[91] the God's glories[90].
Beautiful[94] is the[92] land[93] where[95]

੧੦੭

ਮਾਝ, ਪੰਜਵੀਂ ਪਾਤਸ਼ਾਹੀ।

ਜਹਾਨ[32] ਦੇ ਪਾਲਣਹਾਰ[33] ਤੇ ਆਲਮ[34] ਦੇ ਸੁਆਮੀ[35] ਨੇ ਮਿਹਰ[31] ਧਾਰੀ[30] ਹੈ ਅਤੇ ਮੈਂ ਗੁਰਾਂ ਦੇ ਪੈਰ[36] ਆਪਣੇ ਚਿੱਤ ਵਿਚ[38] ਟਿਕਾ[37] ਲਏ ਹਨ।
ਉਸ[40] ਸਿਰਜਣਹਾਰ[41] ਨੇ ਮੇਰਾ ਪੱਖ[39] ਲਿਆ ਹੈ ਅਤੇ ਮੁਸੀਬਤ[42] ਦਾ ਅੱਡਾ[43] ਪੁਟ ਸੁਟਿਆ[44] ਹੈ।
ਮੇਰੇ ਚਿਤ[45] ਤੇ ਦੇਹਿ[46] ਅੰਦਰ ਉਹ[48] ਸੱਚਾ[47] ਸਾਈਂ ਵਸਦਾ ਹੈ ਅਤੇ ਮੇਰੇ ਲਈ ਕੋਈ ਜਗ੍ਹਾ[50] ਦੁਖਦਾਈ[49] ਨਹੀਂ ਭਾਸਦੀ[51]।
ਸਾਰੇ ਕੁਕਰਮੀ[52] ਤੇ ਵੈਰੀ[53] ਮਿਤ੍ਰ[54] ਹੋ ਗਏ ਹਨ, ਕਿਉਂ ਜੋ ਮੈਨੂੰ ਕੇਵਲ ਇਕੋ ਸਾਹਿਬ[55] ਦੀ ਹੀ ਸੱਧਰ[56] ਹੈ।
ਜਿਹੜਾ[57] ਕੁਝ ਉਹ ਕਰਦਾ ਹੈ, ਉਹਨੂੰ[58] ਉਹ ਖ਼ੁਦ-ਬ-ਖ਼ੁਦ[59] ਹੀ ਕਰਦਾ ਹੈ।
ਅਕਲ[60] ਤੇ ਦਾਨਾਈ[61] ਦੁਆਰਾ ਇਨਸਾਨ ਉਸ ਦੇ ਕਰਤਬਾਂ ਨੂੰ ਜਾਂਚ[62] ਨਹੀਂ ਸਕਦਾ।
ਆਪਣੇ ਸਾਧੂਆਂ ਦਾ ਠਾਕੁਰ ਆਪੇ ਹੀ ਮਦਦਗਾਰ[63] ਹੈ। ਉਸ ਨੇ ਮੇਰਾ ਵਹਿਮ[64] ਤੇ ਭੁਲੇਖਾ[65] ਦੂਰ[66] ਕਰ ਦਿਤਾ ਹੈ।
ਸਾਈਂ ਦੇ ਕੰਵਲ[68] ਪੈਰ[67] ਉਸ ਦੇ ਨਫਰ[69] ਦਾ ਆਸਰਾ[70] ਹਨ।
ਦਿਹੁੰ ਰੈਣ[71] ਉਹ ਵਿਆਪਕ ਵਾਹਿਗੁਰੂ[72] ਦੇ ਨਾਮ ਦਾ ਵਣਜ[73] ਕਰਦਾ ਹੈ।
ਆਰਾਮ[74] ਤੇ ਖ਼ੁਸ਼ੀ[75] ਵਿਚ ਉਹ ਸ੍ਰਿਸ਼ਟੀ[78] ਦੇ ਸੁਆਮੀ[79] ਦਾ ਜੱਸ[77] ਗਾਇਨ[76] ਕਰਦਾ ਹੈ। ਸਾਰਿਆਂ[80] ਅੰਦਰ ਮਾਲਕ ਰਮਿਆ[81] ਹੋਇਆ ਹੈ, ਹੇ ਨਾਨਕ!

ਮਾਝ, ਪੰਜਵੀਂ ਪਾਤਸ਼ਾਹੀ।

ਸੱਚਾ ਹੈ ਉਹ[82] ਮਹਿਲ[83] ਜਿਸ[84] ਵਿਚ ਸੱਚਾ[85] ਸਾਈਂ ਯਾਦ[86] ਕੀਤਾ ਜਾਂਦਾ ਹੈ।
ਸੁਭਾਇਮਾਨ[88] ਹੈ ਉਹ ਜਿੰਦੜੀ[87], ਜਿਹੜੀ[89] ਵਾਹਿਗੁਰੂ ਦੇ ਗੁਣਾਵਾਦ[90] ਗਾਇਨ[91] ਕਰਦੀ ਹੈ।
ਸੁੰਦਰ[94] ਹੈ ਉਹ[92] ਜ਼ਿਮੀ[93] ਜਿਥੇ[95] ਰੱਬ ਦੇ[97] ਗੱਲੇ

ਜਿਤੁ[95] ਵਸਹਿ[96]ਹਰਿਜਨ[97] ਸਚੇ ਨਾਮ[98] ਵਿਟਹੁ[99] ਕੁਰਬਾਣੋ[100] ਜੀਉ ॥ ੧ ॥	God's slaves[97] abide[96]. I am a sacrifice[100] unto[99] the True Name[98].	ਰਹਿੰਦੇ[96] ਹਨ । ਮੈਂ ਸਤਿਨਾਮ[98]ਉਤੋਂ[99] ਬਲਿਹਾਰਨੇ[100] ਜਾਂਦਾ ਹਾਂ ।
ਸਚੁ ਵਡਾਈ ਕੀਮ ਨ ਪਾਈ ॥	The worth of the greatness of the True Lord cannot be known.	ਸੱਚੇ ਸਾਈਂ ਦੀ ਵਿਸ਼ਾਲਤਾ ਦਾ ਮੁਲ ਜਾਣਿਆ ਨਹੀਂ ਜਾ ਸਕਦਾ ।
ਕੁਦਰਤਿ[2] ਕਰਮੁ[3] ਨ ਕਹਣਾ[4] ਜਾਈ ।	The Lord's power[2] and bounty[3] cannot be described[4].	ਸਾਈਂ ਦੀ ਸ਼ਕਤੀ[2] ਤੇ ਬਖ਼ਸ਼ਸ਼[3] ਬਿਆਨ[4] ਨਹੀਂ ਕੀਤੇ ਜਾ ਸਕਦੇ ।
ਧਿਆਇ ਧਿਆਇ[5] ਜੀਵਹਿ[6] ਜਨੁ[7] ਤੇਰੇ ਸਚੁ ਸਬਦੁ[8] ਮਨਿ[9] ਮਾਣੋ[10] ਜੀਉ ॥ ੨ ॥	Thine slaves[7], O' Master ! live[6] by ever thinking[5] of Thee. The True Gurbani[8] their souls[9] enjoy[10].	ਤੇਰੇ ਗੋਲੇ[7], ਹੇ ਮਾਲਕ ! ਤੈਨੂੰ ਸਦਾ ਸਿਮਰਦੇ[5] ਜੀਊਂਦੇ[6] ਹਨ । ਸੱਚੀ ਗੁਰਬਾਣੀ[8]ਦਾ ਉਨ੍ਹਾਂ ਦੀ ਆਤਮਾ[9] ਅਨੰਦ[10] ਲੈਂਦੀ ਹੈ ।
ਸਚੁ[11] ਸਾਲਾਹਣੁ[12] [13]ਵਡਭਾਗੀ[14] ਪਾਈਐ[15] ॥	The praising[12] of the True One[11] is obtained[15] by the greatest[13] good fortune[14].	ਸਤਿਪੁਰਖ[11] ਦੀ ਸਿਫ਼ਤ ਸ਼ਲਾਘਾ[12] ਕਰਨੀ ਪਰਮ[13] ਚੰਗੇ ਨਸੀਬਾਂ[14] ਦੁਆਰਾ ਪਰਾਪਤ[15] ਹੁੰਦੀ ਹੈ ।
ਗੁਰ ਪਰਸਾਦੀ[16]ਹਰਿਗੁਣ[17] ਗਾਈਐ[18] ॥	Through the Guru's grace[16] God's eulogies[17] are sung[18].	ਗੁਰਾਂ ਦੀ ਦਇਆਲਤਾ[16] ਰਾਹੀਂ ਵਾਹਿਗੁਰੂ ਦੀਆਂ ਉਸਤਤੀਆਂ[17] ਗਾਇਨ[18] ਕੀਤੀਆਂ ਜਾਂਦੀਆਂ ਹਨ ।
ਰੰਗਿ[19] ਰਤੇ[20] ਤੇਰੈ ਤੁਧੁ ਭਾਵਹਿ[21] ਸਚੁ ਨਾਮੁ ਨੀਸਾਣੋ[22] ਜੀਉ ॥ ੩ ॥	They, who are imbued[20] with Thy love[19], are pleasing[21] to Thee, O' Lord ! The True Name is their distinguishing mark[22].	ਜੋ ਤੇਰੀ ਪ੍ਰੀਤ[19] ਨਾਲ ਰੰਗੀਜੇ[20] ਹਨ, ਉਹ ਤੈਨੂੰ ਚੰਗੇ[21] ਲਗਦੇ ਹਨ, ਹੇ ਸੁਆਮੀ ! ਸਤਿਨਾਮ ਉਨ੍ਹਾਂ ਦਾ ਪਛਾਣੂ ਚਿੰਨ੍ਹ[22] ਹੈ ।
ਸਚੇ[23] ਅੰਤੁ[24] ਨ ਜਾਣੈ[25] ਕੋਈ ॥	No one knows[25] the limits[24] of the True Lord[23].	ਸੱਚੇ ਸਾਹਿਬ[23] ਦਾ ਓੜਕ[24] ਕੋਈ ਜਣਾ ਨਹੀਂ ਜਾਣਦਾ[25] ।
ਥਾਨਿ[26] ਥਨੰਤਰਿ[27] ਸਚਾ[28] ਸੋਈ[29] ॥	In all the places[26] and interspaces[27] that[29] True One[28] is contained.	ਸਾਰੀਆਂ ਥਾਵਾਂ[26] ਅਤੇ ਥਾਵਾਂ ਦੀਆਂ ਵਿੱਥਾਂ[27] ਵਿਚ ਉਹ[29] ਸਤਿਪੁਰਖ[28] ਰਮਿਆ ਹੋਇਆ ਹੈ ।
ਨਾਨਕ ਸਚੁ ਧਿਆਈਐ[30] ਸਦ[31] ਹੀ ਅੰਤਰਜਾਮੀ[32] ਜਾਣੋ[33]ਜੀਉ ॥੪॥੩੭॥੪੪॥	Nanak, ever[31] reflect[30] on the True Being, who is the searcher[32] of hearts and the knower[33] of everything.	ਨਾਨਕ ਸਦੀਵ[31] ਹੀ ਸਤਿਪੁਰਖ ਦਾ ਚਿੰਤਨ[30] ਕਰ ਜੋ ਦਿਲਾਂ ਦਾ ਜਾਨੂ[32] ਤੇ ਸਭ ਕਿਛ ਜਾਨਣਹਾਰ[33] ਹੈ ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਰੈਣਿ[34]ਸੁਹਾਵੜੀ[35]ਦਿਨਸੁ[36] ਸੁਹੇਲਾ[37] ॥ ਜਪਿ[38]ਅੰਮ੍ਰਿਤ ਨਾਮੁ[41] ਸੰਤਸੰਗਿ[39] ਮੇਲਾ[40] ॥	Beautiful[35] is the night[34] and illustrious[37] the day[36] when man repeats[38] the Nectarean Name[41] and associates[40] with the saint's congregation[39].	ਸੁੰਦਰ[35] ਹੈ ਰਾਤ੍ਰੀ[34] ਅਤੇ ਸੁਭਾਇਮਾਨ[37] ਦਿਹਾੜਾ[36] ਜਦ ਬੰਦਾ ਅੰਮ੍ਰਿਤਮਈ ਨਾਮ[41] ਦਾ ਉਚਾਰਨ[38] ਕਰਦਾ ਤੇ ਸਤਿਸੰਗਤ[39] ਨਾਲ ਮਿਲਦਾ[40] ਹੈ ।
ਘੜੀ[42] ਮੂਰਤ[43] ਸਿਮਰਤ[45] ਪਲ[44] ਵੰਞਹਿ[46] ਜੀਵਣੁ[47] ਸਫਲੁ[48]ਤਿਥਾਈ[49]ਜੀਉ॥੧॥	Fruitful[48] is the mortal's life[47] there[49], where a moment[42], a trice[43] and an instant[44] of his passes[46] in the Lord's meditation[45].	ਫਲਦਾਇਕ[48] ਹੈ ਪ੍ਰਾਣੀ ਦੀ ਜ਼ਿੰਦਗੀ[47] ਉਥੇ[49], ਜਿਥੇ ਉਸ ਦਾ ਇਕ ਛਿਨ[42], ਲਮ੍ਹਾ[43] ਤੇ ਮੁਹਤ[44] ਸਾਹਿਬ ਦੀ ਬੰਦਗੀ[45] ਵਿਚ ਗੁਜ਼ਾਰਦਾ[46] ਹੈ ।
ਸਿਮਰਤ[50] ਨਾਮੁ ਦੋਖ[51]	By remembering[50] the Name all the	ਨਾਮ ਦਾ ਅਰਾਧਨ[50] ਕਰਨ ਨਾਲ ਸਾਰੇ ਪਾਪ[51]

ਸਭਿ ਲਾਥੇ[52] ॥ ਅੰਤਰਿ ਬਾਹਰਿ[53]ਹਰਿਪ੍ਰਭੁ[54]ਸਾਥੇ[55]॥	sins[51] are effaced[52], and within and without[53], the Lord God[54] keeps man's company[55].	ਮਿਟ[52] ਜਾਂਦੇ ਹਨ ਅਤੇ ਅੰਦਰ ਬਾਹਰ[53] ਵਾਹਿਗੁਰੂ ਸੁਆਮੀ[54] ਬੰਦੇ ਦੇ ਨਾਲ[55] ਰਹਿੰਦਾ ਹੈ।
ਭੈ[56] ਭਉ[57] ਭਰਮੁ[58] ਖੋਇਆ[59] ਗੁਰਿ ਪੂਰੈ[60] ਦੇਖਾ ਸਭਨੀ ਜਾਈ[61] ਜੀਉ ॥੨॥	Fear[56], dread[57] and doubt[58], the perfect[60] Guru has dispelled[59] from within me and I now see God in all the places[61].	ਡਰ[56], ਤ੍ਰਾਹ[57] ਤੇ ਵਹਿਮ[58] ਪੂਰਨ[60] ਗੁਰਾਂ ਨੇ ਮੇਰੇ ਅੰਦਰੋਂ ਦੂਰ[59] ਕਰ ਦਿਤੇ ਹਨ ਅਤੇ ਮੈਂ ਹੁਣ ਵਾਹਿਗੁਰੂ ਨੂੰ ਸਾਰੀਆਂ ਥਾਵਾਂ[61] ਵਿਚ ਵੇਖਦਾ ਹਾਂ।
ਪ੍ਰਭ ਸਮਰਥੁ[62] ਵਡ[63]ਊਚ[64] ਅਪਾਰਾ[65] ॥	The Lord is omnipotent[62], great[63], lofty[64] and infinite[65].	ਸੁਆਮੀ ਸਰਬ-ਸ਼ਕਤੀਵਾਨ[62], ਵਿਸ਼ਾਲ[63] ਬੁਲੰਦ[64] ਅਤੇ ਅਨੰਤ[65] ਹੈ।
ਨਉ ਨਿਧਿ[66] ਨਾਮੁ ਭਰੇ[67] ਭੰਡਾਰਾ[68] ॥	The nine treasures[66] and stores[68] of His Name are brimful[67].	ਨੌਂ ਖ਼ਜ਼ਾਨੇ[66] ਤੇ ਕੋਸ਼[68] ਉਸ ਦੇ ਨਾਮ ਨਾਲ ਲਬਾਲਬ[67] ਹਨ।
ਆਦਿ[69] ਅੰਤਿ[70] ਮਧਿ[71] ਪ੍ਰਭੁ ਸੋਈ[72] ਦੂਜਾ[73] ਲਵੈ[74] ਨ ਲਾਈ[75] ਜੀਉ ॥ ੩ ॥	In the beginning[69], in the end[70] and in the middle[71] is that[72] Lord. Another[73] I draw[75] not near[74] me.	ਆਰੰਭ[69], ਅਖ਼ੀਰ[70] ਅਤੇ ਵਿਚਕਾਰ[71], ਉਹ[72] ਸੁਆਮੀ ਹੈ। ਕਿਸੇ ਹੋਰਸ[73] ਨੂੰ ਮੈਂ ਆਪਣੇ ਲਾਗੇ[74] ਨਹੀਂ ਲਾਉਂਦਾ[75]।
ਕਰਿ ਕਿਰਪਾ[76] ਮੇਰੇ ਦੀਨ[77] ਦਇਆਲਾ[78] ॥ ਜਾਚਿਕੁ[79] ਜਾਚੈ[80] ਸਾਧ ਰਵਾਲਾ[81] ॥	Take pity[76] on me, O' Beneficent[78] to the poor[77] ! the beggar[79] asks for[80] the dust[81] of the saint's feet.	ਮੇਰੇ ਤੇ ਤਰਸ[76] ਕਰ, ਹੇ ਗ਼ਰੀਬਾਂ[77] ਤੇ ਮਿਹਰਬਾਨ[78] ! ਮੰਗਤਾ[79] ਸੰਤਾਂ ਦੇ ਪੈਰਾਂ ਦੀ ਧੂੜ[81] ਮੰਗਦਾ[80] ਹੈ।
ਦੇਹਿ[82]ਦਾਨੁ[83]ਨਾਨਕੁ ਜਨੁ[84] ਮਾਗੈ[85] ਸਦਾ ਸਦਾ[86] ਹਰਿ ਧਿਆਈ[87] ਜੀਉ ॥ ੪ ॥ ੩੮ ॥ ੪੫ ॥	Serf[84] Nanak, prays[85] Thee, O' Lord ! for the grant[82] of this gift[83], for ever and aye[86] he may continue meditating[87] on Thee.	ਨਫ਼ਰ[84] ਨਾਨਕ, ਹੇ ਸਾਈਂ ! ਤੈਨੂੰ ਇਹ ਦਾਤ[83] ਦੇਣ[82] ਲਈ ਬੇਨਤੀ[85] ਕਰਦਾ ਹੈ, ਸਦੀਵ ਤੇ ਹਮੇਸ਼ਾ[86] ਲਈ ਉਹ ਤੇਰਾ ਸਿਮਰਨ[87] ਕਰਦਾ ਰਹੇ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ।
ਐਥੈ[88] ਤੂੰਹੈ ਆਗੈ[89] ਆਪੇ[90] ॥	Here[88] Thou art and here-after[89] Thou Thyself[90] shalt be.	ਏਥੇ[88] ਤੂੰ ਹੈਂ ਅਤੇ ਏਦੂੰ ਮਗਰੋਂ[89] ਤੂੰ ਆਪ[90] ਹੀ ਹੋਵੇਂਗਾ।
ਜੀਅ[91] ਜੰਤ੍ਰ[92] ਸਭਿ ਤੇਰੇ ਥਾਪੇ[93] ॥	All the human[91] beings and other creatures[92] are established[93] by Thee.	ਸਾਰੇ ਇਨਸਾਨ[91] ਅਤੇ ਹੋਰ ਪਸ਼ੂ[92] ਪੰਛੀ ਤੇਰੇ ਅਸਥਾਪਨ[93] ਕੀਤੇ ਹੋਏ ਹਨ।
ਤੁਧੁ ਬਿਨੁ[94] ਅਵਰੁ[95] ਨ ਕੋਈ ਕਰਤੇ[96] ਮੈ ਧਰ[97] ਓਟ[98] ਤੁਮਾਰੀ ਜੀਉ ॥੧॥	Without[94] Thee there is no other[95], O' Creator[96] ! Thou art my support[97] and protection[98].	ਤੇਰੇ ਬਾਝੋਂ[94], ਹੋਰ ਕੋਈ[95] ਨਹੀਂ, ਹੇ ਸਿਰਜਣਹਾਰ[96] ! ਤੂੰ ਹੀ ਮੇਰਾ ਆਸਰਾ[97] ਅਤੇ ਪਨਾਹ[98] ਹੈਂ।
ਰਸਨਾ[99] ਜਪਿ ਜਪਿ[100] ਜੀਵੈ[2] ਸੁਆਮੀ[3] ॥	The tongue[99] is alive[2] by ever uttering[100] the Lord's Name[3].	ਸਾਈਂ ਦੇ ਨਾਮ[3] ਦਾ ਸਦਾ ਉਚਾਰਣ[100] ਕਰਕੇ ਜੀਭਾ[99] ਜੀਉਂਦੀ[2] ਹੈ।
ਪਾਰਬ੍ਰਹਮ[4] ਪ੍ਰਭ ਅੰਤਰਜਾਮੀ[5] ॥	The Supreme Lord[4] Master is the searcher of hearts[5].	ਸ਼ਰੋਮਣੀ ਸਾਹਿਬ[4] ਮਾਲਕ ਦਿਲਾਂ ਦੀਆਂ ਜਾਨਣਹਾਰ[5] ਹੈ।
ਜਿਨਿ ਸੇਵਿਆ[5*] ਤਿਨ ਹੀ[6] ਸੁਖੁ ਪਾਇਆ ਸੋ[7] ਜਨਮੁ[8]	He[6], who serves[5*] the Lord, obtains peace. He[7] loses not his human life[8]	ਜੋ ਸਾਹਿਬ ਦੀ ਸੇਵਾ ਟਹਿਲ[5*] ਕਮਾਉਂਦਾ ਹੈ, ਉਹ[6] ਆਰਾਮ ਪਾ ਲੈਂਦਾ ਹੈ। ਉਹ[7] ਆਪਣਾ ਮਨੁੱਖੀ ਜੀਵਨ

ਨ ਜੂਐ[9] ਹਾਰੀ ਜੀਉ ॥੨॥	in the game of chance[9].	ਜੂਏ ਦੀ ਖੇਡ[9] ਅੰਦਰ ਨਹੀਂ ਹਾਰਦਾ ।
੧੦੮	108	੧੦੮
ਨਾਮੁ ਅਵਖਧੁ[10]ਜਿਨਿਜਨ[11] ਤੇਰੈ ਪਾਇਆ ॥ ਜਨਮ ਜਨਮ[12]ਕਾ ਰੋਗੁ[13]ਗਵਾਇਆ[14]।	Thine worshipper[11], who obtains the panacea[10] of Thy Name, gets rid[14] of the diseases[13] of many births[12].	ਤੇਰਾ ਉਪਾਸ਼ਕ[11] ਜਿਸ ਨੂੰ ਤੇਰੇ ਨਾਮ ਦੀ ਦਵਾਈ[10] ਪਰਾਪਤ ਹੋਈ ਹੈ, ਉਹ ਅਨੇਕਾਂ ਜਨਮਾਂ[12] ਦੀਆਂ ਬੀਮਾਰੀਆਂ[13] ਤੋਂ ਖ਼ਲਾਸੀ ਪਾ ਜਾਂਦਾ[14] ਹੈ ।
ਹਰਿ ਕੀਰਤਨੁ[15] ਗਾਵਹੁ[16] ਦਿਨੁ ਰਾਤੀ[17] ਸਫਲ[18] ਏਹਾ ਹੈ ਕਾਰੀ[19] ਜੀਉ ॥ ੩ ॥	God's praises[15] do thou sing[16], O' man ! day and night[17]. This is the fruitful[18] avocation[19] of human life.	ਵਾਹਿਗੁਰੂ ਦਾ ਜੱਸ[15] ਤੂੰ, ਹੇ ਬੰਦੇ ! ਦਿਨ ਰੈਣ,[17] ਗਾਇਨ[16] ਕਰ । ਫਲਦਾਇਕ[18] ਹੈ ਇਹ ਪੇਸ਼ਾ[19] ਮਨੁੱਖੀ ਜੀਵਨ ਦਾ ।
ਦ੍ਰਿਸਟਿ[20] ਧਾਰਿ[21] ਅਪਨਾ ਦਾਸੁ[23] ਸਵਾਰਿਆ[22] ॥	Casting[21] His merciful glance[20], the Lord has regenerated[22] His slave[23].	ਆਪਣੀ ਮਿਹਰ ਦੀ ਨਜ਼ਰ[20] ਪਾ ਕੇ,[21] ਸੁਆਮੀ ਨੇ ਆਪਣੇ ਗੋਲੇ[23] ਨੂੰ ਆਪਣੇ ਪਰਾਇਣ[22] ਕੀਤਾ ਹੈ ।
ਘਟ ਘਟ[24] ਅੰਤਰਿ[25] ਪਾਰਬ੍ਰਹਮੁ[26] ਨਮਸਕਾਰਿਆ[27] ॥	In[25] every heart[24] he salutes[27] the Exalted[26] Lord.	ਹਰ ਦਿਲ[24] ਅੰਦਰ[25] ਉਹ ਉਤਕ੍ਰਿਸ਼ਟਤ[26] ਸਾਹਿਬ ਨੂੰ ਬੰਦਨਾ[27] ਕਰਦਾ ਹੈ ।
ਇਕਸੁ[28]ਵਿਣੁ[29]ਹੋਰੁਦੂਜਾ[30] ਨਾਹੀ ਬਾਬਾ[31] ਨਾਨਕ ਇਹ ਮਤਿ[32] ਸਾਰੀ[33] ਜੀਉ॥੪॥ ੩੯ ॥ ੪੬ ॥	Without[29] the One Master[28] there is no other second[30]. Nanak, this is the essence[33] of all wisdom[32], O' Father[31].	ਇਕ ਮਾਲਕ[28] ਦੇ ਬਾਝੋਂ[29] ਹੋਰ ਦੂਸਰਾ[30] ਕੋਈ ਨਹੀਂ । ਨਾਨਕ ਇਹ ਸਾਰੀ ਦਾਨਾਈ[32] ਦਾ ਜੌਹਰ[33] ਹੈ, ਹੇ ਪਿਤਾ[31] ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਮਨੁ ਤਨੁ ਰਤਾ[34] ਰਾਮ[35] ਪਿਆਰੇ[36] ॥	My soul and body are dyed[34] with the beloved[36] pervading God[35].	ਮੇਰੀ ਆਤਮਾ ਤੇ ਦੇਹਿ ਪ੍ਰੀਤਮ[36] ਵਿਆਪਕ ਵਾਹਿਗੁਰੂ[35] ਦੇ ਨਾਲ ਰੰਗੇ[34] ਹੋਏ ਹਨ ।
ਸਰਬਸੁ[37] ਦੀਜੈ ਅਪਨਾ[38] ਵਾਰੇ[39] ॥	All[37] that is mine[38], I sacrifice[39] unto Him.	ਸਾਰਾ ਕੁਛ[37] ਜੋ ਮੇਰਾ[38] ਹੈ, ਮੈਂ ਉਸ ਉਤੋਂ ਕੁਰਬਾਨ[39] ਕਰਦਾ ਹਾਂ ।
ਆਠ ਪਹਰ[40] [41]ਗੋਵਿੰਦ[42] ਗੁਣ[43] ਗਾਈਐ[44] ਬਿਸਰੁ[45] ਨ ਕੋਈ ਸਾਸਾ[46] ਜੀਉ ॥੧॥	All long day[40], sing[44] thou the praises[43] of the [41]world-Lord[42] and forget[45] Him not even for the duration of a breath[46].	ਸਮੂਹ ਦਿਹੁੰ[40] ਹੀ ਸ੍ਰਿਸ਼ਟੀ[41] ਦੇ ਸੁਆਮੀ[42] ਦਾ ਤੂੰ ਜੱਸ[43] ਗਾਇਨ[44] ਕਰ ਅਤੇ ਇਕ ਸੁਆਸ[46] ਦੇ ਸਮੇਂ ਲਈ ਭੀ ਉਸ ਨੂੰ ਨਾ ਭੁੱਲ[45] ।
ਸੋਈ[47] ਸਾਜਨ[48] ਮੀਤੁ[49] ਪਿਆਰਾ[50] ॥ ਰਾਮ ਨਾਮੁ[51] ਸਾਧ ਸੰਗਿ[52] ਬੀਚਾਰਾ[53] ॥	He[47] alone is friend[48], intimate[49], and beloved[50] who meditates[53] on Lord's Name[51] in the society of saints[52].	ਉਹੀ[47] ਮਿੱਤ੍ਰ[48], ਯਾਰ[49] ਤੇ ਪਿਆਰਾ[50] ਹੈ, ਜੋ ਸਤਿਸੰਗਤ[52] ਅੰਦਰ ਸੁਆਮੀ[51] ਦੇ ਨਾਮ ਦਾ ਸਿਮਰਨ[53] ਕਰਦਾ ਹੈ ।
ਸਾਧੂ ਸੰਗਿ[59] ਤਰੀਜੈ[54] ਸਾਗਰੁ[55] ਕਟੀਐ[56] ਜਮਕੀ[57] ਫਾਸਾ[58] ਜੀਉ ॥ ੨ ॥	In the congregation of the righteous[59] thou shalt cross[54] the world-ocean[55] and cut[56] death's[57] noose[58].	ਸਚਿਆਰਾਂ ਦੀ ਸੰਗਤ[59] ਵਿਚ ਤੂੰ ਸੰਸਾਰ-ਸਮੁੰਦਰ[55] ਤੋਂ ਪਾਰ[54] ਹੋ ਜਾਵੇਂਗਾ ਅਤੇ ਮੌਤ[57] ਦੀ ਫਾਹੀ[58] ਨੂੰ ਵਢ[56] ਸੁਟੇਂਗਾ ।
ਚਾਰਿ ਪਦਾਰਥ[60] ਹਰਿ ਕੀ ਸੇਵਾ[61] ॥	The four cardinal boons[60] are obtained by God's service[61].	ਚਾਰੇਂ ਹੀ ਉਤਮ ਦਾਤਾਂ[60] ਵਾਹਿਗੁਰੂ ਦੀ ਸੇਵਾ ਟਹਿਲ[61] ਦੁਆਰਾ ਪਰਾਪਤ ਹੁੰਦੀਆਂ ਹਨ ।
ਪਾਰਜਾਤੁ[62] ਜਪਿ[62]* ਅਲਖ[63] ਅਭੇਵਾ[64] ॥	The elysian tree[62] is the meditation[62]* of the unseen[63] and inscrutable[64] Lord	ਅਦ੍ਰਿਸ਼ਟ[63] ਅਤੇ ਭੇਦ-ਰਹਿਤ[64] ਸਾਹਿਬ ਦਾ ਸਿਮਰਨ[62]* ਹੀ ਕਲਪ ਬ੍ਰਿਛ[62] ਹੈ ।

ਕਾਮੁ[65] ਕ੍ਰੋਧੁ[66] ਕਿਲਬਿਖ[67] ਗੁਰ ਕਾਟੇ ਪੂਰਨ[68] ਹੋਈ ਆਸਾ[69] ਜੀਉ ॥ ੩ ॥

My sins[67] of lust[65] and wrath[66] the Guru has cut off and my hopes[69] have been fulfilled[68].

ਮੇਰੇ ਵਿਸ਼ੇ-ਭੋਗ[65] ਅਤੇ ਗੁੱਸੇ[66] ਦੇ ਪਾਪ[67] ਗੁਰਾਂ ਨੇ ਕੱਟ ਸੁਟੇ ਹਨ ਅਤੇ ਮੇਰੀਆਂ ਸੱਧਰਾਂ[69] ਪੂਰੀਆਂ[68] ਹੋ ਗਈਆਂ ਹਨ।

ਪੂਰਨ[70] ਭਾਗ[71] ਭਏ[72] ਜਿਸੁ[73] ਪ੍ਰਾਣੀ[74] ॥ ਸਾਧਸੰਗਿ ਮਿਲੇ ਸਾਰੰਗ[75]-ਪਾਣੀ[76] ॥

The[73] mortal[74], who is blessed with[72] the perfect[70] good fortune[71], meets the [75]world-sustainer[76] in the guild of the saints.

ਜਿਹੜੇ[73] ਜੀਵ[74] ਨੂੰ ਮੁਕੰਮਲ[70] ਚੰਗੇ ਨਸੀਬਾਂ[71] ਦੀ ਦਾਤ ਪਰਾਪਤ[72] ਹੋਈ ਹੈ, ਉਹ ਸਤਿਸੰਗਤ ਅੰਦਰ [75]ਜਗਤ-ਥੰਮਣਹਾਰ[76] ਨੂੰ ਮਿਲ ਪੈਂਦਾ ਹੈ।

ਨਾਨਕ ਨਾਮੁ ਵਸਿਆ[77] ਜਿਸੁ[78] ਅੰਤਰਿ[79] ਪਰਵਾਣੁ[80] ਗਿਰਸਤ[81] ਉਦਾਸਾ[82] ਜੀਉ ॥ ੪ ॥ ੪੦ ॥ ੪੭ ॥

Nanak, he, within[78] whose mind[79] the Name abides[77], is acceptable[80] whether he is a householder[81] or an anchoret[82].

ਨਾਨਕ, ਜਿਸ[78] ਦੇ ਮਨ[79] ਅੰਦਰ ਨਾਮ ਨੇ ਨਿਵਾਸ[77] ਕੀਤਾ ਹੈ, ਉਹ ਕਬੂਲ[80] ਪੈ ਜਾਂਦਾ ਹੈ ਭਾਵੇਂ ਉਹ ਘਰਬਾਰੀ[81] ਹੈ ਜਾਂ ਤਿਆਗੀ[82]।

ਮਾਝ ਮਹਲਾ ੫ ॥

Majh, Fifth Guru.

ਮਾਝ, ਪੰਜਵੀਂ ਪਾਤਸ਼ਾਹੀ।

ਸਿਮਰਤ[83] ਨਾਮੁ ਰਿਦੈ[84] ਸੁਖੁ[85] ਪਾਇਆ ॥

By remembering[83] God's Name I have gathered peace[85] of the heart[84].

ਹਰੀ ਦੇ ਨਾਮ ਦਾ ਅਰਾਧਨ[83] ਕਰਨ ਦੁਆਰਾ ਮੈਨੂੰ ਦਿਲ[84] ਦੀ ਠੰਡ-ਚੈਨ[85] ਪਰਾਪਤ ਹੋਈ ਹੈ।

ਕਰਿ[86] ਕਿਰਪਾ[87] ਭਗਤੀਂ[88] ਪ੍ਰਗਟਾਇਆ[89] ॥

Showering[86] His benediction[87] the Lord causes His saints[88] to be renowned[89].

ਆਪਣੀ ਰਹਿਮਤ[86] ਨਿਛਾਵਰ[85] ਕਰਕੇ ਸਾਈਂ ਆਪਣੇ ਸਾਧੂਆਂ[88] ਨੂੰ ਨਾਮਵਰ[89] ਕਰ ਦਿੰਦਾ ਹੈ।

ਸਤਸੰਗਿ ਮਿਲਿ ਹਰਿ ਹਰਿ[90] ਜਪਿਆ[91] ਬਿਨਸੇ[92] ਆਲਸ[93] ਰੋਗਾ[94] ਜੀਉ ॥ ੧ ॥

Joining the society of the saints I have repeated[91] God's Name[90] and my ailment[94] of indolence[93] has disappeared[92].

ਸਾਧ ਸੰਗਤ ਨਾਲ ਮਿਲ ਕੇ ਮੈਂ ਵਾਹਿਗੁਰੂ ਦੇ ਨਾਮ[90] ਦਾ ਉਚਾਰਣ[91] ਕੀਤਾ ਹੈ ਅਤੇ ਮੇਰੀ ਸੁਸਤੀ[93] ਦੀ ਬੀਮਾਰੀ[94] ਕੱਟੀ[92] ਗਈ ਹੈ।

ਜਾਕੈ[95] ਗ੍ਰਿਹਿ[96] ਨਵਨਿਧਿ[97] ਹਰਿ ਭਾਈ[98] ॥ ਤਿਸੁ[99] ਮਿਲਿਆ ਜਿਸੁ ਪੁਰਬ[100] ਕਮਾਈ[2] ॥

O' brothei[98] ! the Lord, in whose[95] home[96] are the nine treasures[97], meets him[99] who has pre-natal[100] good actions[2] to his credit.

ਹੇ ਵੀਰ[98] ! ਸੁਆਮੀ, ਜਿਸ[95] ਦੇ ਘਰ[96] ਵਿਚ ਨੌਂ ਖ਼ਜ਼ਾਨੇ[97] ਹਨ, ਉਸ[99] ਨੂੰ ਮਿਲਦਾ ਹੈ, ਜਿਸ ਦੇ ਪਲੇ ਪੂਰਬਲੇ[100] ਨੇਕ ਅਮਲ[2] ਹਨ।

ਗਿਆਨ[3] ਧਿਆਨ[4] ਪੂਰਨ[5] ਪਰਮੇਸੁਰ[6] ਪ੍ਰਭੁ ਸਭਨਾ ਗਲਾ[7] ਜੋਗਾ[8] ਜੀਉ ॥ ੨ ॥

The Supreme Lord[6] is brimful[5] with Divine knowledge[3] and meditation[4]. The Master is potent[8] to do every[7] thing.

ਸ਼੍ਰੋਮਣੀ ਸਾਹਿਬ[6] ਰਬੀ ਗਿਆਤ[3] ਅਤੇ ਸਿਮਰਣ[4] ਨਾਲ ਲਬਾਲਬ[5] ਹੈ। ਮਾਲਕ ਹਰ[7] ਸ਼ੈ ਕਰਨ ਨੂੰ ਸਮਰਥ[8] ਹੈ।

ਖਿਨ[9] ਮਹਿ[10] ਥਾਪਿ[11] ਉਥਾਪਨਹਾਰਾ[12] ॥

In[10] a moment[9] the Lord is the establisher[11] and disestablisher[12].

ਇਕ ਮੁਹਤ[9] ਵਿਚ[10] ਸਾਈਂ ਅਸਥਾਪਨ[11] ਕਰਣਹਾਰ ਤੇ ਉਖੇੜਨ ਵਾਲਾ[12] ਹੈ।

ਆਪਿ[13] ਇਕੰਤੀ[14] ਆਪਿ ਪਸਾਰਾ[15] ॥

God Himself[13] is one[14] and Himself many[15].

ਵਾਹਿਗੁਰੂ ਆਪੇ[13] ਇਕ[14] ਹੈ ਤੇ ਆਪੇ ਹੀ ਅਨੇਕ[15]।

ਲੇਪੁ[16] ਨਹੀ [17]ਜਗਜੀਵਨ[18] ਦਾਤੇ[19] ਦਰਸਨ[20] ਡਿਠੇ[21]

No filth[16] attaches to the beneficent[19] Lord, the life[18] of the universe[17]. By

ਆਲਮ[17] ਦੀ ਜਿੰਦ ਜਾਨ[18] ਉਦਾਰ ਚਿੱਤ[19] ਸੁਆਮੀ ਨੂੰ ਕੋਈ ਮੈਲ[16] ਨਹੀਂ ਲਗਦੀ। ਉਸ ਦਾ ਦੀਦਾਰ[20]

ਲਹਹਿ[22] ਵਿਜੋਗਾ[23]ਜੀਉ॥ ੩ ॥	seeing[21] His sight[20], the pang of separation[23] departs[22].	ਦੇਖਣ[21] ਦੁਆਰਾ ਵਿਛੋੜੇ ਦੀ ਪੀੜ[23] ਨਵਿਰਤ[22] ਹੋ ਜਾਂਦੀ ਹੈ ।
ਅੰਚਲਿ[24] ਲਾਇ[25] ਸਭ ਸਿਸਟਿ[26] ਤਰਾਈ[27] ॥	Attaching[25] to His skirt[24], the Lord has saved[27] the entire world[26].	ਆਪਣੇ ਪੱਲੇ[24] ਨਾਲ ਜੋੜ ਕੇ[25] ਪ੍ਰਭੂ ਨੇ ਸਾਰੀ ਦੁਨੀਆਂ[26] ਪਾਰ ਕਰ[27] ਦਿਤੀ ਹੈ ।
ਆਪਣਾ ਨਾਉ ਆਪਿ[28] ਜਪਾਈ[29] ॥	He Himself[28] causes His Name, to be repeated[29].	ਆਪਣੇ ਨਾਮ ਦਾ ਉਹ ਆਪੇ[28] ਹੀ ਸਿਮਰਨ ਕਰਵਾ-ਉਂਦਾ[29] ਹੈ ।
ਗੁਰ ਬੋਹਿਥੁ[30] ਪਾਇਆ[31] ਕਿਰਪਾ[32] ਤੇ ਨਾਨਕ ਧੁਰਿ ਸੰਜੋਗਾ[33] ਜੀਉ॥ ੪ ॥ ੪੧ ॥੪੮॥	The Guru's boat[30], man finds[31] by God's grace[32]. Such good luck[33] is pre-ordained for him, O' Nanak !	ਗੁਰਾਂ ਦਾ ਜਹਾਜ਼[30] ਵਾਹਿਗੁਰੂ ਦੀ ਦਇਆ[32] ਦੁਆਰਾ ਬੰਦੇ ਨੂੰ ਲੱਭਦਾ[31] ਹੈ । ਉਸ ਲਈ ਐਸੀ ਚੰਗੀ ਕਿਸਮਤ[33] ਮੁੱਢ ਤੋਂ ਲਿਖੀ ਹੋਈ ਹੈ, ਹੇ ਨਾਨਕ !
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਸੋਈ[34] ਕਰਣਾ[35] ਜਿ[36] ਆਪਿ[37] ਕਰਾਏ[38] ॥	Men do[35] that[34] which[36] the Lord Himself[37] directs them to do[38].	ਬੰਦੇ ਉਹੀ[34] ਕਰਦੇ[35] ਹਨ ਜਿਹੜਾ[36] ਕੁਛ ਸਾਈਂ ਖ਼ੁਦ[37] ਉਨ੍ਹਾਂ ਕੋਲੋਂ ਕਰਵਾਉਂਦਾ[38] ਹੈ ।
ਜਿਥੈ[39] ਰਖੈ ਸਾ[40] ਭਲੀ[41] ਜਾਏ[42] ॥	Wherever[39] He keeps, that[40] is the good[41] place[42].	ਜਿਥੇ ਕਿਤੇ[39] ਉਹ ਰੱਖਦਾ ਹੈ, ਉਹੀ[40] ਚੰਗੀ[41] ਥਾਂ[42] ਹੈ ।
ਸੋਈ[43] ਸਿਆਣਾ[44]ਸੋ ਪਤਿ-ਵੰਤਾ[45] ਹੁਕਮੁ[46]ਲਗੈ[47] ਜਿ-ਸੁ[48] ਮੀਠਾ[49] ਜੀਉ ॥੧॥	He[43] is wise[44],and he is honourable[45] to whom[48]the Lord's order[46] seems[47] sweet[49].	ਉਹ[43] ਦਾਨਾ[44] ਹੈ ਅਤੇ ਉਹੀ ਇਜ਼ਤ ਵਾਲਾ[45] ਹੈ ਜਿਸ[48] ਨੂੰ ਸਾਹਿਬ ਦਾ ਫ਼ੁਰਮਾਨ[46] ਮਿਠੜਾ[49] ਲੱਗਦਾ[47] ਹੈ ।
ਸਭ ਪਰੋਈ[50] ਇਕਤੁ[51] ਧਾਗੈ[52] ॥	All the creation He has strung[50] in one[51] thread[52].	ਸਾਰੀ ਰਚਨਾ ਉਸ ਨੇ ਇਕ[51] ਡੋਰ[52] ਅੰਦਰ ਪ੍ਰੋਤੀ ਹੋਈ[50] ਹੈ ।
ਜਿਸੁ[53] ਲਾਇ ਲਏ[54] ਸੋ[55] ਚਰਣੀ[56] ਲਾਗੈ[57] ॥	He[55], whom[53] God attaches[54], is attached[57] to His feet[56].	ਜਿਸ[53] ਨੂੰ ਹਰੀ ਜੋੜਦਾ[54] ਹੈ, ਉਹ[55] ਉਸ ਦੇ ਪੈਰਾਂ[56] ਨਾਲ ਜੁੜਦਾ[57] ਹੈ ।
ਊਂਧ[58] ਕਵਲੁ[59] ਜਿਸੁ[60] ਹੋਇ[61] ਪ੍ਰਗਾਸਾ[62] ਤਿਨਿ[63] ਸਰਬ[64]ਨਿਰੰਜਨੁ[65] ਡੀਠਾ[66] ਜੀਉ ॥੨॥	He[63],in whose[60]inverse[58]heart lotus[59], the Divine light[62] dawns[61], sees[66] the pure Lord[65] amongst all[64].	ਜਿਸ[60] ਦੇ ਪੁਠੇ ਹੋਏ[58] ਹੋਏ ਦਿਲ-ਕਮਲ[59] ਵਿਚ ਈਸ਼ਵਰੀ ਨੂਰ[62] ਉਦੇ[61] ਹੁੰਦਾ ਹੈ, ਉਹ[63] ਪਵਿੱਤ੍ਰ[65] ਪ੍ਰਭੂ ਨੂੰ ਸਾਰਿਆਂ[64] ਅੰਦਰ ਦੇਖਦਾ[66] ਹੈ ।
ਤੇਰੀ ਮਹਿਮਾ[67] ਤੂੰਹੈ ਜਾਣਹਿ[68] ॥	Thy glory[67] Thou alone knowest[68].	ਤੇਰੀ ਸੋਭਾ[67] ਨੂੰ ਕੇਵਲ ਤੂੰ ਹੀ ਜਾਣਦਾ[68] ਹੈਂ ।
ਆਪਣਾ ਆਪੁ[69]ਤੂੰ ਆਪਿ[70] ਪਛਾਣਹਿ[71] ॥	Thine ownself[69] Thou Thyself[70] recognisest[71].	ਆਪਣੇ ਆਪੇ[69] ਨੂੰ ਤੂੰ ਖ਼ੁਦ[70] ਹੀ ਸਿੰਞਾਣਦਾ[71] ਹੈਂ ।
ਹਉ ਬਲਿਹਾਰੀ[72] ਸੰਤਨ ਤੇਰੇ ਜਿਨਿ ਕਾਮੁ[73] ਕ੍ਰੋਧੁ[74] ਲੋਭੁ[75] ਪੀਠਾ[76] ਜੀਉ ॥੩॥	I am a sacrifice[72] unto Thine saints, who have ground[76] their lust[73], wrath[74] and avarice[75].	ਮੈਂ ਤੇਰੇ ਸਾਧੂਆਂ ਤੋਂ ਕੁਰਬਾਨ[72] ਹਾਂ ਜਿਨ੍ਹਾਂ ਨੇ ਆਪਣੇ ਵਿਸ਼ੇ ਭੋਗ[73], ਗੁੱਸੇ[74] ਤੇ ਲਾਲਚ[75] ਨੂੰ ਪੀਹ[76] ਸੁਟਿਆ ਹੈ ।
ਤੂੰ ਨਿਰਵੈਰੁ[77] ਸੰਤ ਤੇਰੇ ਨਿਰਮਲ[78] ॥	Thou art without enmity[77]and Thine saints are pure[78].	ਤੂੰ ਦੁਸ਼ਮਨੀ-ਰਹਿਤ[77] ਹੈਂ ਤੇ ਤੇਰੇ ਸਾਧੂ ਪਵਿੱਤ੍ਰ[78] ਹਨ ।

ਜਿਨ ਦੇਖੇ ਸਭ ਉਤਰਹਿ[79] ਕਲਮਲ[80] ॥
ਨਾਨਕ ਨਾਮੁ ਧਿਆਇ ਧਿਆਇ[81] ਜੀਵੈ[86]ਬਿਨਸਿਆ[82]ਭ੍ਰਮੁ[83] ਭਉ[84] ਧੀਠਾ[85] ਜੀਉ ॥੪॥੪੨॥੪੯॥

By seeing whom all the sins[80] depart[79].
Nanak lives[86] by remembering and repeating[81] Lord's Name and his shameless[85] doubt[83] and dread[84] have departed[82].

ਜਿਨ੍ਹਾਂ ਨੂੰ ਵੇਖਣ ਦੁਆਰਾ ਸਾਰੇ ਪਾਪ[80] ਦੂਰ ਹੋ[79] ਜਾਂਦੇ ਹਨ।
ਨਾਨਕ ਪ੍ਰਭੂ ਦੇ ਨਾਮ ਚਿੰਤਨ ਤੇ ਸਿਮਰਣ[81] ਕਰਕੇ ਜੀਉਂਦਾ[86] ਹੈ ਅਤੇ ਉਸ ਦਾ ਬੇਸ਼ਰਮ[85] ਵਹਿਮ[83] ਤੇ ਡਰ[84] ਨਾਸ[82] ਹੋ ਗਏ ਹਨ।

੧੦੯ / 109 / ੧੦੯

ਮਾਝ ਮਹਲਾ ੫ ॥
Majh, Fifth Guru.
ਮਾਝ, ਪੰਜਵੀਂ ਪਾਤਸ਼ਾਹੀ।

ਝੂਠਾ[86]* ਮੰਗਣੁ[87] ਜੇ[88] ਕੋਈ[89]ਮਾਗੈ[90]॥ਤਿਸ[91]ਕਉ ਮਰਤੇ[92] ਘੜੀ[93]ਨ ਲਾਗੈ ॥
ਪਾਰਬ੍ਰਹਮੁ[94] ਜੋ ਸਦਹੀ[95] ਸੇਵੈ[96] ਸੋ[97] ਗੁਰ ਮਿਲਿ[98] ਨਿਹਚਲੁ[99]ਕਹਣਾ[100]॥੧॥
ਪ੍ਰੇਮ ਭਗਤਿ[2] ਜਿਸਕੈ ਮਨਿ ਲਾਗੀ[3] ॥ ਗੁਣ[4] ਗਾਵੈ[5] ਅਨਦਿਨੁ[6] ਨਿਤਿ[7] ਜਾਗੀ[8]॥
ਬਾਹ[9] ਪਕੜਿ[10] ਤਿਸੁ[11] ਸੁਆਮੀ ਮੇਲੈ[12] ਜਿਸਕੈ ਮਸਤਕਿ[13] ਲਹਣਾ[14] ॥੨॥
ਚਰਣ[15] ਕਮਲ[16] ਭਗਤਾਂ[17] ਮਨਿ ਵੁਠੇ[18] ॥
ਵਿਣੁ[19]ਪਰਮੇਸਰ[20]ਸਗਲੇ[21] ਮੁਠੇ[22] ॥
ਸੰਤ ਜਨਾਂ[23] ਕੀ ਧੂੜਿ[24] ਨਿਤ ਬਾਂਛਹਿ[26]ਨਾਮੁ ਸਚੇ[27] ਕਾ ਗਹਣਾ[28] ॥ ੩ ॥
ਊਠਤ[29] ਬੈਠਤ[30] ਹਰਿ ਹਰਿ[31] ਗਾਈਐ[32] ॥
ਜਿਸ ਸਿਮਰਤ[33] ਵਰੁ[34] ਨਿਹਚਲੁ[35] ਪਾਈਐ[36] ॥
ਨਾਨਕ ਕਉ[37] ਪ੍ਰਭ ਹੋਇ[38] ਦਇਆਲਾ[39] ਤੇਰਾ

If[88] some[89] one asks for[90] a false[86]* gift[87], he[91] takes not an instant[93] to die[92].
He[97], who, on meeting[98] the Guru, ever[95] serves[96] the Lofty Lord[94] is said to be[100] immortal[99].
He, whose mind is attached[3] with Lord's affectionate meditation[2], night and day[6], sings[5] His praises[4] and ever[7] remains wakeful[8].
On whose brow[13] the receipt[14] of this gift is recorded taking by[10] the arm[9], the Lord blends[12] him[11] with Himself.
The God's lotus[16] feet[15] abide[18] in the heart of His devotees[17].
Without[19] the mercy of the Exalted Lord[20] all[21] are beguiled[22].
For the dust[24] of pious person's[23] feet, I ever[26] long for [26] The Name of the True Lord[27] is my ornament[28].
Standing[29] up and sitting down[30] the Lord God's[31] praises do I sing[32].
By meditating[33] on whom I obtain[36] the Eternal[35] Groom[34].
Unto[37] Nanak, the Lord has become[38] merciful[39]. What Thou dost[40],

ਜੇਕਰ[88] ਕੋਈ ਜਣਾ[89] ਕੂੜੀ[86]* ਦਾਤ[87] ਦੀ ਯਾਚਨਾ[90] ਕਰੇ, ਉਸ[91] ਨੂੰ ਮਰਦਿਆਂ[92] ਇਕ ਮੁਹਤ[93] ਨਹੀਂ ਲੱਗਦਾ।
ਜਿਹੜਾ ਗੁਰਾਂ ਨੂੰ ਭੇਟ[98] ਕੇ ਉੱਚੇ ਸਾਹਿਬ[94] ਦੀ ਸਦੀਵ[95] ਹੀ ਸੇਵਾ ਕਰਦਾ[96] ਹੈ, ਉਹ[97] ਸਦੀਵੀ ਸਥਿਰ[99] ਆਖਿਆ[100] ਜਾਂਦਾ ਹੈ।
ਜਿਸ ਦਾ ਚਿਤ ਪ੍ਰਭੂ ਦੇ ਪਿਆਰੇ ਸਿਮਰਨ[2] ਨਾਲ ਜੁੜਿਆ[3] ਹੈ, ਉਹ ਰੈਣ[6] ਦਿਨਸ ਉਸ ਦੀ ਕੀਰਤੀ[4] ਗਾਇਨ[5] ਕਰਦਾ ਹੈ ਅਤੇ ਹਮੇਸ਼ਾਂ[7] ਖ਼ਬਰਦਾਰ[8] ਰਹਿੰਦਾ ਹੈ।
ਜਿਸ ਦੇ ਮੱਥੇ[13] ਉਤੇ ਇਸ ਦਾਤ ਦੀ ਪਰਾਪਤੀ[14] ਲਿਖੀ ਹੋਈ ਹੈ, ਉਸੇ[11] ਨੂੰ ਭੁਜਾ[9] ਤੋਂ ਫੜ[10] ਕੇ ਸਾਈਂ ਆਪਣੇ ਨਾਲ ਮਿਲਾ[12] ਲੈਂਦਾ ਹੈ।
ਹਰੀ ਦੇ ਕੰਵਲ[16] ਪੈਰ[15] ਉਸ ਦੇ ਅਨੁਰਾਗੀਆਂ[17] ਦੇ ਦਿਲ ਵਿਚ ਵਸਦੇ[18] ਹਨ।
ਉਤਕ੍ਰਿਸ਼ਟਤ ਸਾਹਿਬ[20] ਦੀ ਰਹਿਮਤ ਦੇ ਬਾਝੋਂ[19] ਸਾਰੇ[21] ਠਗੇ ਜਾਂਦੇ[22] ਹਨ।
ਪਵਿੱਤ੍ਰ ਪੁਰਸ਼ਾਂ[23] ਦੇ ਪੈਰਾਂ ਦੀ ਖ਼ਾਕ[24], ਮੈਂ ਹਮੇਸ਼ਾਂ[26] ਚਾਹੁੰਦਾ[26] ਹਾਂ। ਸੱਚੇ ਸੁਆਮੀ[27] ਦਾ ਨਾਮ ਮੇਰਾ ਜ਼ੇਵਰ[28] ਹੈ।
ਖਲੋਤਿਆਂ[29] ਤੇ ਬਹਿੰਦਿਆਂ[30] ਵਾਹਿਗੁਰੂ ਸੁਆਮੀ[31] ਦਾ ਜੱਸ, ਮੈਂ ਗਾਇਨ[32] ਕਰਦੀ ਹਾਂ।
ਜਿਸ ਦਾ ਅਰਾਧਨ[33] ਕਰਨ ਦੁਆਰਾ ਮੈਂ ਅਮਰ[35] ਲਾੜ੍ਹੇ[34] ਨੂੰ ਪਰਾਪਤ[36] ਹੁੰਦੀ ਹਾਂ।
ਨਾਨਕ ਉਤੇ[37] ਸੁਆਮੀ ਮਿਹਰਬਾਨ[39] ਹੋਇਆ[38] ਹੈ।
ਜੋ ਤੂੰ ਕਰਦਾ[40]ਹੈਂ ਹੇ ਮਾਲਕ! ਮੈਂ ਖਿੜੇ ਮੱਥੇ ਸਹਾਰਦਾ[41]

ਕੀਤਾ[40] ਸਹਣਾ[41] ॥੪॥ ੪੩॥੫੦॥	O' Master ! I willingly endure[41].	ਹਾਂ ।
ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧	Majh Rag, Canto, First Guru.	ਰਾਗ ਮਾਝ, ਅਸਟਪਦੀਆਂ ਪਹਿਲੀ ਪਾਤਸ਼ਾਹੀ ।
੧ ੴ ਸਤਿਗੁਰ ਪ੍ਰਸਾਦਿ ॥	There is but one God. By the favour of the True Guru He is obtained.	ਵਾਹਿਗੁਰੂ ਕੇਵਲ . ਇਕ ਹੈ ਸੱਚੇ ਗੁਰਾਂ ਦੀ ਮਿਹਰ ਦੁਆਰਾ ਉਹ ਪਰਾਪਤ ਹੁੰਦਾ ਹੈ ।
ਸਬਦਿ[42]ਰੰਗਾਏ[43] ਹੁਕਮਿ[44] ਸਬਾਏ[45]॥ ਸਚੀ ਦਰਗਹ[46] ਮਹਲਿ[47] ਬੁਲਾਏ[48] ॥	All[45] are imbued[43] with Gurbani[42] by the Lord's order[44], and are called[48] to the True Court[46] in His presence.[47]	ਸਾਈਂ ਦੇ ਅਮਰ[44] ਦੁਆਰਾ ਸਾਰੇ[45] ਗੁਰਬਾਣੀ[42] ਨਾਲ ਰੰਗੀਜੇ[43] ਹਨ ਅਤੇ ਸੱਚੇ ਦਰਬਾਰ[46] ਨੂੰ ਉਸ ਦੀ ਹਜ਼ੂਰੀ[47] ਵਿਚ ਸੱਦੇ ਜਾਂਦੇ[48] ਹਨ ।
ਸਚੇ ਦੀਨ ਦਇਆਲ[49] ਮੇਰੇ ਸਾਹਿਬਾ ਸਚੇ[50] ਮਨੁ[51] ਪਤੀਆਵਣਿਆ[52] ॥ ੧ ॥	O' Merciful to the poor[49], my True Master ! by Thy truth[50] my mind[51] is appeased[52].	ਹੇ ਗਰੀਬਾਂ ਤੇ ਮਇਆਵਾਨ[49], ਮੇਰੇ ਸੱਚੇ ਮਾਲਕ ! ਤੇਰੇ ਸੱਚ[50] ਨਾਲ ਮੇਰਾ ਚਿਤ[51] ਤ੍ਰਿਪਤ[52] ਹੋ ਜਾਂਦਾ ਹੈ ।
ਹਉ ਵਾਰੀ[53] ਜੀਉ[54] ਵਾਰੀ ਸਬਦਿ[55] ਸੁਹਾਵਣਿਆ[56] ॥	I am a sacrifice[53], my soul[54] is a sacrifice, unto those, who are adorned[56] with God's Name[55].	ਮੈਂ ਕੁਰਬਾਨ[53] ਹਾਂ, ਮੇਰੀ ਜਿੰਦੜੀ[54] ਕੁਰਬਾਨ ਹੈ, ਉਨ੍ਹਾਂ ਉਤੋਂ ਜੋ ਹਰੀ[55] ਦੇ ਨਾਮ ਨਾਲ ਸੁਭਾਇਮਾਨ[56] ਹੋਏ ਹਨ ।
ਅੰਮ੍ਰਿਤੁ[57] ਨਾਮੁ ਸਦਾ[58] ਸੁਖਦਾਤਾ[59] ਗੁਰਮਤੀ[60] ਮੰਨਿ[61] ਵਸਾਵਣਿਆ[62] ॥ ੧ ॥ ਰਹਾਉ ॥	The Nectarean[57] Name is ever[58] the peace-giver[59]. By Guru's instruction[60] it abides[62] in man's mind[61]. Pause.	ਸੁਧਾ-ਸਰੂਪ[57] ਨਾਮ ਸਦਾ[58] ਹੀ ਆਰਾਮ-ਬਖ਼ਸ਼ਣਹਾਰ[59] ਹੈ, ਗੁਰਾਂ ਦੇ ਉਪਦੇਸ਼[60] ਦੁਆਰਾ ਇਹ ਇਨਸਾਨ ਦੇ ਚਿਤ[61] ਅੰਦਰ ਟਿਕ[62] ਜਾਂਦਾ ਹੈ । ਠਹਿਰਾਉ ।
ਨਾ ਕੋ ਮੇਰਾ[63] ਹਉ ਕਿਸੁ ਕੇਰਾ[64] ॥	None is mine[63], nor am I of any one[64].	ਮੇਰਾ[63] ਕੋਈ ਨਹੀਂ, ਨਾਂ ਹੀ ਮੈਂ ਕਿਸੇ ਦਾ[64] ਹਾਂ ।
ਸਾਚਾ ਠਾਕੁਰੁ[65] [66]ਤ੍ਰਿਭਵਣਿ[67] ਮੇਰਾ ॥	The True Lord[65] of the three[66] worlds[67] is mine	ਤਿੰਨਾਂ[66] ਜਹਾਨਾਂ[67] ਦਾ ਸੱਚਾ ਸੁਆਮੀ[65] ਮੇਰਾ ਹੈ ।
ਹਉਮੈ[80]ਕਰਿਕਰਿ[68]ਜਾਇ[69] ਘਣੇਰੀ[70] ਕਰਿ[71] [72]ਅਵਗਣ[73]ਪਛੋਤਾਵਣਿਆ[74]॥੨॥	By taking[68] pride[80] good many[70] have died[69]. By doing[71] evil[72] deeds[73] the mortal has to repent[74].	ਹੰਕਾਰ[80] ਕਰਕੇ[68] ਘਣੇ[70] ਹੀ ਮਰ[69] ਗਏ ਹਨ । [72]ਕੁਕਰਮ[73] ਕਮਾ[71] ਕੇ ਪ੍ਰਾਣੀ ਨੂੰ ਪਛਤਾਉਣਾ[74] ਪੈਂਦਾ ਹੈ ।
ਹੁਕਮੁ[75] ਪਛਾਣੈ[77]ਸੁ[78] ਹਰਿ ਗੁਣ[79] ਵਖਾਣੈ[80] ॥ ਗੁਰ ਕੈ ਸਬਦਿ[81] ਨਾਮਿ ਨੀਸਾਣੈ[82] ॥	He[78], who recognises[77] Lord's command[75] utters[80] His praises[79] and through Guru's hymns[81] gets glorified[82] with His Name.	ਜੋ ਸਾਹਿਬ ਦੇ ਫੁਰਮਾਨ[75] ਨੂੰ ਸਿੰਞਾਣਦਾ[77] ਹੈ, ਉਹ[78] ਉਸ ਦਾ ਜੱਸ[79] ਉਚਾਰਨ ਕਰਦਾ ਹੈ ਅਤੇ ਗੁਰਬਾਣੀ[81] ਰਾਹੀਂ ਉਸ ਦੇ ਨਾਮ ਨਾਲ ਨਾਮਵਰ ਹੋ[82] ਜਾਂਦਾ ਹੈ ।
ਸਭਨਾ[83]ਕਾ ਦਰਿ[84] ਲੇਖਾ[85] ਸਚੈ ਛੂਟਸਿ[86] ਨਾਮਿ ਸੁਹਾਵਣਿਆ[87] ॥ ੩ ॥	Everyone's[83] account[85] is at the True Court[84], and one is exonerated[86] through the beauteous[87] Name.	ਹਰ ਕਿਸੇ[83] ਦਾ ਹਿਸਾਬ ਕਿਤਾਬ[85] ਸੱਚੇ ਦਰਬਾਰ[84] ਅੰਦਰ ਹੁੰਦਾ ਹੈ । ਸੁੰਦਰ[87] ਨਾਮ ਰਾਹੀਂ ਹੀ ਇਨਸਾਨ ਸੁਰਖ਼ਰੂ[86] ਹੁੰਦਾ ਹੈ ।

ਮਨਮੁਖੁ[88] ਭੂਲਾ[89] ਠਉਰ[90] ਨ ਪਾਏ ॥	The mistaken[89] apostate[88] finds no place[90] of rest.	ਘੁਸੇ ਹੋਏ[89] ਅਧਰਮੀ[88] ਨੂੰ ਕੋਈ ਆਰਾਮ ਦੀ ਥਾਂ[90] ਨਹੀਂ ਮਿਲਦੀ।
ਜਮ[91] ਦਰਿ[92] ਬਧਾ[93] ਚੋਟਾ[94] ਖਾਏ[95] ॥	Bound[93] at death's[91] door[92], he bears[95] the brunt[94].	ਮੌਤ[91] ਦੇ ਬੂਹੇ[92] ਤੇ ਬੰਨ੍ਹਿਆ[93] ਹੋਇਆ ਉਹ ਸੱਟਾਂ[94] ਸਹਾਰਦਾ[95] ਹੈ।
ਬਿਨੁ ਨਾਵੈ ਕੋ ਸੰਗਿ[96] ਨ ਸਾਥੀ[97] ਮੁਕਤੇ[98] ਨਾਮੁ ਧਿਆਵਣਿਆ[99] ॥ ੪ ॥	Without the Name man has no companion[96] or comrade[97]. He is saved[98] only by remembering[99] the Name.	ਨਾਮ ਦੇ ਬਾਝੋਂ ਬੰਦੇ ਦਾ ਕੋਈ ਯਾਰ[96] ਜਾਂ ਬੇਲੀ[97] ਨਹੀਂ, ਕੇਵਲ ਨਾਮ ਦਾ ਸਿਮਰਨ[99] ਕਰਨ ਨਾਲ ਹੀ ਉਹ ਬੰਦ ਖ਼ਲਾਸ[98] ਹੁੰਦਾ ਹੈ।
ਸਾਕਤ[100] ਕੂੜੇ[2] ਸਚੁ ਨ ਭਾਵੈ[3] ॥	The false[2] mammon-worshipper[100] likes[3] not the Truth.	ਝੂਠੇ[2] ਮਾਇਆ ਦੇ ਪੁਜਾਰੀ[100] ਨੂੰ ਸੱਚ ਚੰਗਾ[3] ਨਹੀਂ ਲੱਗਦਾ।
ਦੁਬਿਧਾ[4] ਬਾਧਾ[5] ਆਵੈ ਜਾਵੈ[6] ॥	Bound[5] to duality[4], he comes and goes[6].	ਦਵੈਤ-ਭਾਵ[4] ਨਾਲ ਬੱਝਿਆ[5] ਹੋਇਆ, ਉਹ ਆਉਂਦਾ ਤੇ ਜਾਂਦਾ[6] ਹੈ।
ਲਿਖਿਆ[7] ਲੇਖੁ[8] ਨ ਮੇਟੈ[9] ਕੋਈ ਗੁਰਮੁਖ[10] ਮੁਕਤਿ[11] ਕਰਾਵਣਿਆ ॥ ੫ ॥	The scribed[7] writ[8] no one can erase[9]. Through the Guru[10], is one emancipated[11].	ਉਕਰੀ[7] ਹੋਈ ਲਿਖਤਾਕਾਰ[8] ਕੋਈ ਮੇਸ[9] ਨਹੀਂ ਸਕਦਾ। ਗੁਰਾਂ ਦੇ ਰਾਹੀਂ[10] ਹੀ ਮਨੁੱਖ ਮੋਖਸ਼[11] ਹੁੰਦਾ ਹੈ।
ਪੇਈਅੜੈ[12] ਪਿਰੁ[13] ਜਾਤੋ[14] ਨਾਹੀ ॥ ਝੂਠਿ[15] ਵਿਛੁੰਨੀ[16] ਰੋਵੈ[17] ਧਾਹੀ[18] ॥	In her mother's home[12], the bride recognised[14] not her Bridegroom[13]. Through falsehood[15] separated[16], she bewails[17] loudly[18].	ਆਪਣੀ ਮਾਂ ਦੇ ਘਰ[12], ਲਾੜੀ ਨੇ ਆਪਣੇ ਲਾੜੇ[13] ਦੀ ਸਿੰਞਾਣ[14] ਨਹੀਂ ਕੀਤੀ, ਕੂੜ[15] ਦੇ ਰਾਹੀਂ ਵਿਛੜੀ[16] ਹੋਈ ਉਹ ਉਚੀ ਉਚੀ[18] ਵਿਰਲਾਪ[17] ਕਰਦੀ ਹੈ।
[19]ਅਵਗਣਿ[20] ਮੁਠੀ[21] ਮਹਲੁ[22] ਨ ਪਾਏ ਅਵਗਣ[23] ਗੁਣਿ[24] ਬਖਸਾਵਣਿਆ[25] ॥ ੬ ॥	Defrauded[21] by [19]demerits[20], her Lord's audience[22] she obtains not. Through virtues[24] are the sins[23] forgiven[25].	ਮੰਦੇ[19] ਅਮਲਾਂ[20] ਦੀ ਠਗੀ[21] ਹੋਈ ਉਹ ਆਪਣੇ ਸਾਈਂ ਦੀ ਹਜ਼ੂਰੀ[22] ਨੂੰ ਪਰਾਪਤ ਨਹੀਂ ਹੁੰਦੀ। ਨੇਕੀਆਂ[24] ਦੇ ਰਾਹੀਂ ਪਾਪ[23] ਮਾਫ਼[25] ਹੋ ਜਾਂਦੇ ਹਨ।
ਪੇਈਅੜੈ[26] ਜਿਨਿ ਜਾਤਾ[27] ਪਿਆਰਾ[28] ॥ ਗੁਰਮੁਖਿ[28*] ਬੂਝੈ[29] ਤਤੁ[30] ਬੀਚਾਰਾ[31] ॥	She, who knows[27] her Beloved[28], in her parent's home[26], through the Guru[28*], comes to understand[29] the reality[30] and meditates[31] on her Lord.	ਜੇ ਆਪਣੇ ਪੇਕੇ ਘਰ[26] ਅੰਦਰ ਆਪਣੇ ਪ੍ਰੀਤਮ[28] ਨੂੰ ਪਛਾਣਦੀ[27] ਹੈ, ਉਹ ਗੁਰਾਂ ਦੁਆਰਾ[28*], ਅਸਲੀਅਤ[30] ਨੂੰ ਸਮਝ ਲੈਂਦੀ[29] ਹੈ ਅਤੇ ਆਪਣੇ ਸਾਈਂ ਦਾ ਸਿਮਰਣ[31] ਕਰਦੀ ਹੈ।
ਆਵਣੁ ਜਾਣਾ[32] ਠਾਕਿ ਰਹਾਏ[33] ਸਚੈ ਨਾਮਿ[34] ਸਮਾਵਣਿਆ[35] ॥ ੭ ॥	Her coming and going[32] is inhibited and annulled[33], and she is absorbed[35] in the True Name[34].	ਉਸ ਦਾ ਆਉਣਾ ਤੇ ਜਾਣਾ[32] ਵਰਜਿਤ[33] ਤੇ ਮੇਸ ਦਿਤਾ ਜਾਂਦਾ ਹੈ ਅਤੇ ਉਹ ਸਤਿਨਾਮ[34] ਅੰਦਰ ਲੀਨ[35] ਹੋ ਜਾਂਦੀ ਹੈ।
ਗੁਰਮੁਖਿ[36] ਬੂਝੈ[37] ਅਕਥੁ[38] ਕਹਾਵੈ[39] ॥	Through the Guru[36] man realises[37] the Lord and describes[39] the indescribeable[38] one.	ਗੁਰਾਂ ਦੇ ਰਾਹੀਂ[36], ਬੰਦਾ ਸੁਆਮੀ ਨੂੰ ਅਨੁਭਵ[37] ਕਰਦਾ ਅਤੇ ਨਾ-ਬਿਆਨ ਹੋਣ ਵਾਲੇ ਪੁਰਖ[38] ਨੂੰ ਬਿਆਨ[39] ਕਰਦਾ ਹੈ।

ਸਚੇ ਠਾਕੁਰ[40] ਸਾਚੋ[41] ਭਾਵੈ[42] ॥	The True Lord[40] likes[42] but truthfulness[41].	ਸਚਾ ਸਾਹਿਬ[40] ਕੇਵਲ ਸਚਾਈ[41] ਨੂੰ ਹੀ ਪਸੰਦ[42] ਕਰਦਾ ਹੈ।
ਨਾਨਕ ਸਚੁ ਕਹੈ[43] ਬੇਨੰਤੀ[44] ਸਚੁ[45] ਮਿਲੈ ਗੁਣ[46] ਗਾਵਣਿਆ[47] ॥ ੮ ॥ ੧ ॥	Nanak makes[43] the true supplication[44]. The True Lord[45] is met by chanting[47] His glories[46].	ਨਾਨਕ ਸੱਚੀ ਅਰਜ਼[44] ਗੁਜ਼ਾਰਦਾ[43] ਹੈ। ਸੱਚਾ ਸਾਹਿਬ[45] ਉਸ ਦਾ ਜੱਸ[46] ਅਲਾਪਨ[47] ਦੁਆਰਾ ਮਿਲਦਾ ਹੈ।
੧੧੦	**110**	**੧੧੦**
ਮਾਝ ਮਹਲਾ ੩ ਘਰੁ ੧ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਕਰਮੁ[48] ਹੋਵੈ ਸਤਿਗੁਰੂ ਮਿਲਾਏ[49] ॥	By the Lord's grace[48], is the True Guru met[49].	ਸਾਹਿਬ ਦੀ ਦਇਆ[48] ਦੁਆਰਾ ਸੱਚਾ ਗੁਰੂ ਮਿਲਦਾ[49] ਹੈ।
ਸੇਵਾ[50] ਸੁਰਤਿ[51] ਸਬਦਿ[52] ਚਿਤੁ[53] ਲਾਏ[54] ॥	Then alone does the man apply his attention[51] to the God's service[50] and fix[54] his mind[53] on His Name[52].	ਕੇਵਲ ਤਦ ਹੀ ਆਦਮੀ ਆਪਣੀ ਬ੍ਰਿਤੀ[51] ਵਾਹਿਗੁਰੂ ਦੀ ਟਹਿਲ[50] ਅੰਦਰ ਲਾਉਂਦਾ ਤੇ ਆਪਣਾ ਮਨ[53] ਉਸ ਦੇ ਨਾਮ[52] ਨਾਲ ਜੋੜਦਾ[54] ਹੈ।
ਹਉਮੈ[55] ਮਾਰਿ[56] ਸਦਾ ਸੁਖੁ[57] ਪਾਇਆ ਮਾਇਆ[58] ਮੋਹੁ[59] ਚੁਕਾਵਣਿਆ[60] ॥ ੧ ॥	By stilling[56] his ego[55], man attains eternal peace[57] and sheds[60] his love[59] of mammon[58].	ਆਪਣੇ ਹੰਕਾਰ[55] ਨੂੰ ਨਵਿਰਤ[56] ਕਰਕੇ ਬੰਦਾ ਸਦੀਵੀ ਆਰਾਮ[57] ਪਾਉਂਦਾ ਹੈ ਅਤੇ ਆਪਣੀ ਧਨ-ਦੌਲਤ[58] ਦੀ ਮਮਤਾ[59] ਨੂੰ ਮਿਟਾ ਦਿੰਦਾ[60] ਹੈ।
ਹਉ ਵਾਰੀ[63] ਜੀਉ[61] ਵਾਰੀ ਸਤਿਗੁਰ ਕੈ ਬਲਿਹਾਰਣਿਆ[62] ॥	I am a sacrifice[63], my soul[61] is a sacrifice and I am devoted[62] unto my True Guru.	ਮੈਂ ਕੁਰਬਾਨ[63] ਹਾਂ, ਮੇਰੀ ਜਿੰਦ-ਜਾਨ[61] ਕੁਰਬਾਨ ਹੈ ਅਤੇ ਮੈਂ ਸਦਕੇ[62] ਹਾਂ, ਆਪਣੇ ਸੱਚੇ ਗੁਰਾਂ ਉਤੋਂ।
ਗੁਰਮਤੀ[64] ਪਰਗਾਸੁ[65] ਹੋਆ ਜੀ ਅਨਦਿਨੁ[66] ਹਰਿਗੁਣ[67] ਗਾਵਣਿਆ[68] ॥ ੧ ॥ ਰਹਾਉ ॥	By the Guru's instructions[64], Divine light has shone[65] on me, and night[66] and day, I sing[68] God's praises[67]. Pause.	ਗੁਰਾਂ ਦੇ ਉਪਦੇਸ਼[64] ਦੁਆਰਾ ਰੱਬੀ ਚਾਨਣ ਮੇਰੇ ਉਤੇ ਪ੍ਰਕਾਸ਼ਿਆ[65] ਹੈ ਅਤੇ ਰੈਣ[66] ਦਿਹੁੰ ਮੈਂ ਵਾਹਿਗੁਰੂ ਦੀ ਸਿਫ਼ਤ ਸ਼ਲਾਘਾ[67] ਗਾਇਨ[68] ਕਰਦਾ ਹਾਂ। ਠਹਿਰਾਉ।
ਤਨੁ[69] ਮਨੁ[70] ਖੋਜੇ[71] ਤਾ[72] ਨਾਉ ਪਾਏ[73] ॥ ਧਾਵਤੁ[74] ਰਾਖੈ[75] ਠਾਕਿ ਰਹਾਏ[76] ॥	If man searches[71] his body[69] and soul[70], then[72], does he find[73] God's Name. He restrains[75] his wandering[74] mind and keeps it under control[76].	ਜੇਕਰ ਬੰਦਾ ਆਪਣੀ ਦੇਹਿ[69] ਤੇ ਆਤਮਾ[70] ਦੀ ਢੂੰਡ ਭਾਲ[71] ਕਰੇ; ਤਦ[72] ਹੀ ਉਹ ਰੱਬ ਦੇ ਨਾਮ ਨੂੰ ਪਾਉਂਦਾ[73] ਹੈ। ਉਹ ਆਪਣੇ ਭਟਕਦੇ[74] ਮਨੂਏ ਨੂੰ ਹੋੜਦਾ[75] ਹੈ ਅਤੇ ਇਸਨੂੰ ਆਪਣੇ ਕਾਬੂ ਵਿਚ ਰਖਦਾ[76] ਹੈ।
ਗੁਰ ਕੀ ਬਾਣੀ ਅਨਦਿਨੁ[77] ਗਾਵੈ ਸਹਜੇ[78] ਭਗਤਿ[79] ਕਰਾਵਣਿਆ[80] ॥ ੨ ॥	Gurbani he sings night[77] and day and is naturally[78] engaged[80] in Lord's devotional service[79].	ਗੁਰਬਾਣੀ ਉਹ ਰੈਣ[77] ਦਿਹੁੰ ਗਾਇਨ ਕਰਦਾ ਹੈ ਅਤੇ ਸੁਤੇ ਸਿਧ[78] ਹੀ ਸਾਈਂ ਦੀ ਪ੍ਰੇਮ-ਮਈ ਸੇਵਾ[79] ਅੰਦਰ ਜੁਟ[80] ਜਾਂਦਾ ਹੈ।
ਇਸੁ ਕਾਇਆ[81] ਅੰਦਰਿ ਵਸਤੁ[82] ਅਸੰਖਾ[83] ॥	In this body[81] are countless[83] articles[82].	ਇਸ ਦੇਹਿ[81] ਦੇ ਵਿਚ ਅਣਗਿਣਤ[83] ਚੀਜ਼ਾਂ[82] ਹਨ।
ਗੁਰਮੁਖਿ[84] ਸਾਚੁ[85] ਮਿਲੈ[86] ਤਾ[87] ਵੇਖਾ[88] ॥	Through the Guru[84], if I attain[86] to Truth[85], then alone[87] I can see[88] them.	ਗੁਰਾਂ ਦੇ ਰਾਹੀਂ[84] ਜੇਕਰ ਮੈਂ ਸੱਚ[85] ਨੂੰ ਪਰਾਪਤ[86] ਹੋ ਜਾਵਾਂ, ਕੇਵਲ ਤਦ[87] ਹੀ ਮੈਂ ਉਨ੍ਹਾਂ ਨੂੰ ਦੇਖ[88] ਸਕਦਾ ਹਾਂ।
ਨਉ ਦਰਵਾਜੇ[89] ਦਸਵੈ[90]	He, who soars above the nine gates[89],	ਜੋ ਨਵਾਂ ਦੁਆਰਿਆਂ[89] ਤੋਂ ਉਚੇਰੇ ਉਡਾਰੀ ਲਾਉਂਦਾ ਹੈ,

ਮੁਕਤਾ[91] ਅਨਹਦ ਸਬਦੁ[92] ਵਜਾਵਣਿਆ[93] ॥ ੩ ॥	hears the playing[93] of celestial strain[92] of the tenth one[90] and is emancipated[91].	ਉਹ ਦਸਵੇਂ ਦੁਆਰ[90] ਦਾ ਬੈਕੁੰਠੀ ਕੀਰਤਨ[92] ਹੁੰਦਾ[93] ਸੁਣ ਲੈਂਦਾ ਹੈ ਅਤੇ ਮੁਕਤ[91] ਹੋ ਜਾਂਦਾ ਹੈ।
ਸਚਾ ਸਾਹਿਬੁ ਸਚੀ ਨਾਈ[94] ॥	True is the Lord and True is His Name[94].	ਸੱਚਾ ਹੈ ਸੁਆਮੀ ਅਤੇ ਸੱਚਾ ਹੈ ਉਸ ਦਾ ਨਾਮ[94]।
ਗੁਰ ਪਰਸਾਦੀ[95] ਮੰਨਿ[96] ਵਸਾਈ[97] ॥	By the Guru's grace[95] I place[97] Him in my mind[96].	ਗੁਰਾਂ ਦੀ ਰਹਿਮਤ[95] ਦਾ ਸਦਕਾ ਮੈਂ ਉਸ ਨੂੰ ਆਪਣੇ ਚਿਤ[96] ਵਿਚ ਟਿਕਾਉਂਦਾ[97] ਹਾਂ।
ਅਨਦਿਨੁ[98] ਸਦਾ[99] ਰਹੈ ਰੰਗਿ[100]ਰਾਤਾ[2] ਦਰਿ ਸਚੈ[3] ਸੋਝੀ[4] ਪਾਵਣਿਆ ॥ ੪ ॥	He,who,night and day[98]ever[99]remains imbued[2] with Lord's love[100], obtains the knowledge[4] of the True Court[3].	ਜੋ ਰੈਣ[98] ਦਿਹੁੰ ਪ੍ਰਭੂ ਦੀ ਪ੍ਰੀਤ[100] ਨਾਲ ਹਮੇਸ਼ਾਂ[99] ਰੰਗਿਆ[2] ਰਹਿੰਦਾ ਹੈ ਉਹ ਸੱਚੇ ਦਰਬਾਰ[3] ਦੀ ਗਿਆਤ[4] ਪਾ ਲੈਂਦਾ ਹੈ।
ਪਾਪ[5] ਪੁੰਨ[6] ਕੀ ਸਾਰ[7] ਨ ਜਾਣੀ[8] ॥ ਦੂਜੈ[9] ਲਾਗੀ[10] ਭਰਮਿ[11] ਭੁਲਾਣੀ[12] ॥	She who understands[8] not the significance[7] of virtue[6] and sin[5] and is attached[10] with duality[9], is lost[12] in illusion[11].	ਜੋ ਨੇਕੀ[6] ਤੇ ਬਦੀ[5] ਦੀ ਵੁੱਕਅਤ[7] ਨੂੰ ਨਹੀਂ ਸਮਝਦੀ[8] ਅਤੇ ਦਵੈਤ-ਭਾਵ[9] ਨਾਲ ਜੁੜੀ[10] ਹੋਈ ਹੈ, ਉਹ ਵਹਿਮ[11] ਅੰਦਰ ਗੁਮਰਾਹ[12] ਹੋਈ ਹੋਈ ਹੈ।
ਅਗਿਆਨੀ[13]ਅੰਧਾ[14]ਮਗੁ[15] ਨ ਜਾਣੈ ਫਿਰਿ[16] ਫਿਰਿ ਆਵਣ ਜਾਵਣਿਆ[17] ॥੫॥	The ignorant[13], blind[14] man knows not the right path[15], and comes and goes[17] again and again[16].	ਬੇਸਮਝ[13],ਅੰਨ੍ਹਾ[14] ਬੰਦਾ ਠੀਕ ਰਸਤੇ[15]ਨੂੰ ਨਹੀਂ ਜਾਣਦਾ ਅਤੇ ਮੁੜ ਮੁੜ[16] ਕੇ ਆਉਂਦਾ ਤੇ ਜਾਂਦਾ[17] ਹੈ।
ਗੁਰ ਸੇਵਾ[18] ਤੇ[19] ਸਦਾ[20] ਸੁਖੁ ਪਾਇਆ ॥ ਹਉਮੈ[21] ਮੇਰਾ[22]ਠਾਕਿ ਰਹਾਇਆ[23]॥	From[19] the Guru's service[18] I have obtained, everlasting[20] peace, and my egotism[21] and egoism[22] are stopped and stayed[23].	ਗੁਰਾਂ ਦੀ ਟਹਿਲ ਸੇਵਾ[18] ਤੋਂ[19] ਮੈਂ ਸਦੀਵੀ[20] ਆਰਾਮ ਹਾਸਲ ਕੀਤਾ ਹੈ। ਮੇਰੀ ਹੰਗਤਾ[21] ਤੇ ਅਪਣੱਤ[22] ਰੋਕ ਤੇ ਵਰੇਜ[23] ਦਿਤੇ ਹਨ।
ਗੁਰਸਾਖੀ[24] ਮਿਟਿਆ[25] ਅੰਧਿਆਰਾ[26]ਬਜਰ[27]ਕਪਾਟ[28] ਖੁਲਵਾਣਿਆ[29] ॥ ੬ ॥ ਹਉਮੈ[30] ਮਾਰਿ[31] ਮੰਨਿ ਵਸਾਇਆ[32] ॥	By Guru's instruction[24], my darkness[26] is dispelled[25] and the adamantine[27] shutters[28] are opened[29], stilling[31] my self-conceit[30], I have placed[32] God in my mind.	ਗੁਰਾਂ ਦੇ ਉਪਦੇਸ਼[24] ਦੁਆਰਾ ਮੇਰਾ ਅਨ੍ਹੇਰਾ[26] ਦੂਰ ਹੋ[25] ਗਿਆ ਹੈ ਅਤੇ ਭਾਰੇ ਕਰੜੇ[27] ਤਖ਼ਤੇ[28] ਖੁਲ੍ਹ[29] ਗਏ ਹਨ। ਆਪਣੀ ਸਵੈ-ਹੰਗਤਾ[30] ਨੂੰ ਮੇਟ[31]ਕੇ, ਮੈਂ ਵਾਹਿਗੁਰੂ ਨੂੰ ਆਪਣੇ ਚਿੱਤ ਅੰਦਰ ਟਿਕਾਇਆ[32] ਹੈ।
ਗੁਰ ਚਰਣੀ[33] ਸਦਾ[34] ਚਿਤੁ[35] ਲਾਇਆ[36] ॥	On Guru's feet[33], I have ever[34] fixed[36] my mind[35].	ਗੁਰਾਂ ਦੇ ਪੈਰਾਂ[33] ਵਿਚ ਮੈਂ ਹਮੇਸ਼ਾਂ[34] ਹੀ ਆਪਣਾ ਮਨ[35] ਜੋੜਿਆ[36] ਹੈ।
ਗੁਰ ਕਿਰਪਾ[37] ਤੇ ਮਨੁ[38] ਤਨੁ[39] ਨਿਰਮਲੁ[40] ਨਿਰਮਲ[41] ਨਾਮੁ ਧਿਆਵਣਿਆ[42] ॥ ੭ ॥	On Guru's favour[37], my soul[38] and body[39] are rendered pure[40], and the immaculate[41] Name do I meditate[42] upon.	ਗੁਰਾਂ ਦੀ ਦਇਆ ਦੁਆਰਾ[37] ਮੇਰੀ ਆਤਮਾ[38] ਤੇ ਦੇਹਿ[39] ਸ਼ੁਧ[40] ਹੋ ਗਏ ਹਨ ਅਤੇ ਪਵਿੱਤ੍ਰ[41] ਨਾਮ ਦਾ ਹੀ ਮੈਂ ਅਰਾਧਨ[42] ਕਰਦਾ ਹਾਂ।
ਜੀਵਣੁ ਮਰਣਾ[43] ਸਭੁ[44] ਤੁਧੈ[45] ਤਾਈ[46] ॥	From birth to death[43] I have dedicated my entire[44] life for[46] Thine[45] service, O' Lord !	ਪੈਦਾਇਸ਼ ਤੋਂ ਮੌਤ[43] ਤੱਕ ਮੈਂ ਆਪਣੀ ਸਾਰੀ[44] ਜ਼ਿੰਦਗੀ ਤੇਰੀ[45] ਸੇਵਾ ਲਈ[46] ਅਰਪਣ ਕੀਤੀ ਹੈ, ਹੇ ਸੁਆਮੀ !

ਜਿਸੁ[47] ਬਖਸੇ[48]ਤਿਸੁ[49]ਦੇ[50] ਵਡਿਆਈ[51] ॥ ਨਾਨਕ ਨਾਮੁ ਧਿਆਇ[52] ਸਦਾ ਤੂੰ ਜੰਮਣੁ ਮਰਣੁ ਸਵਾਰਣਿਆ[53] ॥੮॥੧॥੨॥	Thou givest[50] glory[51] to him[49], whom[47] Thou forgivest[48]. O' Nanak ! do thou ever contemplate[52] over the Lord's Name which shall bedeck[53] thy birth and death.	ਤੂੰ ਉਸ[49] ਨੂੰ ਪ੍ਰਭਤਾ[51] ਦਿੰਦਾ[50] ਹੈਂ, ਜਿਸ[47] ਨੂੰ ਤੂੰ ਮਾਫ਼[48] ਕਰਦਾ ਹੈਂ । ਹੇ ਨਾਨਕ ! ਤੂੰ ਸਦੀਵ ਹੀ ਸੁਆਮੀ ਦੇ ਨਾਮ ਦਾ ਸਿਮਰਨ[52] ਕਰ, ਜੋ ਤੇਰੀ ਪੈਦਾਇਸ਼ ਤੇ ਮੌਤ ਨੂੰ ਸ਼ਿੰਗਾਰ[53] ਦੇਵੇਗਾ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਮੇਰਾ ਪ੍ਰਭੁ ਨਿਰਮਲੁ[54] ਅਗਮ[55] ਅਪਾਰਾ[56] ॥	My Lord is immaculate[54], inaccessible[55] and infinite[56].	ਮੇਰਾ ਸੁਆਮੀ ਪਵਿੱਤ੍ਰ[54], ਪਹੁੰਚ ਤੋਂ ਪਰੇ[55] ਅਤੇ ਅਨੰਤ[56] ਹੈ ।
ਬਿਨੁ ਤਕੜੀ[57] ਤੋਲੈ[58] ਸੰਸਾਰਾ[59] ॥	Without a balance[57], He weighs[58] the world[59].	ਤਰਾਜੂ[57] ਦੇ ਬਗੈਰ ਉਹ ਜਗਤ[59] ਨੂੰ ਜੋਖਦਾ[58] ਹੈ ।
ਗੁਰਮੁਖਿ[60] ਹੋਵੈ ਸੋਈ[61] ਬੂਝੈ[62] ਗੁਣ[63] ਕਹਿ[64] ਗੁਣੀ[65] ਸਮਾਵਣਿਆ[66] ॥ ੧ ॥	He[61], who is resigned to the Guru's[60] will, understands[62] God. By uttering[64] His praises[63], the mortal is obsorbed[66] in the praise-worthy Lord[65].	ਜੋ ਗੁਰੂ ਅਨੁਸਾਰੀ[60] ਹੁੰਦਾ ਹੈ, ਉਹ[61] ਹਰੀ ਨੂੰ ਸਮਝ[62] ਲੈਂਦਾ ਹੈ । ਉਸ ਦੀ ਸ਼ਲਾਘਾ[63] ਉਚਾਰਨ[64] ਕਰਨ ਦੁਆਰਾ ਪ੍ਰਾਣੀ ਸ਼ਲਾਘਾ-ਯੋਗ ਸਾਈਂ[65] ਵਿਚ ਲੀਨ[66] ਹੋ ਜਾਂਦਾ ਹੈ ।
ਹਉ ਵਾਰੀ[67] ਜੀਉ[68] ਵਾਰੀ ਹਰਿ ਕਾ ਨਾਮੁ ਮੰਨਿ[69] ਵਸਾਵਣਿਆ[70] ॥	I am a sacrifice[67], my soul[68] is a sacrifice unto those who abide[70] God's Name in their heart[69].	ਮੈਂ ਸਦਕੇ[67] ਹਾਂ, ਮੇਰੀ ਜਿੰਦੜੀ[68] ਸਦਕੇ ਹੈ, ਉਨ੍ਹਾਂ ਉਤੋਂ ਜੋ ਵਾਹਿਗੁਰੂ ਦੇ ਨਾਮ ਨੂੰ ਆਪਣੇ ਚਿਤ[69] ਵਿਚ ਵਸਾਉਂਦੇ[70] ਹਨ ।
ਜੋ ਸਚਿ ਲਾਗੇ[71] ਸੇ[72] ਅਨਦਿਨੁ[73] ਜਾਗੇ[74] ਦਰਿ ਸਚੈ[75] ਸੋਭਾ[76] ਪਾਵਣਿਆ ॥ ੧ ॥ ਰਹਾਉ ॥	They[72] who are attached[71] to Truth, remain wakeful[74], night[73] and day, and obtain honour[76] in the True Court[75]. Pause.	ਜਿਹੜੇ ਸੱਚੇ ਨਾਲ ਜੁੜੇ[71] ਹਨ, ਉਹ[72] ਰੈਣ[73] ਦਿਹੁੰ ਖ਼ਬਰਦਾਰ[74] ਰਹਿੰਦੇ ਹਨ ਅਤੇ ਸੱਚੇ ਦਰਬਾਰ[75] ਅੰਦਰ ਇੱਜ਼ਤ ਆਬਰੂ[76] ਪਾਉਂਦੇ ਹਨ । ਠਹਿਰਾਉ ।
ਆਪਿ[77] ਸੁਣੈ ਤੈ ਆਪੇ ਵੇਖੈ ॥ ਜਿਸਨੋ[78] ਨਦਰਿ[79] ਕਰੇ[80] ਸੋਈ[81] ਜਨੁ[82] ਲੇਖੈ[83] ॥	God Himself[77] hears and Himself sees. On whom[78] He casts[80] His merciful glance[79], that[81] person[82] becomes acceptable[83].	ਵਾਹਿਗੁਰੂ ਖ਼ੁਦ[77] ਸ੍ਰਵਣ ਕਰਦਾ ਹੈ ਤੇ ਖ਼ੁਦ ਹੀ ਦੇਖਦਾ ਹੈ । ਜਿਸ[78] ਉਤੇ ਉਹ ਆਪਣੀ ਮਿਹਰ ਦੀ ਨਜ਼ਰ[79] ਧਾਰਦਾ[80] ਹੈ ਉਹ[81] ਪੁਰਸ਼[82] ਕਬੂਲ[83] ਪੈ ਜਾਂਦਾ ਹੈ ।
ਆਪੇ ਲਾਇ[84] ਲਏ ਸੋ[85] ਲਾਗੈ[86] ਗੁਰਮੁਖਿ[87] ਸਚੁ ਕਮਾਵਣਿਆ[88] ॥ ੨ ॥	He[85], whom the Lord Himself attaches[84], gets attached[86] with Him, and through the Guru[87], practises[88] truth.	ਜਿਸ ਨੂੰ ਸਾਈਂ ਆਪ ਜੋੜਦਾ[84] ਹੈ ਉਹ[85] ਉਸ ਨਾਲ ਜੁੜ[86] ਜਾਂਦਾ ਹੈ ਅਤੇ ਗੁਰਾਂ ਦੁਆਰਾ[87], ਸੱਚ ਦੀ ਕਮਾਈ[88] ਕਰਦਾ ਹੈ ।
ਜਿਸੁ ਆਪਿ ਭੁਲਾਏ[89] ਸੁ[90] ਕਿਥੈ ਹਥੁ ਪਾਏ[91] ॥	Whose support can seek[91], he[90], whom the Lord Himself misleads[89] ?	ਉਹ[90] ਕਿਸ ਦਾ ਆਸਰਾ[91] ਲੈ ਸਕਦਾ ਹੈ, ਜਿਸ ਨੂੰ ਪ੍ਰਭੂ ਖੁਦ ਗੁਮਰਾਹ[89] ਕਰਦਾ ਹੈ ?
ਪੂਰਬਿ[92] ਲਿਖਿਆ[93] ਸੁ[95] ਮੇਟਣਾ[94] ਨ ਜਾਏ ॥	What is [92]pre-prescribed[93], that[95] cannot be erased[94].	ਜੋ ਧੁਰ[92] ਤੋਂ ਉਕਰਿਆ[93] ਹੋਇਆ ਹੈ, ਉਹ[95] ਮੇਟਿਆ[94] ਨਹੀਂ ਜਾ ਸਕਦਾ ।
ਜਿਨ ਸਤਿਗੁਰੁ ਮਿਲਿਆ ਸੇ[96] [97]ਵਡਭਾਗੀ[98] ਪੂਰੈ[99] ਕਰਮਿ[100]ਮਿਲਾਵਣਿਆ।੩।	Very[97] fortunate[98] are they[96], whom the True Guru meets. Through the perfect[99] destiny[100] is the True	ਭਾਰੇ[97] ਨਸੀਬਾਂ[98] ਵਾਲੇ ਹਨ, ਉਹ[96] ਜਿਨ੍ਹਾਂ ਨੂੰ ਸੱਚੇ ਗੁਰਦੇਵ ਜੀ ਮਿਲੇ ਹਨ । ਪੂਰਨ[99] ਕਿਸਮਤ[100] ਰਾਹੀਂ ਸੱਚੇ ਗੁਰੂ ਜੀ ਮਿਲਦੇ ਹਨ ।

Guru met.

ਪੇਈਅੜੈ[2] ਧਨ[3] ਅਨਦਿਨੁ[4] ਸੁਤੀ[5] ॥
ਕੰਤਿ[6] ਵਿਸਾਰੀ[7] [8]ਅਵਗਣਿ[9] ਮੁਤੀ[10] ॥

In her father's home[2], the bride[3] is ever[4] in sleep[5]. Her Husband[6], she has forgotten[7] and owing to evil[8] deeds[9] is she forsaken[10].

ਆਪਣੇ ਪਿਤਾ ਦੇ ਘਰ[2] ਵਿਚ ਵਹੁਟੀ[3] ਹਮੇਸ਼ਾਂ[4] ਨਿੰਦ੍ਰਾਵਲੀ[5] ਵਿਚਰਦੀ ਹੈ। ਆਪਣਾ ਖ਼ਸਮ[6] ਉਸ ਨੇ ਭੁਲਾ[7] ਛਡਿਆ ਹੈ ਅਤੇ ਮੰਦੇ[8] ਅਮਲਾਂ[9] ਕਾਰਣ ਉਹ ਛੱਡ ਦਿਤੀ[10] ਗਈ ਹੈ।

ਅਨਦਿਨੁ[11] ਸਦਾ[15] ਫਿਰੈ ਬਿਲਲਾਦੀ[12] ਬਿਨੁ[16] ਪਿਰ[13] ਨੀਦ ਨ ਪਾਵਣਿਆ[14] ॥੪॥

Night[11] and day she ever[15] wanders bewailing[12]. Sans[16] her spouse[13] she gets[14] not sleep.

ਰੈਣ[11] ਦਿਹੁੰ, ਉਹ ਸਦੀਵ[15] ਹੀ ਰੋਂਦੀ ਪਿਟਦੀ[12] ਫਿਰਦੀ ਹੈ। ਆਪਣੇ ਪਤੀ[13] ਦੇ ਬਗ਼ੈਰ[16] ਉਸ ਨੂੰ ਨੀਂਦਰ ਨਹੀਂ ਪੈਂਦੀ[14]।

ਪੇਈਅੜੈ[17] ਸੁਖਦਾਤਾ[18] ਜਾਤਾ[19] ॥ ਹਉਮੈ[20] ਮਾਰਿ[21] ਗੁਰ ਸਬਦਿ[22] ਪਛਾਤਾ[23] ॥

In this world[17] she, who subduing[21] her ego[20], understands[23] the verity of the Gurbani[22], comes to realise[19] her Lord, the giver of peace[18].

ਇਸ ਜਹਾਨ[17] ਅੰਦਰ ਜਿਹੜੀ ਆਪਣੀ ਹੰਗਤਾ[20] ਨੂੰ ਨਵਿਰਤ[21] ਕਰਕੇ ਗੁਰਬਾਣੀ[22] ਦੀ ਸਚਾਈ ਨੂੰ ਸਮਝਦੀ[23] ਹੈ, ਉਹ ਆਰਾਮ ਬਖ਼ਸ਼ਣਹਾਰ[18] ਆਪਣੇ ਸੁਆਮੀ ਨੂੰ ਅਨੁਭਵ[19] ਕਰ ਲੈਂਦੀ ਹੈ।

੧੧੧ / 111 / ੧੧੧

ਸੇਜ[24] ਸੁਹਾਵੀ[25] ਸਦਾ ਪਿਰੁ[26] ਰਾਵੇ[27] ਸਚੁ[28] ਸੀਗਾਰੁ[29] ਬਣਾਵਣਿਆ[30] ॥੫॥

Beautiful[25] is her couch[24]; she ever enjoys[27] her Beloved[26] and makes[30] the ornamentation[29] of truthfulness[28].

ਸੁੰਦਰ[25] ਹੈ ਉਸ ਦਾ ਪਲੰਘ[24], ਉਹ ਹਮੇਸ਼ਾਂ ਆਪਣੇ ਦਿਲਬਰ[26] ਨੂੰ ਮਾਣਦੀ[27] ਹੈ ਅਤੇ ਰਾਸਤੀ[28] ਦਾ ਹਾਰ-ਸ਼ਿੰਗਾਰ[29] ਲਾਉਂਦੀ[30] ਹੈ।

ਲਖ ਚਉਰਾਸੀਹ[31] ਜੀਅ[32] ਉਪਾਏ[33] ॥

The Lord has created[33] eighty-four lakhs[31] of species of living[32] beings.

ਸਾਹਿਬ ਨੇ ਚੁਰਾਸੀ ਲੱਖ[31] ਕਿਸਮਾਂ ਦੇ ਪ੍ਰਾਣ-ਧਾਰੀ ਜੀਵ[32] ਪੈਦਾ ਕੀਤੇ[33] ਹਨ।

ਜਿਸ ਨੋ[34] ਨਦਰਿ[35] ਕਰੇ[36] ਤਿਸੁ[37] ਗੁਰੂ ਮਿਲਾਏ[38] ॥

On whom[34] He casts[36] His merciful glance[35], him[37] He causes to meet[38] the Guru.

ਜਿਸ ਉਤੇ[34] ਉਹ ਆਪਣੀ ਮਿਹਰ ਦੀ ਨਜ਼ਰ[35] ਧਾਰਦਾ[36] ਹੈ, ਉਸ[37] ਨੂੰ ਗੁਰਾਂ ਨਾਲ ਮਿਲਾ ਦਿੰਦਾ[38] ਹੈ।

ਕਿਲਬਿਖ[39] ਕਾਟਿ[40] ਸਦਾ ਜਨ[41] ਨਿਰਮਲ[42] ਦਰਿ ਸਚੈ[43] ਨਾਮਿ ਸੁਹਾਵਣਿਆ[44] ॥੬॥

Washing off[40] his sins[39], His slave[41] is ever pure[42], and at the True Court[43] looks illustrious[44] with the Name.

ਆਪਣੇ ਪਾਪਾਂ[39] ਨੂੰ ਧੋ ਕੇ[40] ਉਸ ਦਾ ਗੋਲਾ[41], ਹਮੇਸ਼ਾ ਪਵਿੱਤਰ[42] ਹੁੰਦਾ ਤੇ ਸੱਚੇ ਦਰਬਾਰ[43] ਅੰਦਰ ਨਾਮ ਨਾਲ ਕੀਰਤੀਮਾਨ[44] ਲਗਦਾ ਹੈ।

ਲੇਖਾ[45] ਮਾਗੈ[46] ਤਾ[47] ਕਿਨਿ[48] ਦੀਐ[49] ॥

When account[45] is called[46], O' who[48] would then[47] answer[49] ?

ਜਦ ਹਿਸਾਬ-ਕਿਤਾਬ[45] ਮੰਗਿਆ[46] ਗਿਆ, ਉਹ ਉਦੋਂ[47] ਕੌਣ[48] ਦੇ ਸਕੇਗਾ[49] ?

ਸੁਖੁ[50] ਨਾਹੀ ਫੁਨਿ[51] ਦੂਐ[52] ਤੀਐ[53] ॥

No solace[50] shall then[51] acrue counting two[52] and three[53] (by rendering the account).

ਤਦੋਂ[51] ਦੋ[52] ਤੇ ਤਿੰਨ[53] ਗਿਣ (ਹਿਸਾਬ ਦੇਣ) ਨਾਲ ਕੋਈ ਠੰਢ-ਚੈਨ[50] ਪਰਾਪਤ ਨਹੀਂ ਹੋਣੀ।

ਆਪੇ[54] ਬਖਸਿ[55] ਲਏ ਪ੍ਰਭੁ ਸਾਚਾ[56] ਆਪੇ[57] ਬਖਸਿ[58] ਮਿਲਾਵਣਿਆ[59] ॥੭॥

The True Lord[56] Himself[54] grants pardon[55], and having forgiven[58] blends[59] with His ownself[57].

ਸੱਚਾ ਸੁਆਮੀ[56] ਖ਼ੁਦ[54] ਮਾਫ਼ੀ[55] ਦਿੰਦਾ ਹੈ ਅਤੇ ਮਾਫ਼ ਕਰਕੇ[58] ਆਪਣੇ ਆਪ[57] ਨਾਲ ਮਿਲਾ ਲੈਂਦਾ[59] ਹੈ।

ਆਪਿ ਕਰੇ ਤੈ ਆਪਿ ਕਰਾਏ[60] ॥	He Himself does and Himself causes to be done[60].	ਉਹ ਆਪੇ ਕਰਦਾ ਹੈ ਤੇ ਆਪੇ ਹੀ ਕਰਾਉਂਦਾ[60] ਹੈ।
ਪੂਰੇ[61] ਗੁਰ ਕੈ ਸਬਦਿ[62] ਮਿਲਾਏ[63] ॥	Through the perfect[61] Guru's instruction[62], He is met[63].	ਪੂਰਨ ਗੁਰਾਂ[61] ਦੇ ਉਪਦੇਸ਼[62] ਰਾਹੀਂ ਉਹ ਮਿਲਦਾ[63] ਹੈ।
ਨਾਨਕ ਨਾਮੁ ਮਿਲੈ ਵਡਿਆਈ[64] ਆਪੇ[65] ਮੇਲਿ[66] ਮਿਲਾਵਣਿਆ[67] ॥ ੮ ॥ ੨ ॥ ੩ ॥	Nanak through the Name greatness[64] is obtained. The Lord Himself[65] unites[67] in His union[66].	ਨਾਨਕ ਨਾਮ ਨਾਲ ਬਜ਼ੁਰਗੀ[64] ਪਰਾਪਤ ਹੁੰਦੀ ਹੈ। ਮਾਲਕ ਖ਼ੁਦ[65] ਹੀ ਆਪਣੇ ਮਿਲਾਪ[66] ਅੰਦਰ ਮਿਲਾਉਂਦਾ[67] ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਇਕੋ[68] ਆਪਿ[71] ਫਿਰੈ[69] ਪਰਛੰਨਾ[70] ॥	By Himself[71], the unique Lord[68] is moving about[69] undiscernibly[70].	ਖ਼ੁਦ-ਬ-ਖ਼ੁਦ[71] ਹੀ ਅਦੁੱਤੀ ਸਾਹਿਬ[68] ਅਦ੍ਰਿਸ਼ਟ[70] ਹੋ ਵਿਚਰ ਰਿਹਾ[69] ਹੈ।
ਗੁਰਮੁਖਿ[72] ਵੇਖਾ[73] ਤਾ[74] ਇਹੁ ਮਨੁ[75] ਭਿੰਨਾ[76] ॥	If I see[73] Him, through the Guru[72], then[74] is this soul[76] of mine refreshed[76]	ਜੇਕਰ ਗੁਰਾਂ ਦੇ ਰਾਹੀਂ[72] ਮੈਂ ਉਸ ਨੂੰ ਦੇਖ ਲਵਾਂ[73], ਤਦ[74] ਮੇਰੀ ਇਹ ਆਤਮਾ[75] ਤਰੋਤਾਜ਼ਾ[76] ਹੋ ਜਾਂਦੀ ਹੈ।
ਤ੍ਰਿਸਨਾ[77] ਤਜਿ[78] ਸਹਜ ਸੁਖੁ[79] ਪਾਇਆ ਏਕੋ[80] ਮੰਨਿ[82] ਵਸਾਵਣਿਆ[81] ॥੧॥	Shedding[78] desire[77], and placing[81] the One Lord[80] in the mind[82], I have obtained the celestial bliss[79].	ਖ਼ਾਹਿਸ਼[77] ਨੂੰ ਤਿਆਗ[78] ਅਤੇ ਇਕ ਸਾਈਂ[80] ਨੂੰ ਚਿੱਤ[82] ਵਿਚ ਟਿਕਾ[81] ਕੇ ਮੈਂ ਬੈਕੁੰਠੀ ਪ੍ਰਸੰਨਤਾ[79] ਪਰਾਪਤ ਕੀਤੀ ਹੈ।
ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ[83] ਲਾਵਣਿਆ[84] ॥	I am a sacrifice, my soul is sacrifice unto those who fix[84] their attention[83] on One God.	ਮੈਂ ਘੋਲੀ ਹਾਂ, ਮੇਰੀ ਜਿੰਦ ਜਾਨ ਘੋਲੀ ਹੈ, ਉਨ੍ਹਾਂ ਉਤੋਂ ਜੋ ਇਕ ਵਾਹਿਗੁਰੂ ਨਾਲ ਆਪਣੀ ਬਿਰਤੀ[83] ਜੋੜਦੇ[84] ਹਨ।
ਗੁਰਮਤੀ[85] ਮਨੁ ਇਕਤੁ[86] ਘਰਿ[87] ਆਇਆ ਸਚੈ ਰੰਗਿ[88] ਰੰਗਾਵਣਿਆ[89] ॥ ੧ ॥ ਰਹਾਉ ॥	By Guru's instruction[85], my mind has come into its only[86] home[87], and is dyed[89] in the true dye[88]. Pause.	ਗੁਰਾਂ ਦੇ ਉਪਦੇਸ਼[85] ਦੁਆਰਾ, ਮੇਰਾ ਮਨੂਆ ਆਪਣੇ ਅਦੁੱਤੀ[86] ਗ੍ਰਿਹ[87] ਵਿਚ ਆ ਗਿਆ ਹੈ ਅਤੇ ਸੱਚੀ ਰੰਗਤ[88] ਅੰਦਰ ਰੰਗਿਆ[89] ਗਿਆ ਹੈ। ਠਹਿਰਾਉ।
ਇਹੁ ਜਗੁ[90] ਭੂਲਾ[91] ਤੈਂ ਆਪਿ[92] ਭੁਲਾਇਆ[93] ॥	This world[90] has gone astray[91]. Thou Thyself[92] hast put it on the wrong[93] track.	ਇਹ ਸੰਸਾਰ[90] ਕੁਰਾਹੇ ਪਿਆ[91] ਹੋਇਆ ਹੈ। ਤੂੰ ਖ਼ੁਦ[92] ਹੀ ਇਸ ਨੂੰ ਗ਼ਲਤ ਮਾਰਗ ਤੇ ਪਾ ਦਿਤਾ[93] ਹੈ।
ਇਕੁ ਵਿਸਾਰਿ[94] ਦੂਜੈ[95] ਲੋਭਾਇਆ[96] ॥	Forgetting[94] the One Lord it is engrossed[96] in duailty[95].	ਇਕ ਸੁਆਮੀ ਨੂੰ ਭੁਲਾ[94] ਕੇ ਇਹ ਦਵੈਤ-ਭਾਵ[95] ਅੰਦਰ ਖਚਤ[96] ਹੋਇਆ ਹੋਇਆ ਹੈ।
ਅਨਦਿਨੁ[97] ਸਦਾ ਫਿਰੈ[98] ਭ੍ਰਮਿ[99] ਭੂਲਾ[100] ਬਿਨੁ ਨਾਵੈ ਦੁਖੁ ਪਾਵਣਿਆ ॥੨॥	Night and day[97], it ever wanders[98] beguiled[100] by doubt[99], and without the Name it suffers agony.	ਰੈਨ[97] ਦਿਹੁੰ, ਇਹ ਵਹਿਮ[99] ਦਾ ਬਹਿਕਾਇਆ[100] ਹੋਇਆ ਹਮੇਸ਼ਾਂ ਭਟਕਦਾ[98] ਹੈ ਤੇ ਨਾਮ ਦੇ ਬਾਝੋਂ ਕਸ਼ਟ ਉਠਾਉਂਦਾ ਹੈ।
ਜੋ ਰੰਗਿ[2] ਰਾਤੇ[3] ਕਰਮ[4] ਬਿਧਾਤੇ[5] ॥ ਗੁਰ ਸੇਵਾ[8] ਤੇ ਜੁਗ ਚਾਰੇ[6] ਜਾਤੇ[7] ॥	They, who are imbued[3] with the love[2] of the Destiny[4] Scribe[5], through the service[8] of the Guru, are known[7]	ਜਿਹੜੇ ਕਿਸਮਤ[4] ਦੇ ਲਿਖਾਰੀ[5] ਦੀ ਪ੍ਰੀਤ[2] ਨਾਲ ਰੰਗੀਜੇ[3] ਹਨ, ਉਹ ਗੁਰਾਂ ਦੀ ਟਹਿਲ ਸੇਵਾ[8] ਦੇ ਰਾਹੀਂ ਚਾਰੋਂ ਹੀ ਯੁਗਾਂ[6] ਅੰਦਰ ਜਾਣੇ[7] ਜਾਂਦੇ ਹਨ।

	through the four ages[6].	
ਜਿਸ ਨੋ ਆਪਿ ਦੇਇ[9] ਵਡਿਆਈ[10] ਹਰਿ ਕੈ ਨਾਮਿ ਸਮਾਵਣਿਆ[11] ॥ ੩ ॥	He, whom the Lord Himself grants[9] greatness[10], is merged[11] in God's Name.	ਜਿਸ ਨੂੰ ਪ੍ਰਭੂ ਆਪੇ ਬਜ਼ੁਰਗੀ[10] ਬਖ਼ਸ਼ਦਾ[9] ਹੈ, ਉਹ ਵਾਹਿਗੁਰੂ ਦੇ ਨਾਮ ਅੰਦਰ ਲੀਨ[11] ਹੋ ਜਾਂਦਾ ਹੈ।
ਮਾਇਆ[12] ਮੋਹਿ[13] ਹਰਿ ਚੇਤੈ[14] ਨਾਹੀ ॥	Being in love[13] with wealth[12] one thinks[14] not of God.	ਧਨ ਦੌਲਤ[12] ਦੀ ਮੁਹੱਬਤ[13] ਅੰਦਰ ਬੰਦਾ ਰੱਬ ਨੂੰ ਯਾਦ[14] ਨਹੀਂ ਕਰਦਾ।
ਜਮ[15] ਪੁਰਿ[16] ਬਧਾ[17] ਦੁਖ[18] ਸਹਾਹੀ[19] ॥	Bound[17] down in the city[16] of death's myrmidon[15], he endures[19] hardships[18].	ਮੌਤ ਦੇ ਦੂਤ[15] ਦੇ ਸ਼ਹਿਰ[16] ਅੰਦਰ ਜਕੜਿਆ[17] ਹੋਇਆ ਉਹ ਕਸ਼ਟ[18] ਸਹਾਰਦਾ[19] ਹੈ।
ਅੰਨਾ[20] ਬੋਲਾ[21] ਕਿਛੁ ਨਦਰਿ[22] ਨ ਆਵੈ ਮਨਮੁਖ[23] ਪਾਪਿ[24] ਪਚਾਵਣਿਆ[25] ॥੪॥	Blind[20] and deaf[21], as the perverse person[23] is, He sees[22] nothing and is putrefied[25] in sin[24].	ਮਨਾਖਾ[20] ਤੇ ਡੋਰਾ[21] ਜਿਸ ਤਰ੍ਹਾਂ ਕਿ ਪ੍ਰਤੀਕੂਲ ਪੁਰਸ਼[23] ਹੈ, ਉਸ ਨੂੰ ਕੁਛ ਦਿਸ[22] ਨਹੀਂ ਆਉਂਦਾ ਤੇ ਉਹ ਗੁਨਾਹ[24] ਅੰਦਰ ਹੀ ਗਲ ਸੜ[25] ਜਾਂਦਾ ਹੈ।
ਇਕਿ[26] ਰੰਗਿ[27] ਰਾਤੇ[28] ਜੋ[29] ਤੁਧੁ[30] ਆਪਿ[31] ਲਿਵ[32] ਲਾਏ[33] ॥	Some[26], whom[29] Thou[30] attachest[33] with Thy[31] love[32], are imbued[28] in Thine affection[27].	ਕਈ[26] ਜਿਨ੍ਹਾਂ[29] ਨੂੰ ਤੂੰ[30] ਆਪਣੀ[31] ਮੁਹੱਬਤ[32] ਨਾਲ ਜੋੜਦਾ[33] ਹੈਂ, ਤੇਰੀ ਪ੍ਰੀਤ[27] ਅੰਦਰ ਰੰਗੇ[28] ਹੋਏ ਹਨ।
ਭਾਇ ਭਗਤਿ[34] ਤੇਰੈ ਮਨਿ[35] ਭਾਏ[36] ॥	Through affectionate devotion[34], they become pleasing[36] to Thy mind[35], O' Lord !	ਪ੍ਰੇਮਾ-ਭਗਤੀ[34] ਦੁਆਰਾ ਉਹ ਤੇਰੇ ਚਿੱਤ[35] ਨੂੰ ਚੰਗੇ ਲੱਗਦੇ[36] ਹਨ, ਹੇ ਪ੍ਰਭੂ !
ਸਤਿਗੁਰੁ ਸੇਵਨਿ[37] ਸਦਾ ਸੁਖਦਾਤਾ[38] ਸਭ ਇਛਾ[39] ਆਪਿ[40] ਪੁਜਾਵਣਿਆ[41] ॥ ੫ ॥	They serve[37] the True Guru, the ever-giver of peace[38]; and the Lord Himself[40] fulfils[41] all their desires[39].	ਉਹ ਸਦੀਵ ਹੀ ਆਰਾਮ[38] ਬਖ਼ਸ਼ਣਹਾਰ, ਸੱਚੇ ਗੁਰਾਂ ਦੀ ਟਹਿਲ ਕਮਾਉਂਦੇ[37] ਹਨ, ਅਤੇ ਸੁਆਮੀ ਆਪੇ[40] ਹੀ ਉਨ੍ਹਾਂ ਦੀਆਂ ਸਾਰੀਆਂ ਕਾਮਨਾਵਾਂ[39] ਪੂਰੀਆਂ[41] ਕਰਦਾ ਹੈ।
ਹਰਿ ਜੀਉ[42] ਤੇਰੀ ਸਦਾ ਸਰਣਾਈ[43] ॥	My venerable[42] God ! I ever seek Thy asylum[43].	ਮੇਰੇ ਪੂਜ੍ਯ[42] ਵਾਹਿਗੁਰੂ ! ਮੈਂ ਹਮੇਸ਼ਾਂ ਤੇਰੀ ਸ਼ਰਣਾਗਤ[43] ਸੰਭਾਲਦਾ ਹਾਂ।
ਆਪੇ[44] ਬਖਸਿਹਿ[45] ਦੇ[46] ਵਡਿਆਈ[47] ॥	Thyself[44] Thou forgivest[45] and grantest[46] glory[47].	ਖ਼ੁਦ[44] ਹੀ ਤੂੰ ਮਾਫ਼[45] ਕਰਦਾ ਤੇ ਮਾਨਪ੍ਰਤਿਸ਼ਟਾ[47] ਦਿੰਦਾ[46] ਹੈਂ।
ਜਮ[48] ਕਾਲੁ[49] ਤਿਸੁ[50] ਨੇੜਿ[51] ਨ ਆਵੈ[52] ਜੋ ਹਰਿ ਹਰਿ[53] ਨਾਮੁ ਧਿਆਵਣਿਆ[54] ॥੬॥	The courier[48] of death[49] draws[52] not near[51] him[50] who reflects[54] over the Name of the Lord God[53].	ਮੌਤ[49] ਦਾ ਦੂਤ[48] ਉਸ[50] ਦੇ ਲਾਗੇ[51] ਨਹੀਂ ਲੱਗਦਾ[52], ਜਿਹੜਾ ਵਾਹਿਗੁਰੂ ਸੁਆਮੀ[53] ਦੇ ਨਾਮ ਦਾ ਸਿਮਰਨ[54] ਕਰਦਾ ਹੈ।
ਅਨਦਿਨੁ[55] ਰਾਤੇ[56] ਜੋ ਹਰਿ ਭਾਏ[57] ॥	They, who are pleasing[57] to God, night[55] and day remain tinged[56] in His love.	ਜਿਹੜੇ ਵਾਹਿਗੁਰੂ ਨੂੰ ਚੰਗੇ[57] ਲੱਗਦੇ ਹਨ, ਉਹ ਰੈਣ[55] ਦਿਹੁੰ ਉਸ ਦੇ ਪ੍ਰੇਮ ਅੰਦਰ ਰੰਗੇ ਰਹਿੰਦੇ[56] ਹਨ।
ਮੇਰੈ ਪ੍ਰਭਿ[58] ਮੇਲੇ[59] ਮੇਲਿ[60] ਮਿਲਾਏ[61] ॥	Causing to meet[61] the society of the saint's[60] my Master[58] blends[59] them with Himself.	ਸਤਿਸੰਗਤ[60] ਨਾਲ ਜੋੜ[61] ਕੇ ਮੇਰਾ ਮਾਲਕ[58] ਉਨ੍ਹਾਂ ਨੂੰ ਆਪਣੇ ਨਾਲ ਅਭੇਦ[59] ਕਰ ਲੈਂਦਾ ਹੈ।

ਸਦਾ ਸਦਾ[62] ਸਚੇ[63] ਤੇਰੀ ਸਰਣਾਈ[64] ਤੂੰ ਆਪੇ ਸਚੁ ਬੁਝਾਵਣਿਆ[65] ॥ ੭ ॥	For ever and aye[62], O' True Lord[63] ! I am under Thine protection[64]. Thou Thyself makest me know[65] the Truth.	ਸਦੀਵ ਤੇ ਹਮੇਸ਼ਾਂ[62] ਲਈ, ਹੇ ਸੱਚੇ ਸੁਆਮੀ[63] ! ਮੈਂ ਤੇਰੀ ਪਨਾਹ[64] ਹੇਠਾਂ ਹਾਂ। ਤੂੰ ਆਪ ਹੀ ਸੱਚ ਨੂੰ ਦਰਸਾਉਂਦਾ[65] ਹੈਂ ।
ਜਿਨ ਸਚੁ ਜਾਤਾ[66] ਸੇ[67] ਸਚਿ[68] ਸਮਾਣੇ[69] ॥	They[67], who know[66] the Truth, are absorbed[69] in the True One[68].	ਜੋ ਸੱਚ ਨੂੰ ਜਾਣਦੇ[66] ਹਨ, ਉਹ[67] ਸਤਿਪੁਰਖ[68] ਵਿਚ ਲੀਨ[69] ਹੋ ਜਾਂਦੇ ਹਨ।
ਹਰਿ ਗੁਣ[70] ਗਾਵਹਿ[71] ਸਚੁ ਵਖਾਣੇ[72] ॥	God's praises[70] they sing[71] and tell[72] the truth.	ਵਾਹਿਗੁਰੂ ਦਾ ਜੱਸ[70] ਉਹ ਗਾਉਂਦੇ[71] ਹਨ ਅਤੇ ਸੱਚ ਬੋਲਦੇ[72] ਹਨ।
ਨਾਨਕ ਨਾਮਿ ਰਤੇ[73] ਬੈਰਾਗੀ[74] ਨਿਜ[75] ਘਰਿ[76] ਤਾੜੀ[77] ਲਾਵਣਿਆ[78] ॥ ੮ ॥ ੩ ॥ ੪ ॥	Nanak, they who are tinged[73] with the Name, remain aloof[74], and in their own[75] home[76] assume[78] contemplative attitude[77].	ਨਾਨਕ ਜੋ ਨਾਮ ਨਾਲ ਰੰਗੀਜੇ[73] ਹਨ, ਉਹ ਨਿਰਲੇਪ[74] ਹਨ ਅਤੇ ਆਪਣੇ ਨਿੱਜ[75] ਦੇ ਗ੍ਰਿਹ[76] ਅੰਦਰ ਸਮਾਧੀ[77] ਲਾਉਂਦੇ[78] ਹਨ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਸਬਦਿ[79] ਮਰੈ ਸੁ[80] ਮੁਆ[81] ਜਾਪੈ[82] ॥	He[80], who dies by Guru's hymns[79], is deemed[82] to be dead[81].	ਜੋ ਗੁਰਾਂ ਦੀ ਬਾਣੀ[79] ਦੁਆਰਾ ਮਰਦਾ ਹੈ, ਉਹ[80] ਮਰਿਆ[81] ਹੋਇਆ ਜਾਣਿਆ[82] ਜਾਂਦਾ ਹੈ।
ਕਾਲੁ[83] ਨ ਚਾਪੈ[84] ਦੁਖੁ[85] ਨ ਸੰਤਾਪੈ[86] ॥	Him, death[83] crushes[84] not, nor does agony[85] annoy[86].	ਉਸ ਨੂੰ ਮੌਤ[83] ਨਹੀਂ ਕੁਚਲਦੀ[84], ਨਾ ਹੀ ਕਸ਼ਟ[85] ਦੁਖੀ ਕਰਦਾ[86] ਹੈ।
ਜੋਤੀ[87] ਵਿਚਿ[88] ਮਿਲਿ[89] ਜੋਤਿ[90] ਸਮਾਣੀ[91] ਸੁਣਿ[92] ਮਨੁ[93] ਸਚਿ[94] ਸਮਾਵਣਿਆ[95] ॥ ੧ ॥	When man[93] hears[92] and merges[95] in truthfulness[94] his light[90] meets[89] and is absorbed[91] in[88] the Supreme Light[87].	ਜਦ ਇਨਸਾਨ[93] ਸੱਚਾਈ[94] ਨੂੰ ਸਰਵਣ[92] ਕਰਦਾ ਤੇ ਉਸ ਵਿਚ ਲੀਨ[95] ਹੁੰਦਾ ਹੈ, ਉਸ ਦਾ ਚਾਨਣ[90], ਪਰਮ ਚਾਨਣ[87] ਨਾਲ ਮਿਲ ਕੇ[89] ਉਸ ਅੰਦਰ[88] ਅਭੇਦ[91] ਹੋ ਜਾਂਦਾ ਹੈ।
ਹਉ ਵਾਰੀ ਜੀਉ[96] ਵਾਰੀ ਹਰਿ ਕੈ ਨਾਇ[97] ਸੋਭਾ[98] ਪਾਵਣਿਆ[99] ॥	I am a sacrifice, my life[96] is a sacrifice unto those who drive[99] glory[98] from God's Name[97].	ਮੈਂ ਕੁਰਬਾਨ ਹਾਂ, ਮੇਰੀ ਜਿੰਦਗੀ[96] ਕੁਰਬਾਨ ਹੈ ਉਨ੍ਹਾਂ ਉਤੋਂ ਜੋ ਵਾਹਿਗੁਰੂ ਦੇ ਨਾਮ ਦੁਆਰਾ[97] ਵਡਿਆਈ[98] ਪਾਉਂਦੇ[99] ਹਨ।
ਸਤਿਗੁਰੁ ਸੇਵਿ[100] ਸਚਿ[2] ਚਿਤੁ[3] ਲਾਇਆ[4] ਗੁਰਮਤੀ[5] ਸਹਜਿ[6] ਸਮਾਵਣਿਆ[7] ॥ ੧ ॥ ਰਹਾਉ ॥	By the Guru's instruction[5] he, who serves[100] the True Guru and fixes[4] his attention[3] on the True One[2], blends[7] with the Lord[6], Pause.	ਜੋ ਗੁਰਾਂ ਦੇ ਉਪਦੇਸ[5] ਦੁਆਰਾ ਸੱਚੇ ਦੀ ਟਹਿਲ ਕਮਾਉਂਦਾ[100] ਹੈ ਅਤੇ ਸਤਿਪੁਰਖ[2] ਨਾਲ ਆਪਣੀ ਬ੍ਰਿਤੀ[3] ਜੋੜਦਾ[4] ਹੈ, ਉਹ ਸੁਆਮੀ[6] ਅੰਦਰ ਲੀਨ ਹੋ ਜਾਂਦਾ[7] ਹੈ। ਠਹਿਰਾਉ।
ਕਾਇਆ[8] ਕਚੀ[9] ਕਚਾ ਚੀਰੁ[10] ਹੰਢਾਏ[11] ॥	Human body[8] is fragile[9] and fragile is the garment[10] which it wears[11]	ਮਨੁੱਖੀ ਦੇਹਿ[8] ਬੋਦੀ[9] ਹੈ ਅਤੇ ਬੋਦੀ ਹੈ ਪੁਸ਼ਾਕ[10], ਜਿਹੜੀ ਇਹ ਪਹਿਰਦੀ[11] ਹੈ।
ਦੂਜੈ[11]* ਲਾਗੀ[12] ਮਹਲੁ[13] ਨ ਪਾਏ ॥	Attached[12] to another's[11]* love, it obtains not the Lord's mansion[13].	ਹੋਰਸ[11]* ਦੀ ਪ੍ਰੀਤ ਨਾਲ ਜੁੜੀ ਹੋਈ[12] ਇਹ ਸੁਆਮੀ ਦੇ ਮੰਦਰ[13] ਨੂੰ ਪਰਾਪਤ ਨਹੀਂ ਹੁੰਦੀ।
੧੧੨	112	੧੧੨
ਅਨਦਿਨੁ[14] ਜਲਦੀ ਫਿਰੈ[15] ਦਿਨੁ ਰਾਤੀ[16] ਬਿਨੁ ਪਿਰ[17]	Night[14] and day she ever[16] continues burning[15] and without her	ਰੈਣ[14] ਦਿਨ ਉਹ ਹਮੇਸ਼ਾਂ[16] ਹੀ ਜਲਦੀ ਰਹਿੰਦੀ[15] ਹੈ ਅਤੇ ਆਪਣੇ ਪਤੀ[17] ਦੇ ਬਾਝੋਂ ਘਣੀ ਤਕਲੀਫ[18]

ਬਹੁ ਦੁਖੁ[18] ਪਾਵਣਿਆ[19] ॥ ੨ ॥	Spouse[17] suffers[19] great pain[18].	ਉਠਾਉਂਦੀ[19] ਹੈ ।
ਦੇਹੀ[20] ਜਾਤਿ[21] ਨ ਆਗੈ[22] ਜਾਏ[23] ॥	Man's body[20] and caste[21] shall not go[23] to the next world[22].	ਆਦਮੀ ਦੀ ਦੇਹਿ[20] ਤੇ ਜਾਤੀ[21] ਅਗਲੇ ਜਹਾਨ[22] ਨਹੀਂ ਜਾਣੀਆਂ[23] ।
ਜਿਥੈ ਲੇਖਾ[24] ਮੰਗੀਐ[25] ਤਿਥੈ[26] ਛੁਟੈ[27] ਸਚੁ ਕਮਾਏ[28] ॥	Where the account[24] is called[25], there[26] shall he be delivered[27] by the practice[28] of Truth.	ਜਿਥੇ ਹਿਸਾਬ ਕਿਤਾਬ[24] ਤਲਬ[25] ਕੀਤਾ ਜਾਂਦਾ ਹੈ, ਉਥੇ[26] ਸੱਚ ਦੀ ਕਮਾਈ[28] ਦੁਆਰਾ ਹੀ ਉਹ ਬੰਦ-ਖ਼ਲਾਸ[27] ਹੋਵੇਗਾ ।
ਸਤਿਗੁਰੁ ਸੇਵਨਿ[29] ਸੇ[30] ਧਨਵੰਤੇ[31] ਐਥੈ ਓਥੈ[32] ਨਾਮਿ ਸਮਾਵਣਿਆ[33] ॥ ੩ ॥	They[30], who serve[29] the True Guru, are wealthy[31]. Here and hereafter[32] they remain absorbed[33] in the God's Name.	ਜੋ ਸੱਚੇ ਗੁਰਾਂ ਦੀ ਘਾਲ ਘਾਲਦੇ[29] ਹਨ ਉਹ[30] ਅਮੀਰ[31] ਹਨ । ਏਥੇ ਤੇ ਇਥੋਂ ਮਗਰੋਂ[32] ਉਹ ਹਰੀ ਨਾਮ ਵਿਚ ਲੀਨ[33] ਰਹਿੰਦੇ ਹਨ ।
ਭੈ[34] ਭਾਇ[35] ਸੀਗਾਰੁ[36] ਬਣਾਏ ॥ ਗੁਰ ਪਰਸਾਦੀ[37] ਮਹਲੁ[38] ਘਰੁ ਪਾਏ ॥	She who makes the decoration[36] of the Lord's fear[34] and love[35], by the Guru's grace[37], obtains His audience[38] in her home.	ਜੋ ਪ੍ਰਭੂ ਦੇ ਡਰ[34] ਤੇ ਪਿਆਰ[35] ਨੂੰ ਆਪਣਾ ਹਾਰ ਸ਼ਿੰਗਾਰ[36] ਬਣਾਉਂਦੀ ਹੈ, ਉਹ ਗੁਰਾਂ ਦੀ ਮਿਹਰ[37] ਦੇ ਸਦਕਾ ਆਪਣੇ ਗ੍ਰਹਿ ਵਿਚ ਹੀ ਉਸ ਦੀ ਹਜ਼ੂਰੀ[38] ਨੂੰ ਪਾ ਲੈਂਦੀ ਹੈ ।
ਅਨਦਿਨੁ[39] ਸਦਾ[40] ਰਵੈ[41] ਦਿਨੁ ਰਾਤੀ[42] ਮਜੀਠੈ[43] ਰੰਗੁ[44] ਬਣਾਵਣਿਆ[45] ॥੪॥	For ever[39] and aye[40] she enjoys[41] her Beloved night and day[42], and assumes[45] the fast dye[44] of madder[43].	ਸਦੀਵ[39] ਤੇ ਹਮੇਸ਼ਾ[40] ਲਈ ਉਹ ਦਿਨ[42] ਰਾਤ ਆਪਣੇ ਪ੍ਰੀਤਮ ਨੂੰ ਮਾਣਦੀ[41] ਹੈ ਅਤੇ ਮਜੀਠ[43] ਦੀ ਪੱਕੀ ਰੰਗਤ[44] ਅਖ਼ਤਿਆਰ[45] ਕਰ ਲੈਂਦੀ ਹੈ ।
ਸਭਨਾ[46] ਪਿਰੁ[47] ਵਸੈ[48] ਸਦਾ ਨਾਲੇ[49] ॥	The Husband[47] ever abides[48] with[49] all[46].	ਖ਼ਸਮ[47] ਹਮੇਸ਼ਾ ਹੀ ਸਾਰਿਆਂ[46] ਦੇ ਸਾਥ[49] ਰਹਿੰਦਾ[48] ਹੈ ।
ਗੁਰ ਪਰਸਾਦੀ[50] ਕੋ[51] ਨਦਰਿ[52] ਨਿਹਾਲੇ[53] ॥	By the Guru's favour[50] hardly any one[51] sees[53] Him with his eyes[52].	ਗੁਰਾਂ ਦੀ ਦਇਆ[50] ਦੁਆਰਾ ਕੋਈ ਵਿਰਲਾ[51] ਹੀ ਉਸ ਨੂੰ ਆਪਣੀਆਂ ਅੱਖਾਂ[52] ਨਾਲ ਵੇਖਦਾ[53] ਹੈ ।
ਮੇਰਾ ਪ੍ਰਭੁ ਅਤਿ ਊਚੋ[54] ਊਚਾ[55] ਕਰਿ[56] ਕਿਰਪਾ[57] ਆਪਿ[58] ਮਿਲਾਵਣਿਆ[59] ॥੫॥	My Lord is the most high[54] of the high[55]. Showing[56] His mercy[57], He blends[59] the mortal with Himself[58].	ਮੇਰਾ ਮਾਲਕ ਬੁਲੰਦਾਂ[55] ਦਾ ਪਰਮ ਬੁਲੰਦ[54] ਹੈ । ਆਪਣੀ ਦਇਆ[57] ਧਾਰ[56] ਕੇ ਉਹ ਪ੍ਰਾਣੀ ਨੂੰ ਆਪਣੇ[58] ਨਾਲ ਮਿਲਾ ਲੈਂਦਾ[59] ਹੈ ।
ਮਾਇਆ[60] ਮੋਹਿ[61] ਇਹੁ ਜਗੁ[62] ਸੁਤਾ[63] ॥	In the love[61] of wealth[60] this world[62] is asleep[63].	ਸੰਸਾਰੀ ਪਦਾਰਥਾਂ[60] ਦੀ ਲਗਨ[61] ਵਿਚ ਇਹ ਜਹਾਨ[62] ਸੁੱਤਾ[63] ਪਿਆ ਹੈ ।
ਨਾਮੁ ਵਿਸਾਰਿ[64] ਅੰਤਿ[65] ਵਿਗੁਤਾ[66] ॥	Forgetting[64] the Name, it is ultimately[65] ruined[66].	ਨਾਮ ਨੂੰ ਭੁਲਾ[64] ਕੇ ਇਹ ਆਖ਼ਰਕਾਰ[65] ਤਬਾਹ[66] ਹੋ ਜਾਂਦਾ ਹੈ ।
ਜਿਸ ਤੇ[67] ਸੁਤਾ[68] ਸੋ[69] ਜਾਗਾਏ[70] ਗੁਰਮਤੀ[71] ਸੋਝੀ[72] ਪਾਵਣਿਆ[73] ॥ ੬ ॥	He[69], who[67] has made it sleep[68], shall awaken[70] it. By Guru's instruction[71] it obtains[73] understanding[72].	ਜਿਸ[67] ਨੇ ਇਸ ਨੂੰ ਸੁਆਲਿਆ[68] ਹੈ, ਉਹੀ[69] ਇਸ ਨੂੰ ਜਗਾਏਗਾ[70] । ਗੁਰਾਂ ਦੇ ਉਪਦੇਸ਼[71] ਦੁਆਰਾ ਇਸ ਨੂੰ ਸਮਝ[72] ਪਰਾਪਤ[73] ਹੁੰਦੀ ਹੈ ।
ਅਪਿਉ[74] ਪੀਐ[75] ਸੋ[76] ਭਰਮੁ[77] ਗਵਾਏ[78] ॥	He[76], who drinks[75] Nectar[74], dispells[78] his illusion[77].	ਜੋ ਅੰਮ੍ਰਿਤ[74] ਪਾਨ[75] ਕਰਦਾ ਹੈ, ਉਹ[76] ਆਪਣਾ ਸੰਦੇਹ[77] ਦੂਰ ਕਰ[78] ਦਿੰਦਾ ਹੈ ।
ਗੁਰ ਪਰਸਾਦਿ[79] ਮੁਕਤਿ[80]	By the Guru's grace[79], he obtains the	ਗੁਰਾਂ ਦੀ ਦਇਆ[79] ਦੁਆਰਾ ਉਹ ਮੋਖ਼ਸ਼[80] ਦੀ ਪਦਵੀ[81]

ਗਤਿ[81] ਪਾਏ ॥	state[81] of salvation[80].	ਨੂੰ ਪਰਾਪਤ ਹੋ ਜਾਂਦਾ ਹੈ।
ਭਗਤੀ[82] ਰਤਾ[83] ਸਦਾ ਬੈਰਾਗੀ[84] ਆਪੁ[85] ਮਾਰਿ[86] ਮਿਲਾਵਣਿਆ[87] ॥ ੭ ॥	He, who is dyed[83] with the Lord's worship[82], is for ever detached[84]. Stilling[86] his-self[85], he is united[87] with his Master.	ਜੋ ਸਾਈਂ ਦੀ ਉਪਾਸ਼ਨਾ[82] ਨਾਲ ਰੰਗੀਜਿਆ[83] ਹੈ, ਉਹ ਸਦੀਵ ਹੀ ਨਿਰਲੇਪ[84] ਹੈ। ਆਪਣੇ ਆਪੇ[85] ਨੂੰ ਨਵਿਰਤ[86] ਕਰਕੇ ਉਹ ਆਪਣੇ ਮਾਲਕ ਨੂੰ ਮਿਲ[87] ਪੈਂਦਾ ਹੈ।
ਆਪਿ[88] ਉਪਾਏ[89] ਧੰਧੈ[90] ਲਾਏ[91] ॥	Thyself[88] Thou created[89] the beings and engages[91] them to their jobs[90].	ਆਪੇ[88] ਹੀ ਤੂੰ ਜੀਵ ਪੈਦਾ[89] ਕੀਤੇ ਤੇ ਆਪੇ ਆਪਣੇ ਕੰਮੀ[90] ਲਾ ਦਿਤੇ[91] ਹਨ।
ਲਖ ਚਉਰਾਸੀ ਰਿਜਕੁ[92] ਆਪਿ[93] ਅਪੜਾਏ[94] ॥	To eighty-four lakhs of existences, Thyself[93] Thou reaches[94], sustenance[92].	ਚੁਰਾਸੀ ਲੱਖ ਜੂਨੀਆਂ ਨੂੰ ਆਪੇ[93] ਹੀ ਤੂੰ ਰੋਜ਼ੀ[92] ਪੁਚਾਉਂਦਾ[94] ਹੈਂ।
ਨਾਨਕ ਨਾਮੁ ਧਿਆਇ[95] ਸਚਿ ਰਾਤੇ[96] ਜੋ[3] ਤਿਸੁ[97] ਭਾਵੈ[98] ਸੁ[2] ਕਾਰ[99] ਕਰਾਵਣਿਆ[100] ॥੮॥੪॥੫॥	Nanak, they who meditate[95] on the Name are tinctured[96] with truth and do[100] the[2] work[99] which[3] pleases[98] Him[97].	ਨਾਨਕ ਜੋ ਨਾਮ ਦਾ ਸਿਮਰਨ[95] ਕਰਦੇ ਹਨ, ਉਹ ਸੱਚ ਨਾਲ ਰੰਗੇ ਜਾਂਦੇ[96] ਹਨ ਅਤੇ ਉਹ[2] ਕੰਮ[99] ਕਰਦੇ[100] ਹਨ ਜਿਹੜਾ[3] ਉਸ[97] ਨੂੰ ਚੰਗਾ[98] ਲਗਦਾ ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਅੰਦਰਿ ਹੀਰਾ[4] ਲਾਲੁ[5] ਬਣਾਇਆ[6] ॥	Within the mortal are produced[6] jewels[4] and rubies[5].	ਪ੍ਰਾਣੀ ਦੇ ਅੰਦਰ ਹੀ ਜਵੇਹਰ[4] ਤੇ ਮਾਣਕ[5] ਪੈਦਾ[6] ਹੁੰਦੇ ਹਨ।
ਗੁਰ ਕੈ ਸਬਦਿ[7] ਪਰਖਿ[8] ਪਰਖਾਇਆ[9] ॥	By the Guru's instruction[7], man assays[8] them and gets them assayed[9].	ਗੁਰਾਂ ਦੇ ਉਪਦੇਸ਼ ਦੁਆਰਾ[7] ਬੰਦਾ ਉਨ੍ਹਾਂ ਦੀ ਪਛਾਣ ਕਰਦਾ[8] ਤੇ ਕਰਵਾਉਂਦਾ[9] ਹੈ।
ਜਿਨ ਸਚੁ ਪਲੈ[10] ਸਚੁ ਵਖਾਣਹਿ[11] ਸਚੁ ਕਸਵਟੀ[12] ਲਾਵਣਿਆ[13] ॥ ੧ ॥	They, who possess truth[10], utter[11] the truth and apply[13] the touch-stone[12] of truth to everything;	ਜਿਨ੍ਹਾਂ ਦੀ ਝੋਲੀ[10] ਵਿਚ ਸੱਚ ਹੈ, ਉਹ ਸੱਚ ਬੋਲਦੇ[11] ਹਨ, ਅਤੇ ਸੱਚ ਦੀ ਘਸਵੱਟੀ[12] ਹੀ ਹਰ ਸ਼ੈ ਨੂੰ ਲਾਉਂਦੇ[13] ਹਨ;
ਹਉ ਵਾਰੀ ਜੀਉ[14] ਵਾਰੀ ਗੁਰ ਕੀ ਬਾਣੀ ਮੰਨਿ[16] ਵਸਾਵਣਿਆ[15] ॥	I am a sacrifice, my life[14] is a sacrifice unto those who implant[15] Gurbani in their heart[16].	ਮੈਂ ਸਦਕੇ ਹਾਂ, ਮੇਰੀ ਜ਼ਿੰਦਗੀ[14] ਸਦਕੇ ਹੈ, ਉਨ੍ਹਾਂ ਉਤੋਂ ਜੋ ਗੁਰਬਾਣੀ ਨੂੰ ਆਪਣੇ ਦਿਲ[16] ਅੰਦਰ ਟਿਕਾਉਂਦੇ[15] ਹਨ।
ਅੰਜਨ[17] ਮਾਹਿ[18] ਨਿਰੰਜਨੁ[19] ਪਾਇਆ ਜੋਤੀ[20] ਜੋਤਿ[21] ਮਿਲਾਵਣਿਆ[22] ॥੧॥ਰਹਾਉ॥	In[18] worldly darkness[17], they obtain the Pure One[19] and their light[21] is blended[22] with the Lord's light[20]. Pause.	ਸੰਸਾਰੀ ਅਨ੍ਹੇਰੇ[17] ਅੰਦਰ[18] ਉਹ ਪਵਿੱਤ੍ਰ ਪੁਰਖ[19] ਨੂੰ ਪਾ ਲੈਂਦੇ ਹਨ। ਉਨ੍ਹਾਂ ਦਾ ਨੂਰ[21], ਪ੍ਰਭੂ ਦੇ ਨੂਰ[20] ਨਾਲ ਮਿਲ[22] ਜਾਂਦਾ ਹੈ। ਠਹਿਰਾਉ।
ਇਸੁ ਕਾਇਆ[23] ਅੰਦਰਿ[24] ਬਹੁਤੁ[25] ਪਸਾਰਾ[26] ॥	Within[24] this human body[23] are numberless[25] vistas[26].	ਏਸ ਮਨੁੱਖੀ ਦੇਹਿ[23] ਵਿਚ[24] ਅਣਗਿਣਤ[25] ਦ੍ਰਿਸ਼ਜ[26] ਹਨ।
ਨਾਮੁ ਨਿਰੰਜਨੁ[27] ਅਤਿ[28] ਅਗਮ[29] ਅਪਾਰਾ[30] ॥	In it is the extremely[28] immaculate[27] Name of the inaccessible[29] and infinite[30] Lord.	ਇਸ ਅੰਦਰ ਅਪਹੁੰਚ[29] ਤੇ ਅਨੰਤ[30] ਸਾਹਿਬ ਦਾ ਪਰਮ[28] ਪਵਿੱਤਰ[27] ਨਾਮ ਹੈ।
ਗੁਰਮੁਖਿ[31] ਹੋਵੈ[32] ਸੋਈ[33] ਪਾਏ ਆਪੇ[34] ਬਖਸਿ[35] ਮਿਲਾਵਣਿਆ[36] ॥ ੨ ॥	He alone[33], who is[32] resigned to Guru's[31] will, obtains it. Him the Lord pardons[35] and unites[36] with Himself[34].	ਕੇਵਲ ਉਹੀ[33], ਜੋ ਗੁਰੂ ਅਨੁਸਾਰੀ[31] ਹੈ[32], ਇਸ ਨੂੰ ਪਾਉਂਦਾ ਹੈ। ਮਾਫ਼ੀ ਦੇ[35] ਕੇ ਸਾਹਿਬ ਉਸ ਨੂੰ ਆਪਣੇ[34] ਨਾਲ ਮਿਲਾ[36] ਲੈਂਦਾ ਹੈ।

ਮੇਰਾ ਠਾਕੁਰੁ[37] ਸਚੁ ਦ੍ਰਿੜਾਏ[38] ॥	My Master[37] impresses[38] nothing but truth.	ਮੇਰਾ ਮਾਲਕ[37] ਨਿਰੋਲ ਸੱਚ ਨੂੰ ਦਿਲ ਵਿਚ ਬਿਠਾਉਂਦਾ[38] ਹੈ।
ਗੁਰ ਪਰਸਾਦੀ[39] ਸਚਿ ਚਿਤੁ[40] ਲਾਏ[41] ॥	By the Guru's grace[39], man attaches[41] his mind[40] with truth.	ਗੁਰਾਂ ਦੀ ਮਿਹਰ[39] ਦਾ ਸਦਕਾ, ਬੰਦਾ ਆਪਣਾ ਮਨ[40] ਸੱਚ ਨਾਲ ਜੋੜਦਾ[41] ਹੈ।
ਸਚੋ ਸਚੁ[42] ਵਰਤੈ[43] ਸਭਨੀ ਥਾਈ[44] ਸਚੇ[45] ਸਚਿ[46] ਸਮਾਵਣਿਆ[47] ॥ ੩ ॥	The Truest of the true[42], pervades[43] everywhere[44]. The true persons[45] merge[47] with the True[46].	ਸੱਚਿਆਰਾਂ ਦਾ[42] ਪਰਮ ਸੱਚਿਆਰ ਹਰ ਥਾਂ[44] ਵਿਆਪਕ[43] ਹੈ। ਸੱਚੇ ਬੰਦੇ[45] ਸੱਚੇ ਸਾਹਿਬ[46] ਅੰਦਰ ਲੀਨ[47] ਹੋ ਜਾਂਦੇ ਹਨ।
ਵੇਪਰਵਾਹੁ[48] ਸਚੁ[49] ਮੇਰਾ ਪਿਆਰਾ[50] ॥	The True Master[49] is my care-free[48] Beloved[50].	ਸੱਚਾ ਮਾਲਕ[49], ਮੇਰਾ ਮੁਛੰਦਗੀ-ਰਹਿਤ[48] ਪਰੀਤਮ[50] ਹੈ।
ਕਿਲਵਿਖ[51] [52]ਅਵਗਣ[53] ਕਾਟਣਹਾਰਾ[54] ॥ ਪ੍ਰੇਮ[55] ਪ੍ਰੀਤਿ[56] ਸਦਾ ਧਿਆਈਐ[57] ॥	He is the extirpator[54] of sins[51] and evil[52] deeds[53]. With love[55] and affection[56] ever remember[57] the Lord.	ਉਹ ਗੁਨਾਹਾਂ[51] ਤੇ ਮੰਦ[52]-ਅਮਲਾਂ[53] ਨੂੰ ਕੱਟਣ-ਵਾਲਾ[54] ਹੈ। ਪਿਆਰ[55] ਤੇ ਮੁਹੱਬਤ[56] ਨਾਲ ਹਮੇਸ਼ਾ ਸਾਈਂ ਦਾ ਅਰਾਧਨ[57] ਕਰ।
ਭੈ[58] ਭਾਇ[59] ਭਗਤਿ[60] ਦ੍ਰਿੜਾਵਣਿਆ[61] ॥ ੪ ॥	His fear[58] and devotional[59] service[60], He implants[61] in man.	ਆਪਣਾ ਡਰ[58] ਤੇ ਅਨੁਰਾਗੀ[59] ਸੇਵਾ[60] ਉਹ ਬੰਦੇ ਅੰਦਰ ਪੱਕੀ[61] ਕਰਦਾ ਹੈ।
ਤੇਰੀ ਭਗਤਿ[62] ਸਚੀ[63] ਜੇ ਸਚੇ[64] ਭਾਵੈ[65] ॥	True is thy worship[62], O' man ! if[63] it pleases[65] the True One[64].	ਸੱਚੀ ਹੈ ਤੇਰੀ ਉਪਾਸ਼ਨਾ[62] ਹੇ ਬੰਦੇ ! ਜੇਕਰ[63] ਇਹ ਸਤਿਪੁਰਖ[64] ਨੂੰ ਚੰਗੀ ਲਗੇ[65]।
ਆਪੇ[66] ਦੇਇ[67] ਨ ਪਛੋਤਾਵੈ[68] ॥	The Lord Himself[66] grants[67] it and regrets[68] not afterwards.	ਵਾਹਿਗੁਰੂ ਆਪ[66] ਇਸ ਦੀ ਦਾਤ ਦਿੰਦਾ[67] ਹੈ ਅਤੇ ਮਗਰੋਂ ਪਸਚਾਤਾਪ[68] ਨਹੀਂ ਕਰਦਾ।
ਸਭਨਾ ਜੀਆ[69] ਕਾ ਏਕੋ[70] ਦਾਤਾ[71] ਸਬਦੇ[72] ਮਾਰਿ[73] ਜੀਵਾਵਣਿਆ[74] ॥ ੫ ॥	To all the beings[69], Lord alone[70] is the bestower[71]. Smiting[73] man with His Divine[72] word, he Lord revives[74] him again.	ਸਾਰੇ ਜੀਵਾਂ[69] ਦਾ ਕੇਵਲ[70] ਸੁਆਮੀ ਹੀ ਦਾਤਾਰ[71] ਹੈ। ਆਦਮੀ ਨੂੰ ਆਪਣੇ ਈਸ਼ਵਰੀ ਬਚਨ[72] ਨਾਲ ਮਾਰ[73] ਕੇ ਸੁਆਮੀ ਉਸ ਨੂੰ ਮੁੜ ਸੁਰਜੀਤ[74] ਕਰ ਦਿੰਦਾ ਹੈ।
ਹਰਿ ਤੁਧੁ ਬਾਝਹੁ[75] ਮੈ[76] ਕੋਈ ਨਾਹੀ ॥	Without[75] Thee, O' God ! none is mine[76].	ਤੇਰੇ ਬਾਝੋਂ[75] ਹੇ ਵਾਹਿਗੁਰੂ ਮੇਰਾ[76] ਕੋਈ ਨਹੀਂ।
ਹਰਿ ਤੁਧੈ[77] ਸੇਵੀ[78] ਤੈ ਤੁਧੁ ਸਾਲਾਹੀ[79] ॥	My God, Thee[77] I serve[78] and Thee I praise[79].	ਮੇਰੇ ਭਗਵਾਨ, ਤੇਰੀ[77] ਮੈਂ ਟਹਿਲ ਕਮਾਉਂਦਾ[78] ਅਤੇ ਤੇਰੀ ਹੀ ਪਰਸੰਸਾ[79] ਕਰਦਾ ਹਾਂ।
ਆਪੇ[80] ਮੇਲਿ ਲੈਹੁ[81] ਪ੍ਰਭ ਸਾਚੇ[82] ਪੂਰੈ[83] ਕਰਮਿ[84] ਤੂੰ ਪਾਵਣਿਆ[85] ॥ ੬ ॥	Thyself[81] unite[80] me with Thee, O' True Lord[82] ! Through perfect[83] destiny[84] Thou art obtained[85].	ਆਪ[81] ਹੀ ਤੂੰ ਮੈਨੂੰ ਆਪਣੇ ਨਾਲ ਮਿਲਾ[80] ਲੈ, ਹੇ ਸੱਚੇ ਸਾਹਿਬ[82] ! ਪੂਰਨ[83] ਨਸੀਬਾਂ[84] ਰਾਹੀਂ ਤੂੰ ਪਰਾਪਤ[85] ਹੁੰਦਾ ਹੈਂ।
ਮੈ ਹੋਰੁ ਨ ਕੋਈ ਤੁਧੈ ਜੇਹਾ[86] ॥	For me, there is none else like[86] Thee.	ਮੇਰੇ ਲਈ ਹੋਰਸ ਕੋਈ ਤੇਰੇ ਵਰਗਾ[86] ਨਹੀਂ।
ਤੇਰੀ ਨਦਰੀ[87] ਸੀਝਸਿ[88] ਦੇਹਾ[89] ॥	By Thine gracious glance[87] is my body[89] blessed[88].	ਤੇਰੀ ਰਹਿਮਤ ਦੀ ਨਿਗਾਹ[87] ਦੁਆਰਾ ਮੇਰਾ ਜਿਸਮ[89] ਖ਼ੁਸ਼ਹਾਲ[88] ਹੁੰਦਾ ਹੈ।
ਅਨਦਿਨੁ[90] ਸਾਰਿ ਸਮਾਲਿ[91]	Night[90] and day, God, takes care	ਰਾਤ੍ਰੀ[90] ਤੇ ਦਿਨ ਵਾਹਿਗੁਰੂ ਸਾਡੀ ਨਿਗਾਹਬਾਨੀ[91] ਤੇ

ਹਰਿ ਰਾਖਹਿ[92] ਗੁਰਮੁਖਿ[93] ਸਹਜਿ[94] ਸਮਾਵਣਿਆ[95] ॥ ੭ ॥	and protects[92] us. Through the Guru[93] we are absorbed[95] in the Lord[94].	ਰਖਿਆ[92] ਕਰਦਾ ਹੈ। ਗੁਰਾਂ ਦੁਆਰਾ[93] ਅਸੀਂ ਸੁਆਮੀ[94] ਵਿਚ ਲੀਨ[95] ਹੋ ਜਾਂਦੇ ਹਾਂ।
ਤੁਧੁ ਜੇਵਡੁ[96] ਮੈ ਹੋਰੁ[97] ਨ ਕੋਈ ॥ ਤੁਧੁ ਆਪੇ[99] ਸਿਰਜੀ[98] ਆਪੇ ਗੋਈ[100] ॥	As great as[96] Thou, I see none else[97]. Thou Thyself[99] didst create[98] the world and Thyself shalt destroy[100] it.	ਤੇਰੇ ਜਿੱਡਾ ਵੱਡਾ[96] ਮੈਨੂੰ ਹੋਰ[97] ਕੋਈ ਨਹੀਂ ਦਿਸਦਾ। ਤੂੰ ਖ਼ੁਦ[99] ਸ੍ਰਿਸ਼ਟੀ ਸਾਜੀ[98] ਹੈ ਅਤੇ ਖ਼ੁਦ ਹੀ ਇਸ ਨੂੰ ਲੈ[100] ਕਰੇਂਗਾ।
੧੧੩	113	੧੧੩
ਤੂੰ ਆਪੇ ਹੀ ਘੜਿ[2] ਭੰਨਿ[3] ਸਵਾਰਹਿ[4] ਨਾਨਕ ਨਾਮਿ ਸੁਹਾਵਣਿਆ[5] ॥ ੮ ॥ ੫ ॥ ੬ ॥	Thou Thyself createst[2], destroyest[3] and be-deckest[4], Nanak, with Thy Name the mortal is embellished[5].	ਤੂੰ ਆਪ ਹੀ ਰਚਦਾ[2], ਨਾਸ[3] ਕਰਦਾ ਤੇ ਸਜਾਉਂਦਾ[4] ਹੈਂ। ਨਾਨਕ ਤੇਰੇ ਨਾਮ ਨਾਲ ਪ੍ਰਾਣੀ ਸੁਸ਼ੋਭਤ[5] ਹੋ ਜਾਂਦਾ ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਸਭ ਘਟ[6] ਆਪੇ ਭੋਗਣਹਾਰਾ[7] ॥	Of all the hearts[6], the Lord Himself is the enjoyer[7].	ਸਾਰਿਆਂ ਦਿਲਾਂ[6] ਦਾ ਸੁਆਮੀ ਖ਼ੁਦ ਹੀ ਅਨੰਦ ਮਾਨਣਹਾਰ[7] ਹੈ।
ਅਲਖੁ[8] ਵਰਤੈ[9] ਅਗਮ[10] ਅਪਾਰਾ[11] ॥	The unseen[8], unapproachable[10] and unlimited[11] Lord is pervading[9] everywhere.	ਅਦ੍ਰਿਸ਼ਟ[8], ਅਪਹੁੰਚ[10] ਤੇ ਬੇਹੱਦ[11] ਸਾਹਿਬ ਹਰ ਥਾਂ ਵਿਆਪਕ[9] ਹੋ ਰਿਹਾ ਹੈ।
ਗੁਰ ਕੈ ਸਬਦਿ[12] ਮੇਰਾ ਹਰਿ ਪ੍ਰਭੁ[13] ਧਿਆਈਐ[14] ਸਹਜੇ[15] ਸਚਿ[16] ਸਮਾਵਣਿਆ[17] ॥ ੧ ॥	Under the Guru's[12] guidance, by remembering[14] my Lord God[13], man is easily[15] absorbed[17] in the True Master[16].	ਗੁਰਾਂ ਦੀ ਅਗਵਾਈ[12] ਤਾਬੇ, ਮੇਰੇ ਵਾਹਿਗੁਰੂ ਸੁਆਮੀ[13] ਦਾ ਸਿਮਰਨ[14] ਕਰਨ ਦੁਆਰਾ, ਇਨਸਾਨ ਸੁਖੈਨ[15] ਹੀ ਸੱਚੇ ਸਾਹਿਬ[16] ਵਿਚ ਲੀਨ[17] ਹੋ ਜਾਂਦਾ ਹੈ।
ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ[18] ॥	I am a sacrifice, and my soul is a sacrifice unto those who implant[18] the Guru's hymns in their mind.	ਮੈਂ ਬਲਿਹਾਰਨੇ ਹਾਂ, ਮੇਰੀ ਜਿੰਦੜੀ ਬਲਿਹਾਰਨੇ ਹੈ ਉਨ੍ਹਾਂ ਉਤੋਂ ਜੋ ਗੁਰਾਂ ਦੀ ਬਾਣੀ ਨੂੰ ਆਪਣੇ ਚਿਤ ਅੰਦਰ ਟਿਕਾਉਂਦੇ[18] ਹਨ।
ਸਬਦੁ[19] ਸੂਝੈ[20] ਤਾ[21] ਮਨ[22] ਸਿਉ ਲੂਝੈ[23] ਮਨਸਾ[24] ਮਾਰਿ[25] ਸਮਾਵਣਿਆ[26] ॥ ੧ ॥ ਰਹਾਉ ॥	If man understands[20] Gurbani[19], he, then[21] grapples[23] with his mind[22] and stilling[25] his desire[24] the man merges[26] in the Lord. Pause.	ਜੇਕਰ ਇਨਸਾਨ ਗੁਰਬਾਣੀ[19] ਨੂੰ ਸਮਝੇ[20], ਤਦ[21] ਉਹ ਆਪਣੇ ਮਨੂਏ[22] ਨਾਲ ਯੁਧ ਕਰਦਾ[23] ਹੈ ਅਤੇ ਆਪਣੀ ਖ਼ਾਹਿਸ਼[24] ਨੂੰ ਨਵਿਰਤ[25] ਕਰਕੇ ਬੰਦਾ ਸਾਹਿਬ ਅੰਦਰ ਸਮਾ[26] ਜਾਂਦਾ ਹੈ। ਠਹਿਰਾਉ।
ਪੰਚ ਦੂਤ[27] ਮੁਹਹਿ[28] ਸੰਸਾਰਾ[29] ॥	The five fell enemies[27] are defrauding[28] the world[29].	ਪੰਜ ਕੱਟੜ ਵੈਰੀ[27] ਜਗਤ[29] ਨੂੰ ਠੱਗ[28] ਰਹੇ ਹਨ।
ਮਨਮੁਖ[31] ਅੰਧੇ[30] ਸੁਧਿ[32] ਨ ਸਾਰਾ[33] ॥	The blind[30] apostate[31] has no knowledge[32] or hint[33] of it.	ਅੰਨ੍ਹੇ[30] ਅਧਰਮੀ[31] ਨੂੰ ਇਸ ਦੀ ਕੋਈ ਗਿਆਤ[32] ਜਾਂ ਖ਼ਬਰ[33] ਨਹੀਂ।
ਗੁਰਮੁਖਿ[34] ਹੋਵੈ[35] ਸੁ ਆਪਣਾ ਘਰੁ ਰਾਖੈ[37] ਪੰਚ ਦੂਤ ਸਬਦਿ[38] ਪਚਾਵਣਿਆ[39] ॥੨॥	He, who gets[36] resigned to Guru's[34] will, protects[37] his home. The five arch adversaries are destroyed[38] with	ਜੋ ਗੁਰੂ ਅਨੁਸਾਰੀ[34] ਹੋ ਜਾਂਦਾ[35] ਹੈ, ਉਹ ਆਪਣੇ ਗ੍ਰਿਹ ਨੂੰ ਬਚਾ ਲੈਂਦਾ[37] ਹੈ। ਪੰਜੇ ਹੀ ਕੱਟੜ ਦੁਸ਼ਮਨ ਗੁਰਾਂ ਦੇ ਉਪਦੇਸ਼[38] ਨਾਲ ਨਾਸ[39] ਕੀਤੇ ਜਾਂਦੇ ਹਨ।

	the Guru's instruction[38].	
ਇਕ[40] ਗੁਰਮੁਖਿ[41] ਸਦਾ[42] ਸਚੈ[43] ਰੰਗਿ[44] ਰਾਤੇ[45] ॥	Some[40] pious persons[41] are ever[42] imbued[45] in the love[44] of the True Lord[43].	ਕਈ[40] ਪਵਿੱਤ੍ਰ ਪੁਰਸ਼[41] ਹਮੇਸ਼ਾ[42] ਸੱਚੇ ਸੁਆਮੀ[43] ਦੀ ਪ੍ਰੀਤ[44] ਅੰਦਰ ਰੰਗੇ[45] ਹਨ।
ਸਹਜੇ[46] ਪ੍ਰਭੁ ਸੇਵਹਿ[47] ਅਨਦਿਨੁ[49] ਮਾਤੇ[48] ॥	Instinctively[46] they serve[47] their Lord, and night[49] and day are intoxicated[48] with His love.	ਸੁਭਾਵਕ[46] ਹੀ ਉਹ ਆਪਣੇ ਸੁਆਮੀ ਦੀ ਸੇਵਾ ਕਰਦੇ[47] ਹਨ ਅਤੇ ਰੈਣ[49] ਦਿਨ ਉਸ ਦੀ ਪ੍ਰੀਤ ਅੰਦਰ ਮਤਵਾਲੇ[48] ਰਹਿੰਦੇ ਹਨ।
ਮਿਲਿ ਪ੍ਰੀਤਮ[50] ਸਚੇ[51] ਗੁਣ[52] ਗਾਵਹਿ[53] ਹਰਿ ਦਰਿ[54] ਸੋਭਾ[55] ਪਾਵਣਿਆ ॥ ੩ ॥	They, who meeting the beloved[50] Guru, sing[53] the praises[52] of the True Lord[51], obtain honour[55] in God's Court[54].	ਜੋ ਪਿਆਰੇ[50] ਗੁਰਾਂ ਨੂੰ ਮਿਲ ਕੇ, ਸੱਚੇ ਸੁਆਮੀ[51] ਦਾ ਜੱਸ[52] ਗਾਇਨ[53] ਕਰਦੇ ਹਨ, ਉਹ ਰੱਬ ਦੇ ਦਰਬਾਰ[54] ਵਿਚ ਇੱਜ਼ਤ[55] ਪਾਉਂਦੇ ਹਨ।
ਏਕਮ[56] ਏਕੈ[57] ਆਪੁ[58] ਉਪਾਇਆ[59] ॥ ਦੁਬਿਧਾ[60] ਦੂਜਾ[61] [62]ਤ੍ਰਿਬਿਧਿ[63] ਮਾਇਆ[64] ॥	Firstly[56] the One Lord[57] created[59] His own-self[58], secondly[61] the sense of duality[60] and thirdly the [62]three-phased[63] mammon[64].	ਪਹਿਲਾਂ[56] ਇਕ ਸੁਆਮੀ[57] ਨੇ ਆਪਣੇ ਆਪ[58] ਨੂੰ ਰਚਿਆ[59], ਦੂਸਰੇ[61] ਦ੍ਵੈਤ-ਭਾਵ[60] ਦੀ ਸੂਝ ਨੂੰ ਅਤੇ ਤੀਸਰੇ ਤਿੰਨ[62] ਤਰ੍ਹਾਂ[63] ਦੀ ਮੋਹਨੀ[64] ਨੂੰ।
ਚਉਥੀ ਪਉੜੀ[65] ਗੁਰਮੁਖਿ[66] ਊਚੀ[67] ਸਚੋ ਸਚੁ[68] ਕਮਾਵਣਿਆ[69] ॥ ੪ ॥	The most high[67] fourth stage[65] is reached by the Guruwards[66], who practise[69] nothing but Truth[68].	ਪਰਮ-ਬੁਲੰਦ[67] ਚੌਥੀ ਮੰਜ਼ਲ[65] ਨੂੰ ਨਿਰੋਲ ਸੱਚ[68] ਦੀ ਕਮਾਈ ਕਰਨ ਵਾਲੇ[69] ਗੁਰੂ ਸਮਰਪਣ[66] ਹੀ ਪਹੁੰਚਦੇ ਹਨ।
ਸਭੁ[70] ਹੈ ਸਚਾ[71] ਜੇ[72] ਸਚੇ[73] ਭਾਵੈ[74] ॥	All[70], which[72] is pleasing[74] to the True Lord[73], is true[71].	ਸਾਰਾ ਕੁਝ[70], ਜਿਹੜਾ[72] ਸੱਚੇ ਸਾਈਂ[73] ਨੂੰ ਚੰਗਾ[74] ਲਗਦਾ ਹੈ, ਸੱਚ[71] ਹੈ।
ਜਿਨਿ[75] ਸਚੁ ਜਾਤਾ[76] ਸੋ[77] ਸਹਜਿ[78] ਸਮਾਵੈ[79] ॥	He[77], who[75] recognises[76] Truth, mergs[79] in the Lord[78].	ਜੋ[75] ਸੱਚ ਨੂੰ ਸਿੰਞਾਣਦਾ[76] ਹੈ, ਉਹ[77] ਸਾਹਿਬ[78] ਵਿਚ ਲੀਨ[79] ਹੋ ਜਾਂਦਾ ਹੈ।
ਗੁਰਮੁਖਿ[80] ਕਰਣੀ[81] ਸਚੇ[82] ਸੇਵਹਿ[83] ਸਾਚੇ ਜਾਇ[84] ਸਮਾਵਣਿਆ[85] ॥ ੫ ॥	The Guruward's[80] life-routine[81] is the True One's[82] service[83]. He goes[84] and blends[85] with the True One.	ਗੁਰੂ ਸਮਰਪਣਾ[80] ਦੀ ਜੀਵਨ ਮਰਿਆਦਾ[81] ਸਤਿਪੁਰਖ[82] ਦੀ ਚਾਕਰੀ[83] ਹੈ। ਉਹ ਜਾ[84] ਕੇ ਸਤਿਪੁਰਖ ਅੰਦਰ[85] ਸਮਾ ਜਾਂਦੇ ਹਨ।
ਸਚੇ ਬਾਝਹੁ[86] ਕੋ ਅਵਰੁ[87] ਨ ਦੂਆ[88] ॥	Without[86] the True Lord there is no other[87] second[88].	ਸੱਚੇ ਸੁਆਮੀ ਦੇ ਬਗੈਰ[86] ਹੋਰ ਕੋਈ[87] ਦੂਸਰਾ[88] ਨਹੀਂ।
ਦੂਜੈ[89] ਲਾਗਿ[90] ਜਗੁ[91] ਖਪਿ ਖਪਿ[92] ਮੂਆ[93] ॥	Attached[90] with secular love[89], the world[91] is greatly distracted[92] to death[93].	ਸੰਸਾਰੀ ਮਮਤਾ[89] ਨਾਲ ਚਿਮੜ[90] ਕੇ, ਦੁਨੀਆ[91] ਘਣੀ ਵਿਆਕੁਲ[92] ਹੋ ਮਰਦੀ[93] ਹੈ।
ਗੁਰਮੁਖਿ[94] ਹੋਵੈ[95] ਸੁ[96] ਏਕੋ[97] ਜਾਣੈ[98] ਏਕੋ ਸੇਵਿ[99] ਸੁਖੁ[100] ਪਾਵਣਿਆ ॥ ੬ ॥	He[96], who gets[95] resigned to the Guru's will[94], knows[98] but One[97] Lord, and by serving[99] the One procures peace[100].	ਜੋ ਗੁਰੂ ਅਨੁਸਾਰੀ[94] ਹੁੰਦਾ[95] ਹੈ, ਉਹ[96] ਕੇਵਲ ਇਕ[97] ਪ੍ਰਭੂ ਨੂੰ ਹੀ ਜਾਣਦਾ[98] ਹੈ ਤੇ ਇਕਸ ਦੀ ਘਾਲ ਘਾਲ[99] ਕੇ ਆਰਾਮ[100] ਪਾਉਂਦਾ ਹੈ।
ਜੀਅ ਜੰਤ[2] ਸਭਿ ਸਰਣਿ[3] ਤੁਮਾਰੀ ॥	All the men and other living[2] beings are under Thine protection[3].	ਸਾਰੇ ਇਨਸਾਨ ਤੇ ਹੋਰ ਪ੍ਰਾਣਧਾਰੀ[2] ਜੀਵ ਤੇਰੀ ਪਨਾਹ[3] ਹੇਠਾਂ ਹਨ।

ਆਪੇ[4] ਧਰਿ[5] ਵੇਖਹਿ[6] ਕਚੀ[7] ਪਕੀ[8] ਸਾਰੀ[9] ॥	Placing[5] the chessmen[9] on the chessboard, Thou Thyself[4] seest[6] the imperfect[7] and perfect[8] ones.	ਨਰਦਾਂ[9] ਨੂੰ ਸ਼ਤਰੰਜ ਦ ਤਖ਼ਤੇ ਤੇ ਰਖ[5] ਕੇ, ਤੂੰ ਆਪ[4] ਹੀ ਨਾ-ਮੁਕੰਮਲਾਂ[7] ਤੇ ਮੁਕੰਮਲਾਂ[8] ਨੂੰ ਵੇਖਦਾ[6] ਹੈਂ।
ਅਨਦਿਨੁ[10] ਆਪੇ[12] ਕਾਰ[11] ਕਰਾਏ[13] ਆਪੇ ਮੇਲਿ[14] ਮਿਲਾਵਣਿਆ[15] ॥ ੭ ॥	Thou Thyself[12] makest men[13] do various deeds[11] night and day[10] and Thyself unitest[15] them with saint's congregation[14].	ਤੂੰ ਖ਼ੁਦ[12] ਹੀ ਬੰਦਿਆਂ ਤੋਂ ਰਾਤ ਦਿਨ[10] ਮੁਖ਼ਤਲਿਫ਼ ਕੰਮ[11] ਕਰਵਾਉਂਦਾ[13] ਹੈਂ ਤੇ ਖ਼ੁਦ ਹੀ ਉਨ੍ਹਾਂ ਨੂੰ ਸਤਿਸੰਗਤ[14] ਨਾਲ ਜੋੜਦਾ[15] ਹੈਂ।
ਤੂੰ ਆਪੇ ਮੇਲਹਿ[16] ਵੇਖਹਿ[17] ਹਦੂਰਿ[18] ॥	Thou Thyself unitest[16] and beholdest[17] just close at hand[18].	ਤੂੰ ਆਪ ਹੀ ਮਿਲਾਉਂਦਾ[16] ਤੇ ਐਨ ਲਾਗੇ[18] ਹੀ ਵੇਖਦਾ[17] ਹੈਂ।
ਸਭੁ[19] ਮਹਿ[20] ਆਪਿ[21] ਰਹਿਆ ਭਰਪੂਰਿ[22] ॥	Thyself[21] Thou art fully[22] contained amongst[20] all[19].	ਆਪੇ[21] ਹੀ ਤੂੰ ਸਾਰਿਆਂ[19] ਅੰਦਰ[20] ਪਰੀਪੂਰਨ[22] ਹੋ ਰਿਹਾ ਹੈਂ।
ਨਾਨਕ ਆਪੇ ਆਪਿ[23] ਵਰਤੈ[24] ਗੁਰਮੁਖਿ[25] ਸੋਝੀ[26] ਪਾਵਣਿਆ[27] ॥੮॥੬॥੭॥	Nanak, Thou art pervading[24] all by Thyself[23]. The Guruwards[25] obtain[27] this understanding[26].	ਨਾਨਕ, ਤੂੰ ਆਪਣੇ ਆਪ[23] ਤੋਂ ਹੀ ਵਿਆਪਕ[24] ਹੋ ਰਿਹਾ ਹੈਂ। ਗੁਰੂ ਸਮਰਪਣ[25] ਹੀ ਇਸ ਸਮਝ[26] ਨੂੰ ਪਰਾਪਤ[27] ਕਰਦੇ ਹਨ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਅੰਮ੍ਰਿਤੁ[28] ਬਾਣੀ ਗੁਰ[29] ਕੀ ਮੀਠੀ[30] ॥	The Nectarean[28] Gurbani[29] is sweet[30].	ਸੁਧਾ ਸਰੂਪ[28] ਗੁਰਬਾਣੀ[29] ਮਿੱਠੀ[30] ਹੈ।
ਗੁਰਮੁਖਿ[31] ਵਿਰਲੈ ਕਿਨੈ[32] ਚਖਿ[33] ਡੀਠੀ[34] ॥	Through the Guru[31], scarcely any[32] one tastes[33] and sees it[34].	ਗੁਰਾਂ ਦੇ ਰਾਹੀਂ[31], ਕੋਈ ਟਾਵਾਂ[32] ਹੀ ਇਸ ਨੂੰ ਖਾ[33] ਕੇ ਵੇਖਦਾ[34] ਹੈ।
ਅੰਤਰਿ[35] ਪਰਗਾਸੁ[36] ਮਹਾ[37] ਰਸੁ[38] ਪੀਵੈ[39] ਦਰਿ ਸਚੈ[40] ਸਬਦੁ[41] ਵਜਾਵਣਿਆ[42] ॥ ੧ ॥	He quaffs[39] the supreme[37] elixir[38], into[35] him dawns the Divine Light[36], and at the True Court[40] he sings[42] the Godly Word[41].	ਉਸ ਦੇ ਅੰਦਰ[35] ਰੱਬੀ ਨੂਰ[36] ਉਦੇ ਹੋ ਆਉਂਦਾ ਹੈ, ਉਹ ਪਰਮ[37] ਅੰਮ੍ਰਿਤ[38] ਨੂੰ ਪਾਨ[39] ਕਰਦਾ ਤੇ ਸੱਚੇ ਦਰਬਾਰ[40] ਅੰਦਰ ਈਸ਼ਵਰੀ[41] ਬਚਨ ਅਲਾਪਦਾ[42] ਹੈ।
ਹਉ ਵਾਰੀ ਜੀਉ ਵਾਰੀ ਗੁਰਚਰਣੀ[43] ਚਿਤੁ[44] ਲਾਵਣਿਆ[45] ॥	I am a sacrifice, my soul is a sacrifice unto those who attach[45] their mind[44] to the Guru's feet[43].	ਮੈਂ ਘੋਲੀ ਹਾਂ, ਮੇਰੀ ਜਿੰਦ ਜਾਨ ਘੋਲੀ ਹੈ, ਉਨ੍ਹਾਂ ਉਤੋਂ ਜੋ ਗੁਰਾਂ ਦੇ ਪੈਰਾਂ[43] ਨਾਲ ਆਪਣੇ ਮਨ[44] ਨੂੰ ਜੋੜਦੇ[45] ਹਨ।
ਸਤਿਗੁਰੁ ਹੈ ਅੰਮ੍ਰਿਤ[46] ਸਰੁ[47] ਸਾਚਾ[48] ਮਨੁ[49] ਨਾਵੈ[50] ਮੈਲੁ[51] ਚੁਕਾਵਣਿਆ[52] ॥ ੧ ॥ ਰਹਾਉ ॥	The True Guru is the true[48] tank[47] of ambrosia[46]. Bathing[50] there-in the man[49] is washed clean[52] of his sin's filth[51]. Pause.	ਸੱਚਾ ਗੁਰੂ ਆਬਿ-ਹਿਯਾਤ[46] ਦਾ ਸੱਚਾ[48] ਸਰੋਵਰ[47] ਹੈ। ਉਸ ਵਿਚ ਇਸ਼ਨਾਨ[50] ਕਰ ਕੇ, ਆਦਮੀ[49] ਦੀ ਪਾਪਾਂ ਦੀ ਮਲੀਨਤਾ[51] ਲਹਿ[52] ਜਾਂਦੀ ਹੈ। ਠਹਿਰਾਉ।
ਤੇਰਾ ਸਚੇ[53] ਕਿਨੈ ਅੰਤੁ[54] ਨ ਪਾਇਆ[55] ॥	Thine limits[54], O' True Lord[53] ! no one knows[55].	ਤੇਰਾ ਓੜਕ[54], ਹੇ ਸੱਚੇ ਸੁਆਮੀ[53] ! ਕੋਈ ਨਹੀਂ ਜਾਣਦਾ[55]।
ਗੁਰ ਪਰਸਾਦਿ[56] ਕਿਨੈ ਵਿਰਲੈ[57] ਚਿਤੁ[58] ਲਾਇਆ[59]।	By the Guru's grace[56], some rare person[57] fixes[59] his mind[58] on Thee.	ਗੁਰਾਂ ਦੀ ਦਇਆ[56] ਦੁਆਰਾ ਕੋਈ ਟਾਵਾਂ ਪੁਰਸ਼[57] ਹੀ ਤੇਰੇ ਨਾਲ ਆਪਣਾ ਮਨ[58] ਜੋੜਦਾ[59] ਹੈ।
ਤੁਧੁ ਸਾਲਾਹਿ[60] ਨ ਰਜਾ[61]	By praising[60] Thee I am never	ਤੇਰੀ ਉਪਮਾ[60] ਕਰਨ ਦੁਆਰਾ ਮੈਨੂੰ ਕਦਾਚਿਤ ਰੱਜ[61]

ਕਬਹੂ ਸਚੇ ਨਾਵੈ[62] ਕੀ ਭੁਖ[63] ਲਾਵਣਿਆ[64] ॥੨॥	satiated[61], so much hunger[63] do I feel[64] for the True Name[62].	ਨਹੀਂ ਆਉਂਦਾ ਐਨੀ ਬਹੁਤੀ ਖੁਦਿਆ[63] ਸਤਿਨਾਮ[62] ਦੀ ਮੈਨੂੰ ਲਗੀ[64] ਹੋਈ ਹੈ।
ਏਕੋ[65] ਵੇਖਾ[66] ਅਵਰੁ[67] ਨ ਬੀਆ[68] ॥	I see[66] but One Lord[65] and no other[67] second[68].	ਮੈਂ ਕੇਵਲ[65] ਇਕ ਪ੍ਰਭੂ ਨੂੰ ਦੇਖਦਾ[66] ਹਾਂ ਤੇ ਕਿਸੇ[67] ਹੋਰ ਦੂਸਰੇ[68] ਨੂੰ ਨਹੀਂ।
ਗੁਰ ਪਰਸਾਦੀ[69] ਅੰਮ੍ਰਿਤੁ[70] ਪੀਆ[71] ॥	By the Guru's favour[69] I drink[71] the Name-Nectar[70].	ਗੁਰਾਂ ਦੀ ਮਿਹਰ[69] ਦੁਆਰਾ ਮੈਂ ਨਾਮ ਦਾ ਆਬਿ-ਹਿਯਾਤ[70] ਪਾਨ[71] ਕਰਦਾ ਹਾਂ।
ਗੁਰ ਕੈ ਸਬਦਿ[72] ਤਿਖਾ[73] ਨਿਵਾਰੀ[74] ਸਹਜੇ[75] ਸੂਖਿ[76] ਸਮਾਵਣਿਆ[77] ॥ ੩ ॥	With Gurbani[72] my thirst[73] is quenched[74], and I am naturally[75] absorbed[77] in Eternal[76] Peace.	ਗੁਰਬਾਣੀ[72] ਨਾਲ ਮੇਰੀ ਤ੍ਰੇਹ[73] ਬੁਝ[74] ਗਈ ਹੈ ਅਤੇ ਮੈਂ ਸੁਭਾਵਕ[75] ਹੀ ਸਦੀਵੀ[76] ਆਰਾਮ ਅੰਦਰ ਲੀਨ[77] ਹੋ ਗਿਆ ਹਾਂ।
ਰਤਨੁ[78]ਪਦਾਰਥੁ[79]ਪਲਰਿ[80] ਤਿਆਗੈ[81] ॥	The invaluable[78] wealth[79] of God's Name he discards[81] deeming it as straw[80].	ਹਰੀ ਨਾਮ ਦੀ ਅਣਮੁੱਲੀ[78] ਦੌਲਤ[79] ਨੂੰ ਉਹ ਪਰਾਲੀ[80] ਸਮਝ ਕੇ ਛਡ[81] ਦਿੰਦਾ ਹੈ।
ਮਨਮੁਖੁ[82] ਅੰਧਾ[83] ਦੂਜੈ[84] ਭਾਇ[85] ਲਾਗੈ[86] ॥	The blind[83] perverse person[82] is attached[86] with another's[84] love[85].	ਅੰਨ੍ਹਾ[83] ਪ੍ਰਤੀਕੂਲ ਪੁਰਸ਼[82] ਹੋਰਸ[84] ਦੇ ਪਿਆਰ[85] ਨਾਲ ਚਿਮੜਿਆ[86] ਹੋਇਆ ਹੈ।
ਜੋ[87] ਬੀਜੈ[88] ਸੋਈ[89] ਫਲੁ[90] ਪਾਏ[91] ਸੁਪਨੈ[92] ਸੁਖੁ ਨ ਪਾਵਣਿਆ ॥ ੪ ॥	As[87] he sows[88] so[89] is the fruit[90] he obtains[91]. Even in dream[92] he shall not obtain peace.	ਜੇਹੋ ਜੇਹਾ[87] ਉਹ ਬੋਂਦਾ[88] ਹੈ, ਉਹੋ[89] ਜੇਹਾ ਮੇਵਾ[90] ਹੀ ਉਹ ਪਾਉਂਦਾ[91] ਹੈ। ਸੁਫਨੇ[92] ਵਿਚ ਭੀ ਉਸ ਨੂੰ ਆਰਾਮ ਨਹੀਂ ਮਿਲਣਾ।
ਅਪਨੀ ਕਿਰਪਾ[93] ਕਰੇ[94] ਸੋਈ[95] ਜਨੁ[96] ਪਾਏ[97] ॥	The[95] person[96] to whom the Lord shows[94] His mercy[93] attains[97] to Him.	ਜਿਸ[95] ਪੁਰਸ਼[96] ਤੇ ਪ੍ਰਭੂ ਆਪਣੀ ਮਿਹਰ[93] ਧਾਰਦਾ[94] ਉਹੀ ਉਸ ਨੂੰ ਪਰਾਪਤ[97] ਹੁੰਦਾ ਹੈ।
ਗੁਰ ਕਾ ਸਬਦੁ[98] ਮੰਨਿ[99] ਵਸਾਏ[100] ॥	The Guru's hymns[98] he places[100] within his mind[99].	ਗੁਰਾਂ ਦੀ ਬਾਣੀ[98] ਨੂੰ ਉਹ ਆਪਣੇ ਚਿਤ[99] ਅੰਦਰ ਟਿਕਾਉਂਦਾ[100] ਹੈ।
੧੧੪	**114**	**੧੧੪**
ਅਨਦਿਨੁ[2] ਸਦਾ ਰਹੈ[3] ਭੈ[4] ਅੰਦਰਿ ਭੈ ਮਾਰਿ[5] ਭਰਮੁ[6] ਚੁਕਾਵਣਿਆ[7] ॥ ੫ ॥	Night[2] and day he ever abides[3] in the Lord's fear[4], and destroying[5] other fears he dispels[7] his doubt[6].	ਦਿਨ ਰਾਤ[2] ਉਹ ਸਦਾ ਹੀ ਸਾਈਂ ਦੇ ਡਰ[4] ਵਿਚ ਵਿਚਰਦਾ[3] ਹੈ ਅਤੇ ਹੋਰ ਡਰਾਂ ਨੂੰ ਮੇਸ[5] ਕੇ ਉਹ ਆਪਣੇ ਸੰਦੇਹ[6] ਨੂੰ ਦੂਰ[7] ਕਰ ਦਿੰਦਾ ਹੈ।
ਭਰਮੁ ਚੁਕਾਇਆ ਸਦਾ[8] ਸੁਖੁ ਪਾਇਆ[9] ॥	By annulling his illusion he obtains[9] the eternal[8] peace.	ਆਪਣੇ ਵਹਿਮ ਨੂੰ ਨਵਿਰਤ ਕਰ ਕੇ ਉਹ ਸਦੀਵ ਹੀ ਸਥਿਰ[8] ਆਰਾਮ ਨੂੰ ਪਰਾਪਤ[9] ਹੋ ਜਾਂਦਾ ਹੈ।
ਗੁਰ ਪਰਸਾਦਿ[10] ਪਰਮ[11] ਪਦੁ[12] ਪਾਇਆ ॥	By the Guru's grace[10] he attains to the Supreme[11] Status[12].	ਗੁਰਾਂ ਦੀ ਦਇਆ[10] ਦੁਆਰਾ ਉਹ ਮਹਾਨ[11] ਮਰਤਬੇ[12] ਨੂੰ ਪਾ ਲੈਂਦਾ ਹੈ।
ਅੰਤਰੁ[13] ਨਿਰਮਲੁ[14] ਨਿਰਮਲ ਬਾਣੀ[15] ਹਰਿਗੁਣ[16] ਸਹਜੇ[17] ਗਾਵਣਿਆ[18]॥੬॥	His heart[13] is pure[14] and pure is his speech[15]. God's praises[16] he instinctively[17] sings[18].	ਉਸ ਦਾ ਦਿਲ[13] ਪਵਿੱਤ੍ਰ[14] ਹੈ ਤੇ ਪਵਿੱਤ੍ਰ ਹੈ ਉਸ ਦੀ ਬੋਲ-ਬਾਣੀ[15]। ਵਾਹਿਗੁਰੂ ਦਾ[16] ਜੱਸ ਉਹ ਸੁਭਾਵਕ[17] ਹੀ ਗਾਇਨ[18] ਕਰਦਾ ਹੈ।
ਸਿਮ੍ਰਿਤਿ[19] ਸਾਸਤ[20] ਬੇਦ ਵਖਾਣੈ[21] ॥	Man recites[21] Hindu mythical[19] books, treatises[20] on philosophy and vedas.	ਇਨਸਾਨ ਹਿੰਦੂ ਵਾਰਕ ਪੁਸਤਕਾਂ[19], ਫਲਸਫ਼ੇ ਦੇ ਗ੍ਰੰਥ[20] ਤੇ ਵੇਦਾਂ ਨੂੰ ਉਚਾਰਦਾ[21] ਹੈ।
ਭਰਮੇ[22] ਭੂਲਾ[23] ਤਤੁ[24] ਨ	Deluded[23] by doubt[22] he under-	ਸ਼ੱਕ-ਸ਼ੁਬ੍ਹੇ[22] ਦਾ ਗੁਮਰਾਹ[23] ਕੀਤਾਂ ਹੋਇਆ ਉਹ ਅਸ-

ਜਾਣੈ[25] ॥	stands[25] not the reality[24].	ਲੀਅਤ[24] ਨੂੰ ਨਹੀਂ ਸਮਝਦਾ[25] ।
ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ[26] ਕਮਾਵਣਿਆ[27] ॥੭॥	Sans serving the Sat Guru he obtains not peace, and misery upon misery[26] he earns[27].	ਸਤਿਗੁਰਾਂ ਦੀ ਟਹਿਲ ਸੇਵਾ ਕਰਨ ਦੇ ਬਾਝੋਂ ਉਸ ਨੂੰ ਆਰਾਮ ਨਹੀਂ ਮਿਲਦਾ, ਅਤੇ ਉਹ ਤਕਲੀਫ਼ ਉਤੇ ਤਕਲੀਫ਼[26] ਹੀ ਖੱਟਦਾ[27] ਹੈ ।
ਆਪਿ[28] ਕਰੇ ਕਿਸੁ[29] ਆਖੈ[30] ਕੋਈ[31] ॥	Himself[28] the Lord does everything. With whom[29] can any one[31] lodge a complaint[30] ?	ਆਪੇ[28] ਹੀ ਸਾਹਿਬ ਸਾਰਾ ਕੁਛ ਕਰਦਾ ਹੈ । ਕੀਹਦੇ[29] ਕੋਲ ਕੋਈ ਜਣਾ[31] ਸ਼ਿਕਾਇਤ[30] ਕਰ ਸਕਦਾ ਹੈ ?
ਆਖਣਿ ਜਾਈਐ[32] ਜੇ[33] ਭੂਲਾ[34] ਹੋਈ ॥	The mortal may grumble[32] if[33] He were to err[34].	ਪ੍ਰਾਣੀ ਗਿਲਾ[32] ਤਾਂ ਕਰੇ ਜੇਕਰ[33] ਉਹ ਗ਼ਲਤੀ ਖਾਂਦਾ[34] ਹੋਵੇ ।
ਨਾਨਕ ਆਪੇ ਕਰੇ ਕਰਾਏ ਨਾਮੇ[35]ਨਾਮਿ ਸਮਾਵਣਿਆ[36] ॥੮॥੭॥੮॥	Nanak, Himself the Lord does and causes to be done everything. Repeating His Name[35] man merges[36] in the Name.	ਨਾਨਕ, ਆਪ ਹੀ ਸਾਈਂ ਹਰ ਸ਼ੈ ਕਰਦਾ ਤੇ ਕਰਾਉਂਦਾ ਹੈ । ਨਾਮ ਦਾ ਜਾਪ[35] ਕਰਕੇ ਆਦਮੀ ਨਾਮ ਵਿਚ ਲੀਨ[36] ਹੋ ਜਾਂਦਾ ਹੈ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਆਪੇ[39] ਰੰਗੇ[37] ਸਹਜਿ ਸੁਭਾਏ[38] ॥ ਗੁਰ ਕੈ[40] ਸਬਦਿ ਹਰਿਰੰਗੁ ਚੜਾਏ[41]॥	Himself[39] the Lord effortlessly[38] imbues[37] the mortal and by the Guru's instruction[40] dyes[41] him in His affection.	ਆਪ[39] ਸੁਆਮੀ ਨਿਰਯਤਨ[38] ਹੀ ਪ੍ਰਾਣੀ ਨੂੰ ਰੰਗਦਾ[37] ਹੈ ਅਤੇ ਗੁਰਾਂ ਦੇ ਉਪਦੇਸ਼[40] ਦੁਆਰਾ ਉਸ ਨੂੰ ਆਪਣੀ ਪ੍ਰੀਤ ਦੀ ਰੰਗਤ ਚਾੜ੍ਹਦਾ[41] ਹੈ ।
ਮਨੁ[42] ਤਨੁ[43] ਰਤਾ[44] ਰਸਨਾ[45] ਰੰਗਿ[46] ਚਲੂਲੀ[47] ਭੈ[48] ਭਾਇ[49] ਰੰਗੁ ਚੜਾਵਣਿਆ[50] ॥ ੧ ॥	His soul[42] and body[43] are tinctured[44] and his tongue[45] assumes the red dye[46] of tulip[47]. Through the Lord's fear[48] and love[49] this colour is adopted[50].	ਉਸ ਦੀ ਆਤਮਾ[42] ਤੇ ਦੇਹਿ[43] ਰੰਗੀਜ ਜਾਂਦੇ[44] ਹਨ ਅਤੇ ਉਸ ਦੀ ਜਿਹਭਾ[45] ਪੋਸਤ ਦੇ ਫੁੱਲ[47] ਵਰਗਾ ਲਾਲ ਰੰਗ[46] ਧਾਰਨ ਕਰ ਲੈਂਦੀ ਹੈ । ਸੁਆਮੀ ਦੇ ਡਰ[48] ਤੇ ਪਿਆਰ[49] ਨਾਲ ਇਹ ਰੰਗਤ ਚੜ੍ਹਦੀ[50] ਹੈ ।
ਹਉ ਵਾਰੀ ਜੀਉ ਵਾਰੀ ਨਿਰਭਉ[51] ਮੰਨਿ[52] ਵਸਾਵਣਿਆ[53] ॥	I am a sacrifice, my soul is a sacrifice unto those, who gather in[53] the Fearless One[51] in their heart[52].	ਮੈਂ ਘੋਲੀ ਹਾਂ, ਮੇਰੀ ਜਿੰਦੜੀ ਘੋਲੀ ਹੈ, ਉਨ੍ਹਾਂ ਉਤੋਂ ਜੋ ਨਿਡਰ ਪੁਰਖ[51] ਨੂੰ, ਆਪਣੇ ਦਿਲ[52] ਵਿਚ ਟਿਕਾਉਂਦੇ[53] ਹਨ ।
ਗੁਰ ਕਿਰਪਾ[54] ਤੇ ਹਰਿ ਨਿਰਭਉ[59] ਧਿਆਇਆ[55] ਬਿਖੁ[56] ਭਉਜਲੁ[60]ਸਬਦਿ[57] ਤਰਾਵਣਿਆ[58]॥੧॥ਰਹਾਉ।	By the Guru's grace[54] I have meditated[55] on the Dauntless[59] Lord and by his Gurbani[57] have crossed[58] the poisonous[56] world-ocean[60]. Pause.	ਗੁਰਾਂ ਦੀ ਦਇਆ[54] ਦੁਆਰਾ ਮੈਂ ਨਿਧੜਕ[59] ਵਾਹਿਗੁਰੂ ਦਾ ਸਿਮਰਨ[55] ਕੀਤਾ ਅਤੇ ਉਨ੍ਹਾਂ ਦੀ ਗੁਰਬਾਣੀ[57] ਦੇ ਜ਼ਰੀਏ ਜ਼ਹਿਰੀਲਾ[56] ਸੰਸਾਰ ਸਮੁੰਦਰ[60] ਪਾਰ[58] ਕੀਤਾ ਹੈ । ਠਹਿਰਾਉ ।
ਮਨਮੁਖ[61] ਮੁਗਧ[62] ਕਰਹਿ ਚਤੁਰਾਈ[63] ॥	The perverse[61] idiot[62] practises cleverness[63].	ਪ੍ਰਤੀਕੂਲ[61] ਬੁਧੂ[62] ਚਲਾਕੀ[63] ਕਰਦਾ ਹੈ ।
ਨਾਤਾ[64] ਧੋਤਾ[65] ਥਾਇ[66] ਨ ਪਾਈ ॥	Inspite of his bathing[64] and washing[65], he becomes not acceptable[66].	ਆਪਣੇ ਨ੍ਹਾਉਣ[64] ਤੇ ਧੋਣ[65] ਦੇ ਬਾਵਜੂਦ, ਉਹ ਕਬੂਲ[66] ਨਹੀਂ ਪੈਂਦਾ ।
ਜੇਹਾ[67] ਆਇਆ ਤੇਹਾ[68] ਜਾਸੀ[69] ਕਰਿ[70] ਅਵਗਣ[71]	As[67] he came so[68] shall he go[69], repenting[72] over the sins[71] he committed[70].	ਜਿਹੋ ਜਿਹਾ[67] ਉਹ ਆਇਆ ਸੀ, ਉਹੋ ਜਿਹਾ[68] ਹੀ ਕੀਤਿਆਂ[70] ਪਾਪਾਂ[71] ਤੇ ਝੁਰੇਵਾਂ[72] ਕਰਦਾ ਹੋਇਆ ਉਹ

ਪਛੋਤਾਵਣਿਆ[72] ॥ ੨ ॥		ਟੁਰ[69] ਜਾਏਗਾ ।
ਮਨਮੁਖ ਅੰਧੇ[73] ਕਿਛੂ ਨ ਸੂਝੈ[74] ॥ ਮਰਣੁ[75] ਲਿਖਾਇ ਆਏ ਨਹੀ ਬੂਝੈ[76] ॥	The blind[73] apostate sees[74] nothing. With death[75] written for him he comes into this world, but he understands[76] it not.	ਅੰਨ੍ਹੇ[73] ਅਧਰਮੀ ਨੂੰ ਕੁਝ ਭੀ ਨਹੀਂ ਦਿਸਦਾ[74]। ਆਪਣੇ ਲਈ ਮੌਤ[75] ਲਿਖਾ ਕੇ ਉਹ ਇਸ ਜਹਾਨ ਵਿਚ ਆਇਆ ਹੈ, ਪਰ ਉਹ ਇਸ ਨੂੰ ਨਹੀਂ ਸਮਝਦਾ[76]।
ਮਨਮੁਖ ਕਰਮ[77] ਕਰੇ[78] ਨਹੀ ਪਾਇ ਬਿਨੁ ਨਾਵੈ ਜਨਮੁ[79] ਗਵਾਵਣਿਆ[80] ॥ ੩ ॥	The wayward person performs[78] religious rites[77], but obtains not the Name, and without the Name he loses[80] his human life[79].	ਆਪ-ਹੁਦਰਾ ਪੁਰਸ਼ ਮਜ਼ਹਬੀ ਕਰਮਕਾਂਡ[77] ਕਮਾਉਂਦਾ[78] ਹੈ ਪ੍ਰੰਤੂ ਨਾਮ ਨੂੰ ਹਾਸਲ ਨਹੀਂ ਕਰਦਾ, ਅਤੇ ਨਾਮ ਦੇ ਬਗੈਰ ਉਹ ਆਪਣੇ ਮਨੁੱਖੀ[79] ਜੀਵਨ ਨੂੰ ਗੁਆ[80] ਲੈਂਦਾ ਹੈ ।
ਸਚੁ ਕਰਣੀ[81] ਸਬਦੁ[82] ਹੈ ਸਾਰੁ[83] ॥	The practice[81] of truth is the essence[83] of the Guru's teaching[82].	ਸੱਚ ਦੀ ਕਮਾਈ[81] ਕਰਨਾ ਹੀ ਗੁਰ ਉਪਦੇਸ਼[82] ਦਾ ਅਸਲ[83] ਤੱਤ ਹੈ ।
ਪੂਰੈ[84] ਗੁਰਿ ਪਾਈਐ [85]ਮੋਖਦੁਆਰੁ[86] ॥	Through the perfect[84] Guru the door[86] of salvation[85] is obtained.	ਪੂਰਨ[84] ਗੁਰਾਂ ਦੇ ਰਾਹੀਂ ਮੁਕਤੀ[85] ਦਾ ਦਰਵਾਜ਼ਾ[86] ਪਰਾਪਤ ਹੁੰਦਾ ਹੈ ।
ਅਨਦਿਨੁ[87] ਬਾਣੀ[88] ਸਬਦਿ[89] ਸੁਣਾਏ[90] ਸਚਿ[91] ਰਾਤੇ[92] ਰੰਗਿ[93] ਰੰਗਾਵਣਿਆ[94] ॥ ੪ ॥	Night and day[87] the Guru preaches[90] God's[89] Gurbani[88]. Imbued[92] with the True Lord[91], dyes[94] others in the Lord's love[93].	ਰੈਣ ਦਿਹੁੰ[87] ਗੁਰੂ ਈਸ਼ਵਰੀ[89] ਗੁਰਬਾਣੀ[88] ਨੂੰ ਉਪਦੇਸ਼ਦੇ[90] ਹਨ । ਸੱਚੇ ਸਾਈਂ[91] ਨਾਲ ਰੰਗੇ ਹੋਏ[92] ਉਹ ਰੱਬ ਦੀ ਪ੍ਰੀਤ[93] ਅੰਦਰ ਹੋਰਨਾਂ ਨੂੰ ਰੰਗਦੇ[94] ਹਨ ।
ਰਸਨਾ[95] ਹਰਿ ਰਸਿ[96] ਰਾਤੀ[97] ਰੰਗੁ[98] ਲਾਏ ॥	Tinctured[97] with the God's elixir[96], my tongue[95] makes merry[98].	ਵਾਹਿਗੁਰੂ ਦੇ ਅੰਮ੍ਰਿਤ[96] ਨਾਲ ਰੰਗੀ[97] ਹੋਈ ਮੇਰੀ ਜਿਹਭਾ[95] ਮੌਜਾਂ ਮਾਣਦੀ[98] ਹੈ।
ਮਨੁ[99] ਤਨੁ[100] ਮੋਹਿਆ[2] ਸਹਜਿ[3] [4]ਸੁਭਾਏ[5] ॥	My soul[99] and body[100] are bewitched[2] with the Lord's[3] sublime[4] love[5].	ਮੇਰੀ ਆਤਮਾ[99] ਤੇ ਦੇਹਿ[100] ਸਾਹਿਬ[3] ਦੇ ਸ੍ਰੇਸ਼ਟ[4] ਸਨੇਹ[5] ਨਾਲ ਫ਼ਰੇਫ਼ਤਾ[2] ਹੋ ਗਏ ਹਨ।
ਸਹਜੇ[6] ਪ੍ਰੀਤਮੁ[7] ਪਿਆਰਾ[8] ਪਾਇਆ ਸਹਜੇ[9] ਸਹਜਿ[10] ਮਿਲਾਵਣਿਆ[11] ॥ ੫ ॥	I have easily[6] obtained my darling[8] Beloved[7] and am naturally[9] absorbed[11] in the supreme bliss[10].	ਮੈਂ ਸੁਖੈਨ[6] ਹੀ ਆਪਣੇ ਮਿਠੜੇ[8] ਦਿਲਬਰ[7] ਨੂੰ ਪਾ ਲਿਆ ਹੈ ਅਤੇ ਕੁਦਰਤੀ[9] ਤੌਰ ਤੇ ਮੈਂ ਪਰਮ ਅਨੰਦ[10] ਅੰਦਰ ਲੀਨ[11] ਹੋ ਗਿਆ ਹਾਂ ।
ਜਿਸੁ ਅੰਦਰਿ[12] ਰੰਗੁ[13] ਸੋਈ[14] ਗੁਣ[15] ਗਾਵੈ ॥ ਗੁਰ ਕੈ ਸਬਦਿ[16] ਸਹਜੇ[17] ਸੁਖਿ[18] ਸਮਾਵੈ[20] ॥	He[14], who has Lord's love[13] within[12] him, sings the God's praises[15], and by the Guru's instruction[16] gets easily[17] absorbed[20] in the spiritual bliss[18].	ਜਿਸ ਦੇ ਵਿਚ[12] ਪ੍ਰਭੂ ਦੀ ਪ੍ਰੀਤ[13] ਹੈ । ਉਹ[14] ਵਾਹਿਗੁਰੂ ਦਾ ਜੱਸ[15] ਗਾਇਨ ਕਰਦਾ ਹੈ ਅਤੇ ਗੁਰਾਂ ਦੀ ਸਿਖ-ਮਤ[16] ਦੁਆਰਾ ਸੁਖੈਨ[17] ਹੀ ਆਤਮਕ[18] ਅਨੰਦ ਅੰਦਰ ਸਮਾ[20] ਜਾਂਦਾ ਹੈ ।
ਹਉ ਬਲਿਹਾਰੀ ਸਦਾ ਤਿਨ ਵਿਟਹੁ[21] ਗੁਰ ਸੇਵਾ[22] ਚਿਤੁ[23] ਲਾਵਣਿਆ[24] ॥ ੬ ॥	I am ever a sacrifice unto[21] those who dedicate[24] their mind[23] to the Guru's service[22].	ਮੈਂ ਸਦੀਵ ਹੀ ਉਨ੍ਹਾਂ ਉਤੋਂ[21] ਘੋਲੀ ਜਾਂਦਾ ਹਾਂ, ਜੋ ਆਪਣੇ ਮਨ[23] ਨੂੰ ਗੁਰਾਂ ਦੀ ਘਾਲ[22] ਅੰਦਰ ਸਮਰ-ਪਣ[24] ਕਰਦੇ ਹਨ ।
ਸਚਾ[25] ਸਚੋ ਸਚਿ[26] ਪਤੀਜੈ[27] ॥	The True Lord[25] is pleased[27] with nothing but truth[26].	ਸੱਚਾ ਸੁਆਮੀ[25] ਨਿਰੋਲ ਸੱਚ[26] ਨਾਲ ਪ੍ਰਸੰਨ[27] ਹੁੰਦਾ ਹੈ ।
ਗੁਰ ਪਰਸਾਦੀ[28] ਅੰਦਰੁ[29]	By the Guru's grace[28] man's mind[29] is	ਗੁਰਾਂ ਦੀ ਮਿਹਰ[28] ਦਾ ਸਦਕਾ ਆਦਮੀ ਦਾ ਮਨ[29] ਪ੍ਰਭੂ

ਭੀਜੈ[30] ||

steeped[30] with the Lord's love.

ਦੀ ਪ੍ਰੀਤ ਨਾਲ ਗਚ[30] ਹੋ ਜਾਂਦਾ ਹੈ।

ਬੈਸਿ[31] [32]ਸੁਥਾਨਿ[30*] ਹਰਿ ਗੁਣ[31*] ਗਾਵਹਿ[32*] ਆਪੇ[33] ਕਰਿ[34] ਸਤਿ[35] ਮਨਾਵਣਿਆ[36] || ੭ ||

Sitting[31] in an auspicious[32] place[30*] the saint chants[32*] the God's glories[31*], and the Lord Himself[33] causes him to accept[36] His Will as[34] True[35].

ਸੁਬਹਾਨ[32] ਅਸਥਾਨ[30*] ਤੇ ਬੈਠ[31] ਕੇ, ਸਾਧੂ ਵਾਹਿਗੁਰੂ ਦੇ ਗੁਣਾਵਾਦ[31*] ਆਲਾਪਦਾ[32*] ਹੈ ਤੇ ਸਾਹਿਬ ਖ਼ੁਦ[33] ਆਪਣੀ ਰਜ਼ਾ ਨੂੰ ਸੱਚ[35] ਕਰ[34] ਕੇ ਮਨਵਾਉਂਦਾ[36] ਹੈ।

ਜਿਸਨੋ[37] ਨਦਰਿ[38] ਕਰੇ[39] ਸੋ[40] ਪਾਏ[41] ||

He[40], on whom[37] the Master casts[39] His merciful glance[38], obtains[41] His Name.

ਜਿਸ ਉਤੇ[37] ਮਾਲਕ ਆਪਣੀ ਮਿਹਰ ਦੀ ਨਜ਼ਰ[38] ਧਾਰਦਾ[39] ਹੈ, ਉਹ[40] ਉਸ ਦੇ ਨਾਮ ਨੂੰ ਪਾਉਂਦਾ[41] ਹੈ।

ਗੁਰ ਪਰਸਾਦੀ[42] ਹਉਮੈ[43] ਜਾਏ[44] ||

By the Guru's grace[42], his egotism[43] departs[44].

ਗੁਰਾਂ ਦੀ ਰਹਿਮਤ[42] ਦੁਆਰਾ ਉਸ ਦੀ ਹੰਗਤਾ[43] ਦੂਰ[44] ਹੋ ਜਾਂਦੀ ਹੈ।

ਨਾਨਕ ਨਾਮੁ ਵਸੈ[45] ਮਨ ਅੰਤਰਿ[46] ਦਰਿ ਸਚੈ[47] ਸੋਭਾ[48] ਪਾਵਣਿਆ ||੮||੮||੯||

Nanak, he, within[46] whose mind God's Name abides[45], obtains honour[48] in the True Court[47].

ਨਾਨਕ, ਜਿਸ ਦੇ ਚਿਤ ਵਿਚ[46] ਵਾਹਿਗੁਰੂ ਦਾ ਨਾਮ ਨਿਵਾਸ[45] ਰਖਦਾ ਹੈ ਉਹ ਸੱਚੇ ਦਰਬਾਰ[47] ਅੰਦਰ ਮਾਣ ਇਜ਼ਤ[48] ਪਾਉਂਦਾ ਹੈ।

ਮਾਝ ਮਹਲਾ ੩ ||

Majh, Third Guru.

ਮਾਝ, ਤੀਜੀ ਪਾਤਸ਼ਾਹੀ।

ਸਤਿਗੁਰੁ ਸੇਵਿਐ[49] ਵਡੀ[50] ਵਡਿਆਈ[51] || ਹਰਿ ਜੀ[52] ਅਚਿੰਤੁ[53] ਵਸੈ[54] ਮਨਿ ਆਈ[55] ||

By serving[49] the True Guru, grand[50] glory[51] is procured and venerable[52] God automatically[53] comes[55] to dwell[54] in the mind.

ਸੱਚੇ ਗੁਰਾਂ ਦੀ ਟਹਿਲ[49] ਕਮਾਉਣ ਦੁਆਰਾ ਪਰਮ[50] ਸੋਭਾ[51] ਪਰਾਪਤ ਹੁੰਦੀ ਹੈ ਅਤੇ ਪੂਜਯ ਵਾਹਿਗੁਰੂ[52] ਸੁਤੇ ਸਿਧ[53] ਹੀ ਚਿੱਤ ਅੰਦਰ ਆ[55] ਨਿਵਾਸ[54] ਕਰਦਾ ਹੈ।

ਹਰਿ ਜੀਉ[56] ਸਫਲਿਓ[57] ਬਿਰਖੁ[58] ਹੈ ਅੰਮ੍ਰਿਤੁ[59] ਜਿਨਿ[60] ਪੀਤਾ[61] ਤਿਸੁ[62] ਤਿਖਾ[63] ਲਹਾਵਣਿਆ[64] ||੧||

The Reverend Lord[56] is the fruit-bearing[57] plant[58]. The thirst[63] of him[62], who[60] quaffs[61] his Nectar[59], is quenched[64].

ਮਾਣਨੀਯ[56] ਮਾਲਕ ਫਲਦਾਰ[57] ਪੌਦਾ[58] ਹੈ। ਜੋ[60] ਇਸ ਦੇ ਆਬਿ-ਹਿਯਾਤ[59] ਨੂੰ ਪਾਨ[61] ਕਰਦਾ ਹੈ, ਉਸ[62] ਦੀ ਤ੍ਰੇਹ[63] ਬੁਝ[64] ਜਾਂਦੀ ਹੈ।

ਹਉ ਵਾਰੀ[65] ਜੀਉ[66] ਵਾਰੀ ਸਚੁ ਸੰਗਤਿ[69] ਮੇਲਿ[67] ਮਿਲਾਵਣਿਆ[68] ||

I am a sacrifice[65], my life[66] is a sacrifice unto him, who unites[68] me in the union[67] of the saint's congregation[69].

ਮੈਂ ਕੁਰਬਾਨ[65] ਹਾਂ, ਮੇਰੀ ਜ਼ਿੰਦਗੀ[66] ਕੁਰਬਾਨ ਹੈ, ਉਸ ਉਤੋਂ ਜਿਹੜਾ ਮੈਨੂੰ ਸਾਧ ਸਮਾਗਮ[69] ਦੇ ਮਿਲਾਪ[67] ਅੰਦਰ ਮਿਲਾਉਂਦਾ[68] ਹੈ।

ਹਰਿ ਸਤ ਸੰਗਤਿ[74] ਆਪੇ[75] ਮੇਲੈ[70] ਗੁਰਸਬਦੀ[71] ਹਰਿ ਗੁਣ[72] ਗਾਵਣਿਆ[73] ||੧|| ਰਹਾਉ ||

God Himself[75] unites[70] the mortal with the society of the righteous[74]. Under the Guru's instruction[71] man sings[73] God's praises[72]. Pause.

ਵਾਹਿਗੁਰੂ ਖ਼ੁਦ[75] ਪ੍ਰਾਣੀ ਨੂੰ ਸਚਿਆਰਾਂ ਦੀ ਸਭਾ[74] ਨਾਲ ਜੋੜਦਾ[70] ਹੈ। ਗੁਰਾਂ ਦੇ ਉਪਦੇਸ਼[71] ਤਾਬੇ ਬੰਦਾ ਵਾਹਿਗੁਰੂ ਦੀ ਕੀਰਤੀ[72] ਗਾਇਨ[73] ਕਰਦਾ ਹੈ।

ਠਹਿਰਾਉ।

੧੧੫ 115 ੧੧੫

ਸਤਿਗੁਰੁ ਸੇਵੀ[74*] ਸਬਦਿ[75*] ਸੁਹਾਇਆ[76] || ਜਿਨਿ ਹਰਿ ਕਾ ਨਾਮੁ ਮੰਨਿ[77] ਵਸਾਇਆ[78] ||

I serve[74*] the True Guru, whose speech[75*] is dear[76] unto me and who has colonised[78] God's Name within my mind[77].

ਮੈਂ ਸੱਚੇ ਗੁਰਾਂ ਦੀ ਟਹਿਲ[74*] ਕਮਾਉਂਦਾ ਹਾਂ, ਜਿਨ੍ਹਾਂ ਦੀ ਬੋਲ-ਬਾਣੀ[75*] ਮੈਨੂੰ ਪਿਆਰੀ[76] ਹੈ ਅਤੇ ਜਿਨ੍ਹਾਂ ਨੇ ਹਰੀ ਦਾ ਨਾਂ ਮੇਰੇ ਚਿੱਤ[77] ਅੰਦਰ ਟਿਕਾਇਆ[78] ਹੈ।

ਹਰਿ ਨਿਰਮਲੁ[79] ਹਉਮੈ[80] ਮੈਲੁ[81] ਗਵਾਏ[82] ਦਰਿ[83] ਸਚੈ ਸੋਭਾ[84] ਪਾਵਣਿਆ[85] ॥ ੨ ॥	The immaculate Lord[79] removes[82] the filth[81] of pride[80] and the mortal receives[85] honour[84] in the True Court[83].	ਪਵਿੱਤ੍ਰ ਪ੍ਰਭੂ[79] ਹੰਕਾਰ[80] ਦੀ ਮਲੀਣਤਾ[81] ਨੂੰ ਦੂਰ[82] ਕਰ ਦਿੰਦਾ ਹੈ ਅਤੇ ਪ੍ਰਾਣੀ ਸੱਚੀ ਕਚਹਿਰੀ[83] ਵਿਚ ਮਾਣ ਆਦਰ[84] ਪਾਉਂਦਾ[85] ਹੈ।
ਬਿਨੁ[86] ਗੁਰ ਨਾਮੁ ਨ ਪਾਇਆ ਜਾਇ ॥	Without[86] the Guru, the Name cannot be obtained.	ਗੁਰਾਂ ਦੇ ਬਾਝੋਂ[86], ਨਾਮ ਪਰਾਪਤ ਨਹੀਂ ਹੋ ਸਕਦਾ।
ਸਿਧ[87] ਸਾਧਿਕ[88] ਰਹੇ[89] ਬਿਲਲਾਇ[90] ॥	The perfect persons[87] and strivers[88] miss[89] it and bewail[90].	ਪੂਰਨ ਪੁਰਸ਼[87] ਤੇ ਅਭਿਆਸੀ[88] ਇਸ ਤੋਂ ਬਾਝੋਂ[89] ਹੋ ਵਿਰਲਾਪ[90] ਕਰਦੇ ਹਨ।
ਬਿਨੁ ਗੁਰ ਸੇਵੇ[91] ਸੁਖੁ ਨ ਹੋਵੀ ਪੂਰੈ[92] ਭਾਗਿ[92*] ਗੁਰੁ ਪਾਵਣਿਆ ॥ ੩ ॥	Without serving[91] the Guru, peace is not procured. Through perfect[92] good fortune[92*] the Guru is obtained.	ਗੁਰਾਂ ਦੀ ਘਾਲ ਘਾਲਣ[91] ਦੇ ਬਗੈਰ ਆਰਾਮ ਨਹੀਂ ਮਿਲਦਾ। ਪੂਰਨ[92] ਚੰਗੇ ਕਰਮਾਂ[92*] ਰਾਹੀਂ ਗੁਰੂ ਜੀ ਪਰਾਪਤ ਹੁੰਦੇ ਹਨ।
ਇਹੁ ਮਨੁ[93] ਆਰਸੀ[94] ਕੋਈ[95] ਗੁਰਮੁਖਿ[96] ਵੇਖੈ[97] ॥	This mind[93] is a mirror[94]. Scarcely any[95] saint[96] beholds[97] himself there-in.	ਇਹ ਮਨੂਆ[93] ਇਕ ਸ਼ੀਸ਼ਾ[94] ਹੈ। ਕੋਈ ਟਾਵਾਂ[95] ਸਾਧੂ[96] ਹੀ ਉਸ ਵਿਚ ਆਪਣੇ ਆਪ ਨੂੰ ਦੇਖਦਾ[97] ਹੈ।
ਮੋਰਚਾ[98] ਨ ਲਾਗੈ[99] ਜਾ[100] ਹਉਮੈ[2] ਸੋਖੈ[3] ॥	Rust[98] attaches[99] not to it if man[100] burns[3] his self-conceit[2].	ਜ਼ੰਗਾਲ[98] ਇਸ ਨੂੰ ਨਹੀਂ ਲਗਦਾ[99] ਜੇਕਰ[100] ਬੰਦਾ ਆਪਣੀ ਸਵੈ-ਹੰਗਤਾ[2] ਨੂੰ ਸਾੜ[3] ਦੇਵੇ।
ਅਨਹਤ ਬਾਣੀ[4] ਨਿਰਮਲ[5] ਸਬਦੁ[6] ਵਜਾਏ[7] ਗੁਰਸਬਦੀ[8] ਸਚਿ[9] ਸਮਾਵਣਿਆ[10] ॥੪॥	The celestial strain[4] resounds[7] through the pure[5] Name[6]. Through the Guru's instruction[8] the man is absorbed[10] in the True One[9].	ਇਲਾਹੀ ਕੀਰਤਨ[4] ਗੂੰਜਦਾ[7] ਹੈ, ਪਵਿੱਤ੍ਰ[5] ਨਾਮ[6] ਦੇ ਰਾਹੀਂ। ਗੁਰਾਂ ਦੇ ਉਪਦੇਸ਼[8] ਰਾਹੀਂ ਇਨਸਾਨ ਸਤਿਪੁਰਖ[9] ਅੰਦਰ ਲੀਨ[10] ਹੋ ਜਾਂਦਾ ਹੈ।
ਬਿਨੁ[11] ਸਤਿਗੁਰ ਕਿਹੁ[12] ਨ ਦੇਖਿਆ[13] ਜਾਇ ॥	Sans[11] the Sat Guru, God cannot in any way[12] be seen[13].	ਸਤਿਗੁਰਾਂ ਦੇ ਬਗੈਰ[11], ਵਾਹਿਗੁਰੂ ਕਿਸੇ ਤਰ੍ਹਾਂ[12] ਭੀ ਵੇਖਿਆ[13] ਨਹੀਂ ਜਾ ਸਕਦਾ।
ਗੁਰਿ ਕਿਰਪਾ[14] ਕਰਿ[15] ਆਪੁ[16] ਦਿਤਾ[17] ਦਿਖਾਇ ॥	Showing[15] his benediction[14], the Guru himself[16] has shown[17] me the Lord.	ਆਪਣਾ ਰਹਿਮ[14] ਧਾਰ[15] ਕੇ, ਗੁਰਾਂ ਨੇ ਖ਼ੁਦ[16] ਹੀ ਮੈਨੂੰ ਸੁਆਮੀ ਵਿਖਾਲ[17] ਦਿੱਤਾ ਹੈ।
ਆਪੇ ਆਪਿ[18] ਆਪਿ[19] ਮਿਲਿ ਰਹਿਆ[20] ਸਹਜੇ[21] ਸਹਜਿ[22] ਸਮਾਵਣਿਆ[23] ॥ ੫ ॥	All by Himself[18], the Lord Himself[19], is pervading[20] everywhere. By Divine knowledge[21] man is easily[22] absorbed[23] in Him.	ਖ਼ੁਦ-ਬ-ਖ਼ੁਦ[18] ਸਾਹਿਬ ਆਪੇ[19] ਹੀ ਹਰ ਥਾਂ ਵਿਆਪਕ[20] ਹੋ ਰਿਹਾ ਹੈ। ਬ੍ਰਹਿਮ ਗਿਆਨ[21] ਦੇ ਦੁਆਰਾ ਬੰਦਾ ਸੁਖੈਨ[22] ਹੀ ਉਸ ਵਿਚ ਲੀਨ[23] ਹੋ ਜਾਂਦਾ ਹੈ।
ਗੁਰਮੁਖਿ[24] ਹੋਵੈ ਸੁ[25] ਇਕਸੁ[26] ਸਿਉ[27] ਲਿਵ[28] ਲਾਏ[29] ॥	He[25], who is pious[24], embraces[29] affection[28] with[27] the One Lord[26].	ਜੋ ਪਾਰਸ[24] ਹੈ, ਉਹ[25] ਇਕ ਸੁਆਮੀ[26] ਨਾਲ[27] ਪਿਰਹੜੀ[28] ਪਾਉਂਦਾ[29] ਹੈ।
ਦੂਜਾ[30] ਭਰਮੁ[31] ਗੁਰਸਬਦਿ[32] ਜਲਾਏ[33] ॥	By the Guru's instruction[32] he burns[33] to ashes this doubt[31] that there is another[30] too.	ਗੁਰਾਂ ਦੇ ਉਪਦੇਸ਼[32] ਦੁਆਰਾ ਉਹ ਇਸ ਵਹਿਮ[31] ਨੂੰ ਸਾੜ[33] ਸੁਟਦਾ ਹੈ ਕਿ ਕੋਈ ਦੂਸਰਾ[30] ਭੀ ਹੈ।
ਕਾਇਆ[34] ਅੰਦਰਿ ਵਣਜੁ[35]	Within his body[34] he trades[35] and	ਆਪਣੀ ਦੇਹਿ[34] ਵਿਚ ਉਹ ਸੁਦਾਗਰੀ[35] ਤੇ ਲੈਣ ਦੇਣ[36]

ਕਰੇ ਵਾਪਾਰਾ[36]ਨਾਮੁਨਿਧਾਨੁ[37] ਸਚੁ[38] ਪਾਵਣਿਆ ॥੬॥	traffics[36] and obtains the treasure[37] of the True Name[38].	ਕਰਦਾ ਹੈ ਤੇ ਸਤਿਨਾਮ[38] ਦਾ ਖ਼ਜ਼ਾਨਾ[37] ਪਾ ਲੈਂਦਾ ਹੈ !
ਗੁਰਮੁਖਿ[39] ਕਰਣੀ[40] ਹਰਿ ਕੀਰਤਿ[41] ਸਾਰੁ[42] ॥	The Guruward's[39] exalted[42] daily routine[40] is to sing God's praises[41].	ਗੁਰੂ ਸਮਰਪਣ[39] ਦਾ ਉਤਕ੍ਰਿਸ਼ਟਤ[42] ਨਿਤ ਕਰਮ[40] ਵਾਹਿਗੁਰੂ ਦਾ ਜੱਸ ਗਾਉਣਾ[41] ਹੈ ।
ਗੁਰਮੁਖਿ ਪਾਏ [43]ਮੋਖ-ਦੁਆਰੁ[44] ॥	The true Sikh of the Guru obtains the gate[44] of salvation[43].	ਗੁਰਾਂ ਦਾ ਸੱਚਾ ਸਿਖ ਮੁਕਤੀ[43] ਦੇ ਦਰਵਾਜ਼ੇ[44] ਨੂੰ ਪਾ ਲੈਂਦਾ ਹੈ ।
ਅਨਦਿਨੁ[45] ਰੰਗਿ[46] ਰਤਾ[47] ਗੁਣ[48]ਗਾਵੈ ਅੰਦਰਿ ਮਹਲਿ[49] ਬੁਲਾਵਣਿਆ[50] ॥੭॥	Imbued[47] with Lord's love[46], he, night[45] and day, sings His praises[48], and is called[50] unto His palace[49].	ਪ੍ਰਭੂ ਦੀ ਪ੍ਰੀਤ[46] ਨਾਲ ਰੰਗਿਆ[47] ਹੋਇਆ ਉਹ ਰੈਣ[45] ਦਿਹੁੰ, ਉਸ ਦੀ ਕੀਰਤੀ[48] ਗਾਇਨ ਕਰਦਾ ਹੈ, ਅਤੇ ਉਸ ਦੇ ਮੰਦਰ[49] ਵਿਚ ਬੁਲਾ ਲਿਆ[50] ਜਾਂਦਾ ਹੈ ।
ਸਤਿਗੁਰੁ ਦਾਤਾ[51] ਮਿਲੈ ਮਿਲਾਇਆ[52] ॥	True Guru, the giver[51], is met when God causes man to meet[52] him.	ਜਦ ਵਾਹਿਗੁਰੂ ਮਿਲਾਵੇ[52] ਤਾਂ ਹੀ ਦਾਤਾਰ[51], ਸੱਚਾ ਗੁਰੂ ਬੰਦੇ ਨੂੰ ਮਿਲਦਾ ਹੈ ।
ਪੂਰੈ[53] ਭਾਗਿ[54] ਮਨਿ[55] ਸਬਦੁ[56] ਵਸਾਇਆ[57] ॥	By perfect[53]destiny[54], God's Name[56] is enshrined[57] in the man's mind[55].	ਪੂਰਨ[53] ਕਿਸਮਤ[54] ਦੁਆਰਾ ਹਰੀ ਦਾ ਨਾਮ[56] ਮਨੁੱਖ ਦੇ ਚਿਤ[55] ਅੰਦਰ ਨਿਵਾਸ[57] ਕਰਦਾ ਹੈ ।
ਨਾਨਕ ਨਾਮੁ ਮਿਲੈ[62] ਵਡਿਆਈ[58] ਹਰਿ ਸਚੇ[59] ਕੇ ਗੁਣ[60] ਗਾਵਣਿਆ[61] ॥੮॥੯॥੧੦॥	Nanak, the greatness[58] of God's Name is obtained[62] by chanting[61]the excellences[60] of the True Lord[59].	ਨਾਨਕ ਸੱਚੇ ਸੁਆਮੀ[59] ਦੀ ਸਿਫ਼ਤ-ਸ਼ਲਾਘਾ[60] ਗਾਇਨ[61] ਕਰਨ ਦੁਆਰਾ ਭਗਵਾਨ ਦੇ ਨਾਮ ਦੀ ਬਜ਼ੁਰਗੀ[58] ਪਰਾਪਤ[62] ਹੁੰਦੀ ਹੈ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਆਪੁ[63] ਵੰਞਾਏ[64] ਤਾ[65] ਸਭ ਕਿਛੁ ਪਾਏ ॥	If man loses[64] his ownself[63], then[65] does he obtain everything.	ਜੇਕਰ ਆਦਮੀ ਆਪਣੇ ਆਪੇ[63] ਨੂੰ ਗੁਆ[64] ਦੇਵੇ, ਤਦ[65] ਉਹ ਸਾਰਾ ਕੁਝ ਪਰਾਪਤ ਕਰ ਲੈਂਦਾ ਹੈ ।
ਗੁਰਸਬਦੀ[66] ਸਚੀ ਲਿਵ[67] ਲਾਏ[68] ॥	By the Guru's teaching[66]he comes to cherish[68]true affection[67]for the Lord.	ਗੁਰਾਂ ਦੇ ਉਪਦੇਸ਼[66] ਦੁਆਰਾ ਸੁਆਮੀ ਨਾਲ ਉਸ ਦੀ ਸੱਚੀ ਪਿਰਹੜੀ[67] ਪੈ ਜਾਂਦੀ[68] ਹੈ ।
ਸਚੁ ਵਣੰਜਹਿ[69] ਸਚੁ ਸੰਘਰਹਿ[70] ਸਚੁ[71] ਵਾਪਾਰੁ ਕਰਾਵਣਿਆ[72] ॥੧॥	Truth he trades[69]in, truth he amasses[70]and in truthfulness[71] he deals[72].	ਸੱਚ ਉਹ ਵਿਹਾਝਦਾ[69] ਹੈ, ਸੱਚ ਹੀ ਇਕੱਤ੍ਰ[70] ਕਰਦਾ ਹੈ ਅਤੇ ਸੱਚਾਈ[71] ਦੀ ਹੀ ਉਹ ਸੁਦਾਗਰੀ[72] ਕਰਦਾ ਹੈ ।
ਹਉ ਵਾਰੀ[73] ਜੀਉ[74] ਵਾਰੀ ਹਰਿਗੁਣ[75] ਅਨਦਿਨੁ[76] ਗਾਵਣਿਆ[77] ॥	I am devoted[73], my soul[74] is devoted unto those, who ever[76] sing[77] God's praises[75].	ਮੈਂ ਸਦਕੇ[73] ਹਾਂ, ਮੇਰੀ ਜਿੰਦੜੀ[74] ਸਦਕੇ ਹੈ, ਉਨ੍ਹਾਂ ਉਤੋਂ ਜੋ ਸਦੀਵ[76] ਹੀ ਵਾਹਿਗੁਰੂ ਦਾ ਜੱਸ[75] ਗਾਇਨ[77] ਕਰਦੇ ਹਨ ।
ਹਉ ਤੇਰਾ ਤੂੰ ਠਾਕੁਰੁ[78] ਮੇਰਾ ਸਬਦਿ[79]ਵਡਿਆਈ[80] ਦੇਵਣਿਆ[81] ॥ ੧ ॥ ਰਹਾਉ ॥	I am Thine, Thou art my Lord[78]. Thou grantest[81] glory[80] to him who seeks Thy Name's[79] shelter. Pause.	ਮੈਂ ਤੇਰਾ ਹਾਂ, ਤੂੰ ਮੇਰਾ ਸੁਆਮੀ[78] ਹੈਂ । ਤੂੰ ਉਸਨੂੰ ਬਜ਼ੁਰਗੀ[80] ਬਖ਼ਸ਼ਦਾ[81] ਹੈਂ, ਜੋ ਤੇਰੇ ਨਾਮ[79] ਦੀ ਸ਼ਰਣ ਸੰਭਾਲਦਾ ਹੈ । ਠਹਿਰਾਉ ।
ਵੇਲਾ[82] ਵਖਤ[83] ਸਭਿ[84] ਸੁਹਾਇਆ[85]॥ਜਿਤੁ[86]ਸਚਾ[87] ਮੇਰੇ ਮਨਿ[88] ਭਾਇਆ[89] ॥	That time[82] and moment[83] are all[84] beauteous[85], when[86] the True Lord[87] becomes pleasing[89] to my mind[88].	ਉਹ ਸਮਾਂ[82] ਤੇ ਮੁਹਤ[83] ਸਾਰੇ[84] ਸੁੰਦਰ[85] ਹਨ ਜਦ[86] ਸੱਚਾ[87] ਸਾਈਂ ਮੇਰੇ ਚਿੱਤ[88] ਨੂੰ ਚੰਗਾ[89] ਲਗਦਾ ਹੈ !
ਸਚੇ ਸੇਵਿਐ[90] ਸਚੁ ਵਡਿ-	By serving[90] the True One, true	ਸਤਿਪੁਰਖ ਦੀ ਟਹਿਲ[90] ਕਮਾਉਣ ਦੁਆਰਾ, ਸੱਚੀ

ਆਈ[91] ਗੁਰ ਕਿਰਪਾ[92] ਤੇ[93] ਸਚੁ[94] ਪਾਵਣਿਆ[95] ॥੨॥	magnificence[91] is obtained, and from[93] the Guru's grace[92] the True[94] Lord is met[95].	ਵਿਸ਼ਾਲਤਾ[91] ਪਰਾਪਤ ਹੁੰਦੀ ਹੈ ਅਤੇ ਗੁਰਾਂ ਦੀ ਮਿਹਰ[92] ਤੋਂ[93] ਸੱਚਾ ਸੁਆਮੀ[94] ਮਿਲਦਾ[95] ਹੈ।
ਭਾਉ[96] ਭੋਜਨੁ[97] ਸਤਿਗੁਰਿ ਤੁਠੈ[98] ਪਾਏ ॥	The food[97] of Divine love[96] is obtained when the True Guru is mightily pleased[98].	ਰੱਬੀ ਪ੍ਰੀਤ[96] ਦੀ ਖ਼ੁਰਾਕ[97] ਤਾਂ ਮਿਲਦੀ ਹੈ ਜਦ ਸੱਚੇ ਗੁਰਦੇਵ ਜੀ ਪਰਮ[98] ਪ੍ਰਸੰਨ ਹੁੰਦੇ ਹਨ।
[99]ਅਨਰਸੁ[100] ਚੂਕੈ[2] ਹਰਿ-ਰਸੁ[3] ਮੰਨਿ[4] ਵਸਾਏ[5] ॥	One forgets[2] other[99] relishes[100] when he enshrines[5] God's essence[3] in his mind[4].	ਆਦਮੀ ਹੋਰ[99] ਸੁਆਦ[100] ਭੁੱਲ[2] ਜਾਂਦਾ ਹੈ ਜਦ ਉਹ ਵਾਹਿਗੁਰੂ ਦੇ ਨੇਂ-ਜੌਹਰ[3] ਨੂੰ ਆਪਣੇ ਚਿਤ[4] ਵਿਚ ਟਿਕਾਉਂਦਾ[5] ਹੈ!
ਸਚੁ[6] ਸੰਤੋਖੁ[7] ਸਹਜ ਸੁਖੁ[8] ਬਾਣੀ[9] ਪੂਰੇ[10] ਗੁਰ ਤੇ[12] ਪਾਵਣਿਆ[11] ॥੩॥	Truthfulness[6], contentment[7] and eternal peace[8], the mortal receives[11] from[12] the hymns[9] of the perfect[10] Guru.	ਸੱਚਾਈ[6], ਸੰਤੁਸ਼ਟਤਾ[7] ਅਤੇ ਸਦੀਵੀ[8] ਆਰਾਮ, ਪ੍ਰਾਣੀ ਪੂਰਨ[10] ਗੁਰਾਂ ਦੀ ਗੁਰਬਾਣੀ[9] ਤੋਂ[12] ਪਰਾਪਤ[11] ਕਰਦਾ ਹੈ।
ਸਤਿਗੁਰੁ ਨ ਸੇਵਹਿ[13] ਮੂਰਖ[14] ਅੰਧ[15] ਗਵਾਰਾ[16] ॥	The ignorant[16], blind[15], fools[14] perform not the service[13] of the True Guru.	ਬੇ-ਸਮਝ[16], ਅੰਨ੍ਹੇ[15]-ਬੇਵਕੂਫ਼[14], ਸੱਚੇ ਗੁਰਾਂ ਦੀ ਟਹਿਲ[13] ਨਹੀਂ ਕਮਾਉਂਦੇ।
ਫਿਰਿ[17] ਓਇ ਕਿਥਹੁ[18] ਪਾਇਨਿ [19]ਮੋਖਦੁਆਰਾ[20] ॥	How[18] will they, then[17] obtain the door[20] of deliverance[19] ?	ਤਦ[17] ਉਹ ਕਿਸ ਤਰ੍ਹਾਂ[18] ਮੋਖਸ਼[19] ਦੇ ਦਰਵਾਜ਼ੇ[20] ਨੂੰ ਪਰਾਪਤ ਹੋਣਗੇ ?
ਮਰਿ ਮਰਿ ਜੰਮਹਿ ਫਿਰਿ ਫਿਰਿ[21] ਆਵਹਿ ਜਮ[22] ਦਰਿ[23]ਚੋਟਾ[24] ਖਾਵਣਿਆ[25] ॥ ੪ ॥	They repeatedly die and are reborn and again and again[21] they come. At death's[22] door[23] they suffer[25] the strokes[24].	ਉਹ ਬਾਰੰਬਾਰ ਮਰਦੇ ਤੇ ਜੰਮਦੇ ਹਨ ਅਤੇ ਉਹ ਮੁੜ ਮੁੜ[21] ਕੇ ਆਉਂਦੇ ਹਨ। ਮੌਤ[22] ਦੇ ਬੂਹੇ[23] ਉਤੇ ਉਹ ਸੱਟਾਂ[24] ਸਹਾਰਦੇ[25] ਹਨ।
ਸਬਦੈ[26] ਸਾਦੁ[27] ਜਾਣਹਿ[28] ਤਾ[29] ਆਪੁ[30] ਪਛਾਣਹਿ[31] ॥	If they realise[28] the relish[27] of God's Name[26], then[29] alone can they understand[31] themselves[30].	ਜੇਕਰ ਉਹ ਹਰੀ ਨਾਮ[26] ਦੇ ਸੁਆਦ[27] ਨੂੰ ਅਨੁਭਵ[28] ਕਰਨ, ਕੇਵਲ[29] ਤਦ ਹੀ ਉਹ ਆਪਣੇ[30] ਆਪ ਨੂੰ ਸਮਝ[31] ਸਕਦੇ ਹਨ।
ਨਿਰਮਲ[32]ਬਾਣੀ[33]ਸਬਦਿ[34] ਵਖਾਣਹਿ[35] ॥	Unblemishd[32] is the speech[33] of those who recite[35] Gurbani[34].	ਪਵਿੱਤ੍ਰ[32] ਹੈ ਉਨ੍ਹਾਂ ਦੀ ਕਥਨੀ[33] ਜੋ ਗੁਰਬਾਣੀ[34] ਦਾ ਉਚਾਰਣ[35] ਕਰਦੇ ਹਨ।
ਸਚੇ[36] ਸੇਵਿ[37] ਸਦਾ ਸੁਖੁ[38] ਪਾਇਨਿ ਨਉਨਿਧਿ[39] ਨਾਮੁ ਮੰਨਿ ਵਸਾਵਣਿਆ[40] ॥੫॥	By serving[37] the True Lord[36], they attain to the eternal peace[38] and enshrine[40] in their mind the nine treasures[39] of the Lord's Name.	ਸੱਚੇ ਸੁਆਮੀ[36] ਦੀ ਘਾਲ[37] ਕਮਾਉਣ ਦੁਆਰਾ ਉਹ ਸਦੀਵੀ ਆਰਾਮ[38] ਨੂੰ ਪਰਾਪਤ ਹੁੰਦੇ ਹਨ ਅਤੇ ਆਪਣੇ ਚਿਤ ਅੰਦਰ ਸਾਈਂ ਦੇ ਨਾਮ ਦੇ ਨੌ-ਖ਼ਜ਼ਾਨੇ[39] ਵਸਾਉਂਦੇ[40] ਹਨ।
ਸੋ[41] ਥਾਨੁ[42] ਸੁਹਾਇਆ[43] ਜੋ ਹਰਿ ਮਨਿ ਭਾਇਆ[44] ॥	Beautiful[43] is that[41] place[42] which is pleasing[44] to God's mind.	ਸੁੰਦਰ[43] ਹੈ ਉਹ[41] ਜਗ੍ਹਾ[42] ਜਿਹੜੀ ਵਾਹਿਗੁਰੂ ਦੇ ਚਿੱਤ ਨੂੰ ਚੰਗੀ[44] ਲਗਦੀ ਹੈ।
ਸਤ ਸੰਗਤਿ[45] ਬਹਿ[46] ਹਰਿ-ਗੁਣ[47] ਗਾਇਆ[48] ॥	That alone is the congregation of the saints[45], seated[46] where-in, one sings[48]	ਕੇਵਲ ਉਹੀ ਸਾਧ-ਸਮਾਗਮ[45] ਹੈ, ਜਿਸ ਅੰਦਰ ਬੈਠ[46] ਕੇ, ਇਨਸਾਨ ਨਾਰਾਇਣ ਦਾ ਜੱਸ[47] ਆਲਾਪਦਾ[48] ਹੈ।

God's praises[47].

ਅਨਦਿਨੁ[49] ਹਰਿ ਸਾਲਾਹਹਿ[50] ਸਾਚਾ[54] ਨਿਰਮਲ[51] ਨਾਦੁ[52]ਵਜਾਵਣਿਆ[53]॥੬॥

The immaculate[51] heavenly music[52] plays[53] for them who night[49] and day eulogise[50] the True[54] God.

ਪਵਿੱਤ੍ਰ[51] ਬੈਕੁੰਠੀ ਕੀਰਤਨ[52] ਉਨ੍ਹਾਂ ਲਈ ਅਲਾਪਿਆ[53] ਜਾਂਦਾ ਹੈ ਜੋ ਰਾਤ[49] ਦਿਨ ਸੱਚੇ[54] ਵਾਹਿਗੁਰੂ ਦੀ ਪ੍ਰਸੰਸਾ[50] ਕਰਦੇ ਹਨ।

੧੧੬ / 116

ਮਨਮੁਖ[55] ਖੋਟੀ[56] ਰਾਸਿ[57] ਖੋਟਾ ਪਾਸਾਰਾ[58] ॥

False[56] is the capital[57] and false the ostentation[58] of apostates[55].

ਕੂੜੀ[56] ਹੈ ਪੂੰਜੀ[57] ਤੇ ਕੂੜਾ ਹੀ ਅਡੰਬਰ[58] ਅਧਰਮੀਆਂ[55] ਦਾ।

ਕੂੜੁ[59] ਕਮਾਵਨਿ[60] ਦੁਖੁ ਲਾਗੈ[61] ਭਾਰਾ[62] ॥

They practise[60] falsehood[59] and suffer[61] great[62] agony

ਉਹ ਝੂਠ[59] ਕਮਾਉਂਦੇ[60] ਹਨ ਤੇ ਘਣਾ[62] ਕਸ਼ਟ ਸਹਾਰਦੇ[61] ਹਨ।

ਭਰਮੇ[63] ਭੂਲੇ[64] ਫਿਰਨਿ[65] ਦਿਨ ਰਾਤੀ[66] ਮਰਿ[67] ਜਨਮਹਿ[68]ਜਨਮੁ[69] ਗਵਾਵਣਿਆ[70] ॥ ੭ ॥

Deluded[64] by doubt[63] they wander[65] day and night[66] and lose[70] their life[69] in going[67] and coming[68].

ਸੰਦੇਹ[63] ਦੇ ਕੁਰਾਹੇ[64] ਪਏ ਹੋਏ ਉਹ ਦਿਹੁੰ ਰੈਣ[66] ਭਟਕਦੇ[65] ਹਨ ਅਤੇ ਜਾਣ[67] ਤੇ ਆਉਣ[68] ਵਿਚ ਆਪਣਾ ਜੀਵਨ[69] ਗੁਆ[70] ਲੈਂਦੇ ਹਨ।

ਸਾਚਾ ਸਾਹਿਬੁ[71] ਮੈ ਅਤਿ[72] ਪਿਆਰਾ[73] ॥

The True Lord[71] is exceedingly[72] dear[73] unto me.

ਸੱਚਾ ਸੁਆਮੀ[71] ਮੈਨੂੰ ਖਰਾ[72] ਹੀ ਮਿੱਠੜਾ[73] ਲੱਗਦਾ ਹੈ।

ਪੂਰੇ ਗੁਰ[74] ਕੈ[75] ਸਬਦਿ[76] ਅਧਾਰਾ[77] ॥

The hymns[76] of[75] the perfect Guru[74] are my main-stay[77].

ਪੂਰਨ ਗੁਰਾਂ[74] ਦੀ[75] ਬਾਣੀ[76] ਮੇਰਾ ਆਸਰਾ[77] ਹੈ।

ਨਾਨਕ ਨਾਮਿ ਮਿਲੈ[78] ਵਡਿਆਈ[79] ਦੁਖੁ[80] ਸੁਖੁ[81] ਸਮ ਕਰਿ[82] ਜਾਨਣਿਆ[83] ॥ ੮ ॥ ੧੦ ॥ ੧੧ ॥

Nanak, they, who obtain[78]the greatness[79] of God's Name, deem[83] pain[80] and pleasure[81] alike[82].

ਨਾਨਕ ਜਿਨ੍ਹਾਂ ਨੂੰ ਵਾਹਿਗੁਰੂ ਦੇ ਨਾਮ ਦੀ ਵਿਸ਼ਾਲਤਾ[79] ਹਾਸਲ[78] ਹੁੰਦੀ ਹੈ, ਉਹ ਤਕਲੀਫ਼[80] ਤੇ ਖ਼ੁਸ਼ੀ[81] ਨੂੰ ਇਕ ਸਮਾਨ[82] ਜਾਣਦੇ[83] ਹਨ।

ਮਾਝ ਮਹਲਾ ੩ ॥ / Majh, Third Guru / ਮਾਝ, ਤੀਜੀ ਪਾਤਸ਼ਾਹੀ।

ਤੇਰੀਆ ਖਾਣੀ[84] ਤੇਰੀਆ ਬਾਣੀ[85] ॥

Thine are the (four) sources of creation[84] and Thine the (four) stages of speech[85].

ਤੇਰੇ ਹਨ (ਚਾਰੇ ਹੀ) ਉਤਪਤੀ ਦੇ ਸੋਮੇ[84] ਅਤੇ ਤੇਰੀਆਂ ਹਨ (ਚਾਰੇ ਹੀ) ਸ਼ਬਦ ਦੀਆਂ[85] ਅਵਸਥਾ।

ਬਿਨੁ ਨਾਵੈ ਸਭ ਭਰਮਿ[86] ਭੁਲਾਣੀ[87] ॥

Without God's Name all are deluded[87] by doubt[86].

ਹਰੀ ਦੇ ਨਾਮ ਦੇ ਬਗ਼ੈਰ ਸਾਰੇ ਸੰਦੇਹ[86] ਦੇ ਗੁਮਰਾਹ[87] ਕੀਤੇ ਹੋਏ ਹਨ।

ਗੁਰ ਸੇਵਾ[88] ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ[89] ॥੧॥

From the Guru's service[88]God's Name is obtained. Without the True Guru, no one can receive[89]the Lord's Name.

ਗੁਰਾਂ ਦੀ ਚਾਕਰੀ[88] ਤੋਂ ਵਾਹਿਗੁਰੂ ਦਾ ਨਾਮ ਪਰਾਪਤ ਹੁੰਦਾ ਹੈ। ਸੱਚੇ ਗੁਰਾਂ ਦੇ ਬਾਝੋਂ ਕਿਸੇ ਨੂੰ ਭੀ ਸਾਈਂ ਦਾ ਨਾਮ ਨਹੀਂ ਮਿਲ[89] ਸਕਦਾ।

ਹਉ ਵਾਰੀ ਜੀਉ ਵਾਰੀ ਹਰਿ ਸੇਤੀ[90] ਚਿਤੁ[91] ਲਾਵਣਿਆ[92] ॥

I am a sacrifice, my life is a sacrifice unto those who fix[92]their attention[91] with[90] God.

ਮੈਂ ਕੁਰਬਾਨ ਹਾਂ, ਮੇਰੀ ਜ਼ਿੰਦਗੀ ਕੁਰਬਾਨ ਹੈ, ਉਨ੍ਹਾਂ ਉਤੋਂ ਜੋ ਵਾਹਿਗੁਰੂ ਨਾਲ[90] ਆਪਣੀ ਬਿਰਤੀ[91] ਜੋੜਦੇ[92] ਹਨ।

ਹਰਿ ਸਚਾ[93] ਗੁਰ ਭਗਤੀ[94] ਪਾਈਐ ਸਹਜੇ[95] ਮੰਨਿ[97]

Through devotion[94] unto the Guru, True God[93] is obtained, and He

ਗੁਰਾਂ ਵਾਸਤੇ ਅਨੁਰਾਗ[94] ਪੈਦਾ ਕਰਨ ਰਾਹੀਂ, ਸੱਚਾ ਵਾਹਿਗੁਰੂ[93] ਪਰਾਪਤ ਹੁੰਦਾ ਹੈ, ਅਤੇ ਉਹ ਸੁਖੈਨ[95] ਹੀ

ਵਸਾਵਣਿਆ[96] ॥ ੧ ॥ ਰਹਾਉ ॥	easily[95] comes to abide[96] in the man's mind[97]. Pause.	ਆ ਕੇ ਮਨੁੱਖ ਦੇ ਚਿੱਤ[97] ਅੰਦਰ ਟਿਕ[96] ਜਾਂਦਾ ਹੈ। ਠਹਿਰਾਉ।
ਸਤਿਗੁਰੁ ਸੇਵੇ[98] ਤਾ[99] ਸਭ ਕਿਛੁ[100] ਪਾਏ ॥	If man serves[98] the Sat Guru he then[99] receives everything[100].	ਜੇਕਰ ਬੰਦਾ ਸਤਿਗੁਰਾਂ ਦੀ ਘਾਲ[98] ਕਮਾਵੇ ਤਦ[99] ਸਾਰਾ ਕੁਛ[100] ਮਿਲ ਜਾਂਦਾ ਹੈ।
ਜੇਹੀ[2] ਮਨਸਾ[3] ਕਰਿ ਲਾਗੈ[4] ਤੇਹਾ[5] ਫਲੁ[6] ਪਾਏ[7] ॥	As[2] is the aspiration[3] for the sake of which he takes to[4] service, so[5] is the reward[6], he reaps[7].	ਜੇਹੋ ਜੇਹੀ[2] ਕਾਮਨਾ[3] ਦੀ ਖ਼ਾਤਰ ਉਹ ਸੇਵਾ ਅੰਦਰ ਜੁੜਦਾ[4] ਹੈ, ਉਹੋ ਜੇਹਾ[5] ਹੀ ਸਿਲਾ[6] ਉਹ ਪਾ[7] ਲੈਂਦਾ ਹੈ।
ਸਤਿਗੁਰੁ ਦਾਤਾ[8] ਸਭਨਾ[9] ਵਥੂ[10] ਕਾ ਪੂਰੈ[11] ਭਾਗਿ[12] ਮਿਲਾਵਣਿਆ[13] ॥ ੨ ॥	The True Guru is the giver[8] of all[9] the things[10]. Through perfect[11] good fortune[12] he is met[13].	ਸੱਚਾ ਗੁਰੂ ਸਾਰੀਆਂ[9] ਸ਼ੈਆਂ[10] ਦੇਣਹਾਰ[8] ਹੈ। ਪੂਰਨ[11] ਚੰਗੇ ਨਸੀਬਾਂ[12] ਰਾਹੀਂ ਉਹ ਮਿਲਦਾ[13] ਹੈ।
ਇਹੁ ਮਨੁ[14] ਮੈਲਾ[15] ਇਕੁ[16] ਨ ਧਿਆਏ[17] ॥	This filthy[15] mind[14] remembers[17] not the One Lord[16].	ਇਹ ਗੰਦਾ[15] ਮਨ[14] ਇਕ ਸੁਆਮੀ[16] ਦਾ ਸਿਮਰਨ[17] ਨਹੀਂ ਕਰਦਾ।
ਅੰਤਰਿ[18] ਮੈਲੁ[19] ਲਾਗੀ[20] ਬਹੁ[21] ਦੂਜੈ ਭਾਏ[22] ॥	It is soiled[20] within[18] immense[21] dust[19] of duality[22].	ਇਹ ਅੰਦਰੋਂ[18] ਦਵੈਤ ਭਾਵ[22] ਦੇ ਘਣੇ[21] ਹੀ ਗੰਦ[19] ਨਾਲ ਲਿਬੜਿਆ[20] ਹੋਇਆ ਹੈ।
ਤਟਿ[23] ਤੀਰਥਿ[24] ਦਿਸੰਤਰਿ[25] ਭਵੈ[26] ਅਹੰਕਾਰੀ[27] ਹੋਰੁ ਵਧੇਰੈ[28] ਹਉਮੈ[29] ਮਲੁ[30] ਲਾਵਣਿਆ[31] ॥ ੩ ॥	The egoist[27] repairs[26] to river-banks[23], shrines[24], and foreign lands[25] and gathers[31] still more[28] filth[30] of pride[29].	ਮਗ਼ਰੂਰ[27] ਬੰਦਾ, ਦਰਿਆ ਦੇ ਕਿਨਾਰਿਆਂ[23], ਧਰਮ ਅਸਥਾਨਾਂ[24], ਤੇ ਪਰਦੇਸ਼ਾਂ[25] ਦਾ ਰਟਨ[26] ਕਰਦਾ ਹੈ ਅਤੇ ਉਸ ਨੂੰ ਹੰਕਾਰ[29] ਦੀ ਹੋਰ ਘਣੀ[28] ਗਿਲਾਜ਼ਤ[30] ਚਿਮੜ[31] ਜਾਂਦੀ ਹੈ।
ਸਤਿਗੁਰੁ ਸੇਵੇ ਤਾ[32] ਮਲੁ[33] ਜਾਏ[34] ॥	If he serves the Sat Guru his dirt[33] is removed[34] then[32].	ਜੇਕਰ ਉਹ ਸਤਿਗੁਰਾਂ ਦੀ ਸੇਵ ਕਮਾਵੇ ਤਦ[32] ਉਸ ਦੀ ਮਲੀਨਤਾ[33] ਲਹਿ ਜਾਂਦੀ[34] ਹੈ।
ਜੀਵਤੁ[35] ਮਰੈ[36] ਹਰਿ ਸਿਉ ਚਿਤੁ[37] ਲਾਇ[38] ॥	One, who fixes[38] his mind[37] on God, remains dead[36] whilst alive[35].	ਜੋ ਰੱਬ ਨਾਲ ਆਪਣਾ ਮਨ[37] ਜੋੜਦਾ[38] ਹੈ, ਉਹ ਜੀਉਂਦੇ[35] ਜੀ ਮਰਿਆ[36] ਰਹਿੰਦਾ ਹੈ।
ਹਰਿ[39] ਨਿਰਮਲੁ[40] ਸਚੁ[41] ਮੈਲੁ[42] ਨ ਲਾਗੈ[43] ਸਚਿ ਲਾਗੈ[44] ਮੈਲੁ ਗਵਾਵਣਿਆ[45] ॥ ੪ ॥	Pure[40] is the True[41] Lord[39], and no filth[42] attaches[43] to Him. He, who gets attached[44] to the Truth, comes to wash off[45] his filth.	ਸਾਫ਼-ਸੁਥਰਾ[40] ਹੈ, ਸੱਚਾ[41] ਸੁਆਮੀ[39] ਅਤੇ ਉਸ ਨੂੰ ਕੋਈ ਗਿਲਾਜ਼ਤ[42] ਨਹੀਂ ਚਿਮੜਦੀ[43]। ਜੋ ਸੱਚ ਨਾਲ ਜੁੜ[44] ਜਾਂਦਾ ਹੈ ਉਹ ਆਪਣੀ ਗਿਲਾਜ਼ਤ ਧੋ ਸੁੱਟਦਾ[45] ਹੈ।
ਬਾਝੁ[46] ਗੁਰੂ ਹੈ ਅੰਧ ਗੁਬਾਰਾ[47] ॥	Without[46] the Guru there is pitch darkness[47].	ਗੁਰਾਂ ਦੇ ਬਗ਼ੈਰ[46] ਅਨ੍ਹੇਰ ਘੁਪ[47] ਹੈ।
ਅਗਿਆਨੀ[48] ਅੰਧਾ[49] ਅੰਧੁ ਅੰਧਾਰਾ[50] ॥	The ignorant man[48] is spiritually blind[49]. For him there is inky darkness[50].	ਬੇ-ਸਮਝ ਬੰਦਾ[48] ਆਤਮਿਕ ਤੌਰ[49] ਤੇ ਅੰਨ੍ਹਾ ਹੈ। ਉਸ ਦੇ ਲਈ ਮੁਕੰਮਲ ਅਨ੍ਹੇਰਾ[50] ਹੀ ਅਨ੍ਹੇਰਾ ਹੈ।
ਬਿਸਟਾ[51] ਕੇ ਕੀੜੇ[52] ਬਿਸਟਾ[53] ਕਮਾਵਹਿ[54] ਫਿਰਿ[55] ਬਿਸਟਾ[56] ਮਾਹਿ[57] ਪਚਾਵਣਿਆ[58] ॥	The worms[52] of ordure[51] commit[54] filthy deeds[53] and then[55] putrefy[58] in[57] wickedness[56].	ਗੰਦਗੀ[51] ਦੇ ਕਿਰਮ[52] ਮਲੀਨ ਅਮਲ[53] ਕਰਦੇ[54] ਹਨ ਅਤੇ ਮੁੜ[55] ਕੁਕਰਮਾਂ[56] ਅੰਦਰ[57] ਹੀ ਗਲ-ਸੜ ਜਾਂਦੇ[58] ਹਨ।

ਮੁਕਤੇ[58*] ਸੇਵੇ[59] ਮੁਕਤਾ ਹੋਵੈ ॥	By waiting upon[59] the Emancipated[58*] one is himself emancipated.	ਕਲਿਆਣ ਹੋਏ[58*] ਹੋਏ ਦੀ ਟਹਿਲ[59] ਕਮਾਉਣ ਦੁਆਰਾ ਬੰਦਾ ਖ਼ੁਦ ਕਲਿਆਣ ਪਾ ਜਾਂਦਾ ਹੈ।
ਹਉਮੈ[60] ਮਮਤਾ[61] ਸਬਦੇ[62] ਖੋਵੈ[63] ॥	Through God's Name[62] self-hood[60] and secular love[61] depart[63].	ਰੱਬ ਦੇ ਨਾਮ[62] ਰਾਹੀਂ ਸਵੈ-ਹੰਗਤਾ[60] ਤੇ ਮੋਹ[61] ਦੂਰ[63] ਹੋ ਜਾਂਦੇ ਹਨ।
ਅਨਦਿਨੁ[65] ਹਰਿ ਜੀਉ[66] ਸਚਾ ਸੇਵੀ ਪੂਰੈ[67] ਭਾਗਿ[68] ਗੁਰੁ ਪਾਵਣਿਆ ॥ ੬ ॥	Night and day[65] serve the Honourable[66] True Lord. Through perfect[67] good fortune[68] the Guru is obtained.	ਰੈਣ ਦਿਹੁੰ[65] ਆਪਣੇ ਪਤਵੰਤੇ[66] ਸੱਚੇ ਵਾਹਿਗੁਰੂ ਦੀ ਟਹਿਲ ਕਰ। ਪੂਰਨ[67] ਚੰਗੇ ਨਸੀਬਾਂ[68] ਰਾਹੀਂ ਗੁਰਾਂ ਦੀ ਪਰਾਪਤੀ ਹੁੰਦੀ ਹੈ।
ਆਪੇ[69] ਬਖਸੇ[70] ਮੇਲਿ[71] ਮਿਲਾਏ[72] ॥	The Lord Himself[69] grants pardon[70] and unites[72] in His union[71].	ਸਾਈਂ ਖ਼ੁਦ[69] ਮਾਫ਼ੀ[70] ਦਿੰਦਾ ਹੈ ਤੇ ਆਪਣੇ ਮਿਲਾਪ[71] ਵਿਚ ਮਿਲਾਉਂਦਾ[72] ਹੈ।
ਪੂਰੇ ਗੁਰ ਤੇ[75] ਨਾਮੁ ਨਿਧਿ[73] ਪਾਏ[74] ॥	From[75] the perfect Guru man obtains[74] the Name treasure[73].	ਪੂਰਨ ਗੁਰਾਂ ਪਾਸੋਂ[75] ਨਾਮ ਦਾ ਖ਼ਜ਼ਾਨਾ[73] ਮਿਲਦਾ[74] ਹੈ।
ਸਚੈ ਨਾਮਿ[76] ਸਦਾ[77] ਮਨੁ[78] ਸਚਾ[79] ਸਚੁ[80] ਸੇਵੇ ਦੁਖੁ[81] ਗਵਾਵਣਿਆ[82] ॥ ੭ ॥	By dwelling on the True Name[76] the soul[78] is sanctified[79] for aye[77], and by serving the True One[80] sorrow[81] is driven away[82].	ਸੱਚੇ ਨਾਮ[76] ਦਾ ਸਿਮਰਨ ਕਰਨ ਦੁਆਰਾ ਆਤਮਾ[78] ਹਮੇਸ਼ਾਂ[77] ਲਈ ਪਾਕ ਪਵਿੱਤ੍ਰ[79] ਹੋ ਜਾਂਦੀ ਹੈ ਅਤੇ ਸਤਿ ਪੁਰਖ[80] ਦੀ ਟਹਿਲ ਕਮਾਉਣ ਦੁਆਰਾ ਗ਼ਮ[81] ਦੂਰ[82] ਹੋ ਜਾਂਦਾ ਹੈ।
ਸਦਾ[83] ਹਜੂਰਿ[84] ਦੂਰਿ[85] ਨ ਜਾਣਹੁ[86] ॥	The Lord is ever[83] close at hand[84]. Deem[86] Him not distant[85].	ਸੁਆਮੀ ਸਦੀਵ[83] ਹੀ ਐਨ ਲਾਗੇ[84] ਹੈ। ਉਸ ਨੂੰ ਦੁਰੇਡਾ[85] ਖ਼ਿਆਲ[86] ਨਾ ਕਰੋ।
ਗੁਰਸਬਦੀ[87] ਹਰਿ ਅੰਤਰਿ[88] ਪਛਾਣਹੁ[89] ॥	Under Guru's instruction[87] realise[89] God within[88] thee.	ਗੁਰਾਂ ਦੇ ਉਪਦੇਸ਼[87] ਤਾਬੇ ਵਾਹਿਗੁਰੂ ਨੂੰ ਆਪਣੇ ਅੰਦਰ[88] ਅਨੁਭਵ[89] ਕਰੋ।
ਨਾਨਕ ਨਾਮਿ ਮਿਲੈ[90] ਵਡਿਆਈ[91] ਪੂਰੇ[92] ਗੁਰ[93] ਤੇ ਪਾਵਣਿਆ[94] ॥੮॥੧੧॥੧੨	Nanak, through God's Name greatness[91] is attained[90], and from[93] the perfect[92] Guru the Name is received[94].	ਨਾਨਕ, ਰੱਬ ਦੇ ਨਾਮ ਦੇ ਰਾਹੀਂ ਬਜ਼ੁਰਗੀ[91] ਪਰਾਪਤ[90] ਹੁੰਦੀ ਹੈ ਅਤੇ ਪੂਰਨ[92] ਗੁਰਾਂ ਤੋਂ[93] ਨਾਮ ਪਾਇਆ[94] ਜਾਂਦਾ ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਐਥੈ[95] ਸਾਚੇ[96] ਸੁ[97] ਆਗੈ[98] ਸਾਚੇ ॥	He[97] who is true[96] here[95], is true hereafter[98] as well.	ਜਿਹੜਾ ਏਥੇ[95] ਸੱਚਾ[96] ਹੈ, ਉਹ[97] ਅੱਗੇ[98] ਭੀ ਸੱਚਾ ਹੈ।
ਮਨੁ ਸਚਾ ਸਚੈ ਸਬਦਿ[99] ਰਾਚੇ[100] ॥	True is the soul that is absorbed[100] in the True Name[99].	ਸਚੀ ਹੈ ਆਤਮਾ ਜੋ ਸਤਿਨਾਮ[99] ਅੰਦਰ ਲੀਨ[100] ਹੈ।
ਸਚਾ[2] ਸੇਵਹਿ[3] ਸਚੁ[4] ਕਮਾਵਹਿ[5] ਸਚੋ ਸਚੁ[6] ਕਮਾਵਣਿਆ[7] ॥ ੧ ॥	The True Lord[2] he serves[3], True Name[4] he repeats[5] and nothing but Truth[6] he practises[7].	ਸੱਚੇ ਸਾਹਿਬ[2] ਦੀ ਉਹ ਟਹਿਲ[3] ਕਰਦਾ ਹੈ, ਸੱਚੇ ਨਾਮ[4] ਦਾ ਉਹ ਜਾਪ ਕਰਦਾ[5] ਹੈ ਅਤੇ ਨਿਰੋਲ ਸੱਚ[6] ਦੀ ਹੀ ਉਹ ਕਿਰਤ[7] ਕਰਦਾ ਹੈ।
ਹਉ ਵਾਰੀ[8] ਜੀਉ[9] ਵਾਰੀ ਸਚਾ ਨਾਮੁ ਮੰਨਿ ਵਸਾਵਣਿਆ[10] ॥	I am devoted[8], my soul[9] is devoted unto him who places[10] the True Name in his mind.	ਮੈਂ ਸਦਕੇ[8] ਹਾਂ, ਮੇਰੀ ਜਿੰਦੜੀ[9] ਸਦਕੇ ਹੈ ਉਸ ਉਤੋਂ ਜੋ ਸਤਿਨਾਮ ਨੂੰ ਆਪਣੇ ਚਿੱਤ ਵਿਚ ਟਿਕਾਉਂਦਾ[10] ਹੈ।
ਸਚੇ[11] ਸੇਵਹਿ[12] ਸਚਿ ਸਮਾ-	He serves[12] the True Being[11], sings[13]	ਉਹ ਸਤਿ ਪੁਰਖ[11] ਦੀ ਖ਼ਿਦਮਤ[12] ਗੁਜ਼ਾਰਦਾ ਹੈ,

ਵਹਿ[13] ਸਚੇ ਕੇ ਗੁਣ[14] ਗਾਵਣਿਆ[15] ॥੧॥ਰਹਾਉ॥	the praises[14] of the True Being and gets absorbed in the True Being. Pause.	ਸਤਿਪੁਰਖ ਦਾ ਜੱਸ[14] ਗਾਇਨ[15] ਕਰਦਾ ਹੈ ਅਤੇ ਸਤਿਪੁਰਖ ਅੰਦਰ ਹੀ ਲੀਨ[13] ਹੋ ਜਾਂਦਾ ਹੈ । ਠਹਿਰਾਉ ।
ਪੰਡਿਤ ਪੜਹਿ[16] ਸਾਦੁ[17] ਨ ਪਾਵਹਿ[18] ॥	The Pandit reads[16] the religious texts but tastes[18] not their relish[17].	ਪੰਡਤ ਧਾਰਮਕ ਗ੍ਰੰਥ ਵਾਚਦਾ[16] ਹੈ ਪ੍ਰੰਤੂ ਉਨ੍ਹਾਂ ਦੇ ਸੁਆਦ[17] ਨੂੰ ਨਹੀਂ ਲੈਂਦਾ[18] ।
ਦੂਜੈ ਭਾਇ[19] ਮਾਇਆ[20] ਮਨੁ[21] ਭਰਮਾਵਹਿ[22] ॥	Owing to duality[19] his mind[21] wanders[22] in worldly valuables[20].	ਦਵੈਤ-ਭਾਵ[19] ਦੇ ਕਾਰਨ ਉਸ ਦਾ ਚਿੱਤ[21] ਸੰਸਾਰੀ ਪਦਾਰਥਾਂ[20] ਅੰਦਰ ਭਟਕਦਾ[22] ਹੈ ।
ਮਾਇਆ[23] ਮੋਹਿ[24] ਸਭ ਸੁਧਿ[25] ਗਵਾਈ[26] ਕਰਿ[27] [28]ਅਵਗਣ[29] ਪਛੋਤਾਵਣਿਆ[30] ॥	The love[24] of wealth[23] has ousted[26] his understanding[25], and committing[27] [28]misdeeds[29] he regrets[30].	ਧਨ ਦੌਲਤ[23] ਦੀ ਲਗਨ[24] ਨੇ ਉਸ ਦੀ ਅਕਲ[25] ਮਾਰ ਛੱਡੀ[26] ਹੈ ਅਤੇ ਮੰਦੇ[28] ਅਮਲ[29] ਕਮਾ[27] ਕੇ ਉਹ ਪਸਚਾਤਾਪ[30] ਕਰਦਾ ਹੈ ।
ਸਤਿਗੁਰੁ ਮਿਲੈ[31] ਤਾਂ[32] ਤਤੁ[33] ਪਾਏ ॥ ਹਰਿ ਕਾ ਨਾਮੁ ਮੰਨਿ[34] ਵਸਾਏ[35] ॥	If man meets[31] the True Guru, then[32] does he obtain reality[33] and places[35] God's Name in his heart[34].	ਜੇਕਰ ਬੰਦਾ ਸੱਚੇ ਗੁਰਾਂ ਨੂੰ ਭੇਟ[31] ਲਵੇ, ਤਦ[32] ਉਹ ਅਸਲੀਅਤ[33] ਨੂੰ ਪਾ ਲੈਂਦਾ ਹੈ ਅਤੇ ਹਰੀ ਨਾਮ ਨੂੰ ਆਪਣੇ ਦਿਲ[34] ਵਿਚ ਟਿਕਾ[35] ਲੈਂਦਾ ਹੈ ।
੧੧੭	117	੧੧੭
ਸਬਦਿ[36] ਮਰੈ[37] ਮਨੁ[38] ਮਾਰੈ[39] ਅਪੁਨਾ ਮੁਕਤੀ[40] ਕਾ ਦਰੁ[41] ਪਾਵਣਿਆ[42] ॥੩॥	He, who dies[37] with God's Name[36] and subdues[39] his mind[38], obtains[42] the door[41] of emancipation[40].	ਜੋ ਰੱਬ ਦੇ ਨਾਮ[36] ਨਾਲ ਮਰਦਾ[37] ਤੇ ਆਪਣੇ ਮਨੂਏ[38] ਨੂੰ ਕਾਬੂ[39] ਕਰਦਾ ਹੈ, ਉਹ ਕਲਿਆਣ[40] ਦੇ ਦਰਵਾਜ਼ੇ[41] ਨੂੰ ਪਾ[42] ਲੈਂਦਾ ਹੈ ।
ਕਿਲਵਿਖ[43] ਕਾਟੈ[44] ਕ੍ਰੋਧੁ[45] ਨਿਵਾਰੇ[46] ॥ ਗੁਰ ਦਾ ਸਬਦੁ[47] ਰਖੈ[48] [49]ਉਰਧਾਰੇ[50] ॥	He, who keeps[48] Gurbani[47] clasped[50] to his heart[49], effaces[44] his sins[43] and annulls[46] his anger[45].	ਜੋ ਗੁਰਬਾਣੀ[47] ਨੂੰ ਆਪਣੇ ਦਿਲ[49] ਨਾਲ ਲਾਈ[50] ਰੱਖਦਾ[48] ਹੈ, ਉਹ ਆਪਣੇ ਪਾਪ[43] ਮੇਸ ਸੁੱਟਦਾ[44] ਹੈ ਤੇ ਗੁੱਸੇ[45] ਨੂੰ ਮੇਟ[46] ਦਿੰਦਾ ਹੈ ।
ਸਚਿ ਰਤੇ[51] ਸਦਾ ਬੈਰਾਗੀ[52] ਹਉਮੈ[53] ਮਾਰਿ[54] ਮਿਲਾਵਣਿਆ[55] ॥ ੪ ॥	They, who are imbued[51] with truth, remain ever detached[52] and stilling[54] their self-hood[53], they unite their soul with[55] the Lord.	ਜੋ ਸੱਚ ਨਾਲ ਰੰਗੀਜੇ[51] ਹਨ, ਉਹ ਹਮੇਸ਼ਾ ਹੀ ਨਿਰ-ਲੇਪ[52] ਰਹਿੰਦੇ ਹਨ ਅਤੇ ਆਪਣੀ ਸਵੈ-ਹੰਗਤਾ[53] ਨੂੰ ਮੇਸ[54] ਕੇ, ਆਪਣੀ ਆਤਮਾ ਨੂੰ ਸਾਈਂ ਨਾਲ ਜੋੜ[55] ਲੈਂਦੇ ਹਨ ।
ਅੰਤਰਿ[56] ਰਤਨੁ[57] ਮਿਲੈ[58] ਮਿਲਾਇਆ[59] ॥	Within[56] the mortal is the Name jewel[57]. It is obtained[58] if the Guru makes it accessible[59].	ਪ੍ਰਾਣੀ ਦੇ ਅੰਦਰ[56] ਨਾਮ ਦਾ ਜਵੇਹਰ[57] ਹੈ । ਜੇਕਰ ਗੁਰੂ ਜੀ ਪਰਾਪਤ[59] ਕਰਾਉਣ ਤਾਂ ਇਹ ਮਿਲਦਾ[58] ਹੈ
[60]ਤ੍ਰਿਬਿਧਿ[61] ਮਨਸਾ[62] ਤ੍ਰਿਬਿਧਿ[63] ਮਾਇਆ[64] ॥	Otherwise three[60] tempered[61] mind[62] is engrossed in the three qualitied[63] mammon[64].	ਨਹੀਂ ਤਾਂ ਤਿੰਨਾਂ[60] ਸੁਭਾਵਾਂ[61] ਵਾਲਾ ਮਨੂਆ[62] ਤਿੰਨਾਂ ਗੁਣਾਂ[63] ਵਾਲੀ ਮੋਹਨੀ[64] ਅੰਦਰ ਖਚਤ ਹੋ ਜਾਂਦਾ ਹੈ ।
ਪੜਿ ਪੜਿ[65] ਪੰਡਿਤ ਮੋਨੀ[66] ਥਕੇ[67] ਚਉਥੇ ਪਦ[68] ਕੀ ਸਾਰ[69] ਨ ਪਾਵਣਿਆ[70] ॥੫॥	Reading and reciting[65], the Pandits and silent sages[66] have grown weary[67], but they know[70] not the worth[69] of fourth state[68].	ਪੜ੍ਹ ਵਾਚ[65] ਕੇ ਪੰਡਤ ਤੇ ਖ਼ਾਮੋਸ਼ ਰਿਸ਼ੀ[66] ਹਾਰ[67] ਗਏ ਹਨ ਪ੍ਰੰਤੂ ਉਹ ਚੌਥੀ ਅਵਸਥਾ[68] ਦੀ ਕਦਰ[69] ਨੂੰ ਨਹੀਂ ਜਾਣਦੇ[70] ।
ਆਪੇ[71] ਰੰਗੇ[72] ਰੰਗੁ[73]	The Lord Himself[71] dyes[72] by impor-	ਸਾਈਂ ਆਪ[71] ਹੀ ਆਪਣੇ ਪ੍ਰੇਮ[73] ਦੀ ਪਾਹ[74] ਦੇ ਕੇ

ਚੜ੍ਹਾਏ[74] ॥	ting[74] the dye of His love[73].	ਰੰਗਦਾ[72] ਹੈ ।
ਸੇ[75] ਜਨ[76] ਰਾਤੇ[77] ਗੁਰ ਸਬਦਿ[78] ਰੰਗਾਏ[79] ॥	Only those[75] persons[76], who are imbued[79] with Gurbani[78], are so dyed[77].	ਕੇਵਲ ਉਹੀ[75] ਪੁਰਸ਼[76], ਜੋ ਗੁਰਬਾਣੀ[78] ਨਾਲ ਰੰਗੀਜੇ[79] ਹਨ, ਇਸ ਤਰ੍ਹਾਂ ਰੰਗੇ[77] ਜਾਂਦੇ ਹਨ ।
ਹਰਿ[80] ਰੰਗੁ[81] ਚੜਿਆ[82] ਅਤਿ[83] ਅਪਾਰਾ[84] ਹਰਿ[85] ਰਸਿ ਰਸਿ[86] ਗੁਣ[87] ਗਾਵਣਿਆ[88] ॥ ੬ ॥	He, who has adopted[82] the dye of the love[81] of the exceedingly[83] comely[84] Lord[80], sings[88] God's[85] praises[87] with great relish[86].	ਜਿਸ ਨੇ [83]ਪਰਮ-ਸੁੰਦਰ[84] ਸੁਆਮੀ[80] ਦੇ ਪਰੇਮ[81] ਦੀ ਰੰਗਤ ਅਖ਼ਤਿਆਰ[82] ਕਰ ਲਈ ਹੈ, ਉਹ ਬੜੇ ਸੁਆਦ[86] ਨਾਲ ਵਾਹਿਗੁਰੂ[85] ਦੀ ਕੀਰਤੀ[87] ਗਾਇਨ[88] ਕਰਦਾ ਹੈ ।
ਗੁਰਮੁਖਿ[89] ਰਿਧਿ[90] ਸਿਧਿ[91] ਸਚੁ[92] ਸੰਜਮੁ[93] ਸੋਈ[94] ॥	For the Guruward[89] that[94] True One[92] is the wealth[90], miracle[91] and self-mortification[93].	ਗੁਰੂ ਸਮਰਪਣ[89] ਲਈ[94] ਉਹ ਸਤਿਪੁਰਖ[92] ਹੀ ਧਨ ਸੰਪਦਾ[90], ਕਰਾਮਾਤ[91] ਤੇ ਸਵੈ-ਰਿਆਜ਼ਤ[93] ਹੈ ।
ਗੁਰਮੁਖਿ ਗਿਆਨੁ[95] ਨਾਮਿ ਮੁਕਤਿ[96] ਹੋਈ ॥	The Guruward acquires Divine knowledge[95] and through God's Name gets emancipated[96].	ਗੁਰੂ ਸਮਰਪਣ ਬ੍ਰਹਿਮ[95] ਬੋਧ ਨੂੰ ਪਰਾਪਤ ਹੁੰਦਾ ਹੈ ਅਤੇ ਹਰੀ ਨਾਮ ਦੇ ਰਾਹੀਂ ਮੁਕਤ[96] ਹੋ ਜਾਂਦਾ ਹੈ ।
ਗੁਰਮੁਖਿ[97] ਕਾਰ[98] ਸਚੁ[99] ਕਮਾਵਹਿ[100] ਸਚੇ ਸਚਿ[2] ਸਮਾਵਣਿਆ[3] ॥ ੭ ॥	The pious person[97] does[100] righteous[99] deeds[98] and is absorbed[3] in the Truest[2] of the true.	ਪਵਿੱਤ੍ਰ ਪੁਰਸ਼[97] ਸੱਚੇ[99] ਅਮਲ[98] ਕਮਾਉਂਦਾ[100] ਹੈ ਅਤੇ ਸਚਿਆਰਾਂ ਦੇ ਪਰਮ ਸਚਿਆਰ[2] ਅੰਦਰ ਲੀਨ[3] ਹੋ ਜਾਂਦਾ ਹੈ ।
ਗੁਰਮੁਖਿ[4] ਥਾਪੇ[5] ਥਾਪਿ[6] ਉਥਾਪੇ[7] ॥	The True Guru-sikh[4] realises that the Lord creates[5] and having created[6] Himself destroys[7].	ਸੱਚਾ ਗੁਰਸਿਖ[4] ਅਨੁਭਵ ਕਰਦਾ ਹੈ ਕਿ ਸਾਹਿਬ ਰਚਦਾ[5] ਹੈ ਅਤੇ ਰਚ[6] ਕੇ ਖ਼ੁਦ ਹੀ ਨਾਸ[7] ਕਰਦਾ ਹੈ ।
ਗੁਰਮੁਖਿ ਜਾਤਿ[8] ਪਤਿ[9] ਸਭੁ[10] ਆਪੇ[12] ॥	Of the Guruward the Lord Himself[12] is the caste[8] and all[10] honour[9].	ਗੁਰੂ ਸਮਰਪਣ ਦਾ ਸਾਈਂ ਆਪ[12] ਹੀ ਜਾਤੀ[8] ਤੇ ਸਮੂਹ[10] ਇੱਜ਼ਤ[9] ਹੈ ।
ਨਾਨਕ ਗੁਰਮੁਖਿ[13] ਨਾਮੁ ਧਿਆਏ[14] ਨਾਮੇ[15] ਨਾਮਿ ਸਮਾਵਣਿਆ[16] ॥੮॥੧੨॥ ॥ ੧੩ ॥	Nanak, the Sikh resigned to the Guru's[13] will meditates[14] on the Name and merges[16] in the Name of the Name-incarnate[15] Lord.	ਨਾਨਕ ਗੁਰੂ ਅਨੁਸਾਰੀ[13] ਸਿਖ ਨਾਮ ਦਾ ਅਰਾਧਨ[14] ਕਰਦਾ ਹੈ ਅਤੇ ਨਾਮ-ਸਰੂਪ ਸਾਹਿਬ[15] ਦੇ ਨਾਮ ਵਿਚ ਹੀ ਲੀਨ[16] ਹੋ ਜਾਂਦਾ ਹੈ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਉਤਪਤਿ[17] ਪਰਲਉ[18] ਸਬਦੇ[19] ਹੋਵੈ[20] ॥	The creation[17] and deluge[18] occur[20] through the Lord's Word[19].	ਰਚਨਾ[17] ਤੇ ਕਿਆਮਤ[18] ਸੁਆਮੀ ਦੇ ਬਚਨ[19] ਰਾਹੀਂ ਹੁੰਦੀ[20] ਹੈ ।
ਸਬਦੇ ਹੀ ਫਿਰਿ[21] ਓਪਤਿ[22] ਹੋਵੈ[23] ॥	Through the Word the creation[22] evolves[23] again[21].	ਬਚਨ ਰਾਹੀਂ ਹੀ ਉਤਪਤੀ[22] ਮੁੜ[21] ਪ੍ਰਕਾਸ਼ਦੀ[23] ਹੈ ।
ਗੁਰਮੁਖਿ[24] ਵਰਤੈ[25] ਸਭੁ[26] ਆਪੇ[27] ਸਚਾ[28] ਗੁਰਮੁਖਿ ਉਪਾਇ[29] ਸਮਾਵਣਿਆ[30] ॥੧॥	Guru's slave[24] knows that the True Lord[28] Himself[27] does[25] everything[26]. The Guru's ward realises that having created[29] He merges[30] all in Himself.	ਗੁਰਾਂ ਦਾ ਗੋਲਾ[24] ਜਾਣਦਾ ਹੈ ਕਿ ਸੱਚਾ ਸਾਹਿਬ[28] ਆਪ[27] ਹੀ ਸਾਰਾ ਕੁਛ[26] ਕਰਦਾ[25] ਹੈ । ਗੁਰੂ-ਸਮਰਪਣ ਅਨੁਭਵ ਕਰਦਾ ਹੈ ਕਿ ਸਭਸ ਨੂੰ ਪੈਦਾ[29] ਕਰਕੇ ਉਹ ਆਪਣੇ ਵਿਚ ਹੀ ਲੀਨ[30] ਕਰ ਲੈਂਦਾ ਹੈ ।
ਹਉ ਵਾਰੀ ਜੀਉ ਵਾਰੀ ਗੁਰ	I am a sacrifice, my soul is a	ਮੈਂ ਕੁਰਬਾਨ ਹਾਂ, ਮੇਰੀ ਜਿੰਦੜੀ ਕੁਰਬਾਨ ਹੈ ਉਨ੍ਹਾਂ

ਪੂਰਾ ਮੰਨਿ ਵਸਾਵਣਿਆ[31]॥	sacrifice unto those who enshrine[31] the perfect Guru in their mind.	ਉਤੋਂ ਜੋ ਪੂਰਨ ਗੁਰੂ ਨੂੰ ਆਪਣੇ ਚਿਤ ਅੰਦਰ ਟਿਕਾਉਂਦੇ[31] ਹਨ।
ਗੁਰ[32] ਤੇ ਸਾਤਿ[33] ਭਗਤਿ[34] ਕਰੇ ਦਿਨੁ ਰਾਤੀ[35] ਗੁਣ[36] ਕਹਿ[37] ਗੁਣੀ[38] ਸਮਾਵਣਿਆ[39] ॥ ੧ ॥ ਰਹਾਉ ॥	Through the Guru[32] man obtains peace[33] and performs Lord's devotional service[34] day and night[35]. Uttering[37] His praises[36] he merges[39] in the praise-worthy[38] One. Pause.	ਗੁਰਾਂ ਦੇ ਰਾਹੀਂ[32] ਬੰਦਾ ਠੰਢ-ਚੈਨ[33] ਪਾਉਂਦਾ ਤੇ ਸਾਹਿਬ ਦੀ ਦਿਹੁੰ ਰੈਣ[35] ਪਰੇਮ-ਮਈ ਸੇਵਾ[34] ਕਰਦਾ ਹੈ। ਉਸ ਦੀ ਸ਼ਲਾਘਾ[36] ਵਰਨਣ[37] ਕਰਕੇ ਉਹ ਸ਼ਲਾਘਾ-ਯੋਗ[38] ਪੁਰਖ ਵਿਚ ਲੀਨ[39] ਹੋ ਜਾਂਦਾ ਹੈ। ਠਹਿਰਾਉ।
ਗੁਰਮੁਖਿ ਧਰਤੀ[40] ਗੁਰਮੁਖਿ ਪਾਣੀ[41] ॥	The Guruward sees God on the earth[40]. The Guru's slave recognises Him in water[41].	ਗੁਰੂ-ਸਮਰਪਣ ਹਰੀ ਨੂੰ ਜ਼ਮੀਨ[40] ਤੇ ਵੇਖਦਾ ਹੈ। ਗੁਰਾਂ ਦਾ ਗੋਲਾ ਉਸ ਨੂੰ ਜਲ[41] ਅੰਦਰ ਸਿਞਾਣਦਾ ਹੈ।
ਗੁਰਮੁਖਿ[42] ਪਵਣੁ[43] ਬੈਸੰਤਰੁ[44] ਖੇਲੈ[45] ਵਿਡਾਣੀ[46] ॥	Guru's beloved[42] realises Him playing[45] wonderous games[46] through wind[43] and fire[44].	ਗੁਰਾਂ ਦਾ ਗੋਲਾ[42] ਉਸ ਨੂੰ ਹਵਾ[43] ਤੇ ਅੱਗ[44] ਦੇ ਰਾਹੀਂ ਅਸਚਰਜ ਖੇਡਾਂ[46] ਖੇਡਦਾ ਹੋਇਆ[45] ਅਨੁਭਵ ਕਰਦਾ ਹੈ।
ਸੋ[47] ਨਿਗੁਰਾ[48] ਜੋ ਮਰਿ[49] ਮਰਿ ਜੰਮੈ ਨਿਗੁਰੇ ਆਵਣ ਜਾਵਣਿਆ[50] ॥ ੨ ॥	He[47], who repeatedly dies[49] and is re-born, is without[48] the Guru. The one without the Guru continues coming and going[50].	ਜੋ ਮੁੜ ਮੁੜ[49] ਕੇ ਮਰਦਾ ਤੇ ਜੰਮਦਾ ਹੈ, ਉਹ[47] ਗੁਰੂ ਵਿਹੂਣ[48] ਹੈ। ਜੋ ਗੁਰੂ ਵਿਹੂਣ ਪ੍ਰਾਣੀ ਹੈ ਉਹ ਆਉਂਦਾ ਤੇ ਜਾਂਦਾ[50] ਰਹਿੰਦਾ ਹੈ।
ਤਿਨ[51] ਕਰਤੈ[52] ਇਕੁ ਖੇਲੁ[53] ਰਚਾਇਆ[54] ॥	That[51] Creator[52] has set agoing[54] a play[53].	ਉਸ[51] ਸਿਰਜਣਹਾਰ[52] ਨੇ ਇਕ ਨਾਟਕ[53] ਸਾਜਿਆ[54] ਹੈ।
ਕਾਇਆ[55] ਸਰੀਰੈ[56] ਵਿਚਿ ਸਭੁ ਕਿਛੁ[57] ਪਾਇਆ[58] ॥	In the frame work[55] of the human body[56] He has put[58] all the goods[57].	ਮਨੁੱਖੀ ਦੇਹਿ[56] ਦੇ ਕਲਬੂਤ[55] ਅੰਦਰ, ਉਸ ਨੇ ਸਾਰੀਆਂ ਵਸਤੂਆਂ[57] ਪਾਈਆਂ[58] ਹਨ।
ਸਬਦਿ[59] ਭੇਦਿ[60] ਕੋਈ[61] ਮਹਲੁ[62] ਪਾਏ[63] ਮਹਲੇ[64] ਮਹਲਿ[65] ਬੁਲਾਵਣਿਆ[66] ॥੩॥	Pierced through[60] with His Name[59], some rare[61] person obtains[63] the Lord's presence[62]. Such a bride[65] the Master calls[66] into His mansion[64].	ਉਸ ਦੇ ਨਾਮ[59] ਨਾਲ ਵਿੰਨ੍ਹਿਆ[60] ਜਾ ਕੇ ਕੋਈ ਵਿਰਲਾ ਪੁਰਸ਼[61] ਹੀ ਸਾਈਂ ਦੀ ਹਜ਼ੂਰੀ[62] ਨੂੰ ਪਰਾਪਤ[63] ਹੁੰਦਾ ਹੈ। ਐਸੀ ਵਹੁਟੀ[65] ਨੂੰ ਮਾਲਕ ਆਪਣੇ ਮੰਦਰ[64] ਅੰਦਰ ਬੁਲਾ ਲੈਂਦਾ[66] ਹੈ।
ਸਚਾ ਸਾਹੁ[67] ਸਚੇ ਵਣਜਾਰੇ[68] ॥	True is the Banker[67], and true are His traders[68].	ਸੱਚਾ ਹੈ ਸ਼ਾਹੂਕਾਰ[67] ਤੇ ਸੱਚੇ ਹਨ ਉਸ ਦੇ ਵਾਪਾਰੀ[68]।
ਸਚੁ[69] ਵਣੰਜਹਿ[70] ਗੁਰ ਹੇਤਿ[71] ਅਪਾਰੇ[72] ॥	Through infinite[72] love[71] of the Guru they purchase[70] the True Name[69].	ਗੁਰਾਂ ਦੇ ਅਨੰਤ[72] ਪਰੇਮ[71] ਰਾਹੀਂ ਉਹ ਸਤਿਨਾਮ[69] ਨੂੰ ਖ਼ਰੀਦਦੇ[70] ਹਨ।
ਸਚੁ ਵਿਹਾਝਹਿ[73] ਸਚੁ ਕਮਾਵਹਿ[74] ਸਚੋ ਸਚੁ[75] ਕਮਾਵਣਿਆ[76] ॥ ੪ ॥	Truth they deal in[73], truth they practise[74] and nothing but Truth[75] they earn[76].	ਸੱਚ ਦਾ ਉਹ ਵਪਾਰ ਕਰਦੇ[73] ਹਨ, ਸੱਚ ਦਾ ਉਹ ਅਭਿਆਸ[74] ਕਰਦੇ ਹਨ ਤੇ ਨਿਰੋਲ ਸੱਚ[75] ਦੀ ਹੀ ਉਹ ਖੱਟੀ ਖੱਟਦੇ[76] ਹਨ।
ਬਿਨੁ ਰਾਸੀ[77] ਕੋ[78] ਵਥੁ[79] ਕਿਉ[80] ਪਾਏ ॥	How[80] can any one[78] have merchandise[79] without the capital[77] ?	ਪੂੰਜੀ[77] ਦੇ ਬਾਝੋਂ ਕੋਈ ਜਣਾ[78] ਵਸਤੂ[79] ਕਿਸ ਤਰ੍ਹਾਂ[80] ਪਰਾਪਤ ਕਰ ਸਕਦਾ ਹੈ ?
ਮਨਮੁਖ[81] ਭੂਲੇ[82] ਲੋਕ[83]	The wayward[81] persons[83] are all[84]	ਆਪ-ਹੁਦਰੇ[81] ਪੁਰਸ਼[83] ਸਭ[84] ਕੁਰਾਹੇ[82] ਪਏ ਹੋਏ ਹਨ।

ਸਬਾਏ[84] ॥	gone astray[82].	
ਬਿਨੁ ਰਾਸੀ[85] ਸਭ ਖਾਲੀ[86] ਚਲੇ[87] ਖਾਲੀ ਜਾਇ ਦੁਖੁ[88] ਪਾਵਣਿਆ[89] ॥ ੫ ॥	Without the Name's wealth[85] all go[87] empty-handed[86], and going empty-handed they suffer[89] pain[88].	ਨਾਮ ਪਦਾਰਥ[85] ਦੇ ਬਗ਼ੈਰ ਸਾਰੇ ਸੱਖਣੇ-ਹੱਥੀਂ[86] ਜਾਂਦੇ[87] ਹਨ ਅਤੇ ਸੱਖਣੇ-ਹੱਥੀਂ ਜਾ ਕੇ ਉਹ ਤਕਲੀਫ਼[88] ਉਠਾ-ਉਂਦੇ[89] ਹਨ ।
ਇਕਿ[90] ਸਚੁ[91] ਵਣੰਜਹਿ[92] ਗੁਰ ਸਬਦਿ[93] ਪਿਆਰੇ[94] ॥	Some[90] deal in[92] the True Name[91] through the love[94] of Gurbani[93].	ਕਈ[90] ਗੁਰਬਾਣੀ[93] ਦੀ ਪ੍ਰੀਤ[94] ਰਾਹੀਂ ਸੱਚੇ ਨਾਮ[91] ਦਾ ਵਪਾਰ[92] ਕਰਦੇ ਹਨ ।
ਆਪਿ[95] ਤਰਹਿ[96] ਸਗਲੇ[97] ਕੁਲ[98] ਤਾਰੇ ॥	They save[96] themselves[95] and save their entire[97] lineage[98] as well.	ਉਹ ਖ਼ੁਦ[95] ਪਾਰ ਉਤਰ[96] ਜਾਂਦੇ ਹਨ ਅਤੇ ਆਪਣੀ ਸਾਰੀ[97] ਵੰਸ਼[98] ਨੂੰ ਭੀ ਤਾਰ ਲੈਂਦੇ ਹਨ ।
ਆਏ[99] ਸੇ[100] ਪਰਵਾਣੁ[2] ਹੋਏ ਮਿਲਿ ਪ੍ਰੀਤਮ[3] ਸੁਖੁ ਪਾਵਣਿਆ ॥ ੬ ॥	Acceptable[2] is the advent[99] of those[100] who, meeting their Beloved[3], obtain peace.	ਪ੍ਰਮਾਣੀਕ[2] ਹੈ ਉਨ੍ਹਾਂ[100] ਦਾ ਆਗਮਨ[99] ਜੋ ਆਪਣੇ ਦਿਲਬਰ[3] ਨੂੰ ਮਿਲਕੇ, ਆਰਾਮ ਪਾਉਂਦੇ ਹਨ ।
ਅੰਤਰਿ[4] ਵਸਤੁ[5] ਮੂੜਾ[6] ਬਾਹਰੁ[8] ਭਾਲੇ[7] ॥	Just within[4] is the thing[5] but the fool[6] searches[7] for it without[8].	ਐਨ ਅੰਦਰਵਾਰ[4] ਹੈ ਵੱਥ[5] ਪ੍ਰੰਤੂ ਮੂਰਖ[6] ਇਸ ਨੂੰ ਬਾਹਰਵਾਰ[8] ਲੱਭਦਾ[7] ਹੈ ।
ਮਨਮੁਖ[9] ਅੰਧੇ[10] ਫਿਰਹਿ[11] ਬੇਤਾਲੇ[12] ॥	The blind[10] apostates[9] roam about[11] like demons[12].	ਅੰਨ੍ਹੇ[10] ਅਧਰਮੀ[9] ਭੂਤਨਿਆਂ[12] ਵਾਂਙੂ ਭਟਕਦੇ ਫਿਰਦੇ[11] ਹਨ ।
ਜਿਥੈ[13] ਵਥੁ[14] ਹੋਵੈ ਤਿਥਹੁ[15] ਕੋਇ ਨ ਪਾਵੈ ਮਨਮੁਖ ਭਰਮਿ[16] ਭੁਲਾਵਣਿਆ[17] ॥੭॥	Where[13] there is the thing[14], from there[15] none obtains it. The waywards are gone amiss[17] in doubt[16].	ਜਿਥੇ[13] ਚੀਜ਼[14] ਹੈ, ਉਥੋਂ[15] ਇਸ ਨੂੰ ਕੋਈ ਪਰਾਪਤ ਨਹੀਂ ਕਰਦਾ । ਆਪ-ਹੁਦਰੇ ਸ਼ੱਕ ਸ਼ੁਭੇ[16] ਅੰਦਰ ਘੁਸੇ[17] ਹੋਏ ਹਨ ।
ਆਪੇ[18] ਦੇਵੈ[19] ਸਬਦਿ[20] ਬੁਲਾਏ[21] ॥	The Lord Himself[18] summons[21] and bestows[19] His Name[20].	ਸਾਈਂ ਖ਼ੁਦ[18] ਸੱਦ ਕੇ[21] ਆਪਣੇ ਨਾਮ[20] ਦੀ ਦਾਤ[19] ਦਿੰਦਾ ਹੈ ।
ਮਹਲੀ[22] ਮਹਲਿ[23] ਸਹਜ ਸੁਖੁ[24] ਪਾਏ[25] ॥	The bride[22] attains to[25] eternal peace[24] in her Groom's mansion[23].	ਵਹੁਟੀ[22] ਆਪਣੇ ਲਾੜੇ ਦੇ ਮੰਦਰ[23] ਅੰਦਰ ਸਦੀਵੀ ਆਰਾਮ[24] ਨੂੰ ਪਰਾਪਤ[25] ਹੁੰਦੀ ਹੈ ।
ਨਾਨਕ ਨਾਮਿ ਮਿਲੈ[26] ਵਡਿ-ਆਈ[27] ਆਪੇ[28] ਸੁਣਿ[29] ਸੁਣਿ ਧਿਆਵਣਿਆ[30] ॥੮॥ ੧੩ ॥ ੧੪ ॥	Nanak, he, who himself[28] continually hears[29] and remembers[30] God's Name, obtains[26] the glory[27] of the Name.	ਨਾਨਕ, ਜੋ ਖ਼ੁਦ[28] ਹਰੀ ਨਾਮ ਇਕ-ਰਸ ਸੁਣਦਾ[29] ਤੇ ਸਿਮਰਦਾ[30] ਹੈ, ਉਹ ਨਾਮ ਦੀ ਬਜ਼ੁਰਗੀ[27] ਨੂੰ ਪਾ ਲੈਂਦਾ[26] ਹੈ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
੧੧੮	**118**	**੧੧੮**
ਸਤਿਗੁਰ ਸਾਚੀ ਸਿਖ[31] ਸੁਣਾਈ[32] ॥	The True Guru has given[32] the true piece of advice[31].	ਸੱਚੇ ਗੁਰਾਂ ਨੇ ਸੱਚੀ ਸਿਖ-ਮਤ[31] ਦਿਤੀ[32] ਹੈ ।
ਹਰਿ ਚੇਤਹੁ[33] ਅੰਤਿ[34] ਹੋਇ ਸਖਾਈ[35] ॥	Meditate[33] on God who will be thy succourer[35] at the end[34].	ਵਾਹਿਗੁਰੂ ਦਾ ਸਿਮਰਨ[33] ਕਰ ਜੋ ਅਖ਼ੀਰ[34] ਦੇ ਵੇਲੇ ਤੇਰਾ ਸਹਾਇਕ[35] ਹੋਵੇਗਾ ।
ਹਰਿ ਅਗਮੁ[36] ਅਗੋਚਰੁ[37] ਅਨਾਥੁ[38] ਅਜੋਨੀ[39] ਸਤਿ-ਗੁਰ ਕੈ ਭਾਇ[40] ਪਾਵਣਿਆ[41]	The inaccessible[36], inapprehensible[37] and unborn[39] Lord is without a master[38]. Through the love[40] of the	ਪਹੁੰਚ ਤੋਂ ਪਰੇ[36], ਸਮਝ ਸੋਚ ਤੋਂ ਉਚੇਰਾ[37] ਤੇ ਜਨਮ-ਰਹਿਤ[39] ਪ੍ਰਭੂ ਮਾਲਕ ਦੇ ਬਿਨਾ[38] ਹੈ । ਸੱਚੇ ਗੁਰਾਂ ਦੇ ਪ੍ਰੇਮ[40] ਰਾਹੀਂ ਉਹ ਪਾਇਆ[41] ਜਾਂਦਾ ਹੈ ।

|| ੧ ||	True Guru, He is obtained[41].	
ਹਉ ਵਾਰੀ ਜੀਉ ਵਾਰੀ ਆਪੁ[42] ਨਿਵਾਰਣਿਆ[43] || ੧ ||	I am devoted, my life is devoted unto him who casts away[43] his self-conceit[42].	ਮੈਂ ਸਦਕੇ ਹਾਂ, ਮੇਰੀ ਜਿੰਦ ਜਾਨ ਸਦਕੇ ਹੈ ਉਸ ਉਤੋਂ ਜੋ ਆਪਣੇ ਸਵੈ-ਹੰਗਤਾ[42] ਨੂੰ ਦੂਰ[43] ਕਰਦਾ ਹੈ।
ਆਪੁ ਗਵਾਏ[44] ਤਾ[45] ਹਰਿ ਪਾਏ ਹਰਿ ਸਿਉ[46] ਸਹਜਿ[47] ਸਮਾਵਣਿਆ[48]||੧||ਰਹਾਉ|	If the mortal effaces[44] his ego, then[45] does he obtain God and gets easily[47] merged[48] with[46] the Lord. Pause.	ਜੇਕਰ ਪ੍ਰਾਣੀ ਆਪਣੇ ਹੰਕਾਰ ਨੂੰ ਮੇਸ[44] ਦੇਵੇ, ਤਦ[45] ਉਹ ਵਾਹਿਗੁਰੂ ਨੂੰ ਪਾ ਲੈਂਦਾ ਹੈ ਅਤੇ ਸੁਖੈਨ[47] ਹੀ ਸੁਆਮੀ ਦੇ ਨਾਲ[46] ਅਭੇਦ[48] ਹੋ ਜਾਂਦਾ ਹੈ। ਠਹਿਰਾਉ।
ਪੂਰਬਿ[49] ਲਿਖਿਆ[50] ਸੁ[51] ਕਰਮੁ[52] ਕਮਾਇਆ ||	I have done the[51] deed[52] which was [49]pre-ordained[50] for me.	ਮੈਂ ਉਹ[51] ਅਮਲ[52] ਕਮਾਇਆ ਹੈ ਜੋ ਮੇਰੇ ਲਈ ਧੁਰ[49] ਤੋਂ ਲਿਖਿਆ[50] ਹੋਇਆ ਸੀ।
ਸਤਿਗੁਰੁ ਸੇਵਿ[53]ਸਦਾ ਸੁਖੁ[54] ਪਾਇਆ ||	By rendering service[53] unto the True Guru I have procured the eternal peace[54].	ਸੱਚੇ ਗੁਰਾਂ ਦੀ ਘਾਲ ਕਮਾਉਣ[53] ਦੁਆਰਾ ਮੈਂ ਅਮਰ ਆਰਾਮ[54] ਪਰਾਪਤ ਕੀਤਾ ਹੈ।
ਬਿਨੁ ਭਾਗਾ[55]ਗੁਰੁ ਪਾਈਐ[56] ਨਾਹੀ ਸਬਦੈ[57] ਮੇਲਿ[58] ਮਿਲਾਵਣਿਆ[59] || ੨ ||	Without good destiny[55], one finds[56] not the Guru. Through His Name[57], the Lord unites[59] him in His union[58].	ਚੰਗੀ ਕਿਸਮਤ[55] ਦੇ ਬਗ਼ੈਰ ਬੰਦੇ ਨੂੰ ਗੁਰੂ ਨਹੀਂ ਲੱਭਦਾ[56]। ਆਪਣੇ ਨਾਮ[57] ਦੇ ਰਾਹੀਂ ਸੁਆਮੀ ਆਪਣੇ ਮਿਲਾਪ[58] ਅੰਦਰ ਮਿਲਾਉਂਦਾ[59] ਹੈ।
ਗੁਰਮੁਖਿ[60]ਅਲਿਪਤੁ[61]ਰਹੈ[62] ਸੰਸਾਰੇ[63] ||	The Guruward[60] remains[62] unaffected[61] in this world[63].	ਗੁਰ-ਸਮਰਪਣ[60] ਇਸ ਜਹਾਨ[63] ਅੰਦਰ ਨਿਰਲੇਪ[61] ਵਿਚਰਦਾ[62] ਹੈ।
ਗੁਰ ਕੈ ਤਕੀਐ[64] ਨਾਮਿ ਅਧਾਰੇ[65] ||	He has the support[64] of the Guru and the main-stay[65] of the Name.	ਉਸ ਨੂੰ ਗੁਰਾਂ ਦਾ ਆਸਰਾ[64] ਅਤੇ ਨਾਮ ਦੀ ਓਟ[65] ਹੈ।
ਗੁਰਮੁਖਿ[66] ਜੋਰੁ ਕਰੇ[73] ਕਿਆ[67] ਤਿਸ[68] ਨੋ ਆਪੇ[69] ਖਪਿ[70] ਦੁਖੁ[71] ਪਾਵਣਿਆ[72] || ੩ ||	Who[67] can play aggressive[73] with him[68], the Guru's True Sikh[66] ? The aggressor automatically[69] perishes[70] and writhes[72] in pain[71].	ਉਸ ਨਾਲ[68], ਗੁਰਾਂ ਦੇ ਸੱਚੇ ਸਿੱਖ[66] ਨਾਲ, ਕੌਣ[67] ਧੱਕਾ ਕਰ[73] ਸਕਦਾ ਹੈ ? ਜਾਬਰ ਆਪਣੇ ਆਪ[69] ਹੀ ਮਰ ਮੁਕਦਾ[70] ਹੈ ਅਤੇ ਕਸ਼ਟ[71] ਉਠਾਉਂਦਾ[72] ਹੈ।
ਮਨਮੁਖਿ[73]* ਅੰਧੇ[74] ਸੁਧਿ[75] ਨ ਕਾਈ ||	The blind[74] apostate[73]* has no understanding[75].	ਅੰਨ੍ਹੇ[74] ਅਧਰਮੀ[73]* ਨੂੰ ਕੋਈ ਸੋਚ ਵਿਚਾਰ[75] ਨਹੀਂ।
ਆਤਮਘਾਤੀ[76] ਹੈ ਜਗਤ[77] ਕਸਾਈ[78] ||	He is the self-killer[76] and the [77]world-butcher[78].	ਉਹ ਆਪਣੇ ਆਪ[76] ਨੂੰ ਮਾਰਨ ਵਾਲਾ ਤੇ ਜਹਾਨ[77] ਦਾ ਜੱਲਾਦ[78] ਹੈ।
ਨਿੰਦਾ ਕਰਿ[80] ਕਰਿ ਬਹੁ[81] ਭਾਰੁ[82] ਉਠਾਵੈ[83] ਬਿਨੁ ਮਜੂਰੀ[84] ਭਾਰੁ ਪਹੁਚਾਵਣਿਆ[85] || ੪ ||	By continually[80] slandering others he carries[83] a great[81] load[82]. Without wages[84] he carries[85] other's load.	ਹੋਰਨਾਂ ਦੀ ਲਗਾਤਾਰ[80] ਬਦਖ਼ੋਈ ਕਰਕੇ ਉਹ ਬਹੁਤਾ[81] ਬੋਝ[82] ਉਠਾਉਂਦਾ[83]। ਮਜ਼ਦੂਰੀ[84] ਦੇ ਬਗ਼ੈਰ ਉਹ ਹੋਰਨਾਂ ਦਾ ਬੋਝ ਚੁਕਦਾ[85] ਹੈ।
ਇਹੁ ਜਗੁ[86] ਵਾੜੀ[87] ਮੇਰਾ[88] ਪ੍ਰਭੁ ਮਾਲੀ[89] ||	This world[86] is a garden[87] and my Lord[88] is its Gardener[89].	ਇਹ ਸੰਸਾਰ[86] ਇਕ ਬਾਗ਼[87] ਹੈ ਅਤੇ ਮੇਰਾ ਮਾਲਕ[88] ਇਸ ਦਾ ਬਾਗ਼ਬਾਨ[89] ਹੈ।
ਸਦਾ[90] ਸਮਾਲੇ[91] ਕੋ ਨਾਹੀ ਖਾਲੀ[92] ||	He ever[90] takes care[91] of it. No part of it is exempt[92] from His care.	ਹਮੇਸ਼ਾ[90] ਹੀ ਉਹ ਇਸ ਦੀ ਰਖਵਾਲੀ[91] ਕਰਦਾ ਹੈ। ਇਸ ਦਾ ਕੋਈ ਹਿੱਸਾ ਉਸ ਦੀ ਸੰਭਾਲ ਤੋਂ ਵਾਂਝਿਆ[92]

		ਹੋਇਆ ਨਹੀਂ।
ਜੇਹੀ[93] ਵਾਸਨਾ[94] ਪਾਏ[95] ਤੇਹੀ[96] ਵਰਤੈ[97] ਵਾਸੁ[98] ਵਾਸੁ[99] ਜਣਾਵਣਿਆ[100] ॥ ੫ ॥	As[93] is the odour[94] which the Lord infuses[95] into the flower so[96] does it prevail[97] there-in. The fragrant[98] flower is known[100] by its fragrance[99].	ਜੇਹੋ ਜੇਹੀ[93] ਮਹਿਕ[94] ਸੁਆਮੀ ਫੁੱਲ ਅੰਦਰ ਫੂਕਦਾ[95] ਹੈ, ਉਹੋ ਜੇਹੀ[96] ਹੀ ਉਸ ਵਿਚ ਪਰਬਲ[97] ਹੁੰਦੀ ਹੈ। ਖੁਸ਼ਬੋਦਾਰ ਫੁੱਲ[98] ਆਪਣੀ ਖੁਸ਼ਬੋ[99] ਤੋਂ ਜਾਣਿਆ[100] ਜਾਂਦਾ ਹੈ।
ਮਨਮੁਖੁ[2] ਰੋਗੀ[3] ਹੈ ਸੰਸਾਰਾ[4] ॥	The perverse[2] is disease-stricken[3] in this world[4].	ਮਨ ਮਤੀਆ[2] ਇਸ ਜਹਾਨ[4] ਅੰਦਰ ਰੋਗ-ਗ੍ਰਸਤ[3] ਹੈ।
[5]ਸੁਖਦਾਤਾ[6] ਵਿਸਰਿਆ[7] ਅਗਮ[8] ਅਪਾਰਾ[9] ॥	He has forgotten[7] the inaccessible[8], and illimitable[9] Lord, the giver[6] of peace[5].	ਉਸ ਨੇ ਆਰਾਮ[5] ਬਖਸ਼ਣਹਾਰ[6], ਪਹੁੰਚ[8] ਤੋਂ ਪਰੇ ਤੇ ਬੇਅੰਤ[9] ਸੁਆਮੀ ਨੂੰ ਭੁਲਾ[7] ਦਿਤਾ ਹੈ।
ਦੁਖੀਏ[10] ਨਿਤਿ[11] ਫਿਰਹਿ[12] ਬਿਲਲਾਦੇ[13] ਬਿਨੁ ਗੁਰ ਸਾਂਤਿ[14] ਨ ਪਾਵਣਿਆ[15] ॥ ੬ ॥	The woe-begone[10] ever[11] wander[12] lamenting[13]. Without the Guru they obtain[15] not peace[14].	ਕਸ਼ਟ-ਪੀੜਤ[10] ਹਮੇਸ਼ਾਂ[11] ਹੀ ਰੋਂਦੇ ਪਿੱਟਦੇ[13] ਫਿਰਦੇ[12] ਹਨ। ਗੁਰਾਂ ਦੇ ਬਾਝੋਂ ਉਨ੍ਹਾਂ ਨੂੰ ਠੰਢ-ਚੈਨ[14] ਪਰਾਪਤ[15] ਨਹੀਂ ਹੁੰਦੀ।
ਜਿਨਿ ਕੀਤੇ[16] ਸੋਈ[17] ਬਿਧਿ[18] ਜਾਣੈ[19] ॥	He[17], who created[16] them, knows[19] their condition[18].	ਜਿਸ ਨੇ ਉਨ੍ਹਾਂ ਨੂੰ ਸਾਜਿਆ[16] ਹੈ, ਉਹੀ[17] ਉਨ੍ਹਾਂ ਦੀ ਦਸ਼ਾ[18] ਨੂੰ ਸਮਝਦਾ[19] ਹੈ।
ਆਪੇ[20] ਕਰੇ[21] ਤਾ[24] ਹੁਕਮਿ[22] ਪਛਾਣੈ[23] ॥	If the Lord Himself[20] shows[21] mercy, then[24], man realises[23] His command[22].	ਜੇਕਰ ਸਾਈਂ ਖੁਦ[20] ਕਿਰਪਾ ਧਾਰੇ[21], ਤਦ[24] ਬੰਦਾ ਉਸ ਦੇ ਅਮਰ[22] ਨੂੰ ਅਨੁਭਵ[23] ਕਰਦਾ ਹੈ।
ਜੇਹਾ[25] ਅੰਦਰਿ[26] ਪਾਏ[27] ਤੇਹਾ[28] ਵਰਤੈ[29] ਆਪੇ[30] ਬਾਹਰਿ[31] ਪਾਵਣਿਆ ॥੭॥	As[25] is the disposition God puts[27] in[26] the mortal so[28] does he behave[29]. The Lord Himself[30] is potent to root out[31] such disposition.	ਜਿਸ ਤਰ੍ਹਾਂ[25] ਦਾ ਸੁਭਾਵ ਵਾਹਿਗੁਰੂ ਪ੍ਰਾਣੀ ਵਿਚ[26] ਪਾਉਂਦਾ[27] ਹੈ, ਉਸੇ ਤਰ੍ਹਾਂ[28] ਦਾ ਹੀ ਵਰਤ ਵਰਤਾਰਾ[29] ਕਰਦਾ ਹੈ। ਸਾਈਂ ਖੁਦ[30] ਹੀ ਐਸੇ ਸੁਭਾਵ ਨੂੰ ਪੁੱਟ ਸੁਟਣ[31] ਲਈ ਸਮਰਥ ਹੈ।
ਤਿਸੁ[32] ਬਾਝਹੁ[33] ਸਚੇ[34] ਮੈ ਹੋਰੁ[35] ਨ ਕੋਈ[36] ॥	Without[33] that[32] True Lord[34], I recognise not any[36] other[35].	ਉਸ[32] ਸੱਚੇ ਸੁਆਮੀ[34] ਦੇ ਬਗੈਰ[33] ਮੈਂ ਹੋਰਸ[35] ਕਿਸੇ[36] ਨੂੰ ਨਹੀਂ ਪਛਾਣਦਾ।
ਜਿਸੁ[37] ਲਾਇ ਲਏ[38] ਸੁ[39] ਨਿਰਮਲੁ[40] ਹੋਈ[41] ॥	He[39], whom[37] He attaches[38] with Himself, becomes[41] pure[40].	ਜਿਸ[37] ਨੂੰ ਉਹ ਆਪਣੇ ਨਾਲ ਜੋੜ[38] ਲੈਂਦਾ ਹੈ ਉਹ[39] ਪਾਕ ਪਵਿੱਤ੍ਰ[40] ਹੋ ਜਾਂਦਾ[41] ਹੈ।
ਨਾਨਕ ਨਾਮੁ ਵਸੈ[42] ਘਟ[43] ਅੰਤਰਿ[44] ਜਿਸੁ[45] ਦੇਵੈ[46] ਸੁ[47] ਪਾਵਣਿਆ[48] ॥ ੮ ॥ ੧੪ ॥ ੧੫ ॥	Nanak, the Lord's Name abides[42] within[44] his mind[43]. He[47], unto whom[45] the Lord donates[46] His Name, attains[48] to it.	ਨਾਨਕ ਸਾਈਂ ਦਾ ਨਾਮ ਉਸ ਦੇ ਚਿੱਤ[43] ਅੰਦਰ[44] ਨਿਵਾਸ[42] ਕਰ ਲੈਂਦਾ ਹੈ। ਜਿਸ[45] ਨੂੰ ਸੁਆਮੀ ਆਪਣਾ ਨਾਮ ਪਰਦਾਨ[46] ਕਰਦਾ ਹੈ, ਉਹੀ[47] ਇਸਨੂੰ ਪਰਾਪਤ[48] ਕਰਦਾ ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਅੰਮ੍ਰਿਤੁ[49] ਨਾਮੁ ਮੰਨਿ ਵਸਾਏ[50] ॥ ਹਉਮੈ[51] ਮੇਰਾ[52] ਸਭੁ ਦੁਖੁ[53] ਗਵਾਏ[54] ॥	By enshrining[50] in the heart the Nectarean[49] Name of God all the pain[53] of egotism[51] and egoism[52] is eliminated[54].	ਨਾਰਾਇਣ ਦਾ ਸੁਧਾਸਰੂਪ[49] ਨਾਮ ਦਿਲ ਅੰਦਰ ਟਿਕਾਉਣ[50] ਦੁਆਰਾ ਸਵੈ-ਹੰਗਤਾ[51] ਤੇ ਅਪਣੱਤ[52] ਦੀ ਸਮੂਹ ਪੀੜਾ[53] ਨਵਿਰਤ[54] ਹੋ ਜਾਂਦੀ ਹੈ।

ਅੰਮ੍ਰਿਤੁ[55] ਬਾਣੀ[56] ਸਦਾ[57] ਸਲਾਹੇ[58] ਅੰਮ੍ਰਿਤਿ[59] ਅੰਮ੍ਰਿਤੁ[60]ਪਾਵਣਿਆ[61]॥੧॥	By ever[57] praising[58] the ambrosial[55] Gurbani[56] the man obtains[61] immortalising[59] Name-Nectar[60].	ਸਦੀਵ[57] ਹੀ ਅੰਮ੍ਰਿਤ-ਮਈ[55] ਗੁਰਬਾਣੀ[56] ਦੀ ਪ੍ਰਸ਼ੰਸਾ[58] ਕਰਨ ਦੁਆਰਾ ਬੰਦਾ ਅਮਰ ਕਰਨ ਵਾਲੇ[59] ਨਾਮ ਦਾ ਆਬਿ-ਹਿਯਾਤ[60] ਪਾ ਲੈਂਦਾ[61] ਹੈ।
ਹਉ ਵਾਰੀ[62] ਜੀਉ[63] ਵਾਰੀ ਅੰਮ੍ਰਿਤ[64] ਬਾਣੀ ਮੰਨਿ ਵਸਾਵਣਿਆ[65] ॥	I am dedicated[62], my life[63] is dedicated unto those who place[65] in their mind the regenerating[64] hymns of the Guru.	ਮੈਂ ਸਮਰਪਣ[62] ਹਾਂ, ਮੇਰੀ ਜ਼ਿੰਦਗੀ[63] ਸਮਰਪਣ ਹੈ ਉਨ੍ਹਾਂ ਉਤੋਂ ਜੋ ਪੁਨਰ-ਜੀਵਨ ਪਰਦਾਨ[64] ਕਰਨ ਵਾਲੀ ਗੁਰਬਾਣੀ ਨੂੰ ਆਪਣੇ ਚਿਤ ਅੰਦਰ ਟਿਕਾਉਂਦੇ[65] ਹਨ।
ਅੰਮ੍ਰਿਤੁ[66] ਬਾਣੀ ਮੰਨਿ ਵਸਾਏ[67] ਅੰਮ੍ਰਿਤੁ[68] ਨਾਮੁ ਧਿਆਵਣਿਆ[69] ॥ ੧ ॥ ਰਹਾਉ ॥	He, who enshrines[67] in his heart the immortalising[66] Gurbani, begins to meditate[69] on the Nectarean[68] Name. Pause.	ਜੋ ਮੁਰਜੀਤ ਕਰਨਹਾਰ[66] ਗੁਰਬਾਣੀ ਨੂੰ ਆਪਣੇ ਦਿਲ ਵਿਚ ਅਸਥਾਪਨ[67] ਕਰਦਾ ਹੈ, ਉਹ ਆਬਿ-ਹਿਯਾਤੀ[68] ਨਾਮ ਦਾ ਅਰਾਧਨ[69] ਕਰਨ ਲੱਗ ਜਾਂਦਾ ਹੈ। ਠਹਿਰਾਉ।
ਅੰਮ੍ਰਿਤੁ[70] ਬੋਲੈ[71] ਸਦਾ ਮੁਖਿ[72] ਵੈਣੀ[73] ॥ ਅੰਮ੍ਰਿਤੁ ਵੇਖੈ[74] ਪਰਖੈ[75] ਸਦਾ[76] ਨੈਣੀ[77] ॥	Nectar-like sweet[70] words[73] he ever utters[71] with his mouth[72], and the Nectar-Name he always[76] sees[74] and assays[75] with his eyes[77].	ਆਬਿ-ਹਿਯਾਤ ਵਰਗੇ[70] ਮਿਠੇ ਬਚਨ[73] ਉਹ ਹਮੇਸ਼ਾ ਆਪਣੇ ਮੂੰਹੋਂ[72] ਉਚਾਰਦਾ[71] ਹੈ ਅਤੇ ਅੰਮ੍ਰਿਤਮਈ ਨਾਮ ਨੂੰ ਹੀ ਉਹ ਨਿਤਾ ਪ੍ਰਤੀ[76] ਆਪਣੇ ਨੇਤ੍ਰਾਂ[77] ਨਾਲ ਦੇਖਦਾ[74] ਤੇ ਪਛਾਣਦਾ[75] ਹੈ।
ਅੰਮ੍ਰਿਤ ਕਥਾ[78] ਕਹੈ[79] ਸਦਾ ਦਿਨੁ ਰਾਤੀ[80] ਅਵਰਾ[81] ਆਖਿ[82] ਸੁਨਾਵਣਿਆ[83] ॥ ੨ ॥	The Nectar discourse[78] of the Lord he ever utters[79] day and night[80], and repeating[82] it makes others[81] hear[83].	ਸੁਧਾ-ਰੂਪ ਵਰਨਣ[78] ਸੁਆਮੀ ਦਾ ਉਹ ਸਦੀਵ ਹੀ ਦਿਹੁੰ ਰੈਣ[80] ਉਚਾਰਣ[79] ਕਰਦਾ ਹੈ ਅਤੇ ਇਸ ਨੂੰ ਕਹਿ[82] ਕੇ ਹੋਰਨਾਂ[81] ਨੂੰ ਸੁਣਾਉਂਦਾ[83] ਹੈ।
ਅੰਮ੍ਰਿਤ[84] ਰੰਗਿ[85] ਰਤਾ[86] ਲਿਵ[87] ਲਾਏ[88] ॥	Imbued[86] with the ambrosial[84] love[85] of the Lord he fixes[88] his attention[87] on Him.	ਸੁਆਮੀ ਦੇ ਸੁਧਾ-ਸਰੂਪ[84] ਸਨੇਹ[85] ਨਾਲ ਰੰਗੀਜਿਆ[86] ਹੋਇਆ ਉਹ ਉਸ ਦੇ ਨਾਲ ਆਪਣੀ ਬਿਰਤੀ[87] ਜੋੜਦਾ[88] ਹੈ।
ਅੰਮ੍ਰਿਤੁ[89] ਗੁਰ ਪਰਸਾਦੀ[90] ਪਾਏ ॥	The Nectar (Name)[89] he receives by the Guru's grace[90].	ਆਬਿ-ਹਿਯਾਤ[89] (ਨਾਮ) ਉਹ ਗੁਰਾਂ ਦੀ ਮਿਹਰ[90] ਦੁਆਰਾ ਪਾਉਂਦਾ ਹੈ।
ਅੰਮ੍ਰਿਤੁ[91] ਰਸਨਾ[92] ਬੋਲੈ[93] ਦਿਨੁ ਰਾਤੀ[94]ਮਨਿ[95]ਤਨਿ[96] ਅੰਮ੍ਰਿਤੁ ਪੀਆਵਣਿਆ[97] ॥ ੩ ॥	The elixir[91] (Name) day and night[94] he repeats[93] with his tongue[92], and his soul[95] and body[96] are satiated[97] with the elixir (Name).	ਆਬਿ-ਹਿਯਾਤ[91] (ਨਾਮ) ਦਿਹੁੰ ਰੈਣ[94] ਉਹ ਆਪਣੀ ਜਿਹਭਾ[92] ਨਾਲ ਜਪਦਾ[93] ਹੈ ਅਤੇ ਉਸ ਦੀ ਆਤਮਾ[95] ਤੇ ਦੇਹਿ[96] ਆਬਿ-ਹਿਯਾਤ (ਨਾਮ) ਨਾਲ ਤ੍ਰਿਪਤ[97] ਹੋਏ ਹੋਏ ਹਨ।
ਸੋ ਕਿਛੁ[98]ਕਰੈ ਜੁ[99]ਚਿਤਿ[100] ਨ ਹੋਈ ॥	God does that[98] what[99] is not even in the man's spectre[100].	ਵਾਹਿਗੁਰੂ ਉਹ[98] ਕੁਝ ਕਰਦਾ ਹੈ ਜਿਹੜਾ ਇਨਸਾਨ[99] ਦੇ ਖ਼ਾਬ-ਖ਼ਿਆਲ[100] ਵਿਚ ਭੀ ਨਹੀਂ ਹੁੰਦਾ।
ਤਿਸ[2] ਦਾ ਹੁਕਮੁ[4] ਮੇਟਿ[3] ਨ ਸਕੈ ਕੋਈ ॥	His[2] fiat[4] no one can undo[3].	ਉਸ[2] ਦਾ ਫ਼ੁਰਮਾਨ[4] ਕੋਈ ਮੇਸ[3] ਨਹੀਂ ਸਕਦਾ।
ਹੁਕਮੇ[5] ਵਰਤੈ[6] ਅੰਮ੍ਰਿਤ ਬਾਣੀ[7] ਹੁਕਮੇ ਅੰਮ੍ਰਿਤੁ ਪੀਆਵਣਿਆ[8] ॥ ੪ ॥	By His sweet Will[5] the Nectarean Gurbani[7] has become prevalent[6], and by His Will one quaffs[8] the	ਉਸ ਦੀ ਮਿੱਠੜੀ ਮਰਜ਼ੀ[5] ਦੁਆਰਾ ਸੁਧਾ-ਸਰੂਪ ਗੁਰ-ਬਾਣੀ[7] ਪਰਚਲਤ[6] ਹੋਈ ਹੈ ਅਤੇ ਉਸ ਦੀ ਰਜ਼ਾ ਦੁਆਰਾ ਆਦਮੀ ਅੰਮ੍ਰਿਤ-ਮਈ ਗੁਰਬਾਣੀ ਨੂੰ ਪਾਨ[8]

	Nectarean Gurbani.	ਕਰਦਾ ਹੈ ।
ਅਜਬ[9] ਕੰਮ[10] ਕਰਤੇ[12] ਹਰਿ ਕੇਰੇ[13] ॥	Wonderful[9] are the doings[10] of[13] God, the Creator[12].	ਅਸਚਰਜ[9] ਹਨ ਵਾਹਿਗੁਰੂ ਸਿਰਜਣਹਾਰ[12] ਦੇ[13] ਕਰਤਬ[10] ।
ਇਹੁ ਮਨੁ[14] ਭੂਲਾ[15] ਜਾਂਦਾ[16] ਫੇਰੇ[17] ॥	This mistaken[15] mind[14] goes round[16] in the circuit[17] of transmigration.	ਇਹ ਘੁੱਸਿਆ ਹੋਇਆ[15] ਮਨੂਆ[14] ਆਵਾਗਉਣ ਦੇ ਗੇੜੇ[17] ਵਿਚ ਪੈ ਜਾਂਦਾ[16] ਹੈ ।
ਅੰਮ੍ਰਿਤ ਬਾਣੀ ਸਿਉ ਚਿਤੁ[18] ਲਾਏ[19] ਅੰਮ੍ਰਿਤੁ[20] ਸਬਦਿ[21] ਵਜਾਵਣਿਆ[22] ॥ ੫ ॥	Who focuses[19] his mind[18] on the ambrosial Gurbani, for him is played[22] the music of the Nectarean[20] Name[21].	ਜੋ ਆਪਣੇ ਮਨ[18] ਨੂੰ ਅੰਮ੍ਰਿਤਮਈ ਗੁਰਬਾਣੀ ਉਤੇ ਕੇਂਦਰ[19] ਕਰਦਾ ਹੈ, ਉਸ ਦੇ ਲਈ ਸੁਧਾ-ਸਰੂਪ[20] ਨਾਮ[21] ਦਾ ਕੀਰਤਨ ਹੁੰਦਾ[22] ਹੈ ।
੧੧੯	119	੧੧੯
ਖੋਟੇ[23] ਖਰੇ[24] ਤੁਧੁ ਆਪਿ[25] ਉਪਾਏ[26] ॥	The counterfeit[23] and the genuine[24], Thou Thyself[25] hast created[26].	ਜਾਲ੍ਹੀ[23] ਤੇ ਅਸਲੀ[24], ਤੂੰ ਆਪੇ[25] ਹੀ ਪੈਦਾ[26] ਕੀਤੇ ਹਨ ।
ਤੁਧੁ ਆਪੇ ਪਰਖੇ[27] ਲੋਕ[28] ਸਬਾਏ[29] ॥	Thou Thyself assayeth[27] all[29] the mortals[28].	ਤੂੰ ਖੁਦ ਹੀ ਸਮੂਹ[29] ਪ੍ਰਾਣੀਆਂ[28] ਦੀ ਜਾਂਚ[27] ਪੜਤਾਲ ਕਰਦਾ ਹੈਂ ।
ਖਰੇ[30] ਪਰਖਿ ਖਜਾਨੈ[31] ਪਾਇਹਿ[32] ਖੋਟੇ[33] ਭਰਮਿ[34] ਭੁਲਾਵਣਿਆ[35] ॥ ੬ ॥	Having assayed the true[30] Thou consigneth[32] to Thine treasury[31] and the false[33] Thou misleadest[35] in doubt[34].	ਨਿਰਣੈ ਕਰਕੇ ਤੂੰ ਸੱਚਿਆਂ[30] ਨੂੰ ਆਪਣੇ ਕੋਸ਼[31] ਵਿਚ ਪਾ ਲੈਂਦਾ[32] ਹੈਂ ਅਤੇ ਕੂੜਿਆਂ[33] ਨੂੰ ਤੂੰ ਸ਼ੱਕ-ਸੰਦੇਹ[34] ਅੰਦਰ ਗੁਮਰਾਹ[35] ਕਰਦਾ ਹੈਂ ।
ਕਿਉਕਰਿ[36] ਵੇਖਾ[37] ਕਿਉ[38] ਸਾਲਾਹੀ[39] ॥	How[36] should I behold[37] and how[38] eulogise[39] Thee ?	ਕਿਸ[36] ਤਰ੍ਹਾਂ ਮੈਂ ਤੈਨੂੰ ਦੇਖਾਂ[37] ਤੇ ਕਿਸ ਤਰ੍ਹਾਂ[38] ਤੇਰੀ ਸਿਫ਼ਤ ਸ਼ਲਾਘਾ[39] ਕਰਾਂ ?
ਗੁਰ ਪਰਸਾਦੀ[40] ਸਬਦਿ[41] ਸਲਾਹੀ[42] ॥	By the Guru's favour[40] through Gurbani[41] I praise[42] Thee, O' Lord !	ਗੁਰਾਂ ਦੀ ਦਇਆ[40] ਦੁਆਰਾ ਗੁਰਬਾਣੀ[41] ਰਾਹੀਂ ਮੈਂ ਤੇਰੀ ਪਰਸੰਸਾ[42] ਕਰਦਾ ਹਾਂ, ਹੇ ਸੁਆਮੀ !
ਤੇਰੇ ਭਾਣੇ[43] ਵਿਚਿ[44] ਅੰਮ੍ਰਿਤੁ ਵਸੈ[45] ਤੂੰ ਭਾਣੈ ਅੰਮ੍ਰਿਤੁ ਪੀਆਵਣਿਆ[46] ॥ ੭ ॥	In[44] Thine Will[43] the Nectar abides[45] and in Thy Will Thou makest man quaff[46] the Nectar.	ਤੇਰੀ ਰਜ਼ਾ[43] ਅੰਦਰ[44] ਆਬਿ-ਹਿਯਾਤ ਨਿਵਾਸ[45] ਰੱਖਦਾ ਹੈ, ਅਤੇ ਆਪਣੀ ਰਜ਼ਾ ਅੰਦਰ ਤੂੰ ਆਬਿ-ਹਿਯਾਤ ਪਾਨ[46] ਕਰਾਉਂਦਾ ਹੈਂ ।
ਅੰਮ੍ਰਿਤ[47] ਸਬਦੁ[48] ਅੰਮ੍ਰਿਤ ਹਰਿ ਬਾਣੀ[49] ॥	Ambrosia[47] is the Lord[48] and ambrosia is God's Gurbani[49].	ਸੁਧਾਰਸ[47] ਹੈ ਪ੍ਰਭੂ[48] ਅਤੇ ਸੁਧਾਰਸ ਹੈ ਵਾਹਿਗੁਰੂ ਦੀ ਗੁਰਬਾਣੀ[49] ।
ਸਤਿਗੁਰਿ ਸੇਵਿਐ[50] ਰਿਦੈ[51] ਸਮਾਣੀ[52] ॥	By serving[50] the True Guru, Gurbani gets permeated[52] in the mind[51].	ਸੱਚੇ ਗੁਰਾਂ ਦੀ ਟਹਿਲ[50] ਕਮਾਉਣ ਦੁਆਰਾ ਗੁਰਬਾਣੀ ਹਿਰਦੇ[51] ਅੰਦਰ ਰਮ[52] ਜਾਂਦੀ ਹੈ ।
ਨਾਨਕ ਅੰਮ੍ਰਿਤ ਨਾਮੁ ਸਦਾ[53] ਸੁਖਦਾਤਾ[54] ਪੀ[55] ਅੰਮ੍ਰਿਤੁ ਸਭ ਭੁਖ[56] ਲਹਿ ਜਾਵਣਿਆ[57] ।੮।੧੫।੧੬।	Nanak, the Name Nectar is ever[53] the peace-giver[54]. By drinking[55] the Name Nectar all the hunger[56] is satiated[57].	ਨਾਨਕ ਨਾਮ ਸੁਧਾਰਸ ਸਦੀਵੀ[53] ਹੀ ਅਰਾਮ ਦੇਣਹਾਰ[54] ਹੈ । ਨਾਮ ਸੁਧਾਰਸ ਨੂੰ ਛਕਣ[55] ਦੁਆਰਾ ਸਾਰੀ ਖੁਦਿਆ[56] ਨਵਿਰਤ[57] ਹੋ ਜਾਂਦੀ ਹੈ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਅੰਮ੍ਰਿਤੁ ਵਰਸੈ[58] ਸਹਜਿ	The Name-Nectar rains[58] in the	ਨਾਮ-ਅੰਮ੍ਰਿਤ ਕੁਦਰਤੀ[59] ਤੌਰ ਤੇ ਵਰ੍ਹ[58] ਰਿਹਾ ਹੈ ।

ਸੁਭਾਏ[59] ॥

natural-way[59].

ਗੁਰਮੁਖਿ[60] ਵਿਰਲਾ[61] ਕੋਈ ਜਨੁ[62] ਪਾਏ[63] ॥

Some rare[61] pious[60] person[62] receives[63] it.

ਕੋਈ ਟਾਵਾਂ[61] ਹੀ ਪਵਿੱਤ੍ਰ[60] ਪੁਰਸ਼[62] ਇਸ ਨੂੰ ਪ੍ਰਾਪਤ[63] ਕਰਦਾ ਹੈ ।

ਅੰਮ੍ਰਿਤੁ ਪੀ[64] ਸਦਾ ਤ੍ਰਿਪਤਾਸੇ[65] ਕਰਿ[66] ਕਿਰਪਾ[67] ਤ੍ਰਿਸਨਾ[68] ਬੁਝਾਵਣਿਆ[69] ॥ ੧ ॥

They, who drink[64] the Name-Nectar, are ever sated[65]. Showing[66] His mercy[67] God quenches[69] their thirst[68].

ਜੋ ਨਾਮ-ਸੁਧਾਰਸ ਪਾਨ[64] ਕਰਦੇ ਹਨ ਉਹ ਹਮੇਸ਼ਾਂ ਰੱਜੇ[65] ਰਹਿੰਦੇ ਹਨ । ਆਪਣੀ ਮਿਹਰ[67] ਧਾਰ[66] ਕੇ ਹਰੀ ਉਨ੍ਹਾਂ ਦੀ ਤ੍ਰੇਹ[68] ਲਾਹ ਦਿੰਦਾ[69] ਹੈ ।

ਹਉ ਵਾਰੀ ਜੀਉ ਵਾਰੀ ਗੁਰਮੁਖਿ[70] ਅੰਮ੍ਰਿਤੁ ਪੀਆਵਣਿਆ[71] ॥

I am a sacrifice, my life is a sacrifice unto the pious persons[70] who make others drink[71] the Name-Nectar.

ਮੈਂ ਕੁਰਬਾਨ ਹਾਂ, ਮੇਰੀ ਜਿੰਦ ਜਾਨ ਕੁਰਬਾਨ ਹੈ ਉਨ੍ਹਾਂ ਪਵਿੱਤ੍ਰ ਪੁਰਸ਼ਾਂ[70] ਉਤੋਂ ਜੋ ਹੋਰਨਾ ਨੂੰ ਨਾਮ ਸੁਧਾਰਸ ਪਾਨ ਕਰਵਾਉਂਦੇ[71] ਹਨ ।

ਰਸਨਾ[72] ਰਸੁ[73] ਚਾਖਿ[74] ਸਦਾ[75] ਰਹੈ ਰੰਗਿ[76] ਰਾਤੀ[77] ਸਹਜੇ[78] ਹਰਿਗੁਣ[79] ਗਾਵਿਣਿਆ[80] ॥ ੧ ॥ ਰਹਾਉ ॥

The tongue[72] ever[75] remains imbued[77] in the Lord's love[76] by tasting[74] the Name-Nectar[73], and instinctively[78] sings[80] God's praises[79]. Pause.

ਨਾਮ-ਅੰਮ੍ਰਿਤ[73] ਨੂੰ ਚੱਖ[74] ਕੇ ਜਿਹਭਾ[72] ਹਮੇਸ਼ਾਂ[75] ਪ੍ਰਭੂ ਦੀ ਪ੍ਰੀਤ[76] ਅੰਦਰ ਰੰਗੀਜੀ[77] ਰਹਿੰਦੀ ਹੈ ਅਤੇ ਸੁਤੇ ਸਿੱਧ[78] ਹੀ ਵਾਹਿਗੁਰੂ ਦਾ ਜੱਸ[79] ਗਾਇਨ[80] ਕਰਦੀ ਹੈ । ਠਹਿਰਾਉ ।

ਗੁਰ ਪਰਸਾਦੀ[81] ਸਹਜੁ[82] ਕੋ[83] ਪਾਏ ॥ ਦੁਬਿਧਾ[84] ਮਾਰੇ[85] ਇਕਸੁ[86] ਸਿਉ[87] ਲਿਵ[88] ਲਾਏ[89] ॥

By the Guru's grace[81] some solitary[83] mortal obtains Divine comprehension[82], and stilling[85] his duality[84] contracts[89] love[88] with[87] the One Lord[86].

ਗੁਰਾਂ ਦੀ ਦਇਆ[81] ਨਾਲ ਕੋਈ ਵਿਰਲਾ[83] ਪ੍ਰਾਣੀ ਹੀ ਬ੍ਰਹਿਮ ਗਿਆਤ[82] ਨੂੰ ਪਾਉਂਦਾ ਹੈ ਅਤੇ ਆਪਣੇ ਦਵੈਤ-ਭਾਵ[84] ਨੂੰ ਨਾਸ[85] ਕਰਕੇ ਇਕ ਸੁਆਮੀ[86] ਨਾਲ[87] ਪ੍ਰੀਤ[88] ਪਾਉਂਦਾ[89] ਹੈ ।

ਨਦਰਿ[90] ਕਰੇ[91] ਤਾ[92] ਹਰਿ ਗੁਣ[93] ਗਾਵੈ ਨਦਰੀ[94] ਸਚਿ[95] ਸਮਾਵਣਿਆ[96] ॥੨॥

When God casts[91] His merciful glance[90] the mortal sings His praises[93] then[92] and by His grace[94] merges[96] in Truth[95].

ਜਦ ਵਾਹਿਗੁਰੂ ਮਿਹਰ ਦੀ ਨਜ਼ਰ[90] ਧਾਰਦਾ[91] ਹੈ ਤਦ[92] ਪ੍ਰਾਣੀ ਉਸ ਦੇ ਗੁਣਾਵਾਦ[93] ਗਾਇਨ ਕਰਦਾ ਹੈ, ਅਤੇ ਉਸ ਦੀ ਰਹਿਮਤ[94] ਦਾ ਸਦਕਾ ਸੱਚ[95] ਵਿਚ ਲੀਨ[96] ਹੋ ਜਾਂਦਾ ਹੈ ।

ਸਭਨਾ[97] ਉਪਰਿ[98] ਨਦਰਿ ਪ੍ਰਭ ਤੇਰੀ ॥

Over[98] all[97] is Thine grace, O' my Lord !

ਸਾਰਿਆਂ[97] ਦੇ ਉਤੇ[98] ਤੇਰੀ ਰਹਿਮਤ ਹੈ ਹੇ ਮੇਰੇ ਸੁਆਮੀ !

ਕਿਸੈ ਥੋੜੀ[100] ਕਿਸੈ[99] ਹੈ ਘਣੇਰੀ[2] ॥

On some[99] it is more[2] and on some less[100].

ਕਈਆਂ[99] ਉਤੇ ਇਹ ਬਹੁਤੀ[2] ਹੈ, ਤੇ ਕਈਆਂ ਉਤੇ ਘਟ[100] ।

ਤੁਝ[3] ਤੇ ਬਾਹਰਿ[4] ਕਿਛੁ ਨ ਹੋਵੈ ਗੁਰਮੁਖਿ[5] ਸੋਝੀ[6] ਪਾਵਣਿਆ[7] ॥ ੩ ॥

Without[4] Thee[3] nothing does happen. The Sikhs resigned to the Guru's will[5] achieve[7] this understanding[6].

ਤੇਰੇ[3] ਬਗ਼ੈਰ[4] ਕੁਝ ਭੀ ਨਹੀਂ ਹੁੰਦਾ । ਗੁਰੂ ਦੇ ਅਨੁਸਾਰੀ[5] ਸਿਖਾਂ ਨੂੰ ਇਹ ਸਮਝ[6] ਪਰਾਪਤ[7] ਹੁੰਦੀ ਹੈ ।

ਗੁਰਮੁਖਿ[8] ਤਤੁ[9] ਹੈ ਬੀਚਾਰਾ[10] ॥ ਅੰਮ੍ਰਿਤਿ[13] ਭਰੇ[11] ਤੇਰੇ ਭੰਡਾਰਾ[12] ॥

The Guruwards[8] ponder[10] over this reality[9] that Thine treasures[12] are brimful[11] with Nectar[13].

ਗੁਰੂ ਸਮਰਪਣ[8] ਇਸ ਅਸਲੀਅਤ[10] ਨੂੰ ਸੋਚਦੇ ਸਮਝਦੇ[9] ਹਨ ਕਿ ਤੇਰੇ ਖ਼ਜ਼ਾਨੇ[12] ਸੁਧਾ-ਰਸ[13] ਨਾਲ ਪਰੀਪੂਰਨ[11] ਹਨ ।

ਬਿਨੁ[14] ਸਤਿਗੁਰ ਸੇਵੇ[15] ਕੋਈ

Without[14] serving[15] the True Guru,

ਗੁਰਾਂ ਦੀ ਚਾਕਰੀ ਕਰਨ[15] ਬਾਝੋਂ[14], ਕੋਈ ਭੀ

ਨ ਪਾਵੈ[16] ਗੁਰ ਕਿਰਪਾ[17] ਤੇ ਪਾਵਣਿਆ ॥ ੪ ॥	none receives[16] the Name Nectar. By the Guru's grace[17] it is procured.	ਨਾਮ ਅੰਮ੍ਰਿਤ ਨੂੰ ਹਾਸਲ[16] ਨਹੀਂ ਕਰ ਸਕਦਾ। ਗੁਰਾਂ ਦੀ ਕਿਰਪਾਲਤਾ[17] ਦੁਆਰਾ ਇਹ ਪਰਾਪਤ ਹੁੰਦਾ ਹੈ।
ਸਤਿਗੁਰੁ ਸੇਵੇ ਸੋ[18] ਜਨੁ[19] ਸੋਹੈ[20] ॥	The[18] person[19], who serves the Sat Guru, is beauteous[20].	ਜਿਹੜਾ[18] ਪੁਰਸ਼[19], ਸਤਿਗੁਰੂ ਦੀ ਟਹਿਲ ਕਰਦਾ ਹੈ, ਉਹ ਸੁੰਦਰ[20] ਹੈ।
ਅੰਮ੍ਰਿਤ ਨਾਮਿ ਅੰਤਰੁ[21] ਮਨੁ[22] ਮੋਹੈ[23] ॥	The Name-Nectar has charmed[23] his inner[21] mind[22].	ਨਾਮ-ਰੂਪੀ ਆਬਿ-ਹਿਯਾਤ ਨੇ ਉਸ ਦਾ ਅੰਦ੍ਰੂਨੀ[21] ਚਿਤ[22] ਫਰੇਫਤਾ[23] ਕਰ ਲਿਆ ਹੈ।
ਅੰਮ੍ਰਿਤਿ ਮਨੁ[24] ਤਨੁ[25] ਬਾਣੀ[26] ਰਤਾ[27] ਅੰਮ੍ਰਿਤੁ ਸਹਜਿ[28] ਸੁਣਾਵਣਿਆ[29] ॥ ੫ ॥	With the ambrosial Gurbani[26] his soul[24] and body[25] are tinged[27] and the ambrosial Gurbani he instinctively[28] hears[29].	ਅੰਮ੍ਰਿਤਮਈ ਗੁਰਬਾਣੀ[26] ਨਾਲ ਉਸ ਦੀ ਆਤਮਾ[24] ਤੇ ਦੇਹਿ[25] ਰੰਗੇ[27] ਹੋਏ ਹਨ ਅਤੇ ਅੰਮ੍ਰਿਤਮਈ ਗੁਰਬਾਣੀ ਹੀ ਉਹ ਸੁਤੇ-ਸਿਧ[28], ਸਰਵਣ[29] ਕਰਦਾ ਹੈ।
ਮਨਮੁਖੁ[30] ਭੂਲਾ[31] ਦੂਜੈ ਭਾਇ[32] ਖੁਆਏ[33] ॥	The misled[31] apostate[30] is ruined[33] through secular love[32].	ਗੁਮਰਾਹ[31] ਅਧਰਮੀ[30] ਸੰਸਾਰੀ[32] ਮਮਤਾ ਰਾਹੀਂ ਬਰਬਾਦ[33] ਹੋ ਗਿਆ ਹੈ।
ਨਾਮੁ ਨ ਲੇਵੈ[34] ਮਰੈ ਬਿਖੁ[35] ਖਾਏ ॥	The Name, he utters[34] not and dies by taking posion[35].	ਨਾਮ ਦਾ ਉਹ ਜਾਪ[34] ਨਹੀਂ ਕਰਦਾ ਤੇ ਜ਼ਹਿਰ[35] ਖਾ ਕੇ ਮਰ ਜਾਂਦਾ ਹੈ।
ਅਨਦਿਨੁ ਸਦਾ[37] ਵਿਸਟਾ[38] ਮਹਿ[39] ਵਾਸਾ[40] ਬਿਨੁ ਸੇਵਾ[41] ਜਨਮੁ[42] ਗਵਾਵਣਿਆ[43] ॥੬॥	Night and day his abode[40] is ever[37] in[39] ordure[38]. Without the Lord's service[41] he wastes awry[43] his life[42].	ਰੈਣ ਦਿਹੁੰ ਉਸ ਦਾ ਵਸੇਬਾ[40], ਹਮੇਸ਼ਾ[37] ਗੰਦਗੀ[38] ਵਿਚ[39] ਹੈ। ਸਾਹਿਬ ਦੀ ਚਾਕਰੀ[41] ਦੇ ਬਗੈਰ ਉਹ ਆਪਣਾ ਜੀਵਨ[42] ਵੰਞਾ[43] ਲੈਂਦਾ ਹੈ।
ਅੰਮ੍ਰਿਤੁ[44] ਪੀਵੈ[45] ਜਿਸ ਨੋ[46] ਆਪਿ[47] ਪੀਆਏ[48] ॥	He, whom[46] the Lord Himself[47] causes to drink[48], quaffs[45] the Name Nectar[44].	ਜਿਸ[46] ਨੂੰ ਸੁਆਮੀ ਖ਼ੁਦ[47] ਪਿਆਉਂਦਾ[48] ਹੈ ਉਹੀ ਨਾਮ ਸੁਧਾ-ਰਸ[44] ਨੂੰ ਪਾਨ[45] ਕਰਦਾ ਹੈ।
ਗੁਰ ਪਰਸਾਦੀ[49] ਸਹਜਿ[50] ਲਿਵ[51] ਲਾਏ[52] ॥	By the Guru's grace[49] he enshrines[52] affection[51] for the Lord[50].	ਗੁਰਾਂ ਦੀ ਦਇਆ[49] ਦੁਆਰਾ ਉਹ ਪ੍ਰਭੂ[50] ਨਾਲ ਪਿਰਹੜੀ[51] ਪਾ ਲੈਂਦਾ[52] ਹੈ।
ਪੂਰਨ[53] ਪੂਰਿ ਰਹਿਆ[54] ਸਭ[55] ਆਪੇ[56] ਗੁਰਮਤਿ[57] ਨਦਰੀ[58] ਆਵਣਿਆ ॥੭॥	The perfect Lord[53] is Himself[56] fully-pervading[54] everywhere[55]. Under Guru's instruction[57], He is discerned[58].	ਮੁਕੰਮਲ ਮਾਲਕ[53] ਖ਼ੁਦ[56] ਹੀ ਹਰ ਥਾਂ[55] ਪਰੀਪੂਰਨ[54] ਹੋ ਰਿਹਾ ਹੈ। ਗੁਰਾਂ ਦੇ ਉਪਦੇਸ਼[57] ਤਾਬੇ ਉਹ ਵੇਖਿਆ[58] ਜਾਂਦਾ ਹੈ।
ਆਪੇ ਆਪਿ[59] ਨਿਰੰਜਨੁ[60] ਸੋਈ[61] ॥	That[61] immaculate Lord[60] is all by Himself[59].	ਉਹ[61] ਪਵਿੱਤ੍ਰ ਪ੍ਰਭੂ[60] ਸਾਰਾ ਕੁਛ ਆਪਣੇ ਆਪ[59] ਤੋਂ ਹੀ ਹੈ।
ਜਿਨਿ[62] ਸਿਰਜੀ[63] ਤਿਨਿ[64] ਆਪੇ[65] ਗੋਈ[66] ॥	Who[62] created[63] the universe, He[64] Himself[65] shall destroy[66] it.	ਜਿਸ[62] ਨੇ ਆਲਮ ਰਚਿਆ[63] ਹੈ, ਉਹ[64] ਆਪ ਹੀ[65] ਇਸ ਨੂੰ ਨਾਸ ਕਰ[66] ਦੇਵੇਗਾ।
ਨਾਨਕ ਨਾਮੁ ਸਮਾਲਿ[67] ਸਦਾ[71] ਤੂੰ ਸਹਜੇ[68] ਸਚਿ[69] ਸਮਾਵਣਿਆ[70] ॥ ੮ ॥ ੧੬ ॥ ੧੭ ॥	Nanak, do thou ever[71] remember[67] God's Name. Thus shalt thou be easily[68] blended[70] with the True One[69].	ਨਾਨਕ ਤੂੰ ਸਦੀਵ[71] ਹੀ ਹਰੀ ਨਾਮ ਦਾ ਸਿਮਰਨ[67] ਕਰ। ਇੰਞ ਤੂੰ ਸੁਖੈਨ[68] ਹੀ ਸਤਿਪੁਰਖ[69] ਨਾਲ ਅਭੇਦ[70] ਹੋ ਜਾਵੇਂਗਾ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਸੇ[71] ਸਚਿ ਲਾਗੇ[72] ਜੋ[73]	They[71], whom[73] Thou likest[74], adhere[72]	ਜਿਹੜੇ[73] ਤੈਨੂੰ ਚੰਗੇ[74] ਲੱਗਦੇ ਹਨ, ਉਹ[71] ਸੱਚ ਨਾਲ

ਤੁਧੁ ਭਾਏ[74] ॥	to Truth.	ਜੁੜਦੇ[72] ਹਨ ।
ਸਦਾ[75] ਸਚੁ[76] ਸੇਵਹਿ[77] ਸਹਜ ਸੁਭਾਏ[78] ॥	Ever[75] they serve[77] the True Lord[76] in the natural way[78].	ਕੁਦਰਤੀ[78] ਤੌਰ ਤੇ ਉਹ ਹਮੇਸ਼ਾਂ[75] ਹੀ ਸੱਚੇ ਸਾਈਂ[76] ਦੀ ਘਾਲ[77] ਘਾਲਦੇ ਹਨ ।
ਸਚੈ ਸਬਦਿ[79] ਸਚਾ[84] ਸਾਲਾਹੀ[80] ਸਚੈ[81] ਮੇਲਿ[82] ਮਿਲਾਵਣਿਆ[83] ॥ ੧ ॥	Through the True Gurbani[79] they eulogise[80] the True One[84] and meet[83] the society[82] of the righteous[81].	ਸੱਚੀ ਗੁਰਬਾਣੀ[79] ਰਾਹੀਂ ਉਹ ਸਤਿਪੁਰਖ[84] ਦੀ ਉਪਮਾ[80] ਕਰਦੇ ਹਨ ਅਤੇ ਸੱਚਿਆਰਾਂ[81] ਦੀ ਸੰਗਤ[82] ਅੰਦਰ ਜੁੜਦੇ[83] ਹਨ ।
ਹਉ ਵਾਰੀ[87] ਜੀਉ[88] ਵਾਰੀ ਸਚੁ[85] ਸਾਲਾਹਣਿਆ[86] ॥	I am devoted[87], my soul[88] is devoted unto those who chant the glory[86] of the True Master[85].	ਮੈਂ ਸਦਕੇ[87] ਹਾਂ, ਮੇਰੀ ਜਿੰਦੜੀ[88] ਸਦੱਕੜੇ ਹੈ, ਉਨ੍ਹਾਂ ਉਤੋਂ ਜੋ ਸੱਚੇ ਮਾਲਕ[85] ਦੀ ਪ੍ਰਭਤਾ ਗਾਇਨ[86] ਕਰਦੇ ਹਨ ।
ਸਚੁ ਧਿਆਇਨਿ[89] ਸੇ[90] ਸਚਿ ਰਾਤੇ[91] ਸਚੇ ਸਚਿ[92] ਸਮਾਵਣਿਆ[93] ॥ ੧ ॥ ਰਹਾਉ ॥	They[90], who meditate[89] on the True Being, are imbued[91] with Truth and get absorbed[93] in the Truest of the[92] true. Pause	ਜਿਹੜੇ ਸਤਿਪੁਰਖ ਦਾ ਅਰਾਧਨ[89] ਕਰਦੇ ਹਨ, ਉਹ[90] ਸੱਚ ਨਾਲ ਰੰਗੇ[91] ਜਾਂਦੇ ਹਨ ਅਤੇ ਸਚਿਆਰਾਂ ਦੇ ਪਰਮ ਸਚਿਆਰ[92] ਅੰਦਰ ਲੀਨ[93] ਹੋ ਜਾਂਦੇ ਹਨ । ਠਹਿਰਾਉ ।
ਜਹ[94] ਦੇਖਾ[95] ਸਚੁ ਸਭਨੀ[96] ਥਾਈ[97] ॥	Wherever[94] I behold[95], I find the True Lord at all[96] the places[97].	ਜਿਥੇ ਕਿਤੇ[94] ਮੈਂ ਵੇਖਦਾ[95] ਹਾਂ, ਸਾਰਿਆਂ[96] ਥਾਵਾਂ[97] ਤੇ ਮੈਂ ਸੱਚੇ ਸੁਆਮੀ ਨੂੰ ਪਾਉਂਦਾ ਹਾਂ ।
ਗੁਰ ਪਰਸਾਦੀ[98] ਮੰਨਿ[99] ਵਸਾਈ[100] ॥	By the Guru's grace[98] enshrine[100] Him in my heart[99].	ਗੁਰਾਂ ਦੀ ਮਿਹਰ[98] ਸਦਕਾ ਮੈਂ ਉਸ ਨੂੰ ਆਪਣੇ ਦਿਲ[99] ਵਿਚ ਟਿਕਾਉਂਦਾ[100] ਹਾਂ ।
੧੨੦	**120**	**੧੨੦**
ਤਨੁ[2] ਸਚਾ ਰਸਨਾ[3] ਸਚਿ ਰਾਤੀ[4] ਸਚੁ ਸੁਣਿ[5] ਆਖਿ[6] ਵਖਾਨਣਿਆ[7] ॥ ੨ ॥	True is the body[2] of the man whose tongue[3] is tinged[4] with Truth, who hears[5] and with his mouth[6] utters[7] truth.	ਸੱਚੀ ਹੈ ਦੇਹਿ[2] ਉਸ ਬੰਦੇ ਦੀ, ਜਿਸ ਦੀ ਜੀਭ[3] ਸੱਚ ਨਾਲ ਰੰਗੀ[4] ਹੈ ਜੋ ਸੱਚ ਨੂੰ ਹੀ ਸੁਣਦਾ[5] ਤੇ ਆਪਣੇ ਮੂੰਹ[6] ਨਾਲ ਉਚਾਰਦਾ[7] ਹੈ ।
ਮਨਸਾ[8] ਮਾਰਿ[9] ਸਚਿ[10] ਸਮਾਣੀ[11] ॥ ਇਨਿ ਮਨਿ[12] ਡੀਠੀ[13] ਸਭ[14] ਆਵਣ[15] ਜਾਣੀ ॥	Stilling[9] her desire[8] the bride blends[11] with her True Spouse[10], and with this mind[12] of her sees[13] everyone[14], subject to coming and going[15].	ਆਪਣੀ ਖ਼ਾਹਿਸ਼[8] ਨੂੰ ਮੇਟ[9] ਕੇ ਪਤਨੀ ਆਪਣੇ ਸੱਚੇ ਪਤੀ[10] ਨਾਲ ਅਭੇਦ[11] ਹੋ ਜਾਂਦੀ ਹੈ ਅਤੇ ਆਪਣੇ ਇਸ ਮਨੂਏ[12] ਨਾਲ ਸਾਰਿਆਂ[14] ਨੂੰ ਆਉਣ ਤੇ ਜਾਣ[15] ਦੇ ਅਧੀਨ ਵੇਖਦੀ[13] ਹੈ ।
ਸਤਿਗੁਰੁ ਸੇਵੇ[16] ਸਦਾ[17] ਮਨੁ[18] ਨਿਹਚਲੁ[19] [20]ਨਿਜਘਰਿ[21] ਵਾਸਾ[22] ਪਾਵਣਿਆ[23] ॥ ੩ ॥	By serving[16] the True Guru the mortal[18] becomes stable[19] for ever[17], and secures[23] dwelling[22] in his own[20] home[21].	ਸੱਚੇ ਗੁਰਾਂ ਦੀ ਚਾਕਰੀ ਕਰਨ[16] ਦੁਆਰਾ ਪ੍ਰਾਣੀ[18] ਹਮੇਸ਼ਾਂ ਲਈ[17] ਸਥਿਰ[19] ਹੋ ਜਾਂਦਾ ਹੈ ਅਤੇ ਆਪਣੇ[20] ਨਿਜ ਦੇ ਗ੍ਰਿਹ[21] ਅੰਦਰ ਵਸੇਬਾ[22] ਪਾ ਲੈਂਦਾ[23] ਹੈ ।
ਗੁਰ ਕੈ ਸਬਦਿ[24] ਰਿਦੈ[25] ਦਿਖਾਇਆ[26] ॥	By the Guru's instruction[24] I have perceived[26] the Lord within my mind[25].	ਗੁਰਾਂ ਦੇ ਉਪਦੇਸ਼[24] ਦੇ ਜ਼ਰੀਏ ਮੈਂ ਸੁਆਮੀ ਨੂੰ ਆਪਣੇ ਅੰਤ੍ਰਸ਼ਕਰਨ[25] ਅੰਦਰ ਵੇਖ[26] ਲਿਆ ਹੈ ।
ਮਾਇਆ[27] ਮੋਹੁ[28] ਸਬਦਿ[29] ਜਲਾਇਆ[30] ॥	The love[28] of worldly valuables[27], I have burnt[30] with the God's Name[29].	ਸੰਸਾਰੀ ਪਦਾਰਥਾਂ[27] ਦੀ ਮਮਤਾ[28] ਮੈਂ ਰੱਬ ਦੇ ਨਾਮ[29] ਨਾਲ ਸਾੜ[30] ਸੁੱਟੀ ਹੈ

ਸਚੋ[31] ਸਚਾ ਵੇਖਿ[32] ਸਾਲਾਹੀ[33] ਗੁਰ ਸਬਦੀ[34] ਸਚੁ[35] ਪਾਵਣਿਆ[36] ॥ ੪ ॥	The Truest of the true[31] I behold[32] and admire[33]. By the Guru's instruction[34] I obtain[36] the True Lord[35].	ਸਚਿਆਰਾਂ ਦੇ ਪਰਮ ਸਚਿਆਰ[31] ਨੂੰ ਮੈਂ ਵੇਖਦਾ[32] ਤੇ ਸਲਾਹੁੰਦਾ[33] ਹਾਂ। ਗੁਰਾਂ ਦੇ ਉਪਦੇਸ਼[34] ਦੁਆਰਾ ਮੈਂ ਸੱਚੇ ਸੁਆਮੀ[35] ਨੂੰ ਪਰਾਪਤ[36] ਹੁੰਦਾ ਹਾਂ।
ਜੋ ਸਚਿ ਰਾਤੇ[37] ਤਿਨ[38] ਸਚੀ ਲਿਵ[39] ਲਾਗੀ[40] ॥	They[38], who are tinged[37] with truth, are blessed[40] with the true love[39] of the Lord.	ਜਿਹੜੇ ਸੱਚ ਨਾਲ ਰੰਗੇ[37] ਹਨ ਉਨ੍ਹਾਂ[38] ਨੂੰ ਸਾਹਿਬ ਦੀ ਸੱਚੀ ਪ੍ਰੀਤ[39] ਦੀ ਦਾਤ ਮਿਲਦੀ[40] ਹੈ।
ਹਰਿਨਾਮੁ ਸਮਾਲਹਿ[41] ਸੇ[42] [43]ਵਡਭਾਗੀ[44] ॥	They[42], who remember[41] the Name of God, are very[43] fortunate[44].	ਜੋ ਵਾਹਿਗੁਰੂ ਦੇ ਨਾਮ ਨੂੰ ਸਿਮਰਦੇ[41] ਹਨ ਉਹ[42] ਪਰਮ[43] ਚੰਗੇ ਕਰਮਾਂ[44] ਵਾਲੇ ਹਨ।
ਸਚੈ ਸਬਦਿ[45] ਆਪਿ[46] ਮਿਲਾਏ[47] ਸਤਸੰਗਤਿ ਸਚੁ[48] ਗੁਣ[49] ਗਾਵਣਿਆ[50] ॥ ੫ ॥	The True Lord[45] blends[47] with Himself[46] those, who by joining the saint's congregation, sing[50] His true[48] praises[49].	ਸੱਚਾ ਸਾਹਿਬ[45] ਉਨ੍ਹਾਂ ਨੂੰ ਆਪਣੇ[46] ਨਾਲ ਅਭੇਦ[47] ਕਰ ਲੈਂਦਾ ਹੈ ਜੋ ਸਾਧਸੰਗਤ ਨਾਲ ਜੁੜ ਕੇ ਉਸਦੀ ਸੱਚੀ[48] ਸਿਫ਼ਤ ਸਨਾ[49] ਗਾਇਨ[50] ਕਰਦੇ ਹਨ।
ਲੇਖਾ[51] ਪੜੀਐ[52] ਜੇ[53] ਲੇਖੇ ਵਿਚਿ ਹੋਵੈ[54] ॥	We may read[52] the Lord's account[51] if[53] He were[54] within any account.	ਆਪਾਂ ਸਾਹਿਬ ਦਾ ਹਿਸਾਬ ਕਿਤਾਬ[51] ਤਾਂ ਵਾਚੀਏ[52] ਜੇਕਰ[53] ਉਹ ਕਿਸੇ ਲੇਖੇ ਪੱਤੇ ਆਉਂਦਾ[54] ਹੋਵੇ।
ਓਹੁ ਅਗਮੁ[55] ਅਗੋਚਰੁ[56] ਸਬਦਿ[57] ਸੁਧਿ[58] ਹੋਵੈ[59] ॥	He is beyond reach[55] and above comprehension[56]. Through the Guru's instruction[57] His knowledge[58] is received[59].	ਉਹ ਪਹੁੰਚ ਤੋਂ ਪਰੇ[55] ਤੇ ਸੋਚ-ਵਿਚਾਰ[56] ਤੋਂ ਉਚੇਰਾ ਹੈ। ਗੁਰਾਂ ਦੀ ਸਿਖ ਮਤ[57] ਦੁਆਰਾ ਉਸ ਦੀ ਗਿਆਤ[58] ਪਰਾਪਤ[59] ਹੁੰਦੀ ਹੈ।
ਅਨਦਿਨੁ[60] ਸਚ ਸਬਦਿ[61] ਸਾਲਾਹੀ[65] ਹੋਰੁ[62] ਕੋਇ ਨ ਕੀਮਤਿ[63] ਪਾਵਣਿਆ[64] ॥ ੬ ॥	Night[60] and day praise[65] the True Lord[61]. There is no other[62] way to know[64] His worth[63].	ਰੈਣ ਦਿਹੁੰ[60] ਸੱਚੇ ਸਾਹਿਬ[61] ਦੀ ਪਰਸੰਸਾ ਕਰ[65] ਹੋਰਸ[62] ਕੋਈ ਤਰੀਕਾ ਉਸ ਦੇ ਮੁੱਲ[63] ਜਾਨਣ[64] ਦਾ ਨਹੀਂ।
ਪੜਿ ਪੜਿ[66] ਥਾਕੇ[67] ਸਾਂਤਿ[68] ਨ ਆਈ ॥	By reading and reciting[66] men grow weary[67] but they obtain not peace[68].	ਪੜ੍ਹ ਤੇ ਵਾਚ[66] ਕੇ ਆਦਮੀ ਹੰਭ[67] ਜਾਂਦੇ ਹਨ ਪ੍ਰੰਤੂ ਉਨ੍ਹਾਂ ਨੂੰ ਠੰਢ-ਚੈਨ[68] ਪਰਾਪਤ ਨਹੀਂ ਹੁੰਦੀ।
ਤ੍ਰਿਸਨਾ[69] ਜਾਲੇ[70] ਸੁਧਿ[71] ਨ ਕਾਈ ॥	By desire[69] they are consumed[70], and they have no knowledge[71] of it.	ਖ਼ਾਹਿਸ਼[69] ਨੇ ਉਨ੍ਹਾਂ ਨੂੰ ਸਾੜ[70] ਸੁਟਿਆ ਹੈ ਅਤੇ ਉਨ੍ਹਾਂ ਨੂੰ ਇਸ ਦੀ ਕੋਈ ਗਿਆਤ[71] ਨਹੀਂ।
ਬਿਖੁ[72] ਬਿਹਾਝਹਿ[73] ਬਿਖੁ ਮੋਹ[74] ਪਿਆਸੇ[75] ਕੂੜੁ[76] ਬੋਲਿ[77] ਬਿਖੁ ਖਾਵਣਿਆ[78] ॥ ੭ ॥	Poison[72] they purchase[73] and for the love[74] of poison they are thirsty[75]. By telling[77] lies[76] they eat[78] poison.	ਜ਼ਹਿਰ[72] ਉਹ ਖ਼ਰੀਦਦੇ[73] ਹਨ ਤੇ ਜ਼ਹਿਰ ਦੀ ਪ੍ਰੀਤ[74] ਖ਼ਾਤਰ ਉਹ ਤਿਹਾਏ[75] ਹਨ। ਝੂਠ[76] ਆਖ[77] ਕੇ ਉਹ ਜ਼ਹਿਰ ਖਾਂਦੇ[78] ਹਨ।
ਗੁਰ ਪਰਸਾਦੀ[79] ਏਕੋ[80] ਜਾਣਾ ॥	Through Guru's grace[79] I know but One[80] God.	ਗੁਰਾਂ ਦੀ ਦਇਆ[79] ਦੁਆਰਾ ਮੈਂ ਕੇਵਲ[80] ਇਕ ਹਰੀ ਨੂੰ ਹੀ ਜਾਣਦਾ ਹਾਂ।
ਦੂਜਾ[81] ਮਾਰਿ[82] ਮਨੁ[83] ਸਚਿ[84] ਸਮਾਣਾ[85] ॥	Killing[82] duality[81] my soul[83] is absorbed[85] in the True Lord[84].	ਦਵੈਤ-ਭਾਵ[81] ਨੂੰ ਨਾਸ[82] ਕਰਕੇ ਮੇਰੀ ਆਤਮਾ[83] ਸੱਚੇ ਸਾਈਂ[84] ਅੰਦਰ ਲੀਨ[85] ਹੋ ਗਈ ਹੈ।
ਨਾਨਕ ਏਕੋ[86] ਨਾਮੁ ਵਰਤੈ[87] ਮਨ ਅੰਤਰਿ[88] ਗੁਰ	Nanak, the One[86] Name alone is prevailing[87] within[88] my mind. By	ਨਾਨਕ, ਕੇਵਲ ਅਦੁੱਤੀ[86] ਨਾਮ ਹੀ ਮੇਰੇ ਚਿੱਤ ਅੰਦਰ[88] ਪਰਵਿਰਤ[87] ਹੋ ਰਿਹਾ ਹੈ। ਗੁਰਾਂ ਦੀ ਦਇਆ[89]

ਪਰਸਾਦੀ[89] ਪਾਵਣਿਆ[90] ॥ ੮ ॥ ੧੭ ॥ ੧੮ ॥	the Guru's grace[89] is the Name received[90].	ਦੁਆਰਾ ਨਾਮ ਪਾਇਆ[90] ਜਾਂਦਾ ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਵਰਨ[91] ਰੂਪ[92] ਵਰਤਹਿ[93] ਸਭ[94] ਤੇਰੇ[95] ॥	All[94] the castes[91] and forms[92] are made prevalent[93] by Thee[95].	ਸਮੂਹ[94] ਜਾਤੀਆਂ[91] ਤੇ ਸ਼ਕਲਾਂ[92] ਤੇਰੀਆਂ[95] ਪਰਚੱਲਤ ਕੀਤੀਆਂ[93] ਹੋਈਆਂ ਹਨ।
ਮਰਿ[96] ਮਰਿ ਜੰਮਹਿ[97] ਫੇਰ[98] ਪਵਹਿ[99] ਘਣੇਰੇ[100] ॥	Men repeatedly die[96], are reborn[97] and go round[99] in many[100] circuits[98].	ਬੰਦੇ ਮੁੜ ਮੁੜ[96] ਕੇ ਮਰਦੇ, ਜੰਮਦੇ[97] ਤੇ ਬਹੁਤੇ[100] ਗੇੜਿਆਂ[98] ਵਿਚ ਪੈਂਦੇ ਹਨ[99]।
ਤੂੰ ਏਕੋ[2] ਨਿਹਚਲੁ[3] ਅਗਮ[4] ਅਪਾਰਾ[5] ਗੁਰਮਤੀ[6] ਬੂਝ[7] ਬੁਝਾਵਣਿਆ[8] ॥ ੧ ॥	Thou alone[2] art unshakable[3], unknowable[4] and unlimited[5]. By the Guru's teachings[6] is Thine understanding[7] imparted[8].	ਕੇਵਲ[2] ਤੂੰ ਹੀ ਅਹਿੱਲ[3], ਅਗਾਧ[4] ਅਤੇ ਅਨੰਤ[5] ਹੈਂ। ਗੁਰਾਂ ਦੇ ਉਪਦੇਸ਼[6] ਦੁਆਰਾ ਹੀ ਤੇਰੀ ਗਿਆਤ[7] ਦਰਸਾਈ[8] ਜਾਂਦੀ ਹੈ।
ਹਉ ਵਾਰੀ ਜੀਉ ਵਾਰੀ ਰਾਮਨਾਮੁ[9] ਮੰਨਿ[10] ਵਸਾਵਣਿਆ[11] ॥	I am a sacrifice, my life is a sacrifice unto those who enshrine[11] the Name of the pervading God[9] in their mind[10].	ਮੈਂ ਬਲਿਹਾਰਨੇ ਹਾਂ, ਮੇਰੀ ਜ਼ਿੰਦਗੀ ਬਲਿਹਾਰਨੇ ਹੈ ਉਨ੍ਹਾਂ ਉਤੋਂ ਜੋ ਵਿਆਪਕ ਵਾਹਿਗੁਰੂ[9] ਦੇ ਨਾਮ ਨੂੰ ਆਪਣੇ ਹਿਰਦੇ[10] ਅੰਦਰ ਟਿਕਾਉਂਦੇ[11] ਹਨ।
ਤਿਸੁ[12] ਰੂਪੁ[13] ਨ ਰੇਖਿਆ[14] ਵਰਨੁ[15] ਨ ਕੋਈ ਗੁਰਮਤੀ[16] ਆਪਿ[17] ਬੁਝਾਵਣਿਆ[18] ॥ ੧ ॥ ਰਹਾਉ ॥	He[12] has no features[13], marks[14] and colour[15]. By the Guru's instruction[16] He causes Himself[17] to be understood[18]. Pause.	ਉਸ[12] ਦਾ ਕੋਈ ਮੁਹਾਂਦਰਾ[13], ਚਿੰਨ੍ਹ[14] ਅਤੇ ਰੰਗ[15] ਨਹੀਂ। ਗੁਰਾਂ ਦੀ ਸਿਖ-ਮਤ[16] ਦੁਆਰਾ ਉਹ ਆਪਣੇ ਆਪ[17] ਨੂੰ ਜਣਾਉਂਦਾ[18] ਹੈ। ਠਹਿਰਾਉ।
ਸਭ[19] ਏਕਾ[20] ਜੋਤਿ[21] ਜਾਣੈ[22] ਜੇ[23] ਕੋਈ[24] ॥	Amongst all[19] is the light[21] of the One Lord[20], if[23] some mortal[24] were to realise[22] it.	ਸਾਰਿਆਂ[19] ਅੰਦਰ ਇਕ ਸੁਆਮੀ[20] ਦਾ ਪਰਕਾਸ਼[21] ਹੈ, ਜੇਕਰ[23] ਕੋਈ ਪ੍ਰਾਣੀ[24] ਇਸ ਨੂੰ ਅਨੁਭਵ[22] ਕਰੇ।
ਸਤਿਗੁਰੁ ਸੇਵਿਐ[25] ਪਰਗਟੁ[26] ਹੋਈ ॥	By serving[25] the True Guru it becomes manifest[26].	ਸੱਚੇ ਗੁਰਾਂ ਦੀ ਟਹਿਲ[25] ਕਮਾਉਣ ਦੁਆਰਾ ਇਹ ਪਰਤੱਖ ਤੇ ਜ਼ਾਹਰ[26] ਹੋ ਜਾਂਦਾ ਹੈ।
ਗੁਪਤੁ[27] ਪਰਗਟੁ[28] ਵਰਤੈ[29] ਸਭ[30] ਥਾਈ[31] ਜੋਤੀ[32] ਜੋਤਿ[33] ਮਿਲਾਵਣਿਆ[34] ॥੨॥	In all[30] the non-apparent[27] and apparent[28] places[31] He is diffused[29]. In the Supreme Light[32] the man's light[33] ultimately merges[34]	ਪੋਸ਼ੀਦਾ[27] ਤੇ ਪਰਤੱਖ[28] ਸਾਰੀਆਂ[30] ਥਾਵਾਂ[31] ਅੰਦਰ ਉਹ ਰਮਿਆ[29] ਹੋਇਆ ਹੈ। ਪਰਮ ਨੂਰ[32] ਅੰਦਰ ਹੀ ਮਨੁੱਖੀ[33] ਨੂਰ ਓੜਕ ਨੂੰ ਲੀਨ[34] ਹੋ ਜਾਂਦਾ ਹੈ।
ਤਿਸਨਾ[35] ਅਗਨਿ[36] ਜਲੈ[37] ਸੰਸਾਰਾ[38] ॥ ਲੋਭੁ[39] ਅਭਿਮਾਨੁ[40] ਬਹੁਤੁ[41] ਅਹੰਕਾਰਾ[42]	In the fire[36] of desire[35], avarice[39], arrogance[40] and excessive[41] egotism[42] the man[38] is burning[37].	ਖ਼ਾਹਿਸ਼[35], ਤਮ੍ਹਾ[39] ਘੁਮੰਡ[40] ਅਤੇ ਘਨੇਰੇ[41] ਗ਼ਰੂਰ[42] ਦੀ ਅੱਗ[36] ਅੰਦਰ ਬੰਦਾ[38] ਮਚ[37] ਰਿਹਾ ਹੈ।
ਮਰਿ ਮਰਿ[43] ਜਨਮੈ[44] ਪਤਿ[45] ਗਵਾਏ[46] ਅਪਣੀ ਬਿਰਥਾ[47] ਜਨਮੁ[48] ਗਵਾਵਣਿਆ[49] ॥੩॥	He repeatedly goes[43], comes[44] and loses[46] his honour[45]. His life[48] he wastes away[49] in vain[47].	ਉਹ ਬਾਰੰਬਾਰ ਜਾਂਦਾ[43] ਆਉਂਦਾ[44] ਅਤੇ ਆਪਣੀ ਇਜ਼ਤ ਆਬਰੂ[45] ਗੁਆਉਂਦਾ[46] ਹੈ। ਆਪਣਾ ਜੀਵਨ[48] ਉਹ ਬੇਅਰਥ[47] ਹੀ ਵੰਞਾ ਲੈਂਦਾ[49] ਹੈ।
ਗੁਰ ਕਾ ਸਬਦੁ[50] ਕੋ ਵਿਰਲਾ[51]	Rare is the person[51] who under-	ਕੋਈ ਟਾਵਾਂ ਪੁਰਸ਼[51] ਹੀ ਗੁਰਬਾਣੀ[50] ਨੂੰ ਸਮਝਦਾ[52] ਹੈ।

ਬੂਝੈ[52] ॥	stands[52] Gurbani[50].	
ਆਪੁ[53] ਮਾਰੇ[54] ਤਾ[55] [56]ਤ੍ਰਿਭਵਣੁ[57] ਸੂਝੈ[58] ॥	When man effaces[54] his self-conceit[53], then[55] does he come to possess the knowledge[58] of the three[56] worlds[57].	ਜਦ ਬੰਦਾ ਆਪਣੀ ਸਵੈ-ਹੰਗਤਾ[53] ਨੂੰ ਮੇਸ ਦਿੰਦਾ[54] ਹੈ, ਤਦ[55], ਉਸ ਨੂੰ ਤਿੰਨਾਂ[56] ਜਹਾਨਾਂ[57] ਦੀ ਗਿਆਤ[58] ਹੋ ਜਾਂਦੀ ਹੈ।
ਫਿਰਿ[59] ਓਹੁ ਮਰੈ[60] ਨ ਮਰਣਾ[61] ਹੋਵੈ ਸਹਜੇ[62] ਸਚਿ[63] ਸਮਾਵਣਿਆ[64] ॥੪॥	Then[59] he remains dead[60] in life and dies[61] not again. He rather easily[62] blends[64] with the True Lord[63].	ਤਦ[59] ਉਹ ਜੀਉਂਦੇ ਜੀ ਮਰਿਆ ਰਹਿੰਦਾ[60] ਹੈ ਅਤੇ ਮੁੜ ਕੇ ਨਹੀਂ ਮਰਦਾ[61]। ਉਹ ਸਗੋਂ, ਸੁਖੈਨ[62] ਹੀ ਸੱਚੇ ਸਾਈਂ[63] ਨਾਲ ਅਭੇਦ[64] ਹੋ ਜਾਂਦਾ ਹੈ।
ਮਾਇਆ[65] ਮਹਿ[66] ਫਿਰਿ[67] ਚਿਤੁ[68] ਨ ਲਾਏ[69] ॥	He fixes[69] not his mind[68] then[67] in[66] worldly valuables[65].	ਉਹ ਤਦ[67], ਸੰਸਾਰੀ ਪਦਾਰਥਾਂ[65] ਵਿਚ[66] ਆਪਣੇ ਮਨ[68] ਨੂੰ ਨਹੀਂ ਜੋੜਦਾ[69]।
ਗੁਰ ਕੈ ਸਬਦਿ[70] ਸਦ[71] ਰਹੈ ਸਮਾਏ[72] ॥	In the Guru's hymns[70] he ever[71] remains absorbed[72].	ਗੁਰਾਂ ਦੀ ਬਾਣੀ[70] ਅੰਦਰ ਉਹ ਸਦੀਵ[71] ਹੀ ਲੀਨ ਹੋਇਆ[72] ਰਹਿੰਦਾ ਹੈ।
ਸਚੁ[73] ਸਲਾਹੇ[74] ਸਭ ਘਟ[75] ਅੰਤਰਿ[76] ਸਚੋ ਸਚੁ[77] ਸੁਹਾਵਣਿਆ[78] ॥ ੫ ॥	He eulogises[74] the True Lord[73], who is contained in[76] all the hearts[75], and in All-truth[77] he looks beautiful[78].	ਉਹ ਸੱਚੇ ਸਾਹਿਬ[73] ਜੋ ਸਾਰਿਆਂ ਦਿਲਾਂ[75] ਅੰਦਰ[76] ਰਮਿਆ ਹੋਇਆ ਹੈ, ਦੀ ਪਰਸੰਸਾ ਕਰਦਾ[74] ਹੈ ਅਤੇ ਸਮੂਹ ਸੱਚ[77] ਅੰਦਰ ਸੁੰਦਰ[78] ਭਾਸਦਾ ਹੈ।
ਸਚੁ ਸਾਲਾਹੀ ਸਦਾ[79] ਹਜੂਰੇ[80] ॥ ਗੁਰ ਕੈ ਸਬਦਿ[81] ਰਹਿਆ ਭਰਪੂਰੇ[82] ॥	I praise the True One who is ever[79] present[80], and who is fully-filling[82] the Guru's hymns[81].	ਮੈਂ ਸਤਿਪੁਰਖ ਦੀ ਸ਼ਲਾਘਾ ਕਰਦਾ ਹਾਂ ਜੋ ਹਮੇਸ਼ਾਂ[79] ਹੀ ਐਨ ਪ੍ਰਤੱਖ[80] ਹੈ ਅਤੇ ਜੋ ਗੁਰਾਂ ਦੀ ਬਾਣੀ[81] ਅੰਦਰ ਪਰੀ ਪੂਰਨ[82] ਹੋ ਰਿਹਾ ਹੈ।
ਗੁਰ ਪਰਸਾਦੀ[83] ਸਚੁ ਨਦਰੀ[84] ਆਵੈ ਸਚੇ ਹੀ ਸੁਖੁ[85] ਪਾਵਣਿਆ[86] ॥੬॥	Through the Guru's grace[83] the True Master is beheld[84], and from the True Being one gathers[86] solace[85].	ਗੁਰਾਂ ਦੀ ਕਿਰਪਾਲਤਾ[83] ਰਾਹੀਂ ਸੱਚਾ ਮਾਲਕ ਵੇਖਿਆ ਜਾਂਦਾ[84] ਹੈ ਅਤੇ ਸਤਿ ਪੁਰਖ ਤੋਂ ਹੀ ਇਨਸਾਨ ਠੰਢ[85]-ਚੈਨ ਪਰਾਪਤ[86] ਕਰਦਾ ਹੈ।
ਸਚੁ[87] ਮਨ ਅੰਦਰਿ ਰਹਿਆ ਸਮਾਇ[88] ॥	The True Lord[87] remains permeated[88] in the mind.	ਸੱਚਾ ਸਾਈਂ[87] ਚਿੱਤ ਵਿਚ ਰਮਿਆ ਰਹਿੰਦਾ[88] ਹੈ।
ਸਦਾ[89] ਸਚੁ ਨਿਹਚਲੁ[90] ਆਵੈ ਨ ਜਾਇ ॥	The True One is ever[89] permanent[90], He comes and goes not.	ਸਤਿਪੁਰਖ ਸਦਾ[89] ਹੀ ਮੁਸਤਕਿਲ[90] ਹੈ, ਉਹ ਆਉਂਦਾ ਤੇ ਜਾਂਦਾ ਨਹੀਂ।
ਸਚੇ[97] ਲਾਗੈ[91] ਸੋ[92] ਮਨੁ[93] ਨਿਰਮਲੁ[94] ਗੁਰਮਤੀ[95] ਸਚਿ ਸਮਾਵਣਿਆ[96] ॥ ੭ ॥	The[92] man[93], who gets attached[91] with the true Master[97], is pure[94]. By the Guru's gospel[95] he blends[96] with the True One.	ਉਹ[92] ਮਨੁੱਖ[93] ਜੋ ਸੱਚੇ ਮਾਲਕ[97] ਨਾਲ ਜੁੜਦਾ[91] ਹੈ, ਪਾਕ[94] ਪਵਿੱਤ੍ਰ ਹੈ। ਗੁਰਾਂ ਦੇ ਉਪਦੇਸ਼[95] ਦੁਆਰਾ ਉਹ ਸਤਿਪੁਰਖ ਨਾਲ ਅਭੇਦ[96] ਹੋ ਜਾਂਦਾ ਹੈ।
ਸਚੁ ਸਾਲਾਹੀ[98] ਅਵਰੁ[99] ਨ ਕੋਈ ॥	I praise[98] the True One and naught else[99].	ਮੈਂ ਸਤਿਪੁਰਖ ਦੀ ਉਸਤਤੀ[98] ਕਰਦਾ ਹਾਂ ਅਤੇ ਹੋਰ, ਕਿਸੇ[99] ਦੀ ਨਹੀਂ।
ਜਿਤੁ[4] ਸੇਵਿਐ[100] ਸਦਾ[2] ਸੁਖੁ[3] ਹੋਈ ॥	By serving[100] whom[4] eternal[2] peace[3] is obtained.	ਜਿਸ[4] ਦੀ ਟਹਿਲ ਕਮਾਉਣ[100] ਦੁਆਰਾ ਦਾਇਮੀ[2] ਆਰਾਮ[3] ਪਰਾਪਤ ਹੁੰਦਾ ਹੈ।
੧੨੧	121	੧੨੧
ਨਾਨਕ ਨਾਮਿ ਰਤੇ[5] ਵੀਚਾਰੀ[6] ਸਚੋ ਸਚੁ[7] ਕਮਾਵਣਿਆ[8] ॥	Nanak, they, who are imbued[5] with God's Name, are the deep delibera-	ਨਾਨਕ ਜੋ ਵਾਹਿਗੁਰੂ ਦੇ ਨਾਮ ਨਾਲ ਰੰਗੀਜੇ[5] ਹਨ, ਉਹ ਡੂੰਘੇ ਵੀਚਾਰਵਾਨ[6] ਹਨ, ਉਹ ਨਿਰੋਲ ਸੱਚ[7] ਦੀ

॥ ੮ ॥ ੧੮ ॥ ੧੯ ॥	tors. They practise[6] nothing but[7] Truth.	ਕਮਾਈ ਕਰਦੇ[8] ਹਨ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਨਿਰਮਲ[9] ਸਬਦੁ[10]ਨਿਰਮਲ ਹੈ ਬਾਣੀ[11] ॥ ਨਿਰਮਲ ਜੋਤਿ[12] ਸਭ ਮਾਹਿ[13] ਸਮਾਣੀ[14] ॥	Pure[9] is the Gurbani[10] and pure the Guru's utterance[11]. Immaculate is the Lord's light[12] which is contained[14] amongst[13] all.	ਪਵਿੱਤ੍ਰ[9] ਹੈ ਗੁਰਬਾਣੀ[10] ਅਤੇ ਪਵਿੱਤ੍ਰ ਗੁਰਾਂ ਦਾ ਉਚਾਰਣ[11], ਪਾਵਨ ਹੈ ਸਾਈਂ ਦਾ ਨੂਰ[12] ਜੋ ਸਾਰਿਆਂ ਅੰਦਰ[13] ਵਿਆਪਕ[14] ਹੋ ਰਿਹਾ ਹੈ ।
ਨਿਰਮਲ[14*] ਬਾਣੀ[15] ਹਰਿ ਸਾਲਾਹੀ[16] ਜਪਿ[17] ਹਰਿ ਨਿਰਮਲੁ[18] ਮੈਲੁ[19] ਗਵਾਵਣਿਆ[20] ॥	Consecrated[14*] is the Guru's Bani[15] where-in is contained God's praise[16]. By meditating[17] on the blotless[18] Lord, one washes[20] off his filth[19].	ਪਾਕ ਪਵਿੱਤ੍ਰ[14*] ਹੈ ਗੁਰਾਂ ਦੀ ਬਾਣੀ[15] ਜਿਸ ਵਿਚ ਵਾਹਿਗੁਰੂ ਦੀ ਸਿਫ਼ਤ ਸ਼ਲਾਘਾ[16] ਹੈ । ਬੇਦਾਗ਼[18] ਵਾਹਿਗੁਰੂ ਦਾ ਸਿਮਰਨ[17] ਕਰਨ ਦੁਆਰਾ ਆਦਮੀ ਆਪਣੀ ਮਲੀਨਤਾ[19] ਧੋ ਸੁੱਟਦਾ[20] ਹੈ ।
ਹਉ ਵਾਰੀ ਜੀਉ ਵਾਰੀ [21]ਸੁਖਦਾਤਾ[22] ਮੰਨਿ[23] ਵਸਾਵਣਿਆ[24] ॥	I am devoted, my soul is devoted unto those who enshrine[24], in their mind[23], God, the giver[22] of peace[21].	ਮੈਂ ਸਦਕੇ ਹਾਂ, ਮੇਰੀ ਜਿੰਦੜੀ ਸਦਕੇ ਹੈ ਉਨ੍ਹਾਂ ਉਤੋਂ ਜੋ ਆਰਾਮ[21] ਦੇਣਹਾਰ[22] ਹਰੀ ਨੂੰ ਆਪਣੇ ਚਿਤ ਵਿਚ[23] ਟਿਕਾਉਂਦੇ[24] ਹਨ ।
ਹਰਿ ਨਿਰਮਲੁ[31] ਗੁਰ ਸਬਦਿ[25] ਸਲਾਹੀ[26]ਸਬਦੋ[27] ਸੁਣਿ[28] ਤਿਸਾ[29] ਮਿਟਾਵਣਿਆ[30] ॥ ੧ ॥ ਰਹਾਉ ॥	I praise[26] the Pure One[31] under the Guru's instruction[27], and by hearing[28] the Guru's word[28] I quenched[30] my thirst[29]. Pause.	ਗੁਰਾਂ ਦੇ ਉਪਦੇਸ਼[25] ਤਾਬੇ ਮੈਂ ਪਵਿੱਤ੍ਰ ਪੁਰਸ਼[31] ਦੀ ਪਰਸੰਸਾ[26] ਕਰਦਾ ਹਾਂ ਅਤੇ ਗੁਰਾਂ ਦੀ ਬਾਣੀ[27] ਸਰਵਣ[28] ਕਰਕੇ ਮੈਂ ਆਪਣੀ ਤ੍ਰੇਹ[29] ਬੁਝਾਉਂਦਾ[30] ਹਾਂ । ਠਹਿਰਾਉ ।
ਨਿਰਮਲ ਨਾਮੁ ਵਸਿਆ[32] ਮਨਿ[39]ਆਏ ॥ ਮਨੁ[34]ਤਨੁ[33] ਨਿਰਮਲੁ[35] ਮਾਇਆ[36] ਮੋਹੁ[37] ਗਵਾਏ[38] ॥	When the immaculate Name is enshrined[32] in the mind[39], the body[33] and soul[34] are rendered pure[35] and the love[37] of mammon[36] departs[38].	ਜਦ ਪਵਿੱਤ੍ਰ ਨਾਮ ਆ ਕੇ ਚਿੱਤ[39] ਵਿਚ ਨਿਵਾਸ[32] ਕਰ ਲੈਂਦਾ ਹੈ, ਦੇਹਿ[33] ਤੇ ਆਤਮਾ[34] ਸ਼ੁੱਧ[35] ਹੋ ਜਾਂਦੇ ਹਨ ਅਤੇ ਧਨ ਦੌਲਤ[36] ਦੀ ਮਮਤਾ[37] ਦੂਰ[38] ਹੋ ਜਾਂਦੀ ਹੈ ।
ਨਿਰਮਲ ਗੁਣ[39*] ਗਾਵੈ[40] ਨਿਤ[41] ਸਾਚੇ[42] ਕੇ[46] ਨਿਰਮਲ[43] ਨਾਦੁ[44] ਵਜਾਵਣਿਆ[45] ॥ ੨ ॥	He, who ever[41] sings[40] the pure praises[39*] of[46] the True Lord[42], the holy[43] celestial strain[44] resounds[45] within him.	ਜੋ ਸਦੀਵ[41] ਹੀ ਸੱਚੇ ਸੁਆਮੀ[42] ਦਾ[46] ਸ਼ੁੱਧ ਜੱਸ[39*] ਗਾਇਨ[40] ਕਰਦਾ ਹੈ ਉਸ ਦੇ ਅੰਦਰ ਪਵਿੱਤ੍ਰ[43] ਕੀਰਤਨ[44] ਗੂੰਜਦਾ[45] ਹੈ ।
ਨਿਰਮਲ ਅੰਮ੍ਰਿਤੁ[47] ਗੁਰ ਤੇ[48] ਪਾਇਆ ॥	The immaculate elixir[47] is obtained from[48] the Guru.	ਪਵਿੱਤ੍ਰ ਆਬਿ-ਹਿਯਾਤ[47] ਗੁਰਾਂ ਤੋਂ[48] ਪਰਾਪਤ ਹੁੰਦਾ ਹੈ ।
ਵਿਚਹੁ[49] ਆਪੁ[50] ਮੁਆ[51] ਤਿਥੈ[52] ਮੋਹੁ[53] ਨ ਮਾਇਆ[54] ॥	Where self-conceit[50] is eradicated[51] from within[49], there[52] stays not the love[53] of worldly valuables[54].	ਜਿਥੇਂ ਸਵੈ-ਹੰਗਤਾ[50] ਅੰਦਰੋਂ[49] ਮਿਟ[51] ਜਾਂਦੀ ਹੈ, ਉਥੇ[52] ਸੰਸਾਰੀ ਪਦਾਰਥਾਂ[54] ਦੀ ਮੁਹੱਬਤ[53] ਨਹੀਂ ਠਹਿਰਦੀ ।
ਨਿਰਮਲ ਗਿਆਨੁ[55] ਧਿਆਨੁ[56] ਅਤਿ[57] ਨਿਰਮਲੁ ਨਿਰਮਲ ਬਾਣੀ[58] ਮੰਨਿ[59] ਵਸਾਵਣਿਆ[60] ॥ ੩ ॥	Pure is the Divine comprehension[55], and extremely[57] pure the meditation[56] of him who imbibes[60] the pure Gurbani[58] in his mind[59].	ਪਾਵਨ ਹੈ ਈਸ਼ਵਰੀ ਗਿਆਤ[55] ਤੇ ਪ੍ਰਮ[57] ਪਾਵਨ ਹੈ ਉਸ ਦਾ ਸਿਮਰਨ[56] ਜੋ ਪਵਿੱਤ ਗੁਰਬਾਣੀ[58] ਨੂੰ ਆਪਣੇ ਚਿੱਤ[59] ਅੰਦਰ ਟਿਕਾਉਂਦਾ[60] ਹੈ ।

ਜੋ[61] ਨਿਰਮਲੁ[64] ਸੇਵੇ[62] ਸੁ[63] ਨਿਰਮਲੁ ਹੋਵੈ ॥	He[63], who[61] serves[62] the Pure One[64], becomes pure.	ਜਿਹੜਾ[61] ਪਵਿੱਤ੍ਰ ਪੁਰਖ[64] ਦੀ ਘਾਲ ਘਾਲਦਾ[62] ਹੈ, ਉਹ[63] ਪਵਿੱਤ੍ਰ ਹੋ ਜਾਂਦਾ ਹੈ।
ਹਉਮੈ[65] ਮੈਲੁ[66] ਗੁਰ ਸਬਦੇ[67] ਧੋਵੈ[68] ॥	The filth[66] of ego[65] he washes off[68], with the Guru's hymns[67].	ਹੰਕਾਰ[65] ਦੀ ਮਲੀਨਤਾ[66] ਉਹ ਗੁਰਾਂ ਦੀ ਬਾਣੀ[67] ਨਾਲ ਧੋ ਸੁਟਦਾ[68] ਹੈ।
ਨਿਰਮਲ[69] ਵਾਜੈ[70] ਅਨਹਦ ਧੁਨਿ[71] ਬਾਣੀ[72] ਦਰਿ ਸਚੈ[73] ਸੋਭਾ[74] ਪਾਵਣਿਆ[75] ॥੪॥	In him sounds[70] the incessant music[71] of the pure[69] Gurbani[72] and he obtains[75] honour[74] in the True Court[73].	ਉਸ ਦੇ ਅੰਦਰ ਪਵਿੱਤਰ[69] ਗੁਰਬਾਣੀ[72] ਦਾ ਅਖੰਡ ਕੀਰਤਨ[71] ਆਲਾਪਿਆ[70] ਜਾਂਦਾ ਹੈ ਅਤੇ ਉਹ ਸੱਚੇ ਦਰਬਾਰ[73] ਅੰਦਰ ਇੱਜ਼ਤ[74] ਪਾਉਂਦਾ[75] ਹੈ।
ਨਿਰਮਲ ਤੇ[76] ਸਭ ਨਿਰਮਲ ਹੋਵੈ[77] ॥	From[76] the immaculate Lord all become[77] immaculate.	ਪਾਵਨ ਪ੍ਰਭੂ ਪਾਸੋਂ[76] ਸਾਰੇ ਪਾਵਨ ਹੋ ਜਾਂਦੇ[77] ਹਨ।
ਨਿਰਮਲੁ ਮਨੂਆ[78] ਹਰਿ ਸਬਦਿ[79] ਪਰੋਵੈ[80] ॥	Pure becomes the soul[78] which weaves[80] in itself God's Name[79].	ਪਵਿੱਤ੍ਰ ਹੋ ਜਾਂਦੀ ਹੈ ਉਹ ਆਤਮਾ[78] ਜਿਹੜੀ ਰੱਬ ਦੇ ਨਾਮ[79] ਨੂੰ ਆਪਣੇ ਅੰਦਰ ਪ੍ਰੋ ਲੈਂਦੀ[80] ਹੈ।
ਨਿਰਮਲ ਨਾਮਿ[85] ਲਗੇ[81] [82]ਬਡਭਾਗੀ[83] ਨਿਰਮਲੁ ਨਾਮਿ ਸੁਹਾਵਣਿਆ[84] ॥ ੫ ॥	With the pious Name[85] are attached[81] the very[82] fortunate[83] and through the pious Name they look beauteous[84].	ਪਵਿੱਤ੍ਰ ਨਾਮ[85] ਨਾਲ ਭਾਰੇ[82] ਨਸੀਬਾਂ[83] ਵਾਲੇ ਜੁੜਦੇ[81] ਹਨ ਅਤੇ ਪਵਿੱਤਰ ਨਾਮ ਦੇ ਰਾਹੀਂ ਉਹ ਸੁੰਦਰ[84] ਭਾਸਦੇ ਹਨ।
ਸੋ[86] ਨਿਰਮਲੁ ਜੋ[87] ਸਬਦੇ[88] ਸੋਹੈ[89] ॥	He[86] is pure who[87] looks adorned[89] with God's Name[88].	ਉਹ[86] ਪਵਿੱਤ੍ਰ ਹੈ ਜਿਹੜਾ[87] ਰੱਬ ਦੇ ਨਾਮ[88] ਨਾਲ ਸੁਭਾਇਮਾਨ[89] ਦਿਸਦਾ ਹੈ।
ਨਿਰਮਲ ਨਾਮਿ ਮਨੁ[90] ਤਨੁ[91] ਮੋਹੈ[92] ॥	The pure Name bewitches[92] his soul[90] and body[91]	ਪਵਿੱਤਰ ਨਾਮ ਉਸ ਦੀ ਆਤਮਾ[90] ਤੇ ਦੇਹਿ[91] ਨੂੰ ਫ਼ਰੇਫ਼ਤਾ ਕਰ ਲੈਂਦਾ[92] ਹੈ।
ਸਚਿ ਨਾਮਿ[100] ਮਲੁ[93] ਕਦੇ[94] ਨ ਲਾਗੈ[95] ਮੁਖੁ[96] ਊਜਲੁ[97] ਸਚੁ[98] ਕਰਾਵਣਿਆ[99] ॥੬॥	To the True Name[100] no filth[93] ever[94] attaches[95]. The face[96] is made[99] (rendered) bright[97] with the True Name[98].	ਸੱਚੇ ਨਾਮ[100] ਨੂੰ ਕਦਾਚਿੱਤ[94] ਕੋਈ ਗਿਲਾਜ਼ਤ[93] ਨਹੀਂ ਚੰਮੜਦੀ[95]। ਸਤਿਨਾਮ[98] ਦੇ ਨਾਲ ਚਿਹਰਾ[96] ਰੋਸ਼ਨ[97] ਕੀਤਾ[99] (ਹੋ) ਜਾਂਦਾ ਹੈ।
ਮਨੁ ਮੈਲਾ[2] ਹੈ ਦੂਜੈ ਭਾਇ[3] ॥	The mind becomes filthy[2] on account of profane love[3].	ਸੰਸਾਰੀ ਲਗਨ[3] ਦੇ ਸਬੱਬ ਚਿੱਤ ਪਲੀਤ[2] ਹੋ ਜਾਂਦਾ ਹੈ।
ਮੈਲਾ ਚਉਕਾ[4] ਮੈਲੈ[5] ਥਾਇ[6] ॥	Dirty is his cooking-square[4] and polluted[5] his abode[6].	ਗੰਦਾ ਹੈ ਉਸ ਦਾ ਚੌਕਾ[4] ਤੇ ਗਲੀਜ਼[5] ਹੈ ਉਸ ਦਾ ਟਿਕਾਣਾ[6]।
ਮੈਲਾ[7] ਖਾਇ[8] ਫਿਰਿ[9] ਮੈਲੁ[15] ਵਧਾਏ[10] ਮਨਮੁਖ[11] ਮੈਲੁ[12] ਦੁਖੁ[13] ਪਾਵਣਿਆ[14] ॥ ੭ ॥	By eating[8] the ill-gotten food[7], the evil minded[11] man then[9] increases[10] the filth[15] of his sins and because of sin's filth[12] suffers[14] pain[13].	ਅਧਰਮ ਦੀ ਕਮਾਈ ਦਾ ਭੋਜਨ[7] ਖਾ[8] ਕੇ, ਮੰਦੇ ਮਨ[11] ਵਾਲਾ ਮਨੁੱਖ ਮੁੜ[9] ਆਪਣੇ ਪਾਪਾਂ ਦੀ ਗੰਦਗੀ[15] ਨੂੰ ਵਧਾਉਂਦਾ[10] ਹੈ ਤੇ ਪਾਪਾਂ ਦੀ ਗੰਦਗੀ[12] ਕਾਰਨ ਕਸ਼ਟ[13] ਕਟਦਾ[14] ਹੈ।
ਮੈਲੇ[16] ਨਿਰਮਲ[17] ਸਭਿ[18] ਹੁਕਮਿ[19] ਸਬਾਏ[20] ॥	The impure[16] and the pure[17] are all[18] through and through[20] under Lord's command[19].	ਅਪਵਿੱਤ੍ਰ[16] ਤੇ ਪਵਿੱਤ੍ਰ[17] ਸਮੂਹ[18] ਇਕ ਸਿਰਿਉਂ ਦੂਜੇ ਤੱਕ[20] ਸਾਹਿਬ ਦੇ ਫ਼ੁਰਮਾਨ[19] ਤਾਬੇ ਹਨ।
ਸੇ[21] ਨਿਰਮਲ ਜੋ[22] ਹਰਿ ਸਾਚੇ[23] ਭਾਏ[24] ॥	They[21] are immaculate who[22] are pleasing[24] to the True God[23].	ਉਹ[21] ਪਾਕ-ਪਵਿੱਤ੍ਰ ਹਨ ਜਿਹੜੇ[22] ਸੱਚੇ ਸਾਈਂ[23] ਨੂੰ ਚੰਗੇ ਲੱਗਦੇ[24] ਹਨ।

ਨਾਨਕ ਨਾਮੁ ਵਸੈ ਮਨ ਅੰਤਰਿ[25] ਗੁਰਮੁਖਿ[26] ਮੈਲੁ[27] ਚੁਕਾਵਣਿਆ[28] ॥ ੮ ॥ ੧੯ ॥ ੨੦ ॥	Nanak, the Name abides within[25] the mind of the Guruwards[26] and they cast off[28] the filth of sins[27].	ਨਾਨਕ, ਨਾਮ ਗੁਰੂ-ਸਮਰਪਣਾਂ[26] ਦੇ ਚਿਤ ਅੰਦਰ[25] ਵਸਦਾ ਹੈ ਅਤੇ ਉਹ ਪਾਪਾਂ ਦੀ ਗਿਲਾਜ਼ਤ[27] ਨੂੰ ਦੂਰ[28] ਕਰ ਦਿੰਦੇ ਹਨ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
[29]ਗੋਵਿੰਦੁ[30] ਊਜਲੁ[31] ਊਜਲ ਹੰਸਾ[32] ॥	Lord[30] of the world[29] is bright[31] and bright are His saint-swans[32].	ਸ੍ਰਿਸ਼ਟੀ[29] ਦਾ ਸੁਆਮੀ[30] ਉੱਜਲ[31] ਹੈ ਅਤੇ ਉੱਜਲ ਹਨ ਉਸ ਦੇ ਸੰਤ ਰਾਜ-ਹੰਸ[32]।
ਮਨੁ[33] ਬਾਣੀ[34] ਨਿਰਮਲ[35] ਮੇਰੀ ਮਨਸਾ[36] ॥	Through them my soul[33], speech[34] and desire[36] are rendered elegant[35].	ਉਨ੍ਹਾਂ ਦੇ ਰਾਹੀਂ ਮੇਰੀ ਆਤਮਾ[33], ਬੋਲ-ਬਾਣੀ[34] ਤੇ ਖ਼ਾਹਿਸ਼[36] ਸਵੱਛ[35] ਹੋ ਗਈਆਂ ਹਨ।
ਮਨਿ ਊਜਲ[37] ਸਦਾ ਮੁਖ[38] ਸੋਹਹਿ[39] ਅਤਿ[40] ਊਜਲ ਨਾਮੁ ਧਿਆਵਣਿਆ[41] ॥੧॥	The saints' minds are pure[37], their faces[38] are ever beautiful[39] and the very[40] pure name they meditate[41] upon.	ਸਾਧੂਆਂ ਦੇ ਹਿਰਦੇ ਪਵਿੱਤ੍ਰ[37] ਹਨ, ਉਨ੍ਹਾਂ ਦੇ ਚਿਹਰੇ[38], ਸਦੀਵ ਹੀ ਸੁੰਦਰ[39] ਹਨ ਅਤੇ ਉਹ ਪਰਮ[40] ਪਵਿੱਤ੍ਰ ਨਾਮ ਦਾ ਅਰਾਧਨ[41] ਕਰਦੇ ਹਨ।
ਹਉ ਵਾਰੀ ਜੀਉ[42] ਵਾਰੀ [43]ਗੋਬਿੰਦ[44] ਗੁਣ[45] ਗਾਵਣਿਆ[46] ॥	I am a sacrifice and my soul[42] is a sacrifice unto those who sing[46] the praises[45] of the Master[44] of the universe[43].	ਮੈਂ ਕੁਰਬਾਨ ਹਾਂ, ਮੇਰੀ ਆਤਮਾ[42] ਕੁਰਬਾਨ ਹੈ ਉਨ੍ਹਾਂ ਉਤੋਂ ਜੋ ਆਲਮ[43] ਦੇ ਮਾਲਕ[44] ਦਾ ਜੱਸ[45] ਗਾਇਨ[46] ਕਰਦੇ ਹਨ।
ਗੋਬਿਦੁ ਗੋਬਿਦੁ[47] ਕਹੈ[48] ਦਿਨ ਰਾਤੀ[49] ਗੋਬਿਦ[50] ਗੁਣ[51] ਸਬਦਿ[52] ਸੁਣਾਵਣਿਆ[53] ॥ ੧ ॥ ਰਹਾਉ ॥	O' mortal! repeat[48] thou the Master's Name[47] day and night[49], and preach[53] the Lord's[50] excellences[51] and Gurbani[52]. Pause.	ਹੇ ਪ੍ਰਾਣੀ! ਤੂੰ ਮਾਲਕ ਦੇ ਨਾਮ[47] ਦਾ ਦਿਹੁੰ ਰੈਣ[49], ਉਚਾਰਣ[48] ਕਰ ਅਤੇ ਸੁਆਮੀ[50] ਦੀਆਂ ਉਤਕ੍ਰਿਸ਼ਟ-ਤਾਈਆਂ[51] ਤੇ ਗੁਰਬਾਣੀ[52] ਦਾ ਪਰਚਾਰ[53] ਕਰ। ਠਹਿਰਾਉ।
ਗੋਬਿਦੁ ਗਾਵਹਿ ਸਹਜਿ[54] ਸੁਭਾਏ ॥ ਗੁਰ ਕੈ ਭੈ[55] ਊਜਲ ਹਉਮੈ[56] ਮਲੁ[57] ਜਾਏ[58] ॥	He, who sings of God with natural ease[54], becomes bright through the Guru's fear[55] and his dirt[57] of ego[56] departs[58].	ਜੋ ਕੁਦਰਤੀ ਟਿਕਾਉ[54] ਨਾਲ ਹਰੀ ਨੂੰ ਗਾਇਨ ਕਰਦਾ ਹੈ, ਗੁਰਾਂ ਦੇ ਡਰ[55] ਰਾਹੀਂ ਉੱਜਲ ਹੋ ਜਾਂਦਾ ਹੈ ਤੇ ਉਸ ਦੀ ਹੰਕਾਰ[56] ਦੀ ਗੰਦਗੀ[57] ਲਹਿ[58] ਜਾਂਦੀ ਹੈ।
ਸਦਾ ਅਨੰਦਿ[59] ਰਹਹਿ[60] ਭਗਤਿ[61] ਕਰਹਿ ਦਿਨੁ ਰਾਤੀ[62] ਸੁਣਿ[65] ਗੋਬਿਦ ਗੁਣ[63] ਗਾਵਣਿਆ[64] ॥ ੨ ॥	He ever abides[60] in bliss[59], performs the Lord's service[61] day and night[62] and hears[65] and sings[64] God's praises[63].	ਉਹ ਹਮੇਸ਼ਾਂ ਖ਼ੁਸ਼ੀ[59] ਅੰਦਰ ਵਸਦਾ[60] ਹੈ, ਦਿਹੁੰ ਰੈਣ[62] ਸਾਹਿਬ ਦੀ ਚਾਕਰੀ[61] ਕਮਾਉਂਦਾ ਹੈ ਅਤੇ ਵਾਹਿਗੁਰੂ ਦਾ ਜੱਸ[63] ਸਰਵਣ[65] ਕਰਦਾ ਤੇ ਅਲਾਪਦਾ[64] ਹੈ।
ਮਨੂਆ[66] ਨਾਚੈ[67] ਭਗਤਿ ਦ੍ਰਿੜਾਏ[68] ॥ ਗੁਰ ਕੈ ਸਬਦਿ[69] ਮਨੈ[70] ਮਨੁ[71] ਮਿਲਾਏ[72] ॥	Fix[68] thy dancing[67] mind[66] in the Lord's service, and by the Guru's instruction[69], attune[72] thy mind[71] with the Supreme mind[70].	ਆਪਣੇ ਨਚਾਰ[67] ਮਨ[66] ਨੂੰ ਸੁਆਮੀ ਦੀ ਸੇਵਾ ਵਿਚ ਪੱਕਾ[68] ਕਰ ਅਤੇ ਗੁਰਾਂ ਦੇ ਉਪਦੇਸ਼[69] ਦੁਆਰਾ ਆਪਣੇ ਚਿੱਤ[71] ਨੂੰ ਪਰਮ[70] ਚਿੱਤ ਨਾਲ ਇਕਸੁਰ[72] ਕਰ।
ਸਚਾ[73] ਤਾਲੁ[74] ਪੂਰੇ[75] ਮਾਇਆ[76] ਮੋਹੁ[77] ਚੁਕਾਏ[78] ਸਬਦੇ[78]* ਨਿਰਤਿ[79] ਕਰਾਵ-	Make the stilling[78] of love[77] of mammon[76] thy true[73] and perfect[75] tune[74] and set thyself adancing[79] to	ਧਨ ਦੌਲਤ[76] ਦੀ ਮਮਤਾ[77] ਦੇ ਨਾਸ[78] ਕਰਨ ਨੂੰ ਆਪਣੀ ਸੱਚੀ[73] ਤੇ ਪੂਰਨ[75] ਸੁਰ ਤਾਲ[74] ਬਣਾ ਅਤੇ ਗੁਰਬਾਣੀ[78]* ਦੁਆਰਾ ਤੂੰ ਨਾਚ[79] ਕਰ।

ਣਿਆ ॥ ੩ ॥ ਊਚਾ[80] ਕੂਕੇ[81] ਤਨਹਿ[82] ਪਛਾੜੇ[83] ॥ ਮਾਇਆ[84] ਮੋਹਿ[85] ਜੋਹਿਆ[96] [97]ਜਮ-ਕਾਲੇ[98] ॥

Gurbani[78*]

The death's[98] myrmidon[97] spies[96] him, he, who on account of the attachment[85] to wealth[84] shouts[81] aloud[80] and waves[83] his body[82].

ਮੌਤ[98] ਦਾ ਦੂਤ[97] ਉਸ ਨੂੰ ਤਕਾਉਂਦਾ[96] ਹੈ ਜਿਹੜਾ ਧਨ ਦੌਲਤ[84] ਦੀ ਲਗਨ[85] ਦੇ ਸਬੱਬ ਉੱਚੀ ਉੱਚੀ[80] ਬੋਲਦਾ[81] ਅਤੇ ਆਪਣੀ ਦੇਹਿ[82] ਨੂੰ ਝੁਲਾਉਂਦਾ[83] ਹੈ।

੧੨੨ — 122

ਮਾਇਆ ਮੋਹੁ[99] ਇਸੁ ਮਨਹਿ[100] ਨਚਾਏ[2] ਅੰਤਰਿ[3] ਕਪਟੁ[4] ਦੁਖੁ[5] ਪਾਵਣਿਆ[6] ॥ ੪ ॥

The love of valuables[99] makes this mind[100] dance[2] and the deceit[4] of heart[3] causes man to suffer[6] agony[5].

ਪਦਾਰਥਾਂ[99] ਦੀ ਪ੍ਰੀਤ ਇਸ ਮਨੂਏ[100] ਨੂੰ ਨਚਾਉਂਦੀ[2] ਹੈ ਤੇ ਦਿਲ[3] ਦੀ ਮੱਕਾਰੀ[4] ਦੇ ਕਾਰਨ ਬੰਦਾ ਤਕਲੀਫ[5] ਉਠਾਉਂਦਾ[6] ਹੈ।

ਗੁਰਮੁਖਿ[7] ਭਗਤਿ[8] ਜਾ[10] ਆਪਿ[9] ਕਰਾਏ ॥ ਤਨੁ[11] ਮਨੁ[12] ਰਾਤਾ[13] ਸਹਜਿ ਸੁਭਾਇ[14] ॥

When[10] through the Guru[7], God Himself[9] causes the man to perform His service[8], his body[11] and soul[12] are naturally[14] imbued with the love[13] of Him.

ਜਦ[10] ਗੁਰਾਂ ਦੇ ਰਾਹੀਂ[7], ਵਾਹਿਗੁਰੂ ਖੁਦ[9] ਆਪਣੀ ਸੇਵਾ[8] ਬੰਦੇ ਪਾਸੋਂ ਕਰਵਾਉਂਦਾ ਹੈ ਤਾਂ ਉਸ ਦੀ ਦੇਹਿ[11] ਤੇ ਆਤਮਾ[12] ਨਿਰਯਤਨ[14] ਹੀ ਉਸ ਦੇ ਪ੍ਰੇਮ ਨਾਲ ਰੰਗੇ[13] ਜਾਂਦੇ ਹਨ।

ਬਾਣੀ[15] ਵਜੈ[16] ਸਬਦਿ[17] ਵਜਾਏ[18] ਗੁਰਮੁਖਿ[19] ਭਗਤਿ[20]ਥਾਇ ਪਾਵਣਿਆ[21] ॥ ੫ ॥

The service[20] of the pious person[19], within whom the Gurbani[15] resounds[16] and celestial[17] strain plays[18], gains acceptance[21].

ਪਵਿੱਤ੍ਰ ਪੁਰਸ਼[19], ਜਿਸ ਦੇ ਅੰਦਰ ਗੁਰਬਾਣੀ[15] ਗੂੰਜਦੀ[16] ਤੇ ਬੈਕੁੰਠੀ[17] ਕੀਰਤਨ[18] ਹੁੰਦਾ ਹੈ, ਦੀ ਸੇਵਾ[20] ਕਬੂਲ[21] ਹੋ ਜਾਂਦੀ ਹੈ।

ਬਹੁ[22] ਤਾਲ ਪੂਰੇ[23] ਵਾਜੇ[24] ਵਜਾਏ[25] ॥ ਨਾ ਕੋ ਸੁਣੇ ਨ ਮੰਨਿ[26] ਵਸਾਏ[27] ॥

An apostate beats time[23] and plays[25] upon many[22] musical instruments[24], but none hears or enshrines[27] them in mind[26].

ਅਧਰਮੀ ਸੁਰਤਾਲ ਮਿਲਾਉਂਦਾ[23] ਹੈ ਅਤੇ ਘਣੇ[22] ਸੰਗੀਤਕ ਸਾਜ਼[24] ਵਜਾਉਂਦਾ[25] ਹੈ, ਪ੍ਰੰਤੂ ਨਾ ਕੋਈ ਉਨ੍ਹਾਂ ਨੂੰ ਸਰਵਣ ਕਰਦਾ ਤੇ ਨਾ ਹੀ ਚਿੱਤ[26] ਅੰਦਰ ਟਿਕਾਉਂਦਾ[27] ਹੈ।

ਮਾਇਆ[28]ਕਾਰਣਿ[29]ਪਿੜੁ[30] ਬੰਧਿ[31]ਨਾਚੈ[32]ਦੂਜੈ ਭਾਇ[32*] ਦੁਖੁ ਪਾਵਣਿਆ[33] ॥ ੬ ॥

For the sake[29] of mammon[28] he sets[31] a stage[30] and dances[32]. Through duality[32*] he suffers agony[33].

ਪੈਸੇ ਟੁੱਕਰ[28] ਦੀ ਖ਼ਾਤਰ[29] ਅਖਾੜਾ[30] ਬਣਾ[31] ਕੇ ਉਹ ਨਿਰਤਕਾਰੀ[32] ਕਰਦਾ ਹੈ। ਦਵੈਤ-ਭਾਵ[32*] ਦੇ ਰਾਹੀਂ ਉਹ ਤਕਲੀਫ ਉਠਾਉਂਦਾ[33] ਹੈ।

ਜਿਸੁ ਅੰਤਰਿ[34] ਪ੍ਰੀਤਿ[38] ਲਗੈ[35] ਸੋ[36] ਮੁਕਤਾ[37] ॥

He[36], whose heart[34] is imbued[35] with the Lord's love[38], is emancipated[37].

ਜਿਸ ਦਾ ਦਿਲ[34] ਪ੍ਰਭੂ ਦੇ ਪ੍ਰੇਮ[38] ਨਾਲ ਰੰਗੀਜਿਆ[35] ਹੈ, ਉਹ[36] ਬੰਦ ਖ਼ਲਾਸ[37] ਹੈ।

ਇੰਦ੍ਰੀ[39] ਵਸਿ[40] ਸਚ ਸੰਜਮਿ[41] ਜੁਗਤਾ[42] ॥

By controlling[40] his sex-organ[39] the mortal finds the way[42] to truth and self-restraint[41].

ਆਪਣੇ ਭੋਗ-ਅੰਗ[39] ਨੂੰ ਕਾਬੂ[40] ਕਰਕੇ ਪ੍ਰਾਣੀ ਸੱਚ ਤੇ ਸਵੈ-ਕਾਬੂ[41] ਦੇ ਰਸਤੇ[42] ਨੂੰ ਪਾ ਲੈਂਦਾ ਹੈ।

ਗੁਰ ਕੈ ਸਬਦਿ[43] ਸਦਾ[44] ਹਰਿ ਧਿਆਏ[45] ਏਹਾ[46] ਭਗਤਿ[47] ਹਰਿ ਭਾਵਣਿਆ[48] ॥ ੭ ॥

Under the Guru's instruction[43] he ever[44] meditates[45] on God. This[46] devotion[47] is pleasing[48] to Him.

ਗੁਰਾਂ ਦੇ ਉਪਦੇਸ਼[43] ਤਾਬੇ ਉਹ ਸਦੀਵ[44] ਹੀ ਵਾਹਿਗੁਰੂ ਦਾ ਸਿਮਰਨ[45] ਕਰਦਾ ਹੈ। ਇਹ[46] ਅਨੁਰਾਗ[47] ਵਾਹਿਗੁਰੂ ਨੂੰ ਚੰਗਾ ਲੱਗਦਾ[48] ਹੈ।

ਗੁਰਮੁਖਿ[49] ਭਗਤਿ[50] ਜੁਗ ਚਾਰੇ[51] ਹੋਈ ॥	It is by the Guru's instruction[49] that the Lord's devotional service[50] is obtained in the four ages[51].	ਗੁਰਾਂ ਦੇ ਉਪਦੇਸ਼[49] ਦੁਆਰਾ ਹੀ ਚੌਹਾਂ ਯੁਗਾਂ[51] ਅੰਦਰ ਸਾਹਿਬ ਦੀ ਪ੍ਰੇਮ-ਮਈ[50] ਸੇਵਾ ਪਰਾਪਤ ਹੁੰਦੀ ਹੈ।
ਹੋਰਤੁ[52] ਭਗਤਿ ਨ ਪਾਏ[54] ਕੋਈ[53] ॥	By no others means[52] the Lord's devotional service can any one[53] obtain[54].	ਕਿਸੇ ਹੋਰਸ ਜ਼ਰੀਏ[52] ਨਾਲ ਸਾਹਿਬ ਦੀ ਪ੍ਰੇਮ-ਮਈ ਸੇਵਾ ਕੋਈ ਜਣਾ[53] ਪਰਾਪਤ[54] ਨਹੀਂ ਕਰ ਸਕਦਾ।
ਨਾਨਕ ਨਾਮੁ ਗੁਰ ਭਗਤੀ[55] ਪਾਈਐ ਗੁਰ ਚਰਣੀ[56] ਚਿਤੁ[57] ਲਾਵਣਿਆ[58] ॥ ੮ ॥ ੨੦ ॥ ੨੧ ॥	Nanak, the Lord's Name is attained to by the Guru's service[55] and by fixing[58] one's mind[57] on the Guru's feet[56].	ਨਾਨਕ, ਮਾਲਕ ਦਾ ਨਾਮ ਗੁਰਾਂ ਦੀ ਟਹਿਲ ਸੇਵਾ[55] ਅਤੇ ਗੁਰਾਂ ਦੇ ਪੈਰਾਂ[56] ਨਾਲ ਮਨ[57] ਜੋੜਣ[58] ਦੁਆਰਾ ਪਾਇਆ ਜਾਂਦਾ ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਸਚਾ[59] ਸੇਵੀ[60] ਸਚੁ ਸਾਲਾਹੀ[61] ॥ ਸਚੈ ਨਾਇ[62] ਦੁਖੁ[63] ਕਬਹੀ ਨਾਹੀ[64] ॥	The True Lord[59] I serve[60] and the True Lord I admire[61]. With the True Name[62] pain[63] never[64] overtakes man.	ਸੱਚੇ ਸਾਈਂ[59] ਦੀ ਮੈਂ ਘਾਲ[60] ਕਮਾਉਂਦਾ ਹਾਂ ਤੇ ਸੱਚੇ ਸਾਈਂ ਦੀ ਹੀ ਪਰਸੰਸਾ[61] ਕਰਦਾ ਹਾਂ । ਸੱਚੇ ਨਾਮ[62] ਨਾਲ ਆਦਮੀ ਨੂੰ ਕਸ਼ਟ[63] ਕਦਾਚਿਤ[64] ਨਹੀਂ ਚਿਮੜਦਾ।
ਸੁਖਦਾਤਾ[65] ਸੇਵਨਿ[66] ਸੁਖੁ[67] ਪਾਇਨਿ ਗੁਰਮਤਿ[68] ਮੰਨਿ[69] ਵਸਾਵਣਿਆ[70] ॥ ੧ ॥	They, who serve[66] the Giver of peace[65], gather peace[67], and enshrine[70] the Guru's wisdom[68] in their heart[69].	ਜੋ ਆਰਾਮ ਬਖ਼ਸ਼ਣਹਾਰ[65] ਦੀ ਸੇਵਾ[66] ਕਰਦੇ ਹਨ, ਉਹ ਆਰਾਮ[67] ਪਾਉਂਦੇ ਹਨ, ਅਤੇ ਗੁਰਾਂ ਦੀ ਸਿਆਣਪ[68] ਨੂੰ ਆਪਣੇ ਦਿਲ[69] ਵਿਚ ਟਿਕਾਉਂਦੇ[70] ਹਨ।
ਹਉ ਵਾਰੀ ਜੀਉ ਵਾਰੀ ਸੁਖ[71] ਸਹਜਿ[72] ਸਮਾਧਿ[73] ਲਗਾਵਣਿਆ[74] ॥	I am a sacrifice, my life is a sacrifice, unto those who easily[71] enter into[74] the trance[72] of equipoise[73].	ਮੈਂ ਬਲਿਹਾਰ ਹਾਂ, ਮੇਰੀ ਜ਼ਿੰਦਗੀ ਬਲਿਹਾਰ ਹੈ, ਉਨ੍ਹਾਂ ਉਤੋਂ ਜੋ ਸੁਖੈਨ ਹੀ[71] ਅਡੋਲਤਾ[72] ਅੰਦਰ ਤਾੜੀ[73] ਲਾਉਂਦੇ[74] ਹਨ।
ਜੋ ਹਰਿ ਸੇਵਹਿ ਸੇ[75] ਸਦਾ ਸੋਹਹਿ[76] ਸੋਭਾ[77] ਸੁਰਤਿ[78] ਸੁਹਾਵਣਿਆ[79] ॥੧॥ਰਹਾਉ॥	They[75], who serve God, ever look graceful[76], and illustrious[79] are their magnificence[77] and intellect[78]. Pause.	ਜੋ ਵਾਹਿਗੁਰੂ ਦੀ ਸੇਵਾ ਕਰਦੇ ਹਨ, ਉਹ[75] ਹਮੇਸ਼ਾਂ ਸੁੰਦਰ[76] ਭਾਸਦੇ ਹਨ ਅਤੇ ਸੁਭਾਇਮਾਨ ਹੈ ਉਨ੍ਹਾਂ[79] ਦੀ ਵਡਿਆਈ[77] ਅਤੇ ਸਮਝ[78] ਸੋਚ। ਠਹਿਰਾਉ।
ਸਭੁ[80] ਕੋ ਤੇਰਾ ਭਗਤੁ[81] ਕਹਾਏ[82] ॥	Everyone[80] calls[82] himself a worshipper[81] of Thine.	ਹਰ ਜਣਾ[80] ਆਪਣੇ ਆਪ ਨੂੰ ਤੇਰਾ ਉਪਾਸ਼ਕ[81] ਅਖਵਾਉਂਦਾ[82] ਹੈ।
ਸੇਈ[83] ਭਗਤ ਤੇਰੇ ਮਨਿ[84] ਭਾਏ[85] ॥	They[83] alone are Thy worshippers who are pleasing[85] to Thy mind[84], O' Master !	ਕੇਵਲ ਉਹੀ[83] ਤੇਰੇ ਉਪਾਸ਼ਕ ਹਨ ਜੋ ਤੇਰੇ ਚਿੱਤ[84] ਨੂੰ ਚੰਗੇ ਲੱਗਦੇ[85] ਹਨ, ਹੇ ਮਾਲਕ !
ਸਚੁ ਬਾਣੀ[86] ਤੁਧੈ ਸਾਲਾਹਨਿ[87] ਰੰਗਿ[88] ਰਾਤੇ[89] ਭਗਤਿ[90] ਕਰਾਵਣਿਆ ॥ ੨ ॥	By means of the True Gurbani[86] they eulogise[87] Thee, and imbued[89] with Thine affection[88] they perform Thine devotional service[90].	ਸੱਚੀ ਗੁਰਬਾਣੀ[86] ਦੇ ਜ਼ਰੀਏ ਉਹੀ ਤੇਰੀ ਸਿਫ਼ਤ-ਸ਼ਨਾ[87] ਕਰਦੇ ਹਨ ਅਤੇ ਤੇਰੀ ਪ੍ਰੀਤ[88] ਨਾਲ ਰੰਗੇ[89] ਹੋਏ ਉਹ ਤੇਰੀ ਪ੍ਰੇਮ-ਮਈ[90] ਘਾਲ ਕਮਾਉਂਦੇ ਹਨ।
ਸਭੁ ਕੋ ਸਚੇ ਹਰਿ ਜੀਉ[91] ਤੇਰਾ[92] ॥	All are Thine[92], O' my venerable[91] True God !	ਸਾਰੇ ਤੇਰੇ[92] ਹਨ, ਹੇ ਮੇਰੇ ਪੂਜਯ[91] ਸੱਚੇ ਵਾਹਿਗੁਰੂ !
ਗੁਰਮੁਖਿ[93] ਮਿਲੈ ਤਾ[94]	When man meets the Exalted Guru[93],	ਜਦ ਇਨਸਾਨ ਮੁਖੀ ਗੁਰਦੇਵ[93] ਜੀ ਨੂੰ ਮਿਲ ਪੈਂਦਾ ਹੈ,

ਚੂਕੈ[95] ਫੇਰਾ[96] ॥	his circuit[96] of transmigration comes to an end[95], then[94].	ਤਦ[94] ਉਸ ਦਾ ਆਵਾਉਗਣ ਦਾ ਚੱਕਰ[96] ਮੁਕ[95] ਜਾਂਦਾ ਹੈ ।
ਜਾ[97] ਤੁਧੁ ਭਾਵੈ[98] ਤਾ[99] ਨਾਇ ਰਚਾਵਹਿ[100] ਤੂੰ ਆਪੇ[2] ਨਾਉ ਜਪਾਵਣਿਆ[3] ॥੩॥	When[97] Thou willest[98] Thou then[99] mergest[100] the mortal in Thy Name, and Thou Thyself[2] makest him repeat[3] Thy Name.	ਜਦ[97] ਤੂੰ ਚਾਹੁੰਦਾ[98] ਹੈਂ ਤੂੰ ਤਦ[99] ਬੰਦੇ ਨੂੰ ਆਪਣੇ ਨਾਮ ਅੰਦਰ ਗਚ[100] ਕਰ ਦਿੰਦਾ ਹੈਂ ਅਤੇ ਤੂੰ ਖ਼ੁਦ[2] ਹੀ ਉਸ ਪਾਸੋਂ ਆਪਣੇ ਨਾਮ ਦਾ ਉਚਾਰਣ[3] ਕਰਵਾਉਂਦਾ ਹੈਂ ।
ਗੁਰਮਤੀ[4] ਹਰਿ ਮੰਨਿ ਵਸਾਇਆ[5] ॥	By the Guru's instruction[4] I have enshrined[5] God within my mind.	ਗੁਰਾਂ ਦੇ ਉਪਦੇਸ਼[4] ਦੁਆਰਾ ਮੈਂ ਵਾਹਿਗੁਰੂ ਨੂੰ ਆਪਣੇ ਚਿੱਤ ਅੰਦਰ ਅਸਥਾਪਨ[5] ਕੀਤਾ ਹੈ ।
ਹਰਖੁ[6] ਸੋਗੁ[7] ਸਭੁ[8] ਮੋਹੁ[9] ਗਵਾਇਆ[10] ॥	Weal[6], woe[7] and entire[8] worldly[9] love I have rooted out[10].	ਖ਼ੁਸ਼ੀ[6], ਗ਼ਮੀ[7] ਅਤੇ ਸਮੂਹ[8] ਸੰਸਾਰੀ ਮਮਤਾ[9] ਮੈਂ ਜੜ੍ਹੋਂ ਪੁੱਟ ਛੱਡੀਆਂ[10] ਹਨ ।
ਇਕਸੁ[11] ਸਿਉ[12] ਲਿਵ[13] ਲਾਗੀ[14] ਸਦਹੀ[15] ਹਰਿ-ਨਾਮੁ ਮੰਨਿ[16] ਵਸਾਵਣਿਆ[17] ॥ ੪ ॥	With[12] One Lord's[11] love[13] I am ever[15] imbued[14], and God's Name I have placed[17] in my mind[16].	ਇਕ ਸਾਹਿਬ[11] ਦੇ ਸਨੇਹ[13] ਨਾਲ[12] ਮੈਂ ਸਦੀਵ[15] ਹੀ ਰੰਗਿਆ[14] ਹੋਇਆ ਹਾਂ ਅਤੇ ਰੱਬ ਦੇ ਨਾਮ ਨੂੰ ਮੈਂ ਆਪਣੇ ਰਿਦੇ[16] ਵਿਚ ਟਿਕਾਇਆ[17] ਹੋਇਆ ਹੈ ।
ਭਗਤ[18] ਰੰਗਿ[19] ਰਾਤੇ[20] ਸਦਾ ਤੇਰੈ ਚਾਏ[21] ॥	The devotees[18] are tinged[20] with Thy love[19] and are ever in Thy joy[21], O' Lord !	ਅਨੁਰਾਗੀ[18] ਤੇਰੀ ਪ੍ਰੀਤ[19] ਨਾਲ ਰੰਗੇ[20] ਹੋਏ ਹਨ ਅਤੇ ਹਮੇਸ਼ਾ ਤੇਰੇ ਅਨੰਦ[21] ਅੰਦਰ ਹਨ, ਹੇ ਸੁਆਮੀ !
ਨਉ ਨਿਧਿ[22] ਨਾਮੁ ਵਸਿਆ[23] ਮਨਿ[24] ਆਏ ॥	The nine treasures[22] of the Name are enshrined[23] in their mind[24].	ਨਾਮ ਦੇ ਨੌ ਖ਼ਜ਼ਾਨੇ[22] ਆ ਕੇ ਉਨ੍ਹਾਂ ਦੇ ਚਿੱਤ[24] ਅੰਦਰ ਟਿਕੇ ਹੋਏ[23] ਹਨ ।
ਪੂਰੈ[25] ਭਾਗਿ[26] ਸਤਿਗੁਰੁ ਪਾਇਆ[27] ਸਬਦੇ[28] ਮੇਲਿ[29] ਮਿਲਾਵਣਿਆ[30] ॥ ੫ ॥	By perfect[25] good destiny[26] they attain to[27] the True Guru, who, through the Name[28], unites[30] them with the Lord's union[29].	ਪੂਰਨ[25] ਚੰਗੀ ਕਿਸਮਤ[26] ਦੁਆਰਾ ਉਹ ਸੱਚੇ ਗੁਰਾਂ ਨੂੰ ਪਰਾਪਤ[27] ਕਰਦੇ ਹਨ, ਜੋ, ਨਾਮ[28] ਦੇ ਰਾਹੀਂ, ਉਨ੍ਹਾਂ ਨੂੰ ਸੁਆਮੀ ਦੇ ਮਿਲਾਪ[29] ਵਿਚ ਮਿਲਾ[30] ਦਿੰਦੇ ਹਨ ।
ਤੂੰ ਦਇਆਲੁ[31] ਸਦਾ ਸੁਖ-ਦਾਤਾ[32] ॥	Thou art merciful[31] and ever the peace giver[32].	ਤੂੰ ਮਿਹਰਵਾਨ[31] ਤੇ ਹਮੇਸ਼ਾ ਆਰਾਮ ਬਖ਼ਸ਼ਣਹਾਰ[32] ਹੈਂ ।
ਤੂੰ ਆਪੇ ਮੇਲਿਹਿ[33] ਗੁਰ-ਮੁਖਿ[34] ਜਾਤਾ[35] ॥	Thou Thyself unitest[33] man with Thee and through the[34] Guru art Thou known[35].	ਤੂੰ ਆਪ ਹੀ ਇਨਸਾਨ ਨੂੰ ਆਪਣੇ ਨਾਲ ਮਿਲਾਉਂਦਾ[33] ਹੈਂ ਅਤੇ ਗੁਰਾਂ ਦੇ ਰਾਹੀਂ[34] ਤੂੰ ਜਾਣਿਆ[35] ਜਾਂਦਾ ਹੈਂ ।
ਤੂੰ ਆਪੇ ਦੇਵਹਿ[36] ਨਾਮੁ ਵਡਾਈ[37] ਨਾਮਿ ਰਤੇ[38] ਸੁਖੁ ਪਾਵਣਿਆ ॥ ੬ ॥	Thou Thyself givest[36] the glory[37] of Thy Name. Being imbued[38] with the Name the mortal obtains peace.	ਤੂੰ ਖ਼ੁਦ ਹੀ ਆਪਣੇ ਨਾਮ ਦੀ ਬਜ਼ੁਰਗੀ[37] ਪਰਦਾਨ[36] ਕਰਦਾ ਹੈਂ । ਨਾਮ ਨਾਲ ਰੰਗੀਜਣ[38] ਦੁਆਰਾ ਪ੍ਰਾਣੀ ਆਰਾਮ ਪਾਉਂਦਾ ਹੈ ।
ਸਦਾ ਸਦਾ[39] ਸਾਚੇ[40] ਤੁਧੁ ਸਾਲਾਹੀ[41] ॥	Ever and ever[39], O' True Lord[40] ! I praise[41] Thee.	ਹਮੇਸ਼ਾਂ ਤੇ ਹਮੇਸ਼ਾਂ[39], ਹੇ ਸੱਚੇ ਸੁਆਮੀ[40] ਮੈਂ ਤੇਰੀ ਉਸਤਤੀ[41] ਕਰਦਾ ਹਾਂ ।
ਗੁਰਮੁਖਿ[42] ਜਾਤਾ[43] ਦੂਜਾ	Through the[42] Guru I have realised[43]	ਗੁਰਾਂ ਦੇ ਰਾਹੀਂ[42] ਮੈਂ ਅਨੁਭਵ[43] ਕੀਤਾ ਹੈ ਕਿ ਦੂਸਰਾ

ਕੋ[44] ਨਾਹੀ ॥
ਏਕਸੁ[45]ਸਿਉ[46]ਮਨੁ ਰਹਿਆ ਸਮਾਏ[47] ਮਨਿ[48] ਮੰਨਿਐ[49] ਮਨਹਿ[50] ਮਿਲਾਵਣਿਆ[51] ॥ ੭ ॥

that there is no other second[44]. With[45] One Lord[45] my mind remains merged[47]. When man[48] grows fond[49] of the Lord, He comes and meets[51] him in the[50] mind.

ਹੋਰ[44] ਕੋਈ ਨਹੀਂ।
ਇਕ ਸੁਆਮੀ[45] ਨਾਲ[46] ਮੇਰਾ ਚਿੱਤ ਅਭੇਦ[47] ਹੋਇਆ ਰਹਿੰਦਾ ਹੈ। ਜਦ ਇਨਸਾਨ[48] ਸਾਹਿਬ ਦਾ ਅਨੁਰਾਗੀ[49] ਹੋ ਜਾਂਦਾ ਹੈ ਉਹ ਉਸ ਨੂੰ ਉਸ ਦੇ ਮਨ[50] ਵਿਚ ਹੀ ਆ[51] ਮਿਲਦਾ ਹੈ।

ਗੁਰਮੁਖਿ[52] ਹੋਵੈ[53] ਸੁ[54] ਸਾਲਾਹੇ[55] ॥
ਸਚੇ ਠਾਕੁਰ[56]ਵੇਪਰਵਾਹੇ[57]॥
ਨਾਨਕ ਨਾਮੁ ਵਸੈ[58] ਮਨ ਅੰਤਰਿ[59] ਗੁਰ ਸਬਦੀ[60] ਹਰਿ ਮੇਲਾਵਣਿਆ[61] ॥ ੮ ॥ ੨੧ ॥ ੨੨ ॥

He[54], who gets[53] resigned[52] to the Guru's will, eulogises[55] the Master.
The True Lord[56] is care-free[57].
Nanak, by the Guru's gospel[60] the Name abides[58] within[59] the mind and the man gets united[61] with God.

ਜੋ ਗੁਰੂ ਅਨੁਸਾਰੀ[52] ਹੋ ਜਾਂਦਾ[53] ਹੈ ਉਹ[54] ਮਾਲਕ ਦੀ ਪਰਸੰਸਾ[55] ਕਰਦਾ ਹੈ।
ਸੱਚਾ ਸਾਹਿਬ[56] ਮੁਛੰਦਗੀ-ਰਹਿਤ[57] ਹੈ।
ਨਾਨਕ ਗੁਰਾਂ ਦੇ ਉਪਦੇਸ਼[60] ਦੁਆਰਾ ਨਾਮ ਚਿਤ ਵਿਚ[59] ਨਿਵਾਸ[58] ਕਰ ਲੈਂਦਾ ਹੈ ਅਤੇ ਇਨਸਾਨ ਵਾਹਿਗੁਰੂ ਨਾਲ ਮਿਲ[61] ਪੈਂਦਾ ਹੈ।

ਮਾਝ ਮਹਲਾ ੩ ॥

Majh, Third Guru.

ਮਾਝ, ਤੀਜੀ ਪਾਤਸ਼ਾਹੀ।

ਤੇਰੇ ਭਗਤ[62] ਸੋਹਹਿ[63] ਸਾਚੈ ਦਰਬਾਰੇ[64] ॥
ਗੁਰ ਕੈ ਸਬਦਿ[65] ਨਾਮਿ ਸਵਾਰੇ[66] ॥
ਸਦਾ ਅਨੰਦਿ[73] ਰਹਹਿ[72] ਦਿਨੁ ਰਾਤੀ[67]ਗੁਣ[68] ਕਹਿ[69] ਗੁਣੀ[70] ਸਮਾਵਣਿਆ[71] ॥੧

Thine devotees[62] look beautiful[63] in Thy True Court[64], O' Lord!
Through the Guru's instruction[65] they are bedecked[66] with the Name.
Day and night[67] they ever abide[72] in bliss[73], and by uttering[69] His praises[68] are absorbed[71] in the praise-worthy Lord[70].

ਤੇਰੇ ਜਾਂਨਿਸਾਰ[62] ਤੇਰੀ ਸੱਚੀ ਦਰਗਾਹ[64] ਅੰਦਰ ਸੋਹਣੇ[63] ਲਗਦੇ ਹਨ।
ਗੁਰਾਂ ਦੇ ਉਪਦੇਸ਼[65] ਰਾਹੀਂ ਉਹ ਨਾਮ ਨਾਲ ਸ਼ਸ਼ੋਭਤ[66] ਹੋ ਜਾਂਦੇ ਹਨ।
ਦਿਨ[67] ਰਾਤ ਉਹ ਸਦੀਵ ਹੀ ਖ਼ੁਸ਼ੀ[73] ਅੰਦਰ ਵਿਚਰਦੇ[72] ਹਨ ਅਤੇ ਉਸ ਦੀ ਕੀਰਤੀ[68] ਉਚਾਰਨ[69] ਕਰ ਕੇ ਕੀਰਤੀ-ਮਾਨ ਸੁਆਮੀ[70] ਅੰਦਰ ਲੀਨ[71] ਹੋ ਜਾਂਦੇ ਹਨ।

੧੨੩ / 123

ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ[74] ਵਸਾਵਣਿਆ[75]॥
ਹਰਿ ਜੀਉ[76] ਸਚਾ ਊਚੋ[77] ਊਚਾ ਹਉਮੈ[78] ਮਾਰਿ[79] ਮਿਲਾਵਣਿਆ[80] ॥ ੧ ॥ ਰਹਾਉ ॥
ਹਰਿ ਜੀਉ[81] ਸਾਚਾ[82] ਸਾਚੀ ਨਾਈ[83] ॥
ਗੁਰ ਪਰਸਾਦੀ[84] ਕਿਸੈ[85] ਮਿਲਾਈ[86] ॥
ਗੁਰ ਸਬਦਿ[87] ਮਿਲਹਿ ਸੇ[88] ਵਿਛੁੜਹਿ ਨਾਹੀ

I am devoted and my soul is devoted unto those who hear and enshrine[75] the Name in their mind[74].
The Reverend[76] True God, the highest of the high[77], removes[79] their pride[78] and blends[80] them with Himself. Pause.
The honourable[81] Master is True[82] and true is His Name[83].
By the Guru's grace[84], a few[85] He blends[86] with Himself.
Under the Guru's instruction[87] they[88], who meet God, separate not again.

ਮੈਂ ਸਦਕੇ ਹਾਂ ਅਤੇ ਮੇਰੀ ਜਿੰਦੜੀ ਸਦਕੇ ਹੈ ਉਨ੍ਹਾਂ ਉਤੋਂ ਜੋ ਨਾਮ ਨੂੰ ਸਰਵਣ ਕਰਦੇ ਤੇ ਆਪਣੇ ਚਿਤ[74] ਵਿਚ ਟਿਕਾਉਂਦੇ[75] ਹਨ।
ਪੂਜਜ[76] ਸੱਚਾ ਵਾਹਿਗੁਰੂ, ਬੁਲੰਦਾਂ ਦਾ ਪਰਮ[77] ਬੁਲੰਦ, ਉਨ੍ਹਾਂ ਦਾ ਹੰਕਾਰ[78] ਦੂਰ[79] ਕਰਕੇ ਆਪਣੇ ਨਾਲ ਉਨ੍ਹਾਂ ਨੂੰ ਮਿਲਾ[80] ਲੈਂਦਾ ਹੈ। ਠਹਿਰਾਉ।
ਮਾਣਨੀਜ ਮਾਲਕ[81] ਸੱਚਾ[82] ਹੈ ਅਤੇ ਸੱਚਾ ਹੈ ਉਸ ਦਾ ਨਾਮ[83]।
ਗੁਰਾਂ ਦੀ ਦਇਆ[84] ਦੁਆਰਾ ਉਹ ਕਿਸੇ ਵਿਰਲੇ[85] ਨੂੰ ਆਪਣੇ ਨਾਲ ਮਿਲਾਉਂਦਾ[86] ਹੈ।
ਗੁਰਾਂ ਦੇ ਉਪਦੇਸ਼[87] ਤਾਬੇ ਜੋ ਵਾਹਿਗੁਰੂ ਨੂੰ ਮਿਲੇ ਹਨ ਉਹ[88] ਮੁੜ ਵਿਛੜਦੇ ਨਹੀਂ।

ਸਹਜੇ[89]ਸਚਿ ਸਮਾਵਣਿਆ[90] ॥ ੨ ॥	They easily[89] get obsorbed[90] in the True Lord.	ਉਹ ਸੁਖੇਨ[89] ਹੀ, ਸੱਚੇ ਸੁਆਮੀ ਅੰਦਰ ਲੀਨ[90] ਹੋ ਜਾਂਦੇ ਹਨ।
ਤੁਝ ਤੇ ਬਾਹਰਿ[91] ਕਛੂ ਨ ਹੋਇ ॥	Without[91] Thee, O' Lord ! nothing can be done.	ਤੇਰੇ ਬਗ਼ੈਰ[91], ਹੇ ਸਾਂਈਂ ! ਕੁਝ ਭੀ ਕੀਤਾ ਨਹੀਂ ਜਾ ਸਕਦਾ।
ਤੂੰ ਕਰਿ[92] ਕਰਿ[93] ਵੇਖਹਿ[94] ਜਾਣਹਿ[95] ਸੋਇ[96] ॥	Thou alone dost[93], beholdest[94] and knowest[95] well[96] Thine doings[92].	ਕੇਵਲ ਤੂੰ ਹੀ ਆਪਣੇ ਕੰਮਾਂ[92] ਨੂੰ ਕਰਦਾ[93], ਦੇਖਦਾ[94] ਅਤੇ ਚੰਗੀ[96] ਤਰ੍ਹਾਂ ਜਾਣਦਾ[95] ਹੈਂ।
ਆਪੇ[97] ਕਰੇ ਕਰਾਏ[98] ਕਰਤਾ[99] ਗੁਰਮਤਿ[100] ਆਪਿ[2] ਮਿਲਾਵਣਿਆ[3] ॥ ੩ ॥	Himself[97] the Creator[99] acts and causes to[98] act, and by the Guru's teachings[100]blends[3] man with Himself[2].	ਖ਼ੁਦ[97] ਹੀ ਸਿਰਜਨਹਾਰ[99] ਕਰਦਾ ਤੇ ਕਰਾਉਂਦਾ[98] ਅਤੇ ਗੁਰਾਂ ਦੇ ਉਪਦੇਸ਼[100] ਦੁਆਰਾ ਬੰਦੇ ਨੂੰ ਆਪਣੇ[2] ਨਾਲ ਅਭੇਦ[3] ਕਰ ਲੈਂਦਾ ਹੈ।
ਕਾਮਣਿ[4] ਗੁਣਵੰਤੀ[5] ਹਰਿ ਪਾਏ ॥ ਭੈ[6] ਭਾਇ[7] ਸੀਗਾਰੁ[8] ਬਣਾਏ[9] ॥	The bride[4] of merit[5], who makes[9] fear[6] and love[7] of the Spouse her decoration[8], obtains God.	ਨੇਕੀ ਨਿਪੁੰਨ[5] ਪਤਨੀ[4] ਜੋ ਪਤੀ ਦੇ ਡਰ[6] ਤੇ ਪਿਆਰ[7] ਨੂੰ ਆਪਣਾ ਹਾਰ ਸ਼ਿੰਗਾਰ[8] ਬਣਾਉਂਦੀ[9] ਹੈ, ਉਹ ਵਾਹਿਗੁਰੂ ਨੂੰ ਪਾ ਲੈਂਦੀ ਹੈ।
ਸਤਿਗੁਰੁ ਸੇਵਿ ਸਦਾ[10] ਸੋਹਾਗਣਿ[11] ਸਚ ਉਪਦੇਸਿ[12] ਸਮਾਵਣਿਆ[13] ॥ ੪ ॥	She, who serves the True Guru, is ever[10] a happy wife[11], and is absorbed[13] in his true instruction[12].	ਜੋ ਸੱਚੇ ਗੁਰਾਂ ਦੀ ਟਹਿਲ ਕਮਾਉਂਦੀ ਹੈ ਉਹ ਹਮੇਸ਼ਾਂ[10] ਲਈ ਚੰਗੀ ਵਸਣ ਵਾਲੀ[11] ਵਹੁਟੀ ਹੈ ਅਤੇ ਉਸ ਦੇ ਸੱਚੇ ਉਪਦੇਸ਼[12] ਵਿਚ ਲੀਨ[13] ਹੋ ਜਾਂਦੀ ਹੈ।
ਸਬਦੁ[14] ਵਿਸਾਰਨਿ[15] ਤਿਨਾ ਠਉਰੁ[16] ਨ ਠਾਉ[17] ॥	They, who forget[15]the Name[14], have no abode[16] or resting place[17],	ਜੋ ਨਾਮ[14] ਨੂੰ ਭੁਲਾਉਂਦੇ[15] ਹਨ ਉਨ੍ਹਾਂ ਦਾ ਕੋਈ ਟਿਕਾਣਾ[16] ਜਾਂ ਆਰਾਮ ਦਾ ਅਸਥਾਨ[17] ਨਹੀਂ।
ਭ੍ਰਮਿ[18] ਭੂਲੇ[19]ਜਿਉ[20]ਸੁੰਞੈ[21] ਘਰਿ[22] ਕਾਉ[23] ॥	They are deluded[19] in doubt[18] like[20] a crow[23] in a deserted[21] house[22].	ਉਹ ਸੁੰਨਸਾਨ[21] ਮਕਾਨ[22] ਵਿਚ ਕਾਂ[23] ਦੇ ਵਾਙੂ[20] ਵਹਿਮ[18] ਅੰਦਰ ਭਟਕਦੇ[19] ਫਿਰਦੇ ਹਨ।
ਹਲਤੁ[24] ਪਲਤੁ[25] ਤਿਨੀ ਦੋਵੈ ਗਵਾਏ[26] ਦੁਖੇ ਦੁਖਿ[27] ਵਿਹਾਵਣਿਆ[28] ॥ ੫ ॥	Both this world[24] and the next[25] they lose[26] and pass[28] their life in extreme agony[27].	ਇਹ ਲੋਕ[24] ਅਤੇ ਪ੍ਰਲੋਕ[25] ਉਹ ਦੋਵੇਂ ਹੀ ਵੰਞਾ[26] ਲੈਂਦੇ ਹਨ ਅਤੇ ਆਪਣਾ ਜੀਵਨ ਅਤਿਅੰਤ ਤਕਲੀਫ਼[27] ਅੰਦਰ ਗੁਜ਼ਾਰਦੇ[28] ਹਨ।
ਲਿਖਦਿਆ ਲਿਖਦਿਆ ਕਾਗਦ[29] ਮਸੁ[30] ਖੋਈ[31] ॥	Writing and writing, paper[29] and ink[30] fail[31] them.	ਲਿਖਦਿਆਂ ਤੇ ਲਿਖਦਿਆਂ ਉਨ੍ਹਾਂ ਦਾ ਕਾਗ਼ਜ਼[29] ਤੇ ਸਿਆਹੀ[30] ਨਿਖੁਟ[31] ਜਾਂਦੇ ਹਨ।
ਦੂਜੈ ਭਾਇ[32] ਸੁਖੁ[33] ਪਾਏ ਨ ਕੋਈ ॥	In duality[32] none has ever attained to peace[33].	ਦਵੈਤ-ਭਾਵ[32] ਵਿਚ ਕਦੇ ਕਿਸੇ ਨੂੰ ਭੀ ਆਰਾਮ[33] ਪਰਾਪਤ ਨਹੀਂ ਹੋਇਆ।
ਕੂੜੁ[34] ਲਿਖਹਿ ਤੈ[35] ਕੂੜੁ ਕਮਾਵਹਿ[36] ਜਲਿ ਜਾਵਹਿ[37] ਕੂੜਿ ਚਿਤੁ[38] ਲਾਵਣਿਆ[39] ॥੬॥	Falsehood[34] they write, falsehood they practise[36], and[35] are burnt to ashes[37] by fixing[39] their mind[38] upon falsehood.	ਝੂਠ[34] ਉਹ ਲਿਖਦੇ ਹਨ, ਝੂਠ ਦਾ ਉਹ ਅਭਿਆਸ[36] ਕਰਦੇ ਹਨ ਅਤੇ[35] ਝੂਠ ਨਾਲ ਆਪਣਾ ਮਨ[38] ਜੋੜ[39] ਕੇ ਉਹ ਸੜ-ਸੁਆਹ[37] ਹੋ ਜਾਂਦੇ ਹਨ।
ਗੁਰਮੁਖਿ[40] ਸਚੋ ਸਚੁ[41] ਲਿਖਹਿ[42] ਵੀਚਾਰੁ[43] ॥	The pious persons[40] write[42] and deliberate[43] over nothing but[41] truth.	ਪਵਿੱਤ੍ਰ ਪੁਰਸ਼[40] ਨਿਰੋਲ[41] ਸੱਚ ਨੂੰ ਹੀ ਲਿਖਦੇ[42] ਅਤੇ ਸੋਚਦੇ ਸਮਝਦੇ[43] ਹਨ।
ਸੇ[44] ਜਨ[45] ਸਚੇ ਪਾਵਹਿ [46]ਮੋਖ ਦੁਆਰੁ[47] ॥	Those[44]true persons[45] gain the gate[47] of salvation[46].	ਉਹ[44] ਸੱਚੇ ਪੁਰਸ਼[45] ਮੁਕਤੀ[46] ਦਾ ਦਰਵਾਜ਼ਾ[47] ਪਾ ਲੈਂਦੇ ਹਨ।
ਸਚੁ ਕਾਗਦੁ[48] ਕਲਮ[49]	True is the paper[48], pen[49] and ink-	ਸੱਚਾ ਹੈ ਕਾਗ਼ਜ਼[48], ਕਲਮ[49] ਅਤੇ ਦਵਾਤ[50] ਉਨ੍ਹਾਂ

ਮਸਵਾਣੀ[50] ਸਚੁ ਲਿਖਿ ਸਚਿ[51] ਸਮਾਵਣਿਆ[52]॥੭॥	pot[50] of those who writing the truth become absorbed[52] in the True Lord[51].	ਦੀ ਜੋ ਸੱਚ ਨੂੰ ਲਿਖ ਕੇ ਸੱਚੇ ਸੁਆਮੀ[51] ਅੰਦਰ ਲੀਨ[52] ਹੋ ਜਾਂਦੇ ਹਨ।
ਮੇਰਾ ਪ੍ਰਭੁ[53] ਅੰਤਰਿ[54] ਬੈਠਾ[56] ਵੇਖੈ[55] ॥	My Master[53] by sitting[56] in men's mind[54] is beholding[55] their actions.	ਮੇਰਾ ਮਾਲਕ[53] ਮਨੁੱਖਾਂ ਦੇ ਮਨ[54] ਵਿਚ ਬਹਿ[56] ਕੇ ਉਨ੍ਹਾਂ ਦੇ ਕਰਮ ਦੇਖ[55] ਰਿਹਾ ਹੈ।
ਗੁਰ ਪਰਸਾਦੀ[57] ਮਿਲੈ ਸੋਈ[58] ਜਨੁ[59] ਲੇਖੈ[60] ॥	The[58] person[59], who by Guru's grace[57] meets God, is in the account[60], (accepted).	ਜੋ[58] ਪੁਰਸ਼[59] ਗੁਰਾਂ ਦੀ ਮਿਹਰ[57] ਦੁਆਰਾ ਵਾਹਿਗੁਰੂ ਨੂੰ ਮਿਲਦਾ ਹੈ ਉਹ ਹਿਸਾਬ-ਕਿਤਾਬ[60] ਵਿਚ (ਪਰਵਾਨ) ਹੈ।
ਨਾਨਕ ਨਾਮੁ ਮਿਲੈ[61] ਵਡਿਆਈ[62] ਪੂਰੇ[63] ਗੁਰ ਤੇ[64] ਪਾਵਣਿਆ[65] ॥੮॥੨੨॥੨੩॥	Nanak, through God's Name greatness[62] is obtained[61]. From[64] the perfect[63] Guru the Name is procured[65].	ਨਾਨਕ ਰੱਬ ਦੇ ਨਾਮ ਰਾਹੀਂ ਬਜ਼ੁਰਗੀ[62] ਪਰਾਪਤ[61] ਹੁੰਦੀ ਹੈ। ਪੂਰਨ ਗੁਰਾਂ[63] ਪਾਸੋਂ[64] ਨਾਮ ਪਾਇਆ[65] ਜਾਂਦਾ ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
[66]ਆਤਮਰਾਮ[67] ਪਰਗਾਸੁ[69] ਗੁਰ ਤੇ[70] ਹੋਵੈ[71] ॥	It is from[70] the Guru that the light[69] of the All-pervading[67] Soul[66] shines[71].	ਗੁਰਾਂ ਤੋਂ[70] ਹੀ ਸਰਬ-ਵਿਆਪਕ[67] ਰੂਹ[66] ਦਾ ਚਾਨਣ[69] ਪ੍ਰਕਾਸ਼[71] ਹੁੰਦਾ ਹੈ।
ਹਉਮੈ[72] ਮੈਲੁ[73] ਲਾਗੀ[74] ਗੁਰ ਸਬਦੀ[75] ਖੋਵੈ[76] ॥	The filth[73] of ego[72], attached[74] to man's mind, is removed[76] by the Guru's gospel[75].	ਮਨੁੱਖ ਦੇ ਮਨ ਨੂੰ ਚਿਮੜੀ[74] ਹੋਈ ਹੰਕਾਰ[72] ਦੀ ਮਲੀਨਤਾ[73] ਗੁਰਾਂ ਦੇ ਉਪਦੇਸ਼[75] ਦੁਆਰਾ ਉਤਰ[76] ਜਾਂਦੀ ਹੈ।
ਮਨੁ[77]ਨਿਰਮਲੁ[78]ਅਨਦਿਨੁ[79] ਭਗਤੀ[80] ਰਾਤਾ[81] ਭਗਤਿ[82] ਕਰੇ[83] ਹਰਿ ਪਾਵਣਿਆ[84] ॥੧॥	The man[77], who night[79] and day remains imbued[81] with the Lord's worship[80], becomes pure[78] and obtains[84] God by performing[83] His devotional[82] service.	ਇਨਸਾਨ[77] ਜੋ ਰੈਣ ਦਿਹੁੰ[79] ਸਾਹਿਬ ਦੀ ਉਪਾਸ਼ਨਾ[80] ਅੰਦਰ ਰੰਗਿਆ[81] ਰਹਿੰਦਾ ਹੈ, ਪਵਿੱਤ੍ਰ[78] ਹੋ ਜਾਂਦਾ ਅਤੇ ਪ੍ਰੇਮ-ਮਈ[82] ਘਾਲ ਕਮਾਉਣ[83] ਦੁਆਰਾ ਹਰੀ ਨੂੰ ਪਾ ਲੈਂਦਾ[84] ਹੈ।
ਹਉ ਵਾਰੀ ਜੀਉ ਵਾਰੀ ਆਪਿ[85] ਭਗਤਿ[90] ਕਰਨਿ[86] ਅਵਰਾ[87] ਭਗਤਿ[88] ਕਰਾਵਣਿਆ[89] ॥	I am a sacrifice and my soul is a sacrifice unto those, who themselves[85] perform[86] the Lord's service[90] and cause others[87] to take[89] to Master's meditation[88].	ਮੈਂ ਕੁਰਬਾਨ ਹਾਂ ਅਤੇ ਮੇਰੀ ਆਤਮਾ ਕੁਰਬਾਨ ਹੈ ਉਨ੍ਹਾਂ ਉਤੋਂ ਜੋ ਖ਼ੁਦ[85] ਸੁਆਮੀ ਦੀ ਚਾਕਰੀ[90] ਕਮਾਉਂਦੇ[86] ਹਨ ਅਤੇ ਹੋਰਨਾਂ[87] ਨੂੰ ਮਾਲਕ ਦੇ ਸਿਮਰਨ[88] ਅੰਦਰ ਜੋੜਦੇ[89] ਹਨ।
ਤਿਨਾ[91] ਭਗਤ[92] ਜਨਾ ਕਉ ਸਦ[93] ਨਮਸਕਾਰੁ[94] ਕੀਜੈ[95] ਜੋ[96] ਅਨਦਿਨੁ[97] ਹਰਿਗੁਣ[99] ਗਾਵਣਿਆ[100]	Ever[93] make[95] obeisance[94] unto those[91] pious persons[92] who[96] night and day[97] chant[100] God's glories[99].	ਸਦੀਵ[93] ਹੀ ਉਨ੍ਹਾਂ[91] ਪਵਿੱਤ੍ਰ ਪੁਰਸ਼ਾਂ[92] ਨੂੰ ਪ੍ਰਣਾਮ[94] ਕਰ[95] ਜਿਹੜੇ[96] ਰਾਤ੍ਰੀ ਤੇ ਦਿਹੁੰ[97] ਵਾਹਿਗੁਰੂ ਦੀ ਸਿਫ਼ਤ ਸ਼ਲਾਘਾ[99] ਗਾਇਨ[100] ਕਰਦੇ ਹਨ।
॥੧॥ ਰਹਾਉ ॥	Pause.	ਠਹਿਰਾਉ।
ਆਪੇ[2] ਕਰਤਾ[3] ਕਾਰਣੁ[4] ਕਰਾਏ[5] ॥	The Creator[3] Himself[2] does[5] the deeds[4].	ਸਿਰਜਣਹਾਰ[3] ਖ਼ੁਦ[2] ਹੀ ਕਾਰਜ[4] ਕਰਦਾ[5] ਹੈ।
ਜਿਤੁ[6] ਭਾਵੈ[7] ਤਿਤੁ[8] ਕਾਰੈ[9]	He yokes[10] man to the[8] task[9] which[6]	ਉਹ ਬੰਦੇ ਨੂੰ ਉਸ[8] ਕੰਮ[9] ਲਾਉਂਦਾ[10] ਹੈ ਜਿਹੜਾ[6]

ਲਾਏ[10] ॥

He likes[7].

ਉਸ ਨੂੰ ਚੰਗਾ[7] ਲਗਦਾ ਹੈ।

ਪੂਰੈ[11] ਭਾਗਿ[12] ਗੁਰ ਸੇਵਾ[13] ਹੋਵੈ[14] ਗੁਰ ਸੇਵਾ ਤੇ ਸੁਖੁ[15] ਪਾਵਣਿਆ ॥ ੨ ॥

Through perfect[11] good fortune[12] the Guru's service[13] is performed[14]. From the Guru's service alone solace[15] is procured.

ਪੂਰਨ[11] ਚੰਗੇ ਨਸੀਬਾਂ[12] ਰਾਹੀਂ ਗੁਰਾਂ ਦੀ ਟਹਿਲ-ਸੇਵਾ[13] ਕਮਾਈ[14] ਜਾਂਦੀ ਹੈ। ਗੁਰਾਂ ਦੀ ਚਾਕਰੀ ਤੋਂ ਹੀ ਕੇਵਲ ਠੰਢ ਚੈਨ[15] ਪਰਾਪਤ ਹੁੰਦੀ ਹੈ।

ਮਰਿ ਮਰਿ[16] ਜੀਵੈ ਤਾ[17] ਕਿਛੁ[18] ਪਾਏ ॥
ਗੁਰ ਪਰਸਾਦੀ[19] ਹਰਿ ਮੰਨਿ[20] ਵਸਾਏ[21] ॥

If man lives after eradicating his[16] ego then[17] does he gain something[18]. By the Guru's grace[19] he enshrines[21] God in his mind[20].

ਜੇਕਰ ਆਦਮੀ ਆਪਣੇ ਆਪੇ ਨੂੰ ਨਵਿਰਤ[16] ਕਰਕੇ ਜੀਵੇ ਤਦ[17] ਉਸ ਨੂੰ ਕੁਝ[18] ਪਰਾਪਤ ਹੁੰਦਾ ਹੈ। ਗੁਰਾਂ ਦੀ ਦਇਆ[19] ਦੁਆਰਾ ਉਹ ਵਾਹਿਗੁਰੂ ਨੂੰ ਆਪਣੇ ਚਿਤ[20] ਵਿਚ ਟਿਕਾਉਂਦਾ[21] ਹੈ।

ਸਦਾ ਮੁਕਤੁ[22] ਹਰਿ ਮੰਨਿ ਵਸਾਏ[23] ਸਹਜੇ[24] ਸਹਜਿ[25] ਸਮਾਵਣਿਆ[26] ॥ ੩ ॥

He, who places[23] the Lord within his heart, is ever emancipated[22] and easily[24] gets absorbed[26] in the Master[25].

ਜੋ ਸੁਆਮੀ ਨੂੰ ਆਪਣੇ ਦਿਲ ਅੰਦਰ ਅਸਥਾਪਨ[23] ਕਰਦਾ ਹੈ ਉਹ ਹਮੇਸ਼ਾ ਲਈ ਬੰਦਖਲਾਸ[22] ਹੈ ਅਤੇ ਸੁਖੈਨ[24] ਹੀ ਮਾਲਕ[25] ਅੰਦਰ ਲੀਨ[26] ਹੋ ਜਾਂਦਾ ਹੈ।

ਬਹੁ[27] ਕਰਮ[28] ਕਮਾਵੈ[29] ਮੁਕਤਿ[30] ਨ ਪਾਏ ॥
ਦੇਸੰਤਰੁ[31] ਭਵੈ[32] ਦੂਜੈ[33] ਭਾਇ[34] ਖੁਆਏ[35] ॥

Man performs[29] many[27] rituals[28] but gains not deliverance[30]. In the country[31] he wanders[32] about, and on account of another's[33] love[34] he is ruined[35].

ਆਦਮੀ ਘਨੇਰੇ[27] ਕਰਮ[28] ਕਾਂਡ ਕਰਦਾ[29] ਹੈ ਪ੍ਰੰਤੂ ਕਲਿਆਨ[30] ਨੂੰ ਪਰਾਪਤ ਨਹੀਂ ਹੁੰਦਾ। ਮੁਲਕ[31] ਵਿਚ ਉਹ ਭਟਕਦਾ[32] ਫਿਰਦਾ ਹੈ ਅਤੇ ਉਹ ਹੋਰਸ[33] ਦੀ ਪ੍ਰੀਤ[34] ਦੇ ਕਾਰਨ ਤਬਾਹ[35] ਹੋ ਜਾਂਦਾ ਹੈ।

ਬਿਰਥਾ[36] ਜਨਮੁ[37] ਗਵਾਇਆ[38] ਕਪਟੀ[39] ਬਿਨੁ ਸਬਦੈ[40] ਦੁਖੁ[41] ਪਾਵਣਿਆ[42] ॥੪॥

Vainly[36] does the deceiver[39] lose[38] his life[37]. Without God's Name[40] he undergoes[42] hardships[41].

ਛਲੀਆ[39] ਬੇਅਰਥ[36] ਹੀ ਆਪਣਾ ਜੀਵਨ[37] ਵੰਵਾ ਲੈਂਦਾ[38] ਹੈ। ਹਰੀ ਦੇ ਨਾਮ[40] ਦੇ ਬਾਝੋਂ ਉਹ ਕਸ਼ਟ[41] ਸਹਾਰਦਾ[42] ਹੈ।

ਧਾਵਤੁ[43] ਰਾਖੈ[44] ਠਾਕਿ ਰਹਾਏ[45] ॥ ਗੁਰ ਪਰਸਾਦੀ[46] ਪਰਮ[47] ਪਦੁ[48] ਪਾਏ ॥

He who restrains[44] his wandering[43] mind and checks and keeps it steady[45] by the Guru's grace[46], obtains the highest[47] rank[48].

ਜੋ ਆਪਣੇ ਭਟਕਦੇ[43] ਹੋਏ ਮਨੂਏ ਨੂੰ ਰੋਕਦਾ[44] ਹੈ ਅਤੇ ਹੋੜ ਕੇ ਇਸ ਨੂੰ ਅਡੋਲ ਰਖਦਾ[45] ਹੈ ਉਹ ਗੁਰਾਂ ਦੀ ਦਇਆ ਦੁਆਰਾ[46] ਮਹਾਨ[47] ਉਚੇ ਮਰਤਬੇ[48] ਨੂੰ ਪਾ ਲੈਂਦਾ ਹੈ।

ਸਤਿਗੁਰੁ ਆਪੇ[49] ਮੇਲਿ[50] ਮਿਲਾਏ ਮਿਲਿ[51] ਪ੍ਰੀਤਮ[52] ਸੁਖੁ[53] ਪਾਵਣਿਆ ॥ ੫ ॥

The True Guru himself[49] unites man in the union[50] of God, who by meeting[51] the Beloved[52], attains to peace[53].

ਸੱਚੇ ਗੁਰੂ ਜੀ ਆਪ[49] ਹੀ ਬੰਦੇ ਨੂੰ ਰੱਬ ਦੇ ਮਿਲਾਪ[50] ਅੰਦਰ ਮਿਲਾਉਂਦੇ ਹਨ, ਜੋ ਪਿਆਰੇ[52] ਨੂੰ ਭੇਟ[51] ਕੇ ਆਰਾਮ[53] ਪਾਉਂਦਾ ਹੈ।

੧੨੪ / 124 / ੧੨੪

ਇਕਿ[54] ਕੂੜਿ[55] ਲਾਗੇ[56] ਕੂੜੇ ਫਲ[57] ਪਾਏ ॥
ਦੂਜੈ ਭਾਇ[58] ਬਿਰਥਾ[59] ਜਨਮੁ[60] ਗਵਾਏ[61] ॥
ਆਪਿ[62] ਡੁਬੇ[63] ਸਗਲੇ[63]*

Some[54] are linked[56] with falsehood[55] and false are the boons[57] they obtain. In duality[58] they waste[61] their life[60] in vain[59]. They drown[63] themselves[62] and

ਕਈ[54] ਝੂਠ[55] ਨਾਲ ਜੁੜੇ[56] ਹੋਏ ਹਨ ਅਤੇ ਝੂਠੀਆਂ ਮੁਰਾਦਾਂ[57] ਹੀ ਉਹ ਹਾਸਲ ਕਰਦੇ ਹਨ। ਦਵੈਤ-ਭਾਵ[58] ਵਿਚ ਉਹ ਆਪਣਾ ਜੀਵਨ[60] ਬੇਅਰਥ[59] ਗੁਆ[61] ਲੈਂਦੇ ਹਨ। ਉਹ ਖੁਦ[62] ਡੁੱਬ[63] ਜਾਂਦੇ ਹਨ ਅਤੇ ਆਪਣੀਆਂ ਸਮੂਹ[63]*

ਕੁਲ[64] ਡੋਬੇ ਕੂੜੁ[65] ਬੋਲਿ[66] ਬਿਖੁ[67] ਖਾਵਣਿਆ[68] ॥੬॥	drown their entire[63*] lineage[64]. By telling[66] lies[65] they eat[68] poison[67].	ਪੀੜ੍ਹੀਆਂ[64] ਨੂੰ ਭੀ ਡੁਬੋ ਲੈਂਦੇ ਹਨ। ਝੂਠ[65] ਮਾਰ[66] ਕੇ ਉਹ ਜ਼ਹਿਰ[67] ਖਾਂਦੇ[68] ਹਨ।
ਇਸੁ ਤਨ[69] ਮਹਿ[70] ਮਨੁ ਕੋ[71] ਗੁਰਮੁਖਿ[72] ਦੇਖੈ[73] ॥	Some solitary[71] Guruward[72] looks into[73] his mind, within[70] this body[69].	ਕੋਈ ਵਿਰਲਾ[71] ਗੁਰੂ ਸਮਰਪਣ[72] ਹੀ ਇਸ ਦੇਹਿ[69] ਅੰਦਰ[70] ਆਪਣੇ ਮਨੂਏ ਵਿਚ ਝਾਤੀ[73] ਪਾਉਂਦਾ ਹੈ।
ਭਾਇ[74] ਭਗਤਿ[75] ਜਾ[76] ਹਉਮੈ[77] ਸੋਖੈ[78] ॥	Through affectionate[74] service[75] his[76] ego[77] evaporates[78].	ਪਰੇਮ ਭਰੀ[74] ਸੇਵਾ[75] ਰਾਹੀਂ ਉਸ[76] ਦੀ ਹੰਗਤਾ[77] ਸੁੱਕ[78] ਜਾਂਦੀ ਹੈ।
ਸਿਧ[79] ਸਾਧਿਕ[80] ਮੋਨਿਧਾਰੀ[81] ਰਹੇ[82] ਲਿਵ[83] ਲਾਇ[84] ਤਿਨ[85] ਭੀ ਤਨ ਮਹਿ ਮਨੁ ਨ ਦਿਖਾਵਣਿਆ[86] ॥੭॥	The adepts[79], strivers[80] and silent ones[81] are tired[82] of cultivating[84] love[83]. They[85] too have not seen[86] the mind in their body.	ਪੂਰਨ ਪੁਰਸ਼[79], ਅਭਿਆਸੀ[80] ਤੇ ਖ਼ਾਮੋਸ਼ ਬੰਦੇ[81] ਪਿਆਰ[83] ਪਾ[84] ਕੇ ਹੰਭ[82] ਗਏ ਹਨ। ਉਨ੍ਹਾਂ ਨੇ ਭੀ ਆਪਣੀ[85] ਦੇਹਿ ਅੰਦਰ ਮਨੂਏ ਨੂੰ ਨਹੀਂ ਵੇਖਿਆ[86]।
ਆਪਿ[87] ਕਰਾਏ[88] ਕਰਤਾ[89] ਸੋਈ[90] ॥	That[90] Creator[89] Himself[87] makes us work[88].	ਉਹ[90] ਸਿਰਜਣਹਾਰ[89] ਖ਼ੁਦ[87] ਸਾਡੇ ਕੋਲੋਂ ਕੰਮ ਕਰਵਾਉਂਦਾ[88] ਹੈ।
ਹੋਰੁ[91] ਕਿ[92] ਕਰੇ[93] ਕੀਤੈ[94] ਕਿਆ[95] ਹੋਈ[96] ॥	What[92] can some one[91] else do[93]? What[95] can be done[96] by his doing[94].	ਹੋਰਸ[91] ਕੋਈ[92] ਕੀ ਕਰ ਸਕਦਾ[93] ਹੈ? ਉਸ ਦੇ[94] ਕਰਨ ਨਾਲ ਕੀ[95] ਹੋ ਸਕਦਾ[96] ਹੈ?
ਨਾਨਕ ਜਿਸੁ[97] ਨਾਮੁ ਦੇਵੈ[98] ਸੋ[99] ਲੇਵੈ[100] ਨਾਮੋ ਮੰਨਿ ਵਸਾਵਣਿਆ[2] ॥੮॥ ੨੩ ॥ ੨੪ ॥	Nanak, he[99], on whom[97] the Lord bestows[98] His Name, obtains[100] and treasures[2] it in his heart.	ਨਾਨਕ, ਜਿਸ ਨੂੰ[97] ਪ੍ਰਭੂ ਆਪਣੇ ਨਾਮ ਦੀ ਬਖ਼ਸ਼ਸ਼[98] ਕਰਦਾ ਹੈ; ਉਹੀ[99] ਇਸ ਨੂੰ ਪਾਉਂਦਾ[100] ਹੈ ਤੇ ਆਪਣੇ ਦਿਲ ਅੰਦਰ ਟਿਕਾਉਂਦਾ[2] ਹੈ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਇਸੁ ਗੁਫਾ[3] ਮਹਿ[4] ਅਖੁਟ[5] ਭੰਡਾਰਾ[6] ॥	Within[4] this body-cavern[3] there is an inexhaustible[5] treasure[6].	ਏਸ ਦੇਹਿ-ਕੰਦਰਾ[3] ਅੰਦਰ[4] ਅਮੁੱਕ[5] ਖ਼ਜ਼ਾਨਾ[6] ਹੈ।
ਤਿਸੁ[7] ਵਿਚਿ ਵਸੈ[8] ਹਰਿ ਅਲਖ[9] ਅਪਾਰਾ[10] ॥	In it[7] abides[8] the unseen[9] and illimitable[10] Lord.	ਇਸ[7] ਅੰਦਰ ਅਦ੍ਰਿਸ਼ਟਤ[9] ਤੇ ਅਨੰਤ[10] ਸੁਆਮੀ ਰਹਿੰਦਾ[8] ਹੈ।
ਆਪੇ[11] ਗੁਪਤੁ[12] ਪਰਗਟੁ[13] ਹੈ ਆਪੇ ਗੁਰ ਸਬਦੀ[14] ਆਪੁ[15] ਵੰਞਾਵਣਿਆ[16] ॥੧॥	He Himself[11] is unmanifest[12] and Himself manifest[13]. By the Guru's instruction[14] self-conceit[15] is effaced[16].	ਉਹ ਖ਼ੁਦ[11] ਅਲੋਪ[12] ਹੈ ਤੇ ਖ਼ੁਦ ਹੀ ਦ੍ਰਿਸ਼ਟਮਾਨ[13]। ਗੁਰਾਂ ਦੇ ਉਪਦੇਸ਼[14] ਦੁਆਰਾ ਸਵੈ-ਹੰਗਤਾ[15] ਦੂਰ[16] ਹੋ ਜਾਂਦੀ ਹੈ।
ਹਉ ਵਾਰੀ[17] ਜੀਉ[18] ਵਾਰੀ ਅੰਮ੍ਰਿਤੁ[19] ਨਾਮੁ ਮੰਨਿ ਵਸਾਵਣਿਆ[20] ॥	I am devoted[17] and my soul[18] is devoted unto those who treasure[20] up the ambrosial[19] Name in their heart.	ਮੈਂ ਸਦਕੇ[17] ਹਾਂ ਅਤੇ ਮੇਰੀ ਜਿੰਦੜੀ[18] ਸਦਕੇ ਹੈ ਉਨ੍ਹਾਂ ਉਤੋਂ ਜੋ ਸੁਧਾ-ਸਰੂਪ[19] ਨਾਮ ਨੂੰ ਆਪਣੇ ਦਿਲ ਅੰਦਰ ਟਿਕਾਉਂਦੇ[20] ਹਨ।
ਅੰਮ੍ਰਿਤੁ[21] ਨਾਮੁ ਮਹਾ[22] ਰਸੁ[23] ਮੀਠਾ[24] ਗੁਰਮਤੀ[25] ਅੰਮ੍ਰਿਤੁ ਪੀਆਵਣਿਆ[26] ॥ ੧ ॥ ਰਹਾਉ ॥	Of the Nectarean[21] Name, the taste[23] is exceedingly[22] sweet[24]. By the Guru's instruction[25] this Name Nectar is quaffed[26]. Pause.	ਆਬਿ-ਹਿਯਾਤੀ[21] ਨਾਮ ਦਾ ਸੁਆਦ[23] ਪਰਮ[22] ਮਿੱਠੜਾ[24] ਹੈ। ਗੁਰਾਂ ਦੇ ਉਪਦੇਸ਼[25] ਦੁਆਰਾ ਇਹ ਨਾਮ ਅੰਮ੍ਰਿਤ ਪਾਨ[26] ਕੀਤਾ ਜਾਂਦਾ ਹੈ। ਠਹਿਰਾਉ।
ਹਉਮੈ[27] ਮਾਰਿ[28] ਬਜਰ[29] ਕਪਾਟ[30] ਖੁਲਾਇਆ[31] ॥	By stilling[28] one's ego[27], the adamantine[29] shutters[30] are opened[31].	ਹੰਕਾਰ[27] ਨਵਿਰਤ[28] ਕਰਨ ਦੁਆਰਾ ਮਹਾਨ ਕਰੜੇ[29] ਤਖ਼ਤੇ[30] ਖੁਲ੍ਹ[31] ਜਾਂਦੇ ਹਨ।

ਨਾਮੁ ਅਮੋਲਕੁ[32] ਗੁਰ-ਪਰਸਾਦੀ[33] ਪਾਇਆ ॥	The priceless[32] Name is obtained by the Guru's grace[33].	ਅਣਮੁੱਲਾ[32] ਨਾਮ ਗੁਰਾਂ ਦੀ ਰਹਿਮਤ[33] ਦੁਆਰਾ ਪਰਾਪਤ ਹੁੰਦਾ ਹੈ।
ਬਿਨੁ[34] ਸਬਦੈ[35] ਨਾਮੁ ਨ ਪਾਏ ਕੋਈ ਗੁਰ ਕਿਰਪਾ[36] ਮੰਨਿ ਵਸਾਵਣਿਆ[37] ॥੨॥	Sans[34] the Guru's instruction[35] no one attains to the Name. By the favour[36] of the Guru it is implanted[37] in the mind.	ਗੁਰਾਂ ਦੇ ਉਪਦੇਸ਼[35] ਬਾਝੋਂ[34] ਕਿਸੇ ਨੂੰ ਭੀ ਨਾਮ ਪ੍ਰਾਪਤ ਨਹੀਂ ਹੁੰਦਾ। ਗੁਰਾਂ ਦੀ ਦਇਆ[36] ਦੇ ਦੁਆਰਾ ਨਾਮ ਹਿਰਦੇ ਅੰਦਰ ਟਿਕਾਇਆ[37] ਜਾਂਦਾ ਹੈ।
ਗੁਰ ਗਿਆਨੁ[38] ਅੰਜਨੁ[39] ਸਚੁ ਨੇਤ੍ਰੀ[40] ਪਾਇਆ[41] ॥	The Guru has applied[41] to mine eyes[40] the true salve[39] of Divine knowledge[38].	ਗੁਰਾਂ ਨੇ ਬ੍ਰਹਿਮ ਗਿਆਤ[38] ਦਾ ਸੱਚਾ ਸੁਰਮਾ[39] ਮੇਰੀਆਂ ਅੱਖਾਂ[40] ਵਿਚ ਪਾਇਆ[41] ਹੈ।
ਅੰਤਰਿ[42] ਚਾਨਣੁ[43] ਅਗਿਆਨੁ[44] ਅੰਧੇਰੁ[45] ਗਵਾਇਆ[46] ॥	Within my mind[42] the Divine light[43] has dawned and the darkness[45] of ignorance[44] is dispelled[46].	ਮੇਰੇ ਹਿਰਦੇ[42] ਅੰਦਰ ਈਸ਼ਵਰੀ ਪਰਕਾਸ਼[43] ਉਦੇ ਹੋ ਗਿਆ ਹੈ ਅਤੇ ਬੇਸਮਝੀ[44] ਦਾ ਅਨ੍ਹੇਰਾ[45] ਦੂਰ[46] ਹੋ ਗਿਆ ਹੈ।
ਜੋਤੀ[47] ਜੋਤਿ[48] ਮਿਲੀ[49] ਮਨੁ[50] ਮਾਨਿਆ[51] ਹਰਿ ਦਰਿ[52] ਸੋਭਾ[53] ਪਾਵਣਿਆ[54] ॥ ੩ ॥	My light[48] has merged[49] with the Supreme light[47]. My mind[50] is propitiated[51] and I am blessed[54] with glory[53] in the God's Court[52].	ਮੇਰੀ ਰੋਸ਼ਨੀ[48] ਪਰਮ ਰੋਸ਼ਨੀ[47] ਨਾਲ ਅਭੇਦ[49] ਹੋ ਗਈ ਹੈ। ਮੇਰਾ ਚਿੱਤ[50] ਸੰਤੁਸ਼ਟ[51] ਹੋ ਗਿਆ ਹੈ ਅਤੇ ਵਾਹਿਗੁਰੂ ਦੇ ਦਰਬਾਰ[52] ਅੰਦਰ ਮੈਨੂੰ ਇੱਜ਼ਤ ਆਬਰੂ[53] ਦੀ ਦਾਤ[54] ਮਿਲੀ ਹੈ।
ਸਰੀਰਹੁ[55] ਭਾਲਣਿ[56] ਕੋ[57] ਬਾਹਰਿ[58] ਜਾਏ[59] ॥ ਨਾਮੁ ਨ ਲਹੈ[60] ਬਹੁਤੁ[61] ਵੇਗਾਰਿ[62] ਦੁਖੁ[63] ਪਾਏ[64] ॥	If some one[57] goes[59] beyond[58] his body[55] in search[56] for the Lord, he receives[60] not the Name but suffers[64] the great[61] misery[63] of forced-labour[62].	ਜੇਕਰ ਕੋਈ ਜਣਾ[57] ਆਪਣੀ ਦੇਹਿ[55] ਤੋਂ ਪਰੇ[58] ਪ੍ਰਭੂ ਦੀ ਢੂੰਡ ਭਾਲ[56] ਵਿਚ ਜਾਵੇ[59] ਤਾਂ ਉਹ ਨਾਮ ਨੂੰ ਨਹੀਂ ਪਾਉਂਦਾ[60], ਪ੍ਰੰਤੂ ਬਗਾਰ[62] ਦਾ ਘਣਾ[61] ਕਸ਼ਟ[63] ਉਠਾਉਂਦਾ[64] ਹੈ।
ਮਨਮੁਖ[65] ਅੰਧੇ[66] ਸੂਝੈ[67] ਨਾਹੀ ਫਿਰਿ[68] ਘਿਰਿ[69] ਆਇ[70] ਗੁਰਮੁਖਿ[71] ਵਥੁ[72] ਪਾਵਣਿਆ[73] ॥ ੪ ॥	The blind[66] perverse person[65] realises[67] not. But when he again[68] returns[70] home[69], through the[71] Guru, he finds[73] the real thing[72] within.	ਅੰਨ੍ਹੇ[66] ਪ੍ਰਤੀਕੂਲ ਪੁਰਸ਼[65] ਨੂੰ ਦਿਸਦਾ[67] ਨਹੀਂ। ਪ੍ਰੰਤੂ ਜਦ ਉਹ ਮੁੜ[68] ਕੇ ਗ੍ਰਿਹਿ[69] ਵਿਚ ਆਉਂਦਾ[70] ਹੈ, ਗੁਰਾਂ ਦੇ ਰਾਹੀਂ[71], ਉਹ ਅਸਲ ਵਸਤੂ[72] ਨੂੰ ਅੰਦਰੋਂ ਹੀ ਹਾਸਲ[73] ਕਰ ਲੈਂਦਾ ਹੈ।
ਗੁਰ ਪਰਸਾਦੀ[74] ਸਚਾ ਹਰਿ[75] ਪਾਏ ॥	By the Guru's grace[74] man obtains the True Lord[75].	ਗੁਰਾਂ ਦੀ ਮਿਹਰ[74] ਦੁਆਰਾ ਬੰਦਾ ਸੱਚੇ ਸਾਈਂ[75] ਨੂੰ ਪਾ ਲੈਂਦਾ ਹੈ।
ਮਨਿ[76] ਤਨਿ[77] ਵੇਖੈ[81] ਹਉਮੈ[78] ਮੈਲੁ[79] ਜਾਏ[80] ॥	Within his mind[76] and body[77] he beholds[81] Him and the filth[79] of ego[78] departs[80].	ਆਪਣੇ ਚਿੱਤ[76] ਤੇ ਦੇਹਿ[77] ਅੰਦਰ ਉਹ ਵਾਹਿਗੁਰੂ ਨੂੰ ਵੇਖਦਾ[81] ਹੈ ਅਤੇ ਹੰਗਤਾ[78] ਦੀ ਮਲੀਨਤਾ[79] ਦੂਰ[80] ਹੋ ਜਾਂਦੀ ਹੈ।
ਬੈਸਿ[82] [83]ਸੁ ਥਾਨਿ[84] ਸਦ[85] ਹਰਿਗੁਣ[86] ਗਾਵੈ[87] ਸਚੈ ਸਬਦਿ[88] ਸਮਾਵਣਿਆ[89] ॥ ੫ ॥	Sitting[82] in the sublime[83] place[84], ever[85] he sings[87] God's praises[86] and is absorbed[89] in the True Lord[88].	ਸਰੇਸ਼ਟ[83] ਅਸਥਾਨ[84] ਤੇ ਬਹਿ[82] ਕੇ ਉਹ ਹਮੇਸ਼ਾਂ[85] ਵਾਹਿਗੁਰੂ ਦਾ ਜੱਸ[86] ਗਾਇਨ[87] ਕਰਦਾ ਹੈ ਅਤੇ ਸੱਚੇ ਸੁਆਮੀ[88] ਅੰਦਰ ਲੀਨ[89] ਹੋ ਜਾਂਦਾ ਹੈ।
ਨਉ ਦਰ[90] ਠਾਕੇ[92] ਧਾਵਤੁ[91] ਰਹਾਏ[93] ॥ ਦਸਵੈ ਨਿਜ[94]-	He, who closes[92] his nine doors[90] and restrains[93] his wandering[91] mind,	ਜੋ ਆਪਣੇ ਨੌਂ ਦਰਵਾਜ਼ੇ[90] ਬੰਦ[92] ਕਰ ਲੈਂਦਾ ਹੈ ਅਤੇ ਆਪਣੇ ਭਟਕਦੇ[91] ਹੋਏ ਮਨੂਏ ਨੂੰ ਰੋਕ[93] ਰੱਖਦਾ

ਘਰਿ[95] ਵਾਸਾ[96] ਪਾਏ[97] ॥	obtains[97] an abode[96] in the Lord's own[94] tenth home[95].	ਹੈ, ਉਹ ਦਸਵੇਂ ਪ੍ਰਭੂ ਦੇ ਨਿੱਜ[94] ਦੇ ਗ੍ਰਿਹ[95] ਅੰਦਰ ਵਸੇਬਾ[96] ਪਾ[97] ਲੈਂਦਾ ਹੈ।
ਓਥੈ[98] ਅਨਹਦ[99] ਸਬਦ[100] ਵਜਹਿ[2] ਦਿਨੁ ਰਾਤੀ[3] ਗੁਰਮਤੀ[4] ਸਬਦੁ[5] ਸੁਣਾਵਣਿਆ[6] ॥ ੬ ॥	There[98] the unstruck[99] music[100] plays[2] day and night[3]. Through the Guru's instruction[4] this celestial strain[5] is heard[6].	ਉਥੇ[98] ਬਿਨਾ ਵਜਾਏ[99] ਵੱਜਣ ਵਾਲਾ ਰਾਗ[100] ਦਿਹੁੰ ਰੈਣ[3] ਗੂੰਜਦਾ[2] ਹੈ। ਗੁਰਾਂ ਦੇ ਉਪਦੇਸ਼[4] ਰਾਹੀਂ ਇਹ ਬੈਕੁੰਠੀ[5] ਕੀਰਤਨ ਸੁਣਿਆ[6] ਜਾਂਦਾ ਹੈ।
ਬਿਨੁ ਸਬਦੈ[7] ਅੰਤਰਿ[8] ਆਨੇਰਾ[9] ॥	Without the Lord's Name[7] there is all darkness[9] within[8].	ਸਾਈਂ ਦੇ ਨਾਮ[7] ਦੇ ਬਾਝੋਂ ਅੰਦਰ[8] ਨਿਰੋਲ ਅੰਧੇਰਾ[9] ਹੈ।
ਨ ਵਸਤੁ[10] ਲਹੈ[12] ਨ ਚੂਕੈ[11] ਫੇਰਾ[13] ॥	One receives[12] not the real thing[10] and ends[11] not the round[13].	ਬੰਦੇ ਨੂੰ ਅਸਲ ਵਸਤੂ[10] ਪਰਾਪਤ[12] ਨਹੀਂ ਹੁੰਦੀ ਤੇ ਉਸ ਦਾ ਗੇੜਾ[13] ਮੁਕਦਾ[11] ਨਹੀਂ।
ਸਤਿਗੁਰ ਹਥਿ[14] ਕੁੰਜੀ[15] ਹੋਰਤੁ[16] ਦਰੁ[17] ਖੁਲੈ ਨਾਹੀ ਗੁਰੁ ਪੂਰੈ[18] ਭਾਗਿ[19] ਮਿਲਾਵਣਿਆ[20] ॥ ੭ ॥	In the True Guru's hand[14] is the key[15]. None else[16] can open the door[17]. By perfect[18] good luck[19] the Guru is met[20].	ਸੱਚੇ ਗੁਰਾਂ ਦੇ ਕਰ[14] ਵਿਚ ਚਾਬੀ[15] ਹੈ। ਹੋਰ[16] ਕੋਈ ਦਰਵਾਜ਼ਾ[17] ਖੋਲ੍ਹ ਨਹੀਂ ਸਕਦਾ। ਪੂਰਨ[18] ਚੰਗੇ ਕਰਮਾਂ[19] ਦੁਆਰਾ ਗੁਰੂ ਜੀ ਮਿਲਦੇ[20] ਹਨ।
ਗੁਪਤੁ[21] ਪਰਗਟੁ[22] ਤੂੰ ਸਭਨੀ[23] ਥਾਈ[24] ॥	In all[23] the non-apparent[21] and apparent[22] places[24] Thou art, O'Lord !	ਸਾਰੀਆਂ[23] ਪੋਸ਼ੀਦਾ[21] ਤੇ ਪਰਤੱਖ[22] ਥਾਵਾਂ[24] ਵਿਚ ਤੂੰ ਹੈਂ, ਹੇ ਸੁਆਮੀ!
ਗੁਰ ਪਰਸਾਦੀ[25] ਮਿਲਿ[26] ਸੋਝੀ[27] ਪਾਈ[28] ॥	By obtaining[26] the Guru's grace[25] man comes to have[28] this understanding[27].	ਗੁਰਾਂ ਦੀ ਦਇਆ[25] ਪਰਾਪਤ[26] ਕਰਕੇ ਇਨਸਾਨ ਨੂੰ ਇਹ ਸਮਝ[27] ਆਉਂਦੀ[28] ਹੈ।
ਨਾਨਕ ਨਾਮੁ ਸਲਾਹਿ[29] ਸਦਾ ਤੂੰ ਗੁਰਮੁਖਿ[30] ਮੰਨਿ ਵਸਾਵਣਿਆ[31] ॥ ੮ ॥ ੨੪ ॥ ੨੫ ॥	Nanak, the Lord's Name do thou ever praise[29], and by the Guru's instruction[30] enshrine[31] it in thy mind.	ਨਾਨਕ, ਸੁਆਮੀ ਦੇ ਨਾਮ ਦੀ ਤੂੰ ਸਦੀਵ ਹੀ ਕੀਰਤੀ[29] ਕਰ ਅਤੇ ਗੁਰਾਂ ਦੇ ਉਪਦੇਸ਼[30] ਦੁਆਰਾ ਇਸ ਨੂੰ ਆਪਣੇ ਚਿੱਤ ਅੰਦਰ ਟਿਕਾ[31]।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਗੁਰਮੁਖਿ[32] ਮਿਲੈ[33] ਮਿਲਾਏ[34] ਆਪੇ ॥	The Guruward[32] Himself meets[33] the Lord and makes others meet[34] Him.	ਗੁਰੂ ਸਮਰਪਣ[32] ਖੁਦ ਪ੍ਰਭੂ ਨੂੰ ਮਿਲ[33] ਪੈਂਦਾ ਹੈ ਅਤੇ ਹੋਰਨਾਂ ਨੂੰ ਉਸ ਨਾਲ ਮਿਲਾ[34] ਦਿੰਦਾ ਹੈ।
ਕਾਲੁ[35] ਨ ਜੋਹੈ[36] ਦੁਖੁ[38] ਨ ਸੰਤਾਪੇ[37] ॥	The death[35] spies[36] him not, and he suffers[37] not agony[38].	ਮੌਤ[35] ਉਸ ਨੂੰ ਨਹੀਂ ਤਕਾਉਂਦੀ[36] ਤੇ ਉਹ ਤਕਲੀਫ਼[38] ਨਹੀਂ ਉਠਾਉਂਦਾ[37]।
ਹਉਮੈ[39] ਮਾਰਿ[40] ਬੰਧਨ[41] ਸਭ ਤੋੜੈ[42] ਗੁਰਮੁਖਿ[43] ਸਬਦਿ[44] ਸੁਹਾਵਣਿਆ[45] ॥ ੧ ॥	By dispelling[40] his pride[39] he shatters[42] all his shackles[41] and through the Guru[43] is adorned[45] with God's Name[44].	ਆਪਣੇ ਹੰਕਾਰ[39] ਨੂੰ ਨਵਿਰਤ[40] ਕਰਨ ਦੁਆਰਾ ਉਹ ਆਪਣੀਆਂ ਸਮੂਹ ਬੇੜੀਆਂ[41] ਕਟ ਸੁਟਦਾ[42] ਹੈ ਅਤੇ ਗੁਰਾਂ ਦੇ ਰਾਹੀਂ[43] ਹਰੀ ਦੇ ਨਾਮ[44] ਨਾਲ ਸੁਸ਼ੋਭਤ[45] ਹੋ ਜਾਂਦਾ ਹੈ।
ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ[46] ॥	I am a sacrifice and my life is a sacrifice unto those who look graceful[46]	ਮੈਂ ਕੁਰਬਾਨ ਹਾਂ ਅਤੇ ਮੇਰੀ ਜਿੰਦੜੀ ਕੁਰਬਾਨ ਹੈ ਉਨ੍ਹਾਂ ਉਤੋਂ ਜੋ ਵਾਹਿਗੁਰੂ ਸੁਆਮੀ ਦੇ ਨਾਮ ਨਾਲ ਸੁਹਣੇ[46]

	with God's Name.	ਲਗਦੇ ਹਨ ।
੧੨੫	125	੧੨੫
ਗੁਰਮੁਖਿ[47] ਗਾਵੈ[48] ਗੁਰਮੁਖਿ ਨਾਚੈ[49] ਹਰਿ ਸੇਤੀ[50]ਚਿਤੁ[51] ਲਾਵਣਿਆ[52]॥੧॥ਰਹਾਉ॥	Guru's true Sikh[47] sings[48], Guru's true Sikh dances[49] and fixes[52] his mind[51] with God[50]. Pause.	ਗੁਰੂ ਦਾ ਸੱਚਾ ਸਿੱਖ[47] ਗਾਉਂਦਾ[48] ਹੈ, ਗੁਰੂ ਦਾ ਸੱਚਾ ਸਿੱਖ ਨਚਦਾ[49] ਹੈ ਅਤੇ ਵਾਹਿਗੁਰੂ ਨਾਲ[50] ਹੀ ਆਪਣੇ ਮਨ[51] ਨੂੰ ਜੋੜਦਾ[52] ਹੈ । ਠਹਿਰਾਉ ।
ਗੁਰਮੁਖਿ[53] ਜੀਵੈ[54] ਮਰੈ[55] ਪਰਵਾਣੁ[56] ॥	The Guruward[53] is acceptable[56] in life[54] and death[55].	ਗੁਰੂ ਸਮਰਪਣ[53] ਦਾ ਜੀਉਣਾ[54] ਤੇ ਮਰਣਾ[55] ਪਰਮਾਣੀਕ[56] ਹੈ ।
ਆਰਜਾ[57]ਨ ਛੀਜੈ[58]ਸਬਦੁ[59] ਪਛਾਣੁ[60] ॥	His life[57] goes not in vain[58], as he recognises[60] the Lord[59].	ਉਸ ਦਾ ਜੀਵਨ[57] ਬੇਅਰਥ[58] ਨਹੀਂ ਜਾਂਦਾ, ਕਿਉਂਕਿ ਉਹ ਸਾਹਿਬ[59] ਨੂੰ ਸਿੰਞਾਣਦਾ[60] ਹੈ ।
ਗੁਰਮੁਖਿ[61] ਮਰੈ ਨ ਕਾਲੁ ਨ ਖਾਏ[62] ਗੁਰਮੁਖਿ ਸਚਿ[63] ਸਮਾਵਣਿਆ[64] ॥ ੨ ॥	The pious person[61] dies not nor does death eat[62] him. The pious person is absorbed[64] in the True One[63].	ਪਵਿੱਤ੍ਰ ਪੁਰਸ਼[61] ਮਰਦਾ ਨਹੀਂ ਤੇ ਨਾ ਹੀ ਉਸ ਨੂੰ ਮੌਤ ਨਿਗਲਦੀ[62] ਹੈ । ਪਵਿੱਤ੍ਰ ਪੁਰਸ਼ ਸਤਿਪੁਰਖ[63] ਅੰਦਰ ਲੀਨ[64] ਹੋ ਜਾਂਦਾ ਹੈ ।
ਗੁਰਮੁਖਿ[67] ਹਰਿ ਦਰਿ[65] ਸੋਭਾ[66] ਪਾਏ ॥	The Sikh resigned to the Guru's[67] will obtains honour[66] in God's Court[65].	ਗੁਰੂ ਅਨੁਸਾਰੀ[67] ਸਿਖ ਵਾਹਿਗੁਰੂ ਦੇ ਦਰਬਾਰ[65] ਅੰਦਰ ਇੱਜ਼ਤ ਆਬਰੂ[66] ਪਾਉਂਦਾ ਹੈ ।
ਗੁਰਮੁਖਿ ਵਿਚਹੁ[68] ਆਪੁ[69] ਗਵਾਏ[70] ॥	The Sikh resigned to the Guru's will effaces[70] self-conceit[69] from within[68] himself.	ਗੁਰੂ ਅਨੁਸਾਰੀ ਸਿਖ ਆਪਣੇ ਅੰਦਰੋਂ[68] ਸਵੈ-ਹੰਗਤਾ[69] ਨੂੰ ਮੇਟ ਸੁਟਦਾ[70] ਹੈ ।
ਆਪਿ[71] ਤਰੈ[72] ਕੁਲ[73] ਸਗਲੇ[74] ਤਾਰੇ ਗੁਰਮੁਖਿ[75] ਜਨਮੁ[76]ਸਵਾਰਣਿਆ[77]॥੩॥	The holy[75] man saves[72] himself[71], saves his entire[74] lineage[73] and reforms[77] his life[76] too.	ਨੇਕ ਬੰਦਾ[75] ਖ਼ੁਦ[71] ਪਾਰ ਉਤਰ[72] ਜਾਂਦਾ ਹੈ, ਆਪਣੀ ਸਮੂਹ[74] ਵੰਸ਼[73] ਨੂੰ ਪਾਰ ਕਰ ਲੈਂਦਾ ਹੈ ਅਤੇ ਆਪਣਾ ਜੀਵਨ[76] ਭੀ ਸੁਧਾਰ[77] ਲੈਂਦਾ ਹੈ ।
ਗੁਰਮੁਖਿ ਦੁਖੁ[78] ਕਦੇ ਨ ਲਗੈ[79] ਸਰੀਰਿ[80] ॥	Pain[78] never harasses[79] the body[80] of the holy man.	ਨੇਕ-ਬੰਦੇ ਦੀ ਦੇਹਿ[80] ਨੂੰ ਪੀੜ[78] ਕਦਾਚਿਤ ਦੁਖਾਂਤ੍ਰ[79] ਨਹੀਂ ਕਰਦੀ ।
ਗੁਰਮੁਖਿ ਹਉਮੈ[81] ਚੂਕੈ[82] ਪੀਰ[83] ॥	For the holy man, the agony[83] of ego[81] is dispelled[82].	ਨੇਕ ਬੰਦੇ ਦੀ ਹੰਕਾਰ[81] ਦੀ ਦਰਦ[83] ਦੂਰ[82] ਹੋ ਜਾਂਦੀ ਹੈ ।
ਗੁਰਮੁਖਿ ਮਨੁ ਨਿਰਮਲੁ[84] ਫਿਰਿ[85] ਮੈਲੁ[86] ਨ ਲਾਗੈ[87] ਗੁਰਮੁਖਿ ਸਹਜਿ[88] ਸਮਾਵਣਿਆ[89] ॥ ੪ ॥	The mind of holy man is pure[84] and no filth[86] attaches[87] to it ever afterwards[85]. The holy man is absorbed[89] in celestial[88] bliss.	ਨੇਕ ਬੰਦੇ ਦਾ ਹਿਰਦਾ ਪਵਿੱਤ੍ਰ[84] ਹੈ ਅਤੇ ਮਗਰੋਂ[85] ਕਦੇ ਭੀ ਇਸ ਨੂੰ ਗਿਲਾਜ਼ਤ[86] ਨਹੀਂ ਚਿੰਮੜਦੀ[87] । ਨੇਕ ਬੰਦਾ ਬੈਕੁੰਠੀ ਆਨੰਦ[88] ਅੰਦਰ ਲੀਨ[89] ਹੋ ਜਾਂਦਾ ਹੈ ।
ਗੁਰਮੁਖਿ ਨਾਮੁ ਮਿਲੈ[90] ਵਡਿਆਈ[91] ॥	The pious person obtains[90] the magnificence[91] of the Lord's Name.	ਪਵਿੱਤ੍ਰ ਪੁਰਸ਼ ਪ੍ਰਭੂ ਦੇ ਨਾਮ ਦੀ ਮਹਾਨਤਾ[91] ਪਰਾਪਤ[90] ਕਰਦਾ ਹੈ ।
ਗੁਰਮੁਖਿ ਗੁਣ[92] ਗਾਵੈ ਸੋਭਾ[93] ਪਾਈ[94] ॥	The pious person sings God's glories[92] and attains to[94] celebrity[93].	ਪਵਿੱਤ੍ਰ ਪੁਰਸ਼ ਵਾਹਿਗੁਰੂ ਦੀਆਂ ਉਤਕ੍ਰਿਸ਼ਟਤਾਈਆਂ[92] ਗਾਇਨ ਕਰਦਾ ਹੈ ਅਤੇ ਕੀਰਤੀ[93]ਨੂੰ ਪਰਾਪਤ[94] ਹੁੰਦਾ ਹੈ ।
ਸਦਾ[99] ਅਨੰਦਿ[95] ਰਹੈ ਦਿਨੁ ਰਾਤੀ[96]	He ever[99] remains happy[95] day and night[96].	ਉਹ ਸਦੀਵ[99] ਹੀ ਦਿਹੁੰ ਰੈਣ[96] ਪ੍ਰਸੰਨ[95] ਰਹਿੰਦਾ ਹੈ ।
ਗੁਰਮੁਖਿ ਸਬਦੁ[97]	The pious person practises[98]	ਪਵਿੱਤ੍ਰ ਪੁਰਸ਼ ਸਾਹਿਬ ਦੇ ਨਾਮ[97] ਦੀ ਕਮਾਈ[98]

ਕਰਾਵਣਿਆ[98] ॥ ੫ ॥	the Lord's Name[97].	ਕਰਦਾ ਹੈ ।
ਗੁਰਮੁਖਿ[4] ਅਨਦਿਨੁ[100] ਸਬਦੇ[2] ਰਾਤਾ[3] ॥	The Guru's devoted[4] Sikh night[100] and day remains imbued[3] with the Name[2].	ਗੁਰਾਂ ਦਾ[4] ਜਾਂਨਿਸਾਰ ਸਿੱਖ ਰੈਣ[100] ਦਿਹੁੰ ਨਾਮ[2] ਨਾਲ ਰੰਗਿਆ[3] ਰਹਿੰਦਾ ਹੈ ।
ਗੁਰਮੁਖਿ[4] ਜੁਗ ਚਾਰੇ[5] ਹੈ ਜਾਤਾ[6] ॥	The Guru's devoted Sikh is known[6] in the four[5] ages.	ਗੁਰਾਂ ਦਾ ਜਾਂਨਿਸਾਰ ਸਿਖ ਚੌਹਾਂ[5] ਯੁਗਾਂ ਵਿਚ ਜਾਣਿਆ[6] ਜਾਂਦਾ ਹੈ ।
ਗੁਰਮੁਖਿ ਗੁਣ[7] ਗਾਵੈ[13] ਸਦਾ[12] ਨਿਰਮਲੁ[8] ਸਬਦੇ[9] ਭਗਤਿ[10] ਕਰਾਵਣਿਆ[11] ॥ ੬ ॥	The Guru's devoted Sikh ever[12] sings[13] the praises[7] of the immaculate Lord[8], and by the Guru's gospel[9] performs[11] His devotional service[10].	ਗੁਰਾਂ ਦਾ ਜਾਂਨਿਸਾਰ ਸਿੱਖ ਹਮੇਸ਼ਾਂ[12] ਪਵਿੱਤ੍ਰ ਪ੍ਰਭੂ[8] ਦਾ ਜੱਸ[7] ਗਾਇਨ[13] ਕਰਦਾ ਹੈ ਅਤੇ ਗੁਰਾਂ ਦੇ ਉਪਦੇਸ਼[9] ਦੁਆਰਾ ਉਸ ਦੀ ਪਰੇਮ-ਮਈ[10] ਸੇਵਾ ਕਮਾਉਂਦਾ[11] ਹੈ ।
ਬਾਝੁ[14] ਗੁਰੂ ਹੈ ਅੰਧ ਅੰਧਾਰਾ[15] ॥	Without[14] the Guru there is inky darkness[15].	ਗੁਰਾਂ ਦੇ ਬਿਨਾ[14] ਅਨ੍ਹੇਰ ਘੁਪ[15] ਹੈ ।
[16]ਜਮਕਾਲਿ[17] ਗਰਠੇ[18] ਕਰਹਿ ਪੁਕਾਰਾ[19] ॥	Seized[18] by the death's[17] myrmidon[16], the men scream aloud[19].	ਮੌਤ[17] ਦੇ ਦੂਤ[16] ਦੇ ਫੜੇ[18] ਹੋਏ ਇਨਸਾਨ ਉੱਚੀ ਉੱਚੀ ਚੀਕਦੇ[19] ਹਨ ।
ਅਨਦਿਨੁ[20] ਰੋਗੀ[21] ਬਿਸਟਾ[22] ਕੇ ਕੀੜੇ[23] ਬਿਸਟਾ ਮਹਿ[24] ਦੁਖੁ[25] ਪਾਵਣਿਆ[26] ॥੭॥	They are ever[20] ailment stricken[21] worms[23] of ordure[22]. In[24] ordure they suffer[25] pain[26].	ਉਹ ਹਮੇਸ਼ਾਂ[20] ਬੀਮਾਰ[21], ਗੰਦਗੀ[22] ਦੇ ਕੀਟ[23] ਹਨ। ਗੰਦਗੀ ਅੰਦਰ[24] ਹੀ ਉਹ ਤਸੀਹਾ[26] ਕੱਟਦੇ[25] ਹਨ ।
ਗੁਰਮੁਖਿ[27] ਆਪੇ[28] ਕਰੇ ਕਰਾਏ[29] ॥	The Guruwards[27] realise that God Himself[28] does and makes others[29] do.	ਗੁਰੂ ਸਮਰਪਣ[27] ਅਨੁਭਵ ਕਰਦੇ ਹਨ ਕਿ ਵਾਹਿਗੁਰੂ ਆਪ[28] ਹੀ ਕਰਦਾ ਤੇ ਕਰਵਾਉਂਦਾ[29] ਹੈ ।
ਗੁਰਮੁਖਿ ਹਿਰਦੈ[30] ਵੁਠਾ[31] ਆਪਿ[33] ਆਏ[32] ॥	Within the heart[30] of the Guruward, the Lord Himself[33] comes[32] to abide[31].	ਗੁਰੂ ਸਮਰਪਣ ਦੇ ਦਿਲ[30] ਵਿਚ ਸਾਹਿਬ ਖ਼ੁਦ[33] ਆ ਕੇ[32] ਨਿਵਾਸ[31] ਕਰ ਲੈਂਦਾ ਹੈ ।
ਨਾਨਕ ਨਾਮਿ ਮਿਲੈ[34] ਵਡਿਆਈ[35] ਪੂਰੇ[36] ਗੁਰ ਤੇ[37] ਪਾਵਣਿਆ[38] ॥ ੮ ॥ ੨੫ ॥ ੨੬ ॥	Nanak, through God's Name greatness[35] is obtained[34]. From[37] the perfect[36] Guru the Name is procured[38].	ਨਾਨਕ, ਰੱਬ ਦੇ ਨਾਮ ਦੇ ਰਾਹੀਂ ਵਿਸ਼ਾਲਤਾ[35] ਪ੍ਰਾਪਤ[34] ਹੁੰਦੀ ਹੈ । ਪੂਰਨ[36] ਗੁਰਾਂ ਪਾਸੋਂ[37] ਨਾਮ ਪਾਇਆ[38] ਜਾਂਦਾ ਹੈ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਏਕਾ[39] ਜੋਤਿ[40] ਜੋਤਿ[41] ਹੈ ਸਰੀਰਾ[42] ॥	Amidst the light[41] of the bodies[42] is the light[40] of the One Lord[39].	ਦੇਹਾਂ[42] ਦੀ ਰੋਸ਼ਨੀ[41] ਅੰਦਰ ਇਕ ਸੁਆਮੀ[39] ਦੀ ਹੀ ਰੋਸ਼ਨੀ[40] ਹੈ ।
ਸਬਦਿ[43] ਦਿਖਾਏ[44] ਸਤਿਗੁਰੁ ਪੂਰਾ[45] ॥	By his instruction[43] the perfect[45] Sat Guru shows[44] it.	ਆਪਣੇ ਉਪਦੇਸ਼[43] ਦੁਆਰਾ ਪੂਰਨ[45] ਸਤਿਗੁਰੂ ਇਸ ਨੂੰ ਵਿਖਾਲ[44] ਦਿੰਦਾ ਹੈ ।
ਆਪੇ[46] ਫਰਕੁ[47] ਕੀਤੋਨੁ[48] ਘਟ[49] ਅੰਤਰਿ[50] ਆਪੇ ਬਣਤ[51] ਬਣਾਵਣਿਆ[52] ॥ ੧ ॥	Between[50] the various bodies[49] the Lord Himself[46] has entailed[48] the differentiation[47], and Himself has made[52] all the structure[51].	ਮੁਖ਼ਤਲਿਫ਼ ਸਰੀਰਾਂ[49] ਅੰਦਰ[50] ਪ੍ਰਭੂ ਨੇ ਖ਼ੁਦ[46] ਹੀ ਵੱਖਰਾਪਣ[47] ਪੈਦਾ[48] ਕੀਤਾ ਹੈ ਅਤੇ ਖ਼ੁਦ ਹੀ ਸਾਰੀ ਬਣਤਰ[51] ਬਣਾਈ[52] ਹੈ ।
ਹਉ ਵਾਰੀ ਜੀਉ ਵਾਰੀ ਹਰਿ	I am devoted and my soul is devoted	ਮੈਂ ਸਦਕੇ ਹਾਂ ਅਤੇ ਮੇਰੀ ਜਿੰਦੜੀ ਸਦਕੇ ਹੈ ਉਨ੍ਹਾਂ ਉਤੋਂ

ਸਚੇ ਕੇ ਗੁਣ[53]ਗਾਵਣਿਆ[54]॥	unto those who sing[54] the praises[53] of the True God.	ਜੋ ਸੱਚੇ ਵਾਹਿਗੁਰੂ ਦੀ ਸਿਫ਼ਤ ਸ਼ਲਾਘਾ[53] ਗਾਇਨ[54] ਕਰਦੇ ਹਨ।
ਬਾਝੁ[55] ਗੁਰੂ ਕੋ ਸਹਜੁ[56] ਨ ਪਾਏ ਗੁਰਮੁਖਿ[57] ਸਹਜਿ[58] ਸਮਾਵਣਿਆ[59] ॥ ੧ ॥ ਰਹਾਉ ॥	Without[55] the Guru none obtains the Divine knowledge[56]. Through the Guru[57] man merges[59] into the Lord[58]. Pause.	ਗੁਰਾਂ ਦੇ ਬਗ਼ੈਰ[55] ਕਿਸੇ ਨੂੰ ਭੀ ਬ੍ਰਹਿਮ ਗਿਆਨ[56] ਪਰਾਪਤ ਨਹੀਂ ਹੁੰਦਾ। ਗੁਰਾਂ[57] ਦੇ ਰਾਹੀਂ ਇਨਸਾਨ ਪ੍ਰਭੂ[58] ਅੰਦਰ ਲੀਨ[59] ਹੋ ਜਾਂਦਾ ਹੈ। ਠਹਿਰਾਉ।
ਤੂੰ ਆਪੇ ਸੋਹਹਿ[60] ਆਪੇ ਜਗੁ[61] ਮੋਹਹਿ[62] ॥	Thou Thyself lookest beauteous[60] and Thyself enamourest[62] the world[61].	ਤੂੰ ਆਪ ਸੁੰਦਰ[60] ਲੱਗਦਾ ਹੈਂ ਅਤੇ ਆਪ ਹੀ ਸੰਸਾਰ[61] ਨੂੰ ਫ਼ਰੇਫ਼ਤਾ[62] ਕਰਦਾ ਹੈਂ।
ਤੂੰ ਆਪੇ ਨਦਰੀ[63] ਜਗਤੁ ਪਰੋਵਹਿ[64] ॥	Thou Thyself, O' Merciful Master[63]! threadest[64] the world in system.	ਤੂੰ ਆਪ ਹੀ, ਹੇ ਮਿਹਰਵਾਨ ਮਾਲਕ[63] ! ਸੰਸਾਰ ਨੂੰ ਨਿਯਮ ਅੰਦਰ ਪਰੋਂਦਾ[64] ਹੈਂ।
ਤੂੰ ਆਪੇ ਦੁਖੁ[65] ਸੁਖੁ[66] ਦੇਵਹਿ ਕਰਤੇ[67] ਗੁਰਮੁਖਿ[68] ਹਰਿ[69] ਦੇਖਾਵਣਿਆ[70]॥੨॥	Thou Thyself O' my Lord[69] Creator[67]! givest pain[65] and pleasure[66] and into the Guruwards[68] showest[70] Thyself.	ਤੂੰ ਆਪ ਹੀ, ਹੇ ਮੇਰੇ ਸਾਹਿਬ[69] ਸਿਰਜਣਹਾਰ[67] ! ਕਲੇਸ਼[65] ਤੇ ਕੁਸ਼ਲਤਾ[66] ਦਿੰਦਾ ਹੈਂ ਅਤੇ ਗੁਰੂ ਸਮਰਪਣਾ[68] ਨੂੰ ਆਪਣਾ ਆਪ ਵਿਖਾਲਦਾ[70] ਹੈਂ।
ਆਪੇ ਕਰਤਾ[71] ਕਰੇ[72] ਕਰਾਏ ॥	The Creator[71] Himself does[72] and causes others to do.	ਸਿਰਜਣਹਾਰ[71] ਆਪ ਹੀ ਕਰਦਾ[72] ਤੇ ਕਰਾਉਂਦਾ ਹੈ।
ਆਪੇ ਸਬਦੁ[73] ਗੁਰ ਮੰਨਿ[74] ਵਸਾਏ[75] ॥	He Himself enshrines[75] the Guru's hymns[73] in man's mind[74].	ਉਹ ਆਪ ਹੀ ਗੁਰਾਂ ਦੀ ਬਾਣੀ[73] ਬੰਦੇ ਦੇ ਚਿੱਤ[74] ਵਿਚ ਟਿਕਾਉਂਦਾ[75] ਹੈ।
ਸਬਦੇ[76] ਉਪਜੈ[77] ਅੰਮ੍ਰਿਤ[78] ਬਾਣੀ ਗੁਰਮੁਖਿ[79] ਆਖਿ[80] ਸੁਣਾਵਣਿਆ[81] ॥ ੩ ॥	From God[76] emanates[77] ambrosial[78] Gurbani, which the Exalted Guru[79] narrates[80] and preaches[81] to the world.	ਹਰੀ[76] ਪਾਸੋਂ ਸੁਧਾਰੂਪ[78] ਗੁਰਬਾਣੀ ਉਤਪੰਨ[77] ਹੁੰਦੀ ਹੈ, ਜਿਸ ਨੂੰ ਮੁਖੀ ਗੁਰੂ[79] ਜੋ ਸੰਸਾਰ ਨੂੰ ਦਸਦੇ[80] ਤੇ ਪਰਚਾਰਦੇ[81] ਹਨ।
ਆਪੇ ਕਰਤਾ[82] ਆਪੇ ਭੁਗਤਾ[83] ॥	God Himself is the maker[82] and Himself the enjoyer[83].	ਹਰੀ ਆਪ ਹੀ ਰਚਣਹਾਰ[82] ਤੇ ਆਪ ਹੀ ਆਨੰਦ ਮਾਨਣਹਾਰ[83] ਹੈ।
ਬੰਧਨ[84] ਤੋੜੇ[85] ਸਦਾ[86] ਹੈ ਮੁਕਤਾ[87] ॥	Ever[86] emancipated[87] is the mortal who shatters[85] his shackles[84].	ਸਦੀਵ[86] ਹੀ ਬੰਦਖਲਾਸ[87] ਹੈ ਉਹ ਪ੍ਰਾਣੀ ਜੋ ਆਪਣੀਆਂ ਬੇੜੀਆਂ[84] ਨੂੰ ਕੱਟ[85] ਸੁੱਟਦਾ ਹੈ।
ਸਦਾ ਮੁਕਤੁ[88] ਆਪੇ[90] ਹੈ ਸਚਾ[89] ਆਪੇ[91] ਅਲਖੁ[92] ਲਖਾਵਣਿਆ[93] ॥ ੪ ॥	Ever exonerated[88] is the True Lord[89] Himself[90]. The unseen One[92] Himself causes His Ownself[91] to be seen[93].	ਹਮੇਸ਼ਾਂ ਹੀ ਸੁਰਖ਼ਰੂ[88] ਹੈ ਸੱਚਾ[89] ਸੁਆਮੀ ਖ਼ੁਦ[90]। ਅਦ੍ਰਿਸ਼ਟ ਪੁਰਖ[92] ਖ਼ੁਦ ਹੀ ਆਪਣੇ[91] ਆਪ ਨੂੰ ਵਿਖਾਲਦਾ[93] ਹੈ।
ਆਪੇ ਮਾਇਆ[94] ਆਪੇ ਛਾਇਆ[95] ॥	The Lord Himself is the mammon[94] and Himself its spiritual ignorance[95].	ਸੁਆਮੀ ਆਪ ਹੀ ਮੋਹਨੀ[94] ਹੈ ਅਤੇ ਆਪ ਹੀ ਇਸ ਦੀ ਰੂਹਾਨੀ ਬੇ-ਸਮਝੀ[95]।
ਆਪੇ ਮੋਹੁ[96] ਸਭੁ ਜਗਤੁ[97] ਉਪਾਇਆ[98] ॥	He Himself has infused[98] affection[96] for it in the whole world[97].	ਉਸ ਨੇ ਆਪ ਹੀ ਸਾਰੇ ਸੰਸਾਰ[97] ਅੰਦਰ ਇਸ ਲਈ ਮੁਹੱਬਤ[96] ਫੂਕੀ[98] ਹੈ।
ਆਪੇ [99]ਗੁਣਦਾਤਾ[100] ਗੁਣ[2] ਗਾਵੈ[3] ਆਪੇ ਆਖਿ[4]	God Himself is the bestower[100] of virtues[99] and He sings[3] His praises[2].	ਵਾਹਿਗੁਰੂ ਖ਼ੁਦ ਨੇਕੀਆਂ[99] ਬਖ਼ਸ਼ਣਹਾਰ[100] ਹੈ ਅਤੇ ਆਪਣਾ ਜੱਸ[2] ਗਾਇਨ[3] ਕਰਦਾ ਹੈ ਉਹ ਖ਼ੁਦ ਹੀ

ਸੁਣਾਵਣਿਆ[5] ॥ ੫ ॥	He Himself utters[4] and preaches[5] His excellences.	ਆਪਣੀਆਂ ਉਤਕ੍ਰਿਸ਼ਟਤਾਈਆਂ ਉਚਾਰਦਾ[4] ਅਤੇ ਪਰਚਾਰਦਾ[5] ਹੈ।
ਆਪੇ ਕਰੇ ਕਰਾਏ[6] ਆਪੇ ॥	Himself the Lord does and Himself causes others to do[6].	ਆਪ ਹੀ ਪ੍ਰਭੂ ਕਰਦਾ ਹੈ ਅਤੇ ਆਪ ਹੀ ਹੋਰਨਾ ਤੋਂ ਕਰਾਉਂਦਾ[6] ਹੈ।
ਆਪੇ ਥਾਪਿ[7] ਉਥਾਪੇ[8] ਆਪੇ ॥	He Himself establishes[7] and Himself dis-establishes[8].	ਉਹ ਖੁਦ ਸਥਿਰ[7] ਕਰਦਾ ਹੈ ਅਤੇ ਖੁਦ ਹੀ ਉਖੇੜਦਾ[8] ਹੈ।
ਤੁਝ ਤੇ ਬਾਹਰਿ[9] ਕਛੂ ਨ ਹੋਵੈ ਤੂੰ ਆਪੇ ਕਾਰੈ[10] ਲਾਵਣਿਆ[11] ॥ ੬ ॥	Without[9] Thee, O' Lord ! nothing can be done. Thou Thyself hast engaged[11] the mortals in various tasks[10].	ਤੇਰੇ ਬਾਝੋਂ[9], ਹੇ ਸੁਆਮੀ ! ਕੁਝ ਭੀ ਨਹੀਂ ਹੋ ਸਕਦਾ। ਤੂੰ ਆਪ ਹੀ ਪ੍ਰਾਣੀਆਂ ਨੂੰ ਭਿੰਨ ਭਿੰਨ ਕੰਮੀਂ[10] ਲਾਇਆ[11] ਹੋਇਆ ਹੈ।
ਆਪੇ ਮਾਰੇ[12] ਆਪਿ ਜੀਵਾਏ[13] ॥	He Himself causes death[12] and Himself revives[13].	ਉਹ ਆਪ ਹੀ ਮਾਰਦਾ[12] ਤੇ ਆਪ ਹੀ ਸੁਰਜੀਤ[13] ਕਰਦਾ ਹੈ।
ਆਪੇ[14] ਮੇਲੇ[15] ਮੇਲਿ[16] ਮਿਲਾਏ[17] ॥	Uniting[17] with the guild of the saints[16], He blends[15] mortals with His Ownself[14].	ਸਤਿਸੰਗਤ[16] ਨਾਲ ਜੋੜ[17] ਕੇ ਉਹ ਪ੍ਰਾਣੀਆਂ ਨੂੰ ਆਪਣੇ ਆਪ[14] ਨਾਲ ਅਭੇਦ[15] ਕਰ ਲੈਂਦਾ ਹੈ।
ਸੇਵਾ[18] ਤੇ[19] ਸਦਾ[20] ਸੁਖੁ[21] ਪਾਇਆ ਗੁਰਮੁਖਿ[22] ਸਹਜਿ[23] ਸਮਾਵਣਿਆ[24] ॥ ੭ ॥	From[19] the Guru's service[18] one gets eternal[20] bliss[21], and through the Guru[22] he is absorbed[24] in the Lord[23].	ਗੁਰਾਂ ਦੀ ਟਹਿਲ[18] ਤੋਂ[19] ਬੰਦਾ ਅਮਰ[20] ਆਨੰਦ[21] ਪਾਉਂਦਾ ਹੈ ਅਤੇ ਗੁਰਾਂ ਦੇ ਰਾਹੀਂ[22] ਉਹ ਸੁਆਮੀ[23] ਅੰਦਰ ਲੀਨ[24] ਹੋ ਜਾਂਦਾ ਹੈ।
੧੨੬	**126**	**੧੨੬**
ਆਪੇ ਊਚਾ[25] ਊਚੋ ਹੋਈ ॥	He Himself is the Highest of the high[25].	ਉਹ ਆਪ ਉਚਿਆਂ ਵਿਚੋਂ ਸਾਰਿਆਂ ਨਾਲੋਂ ਉੱਚਾ[25] ਹੈ।
ਜਿਸੁ ਆਪਿ ਵਿਖਾਲੇ[26] ਸੁ ਵੇਖੈ ਕੋਈ[27] ॥	Scarcely any[27] one, whom He shows Himself[26], beholds Him.	ਕੋਈ ਵਿਰਲਾ[27] ਹੀ, ਜਿਸ ਨੂੰ ਉਹ ਖੁਦ ਦਿਖਾਉਂਦਾ[26] ਹੈ ਉਸ ਨੂੰ ਦੇਖਦਾ ਹੈ।
ਨਾਨਕ ਨਾਮੁ ਵਸੈ[28] ਘਟ[29] ਅੰਤਰਿ[30] ਆਪੇ[31] ਵੇਖਿ ਵਿਖਾਲਣਿਆ[32] ॥੮॥੨੬॥ ੨੭ ॥	Nanak, they, within[30] whose mind[29] the Name abides[28], themselves[31] see the Lord and reveal[32] Him to others.	ਨਾਨਕ ਜਿਨ੍ਹਾਂ ਦੇ ਚਿੱਤ[29] ਅੰਦਰ[30] ਨਾਮ ਨਿਵਾਸ[28] ਰਖਦਾ ਹੈ ਉਹ ਖੁਦ[31] ਪ੍ਰਭੂ ਨੂੰ ਵੇਖ ਲੈਂਦੇ ਹਨ ਅਤੇ ਹੋਰਨਾਂ ਨੂੰ ਭੀ ਉਸ ਨੂੰ ਵਿਖਾਲ[32] ਦਿੰਦੇ ਹਨ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਮੇਰਾ ਪ੍ਰਭੁ ਭਰਪੂਰਿ[33] ਰਹਿਆ ਸਭ ਥਾਈ[34] ॥	My Master is fully filling[33] all the places[34].	ਮੇਰਾ ਮਾਲਕ ਸਾਰੀਆਂ ਥਾਵਾਂ[34] ਨੂੰ ਪੂਰੀ ਤਰ੍ਹਾਂ ਭਰ[33] ਰਿਹਾ ਹੈ।
ਗੁਰ ਪਰਸਾਦੀ[35] ਘਰ[36] ਹੀ ਮਹਿ[37] ਪਾਈ[38] ॥	By the Guru's grace[35], I have found[38] Him in[37] my own home[36].	ਗੁਰਾਂ ਦੀ ਦਇਆ[35] ਦੁਆਰਾ ਮੈਂ ਉਸ ਨੂੰ ਆਪਣੇ ਗ੍ਰਿਹ[36] ਵਿਚ[37] ਹੀ ਪਾ[38] ਲਿਆ ਹੈ।
ਸਦਾ[39] ਸਰੇਵੀ[40] ਇਕ[41] ਮਨਿ ਧਿਆਈ[42] ਗੁਰਮੁਖਿ[43] ਸਚਿ[44] ਸਮਾਵਣਿਆ[45] ॥੧॥	Ever[39] do I serve[40] God and single-mindedly[41] meditate[42] on Him. Through the Guru[43] I am absorbed[45]	ਹਮੇਸ਼ਾ[39] ਮੈਂ ਵਾਹਿਗੁਰੂ ਦੀ ਸੇਵਾ[40] ਕਮਾਉਂਦਾ ਹਾਂ ਅਤੇ ਇਕ[41] ਚਿਤ ਹੋ ਉਸ ਦਾ ਸਿਮਰਨ[42] ਕਰਦਾ ਹਾਂ। ਗੁਰਾਂ ਦੇ ਰਾਹੀਂ[43] ਮੈਂ ਸੱਚੇ ਸੁਆਮੀ[44] ਅੰਦਰ ਲੀਨ[45]

	in the True Lord[44].	ਹੋ ਗਿਆ ਹਾਂ ।
ਹਉ ਵਾਰੀ ਜੀਉ ਵਾਰੀ [46]ਜਗਜੀਵਨੁ[47] ਮੰਨਿ[48] ਵਸਾਵਣਿਆ[49] ॥	I am a sacrifice and my life is a sacrifice unto those who treasure[49] up in their mind[48] the Lord, life[47] of the world[46].	ਮੈਂ ਕੁਰਬਾਨ ਹਾਂ ਅਤੇ ਮੇਰੀ ਜ਼ਿੰਦਗੀ ਕੁਰਬਾਨ ਹੈ ਉਨ੍ਹਾਂ ਉਤੋਂ ਜੋ ਆਪਣੇ ਚਿੱਤ[48] ਅੰਦਰ ਜਗਤ[46] ਦੀ ਜਿੰਦ ਜਾਨ[47] ਪ੍ਰਭੂ ਨੂੰ ਟਿਕਾਉਂਦੇ[49] ਹਨ ।
ਹਰਿ [50]ਜਗਜੀਵਨੁ[51] ਨਿਰਭਉ[52]ਦਾਤਾ[53]* ਗੁਰਮਤਿ[53] ਸਹਜਿ[54] ਸਮਾਵਣਿਆ[55] ॥ ੧ ॥ ਰਹਾਉ ॥	Under the Guru's instruction[53] I am easily[54]absorbed[55] in the giver[53]*, the Fearless[52] God, the very life[51] of the universe[50]. Pause.	ਗੁਰਾਂ ਦੇ ਉਪਦੇਸ਼[53] ਤਾਬੇ ਮੈਂ ਸੁਖੈਨ ਹੀ[54] ਦਾਤਾਰ[53]* [50]ਜਗਜੀਵਨੁ[51] ਤੇ ਨਿਡਰ[52] ਵਾਹਿਗੁਰੂ ਅੰਦਰ ਸਮਾ[55] ਗਿਆ ਹਾਂ, ਜੋ ਆਲਮ[50] ਦੀ ਜ਼ਿੰਦਗੀ[51] ਹੈ । ਠਹਿਰਾਉ ।
ਘਰ ਮਹਿ[56] ਧਰਤੀ[57] ਧਉਲੁ[58] ਪਾਤਾਲਾ[59] ॥	Within[56] thy home, O' mortal ! is the earth[57], bull[58] and the nether-world[59].	ਤੇਰੇ ਗ੍ਰਿਹ ਵਿਚ[56] ਹੀ ਹੇ ਪ੍ਰਾਣੀ ! ਜ਼ਮੀਨ[57], ਬਲਦ[58] ਅਤੇ ਹੇਠਲਾ ਲੋਕ[59] ਹੈ ।
ਘਰ ਹੀ ਮਹਿ ਪ੍ਰੀਤਮੁ[60] ਸਦਾ[61] ਹੈ ਬਾਲਾ[62] ॥	In thy home is the ever[61] young[62] Beloved[60].	ਤੇਰੇ ਗ੍ਰਿਹ ਵਿਚ ਹੀ, ਸਦੀਵੀ[61] ਨੌਜਵਾਨ[62] ਦਿਲਬਰ[60] ਹੈ ।
ਸਦਾ ਅਨੰਦਿ[63] ਰਹੈ ਸੁਖ-ਦਾਤਾ[67] ਗੁਰਮਤਿ[64]ਸਹਜਿ[65] ਸਮਾਵਣਿਆ[66] ॥ ੨ ॥	Ever remains happy[63] the peace-bestower[67] Lord. By the Guru's instruction[64] the mortal merges[66] with the Lord[65].	ਹਮੇਸ਼ਾ ਹੀ ਖ਼ੁਸ਼[63] ਰਹਿੰਦਾ ਹੈ ਆਰਾਮ-ਦੇਣਹਾਰ[67] ਸੁਆਮੀ । ਗੁਰਾਂ ਦੀ ਸਿਖ-ਮਤ[64] ਦੁਆਰਾ ਜੀਵ ਸਾਹਿਬ[65] ਨਾਲ ਅਭੇਦ[66] ਹੋ ਜਾਂਦਾ ਹੈ ।
ਕਾਇਆ[68] ਅੰਦਰਿ ਹਉਮੈ[69] ਮੇਰਾ[70] ॥ ਜੰਮਣ[71] ਮਰਣੁ[72] ਨ ਚੂਕੈ[73] ਫੇਰਾ[74] ॥	Within the body[68] is egotism[69] and egoism[70], so the circuit[74] of coming[71] and going[72] ceases[73] not.	ਦੇਹਿ[68] ਦੇ ਅੰਦਰ ਹੰਕਾਰ[69] ਤੇ ਅਪਣੱਤ[70] ਹੈ, ਜਿਸ ਲਈ ਆਉਣ[71] ਤੇ ਜਾਣ[72] ਦਾ ਚੱਕਰ[74] ਮੁਕਦਾ[73] ਨਹੀਂ ।
ਗੁਰਮੁਖਿ[75] ਹੋਵੈ[76] ਸੁ[77] ਹਉਮੈ ਮਾਰੇ[78] ਸਚੋ ਸਚੁ[79] ਧਿਆਵਣਿਆ[80] ॥ ੩ ॥	He[77], who becomes[76] resigned to the Guru's[75] will, stills[78] his egotism and meditates[80] on the Truest of the true[79].	ਜੋ ਗੁਰੂ ਅਨੁਸਾਰੀ[75]ਹੋ ਜਾਂਦਾ[76] ਹੈ, ਉਹ[77] ਆਪਣੇ ਹੰਕਾਰ ਨੂੰ ਨਵਿਰਤ[78] ਕਰ ਲੈਂਦਾ ਹੈ ਅਤੇ ਸਚਿਆਰਾਂ ਦੇ ਪਰਮ[79] ਸਚਿਆਰ ਦਾ ਸਿਮਰਨ[80] ਕਰਦਾ ਹੈ ।
ਕਾਇਆ[81] ਅੰਦਰਿ ਪਾਪੁ[82] ਪੁੰਨੁ[83] ਦੁਇ ਭਾਈ[84] ।	Within the body[81] are the two brothers[84], sin[82] and virtue[83].	ਦੇਹੀ[81] ਦੇ ਵਿਚ ਦੋ ਭਰਾ[84], ਬਦੀ[82] ਤੇ ਨੇਕੀ[83] ਹਨ ।
ਦੁਹੀ[85] ਮਿਲਿ[86] ਕੈ ਸ੍ਰਿਸਟਿ[87] ਉਪਾਈ[88] ॥	Meeting together[86], both[85] have created[88] the universe[87].	ਦੋਨਾ[85] ਨੇ ਇਕੱਠੇ[86] ਹੋ ਕੇ ਦੁਨੀਆਂ[87]ਪੈਦਾ ਕੀਤੀ[88]ਹੈ ।
ਦੋਵੈ[89]ਮਾਰਿ[90]ਜਾਇ ਇਕਤੁ[91] ਘਰਿ ਆਵੈ[92] ਗੁਰਮਤਿ[93] ਸਹਜਿ[94] ਸਮਾਵਣਿਆ[95] ॥ ੪ ॥	Who under the Guru's guidance[93] effaces[90] both[89], and enters[92] the home of One God[91], he is automatically[94] absorbed[95] in Him.	ਜੋ ਗੁਰਾਂ ਦੀ ਅਗਵਾਈ[93] ਤਾਬੇ ਦੋਨਾਂ[89] ਨੂੰ ਮੇਸ[90] ਕੇ ਇਕ ਵਾਹਿਗੁਰੂ[91] ਦੇ ਗ੍ਰਿਹ ਅੰਦਰ ਪ੍ਰਵੇਸ਼[92] ਕਰਦਾ ਹੈ, ਉਹ ਸੁੱਤੇ-ਸਿਧ[94] ਹੀ ਉਸ ਅੰਦਰ ਲੀਨ[95] ਹੋ ਜਾਂਦਾ ਹੈ ।
ਘਰ ਹੀ ਮਾਹਿ[96] ਦੂਜੈ[97] ਭਾਇ ਅਨੇਰਾ[98] ॥	In[96] the home is the darkness[98] of love of duality[97].	ਗ੍ਰਿਹ ਦੇ ਅੰਦਰ[96] ਦਵੈਤ-ਭਾਵ[97] ਦੇ ਪਿਆਰ ਦਾ ਅੰਧੇਰਾ[98] ਹੈ ।

ਚਾਨਣੁ[99] ਹੋਵੈ[100] ਛੋਡੈ[2] ਹਉਮੈ[3] ਮੇਰਾ[4] ||	When the Divine[99] light dawns[100], self-conceit[3] and selfishness[4] evaporate[2].	ਜਦ ਰੱਬੀ-ਪ੍ਰਕਾਸ਼[99] ਉਦੇ ਹੁੰਦਾ[100] ਹੈ, ਸਵੈ-ਹੰਗਤਾ[3] ਤੇ ਖ਼ੁਦੀ[4] ਉਡ-ਪੁੱਡ[2] ਜਾਂਦੇ ਹਨ ।
ਪਰਗਟੁ[5] ਸਬਦੁ[6] ਹੈ ਸੁਖਦਾਤਾ[7] ਅਨਦਿਨੁ[8] ਨਾਮੁ ਧਿਆਵਣਿਆ[9] || ੫ ||	Master[6], the bestower of peace[7], becomes manifest[5] when, night[8] and day, man meditates[9] on the Name.	ਆਰਾਮ ਬਖ਼ਸ਼ਣਹਾਰ[7] ਮਾਲਕ[6] ਪ੍ਰਤੱਖ[5] ਹੋ ਜਾਂਦਾ ਹੈ, ਜਦ ਰੈਣ[8] ਦਿਨ, ਆਦਮੀ ਨਾਮ ਦਾ ਅਰਾਧਨ[9] ਕਰਦਾ ਹੈ ।
ਅੰਤਰਿ[10] ਜੋਤਿ[11] ਪਰਗਟੁ[12] ਪਾਸਾਰਾ[13] ||	Within man's mind[10] is the light[11] of Him, manifest[12] is whose expanse[13]	ਮਨੁੱਖ ਦੇ ਮਨ[10] ਅੰਦਰ ਉਸ ਦਾ ਨੂਰ[11] ਹੈ, ਐਨ ਪਰਤੱਖ[12] ਹੈ ਜਿਸ ਦਾ ਖਿਲਾਰ[13] ।
ਗੁਰ ਸਾਖੀ[14] ਮਿਟਿਆ[15] ਅੰਧਿਆਰਾ[16] ||	By the Guru's instruction[14] the darkness[16] is dispelled[15].	ਗੁਰਾਂ ਦੀ ਸਿਖ-ਮਤ[14] ਦੁਆਰਾ ਅਨ੍ਹੇਰਾ[16] ਦੂਰ[15] ਹੋ ਜਾਂਦਾ ਹੈ ।
ਕਮਲੁ[17] ਬਿਗਾਸਿ[18] ਸਦਾ[19] ਸੁਖੁ ਪਾਇਆ ਜੋਤੀ[20] ਜੋਤਿ[21] ਮਿਲਾਵਣਿਆ[22] || ੬ ||	The heart lotus[17] blossoms[18] and eternal peace[19] is procured when man's light[21] merges[22] with the Supreme Light[20].	ਦਿਲ ਕੰਵਲ[17] ਖਿੜ[18] ਜਾਂਦਾ ਹੈ ਅਤੇ ਸਦੀਵੀ ਠੰਢ-ਚੈਨ[19] ਪਰਾਪਤ ਹੋ ਜਾਂਦੀ ਹੈ ਜਦ ਮਨੁੱਖ ਦਾ ਚਾਨਣ[21] ਪਰਮ ਚਾਨਣ[20] ਨਾਲ ਅਭੇਦ[22] ਹੋ ਜਾਂਦਾ ਹੈ ।
ਅੰਦਰਿ[23] ਮਹਲ[24] ਰਤਨੀ[25] ਭਰੇ[26] ਭੰਡਾਰਾ[27] ||	In[23] the mansion[24] are the treasures[27] brimful[26] with jewels[28].	ਮੰਦਰ[24] ਦੇ ਵਿਚ[23] ਹੀ ਜਵਾਹਿਰਾਤਾਂ[25] ਨਾਲ ਲਬਾਲਬ[26] ਖ਼ਜ਼ਾਨੇ[27] ਹਨ ।
ਗੁਰਮੁਖਿ[28] ਪਾਏ[29] ਨਾਮੁ ਅਪਾਰਾ[30] ||	Through the Guru[28] man obtains[29] those treasures of the infinite[30] Name.	ਗੁਰਾਂ ਦੇ ਰਾਹੀਂ[28], ਉਨ੍ਹਾਂ ਅਨੰਤ[30] ਨਾਮ ਦੇ ਖ਼ਜ਼ਾਨਿਆਂ ਨੂੰ ਇਨਸਾਨ ਪਰਾਪਤ ਕਰ ਲੈਂਦਾ[29] ਹੈ ।
ਗੁਰਮੁਖਿ[31] ਵਣਜੇ[32] ਸਦਾ[33] ਵਾਪਾਰੀ[34] ਲਾਹਾ[35] ਨਾਮੁ[38] ਸਦ[36] ਪਾਵਣਿਆ[37] || ੭ ||	The pious[31] trader[34] ever[33] purchases[32] the Name goods[38], and always[36], earns[37] profit[35].	ਨੇਕ[31] ਸੁਦਾਗਰ[34] ਹਮੇਸ਼ਾਂ[33] ਨਾਮ ਦਾ ਸੌਦਾ[38] ਸੂਤ ਖ਼ਰੀਦਦਾ[32] ਹੈ ਅਤੇ ਸਦੀਵ[36] ਹੀ ਨਫ਼ਾ[35] ਕਮਾਉਂਦਾ[37] ਹੈ ।
ਆਪੇ ਵਥੁ[39] ਰਾਖੈ[41] ਆਪੇ ਦੇਇ[40] ||	The Lord Himself keeps[41] this merchandise[39] and Himself gives[40].	ਸੁਆਮੀ ਖ਼ੁਦ ਇਸ ਮਾਲ[39] ਨੂੰ ਰੱਖਦਾ[41] ਹੈ ਅਤੇ ਖ਼ੁਦ ਹੀ ਦਿੰਦਾ[40] ਹੈ ।
ਗੁਰਮੁਖਿ[42] ਵਣਜਹਿ[43] ਕੇਈ ਕੇਇ[44] ||	Rare[44] is the person who buys[43] this merchandise through the[42] Guru.	ਕੋਈ ਟਾਵ੍ਹਾਂ[44] ਪੁਰਸ਼ ਹੀ ਗੁਰਾਂ[42] ਦੇ ਰਾਹੀਂ ਇਸ ਮਾਲ ਨੂੰ ਖ਼ਰੀਦਦਾ[43] ਹੈ ।
ਨਾਨਕ ਜਿਸੁ[45] ਨਦਰਿ[46] ਕਰੇ[47] ਸੋ[48] ਪਾਏ[52] ਕਰਿ ਕਿਰਪਾ[49] ਮੰਨਿ[50] ਵਸਾਵਣਿਆ[51] || ੮ ||੨੭||੨੮||	Nanak he[48], on whom[45] the Lord casts[47] His merciful glance[46], gains[52] the Name. Through His grace[49] the Name is enshrined[51] in the heart[50].	ਨਾਨਕ ਜਿਸ[45] ਉਤੇ ਸਾਹਿਬ ਆਪਣੀ ਮਿਹਰ ਦੀ ਨਜ਼ਰ[46] ਧਾਰਦਾ[47] ਹੈ, ਉਹ[48] ਨਾਮ ਨੂੰ ਪਾਉਂਦਾ[52] ਹੈ। ਉਸ ਦੀ ਰਹਿਮਤ[49] ਦੇ ਰਾਹੀਂ ਨਾਮ ਦਿਲ[50] ਅੰਦਰ ਟਿਕਾਇਆ[51] ਜਾਂਦਾ ਹੈ ।
ਮਾਝ ਮਹਲਾ ੩ ||	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਹਰਿ ਆਪੇ[53] ਮੇਲੇ[55] ਸੇਵ[54] ਕਰਾਏ ||	The Lord Himself[53] causes man to meet[55] and serve[54] Him.	ਸੁਆਮੀ ਆਪ[53] ਹੀ ਬੰਦੇ ਨੂੰ ਆਪਣੇ ਨਾਲ ਮਿਲਾਉਂਦਾ[55] ਤੇ ਆਪਣੀ ਸੇਵਾ[54] ਵਿਚ ਲਾਉਂਦਾ ਹੈ ।
ਗੁਰ ਕੈ ਸਬਦਿ[56] ਭਾਉ[57] ਦੂਜਾ[58] ਜਾਏ[59] ||	By the Guru's instruction[56] the love[57] of another[58] departs[59].	ਗੁਰਾਂ ਦੇ ਉਪਦੇਸ਼[56] ਦੁਆਰਾ ਹੋਰਸ[58] ਦੀ ਪ੍ਰੀਤ[57] ਦੂਰ[59] ਹੋ ਜਾਂਦੀ ਹੈ ।
ਹਰਿ ਨਿਰਮਲੁ[60] ਸਦਾ ਗੁਣ[61]-ਦਾਤਾ[62] ਹਰਿ ਗੁਣ[63] ਮਹਿ[64]	The pure[60] God is ever the bestower[62] of virtue[61]. The Lord Himself merg-	ਪਵਿੱਤ੍ਰ[60] ਵਾਹਿਗੁਰੂ, ਸਦੀਵ ਹੀ ਨੇਕੀ[61] ਪਰਦਾਨ[62] ਕਰਣਹਾਰ ਹੈ । ਸਾਈਂ ਖ਼ੁਦ ਬੰਦੇ ਨੂੰ ਉਤਮਤਾ[63]

ਆਪਿ ਸਮਾਵਣਿਆ[65] ॥੧॥	es[66] man in[64] goodness[63].	ਅੰਦਰ[64] ਲੀਨ[65] ਕਰਦਾ ਹੈ।
ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ[66] ਵਸਾਵਣਿਆ[67] ॥	I am a sacrifice and my soul is a sacrifice unto those who treasure[67] up in their minds[66] the Truest of the true.	ਮੈਂ ਕੁਰਬਾਨ ਹਾਂ ਅਤੇ ਮੇਰੀ ਜਿੰਦੜੀ ਕੁਰਬਾਨ ਹੈ ਉਨ੍ਹਾਂ ਉਤੋਂ ਜੋ ਸਚਿਆਂ ਦੇ ਸੱਚੇ ਨੂੰ ਆਪਣੇ ਅੰਤਸ਼-ਕਰਣ[66] ਅੰਦਰ ਟਿਕਾਉਂਦੇ[67] ਹਨ।
ਸਚਾ ਨਾਮੁ[68] ਸਦਾ[69] ਹੈ ਨਿਰਮਲੁ ਗੁਰ ਸਬਦੀ[70] ਮੰਨਿ ਵਸਾਵਣਿਆ ॥੧॥ ਰਹਾਉ ॥	The True Name[68] is ever[69] immaculate. By the Guru's gospel[70] it is imbibed in the mind. Pause.	ਸਤਿਨਾਮ[68], ਹਮੇਸ਼ਾਂ[69] ਹੀ ਪਾਕ ਪਵਿੱਤ੍ਰ ਹੈ। ਗੁਰਾਂ ਦੇ ਉਪਦੇਸ਼[70] ਦੁਆਰਾ ਇਹ ਚਿੱਤ ਵਿਚ ਟਿਕਾਇਆ ਜਾਂਦਾ ਹੈ। ਠਹਿਰਾਉ।
ਆਪੇ ਗੁਰੁ[71] ਦਾਤਾ[72] ਕਰਮਿ[73] ਬਿਧਾਤਾ[74] ॥	The great[71] Giver[72] is Himself the destiny[73] scribe[74].	ਵੱਡਾ[71] ਦਾਤਾਰ[72] ਆਪ ਹੀ ਕਿਸਮਤ[73] ਦਾ ਲਿਖਾਰੀ[74] ਹੈ।
ਸੇਵਕ[75] ਸੇਵਹਿ[76] ਗੁਰਮੁਖਿ[77] ਹਰਿ ਜਾਤਾ[78] ॥	The attendant[75], who serves[76] the Exalted Guru[77], comes to know[78] God.	ਟਹਿਲੂਆ[75], ਜੋ ਮੁਖੀ[77] ਗੁਰਾਂ ਦੀ ਸੇਵਾ ਕਮਾਉਂਦਾ[76] ਹੈ, ਵਾਹਿਗੁਰੂ ਨੂੰ ਜਾਣ[78] ਲੈਂਦਾ ਹੈ।
ਅੰਮ੍ਰਿਤ ਨਾਮਿ[84] ਸਦਾ[79] ਜਨ[80] ਸੋਹਹਿ[81] ਗੁਰਮਤਿ[82] ਹਰਿਰਸੁ[83] ਪਾਵਣਿਆ[85] ॥੨॥	With the Name Nectar[84] God's slaves[80] ever[79] look beauteous[81], and through the Guru's teachings[82], they receive[85] God's elixir[83].	ਨਾਮ ਆਬਿ-ਹਿਯਾਤ[84] ਨਾਲ ਰੱਬ ਦੇ ਗੋਲੇ[80] ਸਦੀਵ[79] ਹੀ ਸੁਹਣੇ ਲੱਗਦੇ[81] ਹਨ ਅਤੇ ਗੁਰਾਂ ਦੀ ਸਿਖ-ਮਤ[82] ਰਾਹੀਂ ਵਾਹਿਗੁਰੂ ਦੇ ਅੰਮ੍ਰਿਤ[83] ਨੂੰ ਪਾਉਂਦੇ[85] ਹਨ।
ਇਸੁ ਗੁਫਾ[86] ਮਹਿ[87] ਇਕੁ ਥਾਨੁ[88] ਸੁਹਾਇਆ[89] ॥	Within[87] this body-cave[86] there is a beautiful[89] site[88].	ਏਸ ਦੇਹਿ ਦੀ ਕੰਦਰਾ[86] ਅੰਦਰ[87] ਇਕ ਸੁੰਦਰ[89] ਅਸਥਾਨ[88] ਹੈ।
ਪੂਰੈ[90] ਗੁਰਿ ਹਉਮੈ[91] ਭਰਮੁ[92] ਚੁਕਾਇਆ[93] ॥	Through the perfect[90] Guru pride[91] and doubt[92] are dispelled[93].	ਪੂਰਨ[90] ਗੁਰਾਂ ਦੇ ਰਾਹੀਂ ਹੰਕਾਰ[91] ਤੇ ਸੰਦੇਹ[92] ਦੂਰ[93] ਹੋ ਜਾਂਦੇ ਹਨ।
ਅਨਦਿਨੁ[94] ਨਾਮੁ ਸਲਾਹਨਿ[95] ਰੰਗਿ[96] ਰਾਤੇ[97] ਗੁਰ ਕਿਰਪਾ[98] ਤੇ[99] ਪਾਵਣਿਆ[100] ॥੩॥	They, who are night and day[94] imbued[97] with love[96], praise[95] the Name and by[99] the Guru's grace[98] gain[100] the Lord.	ਜੋ ਰੈਣ ਦਿਹੁੰ[94] ਪਰੇਮ[96] ਨਾਲ ਰੰਗੇ[97] ਹੋਏ ਨਾਮ ਦੀ ਉਸਤਤੀ[95] ਕਰਦੇ ਹਨ ਉਹ ਗੁਰਾਂ ਦੀ ਦਇਆ[98] ਦੁਆਰਾ[99] ਸਾਹਿਬ ਨੂੰ ਪਾ[100] ਲੈਂਦੇ ਹਨ।
੧੨੭	**127**	**੧੨੭**
ਗੁਰ ਕੈ ਸਬਦਿ[2] ਇਹੁ ਗੁਫਾ[3] ਵੀਚਾਰੇ[4] ॥ ਨਾਮੁ ਨਿਰੰਜਨੁ[5] ਅੰਤਰਿ[6] ਵਸੈ[7] [8]ਮੁਰਾਰੇ[9] ॥	Under the Guru's guidance[2] he, who searches[4] this cave[3], finds the pure[5] Name of the enemy[9] of ego[8] abiding[7] within his mind[6].	ਗੁਰੂ ਦੀ ਅਗਵਾਈ[2] ਤਾਬੇ, ਜੋ ਇਸ ਕੰਦਰਾ[3] ਨੂੰ ਖੋਜਦਾ[4] ਹੈ, ਉਹ ਹੰਕਾਰ[8] ਦੇ ਵੈਰੀ[9] ਦੇ ਪਵਿੱਤ੍ਰ[5] ਨਾਮ ਨੂੰ ਆਪਣੇ ਮਨ[6] ਵਿਚ ਵਸਦਾ ਹੋਇਆ[7] ਪਾ ਲੈਂਦਾ ਹੈ।
ਹਰਿ ਗੁਣ[10] ਗਾਵੈ[12] ਸਬਦਿ[13] ਸੁਹਾਏ[14] ਮਿਲਿ[15] ਪ੍ਰੀਤਮ[16] ਸੁਖੁ[17] ਪਾਵਣਿਆ ॥੪॥	He, who sings[12] the Lord's praises[10] and is bedecked[14] with the Gurbani[13], obtains peace[17] by meeting[15] Beloved[16].	ਜੋ ਪ੍ਰਭੂ ਦਾ ਜੱਸ[10] ਅਲਾਪਦਾ[12] ਹੈ ਅਤੇ ਗੁਰਬਾਣੀ[13] ਨਾਲ ਸੁਸ਼ੋਭਤ[14] ਹੋਇਆ ਹੈ, ਉਹ ਪਿਆਰੇ[16] ਨੂੰ ਭੇਟ[15] ਕੇ ਆਰਾਮ[17] ਪਾਉਂਦਾ ਹੈ।
ਜਮੁ[18] ਜਾਗਾਤੀ[19] ਦੂਜੈ	The death's courier[18], the tax-collec-	ਮੌਤ ਦਾ ਦੂਤ[18], ਮਸੂਲੀਆ[19], ਦਵੈਤ-ਭਾਵ[20] ਰੱਖਣ

ਭਾਇ[20] ਕਰੁ[21] ਲਾਇ[22] ||	tor[19], levies[22] toll[21] on the harbourers of duality[20].	ਵਾਲਿਆਂ ਨੂੰ ਮਸੂਲ[21] ਲਾਉਂਦਾ[22] ਹੈ ।
ਨਾਵਹੁ[23] ਭੂਲੇ[24] ਦੇਇ[25] ਸਜਾਏ[26] ||	He inflicts[25] punishment[26] on those, who forget[24] God's Name[23].	ਉਹ ਉਨ੍ਹਾਂ ਨੂੰ ਡੰਡ[26] ਦਿੰਦਾ[25] ਹੈ ਜਿਹੜੇ ਵਾਹਿਗੁਰੂ ਦੇ ਨਾਮ[23] ਨੂੰ ਵਿਸਾਰਦੇ[24] ਹਨ ।
ਘੜੀ[27] ਮੂਹਤ[28] ਕਾ ਲੇਖਾ ਲੇਵੈ[29] ਰਤੀਅਹੁ[30] ਮਾਸਾ[31] ਤੋਲ[32] ਕਢਾਵਣਿਆ[33] ||੫||	He calls the mortal to account[29] for every instant[27] and moment[28] of time, and counts[33] their actions even of the weight[32] of a grain[30] and a particle[31].	ਪ੍ਰਾਣੀਆਂ ਤੋਂ ਉਹ ਹਰ ਇਕ ਲਮ੍ਹੇ[27] ਤੇ ਛਿਨ[28] ਭਰ ਸਮੇਂ ਦਾ ਹਿਸਾਬ-ਕਿਤਾਬ ਲੈਂਦਾ[29] ਹੈ ਅਤੇ ਉਹਨਾਂ ਦੇ ਅੰਸ਼[30] ਦੇ ਭੋਰਾ[31] ਮਾਤ੍ਰ ਵਜ਼ਨ[32] ਦੇ ਅਮਲਾਂ ਨੂੰ ਭੀ ਗਿਣਦਾ[33] ਹੈ ।
ਪੇਈਅੜੈ[34] ਪਿਰੁ[35] ਚੇਤੈ[36] ਨਾਹੀ || ਦੂਜੈ[37] ਮੁਠੀ[38] ਰੋਵੈ ਧਾਹੀ[39] ||	She, who remembers[36] not her Spouse[35] in this world[34], is cheated[38] with another's[37] love and shall weep bitterly[39].	ਜੋ ਆਪਣੇ ਕੰਤ[35] ਨੂੰ ਇਸ ਜਹਾਨ[34] ਅੰਦਰ ਯਾਦ[36] ਨਹੀਂ ਕਰਦੀ ਉਹ ਹੋਰਸ ਦੀ ਪ੍ਰੀਤ[37] ਨਾਲ ਠੱਗੀ[38] ਗਈ ਹੈ ਅਤੇ ਭੁੱਬਾਂ ਮਾਰ ਕੇ ਵਿਰਲਾਪ[39] ਕਰੇਗੀ ।
ਖਰੀ[40] ਕੁਆਲਿਓ[41] ਕੁਰੂਪਿ[42] ਕੁਲਖਣੀ[43] ਸੁਪਨੈ[44] ਪਿਰੁ[45] ਨਹੀ ਪਾਵਣਿਆ[46] || ੬ ||	She is of mean family[41], very[40] ill-looking[42] and ill-omned[43]. Even in dream[44] she meets[46] not her Husband[45].	ਉਹ ਨੀਚ ਘਰਾਣੇ[41] ਦੀ, ਬਹੁਤ[40] ਬਦਸ਼ਕਲ[42] ਤੇ ਮੰਦੇ ਲਛਣਾਂ[43] ਵਾਲੀ ਹੈ । ਸੁਫ਼ਨੇ[44] ਵਿਚ ਭੀ ਉਹ ਆਪਣੇ ਖ਼ਸਮ[45] ਨੂੰ ਨਹੀਂ ਮਿਲਦੀ[46] ।
ਪੇਈਅੜੈ[47] ਪਿਰੁ[48] ਮੰਨਿ[49] ਵਸਾਇਆ[50] || ਪੂਰੈ[51] ਗੁਰਿ ਹਦੂਰਿ[52] ਦਿਖਾਇਆ[53] ||	Who enshrines[50] her Beloved[48] in the mind[49], in her parent's[47] home, the perfect[51] Guru shows[53] her Spouse just before her[52] eyes.	ਜੋ ਆਪਣੇ ਪ੍ਰੀਤਮ[48] ਨੂੰ ਆਪਣੇ ਮਾਪਿਆਂ ਦੇ ਘਰ[47] ਵਿਚ ਚਿਤ[49] ਅੰਦਰ ਟਿਕਾਉਂਦੀ[50] ਹੈ, ਉਸ ਨੂੰ ਪੂਰਨ[51] ਗੁਰਦੇਵ ਜੀ ਉਸ ਦਾ ਪਤੀ ਉਸ ਦੀਆਂ ਐਨ ਅੱਖਾਂ ਦੇ ਸਾਹਮਣੇ[52] ਵਿਖਾਲ[53] ਦਿੰਦੇ ਹਨ ।
ਕਾਮਣਿ[54] ਪਿਰੁ[55] ਰਾਖਿਆ[56] ਕੰਠਿ[57] ਲਾਇ[58] ਸਬਦੇ[59] ਪਿਰੁ[60] ਰਾਵੈ[61] ਸੇਜ[62] ਸੁਹਾਵਣਿਆ[63] || ੭ ||	Such bride[54] keeps[56] her Husband[55] clasped[58] to her bossom[57], and through the Name[59] enjoys[61] her Husband[60] on His beauteous[62] couch[63].	ਐਸੀ ਵਹੁਟੀ[54] ਆਪਣੇ ਖ਼ਸਮ[55] ਨੂੰ ਆਪਣੀ ਛਾਤੀ[57] ਨਾਲ ਲਾਈ[58] ਰੱਖਦੀ[56] ਹੈ ਅਤੇ ਨਾਮ[59] ਦੇ ਰਾਹੀਂ ਆਪਣੇ ਖ਼ਸਮ[60] ਨੂੰ ਉਸ ਦੇ ਸੁੰਦਰ[63] ਪਲੰਘ[62] ਉਤੇ ਮਾਣਦੀ[61] ਹੈ ।
ਆਪੇ[64] ਦੇਵੈ[65] ਸਦਿ[66] ਬੁਲਾਏ[67] ||	Himself[64] the Lord summons[66] and sends[67] for the man and gives gifts[65].	ਆਪ[64] ਹੀ ਸਾਹਿਬ ਬੰਦੇ ਨੂੰ ਬੁਲਾਉਂਦਾ[66] ਤੇ ਸੱਦ ਘਲਦਾ[67] ਹੈ ਅਤੇ ਦਾਤਾਂ[65] ਦਿੰਦਾ ਹੈ ।
ਆਪਣਾ[68] ਨਾਉ ਮੰਨਿ[69] ਵਸਾਏ[70] ||	His Name[68], He establishes[70] in his mind[69].	ਆਪਣਾ ਨਾਮ[68], ਉਹ ਉਸ ਦੇ ਚਿੱਤ[69] ਅੰਦਰ ਅਸਥਾਪਨ[70] ਕਰਦਾ ਹੈ ।
ਨਾਨਕ ਨਾਮੁ ਮਿਲੈ[71] ਵਡਿਆਈ[72] ਅਨਦਿਨੁ[73] ਸਦਾ[76] ਗੁਣ[74] ਗਾਵਣਿਆ[75] || ੮ || ੨੮ || ੨੯ ||	Nanak, he, who receives[71] the Name's greatness[72] night and day[73], ever[76] sings[75] God's praises[74].	ਨਾਨਕ, ਜਿਸ ਨੂੰ ਨਾਮ ਦੀ ਵਿਸ਼ਾਲਤਾ[72] ਪਰਾਪਤ[71] ਹੁੰਦੀ ਹੈ, ਉਹ ਰਾਤ੍ਰੀ ਦਿਹੁੰ[73] ਹਮੇਸ਼ਾਂ[76] ਹੀ ਵਾਹਿਗੁਰੂ ਦਾ ਜੱਸ[74] ਗਾਉਂਦਾ[75] ਹੈ ।
ਮਾਝ ਮਹਲਾ ੩ ||	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਊਤਮ[77] ਜਨਮੁ[78] ਸੁ[79]	Exquisite[77] is their birth[78] and	ਉਤਕ੍ਰਿਸ਼ਟਤ[77] ਹੈ ਉਨ੍ਹਾਂ ਦੀ ਪੈਦਾਇਸ਼[78] ਅਤੇ ਸਰੇਸ਼ਟ[79]

ਥਾਨਿ[80] ਹੈ ਵਾਸਾ[81]॥ ਸਤਿਗੁਰੁ ਸੇਵਹਿ[82]ਘਰ[83]ਮਾਹਿ[84] ਉਦਾਸਾ[85] ॥	sublime[79]the place[80] they abide[81] in, who serve[82] the True Guru and remain detached[85] in[84] their own home[83].	ਹੈ ਉਨ੍ਹਾਂ ਦੇ ਰਹਿਣ[81] ਦੀ ਜਗ੍ਹਾ[80] ਜੋ ਸੱਚੇ ਗੁਰਾਂ ਦੀ ਘਾਲ ਘਾਲਦੇ[82] ਹਨ ਅਤੇ ਆਪਣੇ ਗ੍ਰਿਹ[83] ਅੰਦਰ[84] ਹੀ ਨਿਰਲੇਪ[85] ਵਿਚਰਦੇ ਹਨ।
ਹਰਿ[86] ਰੰਗਿ[87] ਰਹਹਿ[93] ਸਦਾ[88] ਰੰਗਿ[89] ਰਾਤੇ[90] ਹਰਿ ਰਸਿ[90]* ਮਨੁ[92] ਤ੍ਰਿਪਤਾਵਣਿਆ[91] ॥ ੧ ॥	In Divine[86] bliss[87] they abide[93], they ever[88]remain imbued[90] in the Lord's love[89] and with God's elixir[90]* their soul[92] is satiated[91].	ਈਸ਼ਵਰੀ[86] ਆਨੰਦ[87] ਅੰਦਰ ਉਹ ਵਸਦੇ[93] ਹਨ, ਹਮੇਸ਼ਾਂ[88] ਹੀ ਉਹ ਪ੍ਰਭੂ ਦੇ ਪਰੇਮ[89] ਅੰਦਰ ਰੰਗੇ[90] ਰਹਿੰਦੇ ਹਨ ਅਤੇ ਵਾਹਿਗੁਰੂ ਦੇ ਅੰਮ੍ਰਿਤ[90]* ਨਾਲ ਉਨ੍ਹਾਂ ਦੀ ਆਤਮਾ[92] ਰੱਜੀ[91] ਹੋਈ ਹੈ।
ਹਉ ਵਾਰੀ ਜੀਉ[96] ਵਾਰੀ ਪੜਿ[93]* ਬੁਝਿ[94] ਮੰਨਿ[95] ਵਸਾਵਣਿਆ[97] ॥	I am a sacrifice and my life[96] is a sacrifice unto those who read[93]*, understand[94] and enshrine[97] the Master in their minds[95].	ਮੈਂ ਬਲਿਹਾਰਨੇ ਹਾਂ ਅਤੇ ਮੇਰੀ ਜਿੰਦੜੀ[96] ਬਲਿਹਾਰਨੇ ਹੈ ਉਹਨਾਂ ਉਤੋਂ ਜੋ ਮਾਲਕ ਨੂੰ ਵਾਚਦੇ[93]*, ਉਸ ਨੂੰ ਸਮਝਦੇ[94] ਅਤੇ ਆਪਣੇ ਚਿੱਤ[95] ਵਿਚ ਟਿਕਾਉਂਦੇ[97] ਹਨ।
ਗੁਰਮੁਖਿ[98] ਪੜਹਿ ਹਰਿ ਨਾਮੁ ਸਲਾਹਹਿ[99] ਦਰਿ ਸਚੈ[100] ਸੋਭਾ[2] ਪਾਵਣਿਆ ॥ ੧ ॥ ਰਹਾਉ ॥	The Guruwards[98]read and eulogise[99] God's Name and obtain honour[2] in the True Court[100]. Pause.	ਗੁਰੂ ਸਮਰਪਣ[98] ਵਾਹਿਗੁਰੂ ਦੇ ਨਾਮ ਨੂੰ ਵਾਚਦੇ ਤੇ ਸਲਾਹੁੰਦੇ[99] ਹਨ ਅਤੇ ਸੱਚੇ ਦਰਬਾਰ[100] ਅੰਦਰ ਇੱਜ਼ਤ ਆਬਰੂ[2] ਪਾਉਂਦੇ ਹਨ। ਠਹਿਰਾਉ।
ਅਲਖ[3] ਅਭੇਉ[4] ਹਰਿ ਰਹਿਆ ਸਮਾਇ[5] ॥	The unseen[3] and inscrutable[4] Lord is pervading[5] everywhere.	ਅਦ੍ਰਿਸ਼ਟ[3] ਅਤੇ ਭੇਦ-ਰਹਿਤ[4] ਸਾਈਂ ਹਰ ਥਾਂ ਵਿਆਪਕ[5] ਹੋ ਰਿਹਾ ਹੈ।
ਉਪਾਇ[6] ਨ ਕਿਤੀ ਪਾਇਆ[7] ਜਾਇ ॥	By no effort[6] can He be obtained[7].	ਕਿਸੇ ਉਪਰਾਲੇ[6] ਦੁਆਰਾ ਉਹ ਪਰਾਪਤ[7] ਕੀਤਾ ਨਹੀਂ ਜਾ ਸਕਦਾ।
ਕਿਰਪਾ[8] ਕਰੇ[9] ਤਾ[10] ਸਤਿਗੁਰੁ ਭੇਟੈ[11] ਨਦਰੀ[12] ਮੇਲਿ[13]ਮਿਲਾਵਣਿਆ[14]॥੨॥	If God shows[9] mercy[8] then[10] is the True Guru met[11] and he unites[14] man in the union[13]of the Kind One[12].	ਜੇਕਰ ਹਰੀ ਦਇਆ[8] ਧਾਰੇ[9] ਤਦ[10] ਸੱਚੇ ਗੁਰੂ ਜੀ ਮਿਲਦੇ[11] ਹਨ ਅਤੇ ਉਹ ਬੰਦੇ ਨੂੰ ਮਿਹਰਬਾਨ ਪੁਰਖ[12] ਦੇ ਮਿਲਾਪ[13] ਅੰਦਰ ਮਿਲਾ[14] ਦਿੰਦੇ ਹਨ।
ਦੂਜੈ[15] ਭਾਇ[16] ਪੜੈ[17] ਨਹੀ ਬੂਝੈ[18] ॥	He, who reads[17] about the love[16] of duality[15],understands[18] not the Lord.	ਜੋ ਦਵੈਤ[15]-ਭਾਵ[16] ਦੇ ਬਾਰੇ ਵਾਚਦਾ[17] ਹੈ, ਉਹ ਸੁਆਮੀ ਨੂੰ ਨਹੀਂ ਸਮਝਦਾ[18]।
[19]ਤ੍ਰਿਬਿਧਿ[20] ਮਾਇਆ[21] ਕਾਰਣਿ[22] ਲੂਝੈ[23] ॥	He longs[23] for[22] the [19]three-phased[20] worldly wealth[21].	ਉਹ ਤਿੰਨਾਂ[19] ਹਾਲਤਾਂ[20] ਵਾਲੀ ਸੰਸਾਰੀ ਦੌਲਤ[21] ਲਈ[22] ਲੋਚਦਾ[23] ਹੈ।
ਤ੍ਰਿਬਿਧਿ[24]ਬੰਧਨ[25] ਤੂਟਹਿ[26] ਗੁਰ ਸਬਦੀ[27] ਗੁਰ ਸਬਦੀ ਮੁਕਤਿ[28] ਕਰਾਵਣਿਆ[29] ॥ ੩ ॥	The bonds[25] of three-qualitied[24] mammon are broken[26] by the Guru's instruction[27] and by the Guru's gospel salvation[28]is effected[29].	ਤਿੰਨਾਂ ਗੁਣਾਂ[24] ਵਾਲੀ ਮਾਇਆ ਦੇ ਜੇਵੜੇ[25] ਗੁਰਾਂ ਦੇ ਉਪਦੇਸ਼[27] ਦੁਆਰਾ ਕਟੇ ਜਾਂਦੇ[26] ਹਨ ਅਤੇ ਗੁਰਾਂ ਦੀ ਸਿਖ-ਮਤ ਦੁਆਰਾ ਹੀ ਮੋਖ਼ਸ਼[28] ਮਿਲਦੀ[29] ਹੈ।
ਇਹੁ ਮਨੁ ਚੰਚਲੁ[30] ਵਸਿ[31] ਨ ਆਵੈ ॥	This unsteady[30] mind comes not in grip[31].	ਇਹ ਚੁਲਬੁਲਾ[30] ਮਨੂਆ ਕਾਬੂ[31] ਵਿਚ ਨਹੀਂ ਆਉਂਦਾ।
ਦੁਬਿਧਾ[32] ਲਾਗੈ[33] ਦਹ[34] ਦਿਸਿ[35] ਧਾਵੈ[36] ॥	Attached[33] to double mindedness[32], it wanders[36] in ten[34] directions[35].	ਦੁਚਿੱਤੇ-ਪਣ[32] ਨਾਲ ਚਿਮੜਿਆ[33] ਹੋਇਆ ਇਹ ਦਸੀਂ[34] ਪਾਸੀਂ[35] ਭਟਕਦਾ[36] ਫਿਰਦਾ ਹੈ।

ਬਿਖੁ[37] ਕਾ ਕੀੜਾ[38] ਬਿਖੁ ਮਹਿ[39] ਰਾਤਾ[40] ਬਿਖੁ ਹੀ ਮਾਹਿ ਪਚਾਵਣਿਆ[41] ॥੪॥	It is a worm[38] of poison[37], in[39] poison it is intertwined[40] and in poison it rots[41].	ਇਹ ਜ਼ਹਿਰ[37] ਦਾ ਕਿਰਮ[38] ਹੈ, ਜ਼ਹਿਰ ਅੰਦਰ[39] ਹੀ ਇਹ ਰਚਿਆ[40] ਹੋਇਆ ਹੈ ਤੇ ਜ਼ਹਿਰ ਵਿਚ ਹੀ ਇਹ ਗਲ-ਸੜ[41] ਜਾਂਦਾ ਹੈ।
ਹਉ ਹਉ[42] ਕਰੇ ਤੈ[43] ਆਪੁ[44] ਜਣਾਏ[45] ॥	He continually practises egotism[42] and[43] shows[45] his own self[44].	ਉਹ ਹਰ ਦਮ ਹੰਕਾਰ[42] ਕਰਦਾ ਹੈ ਅਤੇ[43] ਆਪਣੇ ਆਪ[44] ਦਾ ਮੁਜ਼ਾਹਰਾ[45] ਕਰਦਾ ਹੈ।
ਬਹੁ[46] ਕਰਮ[47] ਕਰੈ[48] ਕਿਛੁ ਥਾਇ[49] ਨ ਪਾਏ ॥	Many[46] rituals[47] he performs[48] but becomes not acceptable[49].	ਘਨੇਰੇ[46] ਕਰਮ ਕਾਂਡ[47] ਉਹ ਕਮਾਉਂਦਾ[48] ਹੈ, ਪਰ ਉਹ ਕਬੂਲ[49] ਨਹੀਂ ਪੈਂਦਾ।
ਤੁਝ ਤੇ ਬਾਹਰਿ[50] ਕਿਛੂ ਨ ਹੋਵੈ[51] ਬਖਸੇ[52] ਸਬਦਿ[53] ਸੁਹਾਵਣਿਆ[54] ॥ ੫ ॥	Without[50] Thee, O' Lord ! nothing happens[51]. Thou pardonest[52] those who are adorned[54] with Thy Name[53].	ਤੇਰੇ ਬਾਝੋਂ[50], ਹੇ ਸਾਹਿਬ ! ਕੁਝ ਭੀ ਨਹੀਂ ਹੁੰਦਾ[51]। ਤੂੰ ਉਨ੍ਹਾਂ ਨੂੰ ਮਾਫ਼[52] ਕਰ ਦਿੰਦਾ ਹੈਂ ਜੋ ਤੇਰੇ ਨਾਮ[53] ਨਾਲ ਸੁਸ਼ੋਭਤ[54] ਹੋਏ ਹਨ।
ਉਪਜੈ[55] ਪਚੈ[56] ਹਰਿ ਬੂਝੈ[57] ਨਾਹੀ ॥	Man is born[55] and he dies[56], but understands[57] not God.	ਇਨਸਾਨ ਜੰਮਦਾ[55] ਹੈ ਤੇ ਉਹ ਮਰ[56] ਜਾਂਦਾ ਹੈ ਪ੍ਰੰਤੂ ਵਾਹਿਗੁਰੂ ਨੂੰ ਨਹੀਂ ਸਮਝਦਾ[57]।
ਅਨਦਿਨੁ[58] ਦੂਜੈ ਭਾਇ[59] ਫਿਰਾਹੀ[60] ॥	Night[58] and day he wanders[60] in another's love[59].	ਰੈਣ ਦਿਹੁੰ[58] ਉਹ ਹੋਰਸ ਦੀ ਪ੍ਰੀਤ[59] ਅੰਦਰ ਭਟਕਦਾ[60] ਫਿਰਦਾ ਹੈ।
ਮਨਮੁਖ[61] ਜਨਮੁ[62] ਗਇਆ[63] ਹੈ ਬਿਰਥਾ[64] ਅੰਤਿ[65] ਗਇਆ[66] ਪਛੁਤਾਵਣਿਆ[67] ॥ ੬ ॥	The life[62] of an apostate[61] passes away[63] in vain[64], and he ultimately[65] departs[66] repenting[67].	ਅਧਰਮੀ[61] ਦਾ ਜੀਵਨ[62] ਬੇਅਰਥ[64] ਬਤੀਤ[63] ਹੋ ਜਾਂਦਾ ਹੈ ਅਤੇ ਉਹ ਓੜਕ[65] ਨੂੰ ਪਸਚਾਤਾਪ[67] ਕਰਦਾ ਹੋਇਆ ਟੁਰ[66] ਜਾਂਦਾ ਹੈ।
ਪਿਰੁ[68] ਪਰਦੇਸਿ[69] ਸਿਗਾਰੁ ਬਣਾਏ[70] ॥	The wife bedecks[70] herself while her husband[68] is gone abroad[69].	ਪਤਨੀ ਹਾਰ ਸ਼ਿੰਗਾਰ ਲਾਉਂਦੀ[70] ਹੈ ਜਦ ਕਿ ਉਸ ਦਾ ਪਤੀ[68] ਪਰਾਏ ਵਤਨ[69] ਗਿਆ ਹੋਇਆ ਹੈ।
ਮਨਮੁਖ[71] ਅੰਧੁ[72] ਐਸੇ[73] ਕਰਮ[74] ਕਮਾਏ[75] ॥	The blind[72] wayward[71] person does[75] such[73] deeds[74].	ਅੰਨ੍ਹਾ[72] ਆਪ-ਹੁਦਰਾ[71] ਪੁਰਸ਼ ਐਹੋ ਜੇਹੇ[73] ਕੰਮ[74] ਕਰਦਾ[75] ਹੈ।
ਹਲਤਿ[76] ਨ ਸੋਭਾ[77] ਪਲਤਿ[78] ਨ ਢੋਈ[79] ਬਿਰਥਾ[80] ਜਨਮੁ[81] ਗਵਾਵਣਿਆ[82] ॥ ੭ ॥	He gets not honour[77] in this world[76] nor refuge[79] in the next[78] one. He wastes[82] his life[81] in vain[80].	ਉਸ ਨੂੰ ਇਸ ਜਹਾਨ[76] ਅੰਦਰ ਇੱਜ਼ਤ[77] ਨਹੀਂ ਮਿਲਦੀ ਤੇ ਨਾ ਹੀ ਪਨਾਹ[79]। ਅਗਲੇ ਪ੍ਰਲੋਕ[78] ਅੰਦਰ ਉਹ ਆਪਣਾ ਜੀਵਨ[81] ਬੇਫ਼ਾਇਦਾ[80] ਗੁਆ ਲੈਂਦਾ[82] ਹੈ।
ਹਰਿ ਕਾ ਨਾਮੁ ਕਿਨੈ ਵਿਰਲੈ[83] ਜਾਤਾ[84] ॥ ਪੂਰੇ[85] ਗੁਰ ਕੈ ਸਬਦਿ[86] ਪਛਾਤਾ[87] ॥	Some rare person[83] knows[84] the Name of God and recognises[87] Him, through the perfect[85] Guru's hymns[86].	ਕੋਈ ਟਾਵਾਂ ਪੁਰਸ਼[83] ਹੀ ਰੱਬ ਦੇ ਨਾਮ ਨੂੰ ਜਾਣਦਾ[84] ਅਤੇ ਪੂਰਨ ਗੁਰਾਂ[85] ਦੀ ਬਾਣੀ[86] ਦੁਆਰਾ ਉਸ ਨੂੰ ਸਿੰਞਾਣਦਾ[87] ਹੈ।
ਅਨਦਿਨੁ[88] ਭਗਤਿ[89] ਕਰੇ[90] ਦਿਨੁ ਰਾਤੀ[91] ਸਹਜੇ[92] ਹੀ ਸੁਖੁ[93] ਪਾਵਣਿਆ[94] ॥੮॥	He ever[88] performs[90] the Lord's devotional service[89] day and night[91], and easily[92] obtains[94] peace[93].	ਉਹ ਸਦੀਵ[88] ਹੀ ਦਿਹੁੰ[91] ਰੈਣ, ਸੁਆਮੀ ਦੀ ਪ੍ਰੇਮਮਈ[89] ਸੇਵਾ ਕਮਾਉਂਦਾ[90] ਹੈ ਅਤੇ ਸੁਖੈਨ[92] ਹੀ ਆਰਾਮ[93] ਨੂੰ ਪਰਾਪਤ[94] ਹੋ ਜਾਂਦਾ ਹੈ।
ਸਭ ਮਹਿ[95] ਵਰਤੈ[96] ਏਕੋ[97] ਸੋਈ[98] ॥	Amongst[95] all that[98] unique[97] Lord is contained[96].	ਸਾਰਿਆਂ ਅੰਦਰ[95] ਉਹ[98] ਅਦੁੱਤੀ[97] ਸਾਹਿਬ ਰਮਿਆ[96] ਹੋਇਆ ਹੈ।
ਗੁਰਮੁਖਿ[99] ਵਿਰਲਾ[100] ਬੂਝੈ[2] ਕੋਈ ॥	A few[100] pious persons[99] understand[2] this thing.	ਬਹੁਤ ਥੋੜ੍ਹੇ[100] ਪਵਿੱਤ੍ਰ ਪੁਰਸ਼[99] ਇਸ ਗੱਲ ਨੂੰ ਸਮਝਦੇ[2] ਹਨ।

ਨਾਨਕ ਨਾਮਿ ਰਤੇ[3] ਜਨ[4] ਸੋਹਹਿ[5] ਕਰਿ[6] ਕਿਰਪਾ[7] ਆਪਿ[8] ਮਿਲਾਵਣਿਆ[9] ॥੬॥੨੯॥੩੦॥	Nanak, the men[4] who are imbued[3] with the Name are graceful[5], and showing[6] His mercy[7] that Lord blends[8] them with Himself[8].	ਨਾਨਕ, ਜੋ ਇਨਸਾਨ[4] ਨਾਮ ਨਾਲ ਰੰਗੇ[3] ਹਨ ਉਹ ਸੁਹਣੇ[5] ਹਨ ਅਤੇ ਆਪਣੀ ਮਿਹਰ[7] ਧਾਰ[6] ਕੇ ਵਾਹਿਗੁਰੂ ਉਨ੍ਹਾਂ ਨੂੰ ਆਪਣੇ[8] ਨਾਲ ਮਿਲਾ[9] ਲੈਂਦਾ ਹੈ।
੧੨੮	**128**	**੧੨੮**
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ।
ਮਨਮੁਖ[10] ਪੜਹਿ[11] ਪੰਡਿਤ ਕਹਾਵਹਿ[12] ॥	The mindward[10] reads[11] and is called[12] a Pandit.	ਮਨਮਤੀਆ[10] ਪੜ੍ਹਦਾ, ਵਾਚਦਾ[11] ਹੈ ਤੇ ਪੰਡਤ ਆਖਿਆ[12] ਜਾਂਦਾ ਹੈ।
ਦੂਜੈ ਭਾਇ[13] ਮਹਾ[14] ਦੁਖੁ[15] ਪਾਵਹਿ[16] ॥	Because of another's love[13] he suffers[16] great[14] pain[15].	ਹੋਰਸ ਦੀ ਪ੍ਰੀਤ[13] ਦੇ ਕਾਰਨ ਉਹ ਘਣਾ[14] ਕਸ਼ਟ[15] ਉਠਾਉਂਦਾ[16] ਹੈ।
ਬਿਖਿਆ[17] ਮਾਤੇ[18] ਕਿਛੁ ਸੂਝੈ[19] ਨਾਹੀ ਫਿਰਿ ਫਿਰਿ[20] ਜੂਨੀ[21] ਆਵਣਿਆ[22] ॥੧॥	Intoxicated[18] with evil passions[17] he understands[19] nothing and falls into[22] existences[21] again and again[20].	ਮੰਦੇ ਵਿਸ਼ਿਆਂ[17] ਨਾਲ ਮਤਵਾਲਾ[18] ਹੋਇਆ ਹੋਇਆ ਉਹ ਕੁਝ ਭੀ ਨਹੀਂ ਸਮਝਦਾ[19] ਅਤੇ ਮੁੜ ਮੁੜ[20] ਕੇ ਜੂਨੀਆਂ[21] ਅੰਦਰ ਪੈਂਦਾ[22] ਹੈ।
ਹਉ ਵਾਰੀ ਜੀਉ ਵਾਰੀ ਹਉਮੈ[23] ਮਾਰਿ[24] ਮਿਲਾਵਣਿਆ[25] ॥	I am a sacrifice, and my life is a sacrifice unto those who still[24] their ego[23] and unite[25] with God.	ਮੈਂ ਕੁਰਬਾਨ ਹਾਂ, ਮੇਰੀ ਜਿੰਦੜੀ ਕੁਰਬਾਨ ਹੈ ਉਨ੍ਹਾਂ ਉਤੋਂ ਜੋ ਆਪਣੇ ਹੰਕਾਰ[23] ਨੂੰ ਮੇਸ[24] ਕੇ, ਵਾਹਿਗੁਰੂ ਨਾਲ ਅਭੇਦ[25] ਹੁੰਦੇ ਹਨ।
ਗੁਰ ਸੇਵਾ[26] ਤੇ ਹਰਿ ਮਨਿ ਵਸਿਆ[27] ਹਰਿ ਰਸੁ[28] ਸਹਜਿ[29] ਪੀਆਵਣਿਆ[30] ॥ ੧ ॥ ਰਹਾਉ ॥	By the Guru's service[26], God automatically[29] abides[27] in man's mind and he quaffs[30] the Lord's elixir[28]. Pause.	ਗੁਰਾਂ ਦੀ ਚਾਕਰੀ[26] ਦੁਆਰਾ ਵਾਹਿਗੁਰੂ ਬੰਦੇ ਦੇ ਚਿਤ ਅੰਦਰ ਆ ਟਿਕਦਾ[27] ਹੈ ਅਤੇ ਉਹ ਸੁਤੇ-ਸਿਧ[29] ਹੀ ਸਾਹਿਬ ਦੇ ਅੰਮ੍ਰਿਤ[28] ਨੂੰ ਪਾਨ[30] ਕਰਦਾ ਹੈ। ਠਹਿਰਾਉ।
ਵੇਦੁ ਪੜਹਿ ਹਰਿ ਰਸੁ[32] ਨਹੀ ਆਇਆ[31] ॥	The Pandits read Vedas but obtain[31] not God's Nectar[32].	ਪੰਡਤ ਵੇਦਾਂ ਨੂੰ ਵਾਚਦੇ ਹਨ ਪ੍ਰੰਤੂ ਵਾਹਿਗੁਰੂ ਦੇ ਆਬਿ-ਹਿਯਾਤ[32] ਨੂੰ ਪਰਾਪਤ[31] ਨਹੀਂ ਹੁੰਦੇ।
ਵਾਦੁ[33] ਵਖਾਣਹਿ[34] ਮੋਹੇ[35] ਮਾਇਆ[36] ॥	Infatuated[35] by mammon[36] they enter into[34] controversies[33].	ਧਨ ਦੌਲਤ[36] ਦੇ ਬੁੱਧੀ-ਹੀਣ[35] ਕੀਤੇ ਹੋਏ ਉਹ ਬਹਿਸ ਮੁਬਾਹਿਸੇ[33] ਕਰਦੇ[34] ਹਨ।
ਅਗਿਆਨ ਮਤੀ[37] ਸਦਾ ਅੰਧਿਆਰਾ[38] ਗੁਰਮੁਖਿ ਬੂਝਿ[39] ਹਰਿ ਗਾਵਣਿਆ[40] ॥ ੨ ॥	The ignorantly intellected[37] are ever in darkness[38] and the Guruwards know[39] God and sing[40] His praises.	ਅਗਿਆਤ ਬੁੱਧੀ ਵਾਲੇ[37] ਹਮੇਸ਼ਾ ਅਨ੍ਹੇਰੇ[38] ਵਿਚ ਹਨ ਅਤੇ ਗੁਰੂ-ਸਮਰਪਣ ਵਾਹਿਗੁਰੂ ਨੂੰ ਜਾਣਦੇ[39] ਹਨ ਅਤੇ ਉਸ ਦਾ ਜੱਸ ਗਾਇਨ[40] ਕਰਦੇ ਹਨ।
ਅਕਥੋ[41] ਕਥੀਐ[42] ਸਬਦਿ[43] ਸੁਹਾਵੈ[44] ॥	Through the beauteous[44] Name[43] the indescribable[41] Lord in described[42].	ਸੁੰਦਰ[44] ਨਾਮ[43] ਦੇ ਰਾਹੀਂ ਨਾਬਿਆਨ ਹੋ ਸਕਣ ਵਾਲਾ[41] ਸਾਹਿਬ ਬਿਆਨ[42] ਕੀਤਾ ਜਾਂਦਾ ਹੈ।
ਗੁਰਮਤੀ[45] ਮਨਿ[46] ਸਚੋ ਭਾਵੈ[47] ॥	By the Guru's teachings[45] Truth becomes pleasing[47] to the mortal[46].	ਗੁਰਾਂ ਦੀ ਸਿਖ-ਮਤ[45] ਦੁਆਰਾ ਪ੍ਰਾਣੀ[46] ਨੂੰ ਸੱਚ ਚੰਗਾ[47] ਲਗਦਾ ਹੈ।
ਸਚੋ[48] ਸਚੁ[49] ਰਵਹਿ[50] ਦਿਨੁ ਰਾਤੀ[51] ਇਹੁ ਮਨੁ[52] ਸਚਿ ਰੰਗਾਵਣਿਆ[53] ॥ ੩ ॥	Who day and night[51] repeat[50] the Name of the Truest[48] of the true[49], their souls[52] are imbued[53]	ਜੋ ਦਿਹੁੰ[51] ਰੈਣ ਸੱਚਿਆਂ ਦੇ ਪਰਮ[49] ਸੱਚੇ ਦੇ ਨਾਮ ਦਾ ਜਾਪ[50] ਕਰਦੇ ਹਨ, ਉਨ੍ਹਾਂ ਦੀਆਂ ਆਤਮਾਂ[52] ਸੱਚ[48] ਨਾਲ ਰੰਗੀਆਂ[53] ਜਾਂਦੀਆਂ ਹਨ।

	with Truth[48].	
ਜੋ ਸਚਿ ਰਤੇ[54] ਤਿਨ[55] ਸਚੋ ਭਾਵੈ[56] ॥	They[55], who are tinctured[54] with Truth, like[56] nothing but Truth.	ਜਿਹੜੇ ਸੱਚ ਨਾਲ ਰੰਗੀਜੇ[54] ਹਨ, ਉਨ੍ਹਾਂ[55] ਨੂੰ ਨਿਰੋਲ ਸੱਚ ਹੀ ਚੰਗਾ[56] ਲਗਦਾ ਹੈ।
ਆਪੇ[57] ਦੇਇ[58] ਨ ਪਛੋਤਾਵੈ[59] ॥	The Lord Himself[57] gives[58] the gift of Truth and regrets[59] not.	ਸਾਈਂ ਖ਼ੁਦ[57] ਸੱਚ ਦੀ ਦਾਤ[58] ਦਿੰਦਾ ਹੈ ਤੇ ਅਫ਼ਸੋਸ[59] ਨਹੀਂ ਕਰਦਾ।
ਗੁਰ ਕੈ ਸਬਦਿ[60] ਸਦਾ[61] ਸਚੁ[62] ਜਾਤਾ[63] ਮਿਲਿ ਸਚੇ ਸੁਖੁ[64] ਪਾਵਣਿਆ[65] ॥੪॥	By the Guru's gospel[60] the True Lord[62] is ever[61] known[63]. By meeting the True Lord happiness[64] is gained[65].	ਗੁਰਾਂ ਦੇ ਉਪਦੇਸ਼[60] ਦੁਆਰਾ ਸੱਚਾ ਸੁਆਮੀ[62] ਸਦੀਵ[61] ਹੀ ਜਾਣਿਆ[63] ਜਾਂਦਾ ਹੈ। ਸੱਚੇ ਸੁਆਮੀ ਨੂੰ ਮਿਲਣ ਦੁਆਰਾ ਖ਼ੁਸ਼ੀ[64] ਪਰਾਪਤ[65] ਹੁੰਦੀ ਹੈ।
ਕੂੜੁ[66] ਕੁਸਤੁ[67] ਤਿਨਾ ਮੈਲੁ[68] ਨ ਲਾਗੈ[69] ॥ ਗੁਰ ਪਰਸਾਦੀ[70] ਅਨਦਿਨੁ[71] ਜਾਗੈ[72] ॥	The filth[68] of falsehood[66] and fraud[67] attaches[69] not to those who by the Guru's grace[70] remain wakeful[72] night and day[71].	ਝੂਠ[66] ਅਤੇ ਫ਼ਰੇਬ[67] ਦੀ ਮਲੀਨਤਾ[68] ਉਨ੍ਹਾਂ ਨੂੰ ਨਹੀਂ ਚਿਮੜਦੀ[69] ਜੋ ਗੁਰਾਂ ਦੀ ਦਇਆ[70] ਦੁਆਰਾ ਰੈਣ[71] ਦਿਹੁੰ ਖ਼ਬਰਦਾਰ[72] ਰਹਿੰਦੇ ਹਨ।
ਨਿਰਮਲ[73] ਨਾਮੁ ਵਸੈ[79] ਘਟ[74] ਭੀਤਰਿ[75] ਜੋਤੀ[76] ਜੋਤਿ[77] ਮਿਲਾਵਣਿਆ[78] ॥੫॥	The immaculate[73] Name abides[79] in[75] their hearts and their lights[77] merge[78] with the Light of God[76].	ਪਵਿੱਤ੍ਰ[73] ਨਾਮ ਉਨ੍ਹਾਂ ਦੇ ਦਿਲਾਂ[74] ਅੰਦਰ[75] ਵਸਦਾ[79] ਹੈ ਅਤੇ ਉਹਨਾਂ ਦੇ ਚਾਨਣ[77] ਵਾਹਿਗੁਰੂ ਦੇ ਚਾਨਣ[76] ਨਾਲ ਅਭੇਦ[78] ਹੋ ਜਾਂਦੇ ਹਨ।
ਤ੍ਰੈ[79*] ਗੁਣ[81] ਪੜਹਿ[80] ਹਰਿ ਤਤੁ[83] ਨ ਜਾਣਹਿ[82] ॥	Men read[80] treatises dealing with three[79*] qualities[81] and understand[82] not the Quintessence[83] of God.	ਬੰਦੇ ਤਿੰਨਾ[79*] ਲੱਛਣਾਂ[81] ਨੂੰ ਬਿਆਨ ਕਰਨ ਵਾਲੇ ਗ੍ਰੰਥਾਂ ਨੂੰ ਵਾਚਦੇ[80] ਹਨ ਅਤੇ ਵਾਹਿਗੁਰੂ ਦੇ ਜੌਹਰ[83] ਨੂੰ ਨਹੀਂ ਸਮਝਦੇ[82]।
ਮੂਲਹੁ[84] ਭੁਲੇ[85] ਗੁਰ ਸਬਦੁ[86] ਨ ਪਛਾਣਹਿ[87] ॥	They forget[85] the primal Being[84] and recognise[87] not the Guru's hymns[86].	ਉਹ ਆਦਿ ਨਿਰੰਕਾਰ[84] ਨੂੰ ਭੁੱਲ[85] ਜਾਂਦੇ ਹਨ ਅਤੇ ਗੁਰਾਂ ਦੀ ਬਾਣੀ[86] ਨੂੰ ਨਹੀਂ ਸਿੰਞਾਣਦੇ[87]।
ਮੋਹ[88] ਬਿਆਪੇ[89] ਕਿਛੁ ਸੂਝੈ[90] ਨਾਹੀ ॥ ਗੁਰ ਸਬਦੀ[91] ਹਰਿ ਪਾਵਣਿਆ[92] ॥ ੬ ॥	In the worldly love[88] they are entangled and understand[90] nothing. By the Guru's instruction[91] God is obtained[92].	ਸੰਸਾਰੀ ਮਮਤਾ[88] ਅੰਦਰ ਉਹ ਫਾਥੇ[89] ਹੋਏ ਹਨ ਅਤੇ ਉਹ ਕੁਝ ਭੀ ਨਹੀਂ ਸਮਝਦੇ[90]। ਗੁਰਾਂ ਦੇ ਉਪਦੇਸ਼[91] ਦੁਆਰਾ ਵਾਹਿਗੁਰੂ ਪਾਇਆ[92] ਜਾਂਦਾ ਹੈ।
ਵੇਦੁ ਪੁਕਾਰੈ[93] [94]ਤ੍ਰਿਬਿਧਿ[95] ਮਾਇਆ[96] ॥	The Vedas cry aloud[93] "Mammon[96] is of three[94] qualities[95]".	ਵੇਦ ਕੂਕਦੇ[93] ਹਨ, ਮੋਹਨੀ[96] ਤਿੰਨਾਂ[94] ਗੁਣਾਂ ਵਾਲੀ[95] ਹੈ।
ਮਨਮੁਖ[97] ਨ ਬੂਝਹਿ[98] ਦੂਜੈ ਭਾਇਆ[99] ॥	Deluded by duality[99] an apostate[97] understands[98] not.	ਦਵੈਤ-ਭਾਵ[99] ਦਾ ਬਹਕਾਇਆ ਹੋਇਆ ਅਧਰਮੀ[97] ਸਮਝਦਾ[98] ਨਹੀਂ।
ਤ੍ਰੈ ਗੁਣ[100] ਪੜਹਿ[5] ਹਰਿ ਏਕੁ ਨ ਜਾਣਹਿ ਬਿਨੁ ਬੂਝੇ[2] ਦੁਖੁ[3] ਪਾਵਣਿਆ[4] ॥ ੭ ॥	People read[5] books related to three dispositions[100] and know not the One Lord. Without understanding[2] Him they suffer[4] pain[3].	ਲੋਕੀ ਤਿੰਨਾਂ ਸੁਭਾਵਾਂ[100] ਨਾਲ ਸੰਬੰਧਤ ਪੁਸਤਕਾਂ ਵਾਚਦੇ[5] ਹਨ ਅਤੇ ਇਕ ਪ੍ਰਭੂ ਨੂੰ ਨਹੀਂ ਜਾਣਦੇ। ਉਸ ਨੂੰ ਸਮਝਣ[2] ਦੇ ਬਗ਼ੈਰ ਉਹ ਤਕਲੀਫ਼[3] ਉਠਾਉਂਦੇ[4] ਹਨ।
ਜਾ[6] ਤਿਸੁ[7] ਭਾਵੈ[8] ਤਾ[9] ਆਪਿ[10] ਮਿਲਾਏ[11] ॥	When[6] it pleases[8] Him[7] then[9] the Lord blends[11] the mortal with Himself[10].	ਜਦ[6] ਉਸ[7] ਨੂੰ ਚੰਗਾ[8] ਲਗਦਾ ਹੈ ਤਦ[9] ਸਾਹਿਬ ਜੀਵ ਨੂੰ ਆਪਣੇ[10] ਨਾਲ ਮਿਲਾ[11] ਲੈਂਦਾ ਹੈ।
ਗੁਰ ਸਬਦੀ[12] ਸਹਸਾ[13]	By means of the Guru's instruction[12]	ਗੁਰਾਂ ਦੇ ਉਪਦੇਸ਼[12] ਦੇ ਜ਼ਰੀਏ ਵਾਹਿਗੁਰੂ ਉਸ ਦੀ

ਦੂਖੁ[14] ਚੁਕਾਏ[15] ॥	God removes[15] his disease[14] of doubt[13].	ਵਹਿਮ[13] ਦੀ ਬੀਮਾਰੀ[14] ਨੂੰ ਦੂਰ[15] ਕਰ ਦਿੰਦਾ ਹੈ ।
ਨਾਨਕ ਨਾਵੈ ਕੀ ਸਚੀ ਵਡਿਆਈ[16] ਨਾਮੇ ਮੰਨਿ[17] ਸੁਖੁ ਪਾਵਣਿਆ ॥ ੮ ॥ ੩੦ ॥ ੩੧ ॥	Nanak, true is magnificence[16] of God's Name. By believing[17] in the Name man obtains peace.	ਨਾਨਕ ਸੱਚੀ ਹੈ ਵਾਹਿਗੁਰੂ ਦੇ ਨਾਮ ਦੀ ਵਿਸ਼ਾਲਤਾ[16] । ਨਾਮ ਅੰਦਰ ਭਰੋਸਾ[17] ਰੱਖਣ ਦੁਆਰਾ ਇਨਸਾਨ ਆਰਾਮ ਪਾਉਂਦਾ ਹੈ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਨਿਰਗੁਣੁ[18] ਸਰਗੁਣੁ[19] ਆਪੇ[20] ਸੋਈ[21] ॥	That[21] Lord Himself[20] is unmanifest[18] and manifest[19].	ਉਹ[21] ਪ੍ਰਭੂ ਆਪੇ[20] ਹੀ ਗੁਪਤ[18] ਅਤੇ ਪ੍ਰਗਟ[19] ਹੈ ।
ਤਤੁ[22] ਪਛਾਣੈ[23] ਸੋ[24] ਪੰਡਿਤੁ ਹੋਈ[25] ॥	He[24], who realises[23] the reality[22], becomes[25] a Pandit.	ਜੋ ਅਸਲੀਅਤ[22] ਨੂੰ ਪਛਾਣਦਾ[23] ਹੈ ਉਹ[24] ਹੀ ਪੰਡਤ ਹੋ ਜਾਂਦਾ[25] ਹੈ ।
ਆਪਿ[26] ਤਰੈ[27] ਸਗਲੇ[28] ਕੁਲ[29] ਤਾਰੈ[30] ਹਰਿਨਾਮੁ[31] ਮੰਨਿ[32]ਵਸਾਵਣਿਆ[33]॥੧॥	He, who places[33] God's Name[31] within his mind[32], saves[27] himself[26] and saves[30] all[28] his lineage[29] too.	ਜੋ ਰੱਬ ਦੇ ਨਾਮ[31] ਨੂੰ ਆਪਣੇ ਚਿੱਤ[32] ਵਿਚ ਟਿਕਾਉਂਦਾ[33] ਹੈ, ਉਹ ਖ਼ੁਦ[26] ਪਾਰ ਉਤਰ[27] ਜਾਂਦਾ ਹੈ ਤੇ ਆਪਣੀ ਸਮੂਹ[28] ਵੰਸ਼[29]ਨੂੰ ਭੀ ਪਾਰ ਕਰ[30]ਦਿੰਦਾ ਹੈ ।
ਹਉ ਵਾਰੀ ਜੀਉ ਵਾਰੀ ਹਰਿ ਰਸੁ[34] ਚਖਿ[35] ਸਾਦੁ[36] ਪਾਵਣਿਆ[37] ॥	I am a sacrifice, and my soul is a sacrifice unto those who taste[35] God's elixir[34] and enjoy[37] its relish[36].	ਮੈਂ ਕੁਰਬਾਨ ਹਾਂ, ਮੇਰੀ ਜਿੰਦੜੀ ਕੁਰਬਾਨ ਹੈ, ਉਨ੍ਹਾਂ ਉਤੋਂ ਜੋ ਵਾਹਿਗੁਰੂ ਅੰਮ੍ਰਿਤ[34] ਨੂੰ ਪਾਨ[35] ਕਰਦੇ ਹਨ ਅਤੇ ਇਸ ਦੇ ਸੁਆਦ[36] ਨੂੰ ਮਾਣਦੇ[37] ਹਨ ।
ਹਰਿਰਸੁ ਚਾਖਹਿ ਸੇ[38] ਜਨ[39]ਨਿਰਮਲ[40] ਨਿਰਮਲ[41] ਨਾਮੁ ਧਿਆਵਣਿਆ[42] ॥੧ ॥ ਰਹਾਉ ॥	Who quaffs God's Nectar, they[38] are the pure[40] persons[39]. They meditate[42] on the immaculate[41], Name. Pause.	ਜੋ ਵਾਹਿਗੁਰੂ ਦੇ ਸੁਧਾ ਰਸ ਨੂੰ ਛਕਦੇ ਹਨ, ਉਹ[38] ਪਵਿੱਤ੍ਰ[40] ਪੁਰਸ਼[39] ਹਨ । ਉਹ ਪਾਕ-ਪਾਵਨ[41] ਨਾਮ ਦਾ ਸਿਮਰਨ[42] ਕਰਦੇ ਹਨ । ਠਹਿਰਾਉ ।
ਸੋ[43] ਨਿਹਕਰਮੀ[44] ਜੋ ਸਬਦੁ[45] ਬੀਚਾਰੇ[46] ॥	He[43] alone is above actions[44] who deliberates[46] over the Guru's hymns[45].	ਕੇਵਲ ਉਹੀ[43] ਅਮਲਾਂ[44] ਤੋਂ ਉਚੇਰਾ ਹੈ ਜੋ ਗੁਰਬਾਣੀ[45] ਦਾ ਧਿਆਨ[46] ਧਾਰਦਾ ਹੈ ।
ਅੰਤਰਿ[47] ਤਤੁ[48] ਗਿਆਨਿ[49] ਹਉਮੈ[50] ਮਾਰੇ[51] ॥	Within his mind[47] is the genuine[48] Divine knowledge[49], and he effaces[51] his self-conceit[50].	ਉਸ ਦੇ ਹਿਰਦੇ[47] ਅੰਦਰ ਯਥਾਰਥ[48] ਬ੍ਰਹਿਮ-ਬੋਧ[49] ਹੈ ਅਤੇ ਉਹੀ ਆਪਣੀ ਸਵੈ-ਹੰਗਤਾ[50] ਨੂੰ ਮੇਟ ਦਿੰਦਾ[51] ਹੈ ।
ਨਾਮੁ ਪਦਾਰਥੁ[52]ਨਉ ਨਿਧਿ[53] ਪਾਇ ਤ੍ਰੈ[57] ਗੁਣ[54] ਮੇਟਿ[55] ਸਮਾਵਣਿਆ[56] ॥ ੨ ॥	He obtains the nine treasures[53] of the Name's wealth[52], and rising above[55] the three[57] qualities[54], merges[56] into God.	ਉਹ ਨਾਮ ਦੀ ਦੌਲਤ[52] ਦੇ ਨੌ ਖ਼ਜ਼ਾਨੇ[53] ਪਾ ਲੈਂਦਾ ਹੈ ਅਤੇ ਤਿੰਨਾਂ[57] ਲੱਛਣਾਂ[54] ਤੋਂ ਉਚੇਰਾ[55] ਉਠ ਕੇ ਉਹ ਹਰੀ ਵਿਚ ਲੀਨ[56] ਹੋ ਜਾਂਦਾ ਹੈ ।
ਹਉਮੈ[60]ਕਰੈ[61] ਨਿਹਕਰਮੀ[58] ਨ ਹੋਵੈ[59] ॥	He, who takes[61] pride[60] gets[59] not free form the bonds of actions[58].	ਜੋ ਹੰਕਾਰ[60] ਕਰਦਾ[61] ਹੈ, ਉਹ ਅਮਲਾਂ ਦੇ ਬੰਧਨਾਂ ਤੋਂ ਆਜ਼ਾਦ[58] ਨਹੀਂ ਹੁੰਦਾ[59] ।
ਗੁਰ ਪਰਸਾਦੀ[62] ਹਉਮੈ[63] ਖੋਵੈ[64] ॥	By the Guru's grace[62] man stills[64] his ego[63].	ਗੁਰਾਂ ਦੀ ਦਇਆ[62] ਦੁਆਰਾ, ਬੰਦਾ ਆਪਣੀ ਹੰਗਤਾ[63] ਨੂੰ ਮੇਸ ਸੁਟਦਾ[64] ਹੈ ।
ਅੰਤਰਿ[65] ਬਿਬੇਕੁ[66] ਸਦਾ	He,who possesses mental[65] discrimin-	ਜਿਸ ਦੇ ਪੱਲੇ ਮਾਨਸਿਕ[65] ਪ੍ਰਬੀਨਤਾ[66] ਹੈ, ਉਹ

ਆਪੁ[67] ਵੀਚਾਰੇ[68] ਗੁਰ ਸਬਦੀ[69] ਗੁਣ[70] ਗਾਵਣਿਆ[71] ॥ ੩ ॥

ation[66] ever examines[68] his own-self[67], and by the Guru's teachings[69] sings[71] God's glories[70].

ਹਮੇਸ਼ਾਂ ਆਪਣੇ ਆਪ[67] ਦੀ ਜਾਂਚ-ਪੜਤਾਲ[68] ਕਰਦਾ ਹੈ ਅਤੇ ਗੁਰਾਂ ਦੇ ਉਪਦੇਸ਼[69] ਦੁਆਰਾ ਹਰੀ ਦਾ ਜੱਸ[70] ਗਾਇਨ[71] ਕਰਦਾ ਹੈ।

ਹਰਿ ਸਰੁ[72] ਸਾਗਰੁ[73] ਨਿਰਮਲੁ[74] ਸੋਈ[75] ॥

That[75] God is the sublime[72] and pure[74] ocean[73].

ਉਹ[75] ਵਾਹਿਗੁਰੂ ਸਰੇਸ਼ਟ[72] ਅਤੇ ਪਵਿੱਤ੍ਰ[74] ਸਮੁੰਦਰ[73] ਹੈ।

ਸੰਤ[76] ਚੁਗਹਿ[77] ਨਿਤ[78] ਗੁਰਮੁਖਿ[79] ਹੋਈ[80] ॥

The Guruward[79] saints[76], becoming[80] swans ever[78] peck[77] the Name pearls there from.

ਗੁਰੂ ਸਮਰਪਣ[79] ਸਾਧੂ[76], ਹੰਸ ਹੋ ਕੇ[80], ਉਥੋਂ ਸਦਾ[78] ਨਾਮ ਮੋਤੀ ਚੁਗਦੇ[77] ਹਨ।

ਇਸਨਾਨੁ[81] ਕਰਹਿ ਸਦਾ[82] ਦਿਨੁ ਰਾਤੀ[83] ਹਉਮੈ[84] ਮੈਲੁ[85] ਚੁਕਾਵਣਿਆ[86] ॥ ੪ ॥

Day and night[83] they ever[82] take bath[81] therein and wash off[86] their filth[85] of pride[84].

ਦਿਹੁੰ[83] ਰੈਣ ਉਹ ਹਮੇਸ਼ਾਂ[82] ਉਸ ਅੰਦਰ ਮਜਨ[81] ਕਰਦੇ ਹਨ ਅਤੇ ਆਪਣੀ ਹੰਗਤਾ[84] ਦੀ ਮਲੀਣਤਾ[85] ਨੂੰ ਧੋ[86] ਸੁਟਦੇ ਹਨ।

ਨਿਰਮਲ[87] ਹੰਸਾ[88] ਪ੍ਰੇਮ[89] ਪਿਆਰਿ[90] ॥ ਹਰਿ ਸਰਿ[91] ਵਸੈ[92] ਹਉਮੈ[93] ਮਾਰਿ[94] ॥

Silencing[94] their ego[93], the pure[87] saint-swans[88], with love[89] and affection[90], abide[92] in God's ocean[91] of the guild of the pious.

ਆਪਣੀ ਹੰਗਤਾ[93] ਨੂੰ ਮੇਸ[94] ਕੇ ਪਵਿੱਤ੍ਰ[87] ਸਾਧੂ ਰਾਜ[88] ਹੰਸ ਪ੍ਰੀਤ[89] ਤੇ ਪਿਰਹੜੀ[90] ਸੰਯੁਕਤ ਵਾਹਿਗੁਰੂ ਦੇ ਸਮੁੰਦਰ[91] ਸਤਿਸੰਗਤ ਅੰਦਰ ਵਸਦੇ[92] ਹਨ।

੧੨੯ 129 ੧੨੯

[95]ਅਹਿਨਿਸਿ[96] ਪ੍ਰੀਤਿ[97] ਸਬਦਿ[98] ਸਾਚੈ ਹਰਿ ਸਰਿ ਵਾਸਾ[99] ਪਾਵਣਿਆ[100] ॥੫॥

Day[96] and night[96] they remain imbibed in the love[97] of the True Name[98] and acquire[100] an abode[99] in God, the ocean.

ਦਿਹੁੰ[96] ਰੈਣ[96] ਉਹ ਸੱਚੇ ਨਾਮ[98] ਦੇ ਪਿਆਰ[97] ਅੰਦਰ ਰੰਗੀਜੇ ਰਹਿੰਦੇ ਹਨ ਅਤੇ ਵਾਹਿਗੁਰੂ ਦੇ ਸਮੁੰਦਰ ਅੰਦਰ ਵਸੇਬਾ[99] ਪਰਾਪਤ[100] ਕਰ ਲੈਂਦੇ ਹਨ।

ਮਨਮੁਖੁ[2] ਸਦਾ[3] ਬਗੁ[4] ਮੈਲਾ[5] ਹਉਮੈ[6] ਮਲੁ[7] ਲਾਈ[8] ॥

The perverse person[2] is ever[3] a dirty[4] crane[5] who is smeared[8] with the filth[7] of egotism[6].

ਪ੍ਰਤੀਕੂਲ ਪੁਰਸ਼[2], ਸਦੀਵ[3] ਹੀ ਇਕ ਗੰਦਾ[5] ਬਗਲਾ[4] ਹੈ, ਜਿਸ ਨੂੰ ਹੰਕਾਰ[6] ਦੀ ਗਿਲਾਜ਼ਤ[7] ਲੱਗੀ[8] ਹੋਈ ਹੈ।

ਇਸਨਾਨੁ[9] ਕਰੈ ਪਰੁ[10] ਮੈਲੁ[11] ਨ ਜਾਈ[12] ॥

He takes bath[9] but[10] gets not rid[12] of his pollution[11].

ਉਹ ਮਜਨ[9] ਕਰਦਾ ਹੈ ਪ੍ਰੰਤੂ[10] ਉਸ ਦੀ ਪਲੀਤੀ[11] ਦੂਰ[12] ਨਹੀਂ ਹੁੰਦੀ।

ਜੀਵਤੁ[13] ਮਰੈ[14] ਗੁਰਸਬਦੁ[15] ਬੀਚਾਰੈ[16] ਹਉਮੈ[17] ਮੈਲੁ[18] ਚੁਕਾਵਣਿਆ[19] ॥ ੬ ॥

He, who dies[14] in life[13] and ponders over[16] the Guru's hymns[15], washes[19] off the pollution[18] of his pride[17].

ਜੋ ਜੀਉਂਦੇ[13] ਜੀ ਮਰਦਾ[14] ਹੈ ਅਤੇ ਗੁਰਾਂ ਦੀ ਬਾਣੀ[15] ਨੂੰ ਸੋਚਦਾ ਸਮਝਦਾ[16] ਹੈ, ਉਹ ਆਪਣੀ ਹੰਗਤਾ[17] ਦੀ ਅਪਵਿੱਤ੍ਰਤਾ[18] ਨੂੰ ਧੋ ਸੁਟਦਾ[19] ਹੈ।

ਰਤਨੁ[20] ਪਦਾਰਥੁ[21] ਘਰ[26] ਤੇ ਪਾਇਆ[25] ॥ ਪੂਰੈ[22] ਸਤਿਗੁਰਿ ਸਬਦੁ[23] ਸੁਣਾਇਆ[24] ॥

When the perfect[22] True Guru preached[24] to me his gospel[23] I discovered[26] the priceless[20] wealth[21] of God's Name in my own home[26].

ਜਦ ਪੂਰਨ[22] ਸੱਚੇ ਗੁਰਾਂ ਨੇ ਮੈਨੂੰ ਆਪਣਾ ਉਪਦੇਸ਼[23] ਸਰਵਣ[24] ਕਰਾਇਆ ਤਾਂ ਮੈਨੂੰ ਆਪਣੇ ਨਿੱਜ ਦੇ ਗ੍ਰਿਹਿ[26] ਵਿਚੋਂ ਹੀ ਹਰੀ ਨਾਮ ਦੀ ਅਮੋਲਕ[20] ਦੌਲਤ[21] ਮਿਲ ਪਈ[26]।

ਗੁਰ ਪਰਸਾਦਿ[25] ਮਿਟਿਆ[26] ਅੰਧਿਆਰਾ[27] ਘਟਿ[28] ਚਾਨਣੁ[29] ਆਪੁ[30] ਪਛਾਨਣਿਆ[31]

By the Guru's grace[25] the darkness[27] of ignorance is dispelled[26] and with the divine light[29] in my mind[28] I have

ਗੁਰਾਂ ਦੀ ਦਇਆ[25] ਦੁਆਰਾ ਬੇ-ਸਮਝੀ ਦਾ ਅਨ੍ਹੇਰਾ[27] ਦੂਰ[26] ਹੋ ਗਿਆ ਹੈ ਅਤੇ ਆਪਣੇ ਮਨ[28] ਦੇ ਅੰਦਰ ਦੇ ਪ੍ਰਕਾਸ਼[29] ਨਾਲ ਮੈਂ ਆਪਣੇ[30] ਆਪ ਨੂੰ ਸਿੰਞਾਣ[31]

॥ ੭ ॥	recognised[31] my ownself[30].	ਲਿਆ ।
ਆਪਿ ਉਪਾਏ[33] ਤੈ[34] ਆਪੇ ਵੇਖੈ[35] ॥	Himself[32] the Lord creates[33] and[34] Himself beholds[35] His creation.	ਆਪ[32] ਹੀ ਪ੍ਰਭੂ ਰਚਦਾ[33] ਹੈ ਆਪ[34] ਹੀ ਆਪਣੀ ਰਚਨਾ ਨੂੰ ਦੇਖਦਾ[35] ਹੈ ।
ਸਤਿਗੁਰੁ ਸੇਵੈ[36] ਸੋ[37] ਜਨੁ[38] ਲੇਖੈ[39] ॥	That[37] man[38] alone is accounted[39] (accepted) who serves[36] the Sat Guru.	ਕੇਵਲ ਉਹੀ[37] ਬੰਦਾ[38] ਹਿਸਾਬ ਕਿਤਾਬ[39] ਵਿਚ (ਪਰਵਾਨ) ਹੈ ਜੋ ਸਤਿਗੁਰਾਂ ਦੀ ਟਹਿਲ[36] ਕਮਾਉਂਦਾ ਹੈ।
ਨਾਨਕ ਨਾਮੁ ਵਸੈ[40] ਘਟ[41] ਅੰਤਰਿ[42] ਗੁਰ ਕਿਰਪਾ[43] ਤੇ[44] ਪਾਵਣਿਆ[45] ॥ ੮ ॥ ੩੧ ॥ ੩੨ ॥	Nanak, from[44] the Guru's grace[43] the Lord's Name is obtained[45] and abides[40] within[42] man's mind[41].	ਗੁਰਾਂ ਦੀ ਮਿਹਰ[43] ਤੋਂ[44] ਪ੍ਰਭੂ ਦਾ ਨਾਮ ਪਰਾਪਤ[45] ਹੁੰਦਾ ਅਤੇ ਮਨੁੱਸ਼ ਦੇ ਮਨ[41] ਅੰਦਰ[42] ਨਿਵਾਸ[40] ਕਰਦਾ ਹੈ ।
ਮਾਝ ਮਹਲਾ ੩ ॥	Majh, Third Guru.	ਮਾਝ, ਤੀਜੀ ਪਾਤਸ਼ਾਹੀ ।
ਮਾਇਆ[46] ਮੋਹੁ[47] ਜਗਤੁ[48] ਸਬਾਇਆ[49] ॥	The entire[49] universe[48] is engrossed in the love[47] of worldly valuables[46].	ਸਾਰੀ[49] ਦੁਨੀਆਂ[48] ਸੰਸਾਰੀ ਪਦਾਰਥਾਂ[46] ਦੀ ਪ੍ਰੀਤ[47] ਅੰਦਰ ਖਚਤ ਹੋਈ ਹੋਈ ਹੈ।
ਤ੍ਰੈ ਗੁਣ[50] ਦੀਸਹਿ[51] ਮੋਹੇ[52] ਮਾਇਆ[53] ॥	The beings of three dispositions[50] are seen[51] bewitched[52] by mammon[53].	ਤਿੰਨਾਂ ਸੁਭਾਵਾਂ[50] ਵਾਲੇ ਜੀਵ ਮੋਹਨੀ[53] ਦੇ ਲਟੂ[52] ਕੀਤੇ ਹੋਏ ਦਿਸਦੇ[51] ਹਨ ।
ਗੁਰ ਪਰਸਾਦੀ[54] ਕੋ ਵਿਰਲਾ[55] ਬੂਝੈ[56] ਚਉਥੈ ਪਦਿ[57] ਲਿਵ[58] ਲਾਵਣਿਆ[59] ॥੧॥	By the Guru's grace[54] some rare one[55] understands[56] the truth and fixes[59] his attention[58] in the fourth state[57], of celestial beatitude.	ਗੁਰਾਂ ਦੀ ਦਇਆ[54] ਦੁਆਰਾ ਕੋਈ ਟਾਵਾਂ[55] ਜਣਾਂ ਹੀ ਸੱਚ ਨੂੰ ਸਮਝਦਾ[56] ਹੈ ਅਤੇ ਆਪਣੀ ਬਿਰਤੀ[58] ਬੈਕੁੰਠੀ ਪ੍ਰਮ-ਅਨੰਦ ਦੀ ਚੌਥੀ ਅਵਸਥਾ[57] ਵਿਚ ਜੋੜਦਾ[59] ਹੈ ।
ਹਉ ਵਾਰੀ ਜੀਉ ਵਾਰੀ ਮਾਇਆ[60] ਮੋਹੁ[61] ਸਬਦਿ[62] ਜਲਵਾਣਿਆ[63] ॥	I am a sacrifice, my life is a sacrifice unto those who by the Guru's instruction[62] burn[63] their love[61] of wealth[60].	ਮੈਂ ਬਲਿਹਾਰ ਹਾਂ, ਮੇਰੀ ਜ਼ਿੰਦਗੀ ਬਲਿਹਾਰ ਹੈ, ਉਨ੍ਹਾਂ ਉਤੋਂ ਜੋ ਗੁਰਾਂ ਦੇ ਉਪਦੇਸ਼[62] ਦੁਆਰਾ ਆਪਣੀ ਦੌਲਤ[60] ਦੀ ਲਗਨ[61] ਨੂੰ ਸਾੜ[63] ਸੁਟਦੇ ਹਨ ।
ਮਾਇਆ[64] ਮੋਹੁ[65] ਜਲਾਏ ਸੋ[66] ਹਰਿ ਸਿਉ ਚਿਤੁ[67] ਲਾਏ[68] ਹਰਿ ਦਰਿ[69] ਮਹਲੀ[70] ਸੋਭਾ[71] ਪਾਵਣਿਆ ॥ ੧ ॥ ਰਹਾਉ ॥	He[66], who burns his love[65] of worldliness[64] and fixes[68] his mind[67] on God, obtains honour[71] in God's Court[69] and mansion[70]. Pause.	ਜੋ ਦੁਨੀਆਂਦਾਰੀ[64] ਦੀ ਮੁਹੱਬਤ[65] ਨੂੰ ਫੂਕ ਦਿੰਦਾ ਹੈ ਤੇ ਆਪਣਾ ਮਨ[67] ਹਰੀ ਨਾਲ ਜੋੜਦਾ[68] ਹੈ, ਉਹ[66] ਹਰੀ ਦੇ ਦਰਬਾਰ[69] ਤੇ ਮੰਦਰ[70] ਅੰਦਰ ਇੱਜ਼ਤ[71] ਪਾਉਂਦਾ ਹੈ । ਠਹਿਰਾਉ ।
ਦੇਵੀ[72] ਦੇਵਾ[73] ਮੂਲੁ[74] ਹੈ ਮਾਇਆ[75] ॥ ਸਿੰਮ੍ਰਿਤਿ[76] ਸਾਸਤ[77] ਜਿੰਨਿ ਉਪਾਇਆ[78] ॥	The great illusion[75] is the origin[74] of goddesses[72] and gods[73] for those were composed[78] ceremonial treatises[76] and schools of philosophy[77].	ਭਾਰਾ ਭੁਲੇਖਾ[75] ਦੇਵੀਆਂ[72] ਤੇ ਦੇਵਤਿਆਂ[73] ਦਾ ਮੁੱਢ[74] ਹੈ ਜਿਨ੍ਹਾਂ ਲਈ ਕਰਮ-ਕਾਂਡੀ ਪੁਸਤਕਾਂ[76] ਅਤੇ ਫ਼ਲਸਫ਼ੇ[77] ਦੇ ਗ੍ਰੰਥ ਰਚੇ[78] ਹਨ ।
ਕਾਮੁ[79] ਕ੍ਰੋਧੁ[80] ਪਸਰਿਆ[81] ਸੰਸਾਰੇ[82] ਆਇ[83] ਜਾਇ[84] ਦੁਖੁ[85] ਪਾਵਣਿਆ[86] ॥ ੨ ॥	Lust[79] and wrath[80] are diffused[81] in the world[82], so in coming[83] and going[84] the mortals suffer[86] pain[86].	ਵਿਸ਼ੇ-ਭੋਗ[79] ਅਤੇ ਰੋਹ[80] ਜਗਤ[82] ਅੰਦਰ ਪਰਵਿਰਤ[81] ਹੋਏ ਹੋਏ ਹਨ, ਇਸ ਲਈ ਆਉਣ[83] ਤੇ ਜਾਣ[84] ਵਿਚ ਪ੍ਰਾਣੀ ਕਸ਼ਟ[85] ਉਠਾਉਂਦੇ[86] ਹਨ ।
ਤਿਸੁ[87] ਵਿਚਿ ਗਿਆਨ[88] ਰਤਨੁ[89] ਇਕੁ ਪਾਇਆ[90] ॥	Within this[87] said world a jewel[89] of Divine comprehension[88] is placed[90].	ਇਸ ਕਥਿਤ[87] ਜਗਤ ਅੰਦਰ ਬ੍ਰਹਿਮ ਗਿਆਤ[88] ਦਾ ਇਕ ਜਵੇਹਰ[89] ਰਖਿਆ[90] ਗਿਆ ਹੈ ।

ਗੁਰ ਪਰਸਾਦੀ[91] ਮੰਨਿ ਵਸਾਇਆ[92] ॥	By the Guru's grace[91] it is enshrined[92] in the mind.	ਗੁਰਾਂ ਦੀ ਦਇਆ[91] ਦੁਆਰਾ ਇਹ ਚਿੱਤ ਵਿਚ ਟਿਕਾਇਆ[92] ਜਾਂਦਾ ਹੈ।
ਜਤੁ[93] ਸਤੁ[94] ਸੰਜਮੁ[95] ਸਚੁ[96] ਕਮਾਵੈ[97] ਗੁਰਿ ਪੂਰੈ[98] ਨਾਮੁ ਧਿਆਵਣਿਆ[99] ॥ ੩ ॥	From the perfect[98] Guru are obtained the practice[97] of celibacy[93], chastity[94], self-restaint[95] and truthfulness[96] and the Name's meditation[99].	ਪੂਰਨ[98] ਗੁਰਾਂ ਪਾਸੋਂ ਬ੍ਰਹਿਮਚਰਜ[93], ਪਾਕ ਦਾਮਨੀ[94], ਸਵੈ-ਕਾਬੂ[95], ਸੱਚਾਈ[96] ਦੀ ਵਰਤੋਂ[97] ਅਤੇ ਨਾਮ ਦਾ ਸਿਮਰਨ[99] ਪਰਾਪਤ ਹੁੰਦੇ ਹਨ।
ਪੇਈਅੜੈ[100] ਧਨ[2] ਭਰਮਿ[3] ਭੁਲਾਣੀ[4] ॥	In the parent's[100] home the bride[2] is gone astray[4] in doubt[3].	ਆਪਣੇ ਪੇਕੇ ਘਰ[100] ਵਿਚ ਵਹੁਟੀ[2] ਵਹਿਮ[3] ਅੰਦਰ ਕੁਰਾਹੇ[4] ਪਈ ਹੋਈ ਹੈ।
ਦੂਜੈ[5] ਲਾਗੀ[6] ਫਿਰਿ[7] ਪਛੋਤਾਣੀ[8] ॥	Attached[6] with another[5] she ultimately[7] regrets[8].	ਹੋਰਸ[5] ਨਾਲ ਜੁੜੀ[6] ਹੋਈ ਉਹ ਆਖ਼ਰਕਾਰ[7] ਅਫ਼ਸੋਸ[8] ਕਰਦੀ ਹੈ।
ਹਲਤੁ[9] ਪਲਤੁ[10] ਦੋਵੈ[11] ਗਵਾਏ[12] ਸੁਪਨੈ[13] ਸੁਖੁ[14] ਨ ਪਾਵਣਿਆ[15] ॥ ੪ ॥	This world[9] and the world hereafter[10] she loses[12] both[11], and even in dream[13] she obtains[15] not peace[14].	ਇਹ ਸੰਸਾਰ[9] ਤੇ ਪ੍ਰਲੋਕ[10] ਉਹ ਦੋਨੋਂ[11] ਹੀ ਗੁਆ[12] ਲੈਂਦੀ ਹੈ ਅਤੇ ਸੁਫ਼ਨੇ[13] ਵਿਚ ਭੀ ਉਸ ਨੂੰ ਆਰਾਮ[14] ਨਹੀਂ ਮਿਲਦਾ[15]।
ਪੇਈਅੜੈ[16] ਧਨ[17] ਕੰਤੁ[18] ਸਮਾਲੇ[19]॥ ਗੁਰ ਪਰਸਾਦੀ[20] ਵੇਖੈ[21] ਨਾਲੇ[22] ॥	The bride[17], who remembers[19] her Husband[18] in this world[16] by the Guru's grace[20], sees[21] Him just close[22] to her.	ਜਿਹੜੀ ਪਤਨੀ[17] ਇਸ ਜਹਾਨ[16] ਅੰਦਰ ਆਪਣੇ ਖ਼ਸਮ[18] ਨੂੰ ਯਾਦ ਕਰਦੀ[19] ਹੈ, ਗੁਰਾਂ ਦੀ ਦਇਆ[20] ਦੁਆਰਾ, ਉਹ ਉਸ ਨੂੰ ਆਪਣੇ ਐਨ ਲਾਗੇ[22] ਦੇਖਦੀ[21] ਹੈ।
ਪਿਰ[23] ਕੈ ਸਹਜਿ[24] ਰਹੈ ਰੰਗਿ[25] ਰਾਤੀ[26] ਸਬਦਿ[27] ਸਿੰਗਾਰੁ[28] ਬਣਾਵਣਿਆ[29] ॥ ੫ ॥	She easily[24] remains imbued[26] in the love[25] of her Beloved[23] and makes[29] His Word[27] her decoration[28].	ਉਹ ਸੁਖੈਨ[24] ਹੀ ਆਪਣੇ ਪ੍ਰੀਤਮ[23] ਦੀ ਪ੍ਰੀਤ[25] ਅੰਦਰ ਰੰਗੀ[26] ਰਹਿੰਦੀ ਹੈ ਅਤੇ ਉਸ ਦੇ ਸ਼ਬਦ[27] ਨੂੰ ਆਪਣਾ ਹਾਰ-ਸ਼ਿੰਗਾਰ[28] ਬਣਾਉਂਦੀ[29] ਹੈ।
ਸਫਲੁ[30] ਜਨਮੁ[31] ਜਿਨਾ ਸਤਿਗੁਰੁ ਪਾਇਆ ॥ ਦੂਜਾ ਭਾਉ[32] ਗੁਰ ਸਬਦਿ[33] ਜਲਾਇਆ[34] ॥	Fruitful[30] is the advent[31] of those, who have procured the True Guru and burnt[34] the temporal[32] love under the Guru's instruction[33].	ਫਲ-ਦਾਇਕ[30] ਹੈ ਉਨ੍ਹਾਂ ਦਾ ਆਗਮਨ[31] ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼[33] ਤਾਬੇ ਸੱਚੇ ਗੁਰਾਂ ਨੂੰ ਪਰਾਪਤ ਕੀਤਾ ਹੈ ਅਤੇ ਸੰਸਾਰੀ[32] ਮਮਤਾ ਨੂੰ ਸਾੜ[34] ਸੁਟਿਆ ਹੈ।
ਏਕੋ[35] ਰਵਿ ਰਹਿਆ[36] ਘਟ[37] ਅੰਤਰਿ[38] ਮਿਲਿ[39] ਸਤ-ਸੰਗਤਿ[40] ਹਰਿਗੁਣ[41] ਗਾਵਣਿਆ[42] ॥ ੬ ॥	By associating[39] with the society of the saints[40] they sing[42] the praises[41] of One God[35], who is contained[36] in[38] all the hearts[37].	ਸਾਧ ਸੰਗਤ[40] ਨਾਲ ਜੁੜ[39] ਕੇ ਉਹ ਇਕ ਵਾਹਿਗੁਰੂ[35] ਦਾ ਜੱਸ[41] ਗਾਇਨ[42] ਕਰਦੇ ਹਨ ਜੋ ਸਾਰਿਆਂ ਦਿਲਾਂ[37] ਅੰਦਰ[38] ਰਮਿਆ[36] ਹੋਇਆ ਹੈ।
ਸਤਿਗੁਰੁ ਨ ਸੇਵੇ[42*] ਸੋ[43] ਕਾਹੇ[44] ਆਇਆ ॥	Why[44] has he[43], who serves[42*] not the True Guru, come into this world ?	ਜੋ ਸੱਚੇ ਗੁਰਾਂ ਦੀ ਟਹਿਲ[42*] ਨਹੀਂ ਕਮਾਉਂਦਾ, ਉਹ[43] ਕਿਉਂ[44] ਇਸ ਸੰਸਾਰ ਅੰਦਰ ਆਇਆ ਹੈ ?
ਧ੍ਰਿਗੁ[45] ਜੀਵਣੁ[46] ਬਿਰਥਾ[47] ਜਨਮੁ[48] ਗਵਾਇਆ[49] ॥	Accursed[45] is his life[46]. He has lost[49] his human birth[48] in vain[47].	ਲਾਹਨਤ[45] ਹੈ ਉਸ ਦੀ ਜ਼ਿੰਦਗੀ[46] ਨੂੰ ! ਉਸ ਨੇ ਆਪਣਾ ਮਨੁੱਖੀ-ਜਨਮ[48] ਬੇ-ਫ਼ਾਇਦਾ[47] ਗੁਆ[49] ਲਿਆ ਹੈ।

ਮਨਮੁਖਿ[50] ਨਾਮੁ ਚਿਤਿ[51] ਨ ਆਵੈ ਬਿਨੁ[52] ਨਾਵੈ ਬਹੁ[53] ਦੁਖੁ ਪਾਵਣਿਆ[54] ॥ ੭ ॥

The mindward[50] remembers[51] not the Name. Without[52] God's Name, he suffers[54] great[53] misery.

ਮਨ-ਮਤੀਆ[50] ਨਾਮ ਦਾ ਸਿਮਰਨ[51] ਨਹੀਂ ਕਰਦਾ। ਹਰੀ ਨਾਮ ਦੇ ਬਾਝੋਂ[52] ਉਹ ਘਣੀ[53] ਤਕਲੀਫ ਉਠਾਉਂਦਾ[54] ਹੈ।

ਜਿਨਿ ਸਿਸਟਿ[55] ਸਾਜੀ[56] ਸੋਈ[57] ਜਾਣੈ ॥

He[57], who created[56] the world[55], knows everything about it.

ਜਿਸ ਨੇ ਸ੍ਰਿਸ਼ਟੀ[55] ਰਚੀ[56] ਹੈ, ਉਹ[57] ਇਸਦੇ ਮੁਤਅਲਕ ਸਭ ਕੁਝ ਜਾਣਦਾ ਹੈ।

ਆਪੇ[58] ਮੇਲੈ[59] ਸਬਦਿ[60] ਪਛਾਣੈ[61] ॥

The Lord blends[59] with Himself[58] those who ever keep in view[61] the Guru's instruction[60].

ਪ੍ਰਭੂ ਉਨ੍ਹਾਂ ਨੂੰ ਆਪਣੇ[58] ਨਾਲ ਮਿਲਾ[59] ਲੈਂਦਾ ਹੈ ਜੋ ਗੁਰਾਂ ਦੀ ਸਿਖ-ਮਤ[60] ਨੂੰ ਸਦਾ ਆਪਣੀਆਂ ਅੱਖਾਂ ਮੂਹਰੇ[61] ਰੱਖਦੇ ਹਨ।

ਨਾਨਕ ਨਾਮੁ ਮਿਲਿਆ[61]* ਤਿਨ[62] ਜਨ[63] ਕਉ ਜਿਨ ਧੁਰਿ[64] ਮਸਤਕਿ[65] ਲੇਖੁ[66] ਲਿਖਾਵਣਿਆ[67] ॥ ੮ ॥ ੧ ॥ ੩੨ ॥ ੩੩ ॥

Nanak, only those[62] persons[63] receive[61]* the Name on whose forehead[65] such a writ[66] is recorded[67] by the primal Lord[64].

ਨਾਨਕ, ਕੇਵਲ ਉਹੀ[62] ਪੁਰਸ਼[63] ਨਾਮ ਨੂੰ ਹਾਸਲ[61]* ਕਰਦੇ ਹਨ ਜਿਨ੍ਹਾਂ ਦੇ ਮੱਥੇ[65] ਉਤੇ ਐਸੀ ਲਿਖਤਾਕਾਰ[66] ਆਦਿ ਪ੍ਰਭੂ[64] ਨੇ ਲਿਖੀ[67] ਹੋਈ ਹੈ।

ਮਾਝ ਮਹਲਾ ੪ ॥

Majh, Fourth Guru.

ਮਾਝ, ਚਉਥੀ ਪਾਤਸ਼ਾਹੀ।

ਆਦਿ ਪੁਰਖੁ[68] ਅਪਰੰਪਰੁ[69] ਆਪੇ[70] ॥

The primal Being[68], Remotest of the remote[69], is all by Himself[70].

ਪਰੇ ਤੋਂ ਪਰੇ[69] ਆਦਿ ਨਿਰੰਕਾਰ[68] ਸਾਰਾ ਕੁਛ ਆਪਣੇ ਆਪ[70] ਤੋਂ ਹੈ।

ਆਪੇ[71] ਥਾਪੇ[72] ਥਾਪਿ[73] ਉਥਾਪੇ[74] ॥

Himself[71], He establishes[72] and having established[73], Himself dis-establishes[74].

ਆਪ[71] ਉਹ ਸਥਾਪਨ[72] ਕਰਦਾ ਹੈ ਅਤੇ ਸਥਾਪਨ[73] ਕਰਕੇ ਆਪ ਹੀ ਪੁਟ ਸੁਟਦਾ[74] ਹੈ।

ਸਭ[75] ਮਹਿ[76] ਵਰਤੈ[77] ਏਕੋ[78] ਸੋਈ[79] ਗੁਰਮੁਖਿ[80] ਸੋਭਾ[81] ਪਾਵਣਿਆ ॥ ੧ ॥

Amongst[76] all[75] that[79] One Lord[78] is contained[77]. Realising Him as such the Guru-wards[80] obtain honour[81].

ਸਾਰਿਆਂ[75] ਅੰਦਰ[76] ਉਹ[79] ਇਕ ਪ੍ਰਭੂ[78] ਰਮਿਆ[77] ਹੋਇਆ ਹੈ। ਉਸ ਨੂੰ ਇਸ ਤਰ੍ਹਾਂ ਅਨੁਭਵ ਕਰਕੇ ਗੁਰੂ-ਸਮਰਪਣ[80] ਇੱਜ਼ਤ-ਆਬਰੂ[81] ਪਾਉਂਦੇ ਹਨ।

ਹਉ ਵਾਰੀ ਜੀਉ ਵਾਰੀ ਨਿਰੰਕਾਰੀ[82] ਨਾਮੁ ਧਿਆਵਣਿਆ[83] ॥

I am a sacrifice, and my life is a sacrifice unto those who ponder[83] on the Name of the formless One[82].

ਮੈਂ ਕੁਰਬਾਨ ਹਾਂ, ਅਤੇ ਮੇਰੀ ਜਿੰਦਗੀ ਕੁਰਬਾਨ ਹੈ ਉਨ੍ਹਾਂ ਉਤੋਂ ਜੋ ਅਕਾਰ-ਰਹਿਤ[82] ਪੁਰਖ ਦੇ ਨਾਮ ਦਾ ਅਰਾਧਨ[83] ਕਰਦੇ ਹਨ।

੧੩੦

130

੧੩੦

ਤਿਸੁ[84] ਰੂਪੁ[85] ਨ ਰੇਖਿਆ[86] ਘਟਿ ਘਟਿ[87] ਦੇਖਿਆ[88] ਗੁਰਮੁਖਿ[89] ਅਲਖੁ[90] ਲਖਾਵਣਿਆ[91] ॥ ੧ ॥ ਰਹਾਉ ॥

He[84] has no form[85] or out line[86], and is seen[88] within all the hearts[87]. The inscrutable[90] Lord is known[91] through the Guru[89]. Pause.

ਉਸ[84] ਦਾ ਕੋਈ ਸਰੂਪ[85] ਜਾਂ ਚੱਕਰ-ਚਿਹਨ[86] ਨਹੀਂ, ਅਤੇ ਉਹ ਸਾਰਿਆਂ ਦਿਲਾਂ[87] ਅੰਦਰ ਵੇਖਿਆ[88] ਜਾਂਦਾ ਹੈ। ਭੇਦ-ਰਹਿਤ[90] ਸੁਆਮੀ ਗੁਰਾਂ ਦੇ ਰਾਹੀਂ[89] ਜਾਣਿਆ[91] ਜਾਂਦਾ ਹੈ। ਠਹਿਰਾਉ।

ਤੂ ਦਇਆਲੁ[92] ਕਿਰਪਾਲੁ[93] ਪ੍ਰਭੁ[94] ਸੋਈ[95] ॥ ਤੁਧੁ ਬਿਨੁ[96] ਦੂਜਾ ਅਵਰੁ[97] ਨ ਕੋਈ ॥

Thou art such[95] a merciful[92] and compassionate[93] Lord[94] that besides[96] Thee there is not any other[97].

ਤੂੰ ਐਸਾ[95] ਮਿਹਰਬਾਨ[92] ਤੇ ਮਇਆਵਾਨ[93] ਮਾਲਕ[94] ਹੈਂ ਕਿ ਤੇਰੇ ਬਾਝੋਂ[96] ਹੋਰ ਕੋਈ[97] ਭੀ ਨਹੀਂ।

ਗੁਰੁ ਪਰਸਾਦੁ[98] ਕਰੇ[99] ਨਾਮੁ ਦੇਵੈ[100] ਨਾਮੇ[2] ਨਾਮਿ[3]

If the Guru shows[99] mercy[98], he bestows[100] the Name. Through

ਜੇਕਰ ਵਾਹਿਗੁਰੂ ਮਿਹਰ[98] ਧਾਰੇ[99] ਉਹ ਨਾਮ ਬਖਸ਼ਦਾ[100] ਹੈ। ਨਾਮ ਦੇ ਸਿਮਰਨ[3] ਰਾਹੀਂ ਇਨਸਾਨ ਨਾਮ

ਸਮਾਵਣਿਆ[4] ॥੨॥	Name's meditation[3] man merges[4] in Lord, the Name incarnate[2].	ਸਰੂਪ[2] ਪ੍ਰਭੂ ਅੰਦਰ ਲੀਨ[4] ਹੋ ਜਾਂਦਾ ਹੈ।
ਤੂੰ ਆਪੇ[5] ਸਚਾ ਸਿਰਜਣਹਾਰਾ[6] ॥	Thou Thyself[5] art the True Creator[6].	ਤੂੰ ਆਪੇ[5] ਹੀ ਸੱਚਾ ਕਰਤਾਰ[6] ਹੈਂ।
ਭਗਤੀ[7] ਭਰੇ[8] ਤੇਰੇ ਭੰਡਾਰਾ[9] ॥	Thine treasures[9] are brimful[8] of Divine devotion[7].	ਤੇਰੇ ਖ਼ਜ਼ਾਨੇ[9] ਈਸ਼ਵਰੀ ਅਨੁਰਾਗ[7] ਨਾਲ ਪਰੀਪੂਰਨ[8] ਹਨ।
ਗੁਰਮੁਖਿ[10] ਨਾਮੁ ਮਿਲੈ[11] ਮਨੁ[12] ਭੀਜੈ[13] ਸਹਜਿ[14] ਸਮਾਧਿ[15] ਲਗਾਵਣਿਆ[16] ॥੩॥	On obtaining[11] God's Name, the Guruward's[10] soul[12] is enraptured[13] and he easily[14] enters into[16] profound concentration[15].	ਹਰੀ ਨਾਮ ਪਰਾਪਤ[11] ਹੋਣ ਨਾਲ ਗੁਰੂ-ਸਮਰਪਣ[10] ਦੀ ਆਤਮਾ[12] ਪਰਮ-ਪ੍ਰਸੰਨ[13] ਹੋ ਜਾਂਦੀ ਹੈ ਅਤੇ ਉਹ ਸੁਖੈਨ[14] ਹੀ ਅਫੁਰ ਇਕਾਗਰਤਾ[15] ਅੰਦਰ ਪ੍ਰਵੇਸ਼ ਕਰ[16] ਜਾਂਦਾ ਹੈ।
ਅਨਦਿਨੁ[17] ਗੁਣ[18] ਗਾਵਾ[19] ਪ੍ਰਭ ਤੇਰੇ ॥	Night and day[17] I sing[19] Thine praises[18], O' my Lord !	ਰੈਣ ਦਿਹੁੰ[17] ਮੈਂ ਤੇਰਾ ਜੱਸ[18] ਗਾਇਨ[19] ਕਰਦਾ ਹਾਂ, ਹੇ ਮੇਰੇ ਸੁਆਮੀ !
ਤੁਧੁ ਸਾਲਾਹੀ[20] ਪ੍ਰੀਤਮ[21] ਮੇਰੇ ॥	Thee I eulogise[20], O' my Beloved[21] !	ਤੇਰੀ ਹੀ ਮੈਂ ਪਰਸੰਸਾ[20] ਕਰਦਾ ਹਾਂ, ਹੇ ਮੇਰੇ ਦਿਲਬਰ[21]।
ਤੁਧੁ ਬਿਨੁ ਅਵਰੁ[22] ਨ ਕੋਈ ਜਾਚਾ[23] ਗੁਰ ਪਰਸਾਦੀ[24] ਤੂੰ ਪਾਵਣਿਆ[25] ॥੪॥	Without Thee I beg[23] not any other[22]. By the Guru's grace[24] Thou art attained[25] to.	ਤੇਰੇ ਬਗੈਰ ਮੈਂ ਹੋਰ ਕਿਸੇ[22] ਕੋਲੋਂ ਨਹੀਂ ਮੰਗਦਾ[23]। ਗੁਰਾਂ ਦੀ ਦਇਆ[24] ਦੁਆਰਾ ਤੂੰ ਪਰਾਪਤ[25] ਹੁੰਦਾ ਹੈਂ।
ਅਗਮ[26] ਅਗੋਚਰੁ[27] ਮਿਤਿ[28] ਨਹੀ ਪਾਈ[29] ॥	The extent[28] of the inaccessible[26] and incomprehensible[27] Lord cannot be known[29].	ਪਹੁੰਚ ਤੋਂ ਪਰੇ[26] ਤੇ ਸਮਝ ਸੋਚ ਤੋਂ ਉਚੇਰੇ[27] ਪ੍ਰਭੂ ਦਾ ਵਿਸਥਾਰ[28] ਜਾਣਿਆ[29] ਨਹੀਂ ਜਾ ਸਕਦਾ।
ਅਪਣੀ ਕ੍ਰਿਪਾ[30] ਕਰਹਿ[31] ਤੂੰ ਲੇਹਿ ਮਿਲਾਈ[32] ॥	Showing[31] Thy mercy[30] Thou blendest[32] the mortal with Thee.	ਆਪਣੀ ਰਹਿਮਤ[30] ਧਾਰ[31] ਕੇ ਤੂੰ ਪ੍ਰਾਣੀ ਨੂੰ ਆਪਣੇ ਨਾਲ ਅਭੇਦ[32] ਕਰ ਲੈਂਦਾ ਹੈਂ।
ਪੂਰੇ[33] ਗੁਰ ਕੈ ਸਬਦਿ[34] ਧਿਆਈਐ[35] ਸਬਦੁ[38] ਸੇਵਿ[36] ਸੁਖੁ[37] ਪਾਵਣਿਆ[39] ॥੫॥	By the perfect[33] Guru's instruction[34] the Lord is meditated[35] upon. By serving[36] the Lord[38], peace[37] is obtained[39].	ਪੂਰਨ[33] ਗੁਰਾਂ ਦੇ ਉਪਦੇਸ਼[34] ਦੁਆਰਾ ਸਾਹਿਬ ਦਾ ਸਿਮਰਨ[35] ਕੀਤਾ ਜਾਂਦਾ ਹੈ। ਸਾਹਿਬ[38] ਦੀ ਘਾਲ ਘਾਲਣ[36] ਦੁਆਰਾ ਆਰਾਮ[37] ਪਰਾਪਤ[39] ਹੁੰਦਾ ਹੈ।
ਰਸਨਾ[40] ਗੁਣਵੰਤੀ[41] ਗੁਣ[42] ਗਾਵੈ ॥	Meritorious[41] is the tongue[40] which chants the Lord's excellences[42].	ਗੁਣਵਾਨ[41] ਹੈ ਉਹ ਜਿਹਬਾ[40] ਜਿਹੜੀ ਪ੍ਰਭੂ ਦੀਆਂ ਵਡਿਆਈਆਂ[42] ਗਾਇਨ ਕਰਦੀ ਹੈ।
ਨਾਮੁ ਸਲਾਹੇ[43] ਸਚੇ[44] ਭਾਵੈ[45] ॥	By praising[43] the Name one becomes pleasing[45] to the True Lord[44].	ਨਾਮ ਦੀ ਉਪਮਾ[43] ਕਰਨ ਦੁਆਰਾ ਜੀਵ ਸੱਚੇ ਸੁਆਮੀ[44] ਨੂੰ ਚੰਗਾ ਲੱਗਣ[45] ਲੱਗ ਜਾਂਦਾ ਹੈ।
ਗੁਰਮੁਖਿ[46] ਸਦਾ[47] ਰਹੈ ਰੰਗਿ[48] ਰਾਤੀ[49] ਮਿਲਿ ਸਚੇ ਸੋਭਾ[50] ਪਾਵਣਿਆ ॥੬॥	The pious bride[46] ever[47] remains imbued[49] with her Spouse's love[48], and meeting the True One obtains magnificence[50].	ਪਵਿੱਤ੍ਰ ਪਤਨੀ[46] ਸਦੀਵ[47] ਹੀ ਆਪਣੇ ਪਤੀ ਦੇ ਪ੍ਰੇਮ[48] ਨਾਲ ਰੰਗੀ ਰਹਿੰਦੀ[49] ਹੈ ਅਤੇ ਸਤਿ ਪੁਰਖ ਨੂੰ ਮਿਲ ਕੇ ਕੀਰਤੀ[50] ਨੂੰ ਪਰਾਪਤ ਹੁੰਦੀ ਹੈ।
ਮਨਮੁਖੁ[51] ਕਰਮ[52] ਕਰੇ ਅਹੰਕਾਰੀ[53] ॥	The egocentric[51] does his affairs[52] in egotism[53].	ਮਨ-ਮਤੀਆ[51] ਆਪਣੇ ਕੰਮ[52] ਹੰਕਾਰ[53] ਵਿਚ ਕਰਦਾ ਹੈ।

ਜੂਐ[54] ਜਨਮੁ[55] ਸਭੁ[56] ਬਾਜੀ[57] ਹਾਰੀ[58] ||

He loses[58] his entire[56] life[55] in the game[57] of gamble[54].

ਉਹ ਆਪਣਾ ਸਾਰਾ[56] ਜੀਵਨ[55] ਜੂਏ[54] ਦੀ ਖੇਡ[57] ਵਿਚ ਹਾਰ[58] ਦਿੰਦਾ ਹੈ ।

ਅੰਤਰਿ[59] ਲੋਭੁ[60] ਮਹਾ[61] ਗੁਬਾਰਾ[62] ਫਿਰਿ[63] ਫਿਰਿ ਆਵਣ ਜਾਵਣਿਆ[64] ||੭||

Within[59] him is the supreme[61] darkness[62] of avarice[60], so he continues coming and going[64], again and again[63].

ਉਸ ਦੇ ਅੰਦਰ[59] ਲਾਲਚ[60] ਦਾ ਪਰਮ[61] ਅਨ੍ਹੇਰਾ[62] ਹੈ, ਇਸ ਲਈ ਉਹ ਮੁੜ ਮੁੜ[63] ਕੇ ਆਉਂਦਾ ਤੇ ਜਾਂਦਾ[64] ਰਹਿੰਦਾ ਹੈ ।

ਆਪੇ[65] ਕਰਤਾ[66] ਦੇ[67] ਵਡਿ-ਆਈ[68] ||ਜਿਨ ਕਉ[72] ਆਪਿ ਲਿਖਤੁ[70] ਧੁਰਿ[71] ਪਾਈ ||

Himself[65] the Creator[66] grants[67] glory[68] to those for whom[72] He had so [71]pre-ordained[70] Himself.

ਆਪ[65] ਹੀ ਸਿਰਜਣਹਾਰ[66] ਉਨ੍ਹਾਂ ਨੂੰ ਪ੍ਰਭਤਾ[68] ਬਖਸ਼ਦਾ[67] ਹੈ ਜਿਨ੍ਹਾਂ[72] ਲਈ ਉਸ ਨੇ ਖੁਦ ਮੁੱਢ ਤੋਂ ਐਸਾ ਲਿਖਿਆ ਹੋਇਆ[70] ਹੁੰਦਾ ਹੈ ।

ਨਾਨਕ ਨਾਮੁ ਮਿਲੈ[73] ਭਉ ਭੰਜਨੁ[74] ਗੁਰਸਬਦੀ[75] ਸੁਖੁ[76] ਪਾਵਣਿਆ || ੮ || ੧ || ੩੪ ||

Nanak, they who receive[73] the Name of the God, the destroyer of fear[74], under the Guru's guidance[75], obtain peace[76].

ਨਾਨਕ, ਜੋ ਡਰ ਦੇ ਨਾਸ[74] ਕਰਨਹਾਰ ਵਾਹਿਗੁਰੂ ਦੇ ਨਾਮ ਨੂੰ, ਗੁਰਾਂ ਦੀ ਅਗਵਾਈ[75] ਤਾਬੇ ਪਾਉਂਦੇ[73] ਹਨ, ਉਹ ਆਰਾਮ[76] ਨੂੰ ਪਰਾਪਤ ਹੋ ਜਾਂਦੇ ਹਨ ।

ਮਾਝ ਮਹਲਾ ੫ ਘਰੁ ੧ ||

Majh, Fifth Guru.

ਮਾਝ, ਪੰਜਵੀਂ ਪਾਤਸ਼ਾਹੀ ।

ਅੰਤਰਿ[77] ਅਲਖੁ[78] ਨ ਜਾਈ ਲਖਿਆ[79] ||

Within the mind[77] is the unseen[78] Lord but He cannot be seen[79].

ਹਿਰਦੇ[77] ਦੇ ਅੰਦਰ ਅਦ੍ਰਿਸ਼ਟ ਸੁਆਮੀ[78] ਹੈ ਪਰ ਉਹ ਵੇਖਿਆ[79] ਨਹੀਂ ਜਾ ਸਕਦਾ ।

ਨਾਮੁ ਰਤਨੁ[80] ਲੈ[83] ਗੁਝਾ[81] ਰਖਿਆ[82] ||

Taking[83] the Name jewel[80] He has kept[82] it concealed[81] within.

ਨਾਮ ਦੇ ਹੀਰੇ[80] ਨੂੰ ਲੈ ਕੇ[83] ਉਸ ਨੇ ਇਸ ਨੂੰ ਅੰਦਰ ਲੁਕਾ[81] ਕੇ ਰਖਿਆ[82] ਹੋਇਆ ਹੈ ।

ਅਗਮੁ[84] ਅਗੋਚਰੁ[85] ਸਭ ਤੇ ਊਚਾ[86] ਗੁਰ ਕੈ ਸਬਦਿ[87] ਲਖਾਵਣਿਆ[88] || ੧ ||

The unapproachable[84] and unapprehensible[85] Lord is the highest[86] of all. By the Guru's instruction[87] He is known[88].

ਪਹੁੰਚ ਤੋਂ ਪਰੇਡੇ[84] ਅਤੇ ਸਮਝ ਸੋਚ ਤੋਂ ਉਚੇਰਾ[85] ਸੁਆਮੀ ਸਾਰਿਆਂ ਨਾਲੋਂ ਬੁਲੰਦ[86] ਹੈ । ਗੁਰਾਂ ਦੇ ਉਪਦੇਸ਼[87] ਦੁਆਰਾ ਉਹ ਜਾਣਿਆ[88] ਜਾਂਦਾ ਹੈ ।

ਹਉ ਵਾਰੀ ਜੀਉ ਵਾਰੀ ਕਲਿ[89] ਮਹਿ[90] ਨਾਮੁ ਸੁਣਾਵਣਿਆ[91] ||

I am devoted, and my soul is devoted unto those who in[90] this dark age[89] preach[91] God's Name.

ਮੈਂ ਸਦਕੇ ਹਾਂ ਅਤੇ ਮੇਰੀ ਜਿੰਦੜੀ ਸਦਕੇ ਹੈ ਉਨ੍ਹਾਂ ਉਤੋਂ ਜੋ ਇਸ ਕਲਜੁਗ[89] ਅੰਦਰ[90] ਹਰੀ ਦੇ ਨਾਮ ਨੂੰ ਪਰਚਾਰਦੇ[91] ਹਨ ।

ਸੰਤ ਪਿਆਰੇ[92] ਸਚੈ[93] ਧਾਰੇ[94] [95]ਵਡਭਾਗੀ[96] ਦਰਸਨੁ[97] ਪਾਵਣਿਆ[98] ||੧|| ਰਹਾਉ||

The lovely[92] saints are established[94] by the True Lord[93]. Through the greatest[95] good luck[96] their sight[97] is had[98]. Pause.

ਲਾਡਲੇ[92] ਸਾਧੂ, ਸਤਿਪੁਰਖ[93] ਦੇ ਅਸਥਾਪਨ[94] ਕੀਤੇ ਹੋਏ ਹਨ, ਭਾਰੇ[95] ਭਲੇ ਨਸੀਬਾਂ[96] ਦੁਆਰਾ ਉਹਨਾਂ ਦਾ ਦੀਦਾਰ[97] ਪਰਾਪਤ[98] ਹੁੰਦਾ ਹੈ । ਠਹਿਰਾਉ ।

ਸਾਧਿਕ[99] ਸਿਧ[100] ਜਿਸੈ[2] ਕਉ ਫਿਰਦੇ[3] || ਬ੍ਰਹਮੇ[4] ਇੰਦ੍ਰ[5] ਧਿਆਇਨਿ[6] ਹਿਰਦੇ[7] || ਕੋਟਿ[8] ਤੇਤੀਸਾ[9] ਖੋਜਹਿ[10] ਤਾ ਕਉ[11] ਗੁਰ ਮਿਲਿ[12] ਹਿਰਦੈ[13]

Whom[2] the perfect persons[100] and strivers[99] seek[3], and the god of creation[4] and the god of rain[5] remember[6] in their hearts[7], and whom[11] the thirty-three[9] millions[8] of demigods search[10], by meeting[12] the Guru His praises

ਜਿਸ[2] ਨੂੰ ਪੂਰਨ ਪੁਰਸ਼[100] ਤੇ ਅਭਿਲਾਸ਼ੀ[99] ਲੱਭਦੇ ਫਿਰਦੇ[3] ਹਨ, ਤੇ ਉਤਪਤੀ ਦਾ ਦੇਵਤਾ[4] ਤੇ ਬਾਰਸ਼ ਦਾ ਦੇਵਤਾ[5] ਆਪਣੇ ਦਿਲ[7] ਵਿਚ ਯਾਦ[6] ਕਰਦੇ ਹਨ, ਅਤੇ ਜਿਸ[11] ਨੂੰ ਤੇਤੀ[9] ਕਰੋੜ[8] ਦੇਵ ਭਾਲਦੇ[10] ਹਨ, ਗੁਰਾਂ ਨੂੰ ਭੇਟ[12] ਕੇ ਉਸ ਦਾ ਜੱਸ ਮੈਂ ਆਪਣੇ ਮਨ[13] ਅੰਦਰ ਗਾਇਨ[14] ਕਰਦਾ ਹਾਂ ।

ਗਾਵਣਿਆ[14] ॥ ੨ ॥	do I sing[14] in my mind[13].	
ਆਠ ਪਹਰ[15] ਤੁਧੁ[16] ਜਾਪੈ[17] ਪਵਨਾ[18] ॥	Through night and day[15] on Thee[16] the air[18] reflects[17].	ਸਮੂਹ ਰੈਣ[15] ਦਿਹੁੰ ਹਵਾ[18] ਤੇਰਾ[16] ਅਰਾਧਨ[17] ਕਰਦੀ ਹੈ ।
ਧਰਤੀ[19] ਸੇਵਕ[20] ਪਾਇਕ[21] ਚਰਨਾ[22] ॥	The earth[19] is Thy servant[20], a slave[21] of Thine feet[22].	ਜ਼ਮੀਨ[19] ਤੇਰੀ ਦਾਸੀ[20] ਹੈ, ਤੇਰੇ ਪੈਰਾਂ[22] ਦੀ ਗੋਲੀ[21] ।
ਖਾਣੀ[23] ਬਾਣੀ[24] ਸਰਬ ਨਿਵਾਸੀ[25] ਸਭਨਾ[26] ਕੈ ਮਨਿ[27] ਭਾਵਣਿਆ[28] ॥੩॥	In the beings of four sources of creation[23] and their speech[24], Thou art. The All-pervading[25] Lord is pleasing[28] to the hearts[27] of all[26].	ਉਤਪਤੀ ਦੇ ਚਾਰੇ[23] ਸੋਮਿਆਂ ਦੇ ਜੀਵਾਂ ਤੇ ਉਨ੍ਹਾਂ ਦੀਆਂ ਬੋਲੀਆਂ[24] ਵਿਚ ਤੂੰ ਹੈਂ । ਸਾਰਿਆਂ ਵਿਚ ਵਿਆਪਕ[25] ਸਾਈਂ ਸਭਨਾਂ[26] ਦੇ ਦਿਲਾਂ[27] ਨੂੰ ਚੰਗਾ ਲੱਗਦਾ[28] ਹੈ ।
ਸਾਚਾ ਸਾਹਿਬੁ[29] ਗੁਰਮੁਖਿ[30] ਜਾਪੈ[31] ॥ ਪੂਰੈ[32] ਗੁਰ ਕੈ ਸਬਦਿ[33] ਸਿਞਾਪੈ[34] ॥	The True Lord[29] is known[31] through the[30] Guru, and is recognised[34] by means of the hymns[33] of the perfect Guru[32].	ਸੱਚਾ ਸੁਆਮੀ[29] ਗੁਰਾਂ ਦੇ ਰਾਹੀਂ[30] ਜਾਣਿਆ[31] ਜਾਂਦਾ ਹੈ ਅਤੇ ਪੂਰਨ[32] ਗੁਰਾਂ ਦੀ ਬਾਣੀ[33] ਦੇ ਜ਼ਰੀਏ ਪਛਾਣੀਦਾ[34] ਹੈ ।
ਜਿਨ[40] ਪੀਆ[35] ਸੇਈ[36] ਤ੍ਰਿਪਤਾਸੈ[37] ਸਚੇ ਸਚਿ[38] ਅਘਾਵਣਿਆ[39] ॥ ੪ ॥	They[36], who[40] quaff[35] the Lord's elixir, are satiated[37]. With the Truest of the true[38] the mortal is sated[39].	ਜੋ[40] ਸਾਈਂ ਦੇ ਅੰਮ੍ਰਿਤ ਨੂੰ ਪਾਨ[35] ਕਰਦੇ ਹਨ ਉਹ[36] ਰੱਜ[37] ਜਾਂਦੇ ਹਨ । ਸਚਿਆਰਾਂ ਦੇ ਪਰਮ[38] ਸਚਿਆਰ ਨਾਲ ਪ੍ਰਾਣੀ ਧਰਾਪ[39] ਜਾਂਦਾ ਹੈ ।
ਤਿਸੁ[41] ਘਰਿ[42] ਸਹਜਾ[43] ਸੋਈ[44] ਸੁਹੇਲਾ[45] ॥	In his[41] home[42] is the Divine knowledge[43], and he[44] is comfortable[45].	ਉਸ[41] ਦੇ ਗ੍ਰਿਹ[42] ਅੰਦਰ ਬ੍ਰਹਿਮ-ਗਿਆਨ[43] ਹੈ ਅਤੇ ਉਹੀ[44] ਸੁਖੀ[45] ਹੈ ।
ਅਨਦ[46] ਬਿਨੋਦ[47] ਕਰੇ[48] ਸਦ[49] ਕੇਲਾ[50] ॥	He makes merry[46], enjoys[48] pleasures[47] and ever[49] revels[50].	ਉਹ ਮੌਜਾਂ[46] ਲੁਟਦਾ ਹੈ, ਅਨੰਦ[47] ਮਾਣਦਾ[48] ਹੈ ਅਤੇ ਸਦੀਵ[49] ਹੀ ਰੰਗ-ਰਲੀਆਂ[50] ਕਰਦਾ ਹੈ ।
ਸੋ[51] ਧਨਵੰਤਾ[52] ਸੋ ਵਡ[53] ਸਾਹਾ[54] ਜੋ[58] ਗੁਰ ਚਰਣੀ[55] ਮਨੁ[56] ਲਾਵਣਿਆ[57] ॥੫॥	He[51] is the man of wealth[52], and he is the great[53] king[54], who[58] fixes[57] his mind[56] on the Guru's feet[55].	ਉਹ[51] ਦੌਲਤਮੰਦ[52] ਹੈ, ਅਤੇ ਉਹੀ ਪਰਮ[53] ਪਾਤਸ਼ਾਹ[54], ਜਿਹੜਾ[58] ਗੁਰਾਂ ਦੇ ਪੈਰਾਂ[55] ਨਾਲ ਆਪਣੇ ਚਿੱਤ[56] ਨੂੰ ਜੋੜਦਾ[57] ਹੈ ।
ਪਹਿਲੋ[59] ਦੇ ਤੈਂ ਰਿਜਕੁ[60] ਸਮਾਹਾ[61] ॥	Firstly[59] Thou reached[61] Sustenance[60].	ਪ੍ਰਿਥਮੇ[59] ਤੂੰ ਰੋਜ਼ੀ[60] ਪੁਚਾਈ[61] ।
ਪਿਛੋ[62] ਦੇ ਤੈਂ ਜੰਤੁ[63] ਉਪਾਹਾ[64] ॥	Afterwards[62] Thou Created[64] the beings[63].	ਮਗਰੋਂ[62] ਤੈਂ ਜੀਵ[63] ਪੈਦਾ[64] ਕੀਤੇ ।
ਤੁਧੁ ਜੇਵਡੁ[65] ਦਾਤਾ[66] ਅਵਰੁ[68] ਨ ਸੁਆਮੀ ਲਵੈ[67] ਨ ਕੋਈ ਲਾਵਣਿਆ[69] ॥ ੬ ॥	So great[65] bestower[66] as Thou art there is not any other[68], O' Lord ! None can approach[69] near[67] Thee in eminence.	ਤੇਰੇ ਜਿੱਡਾ ਵੱਡਾ[65] ਦਾਤਾਰ[66] ਹੋਰ[68] ਕੋਈ ਨਹੀਂ ਹੇ ਸਾਹਿਬ ! ਮਹਾਨਤਾ ਵਿਚ ਕੋਈ ਤੇਰੇ ਲਾਗੇ[67] ਭੀ ਨਹੀਂ ਲੱਗ[69] ਸਕਦਾ ।
ਜਿਸੁ ਤੂੰ ਤੁਠਾ[70] ਸੋ[71] ਤੁਧੁ ਧਿਆਏ[72] ॥	He[71], with whom Thou art mightily pleased[70], meditates[72] on Thee, O' Lord !	ਜਿਸ ਉਤੇ ਤੂੰ ਪਰਮ[70] ਪਰਸੰਨ ਹੋਇਆ ਹੈਂ, ਉਹ[71] ਤੈਨੂੰ ਸਿਮਰਦਾ[72] ਹੈ, ਹੇ ਪ੍ਰਭੂ !
ਸਾਧ ਜਨਾ[73] ਕਾ ਮੰਤ੍ਰ[74]	He acts up to[75] the instruction[74] of	ਉਹ ਪਵਿੱਤ੍ਰ ਪੁਰਸ਼ਾਂ[73] ਦੀ ਸਿਖਿਆ[74] ਤੇ ਅਮਲ[75]

ਕਮਾਏ[75] ॥	the holy men[73].	ਕਰਦਾ ਹੈਂ।
ਆਪਿ[76] ਤਰੈ[77] ਸਗਲੇ[78] ਕੁਲ[79] ਤਾਰੈ[80] ਤਿਸੁ[81] ਦਰਗਹ[82] ਠਾਕ[83] ਨ ਪਾਵਣਿਆ[84] ॥੭॥	He swims across[77] himself[76] and saves[80] his entire[78] lineage[79]. In the Lord's[82] Court he[81] meets[84] with no obstruction[83].	ਉਹ ਖ਼ੁਦ[76] ਪਾਰ ਉਤਰ[77] ਜਾਂਦਾ ਹੈ ਅਤੇ ਆਪਣੀ ਸਾਰੀ[78] ਵੰਸ[79] ਨੂੰ ਭੀ ਪਾਰ[80] ਕਰ ਲੈਂਦਾ ਹੈ। ਸਾਈਂ ਦੇ ਦਰਬਾਰ[82] ਅੰਦਰ ਉਸ[81] ਨੂੰ ਕੋਈ ਰੋਕ ਟੋਕ[83] ਨਹੀਂ ਹੁੰਦੀ[84]।
੧੩੧	**131**	**੧੩੧**
ਤੂੰ ਵਡਾ[85] ਤੂੰ ਊਚੋ[86] ਊਚਾ ॥	Thou art great[85], Thou art the highest of the high[86].	ਤੂੰ ਮਹਾਨ[85] ਹੈਂ, ਤੂੰ ਬੁਲੰਦਾਂ[86] ਦਾ ਪਰਮ-ਬੁਲੰਦ ਹੈਂ।
ਤੂੰ ਬੇਅੰਤੁ[87] ਅਤਿ[88] ਮੂਚੋ[89] ਮੂਚਾ ॥	Thou art infinite[87] and the supremely[88] grandest[89] of the grand.	ਤੂੰ ਅਨੰਤ[87] ਹੈਂ ਅਤੇ ਵਡਿਆਂ ਵਿਚੋਂ ਪਰਮ[88] ਵੱਡਾ[89]।
ਹਉ[94] ਕੁਰਬਾਣੀ[90] ਤੇਰੈ ਵੰਞਾ[91] ਨਾਨਕ ਦਾਸ[92] ਦਸਾਵਣਿਆ[93] ॥੮॥੧॥੩੫॥	I[94] am[91] a sacrifice[90] unto Thee. Nanak is the slave[92] of Thine slaves[93].	ਮੈਂ[94] ਤੇਰੇ ਉਤੋਂ ਬਲਿਹਾਰਨੇ[90] ਜਾਂਦਾ ਹਾਂ[91]। ਨਾਨਕ ਤੇਰਿਆਂ ਦਾਸਾਂ[93] ਦਾ ਦਾਸ[92] ਹੈ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ।
ਕਉਣੁ[95] ਸੁ ਮੁਕਤਾ[96] ਕਉਣੁ ਸੁ ਜੁਗਤਾ[97] ॥	Who[95] is emancipated[96] and who is united[97]?	ਕੌਣ[95] ਬੰਦ-ਖ਼ਲਾਸ[96] ਹੈ ਤੇ ਕੌਣ ਜੁੜਿਆ[97] ਹੋਇਆ ਹੈ?
ਕਉਣੁ ਸੁ ਗਿਆਨੀ[98] ਕਉਣੁ ਸੁ ਬਕਤਾ[99] ॥	Who is a Divine[98] and who is a preacher[99]?	ਕੌਣ ਬ੍ਰਹਿਮਬੇਤਾ[98] ਹੈ ਅਤੇ ਕੌਣ ਪ੍ਰਚਾਰਕ[99]?
ਕਉਣੁ ਸੁ ਗਿਰਹੀ[100] ਕਉਣੁ ਉਦਾਸੀ[2] ਕਉਣੁ ਸੁ ਕੀਮਤਿ[3] ਪਾਏ[4] ਜੀਉ ॥੧॥	Who is the house-holder[100] and who the renouncer[2]? Who can appraise[4] the Lord's worth[3]?	ਕੌਣ ਘਰਬਾਰੀ[100] ਹੈ ਅਤੇ ਕੌਣ ਤਿਆਗੀ[2]? ਸੁਆਮੀ ਦਾ ਮੁੱਲ[3] ਕੌਣ ਪਾ[4] ਸਕਦਾ ਹੈ?
ਕਿਨਿ ਬਿਧਿ[5] ਬਾਧਾ[6] ਕਿਨਿ ਬਿਧਿ ਛੂਟਾ[7] ॥	How[5] is man bound[6] and how is he delivered[7]?	ਕਿਸ ਤਰ੍ਹਾਂ[5] ਬੰਦਾ ਬਝਿਆ[6] ਹੋਇਆ ਹੈ ਅਤੇ ਕਿਸ ਤਰ੍ਹਾਂ ਉਹ ਆਜ਼ਾਦ[7] ਹੁੰਦਾ ਹੈ?
ਕਿਨਿ[8] ਬਿਧਿ[9] ਆਵਣੁ[10] ਜਾਵਣੁ[11] ਤੂਟਾ[12] ॥	In what[8] way[9] can he escape[12] from coming[10] and going[11]?	ਕਿਸ[8] ਤਰੀਕੇ[9] ਨਾਲ ਉਹ ਆਉਣ[10] ਤੇ ਜਾਣ[11] ਤੋਂ ਬਚ[12] ਸਕਦਾ ਹੈ?
ਕਉਣ ਕਰਮ[13] ਕਉਣ ਨਿਹਕਰਮਾ[14] ਕਉਣੁ ਸੁ ਕਹੈ[15] ਕਹਾਏ[16] ਜੀਉ ॥੨॥	Who is subject to actions[13] and how is above actions[14]? Who utters[15] the Name of the Lord and causes others to utter[16] it?	ਕੌਣ ਅਮਲਾਂ ਦੇ ਅਧੀਨ[13] ਹੈ ਅਤੇ ਕੌਣ ਅਮਲਾਂ ਤੋਂ ਉਚੇਰਾ[14]? ਕੌਣ ਸਾਹਿਬ ਦੇ ਨਾਮ ਦਾ ਉਚਾਰਨ[15] ਕਰਦਾ ਤੇ ਹੋਰਨਾਂ ਤੋਂ ਉਚਾਰਨ ਕਰਵਾਉਂਦਾ[16] ਹੈ।
ਕਉਣੁ ਸੁ ਸੁਖੀਆ[17] ਕਉਣੁ ਸੁ ਦੁਖੀਆ[18] ॥	Who is chearful[17] and who is afflicted[18]?	ਕੌਣ ਅਨੰਦ ਪ੍ਰਸੰਨ[17] ਹੈ ਅਤੇ ਕੌਣ ਕਸ਼ਟ-ਪੀੜਤ[18] ਹੈ?
ਕਉਣੁ ਸੁ ਸਨਮੁਖੁ[19] ਕਉਣੁ ਵੇਮੁਖੀਆ[20] ॥	Who is the one who turns towards[19] the Guru, and who is the one who turns away from[20] the Guru?	ਉਹ ਕੌਣ ਹੈ ਜੋ ਗੁਰਾਂ ਵੱਲ ਮੂੰਹ[19] ਰਖਦਾ ਹੈ ਤੇ ਉਹ ਕੌਣ ਜੋ ਗੁਰਾਂ ਵੱਲ ਪਿੱਠ[20] ਕਰਦਾ ਹੈ?
ਕਿਨਿ[21] ਬਿਧਿ[22] ਮਿਲੀਐ[23]	By what[21] means[22] God is met[23]?	ਕਿਸ[21] ਜ਼ਰੀਏ[22] ਦੁਆਰਾ ਰੱਬ ਮਿਲਦਾ[23] ਹੈ? ਕਿਸ

ਕਿਨਿ[24] ਬਿਧਿ ਬਿਛੁਰੈ[25] ਇਹ ਬਿਧਿ[26] ਕਉਣੁ ਪ੍ਰਗਟਾਏ[27] ਜੀਉ ॥ ੩ ॥	How[24] is man separated[25] from Him ? This way[26] who shall explain[27] unto me ?	ਤਰ੍ਹਾਂ[24] ਬੰਦਾ ਉਸ ਨਾਲੋਂ ਵਿਛੜ[25] ਜਾਂਦਾ ਹੈ ? ਇਹ ਤਰੀਕਾ[26] ਮੈਨੂੰ ਕੌਣ ਦਰਸਾਏਗਾ[27] ?
ਕਉਣੁ ਸੁ ਅਖਰੁ[28] ਜਿਤੁ[29] ਧਾਵਤੁ[30] ਰਹਤਾ[31] ॥	What is the Divine Word[28] by which[29] the mind's wandering[30] ceases[31] ?	ਉਹ ਕਿਹੜਾ ਈਸ਼ਵਰੀ ਕਲਾਮ[28] ਹੈ ਜਿਸ ਦੁਆਰਾ[29] ਮਨੂਏ ਦਾ ਭਟਕਣਾ[30] ਮੁਕ[31] ਜਾਂਦਾ ਹੈ ?
ਕਉਣੁ ਉਪਦੇਸੁ[32] ਜਿਤੁ ਦੁਖੁ[33] ਸੁਖੁ[34] ਸਮ[35] ਸਹਤਾ[36] ॥	What is that instruction[32] by which man bears[36] woe[33] and weal[34] alike[35]?	ਉਹ ਕਿਹੜੀ ਸਿਖਿਆ[32] ਹੈ ਜਿਸ ਦੁਆਰਾ ਆਦਮੀ ਗ਼ਮੀ[33] ਤੇ ਖ਼ੁਸ਼ੀ[34] ਨੂੰ ਇਕ ਸਾਰ[35] ਸਹਾਰਦਾ[36] ਹੈ ?
ਕਉਣੁ ਸੁ ਕਾਲ[37] ਜਿਤੁ ਪਾਰਬ੍ਰਹਮੁ[38] ਧਿਆਏ[39] ਕਿਨਿ[40] ਬਿਧਿ[41] ਕੀਰਤਨੁ[42] ਗਾਏ[43] ਜੀਉ ॥ ੪ ॥	What is that mode of life[37] by which the mortal may meditate[39] on the Supreme Lord[38] ? In what[40] way[41] can he sing[43] the praises[42] of God ?	ਉਹ ਕਿਹੜੀ ਜੀਵਨ ਮਰਿਆਦਾ[37] ਹੈ ਜਿਸ ਦੁਆਰਾ ਪ੍ਰਾਣੀ ਸ਼੍ਰੋਮਣੀ ਸਾਹਿਬ[38] ਦਾ ਸਿਮਰਨ[39] ਕਰੇ ? ਕਿਸ[40] ਤਰੀਕੇ[41] ਰਾਹੀਂ ਉਹ ਰੱਬ ਦਾ ਜੱਸ[42] ਅਲਾਪ[43] ਸਕਦਾ ਹੈ ?
ਗੁਰਮੁਖਿ[44] ਮੁਕਤਾ[46] ਗੁਰਮੁਖਿ ਜੁਗਤਾ[45] ॥	The Guruward[44] is emancipated[46] and the Guruward is united[45] with God.	ਗੁਰਾਂ ਦਾ ਪਰਵਰਦਾ[44] ਬੰਦ-ਖ਼ਲਾਸ[46] ਹੈ ਅਤੇ ਗੁਰਾਂ ਦਾ ਪਰਵਰਦਾ ਵਾਹਿਗੁਰੂ ਨਾਲ ਜੁੜਿਆ[45] ਹੋਇਆ ਹੈ।
ਗੁਰਮੁਖਿ[47] ਗਿਆਨੀ[48] ਗੁਰਮੁਖਿ ਬਕਤਾ[49] ॥	The Sikh resigned to the Guru's will[47] is the knower[48], and the Sikh resigned to the Guru's will is the preacher[49].	ਗੁਰੂ-ਅਨੁਸਾਰੀ[47] ਸਿੱਖ ਵਾਹਿਗੁਰੂ ਨੂੰ ਜਾਨਣ ਵਾਲਾ[48] ਹੈ ਅਤੇ ਗੁਰੂ-ਅਨੁਸਾਰੀ ਸਿੱਖ ਹੀ ਪ੍ਰਚਾਰਕ[49] ਹੈ।
ਧੰਨੁ[50] ਗਿਰਹੀ[51] ਉਦਾਸੀ[52] ਗੁਰਮੁਖਿ[53] ਗੁਰਮੁਖਿ ਕੀਮਤਿ[54] ਪਾਏ[55] ਜੀਉ ॥ ੫ ॥	Blessed[50] is the Guru's believer[53], whether he is the house holder[51] or the renouncer[52]. The believer in the Guru knows[55] the worth[54] of the Lord.	ਬਰਕਤ ਦਾ ਪਾਤ੍ਰ[50] ਹੈ ਗੁਰਾਂ ਦਾ ਸ਼ਰਧਾਲੂ[53], ਭਾਵੇਂ ਉਹ ਘਰਬਾਰੀ[51] ਹੈ, ਜਾਂ ਤਿਆਗੀ[52]। ਗੁਰਾਂ ਦਾ ਸ਼ਰਧਾਲੂ ਪ੍ਰਭੂ ਦੀ ਕਦਰ[54] ਨੂੰ ਪਛਾਣਦਾ[55] ਹੈ।
ਹਉਮੈ[56] ਬਾਧਾ ਗੁਰਮੁਖਿ[57] ਛੂਟਾ ॥	Through pride[56] the man is bound, and through the Guru[57] he is freed.	ਹੰਕਾਰ[56] ਰਾਹੀਂ ਇਨਸਾਨ ਬੱਝਾ ਹੋਇਆ ਹੈ ਅਤੇ ਗੁਰਾਂ ਦੇ ਰਾਹੀਂ[57] ਉਹ ਆਜ਼ਾਦ ਹੋ ਜਾਂਦਾ ਹੈ।
ਗੁਰਮੁਖਿ[58] ਆਵਣੁ ਜਾਵਣੁ ਤੂਟਾ[59] ॥	By the Guru's instruction[58] his coming and going cease[59].	ਗੁਰਾਂ ਦੇ ਉਪਦੇਸ਼[58] ਦੁਆਰਾ ਉਸ ਦਾ ਆਉਣਾ ਤੇ ਜਾਣਾ ਮੁਕ[59] ਜਾਂਦਾ ਹੈ।
ਗੁਰਮੁਖਿ ਕਰਮ[60] ਗੁਰਮੁਖਿ ਨਿਹਕਰਮਾ[61] ਗੁਰਮੁਖਿ ਕਰੇ ਸੁ[62] [63]ਸੁਭਾਏ[64] ਜੀਉ ॥੬॥	The Guruward does good deeds[60], the Guruward is above actions[61] and whatever the Guruward does, he does that[62] in good[63] faith[64].	ਗੁਰੂ-ਸਮਰਪਣ ਭਲੇ ਕੰਮ[60] ਕਰਦਾ ਹੈ, ਗੁਰੂ-ਸਮਰਪਣ ਅਮਲਾਂ ਤੋਂ ਉਚੇਰਾ[61] ਹੁੰਦਾ ਹੈ ਅਤੇ ਜੋ ਕੁਛ ਭੀ ਗੁਰੂ ਸਮਰਪਣ ਕਰਦਾ ਹੈ, ਉਸ[62] ਨੂੰ ਉਹ ਸ੍ਰੇਸ਼ਟ[63] ਸ਼ਰਧਾ[64] ਵਿਚ ਕਰਦਾ ਹੈ।
ਗੁਰਮੁਖਿ[65] ਸੁਖੀਆ[66] ਮਨਮੁਖਿ[67] ਦੁਖੀਆ[68] ॥	The believer in the Guru[65] is happy[66] and the mindward[67] unhappy[68].	ਗੁਰਾਂ ਦਾ ਸ਼ਰਧਾਲੂ[65] ਪਰਸੰਨ[66] ਹੈ ਅਤੇ ਮਨ-ਮਤੀਆ[67] ਅਪਰਸੰਨ[68]।
ਗੁਰਮੁਖਿ ਸਨਮੁਖੁ[69] ਮਨਮੁਖਿ ਵੇਮੁਖੀਆ[70] ॥	The Guruward turns towards the Guru[69] and the mindward turns	ਗੁਰਾਂ ਦਾ ਸ਼ਰਧਾਲੂ ਗੁਰਾਂ ਵੱਲ ਮੁਖੜਾ[69] ਕਰਦਾ ਹੈ ਅਤੇ ਮਨ-ਮਤੀਆ ਗੁਰਾਂ ਵੱਲ ਪਿੱਠ[70] ਕਰਦਾ ਹੈ।

	away from the Guru[70].	
ਗੁਰਮੁਖਿ ਮਿਲੀਐ ਮਨਮੁਖਿ[75]ਬਿਛੁਰੈ[71]ਗੁਰਮੁਖਿ[72] ਬਿਧਿ[73] ਪ੍ਰਗਟਾਏ[74] ਜੀਉ ॥ ੭ ॥	The Guruward is united with the Lord and the apostate[75] is separated[71] from Him. Through the Guru[72] the way[73] is revealed[74].	ਗੁਰੂ-ਸਮਰਪਣ ਸਾਹਿਬ ਨੂੰ ਮਿਲ ਪੈਂਦਾ ਹੈ ਅਤੇ ਅਧਰਮੀ[75] ਉਸ ਨਾਲੋਂ ਵਿਛੜ[71] ਜਾਂਦਾ ਹੈ। ਗੁਰਾਂ ਦੇ ਰਾਹੀਂ[72] ਰਸਤੇ[73] ਦਾ ਪਤਾ[74] ਲੱਗਦਾ ਹੈ।
ਗੁਰਮੁਖਿ[80] ਅਖਰੁ[76] ਜਿਤੁ[77] ਧਾਵਤੁ[78] ਰਹਤਾ[79] ॥	The Guru's instruction[80] is the Divine word[76] by which[77] the wandering[78] mind is controlled[79].	ਗੁਰਾਂ ਦਾ ਉਪਦੇਸ਼[80] ਰੱਬੀ ਕਲਾਮ[76] ਹੈ,ਜਿਸ ਦੁਆਰਾ[77] ਭਟਕਦਾ[78] ਹੋਇਆ ਮਨੂਆ ਵੱਸ[79] ਵਿਚ ਆ ਜਾਂਦਾ ਹੈ।
ਗੁਰਮੁਖਿ[81] ਉਪਦੇਸੁ[82] ਦੂਖੁ[83] ਸੁਖੁ[84] ਸਮ[85] ਸਹਤਾ[86] ॥	By the instruction[82] of the Exalted[81] Guru, pain[83] and pleasure[84] are borne[86] alike[85].	ਮੁਖੀ ਗੁਰਾਂ[81] ਦੀ ਸਿਖ-ਮਤ[82] ਦੁਆਰਾ ਦਰਦ[83] ਅਤੇ ਖ਼ੁਸ਼ੀ[84] ਇਕ ਸਮਾਨ[85] ਸਹਾਰੀ[86] ਜਾਂਦੀ ਹੈ।
ਗੁਰਮੁਖਿ[87] ਚਾਲ[88] ਜਿਤੁ[89] ਪਾਰਬ੍ਰਹਮੁ ਧਿਆਏ[90] ਗੁਰਮੁਖਿ[91] ਕੀਰਤਨੁ[92] ਗਾਏ ਜੀਉ ॥ ੮ ॥	The Guru's teachings[87] is the way[88] by which[89] the Supreme Lord is meditated[90] upon. The pious person[91] sings the praises[92] of God.	ਗੁਰਾਂ ਦਾ ਉਪਦੇਸ਼[87] ਹੀ ਇਕ ਮਾਰਗ[88] ਹੈ, ਜਿਸ ਦੁਆਰਾ[89] ਸ਼੍ਰੋਮਣੀ ਸਾਹਿਬ ਸਿਮਰਿਆ[90] ਜਾਂਦਾ ਹੈ। ਪਵਿਤ੍ਰ ਪੁਰਸ਼[91] ਵਾਹਿਗੁਰੂ ਦੀ ਕੀਰਤੀ[92] ਗਾਇਨ ਕਰਦਾ ਹੈ।
ਸਗਲੀ[93]ਬਣਤ[94]ਬਣਾਈ[95] ਆਪੇ[96] ॥	The entire[93] make[94] the Lord Himself[96] has made[95].	ਸਮੂਹ[93] ਘਾੜਤ[94] ਪ੍ਰਭੂ ਨੇ ਆਪ[96] ਹੀ ਘੜੀ[95] ਹੈ।
ਆਪੇ[97] ਕਰੇ ਕਰਾਏ[98] ਥਾਪੇ[99] ॥	Everything He does, causes to be done[98] and establishes[99] Himself[97].	ਹਰ ਸ਼ੈ ਉਹ ਖ਼ੁਦ[97] ਕਰਦਾ, ਕਰਾਉਂਦਾ[98] ਅਤੇ ਸਥਾਪਨ[99] ਕਰਦਾ ਹੈ।
ਇਕਸੁ[100] ਤੇ[2] ਹੋਇਓ[3] ਅਨੰਤਾ[4] ਨਾਨਕ ਏਕਸੁ[7] ਮਾਹਿ[5] ਸਮਾਏ[6] ਜੀਉ ॥ ੯ ॥ ੨ ॥ ੩੬ ॥	From[2] One[100] the Lord has become[3] numberless[4] and the numberless, O' Nanak ! at last merge[6] in[5] the One Lord[7].	ਇਕ[100] ਤੋਂ[2] ਸਾਹਿਬ ਅਣਗਿਣਤ[4] ਹੋਇਆ[3] ਹੈ ਅਤੇ ਅਣਗਿਣਤ, ਹੇ ਨਾਨਕ ! ਆਖ਼ਰਕਾਰ ਇਕ[7] ਸਾਹਿਬ ਅੰਦਰ[5] ਲੀਨ ਹੋ[6] ਜਾਂਦੇ ਹਨ।
ਮਾਝ ਮਹਲਾ ੫ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ।
ਪ੍ਰਭੁ ਅਬਿਨਾਸੀ[8] ਤਾ[9] ਕਿਆ[10] ਕਾੜਾ[12] ॥	When the Lord is imperishable[8], what[10] uneasiness[12] can there be then[9] ?	ਜਦ ਸੁਆਮੀ ਕਾਲ-ਰਹਿਤ[8] ਹੈ, ਤਦ[9] ਕਿਹੜੀ[10] ਬੇਚੈਨੀ[12] ਹੋ ਸਕਦੀ ਹੈ ?
ਹਰਿ ਭਗਵੰਤਾ[13] ਤਾ[14] ਜਨੁ[15] ਖਰਾ[16] ਸੁਖਾਲਾ[17]॥	God is prosperous[13], so[14] His slave[15] is greatly[16] at ease[17].	ਵਾਹਿਗੁਰੂ ਭਾਗਵਾਨ[13] ਹੈ, ਇਸ ਲਈ[14] ਉਸਦਾ ਗੋਲਾ[15] ਬੜਾ[16] ਹੀ ਸੁਖੀ[17] ਹੈ।
ਜੀਅ[18] ਪ੍ਰਾਨ[19] ਮਾਨ[20] [21]ਸੁਖਦਾਤਾ[22] ਤੂੰ ਕਰਹਿ ਸੋਈ[23] ਸੁਖੁ[24] ਪਾਵਣਿਆ[25] ॥ ੧ ॥	Thou, O' my Master ! art the bestower[22] of soul[18], life[19], honour[20] and happiness[21]. What Thou doest from that[23] I derive[25] comfort[24].	ਤੂੰ ਹੇ ਮੇਰੇ ਮਾਲਕ ! ਆਤਮਾ[18], ਜ਼ਿੰਦਗੀ[19], ਇੱਜ਼ਤ[20] ਤੇ ਆਰਾਮ[21] ਬਖ਼ਸ਼ਣਹਾਰ[22] ਹੈਂ। ਜੋ ਤੂੰ ਕਰਦਾ ਹੈਂ, ਉਸੇ[23] ਤੋਂ ਹੀ ਮੈਂ ਠੰਢ-ਚੈਨ[24] ਪਰਾਪਤ[25] ਕਰਦਾ ਹਾਂ।
ਹਉ ਵਾਰੀ ਜੀਉ ਵਾਰੀ ਗੁਰਮੁਖਿ[26] ਮਨਿ[27] ਤਨਿ[28]	I am a sacrifice,and my life is a sacrifice unto the holy men[26], to whose	ਮੈਂ ਕੁਰਬਾਨ ਹਾਂ, ਅਤੇ ਮੇਰੀ ਜ਼ਿੰਦਗੀ ਕੁਰਬਾਨ ਹੈ, ਉਨ੍ਹਾਂ ਪਵਿੱਤ੍ਰ ਪੁਰਸ਼ਾਂ[26] ਉਤੋਂ ਜਿਨ੍ਹਾਂ ਦੀ ਆਤਮਾ[27] ਤੇ

ਭਾਵਨਿਆ[29] ॥	soul[27] and body[28] Thou art pleasing[29].	ਦੇਹਿ[28] ਨੂੰ ਤੂੰ ਚੰਗਾ ਲੱਗਦਾ[29] ਹੈਂ ।
ਤੂੰ ਮੇਰਾ ਪਰਬਤੁ[30] ਤੂੰ ਮੇਰਾ ਓਲ੍ਹਾ[31] ਤੁਮ[32] ਸੰਗਿ[33] ਲਵੈ ਨ ਲਾਵਨਿਆ[34] ॥੧॥ ਰਹਾਉ ॥	Thou art my mountain[30] Thou art my shelter[31]. With[33] Thee[32], O' Lord ! none can rival[34]. Pause.	ਤੂੰ ਮੇਰਾ ਪਹਾੜ[30] ਹੈਂ, ਤੂੰ ਮੇਰੀ ਪਨਾਹ[31] ਹੈਂ । ਤੇਰੇ[32] ਨਾਲ[33], ਹੇ ਸੁਆਮੀ ! ਕੋਈ ਭੀ ਬਰਾਬਰੀ ਨਹੀਂ ਕਰ[34] ਸਕਦਾ । ਠਹਿਰਾਉ ।
ਤੇਰਾ ਕੀਤਾ[34] ਜਿਸੁ[35] ਲਾਗੈ[36] ਮੀਠਾ[37] ॥ ਘਟਿ[38] ਘਟਿ ਪਾਰਬ੍ਰਹਮੁ[39] ਤਿਨਿ ਜਨਿ[40] ਡੀਠਾ[41] ॥	The person[40], unto whom[35] Thine doings[34] taste[36] sweet[37], see[41] the Supreme Lord[39] amongst all the hearts[38].	ਉਹ ਪੁਰਸ਼[40] ਜਿਨ੍ਹਾਂ[35] ਨੂੰ ਤੇਰੇ ਕੰਮ[34] ਮਿਠੜੇ[37] ਲੱਗਦੇ[36] ਹਨ, ਸ਼ਰੋਮਣੀ ਸਾਹਿਬ[39] ਨੂੰ ਸਾਰਿਆਂ ਦਿਲਾਂ[38] ਅੰਦਰ ਵੇਖਦੇ[41] ਹਨ ।
ਥਾਨਿ[42] ਥਨੰਤਰਿ[43] ਤੂ ਹੈ ਤੂ ਹੈ ਇਕੋ[44] ਇਕੁ[45] ਵਰਤਾਵਣਿਆ[46] ॥ ੨ ॥	Within spaces[42] and interspaces[43], Thou art, Thou art. Thou alone[44], O' unique Lord[45] ! art pervading[46] everywhere.	ਥਾਵਾਂ[42] ਅਤੇ ਉਨ੍ਹਾਂ ਦੀਆਂ ਵਿੱਥਾਂ[43] ਅੰਦਰ ਤੂੰ ਹੀ ਹੈਂ, ਤੂੰ ਹੀ ਹੈਂ । ਕੇਵਲ ਤੂੰ[44] ਹੀ ਹੇ ਅਦੁੱਤੀ ਸਾਹਿਬ[45] ! ਹਰ ਥਾਂ ਵਿਆਪਕ[46] ਹੋ ਰਿਹਾ ਹੈਂ !
ਸਗਲ[47] ਮਨੋਰਥ[48] ਤੂ ਦੇਵਣਹਾਰਾ[49] ॥	Thou art, the Fulfiller[49] of all[47] the heart's desires[48].	ਤੂੰ ਦਿਲ ਦੀਆਂ ਸਾਰੀਆਂ[47] ਖ਼ਾਹਿਸ਼ਾਂ[48] ਪੂਰੀਆਂ[49] ਕਰਨ ਵਾਲਾ ਹੈਂ ।
ਭਗਤੀ[50] ਭਾਇ[51] ਭਰੇ[52] ਭੰਡਾਰਾ[53] ॥	With devotion[50] and affection[51] are brimful[52] Thine treasures[53].	ਅਨੁਰਾਗ[50] ਅਤੇ ਪਰੇਮ[51] ਨਾਲ ਤੇਰੇ ਖ਼ਜ਼ਾਨੇ[53] ਲਬਾਲਬ[52] ਹਨ ।
ਦਇਆ ਧਾਰਿ[54] ਰਾਖੇ[55] ਤੁਧੁ ਸੇਈ[56] ਪੂਰੈ[57] ਕਰਮਿ[58] ਸਮਾਵਣਿਆ[59] ॥ ੩ ॥	They, whom Thou mercifully[54] protectest[55], through perfect[57] good fortune[58] merge[59] in Thee, O' Lord !	ਜਿਨ੍ਹਾਂ ਦੀ ਤੂੰ ਰਹਿਮਤ ਧਾਰ[54] ਕੇ ਰਖਿਆ[55] ਕਰਦਾ ਹੈਂ, ਉਹ ਪੂਰਨ ਚੰਗੇ[57] ਨਸੀਬਾਂ[58] ਰਾਹੀਂ ਤੇਰੇ ਵਿਚ ਲੀਨ[59] ਹੋ ਜਾਂਦੇ ਹਨ, ਹੇ ਸਾਹਿਬ !
੧੩੨	**132**	**੧੩੨**
ਅੰਧ[60] ਕੂਪ[61] ਤੇ[62] ਕੰਢੈ[63] ਚਾੜੇ[64] ॥	From[62] the blind[60]-well[61], Thou hast dragged[64] me out on the dry shore[63].	ਅੰਨ੍ਹੇ[60] ਖੂਹ[61] ਵਿਚੋਂ[62] ਤੂੰ ਮੈਨੂੰ ਸੁੱਕੇ ਕਿਨਾਰੇ[63] ਉਤੇ ਖਿੱਚ[64] ਲਿਆ ਹੈ ।
ਕਰਿ[65] ਕਿਰਪਾ[66] ਦਾਸ[67] ਨਦਰਿ[68] ਨਿਹਾਲੇ[69] ॥	By showing[65] Thy mercy[66], Thou hast seen[69] Thy servants[67] with Thine gracious glance[68].	ਆਪਣੀ ਮਿਹਰ[66] ਧਾਰ[65] ਕੇ, ਤੂੰ ਆਪਣੇ ਸੇਵਕਾਂ[67] ਨੂੰ ਆਪਣੀ ਰਹਿਮਤ ਦੀ ਨਜ਼ਰ[68] ਨਾਲ ਤੱਕਿਆ[69] ਹੈ ।
ਗੁਣ[70] ਗਾਵਹਿ[71] ਪੂਰਨ[72] ਅਬਿਨਾਸੀ[73] ਕਹਿ[74] ਸੁਣਿ[76] ਤੋਟਿ[75] ਨ ਆਵਣਿਆ ॥ ੪ ॥	The servant sings[71] the praise[70] of the perfect[72] and immortal[73] Lord. By saying[74] and hearing[76] His praises exhaust[75] not.	ਸੇਵਕ ਮੁਕੰਮਲ[72] ਤੇ ਅਮਰ[73] ਸੁਆਮੀ ਦੇ ਗੁਣਾਵਾਦ[70] ਗਾਇਨ[71] ਕਰਦਾ ਹੈ । ਆਖਣ[74] ਤੇ ਸਰਵਣ[76] ਕਰਨ ਦੁਆਰਾ ਉਸ ਦੇ ਗੁਣਾਵਾਦ ਕਦਾਚਿਤ ਖ਼ਤਮ[75] ਨਹੀਂ ਹੁੰਦੇ ।
ਐਥੈ[77] ਓਥੈ[78] ਤੂ ਹੈ ਰਖਵਾਲਾ[79] ॥	Here[77] and hereafter[78] Thou art the Protector[79].	ਏਥੇ[77] ਅਤੇ ਉਥੇ[78] ਤੂੰ ਹੀ ਰਖਿਆ ਕਰਨ[79] ਵਾਲਾ ਹੈਂ ।
ਮਾਤ[80] ਗਰਭ[81] ਮਹਿ[82] ਤੁਮ ਹੀ ਪਾਲਾ[83] ॥	In[82] mother's[80] womb[81] Thou cherisheth[83] the child.	ਮਾਂ[80] ਦੇ ਪੇਟ[81] ਅੰਦਰ[82] ਤੂੰ ਹੀ ਬੱਚੇ ਨੂੰ ਪਾਲਦਾ-ਪੋਸਦਾ[83] ਹੈਂ ।
ਮਾਇਆ[84] ਅਗਨਿ[85] ਨ ਪੋਹੈ[86] ਤਿਨ[87] ਕਉ ਰੰਗਿ[88]	The fire[85] of mammon[84] affects[86] not those[87] who are imbibed[88] in the Lord's	ਮੋਹਨੀ[84] ਦੀ ਅੱਗ[85] ਉਨ੍ਹਾਂ[87] ਉਤੇ ਅਸਰ[86] ਨਹੀਂ ਕਰੇਗੀ, ਜੋ ਪ੍ਰਭੂ ਦੇ ਪਰੇਮ[88] ਅੰਦਰ ਰੰਗੇ[88] ਹੋਏ ਉਸ

ਰਤੇ[89] ਗੁਣ[90] ਗਾਵਣਿਆ[91] ॥ ੫ ॥	love[88] and sing[91] His praises[90].	ਦੀ ਕੀਰਤੀ[90] ਗਾਇਨ[91] ਕਰਦੇ ਹਨ ।
ਕਿਆ[92] ਗੁਣ[93] ਤੇਰੇ ਆਖਿ[94] ਸਮਾਲੀ[95] ॥	What[92] excellences[93] of Thine can I relate[94] and remember[95] ?	ਤੇਰੀਆਂ ਕਿਹੜੀਆਂ ਕਿਹੜੀਆਂ[92] ਵਡਿਆਈਆਂ[93] ਮੈਂ ਬਿਆਨ[94] ਅਤੇ ਚੇਤੇ[95] ਕਰਾਂ ?
ਮਨ[96] ਤਨ[97] ਅੰਤਰਿ[98] ਤੁਧੁ ਨਦਰਿ[99] ਨਿਹਾਲੀ[100] ॥	Within[98] my soul[96] and body[97] I behold[100] Thee with mine eyes[99].	ਆਪਣੀ ਆਤਮਾ[96] ਤੇ ਦੇਹਿ[97] ਅੰਦਰ[98] ਮੈਂ ਤੈਨੂੰ ਆਪਣਿਆਂ ਨੇਤ੍ਰਾਂ[99] ਨਾਲ ਵੇਖਦਾ[100] ਹਾਂ ।
ਤੂੰ ਮੇਰਾ[2] ਮੀਤੁ[3] ਸਾਜਨੁ[4] ਮੇਰਾ ਸੁਆਮੀ[5] ਤੁਧੁ[6] ਬਿਨੁ[7] ਅਵਰੁ[8] ਨ ਜਾਨਣਿਆ[9] ॥ ੬ ॥	Thou art my[2] friend[3], my intimate[4] and my Lord[5]. Without[7] Thee[6] I know[9] not any other[8].	ਤੂੰ ਮੇਰਾ[2] ਮਿਤ੍ਰ[3], ਮੇਰਾ ਯਾਰ[4] ਅਤੇ ਮੇਰਾ ਮਾਲਕ[5] ਹੈਂ । ਤੇਰੇ[6] ਬਾਝੋਂ[7] ਮੈਂ ਹੋਰਸ ਕਿਸੇ[8] ਨੂੰ ਨਹੀਂ ਜਾਣਦਾ[9] ।
ਜਿਸ ਕਉ ਤੂੰ ਪ੍ਰਭ ਭਇਆ[10] ਸਹਾਈ[12] ॥ ਤਿਸੁ[13] ਤਤੀ[14] ਵਾਉ[15] ਨ ਲਗੈ ਕਾਈ[16] ॥	He whose helper[12] Thou hast become[10], O' Lord ! him[13], not even hot[14] wind[15] can ever[16] touch.	ਜਿਸ ਦਾ ਸਹਾਇਕ[12] ਤੂੰ ਬਣਿਆ[10] ਹੈਂ, ਹੇ ਸੁਆਮੀ ! ਉਸ[13] ਨੂੰ ਕਦੇ[16] ਗਰਮ[14] ਹਵਾ[15] ਤੱਕ ਨਹੀਂ ਲੱਗ ਸਕਦੀ ।
ਤੂ ਸਾਹਿਬੁ ਸਰਣਿ[17] ਸੁਖਦਾਤਾ[18] ਸਤ ਸੰਗਤਿ ਜਪਿ[19] ਪ੍ਰਗਟਾਵਣਿਆ[20] ॥ ੭ ॥	Thou art the Lord our refuge[17] and the giver of peace[18]. By remembering[19] Thee in the saint's society Thou becomest manifest[20].	ਤੂੰ ਸਾਡੀ ਪਨਾਹ[17] ਤੇ ਆਰਾਮ ਦੇਣਹਾਰ[18] ਸੁਆਮੀ ਹੈਂ । ਸਾਧ ਸੰਗਤ ਅੰਦਰ ਤੇਰਾ ਅਰਾਧਨ[19] ਕਰਨ ਦੁਆਰਾ ਤੂੰ ਸਨਮੁਖ ਹੋ ਜਾਂਦਾ[20] ਹੈਂ ।
ਤੂੰ ਊਚ[21] ਅਥਾਹੁ[22] ਅਪਾਰੁ[23] ਅਮੋਲਾ[24] ॥	Thou art lofty[21], unfathomable[22], infinite[23] and invaluable[24].	ਤੂੰ ਬੁਲੰਦ[21], ਬੇ-ਥਾਹ[22], ਬੇਅੰਤ[23] ਅਤੇ ਅਨਮੋਲ[24] ਹੈਂ।
ਤੂੰ ਸਾਚਾ ਸਾਹਿਬੁ[25] ਦਾਸੁ[26] ਤੇਰਾ ਗੋਲਾ[27] ॥	Thou art the True Lord[25]. I am Thy servant[26] and slave[27].	ਤੂੰ ਸੱਚਾ ਸੁਆਮੀ[25] ਹੈਂ । ਮੈਂ ਤੇਰਾ ਸੇਵਕ[26] ਤੇ ਗੁਲਾਮ[27] ਹਾਂ ।
ਤੂੰ ਮੀਰਾ[28] ਸਾਚੀ ਠਕੁਰਾਈ[29] ਨਾਨਕ ਬਲਿ ਬਲਿ[30] ਜਾਵਣਿਆ ॥੮॥੩॥੩੭॥	Thou art the King[28] and True is Thine sovereignty[29]. Nanak is devoted and a sacrifice[30] unto Thee.	ਤੂੰ ਪਾਤਸ਼ਾਹ[28] ਹੈਂ ਤੇ ਸੱਚੀ ਹੈ ਤੇਰੀ ਪਾਤਸ਼ਾਹੀ[29] । ਨਾਨਕ ਤੇਰੇ ਉਤੋਂ ਸਦਕੇ ਅਤੇ ਘੋਲੀ[30] ਜਾਂਦਾ ਹੈ ।
ਮਾਝ ਮਹਲਾ ੫ ਘਰੁ ੨ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਨਿਤ ਨਿਤ[31] ਦਯੁ[32] ਸਮਾਲੀਐ[33] ॥	For ever and aye[31] do thou remember[33] the luminous Lord[32].	ਸਦਾ ਤੇ ਹਮੇਸ਼ਾਂ[31] ਲਈ ਤੂੰ ਪ੍ਰਕਾਸ਼ਵਾਨ[32] ਪ੍ਰਭੂ ਦਾ ਸਿਮਰਨ[33] ਕਰ ।
ਮੂਲਿ ਨ ਮਨਹੁ[34] ਵਿਸਾਰੀਐ[35] ॥੧॥ਰਹਾਉ॥	Never forget[35] Him in thy mind[34]. Pause.	ਕਦਾਚਿਤ ਭੀ ਤੂੰ ਉਸ ਨੂੰ ਆਪਣੇ ਚਿਤੋਂ[34] ਨਾ ਭੁਲਾ[35] ! ਠਹਿਰਾਉ ।
ਸੰਤਾ ਸੰਗਤਿ[36] ਪਾਈਐ[37]॥ ਜਿਤੁ[38] ਜਮ[39] ਕੈ ਪੰਥਿ[40] ਨ ਜਾਈਐ[41] ॥	Attain to[37] the society of the saints[36], by which[38] thou shalt not go down[41] the way[40] of death[39].	ਸਾਧ ਸੰਗਤ[36] ਨੂੰ ਪਰਾਪਤ[37] ਹੋ, ਜਿਸ ਦੁਆਰਾ[38] ਤੂੰ ਮੌਤ[39] ਦੇ ਰਸਤੇ[40] ਨਹੀਂ ਜਾਵੇਂਗਾ[41] ।
ਤੋਸਾ[42] ਹਰਿ ਕਾ ਨਾਮੁ ਲੈ[43] ਤੇਰੇ ਕੁਲਹਿ[44] ਨ ਲਾਗੈ[45] ਗਾਲਿ[46] ਜੀਉ ॥ ੧ ॥	Have[43] the viaticum[42] of God's Name. Thus no blemish[46] shall attach[45] to thy lineage[44]	ਰੱਬ ਦੇ ਨਾਮ ਦਾ ਸਫ਼ਰ-ਖ਼ਰਚ[42] ਪਰਾਪਤ[43] ਕਰ ! ਐਕਰ ਤੇਰੀ ਵੰਸ਼[44] ਨੂੰ ਕੋਈ ਕਲੰਕ[46] ਨਹੀਂ ਲਗੇਗਾ[45] ।

ਜੋ[52] ਸਿਮਰੰਦੇ[47] ਸਾਂਈਐ[48] ॥ ਨਰਕਿ[49] ਨ ਸੇਈ[50] ਪਾਈਐ[51] ॥	They[50], who[52] meditate[47] on the Master[48], are not thrown[51] into the hell[49].	ਜਿਹੜੇ[52] ਮਾਲਕ[48] ਦਾ ਅਰਾਧਨ[47] ਕਰਦੇ ਹਨ ਉਹ[50] ਦੋਜ਼ਕ[49] ਵਿਚ ਨਹੀਂ ਪਾਏ[51] ਜਾਂਦੇ ।
ਤਤੀ[53] ਵਾਉ[54] ਨ ਲਗਈ[55] ਜਿਨ ਮਨਿ[56] ਵੁਠਾ[57] ਆਇ[59] ਜੀਉ ॥ ੨ ॥	Even the hot[53] wind[54] touches[55] them not within whose mind[56] the Lord has come[59] and acquired an abode[57].	ਜਿਨ੍ਹਾਂ ਦੇ ਅੰਤਰ ਆਤਮੇ[56] ਸਾਹਿਬ ਨੇ ਆ[59] ਕੇ ਵਾਸਾ[57] ਕਰ ਲਿਆ ਹੈ ਉਹਨਾਂ ਨੂੰ ਗਰਮ[53] ਹਵਾ[54] ਭੀ ਨਹੀਂ ਛੂਹਦੀ[55] ।
ਸੇਈ[58] ਸੁੰਦਰ[60] ਸੋਹਣੇ[61] ॥ ਸਾਧ ਸੰਗਿ ਜਿਨ[62] ਬੈਹਣੇ[63] ॥	Beauteous[60] and good looking[61] are they[58] who[62] dwell[63] in the society of the saints.	ਸੁਨੱਖੇ[60] ਤੇ ਖ਼ੂਬਸੂਰਤ[61] ਹਨ ਉਹ[58] ਜਿਹੜੇ[62] ਸਤਿ-ਸੰਗਤ ਅੰਦਰ ਵਸਦੇ[63] ਹਨ ।
ਹਰਿਧਨੁ[69] ਜਿਨੀ[64] ਸੰਜਿਆ[65] ਸੇਈ[66] ਗੰਭੀਰ[67] ਅਪਾਰ[68] ਜੀਉ ॥ ੩ ॥	Who[64] have amassed[65] the wealth[69] of God's Name, they[66] are sagacious[67] and extremely exquisite[68].	ਜਿਨ੍ਹਾਂ[64] ਨੇ ਰੱਬ ਦੇ ਨਾਮ ਦੀ ਦੌਲਤ[69] ਜਮ੍ਹਾਂ[65] ਕੀਤੀ ਹੈ ਉਹ[66] ਡੂੰਘੀ ਸੋਚ ਵਾਲੇ[67] ਅਤੇ ਅਤਿ ਉਤਕ੍ਰਿਸ਼ਟਤ[68] ਹਨ ।
ਹਰਿ[70] ਅਮਿਉ[71] ਰਸਾਇਣੁ[72] ਪੀਵੀਐ[73] ॥ ਮੁਹਿ[74] ਡਿਠੈ[75] ਜਨ[76] ਕੈ ਜੀਵੀਐ[77] ॥	Drink[73] thou the Name[70] Nectar[71], the home of happiness[72] and live[77] thou by viewing[75] the face[74] of the Lord's slave[76].	ਤੂੰ ਖ਼ੁਸ਼ੀ ਦੇ ਘਰ[72] ਨਾਮ[70] ਅੰਮ੍ਰਿਤ[71] ਨੂੰ ਪਾਨ[73] ਕਰ ਅਤੇ ਤੂੰ ਸਾਈਂ ਦੇ ਗੋਲੇ[76] ਦਾ ਮੁਖੜਾ[74] ਵੇਖ[75] ਕੇ ਜੀਊਂਦਾ[77] ਰਹਿ ।
ਕਾਰਜ[78] ਸਭਿ[79] ਸਵਾਰਿ[80] ਲੈ ਨਿਤ[81] ਪੂਜਹੁ[82] ਗੁਰ ਕੇ ਪਾਵ[83] ਜੀਉ ॥ ੪ ॥	Have all[79] the affairs[78] of thine set aright[80] by ever[81] worshipping[82] the feet[83] of the Guru.	ਸਦਾ[81] ਹੀ ਗੁਰਾਂ ਦੇ ਪੈਰਾਂ[83] ਦੀ ਉਪਾਸ਼ਨਾ[82] ਕਰਨ ਦੁਆਰਾ ਆਪਣੇ ਸਾਰੇ[79] ਕੰਮ[78] ਰਾਸ[80] ਕਰ ਲੈ ।
ਜੋ[90] ਹਰਿ ਕੀਤਾ[84] ਆਪਣਾ[85] ॥ ਤਿਨਹਿ[86] [87]ਗੁਸਾਈ[88] ਜਾਪਣਾ[89] ॥	He alone[86] reflects[89] on the World-[87] Lord[88] whom[90] God has made[84] His Own[85].	ਕੇਵਲ[86] ਉਹੀ ਸ੍ਰਿਸ਼ਟੀ[87] ਦੇ ਸੁਆਮੀ[88] ਦਾ ਸਿਮਰਨ[89] ਕਰਦਾ ਹੈ ਜਿਸ[90] ਨੂੰ ਵਾਹਿਗੁਰੂ ਨੇ ਆਪਣਾ[85] ਨਿੱਜ ਦਾ ਬਣਾ[84] ਲਿਆ ਹੈ ।
ਸੋ[91] ਸੂਰਾ[92] ਪਰਧਾਨੁ[93] ਸੋ ਮਸਤਕਿ[94] ਜਿਸ ਦੈ ਭਾਗੁ[95] ਜੀਉ ॥ ੫ ॥	He[91] is the warrior[92] and he the chosen one[93] on whose forehead[94] good fortune[95] is recorded.	ਉਹ[91] ਹੀ ਯੋਧਾ[92] ਹੈ ਅਤੇ ਉਹ ਹੀ ਮੁਖੀਆ[93] ਜਿਸ ਦੇ ਮੱਥੇ[94] ਉਤੇ ਚੰਗੀ ਕਿਸਮਤ[95] ਲਿਖੀ ਹੋਈ ਹੈ ।
ਮਨ[96] ਮੰਧੇ[97] ਪ੍ਰਭੁ ਅਵਗਾਹੀਆ[98] ॥	Within[97] my mind[96] I have meditated[98] on the Master.	ਆਪਣੇ ਅੰਤਸ਼ਕਰਨ[96] ਅੰਦਰ[97] ਮੈਂ ਮਾਲਕ ਦਾ ਸਿਮਰਨ[98] ਕੀਤਾ ਹੈ ।
ਏਹਿ[99] ਰਸ[100] ਭੋਗਣ[2] ਪਾਤਿਸਾਹੀਆ[3] ॥	For me this[99] is like enjoying[2] the revelments[100] of sovereignty[3].	ਮੇਰੇ ਲਈ ਇਹ[99] ਬਾਦਸ਼ਾਹੀ[3] ਦੀਆਂ ਰੰਗ-ਰਲੀਆਂ[100] ਮਾਨਣ[2] ਦੀ ਤਰ੍ਹਾਂ ਹੈ ।
ਮੰਦਾ[4] ਮੂਲਿ ਨ ਉਪਜਿਓ[5] ਤਰੇ[6] ਸਚੀ[7] ਕਾਰੈ[8] ਲਾਗਿ[9] ਜੀਉ ॥ ੬ ॥	Evil[4] never originates[5] in me. I am saved[6] by being dedicated[9] to the righteous[7] action[8].	ਬਦੀ[4] ਕਦਾਚਿੱਤ ਮੇਰੇ ਅੰਦਰ ਪੈਦਾ[5] ਹੀ ਨਹੀਂ ਹੁੰਦੀ । ਨਿਆਇਕਾਰੀ[7] ਅਮਲ[8] ਕਮਾਉਣ[9] ਦੁਆਰਾ ਮੈਂ ਪਾਰ[6] ਉਤਰ ਗਿਆ ਹਾਂ ।
ਕਰਤਾ[10] ਮੰਨਿ[12] ਵਸਾਇਆ[13] ॥ ਜਨਮੈ[14] ਕਾ ਫਲੁ[15] ਪਾਇਆ[16] ॥	The Creator[10] I have enshrined[13] in my mind[12] and I have obtained[16] the fruit[15] of life[14].	ਸਿਰਜਣਹਾਰ[10] ਨੂੰ ਮੈਂ ਆਪਣੇ ਚਿੱਤ[12] ਵਿਚ ਟਿਕਾ[13] ਲਿਆ ਹੈ ਅਤੇ ਮੈਂ ਜੀਵਨ[14] ਦਾ ਮੇਵਾ[15] ਪਰਾਪਤ[16] ਕਰ ਲਿਆ ਹੈ ।

ਮਨਿ[17] ਭਾਵੰਦਾ[18] ਕੰਤੁ[19] ਹਰਿ ਤੇਰਾ ਥਿਰੁ[20] ਹੋਆ ਸੋਹਾਗੁ[21] ਜੀਉ ॥ ੭ ॥	O' bride ! if God, the Spouse[19], becomes pleasing[18] to thy mind[17] then shall thy married life[21] become ever stable[20].	ਹੇ ਪਤਨੀ ! ਜੇਕਰ ਵਾਹਿਗੁਰੂ ਪਤੀ[19] ਤੇਰੇ ਚਿੱਤ[17] ਨੂੰ ਚੰਗਾ ਲੱਗ[18] ਜਾਵੇ ਤਾਂ ਤੇਰਾ ਵਿਆਹੁਤਾ ਜੀਵਨ[21] ਸਦੀਵੀ ਸਥਿਰ[20] ਹੋ ਜਾਵੇਗਾ ।
ਅਟਲ[22] ਪਦਾਰਥੁ[23] ਪਾਇਆ[24] ॥ ਭੈ[25] ਭੰਜਨ[26] ਕੀ ਸਰਣਾਇਆ[27] ॥	By seeking the shelter[27] of the dispeller[26] of fear[25] I have obtained[24] the eternal[22] wealth[23] of the Name.	ਡਰ[25] ਦੂਰ ਕਰਨ-ਹਾਰ[26] ਦੀ ਪਨਾਹ[27] ਲੈਣ ਦੁਆਰਾ, ਮੈਂ ਨਾਮ ਦੀ ਅਮਰ[22] ਦੌਲਤ[23] ਹਾਸਲ[24] ਕਰ ਲਈ ਹੈ ।
ਲਾਇ[28] ਅੰਚਲਿ[29] ਨਾਨਕ ਤਾਰਿਅਨੁ[30] ਜਿਤਾ[31] ਜਨਮੁ[32] ਅਪਾਰ[33] ਜੀਉ ॥ ੮ ॥੪॥ ੩੮ ॥	Attaching[28] to His skirt[29], the Lord has saved[30] Nanak, and he has won[31] for himself the peerless[33] life[32].	ਆਪਣੇ ਪੱਲੇ[29] ਨਾਲ ਜੋੜ[28] ਕੇ ਸਾਹਿਬ ਨੇ ਨਾਨਕ ਦਾ ਪਾਰ ਉਤਾਰਾ[30] ਕਰ ਦਿੱਤਾ ਹੈ ਅਤੇ ਉਸ ਨੇ ਆਪਣੇ ਲਈ ਲਾਸਾਨੀ[33] ਜੀਵਨ[32] ਜਿੱਤ[31] ਲਿਆ ਹੈ ।
੧ ੴ ਸਤਿਗੁਰ ਪ੍ਰਸਾਦਿ ॥	There is but one God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਮਿਹਰ ਦੁਆਰਾ ਉਹ ਪਰਾਪਤ ਹੁੰਦਾ ਹੈ ।
ਮਾਝ ਮਹਲਾ ੫ ਘਰੁ ੩ ॥	Majh, Fifth Guru.	ਮਾਝ, ਪੰਜਵੀਂ ਪਾਤਸ਼ਾਹੀ ।
ਹਰਿ ਜਪਿ ਜਪੇ[34] ਮਨੁ[35] ਧੀਰੇ[36] ॥ ੧ ॥ ਰਹਾਉ ॥	By pondering and reflecting[34] over God the mind[35] becomes steady[36]. Pause.	ਵਾਹਿਗੁਰੂ ਦਾ ਸਿਮਰਨ ਤੇ ਅਰਾਧਨ[34] ਕਰਨ ਦੁਆਰਾ ਮਨੂਆ[35] ਸਥਿਰ[36] ਹੋ ਜਾਂਦਾ ਹੈ । ਠਹਿਰਾਉ ।
ਸਿਮਰਿ ਸਿਮਰਿ[37] ਗੁਰ ਦੇਉ[38] ਮਿਟਿ[39] ਗਏ ਭੈ[40] ਦੂਰੇ[41] ॥ ੧ ॥	By remembering and thinking[37] of the bright[38] Guru dread[40] is effaced[39] and dispelled[41].	ਪ੍ਰਕਾਸ਼ਵਾਨ[38] ਗੁਰਾਂ ਦਾ ਚਿੰਤਨ[37] ਤੇ ਧਿਆਨ ਕਰਨ ਦੁਆਰਾ ਡਰ[40] ਨਾਸ[39] ਤੇ ਨਵਿਰਤ[41] ਹੋ ਗਿਆ ਹੈ ।
੧੩੩	**133**	**੧੩੩**
ਸਰਨਿ[42] ਆਵੈ[43] ਪਾਰਬ੍ਰਹਮ[44] ਕੀ ਤਾ[45] ਫਿਰਿ[46] ਕਾਹੇ[47] ਝੂਰੇ[48] ॥ ੨ ॥	If the mortal seeks[43] the refuge[42] of the supreme Lord[44], then[45] why[47] shall he repent[48] again[46] ?	ਜੇਕਰ ਪ੍ਰਾਣੀ ਸ਼੍ਰੋਮਣੀ ਸਾਹਿਬ[44] ਦੀ ਸ਼ਰਣਾਗਤ[42] ਸੰਭਾਲ[43] ਲਵੇ ਤਦ[45] ਉਹ ਮੁੜ ਕੇ[46] ਕਿਉਂ[47] ਪਸਚਾਤਾਪ[48] ਕਰੇਗਾ ?
ਚਰਨ[49] ਸੇਵ[50] ਸੰਤ[51] ਸਾਧ[52] ਕੇ ਸਗਲ[53] ਮਨੋਰਥ[54] ਪੂਰੇ[55] ॥ ੩ ॥	By adoring[50] the feet[49] of the saints[51] and the pious persons[52], all[53] the desires[54] are fulfilled[55].	ਧਰਮੀ[51] ਤੇ ਪਵਿੱਤ੍ਰ ਪੁਰਸ਼ਾਂ[52] ਦੇ ਪੈਰਾਂ[49] ਦੀ ਪੂਜਾ[50] ਕਰਨ ਦੁਆਰਾ ਸਾਰੀਆਂ[53] ਖ਼ਾਹਿਸ਼ਾਂ[54] ਪੂਰੀਆਂ[55] ਹੋ ਜਾਂਦੀਆਂ ਹਨ ।
ਘਟਿ ਘਟਿ[56] ਏਕੁ[57] ਵਰਤਦਾ[58] ਜਲਿ[59] ਥਲਿ[60] [61]ਮਹੀਅਲਿ[62] ਪੂਰੇ[63] ॥੪॥	In all the hearts[56] the unique[57] Lord is contained[58]. He is fully filling[63] water[59], dry lands[60], the earth[61] and the sky[62].	ਸਾਰਿਆਂ ਦਿਲਾਂ[56] ਅੰਦਰ ਅਦੁੱਤੀ ਸਾਹਿਬ[57] ਰਮਿਆ[58] ਹੋਇਆ ਹੈ । ਉਹ ਪਾਣੀ[59], ਸੁੱਕੀ ਧਰਤੀ[60], ਜ਼ਮੀਨ[61] ਤੇ ਅਸਮਾਨ[62] ਨੂੰ ਪਰੀ-ਪੂਰਨ[63] ਕਰ ਰਿਹਾ ਹੈ ।
ਪਾਪ[64] ਬਿਨਾਸਨੁ[65] ਸੇਵਿਆ[66] ਪਵਿਤ੍ਰ[67] ਸੰਤਨ[68] ਕੀ ਧੂਰੇ[69] ॥ ੫ ॥	Sanctified[67] by the dust[69] of the saint's[68] feet, I have served[66] Lord, the destroyer[65] of sins[64].	ਸਾਧੂਆਂ[68] ਦੇ ਪੈਰਾਂ ਦੀ ਧੂੜ[69] ਦੁਆਰਾ ਪਾਵਨ[67] ਹੋ ਕੇ, ਮੈਂ ਗੁਨਾਹਾਂ[64] ਦੇ ਮੇਸਣਹਾਰ[65] ਸੁਆਮੀ ਦੀ ਘਾਲ[66] ਕਮਾਈ ਹੈ ।

ਸਭ[70] ਛਡਾਈ[71] ਖਸਮਿ[72] ਆਪਿ[73] ਹਰਿ ਜਪਿ[74] ਭਈ ਠਰੂਰੇ[75] ॥ ੬ ॥	The Master[72] Himself[73] has entirely[70] delivered[71] me and I am pacified[75] by meditating[74] on God.	ਮਾਲਕ[72] ਨੇ ਖ਼ੁਦ[73] ਮੈਨੂੰ ਪੂਰੀ ਤਰ੍ਹਾਂ[70] ਬੰਦ ਖ਼ਲਾਸ[71] ਕਰ ਦਿਤਾ ਹੈ ਅਤੇ ਮੈਂ ਵਾਹਿਗੁਰੂ ਦਾ ਸਿਮਰਨ[74] ਕਰਕੇ ਸੀਤਲ[75] ਹੋ ਗਿਆ ਹਾਂ।
ਕਰਤੈ[76] ਕੀਆ ਤਪਾਵਸੁ[77] ਦੁਸਟ[78] ਮੁਏ ਹੋਇ[79] ਮੂਰੇ[80] ॥ ੭ ॥	The Creator[76] has done justice[77] and the evil-doers[78] have died becoming[79] mute and dumb[80].	ਸਿਰਜਣਹਾਰ[76] ਨੇ ਨਿਆਉਂ[77] ਕੀਤਾ ਹੈ ਅਤੇ ਪਾਂਬਰ[78] ਗੂੰਗੇ ਬੋਲੇ[80] ਹੋ ਕੇ[79] ਮਰ ਗਏ ਹਨ।
ਨਾਨਕ ਰਤਾ[81] ਸਚਿ ਨਾਇ[82] ਹਰਿ ਵੇਖੈ[83] ਸਦਾ[84] ਹਜੂਰੇ[85] ॥ ੮ ॥ ੫ ॥ ੩੯ ॥ ੧ ॥ ੩੨ ॥ ੧ ॥ ੫ ॥ ੩੯ ॥	Nanak is imbued[81] with the True Name[82] and he ever[84] beholds[83] God just before his[85] eyes.	ਨਾਨਕ ਸਚੇ ਨਾਮ[82] ਨਾਲ ਰੰਗਿਆ[81] ਗਿਆ ਹੈ ਅਤੇ ਉਹ ਵਾਹਿਗੁਰੂ ਨੂੰ ਹਮੇਸ਼ਾਂ[84] ਆਪਣੀਆਂ ਅੱਖਾਂ ਸਾਹਮਣੇ ਪਰਤੱਖ[85] ਦੇਖਦਾ[83] ਹੈ।
ਬਾਰਹ[86] ਮਾਹਾ[87] ਮਾਂਝ ਮਹਲਾ ੫ ਘਰੁ ੪ ॥	Twelve[86] months[87] Majh, Fifth Guru.	ਬਾਰਾਂ[86] ਮਹੀਨੇ[87] ਮਾਝ, ਪੰਜਵੀਂ ਪਾਤਸ਼ਾਹੀ।
ੴ ਸਤਿਗੁਰ ਪ੍ਰਸਾਦਿ ॥	There is but one God. By the favour of the True Guru He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਮਿਹਰ ਦੁਆਰਾ ਉਹ ਪਰਾਪਤ ਹੁੰਦਾ ਹੈ।
ਕਿਰਤਿ[88] ਕਰਮ[89] ਕੇ[90] ਵੀਛੁੜੇ[91] ਕਰਿ[92] ਕਿਰਪਾ[95] ਮੇਲਹੁ[93] ਰਾਮ[94] ॥	O' Omnipresent Lord[94] ! show[92] mercy[95] and unite[93] us with Thee who, on account[90] of the deeds[89] done[88], are separated[91] from Thee.	ਮੇਰੇ ਸਰਬ-ਵਿਆਪਕ ਸੁਆਮੀ[94] ! ਮਿਹਰ[95] ਧਾਰ[92] ਅਤੇ ਸਾਨੂੰ ਆਪਣੇ ਨਾਲ ਮਿਲਾ[93] ਲੈ ਜਿਹੜੇ, ਕੀਤੇ[88] ਹੋਏ ਅਮਲਾਂ[89] ਦੇ ਕਾਰਨ[90] ਤੇਰੇ ਨਾਲੋਂ ਵਿਛੜੇ[91] ਹੋਏ ਹਨ।
ਚਾਰਿ ਕੁੰਟ[96] ਦਹ[97] ਦਿਸ[98] ਭ੍ਰਮੇ[99] ਥਕਿ[100] ਆਏ[2] ਪ੍ਰਭ[4] ਕੀ ਸਾਮ[3] ॥	Weary[100] of wandering[99] in the four corners[96] and ten[97] directions[98] we have come[2] to Thine sanctuary[3], O' Lord[4] !	ਚਾਰੇ ਹੀ ਨੁੱਕਰਾਂ[96] ਅਤੇ ਦਸਾਂ[97] ਹੀ ਪਾਸਿਆਂ[98] ਅੰਦਰ ਭਟਕ[99] ਅਤੇ ਹਾਰ ਹੁਟ[100] ਕੇ ਅਸੀਂ ਤੇਰੀ ਸ਼ਰਣੀ[3] ਆ[2] ਪਏ ਹਾਂ, ਹੇ ਸੁਆਮੀ[4] !
ਧੇਨੁ[5] ਦੁਧੈ[7] ਤੇ ਬਾਹਰੀ[6] ਕਿਤੈ ਨ ਆਵੈ ਕਾਮ[8] ॥	A cow[5] without[6] milk[7] serves no purpose[8].	ਦੁੱਧ[7] ਤੋਂ ਬਿਨਾਂ[6] ਗਾਂ[5] ਕਿਸੇ ਕੰਮ[8] ਨਹੀਂ ਆਉਂਦੀ।
ਜਲ[9] ਬਿਨੁ ਸਾਖ[10] ਕੁਮਲਾਵਤੀ[12] ਉਪਜਹਿ[13] ਨਾਹੀ ਦਾਮ[14] ॥	Without water[9] the crop[10] withers[12] and fetches[13] not the price[14].	ਪਾਣੀ[9] ਦੇ ਬਗ਼ੈਰ ਫ਼ਸਲ[10] ਮੁਰਝਾ[12] ਜਾਂਦੀ ਹੈ ਅਤੇ ਮੁੱਲ[14] ਨਹੀਂ ਵਟਿਆ ਜਾਂਦਾ[13]।
ਹਰਿ ਨਾਹ[15] ਨ ਮਿਲੀਐ[16] ਸਾਜਨੈ[17] ਕਤ[18] ਪਾਈਐ ਬਿਸਰਾਮ[19] ॥	If we meet[16] not God, the Spouse[15] our friend[17], how[18] can we find rest[19] ?	ਜੇਕਰ ਅਸੀਂ ਵਾਹਿਗੁਰੂ, ਪਤੀ[15] ਆਪਣੇ ਮਿਤ੍ਰ[17] ਨੂੰ, ਨਾ ਭੇਟੀਏ[16] ਅਸੀਂ ਕਿਸ ਤਰ੍ਹਾਂ[18] ਆਰਾਮ[19] ਪਾ ਸਕਦੇ ਹਾਂ ?
ਜਿਤੁ[20] ਘਰਿ[21] ਹਰਿ ਕੰਤੁ[23] ਨ ਪ੍ਰਗਟਈ[24] ਭਠਿ[25] ਨਗਰ[26] ਸੇ[27] ਗ੍ਰਾਮ[28] ॥	Those[27] houses[21], villages[28] and towns[26] where-in[20] God, the Husband[23], becomes not manifest[24], are	ਉਹ[27] ਝੁਗੇ[21], ਪਿੰਡ[28] ਅਤੇ ਕਸਬੇ[26], ਜਿਨ੍ਹਾਂ[20] ਅੰਦਰ ਵਾਹਿਗੁਰੂ, ਖ਼ਸਮ[23], ਪਰਤੱਖ[24] ਨਹੀਂ ਹੁੰਦਾ, ਤੰਦੂਰ[25] ਦੀ ਮਾਨਿੰਦ ਹਨ।

	like a furnace[28].	
ਸ੍ਰਬ[29] ਸੀਗਾਰ[30] ਤੰਬੋਲ[31] ਰਸ[32] ਸਣੁ[33] ਦੇਹੀ[34] ਸਭ[35] ਖਾਮ[36] ॥	All[29] decorations[30], betel[31] and dainties[32], along with[33] the body[34], are all[35], in vain[36].	ਸਮੂਹ[29] ਹਾਰਸ਼ਿੰਗਾਰ[30], ਪਾਨ[31] ਅਤੇ ਨਿਆਮਤਾਂ[32] ਸਮੇਤ[33] ਸਰੀਰ[34] ਦੇ ਸਾਰੇ[35] ਹੀ ਫਜ਼ੂਲ[36] ਹਨ।
ਪ੍ਰਭ ਸੁਆਮੀ[37] ਕੰਤ[38] ਵਿਹੂਣੀਆ[39] ਮੀਤ[40] ਸਜਣ[41] ਸਭਿ ਜਾਮ[42] ॥	Without[39] the Lord Master[37] the Bridegroom[38], all the friends[40] and intimates[41] are like the death's myrmidon[42].	ਸਾਹਿਬ ਮਾਲਕ[37], ਲਾੜੇ[38] ਬਗੈਰ[39], ਸਾਰੇ ਦੋਸਤ[40] ਅਤੇ ਮਿੱਤਰ[41] ਮੌਤ ਦੇ ਫਰਿਸ਼ਤੇ[42] ਦੀ ਤਰ੍ਹਾਂ ਹਨ।
ਨਾਨਕ ਕੀ ਬੇਨੰਤੀਆ[43] ਕਰਿ[44] ਕਿਰਪਾ[45] ਦੀਜੈ[46] ਨਾਮੁ ॥	Nanak's suppliction[43] is, "show[44] Thine benediction[45] and grant[46] Thy Name".	ਨਾਨਕ ਦੀ ਪ੍ਰਾਰਥਨਾ[43] ਹੈ, "ਆਪਣੀ ਰਹਿਮਤ[45] ਧਾਰ[44] ਅਤੇ ਆਪਣਾ ਨਾਮ ਪ੍ਰਦਾਨ[46] ਕਰ।"
ਹਰਿ[47] ਮੇਲਹੁ[48] ਸੁਆਮੀ[49] ਸੰਗਿ[50] ਪ੍ਰਭੁ[51] ਜਿਸਕਾ[52] ਨਿਹਚਲ[53] ਧਾਮੁ[54] ॥ ੧ ॥	O' God[47]! the Lord[49] master[51], eternal[53] is whose[52] mansion[54], unite[48] me with[50] Thee.	ਹੇ ਵਾਹਿਗੁਰੂ[47]! ਸਾਹਿਬ[49] ਮਾਲਕ[51] ਸਦੀਵੀ ਸਥਿਰ[53] ਹੈ ਜਿਸ[52] ਦਾ ਮੰਦਰ[54], ਮੈਨੂੰ ਆਪਣੇ ਨਾਲ[50] ਅਭੇਦ[48] ਕਰ ਲੈ।
ਚੇਤਿ [55]ਗੋਵਿੰਦੁ[56] ਅਰਾਧੀਐ[57] ਹੋਵੈ[58] ਅਨੰਦੁ[59] ਘਣਾ[60] ॥	By remembering[57] the Master[56] of the universe[56] in the month of Chetar great[60] rejoicing[59] emanates[58].	ਚੇਤ੍ਰ ਦੇ ਮਹੀਨੇ ਅੰਦਰ ਜਗਤ[56] ਦੇ ਮਾਲਕ[56] ਦਾ ਸਿਮਰਨ[57] ਕਰਨ ਦੁਆਰਾ ਬਹੁਤੀ[60] ਖ਼ੁਸ਼ੀ[59] ਉਤਪੰਨ[58] ਹੁੰਦੀ ਹੈ।
ਸੰਤ ਜਨਾ[61] ਮਿਲਿ[62] ਪਾਈਐ[63] ਰਸਨਾ[64] ਨਾਮੁ ਭਣਾ[65] ॥	By meeting[62] the pious persons[61], and uttering[65] the Name with the tongue[64], the Lord is obtained[63].	ਪਵਿੱਤ੍ਰ ਪੁਰਸ਼ਾਂ[61] ਨੂੰ ਭੇਟਣ[62], ਅਤੇ ਜੀਭਾ[64] ਨਾਲ ਨਾਮ ਦਾ ਉਚਾਰਣ[65] ਕਰਨ ਦੁਆਰਾ, ਪ੍ਰਭੂ ਪਾਇਆ[63] ਜਾਂਦਾ ਹੈ।
ਜਿਨਿ ਪਾਇਆ ਪ੍ਰਭੁ ਆਪਣਾ ਆਏ[66] ਤਿਸਹਿ[67] ਗਣਾ[68] ॥	In this world the advent[66] of only those[67] is of account[68] who have obtained their Lord.	ਕੇਵਲ ਉਨ੍ਹਾਂ[67] ਦਾ ਆਗਮਨ[66] ਹੀ ਇਸ ਸੰਸਾਰ ਅੰਦਰ ਲੇਖੇ ਵਿਚ[68] ਹੈ ਜਿਨ੍ਹਾਂ ਨੇ ਆਪਣੇ ਸਾਹਿਬ ਨੂੰ ਪਾ ਲਿਆ ਹੈ।
ਇਕੁ ਖਿਨੁ[69] ਤਿਸੁ[70] ਬਿਨੁ ਜੀਵਣਾ[71] ਬਿਰਥਾ[72] ਜਨਮੁ[73] ਜਣਾ[74] ॥	Vain[72] is deemed[74] to be the life[73] of him, who live[71] without Him[70], even for a moment[69].	ਬੇ-ਅਰਥ[72] ਜਾਣਿਆ[74] ਜਾਂਦਾ ਹੈ ਉਸ ਦਾ ਜੀਵਨ[73], ਜੋ ਉਸ[70] ਦੇ ਬਗੈਰ, ਇਕ ਮੁਹਤ[69] ਭਰ ਲਈ ਭੀ, ਜੀਉਂਦਾ[71] ਹੈ।
ਜਲਿ[75] ਥਲਿ[76] [77]ਮਹੀਅਲਿ[78] ਪੂਰਿਆ[79] ਰਵਿਆ[80] ਵਿਚਿ ਵਣਾ[81] ॥	The Lord is fully filling[79] water[75], dry lands[76], the earth[77] and firmament[78] and is contained[80] in the forests[81] too.	ਪ੍ਰਭੂ ਪਾਣੀ[75], ਸੁੱਕੀ ਧਰਤੀ[76], ਜ਼ਮੀਨ[77] ਅਤੇ ਅਸਮਾਨ[78] ਨੂੰ ਪੂਰੀ ਤਰ੍ਹਾਂ ਭਰ[79] ਰਿਹਾ ਹੈ ਅਤੇ ਜੰਗਲਾਂ[81] ਅੰਦਰ ਭੀ ਵਿਆਪਕ[80] ਹੈ।
ਸੋ[82] ਪ੍ਰਭੁ ਚਿਤਿ[83] ਨ ਆਵਈ ਕਿਤੜਾ[84] ਦੁਖੁ[85] ਗਣਾ[86] ॥	How much[84] pain[85] shall I reckon[86] to befall a person, who remembers[83] not that[82] Lord ?	ਕਿੰਨੀ[84] ਕੁ ਤਕਲੀਫ਼[85] ਮੈਂ ਗਿਣਾਂ[86], ਜੋ ਉਸ ਜੀਵ ਨੂੰ ਵਿਆਪਦੀ ਹੈ, ਜੋ ਉਸ[82] ਸੁਆਮੀ ਨੂੰ ਚੇਤੇ[83] ਨਹੀਂ ਕਰਦਾ।
ਜਿਨੀ ਰਾਵਿਆ[87] ਸੋ ਪ੍ਰਭੂ[88] ਤਿੰਨਾ[89] ਭਾਗੁ[90] ਮਣਾ[91] ॥	Very great[91] is the fortune[90] of those[89] who repeat[87] the Name of that Lord[88].	ਬਹੁਤ[91] ਹੀ ਚੰਗੀ ਕਿਸਮਤ[90] ਹੈ ਉਨ੍ਹਾਂ[89] ਦੀ ਜੋ ਉਸ[88] ਸਾਈਂ ਦੇ ਨਾਮ ਦਾ ਉਚਾਰਣ[87] ਕਰਦੇ ਹਨ।
ਹਰਿ ਦਰਸਨ[92] ਕੰਉ[93] ਮਨੁ[94]	For[93] God's sight[92], O' Nanak !	ਵਾਹਿਗੁਰੂ ਦੇ ਦੀਦਾਰ[92] ਲਈ[93], ਹੇ ਨਾਨਕ ! ਮੇਰੀ

ਲੋਚਦਾ[95] ਨਾਨਕ ਪਿਆਸ[96] ਮਨਾ[97] ॥	my soul[94] craves[95] and my mind[97] is thirsty[96].	ਆਤਮਾ[94] ਤਰਸਦੀ[95] ਹੈ ਤੇ ਮੇਰਾ ਚਿੱਤ[97] ਤਿਹਾਇਆ[96] ਹੈ ।
ਚੇਤਿ ਮਿਲਾਏ[98] ਸੋ ਪ੍ਰਭੂ[3] ਤਿਸ[99] ਕੈ ਪਾਇ[100] ਲਗਾ[2] ॥ ੨ ॥	I touch[2] the feet[100] of him[99] who may unite[98] me with that Master[3], in the month of Chetar.	ਮੈਂ ਉਸ[99] ਦੇ ਪੈਰੀਂ[100] ਪੈਂਦਾ[2] ਹਾਂ ਜੋ ਮੈਨੂੰ ਚੇਤ੍ਰ ਦੇ ਮਹੀਨੇ ਅੰਦਰ ਉਸ ਮਾਲਕ[3] ਨਾਲ ਮਿਲਾ[98] ਦੇਵੇ ।
ਵੈਸਾਖਿ ਧੀਰਨਿ[4] ਕਿਉ[5] ਵਾਢੀਆ[6] ਜਿਨਾ ਪ੍ਰੇਮ[7] ਬਿਛੋਹੁ[8] ॥	In the month of Waisakh, how[5] can the separated[6], who suffer separation[8] from their Beloved[7], have patience[4] ?	ਵੈਸਾਖ ਦੇ ਮਹੀਨੇ ਵਿਚ, ਜਿਨ੍ਹਾਂ ਵਿਜੋਗਣਾਂ[6] ਦਾ ਆਪਣੇ ਪ੍ਰੀਤਮ[7] ਨਾਲੋਂ ਵਿਛੋੜਾ[8] ਹੈ, ਉਹ ਕਿਸ[5] ਤਰ੍ਹਾਂ ਧੀਰਜ[4] ਕਰ ਸਕਦੀਆਂ ਹਨ ?
ਹਰਿ ਸਾਜਨੁ[9] ਪੁਰਖੁ[10] ਵਿਸਾਰਿ[12] ਕੈ ਲਗੀ[13] ਮਾਇਆ[14] ਧੋਹੁ[15] ॥	They forget[12] Lord[10] God, the Friend[9], and are attached[13] with the deceitful[15] wealth[14].	ਉਹ ਵਾਹਿਗੁਰੂ ਸੁਆਮੀ,[10] ਮਿੱਤ੍ਰ[9], ਨੂੰ ਭੁਲਾ[12] ਦਿੰਦੀਆਂ ਹਨ ਅਤੇ ਛਲਣ ਵਾਲੀ[15] ਧਨ ਦੌਲਤ[14] ਨਾਲ ਚਿਮੜੀਆਂ[13] ਹੋਈਆਂ ਹਨ ।
ਪੁਤ੍ਰ[16] ਕਲਤ੍ਰ[17] ਨ ਸੰਗਿ[18] ਧਨਾ[19] ਹਰਿ ਅਵਿਨਾਸੀ[20] ਓਹੁ[21] ॥	The son[16], the wife[17] and the riches[19] go not with[18] the mortal, but that[21] imperishable[20] God does.	ਲੜਕਾ[16], ਵਹੁਟੀ[17] ਅਤੇ ਮਾਲ ਮਿਲਖ[19] ਪ੍ਰਾਣੀ ਦੇ ਨਾਲ[18] ਨਹੀਂ ਜਾਂਦੇ ਪ੍ਰੰਤੂ ਉਹ[21] ਨਾਸ-ਰਹਿਤ[20] ਵਾਹਿਗੁਰੂ ਹੀ ਉਸ ਦਾ ਸਾਥੀ ਹੁੰਦਾ ਹੈ ।
ਪਲਚਿ[22] ਪਲਚਿ[23] ਸਗਲੀ[24] ਮੁਈ[25] ਝੂਠੈ[26] ਧੰਧੈ[27] ਮੋਹੁ[28] ॥	Being entangled[22] and enmeshed[23] in the love[28] of false[26] occupations[27], the whole[24] world has perished[25].	ਕੂੜੇ[26] ਕਾਰਾਂ ਵਿਹਾਰਾਂ[27] ਦੀ ਲਗਨ[28] ਅੰਦਰ ਫਸ[22] ਅਤੇ ਉਲਝ[23] ਕੇ ਸਾਰੀ[24] ਦੁਨੀਆ ਮਲੀਆਮੇਟ[25] ਹੋ ਗਈ ਹੈ ।
ਇਕਸੁ ਹਰਿ ਕੇ ਨਾਮ ਬਿਨੁ[29] ਅਗੈ[30] ਲਈਅਹਿ ਖੋਹਿ[31] ॥	Without[29] the Name of One God, one has his future[30] marred[31].	ਇਕ ਵਾਹਿਗੁਰੂ ਦੇ ਨਾਮ ਦੇ ਬਾਝੋਂ[29], ਇਨਸਾਨ ਆਪਣਾ ਭਵਿੱਖਤ[30] ਵਿਗਾੜ[31] ਲੈਂਦਾ ਹੈ ।
ਦਯੁ[32] ਵਿਸਾਰਿ[33] ਵਿਗੁਚਣਾ[34] ਪ੍ਰਭ ਬਿਨੁ ਅਵਰੁ ਨ ਕੋਇ ॥	By forgetting[33] God[32] the mortal is ruined[34]. Without the Lord there is no other.	ਵਾਹਿਗੁਰੂ[32] ਨੂੰ ਭੁਲਾ[33] ਕੇ ਬੰਦਾ ਤਬਾਹ[34] ਹੋ ਜਾਂਦਾ ਹੈ । ਠਾਕਰ ਦੇ ਬਗ਼ੈਰ ਹੋਰ ਕੋਈ ਨਹੀਂ ।
ਪ੍ਰੀਤਮ[35] ਚਰਣੀ[36] ਜੋ ਲਗੇ[37] ਤਿਨ ਕੀ ਨਿਰਮਲ[38] ਸੋਇ[39] ॥	Pure[38] is the fame[39] of those who are attached[37] to the feet[36] of the Beloved[35].	ਪਵਿੱਤਰ[38] ਹੈ ਸ਼ੋਭਾ[39] ਉਨ੍ਹਾਂ ਦੀ ਜਿਹੜੇ ਪਿਆਰੇ[35] ਦੇ ਪੈਰਾਂ[36] ਨਾਲ ਜੁੜੇ[37] ਹੋਏ ਹਨ ।
੧੩੪	**134**	**੧੩੪**
ਨਾਨਕ ਕੀ ਪ੍ਰਭ ਬੇਨਤੀ[40] ਪ੍ਰਭ ਮਿਲਹੁ[41] ਪਰਾਪਤਿ[42] ਹੋਇ ॥	Nanak makes supplication[40] before the Lord "Come[42] and unite[41] me with Thee, O' Lord !"	ਨਾਨਕ ਸਾਹਿਬ ਅਗੇ ਪ੍ਰਾਰਥਨਾ[40] ਕਰਦਾ ਹੈ; "ਹੇ ਸਾਹਿਬ ! ਆ[42] ਕੇ ਮੈਨੂੰ ਆਪਣੇ ਨਾਲ ਅਭੇਦ[41] ਕਰ ਲੈ ।"
ਵੈਸਾਖੁ ਸੁਹਾਵਾ[43] ਤਾਂ[44] ਲਗੈ ਜਾ[45] ਸੰਤੁ ਭੇਟੈ[46] ਹਰਿ ਸੋਇ[47] ॥ ੩ ॥	Only then[44] does the month of Waisakh become beautiful[43] when[45] the saint causes man to meet[46] that[47] God.	ਕੇਵਲ ਤਦ[44] ਹੀ ਵੈਸਾਖ ਦਾ ਮਹੀਨਾ ਸੁਹਾਵਣਾ[43] ਹੁੰਦਾ ਹੈ ਜਦ[45] ਸਾਧੂ ਬੰਦੇ ਨੂੰ ਉਸ[47] ਵਾਹਿਗੁਰੂ ਨਾਲ ਮਿਲਾ[46] ਦਿੰਦਾ ਹੈ ।
ਹਰਿ ਜੇਠਿ ਜੁੜੰਦਾ[48] ਲੋੜੀਐ[49] ਜਿਸੁ[50] ਅਗੈ[51] ਸਭਿ	In the month of Jeth, man ought[49] to unite[48] with Him before[51] whom[50]	ਜੇਠ ਦੇ ਮਹੀਨੇ ਵਿਚ, ਆਦਮੀ ਨੂੰ ਉਸ ਨਾਲ ਜੁੜਨਾ[48] ਉਚਿਤ[49] ਹੈ ਜਿਸ ਦੇ[50] ਮੂਹਰੇ[51] ਸਾਰੇ ਨਿੰਵਦੇ[52] ਹਨ ।

ਨਿਵੰਨਿ[52] ॥	all bow[52].	
ਹਰਿ ਸਜਣ[53] ਦਾਵਣਿ[54] ਲਗਿਆ[55] ਕਿਸੈ ਨ ਦੇਈ ਬੰਨਿ[56] ॥	None can keep him in bondage[56], who is attached[55] to the skirt[54] of God, the Friend[53].	ਕੋਈ ਜਣਾ ਉਸ ਨੂੰ ਬੰਦੀ[56] ਵਿਚ ਨਹੀਂ ਰਖ ਸਕਦਾ ਜੋ ਵਾਹਿਗੁਰੂ, ਮਿਤ੍ਰ[53], ਦੇ ਪੱਲੇ[54] ਨਾਲ ਜੁੜਿਆ[55] ਹੋਇਆ ਹੈ।
ਮਾਣਕ[57] ਮੋਤੀ[58] ਨਾਮੁ ਪ੍ਰਭ ਉਨ[59] ਲਗੈ ਨਾਹੀ ਸੰਨਿ[60] ॥	The Lord's Name is like gems[57] and pearls[58]. Them[59] none can burgle[60] and steal.	ਸੁਆਮੀ ਦਾ ਨਾਮ ਜਵੇਹਰਾਂ[57] ਤੇ ਹੀਰਿਆਂ[58] ਦੀ ਮਾਨਿੰਦ ਹੈ, ਉਨ੍ਹਾਂ[59] ਨੂੰ ਕੋਈ ਜਣਾ ਪਾੜ[60] ਲਾ ਕੇ ਚੁਰਾ ਨਹੀਂ ਸਕਦਾ।
ਰੰਗ[61] ਸਭੇ ਨਾਰਾਇਣੈ[62] ਜੇਤੇ[63] ਮਨਿ[64] ਭਾਵੰਨਿ[65] ॥	In the Primal Being[62] are all the delights[61] which[63] fascinate[65] the mind[64].	ਆਦਿ ਪੁਰਖ[62] ਅੰਦਰ ਸਾਰੀਆਂ ਖੁਸ਼ੀਆਂ[61] ਹਨ ਜਿਹੜੀਆਂ[63], ਚਿੱਤ[64] ਨੂੰ ਮੋਹਿਤ[65] ਕਰਦੀਆਂ ਹਨ।
ਜੋ[66] ਹਰਿ ਲੋੜੇ[67] ਸੁ[68] ਕਰੇ ਸੋਈ[69] ਜੀਅ[70] ਕਰੰਨਿ[71] ॥	What[66] God desires[67], He does that[68]. That very[69] thing the creatures[70] do[71].	ਜੋ ਕੁਛ[66] ਭਗਵਾਨ ਚਾਹੁੰਦਾ[67] ਹੈ, ਉਹ ਉਹੀ[68] ਕਰਦਾ ਹੈ। ਐਨ ਉਹੀ ਚੀਜ਼[69] ਹੀ ਜੀਵ[70] ਕਰਦੇ[71] ਹਨ।
ਜੋ[72] ਪ੍ਰਭਿ ਕੀਤੇ[73] ਆਪਣੇ[74] ਸੇਈ[75] ਕਹੀਅਹਿ[76] ਧੰਨਿ[77] ॥	They[75], whom[72] the Lord has made[73] His own[74], are said to[76] be praiseworthy[77].	ਜਿਨ੍ਹਾਂ[72] ਨੂੰ ਸੁਆਮੀ ਨੇ ਆਪਣੇ ਨਿਜ[74] ਦੇ ਬਣਾਇਆ[73] ਹੈ ਉਹ[75] ਸ਼ਲਾਘਾ-ਯੋਗ[77] ਆਖੇ[76] ਜਾਂਦੇ ਹਨ।
ਆਪਣ[78] ਲੀਆ[79] ਜੇ[80] ਮਿਲੈ[81] ਵਿਛੁੜਿ[82] ਕਿਉ ਰੋਵੰਨਿ[83] ॥	By their own[78] obtainment[79], if[80] men could meet[81] the Lord, why should they then weep[83] in separation[82]?	ਆਪਣੇ ਆਪ[78] ਦੀ ਪਰਾਪਤੀ[79] ਦੁਆਰਾ ਜੇਕਰ[80] ਬੰਦੇ ਪ੍ਰਭੂ ਨੂੰ ਮਿਲ[81] ਸਕਦੇ ਤਾਂ ਉਹ ਜੁਦਾਈ[82] ਅੰਦਰ ਕਿਉਂ ਵਿਰਲਾਪ[83] ਕਰਦੇ ?
ਸਾਧੂ ਸੰਗੁ[84] ਪਰਾਪਤੇ[85] ਨਾਨਕ ਰੰਗ[86] ਮਾਣੰਨਿ[87] ॥	Meeting[85] God through the society[84] of the saints, O' Nanak! the pious persons enjoy[87] celestial[86] bliss.	ਸੰਤਾਂ ਦੀ ਸੰਗਤ[84] ਦੁਆਰਾ ਵਾਹਿਗੁਰੂ ਨੂੰ ਮਿਲ[85] ਕੇ, ਹੇ ਨਾਨਕ! ਪਵਿੱਤ੍ਰ ਪੁਰਸ਼ ਬੈਕੁੰਠੀ[86] ਆਨੰਦ ਭੋਗਦੇ[87] ਹਨ।
ਹਰਿ[88] ਜੇਠੁ ਰੰਗੀਲਾ[89] ਤਿਸੁ[90] ਧਣੀ[91] ਜਿਸ[94] ਕੈ ਭਾਗੁ[92] ਮਥੰਨਿ[93] ॥ ੪ ॥	In Jeth, the playful[89] Lord[88] Master[91] meets Him[90], on whose[94] forehead[93] good fortune[92] is recorded.	ਜੇਠ ਵਿਚ ਖਿਲੰਦੜਾ[89] ਸੁਆਮੀ[88] ਮਾਲਕ[91] ਉਸ[90] ਨੂੰ ਮਿਲਦਾ ਹੈ, ਜਿਸ[94] ਦੇ ਮੱਥੇ[93] ਉਤੇ ਚੰਗੀ ਕਿਸਮਤ[92] ਲਿਖੀ ਹੋਈ ਹੈ।
ਆਸਾੜੁ[95] ਤਪੰਦਾ[96] ਤਿਸੁ[97] ਲਗੈ[98] ਹਰਿ ਨਾਹੁ[99] ਨ ਜਿੰਨਾ ਪਾਸਿ[100] ॥	The month of Har[95], seems[98] hot[96] for them[97] to whom God Spouse[99] is not near[100].	ਹਾੜ[95] ਦਾ ਮਹੀਨਾ, ਉਨ੍ਹਾਂ[97] ਨੂੰ ਗਰਮ[96] ਮਲੂਮ[98] ਹੁੰਦਾ ਹੈ ਜਿਨ੍ਹਾਂ ਦੇ ਲਾਗੇ[100] ਵਾਹਿਗੁਰੂ ਕੰਤ[99] ਨਹੀਂ।
ਜਗ[2] ਜੀਵਨ[3] ਪੁਰਖੁ[4] ਤਿਆਗਿ[5] ਕੈ ਮਾਣਸ[6] ਸੰਦੀ[8] ਆਸ[7] ॥	They forsake[5] God[4], the life[3] of the world[2], and rely upon [6]man's[8] hope[7].	ਉਹ, ਜਗਤ[2] ਦੀ ਜਿੰਦ-ਜਾਨ[3], ਵਾਹਿਗੁਰੂ[4] ਨੂੰ ਛੱਡ ਦਿੰਦੇ[5] ਹਨ ਅਤੇ ਮਨੁੱਖ[6] ਦੀ[8] ਉਮੀਦ[7] ਅਤੇ ਭਰੋਸਾ ਰਖਦੇ ਹਨ।
ਦੁਯੈ[9] ਭਾਇ[10] ਵਿਗੁਚੀਐ[12] ਗਲਿ[13] ਪਈ[14] ਸੁ ਜਮ[15] ਕੀ ਫਾਸ[16] ॥	Through another's[9] love[10] the man is ruined[12], and round his neck[13] wears[14] the death's[15] halter[16].	ਹੋਰਸ[9] ਦੀ ਪ੍ਰੀਤ[10] ਦੇ ਰਾਹੀਂ ਬੰਦਾ ਬਰਬਾਦ[12] ਹੋ ਜਾਂਦਾ ਹੈ ਅਤੇ ਮੌਤ[15] ਦੀ ਫਾਹੀ[16] ਉਸ ਦੀ ਗਰਦਨ[13] ਦੁਆਲੇ ਪੈਂਦੀ[14] ਹੈ।
ਜੇਹਾ[17] ਬੀਜੈ[18] ਸੋ[19] ਲੁਣੈ[20] ਮਥੈ[21] ਜੋ[22] ਲਿਖਿਆਸੁ[23] ॥	Whatever[22] is recorded[23] on man's brow[21] and what[17] he sows[18] that[19]	ਜੋ ਕੁਛ[22] ਬੰਦੇ ਦੇ ਮੱਥੇ[21] ਤੇ ਲਿਖਿਆ[23] ਹੋਇਆ ਹੈ ਤੇ ਜਿਹੜਾ[17] ਕੁਝ ਉਹ ਬੀਜਦਾ[18] ਹੈ ਉਹੀ ਕੁਝ[19]

	does he reap[20].	ਉਹ ਵੱਢਦਾ[20] ਹੈ।
ਰੈਣਿ[24] ਵਿਹਾਣੀ[25] ਪਛੁਤਾਣੀ[26] ਉਠਿ ਚਲੀ[27] ਗਈ ਨਿਰਾਸ[28] ॥	When the night[24] of human life passes away[25] the man repents[26] and departs[27] without hope[28].	ਜਦ ਮਨੁੱਖੀ ਜੀਵਨ ਦੀ ਰਾਤ੍ਰੀ[24] ਬਤੀਤ[25] ਹੋ ਜਾਂਦੀ ਹੈ, ਬੰਦਾ ਪਸਚਾਤਾਪ[26] ਕਰਦਾ ਹੈ ਤੇ ਬੇਉਮੀਦ[28] ਹੋ ਟੁਰ ਜਾਂਦਾ[27] ਹੈ।
ਜਿਨ ਕੌ ਸਾਧੂ ਭੇਟੀਐ[29] ਸੁ[30] ਦਰਗਹ[31] ਹੋਇ ਖਲਾਸੁ[32] ॥	They[30], who meet[29] the saints, are exonerated[32] in God's Court[31].	ਜੋ ਸੰਤਾਂ ਨੂੰ ਮਿਲਦੇ[29] ਹਨ ਉਹ[30] ਵਾਹਿਗੁਰੂ ਦੇ ਦਰਬਾਰ[31] ਅੰਦਰ ਸੁਰਖ਼ਰੂ[32] ਹੋ ਜਾਂਦੇ ਹਨ।
ਕਰਿ[33] ਕਿਰਪਾ[34] ਪ੍ਰਭ ਆਪਣੀ ਤੇਰੇ ਦਰਸਨ[35] ਹੋਇ ਪਿਆਸ[36] ॥	Show[33] Thy mercy[34] unto me, O' Lord ! that I may thirst[36] for a sight[35] of Thee.	ਮੇਰੇ ਉਤੇ ਆਪਣੀ ਰਹਿਮਤ[34] ਧਾਰ[33], ਹੇ ਸਾਹਿਬ ! ਤਾਂ ਜੋ ਮੈਨੂੰ ਤੇਰਾ ਦੀਦਾਰ[35] ਪਾਉਣ ਦੀ ਤ੍ਰੇਹ[36] ਲਗੇ।
ਪ੍ਰਭ ਤੁਧੁ ਬਿਨੁ[37] ਦੂਜਾ[38] ਕੋ ਨਹੀ ਨਾਨਕ ਕੀ ਅਰਦਾਸਿ[39] ॥	Nanak makes a, supplication[39], "Besides[37] Thee, O' Lord ! there is not any other[38]."	ਨਾਨਕ ਜੋਦੜੀ[39] ਕਰਦਾ ਹੈ, "ਤੇਰੇ ਬਗ਼ੈਰ[37], ਹੇ ਸਾਹਿਬ ! ਕੋਈ ਦੂਸਰਾ[38] ਨਹੀਂ।"
ਆਸਾੜੁ ਸੁਹੰਦਾ[40] ਤਿਸੁ[41] ਲਗੈ ਜਿਸੁ ਮਨਿ[42] ਹਰਿ ਚਰਣ[43] ਨਿਵਾਸ[44] ॥ ੫ ॥	Har is pleasant[40] for him[41], in whose heart[42] abide[44] God's feet[43].	ਹਾੜ ਉਸ[41] ਨੂੰ ਖ਼ੁਸ਼ਗਵਾਰ[40] ਲਗਦਾ ਹੈ ਜਿਸ ਦੇ ਦਿਲ[42] ਵਿਚ ਵਾਹਿਗੁਰੂ ਦੇ ਪੈਰ[43] ਵਸਦੇ[44] ਹਨ।
ਸਾਵਣਿ ਸਰਸੀ[45] ਕਾਮਣੀ[46] ਚਰਨ[47] ਕਮਲ[48] ਸਿਉ ਪਿਆਰੁ[49] ॥	In the month of Sawan, happy[45] is the bride[46] who enshrines love[49] for the Lord's lotus[48] feet[47].	ਸਾਉਣ ਦੇ ਮਹੀਨੇ ਅੰਦਰ ਉਹ ਵਹੁਟੀ[46] ਖ਼ੁਸ਼[45] ਹੈ, ਜਿਸ ਦੀ ਪ੍ਰਭੂ ਦੇ ਚਰਨ[47] ਕੰਵਲਾਂ[48] ਨਾਲ ਪ੍ਰੀਤ[49] ਹੈ।
ਮਨੁ[50] ਤਨੁ[51] ਰਤਾ[52] ਸਚ[53] ਰੰਗਿ[54] ਇਕੋ[55] ਨਾਮੁ ਅਧਾਰੁ[56] ॥	Her mind[50] and body[51] are imbued[52] with the love[54] of the True One[53], and God's Name is her only[55] support[56].	ਉਸ ਦੀ ਆਤਮਾ[50] ਤੇ ਦੇਹਿ[51] ਸਤਿਪੁਰਖ[53] ਦੀ ਪ੍ਰੀਤ[54] ਨਾਲ ਰੰਗੇ[52] ਹੋਏ ਹਨ ਅਤੇ ਰੱਬ ਦਾ ਨਾਮ ਹੀ ਉਸ ਦਾ ਇਕੋ ਹੀ[55] ਆਸਰਾ[56] ਹੈ।
ਬਿਖਿਆ[57] ਰੰਗ[58] ਕੂੜਾਵਿਆ[59] ਦਿਸਨਿ[60] ਸਭੇ[61] ਛਾਰੁ[62] ॥	The sinful[57] pleasures[58] are false[59]. All[61] that is apparent[60], turns to ashes[62].	ਪਾਪਾਂ ਭਰੀਆਂ[57] ਖ਼ੁਸ਼ੀਆਂ[58] ਝੂਠੀਆਂ[59] ਹਨ। ਸਾਰਾ ਕੁਛ[61] ਜੋ ਨਜ਼ਰੀਂ[60] ਪੈਂਦਾ ਹੈ ਸੁਆਹ[62] ਹੋ ਜਾਂਦਾ ਹੈ।
ਹਰਿ ਅੰਮ੍ਰਿਤ[63] ਬੂੰਦ[64] ਸੁਹਾਵਣੀ[65] ਮਿਲਿ ਸਾਧੂ[66] ਪੀਵਣਹਾਰੁ[67] ॥	Beauteous[65] are the drops[64] of God's Nectar[63]. By meeting the Saint-Guru[66] one quaffs[67] them.	ਸੁੰਦਰ[65] ਹਨ ਵਾਹਿਗੁਰੂ ਦੇ ਆਬਿ-ਹਿਯਾਤ[63] ਦੀਆਂ ਕਣੀਆਂ[64]। ਸੰਤ-ਗੁਰਾਂ[66] ਨੂੰ ਮਿਲ ਕੇ ਬੰਦਾ ਉਹਨਾਂ ਨੂੰ ਪਾਨ[67] ਕਰਦਾ ਹੈ।
ਵਣੁ[68] ਤਿਣੁ[69] ਪ੍ਰਭ[75] ਸੰਗਿ[70] ਮਉਲਿਆ[71] ਸੰਮ੍ਰਥ[72] ਪੁਰਖ[73] ਅਪਾਰੁ[74] ॥	The forests[68] and grass blades[69] are refreshed[71] with[70] the love of the omnipotent[72], all-pervading[73] and infinite[74] Lord[75].	ਜੰਗਲ[68] ਅਤੇ ਘਾਹ ਦੀਆਂ ਤਿੜਾਂ[69] ਸਰਬ-ਸ਼ਕਤੀਵਾਨ[72], ਸਰਬ-ਵਿਆਪਕ[73] ਅਤੇ ਅਨੰਤ[74] ਸੁਆਮੀ[75] ਦੇ ਪਰੇਮ ਨਾਲ[70] ਪਰਫੁੱਲਤ[71] ਹੁੰਦੀਆਂ ਹਨ।
ਹਰਿ ਮਿਲਣੈ[76] ਨੋ ਮਨੁ ਲੋਚਦਾ[77] ਕਰਮਿ[78] ਮਿਲਾਵਣਹਾਰੁ[79] ॥	To meet[76] God, my mind yearns[77]. Through His grace[78] He is met[79].	ਵਾਹਿਗੁਰੂ ਨੂੰ ਭੇਟਣ[76] ਲਈ ਮੇਰਾ ਚਿੱਤ ਤਰਸਦਾ[77] ਹੈ। ਉਸ ਦੀ ਮਿਹਰ ਰਾਹੀਂ[78] ਉਹ ਮਿਲਦਾ[79] ਹੈ।
ਜਿਨੀ[80] ਸਖੀਏ[81] ਪ੍ਰਭੁ	The[80] fellow-maids[81] who have	ਜਿਹੜੀਆਂ[80] ਸਹੇਲੀਆਂ[81] ਸਾਹਿਬ ਨੂੰ ਪਰਾਪਤ[82]

ਪਾਇਆ[82] ਹਉ[83] ਤਿਨ[84] ਕੈ ਸਦ[85] ਬਲਿਹਾਰ[86] ॥	obtained[82] the Lord ; unto them[84] I[83] am ever[85] a sacrifice[86].	ਹੋਈਆਂ ਹਨ; ਉਨ੍ਹਾਂ[84] ਉਤੋਂ ਮੈਂ[83] ਸਦੀਵ[85] ਹੀ ਕੁਰਬਾਨ[86] ਹਾਂ।
ਨਾਨਕ ਹਰਿ ਜੀ[87] ਮਇਆ[88] ਕਰਿ[89] ਸਬਦਿ[90] ਸਵਾਰਣਹਾਰੁ[91] ॥	Nanak, when venerable[87] God shows[89] mercy[88] He bedecks[91] the mortal with His Name[90].	ਨਾਨਕ, ਜਦ ਮਾਣਨੀਯ[87] ਵਾਹਿਗੁਰੂ ਰਹਿਮਤ[88]ਧਾਰਦਾ[89] ਹੈ ਉਹ ਪ੍ਰਾਣੀ ਨੂੰ ਆਪਣੇ ਨਾਮ[90] ਨਾਲ ਸ਼ਸ਼ੋਭਤ[91] ਕਰ ਦਿੰਦਾ ਹੈ।
ਸਾਵਣੁ ਤਿਨਾ[92]ਸੁਹਾਗਣੀ[93] ਜਿਨ ਰਾਮਨਾਮੁ[94] ਉਰਿ[95] ਹਾਰੁ[96] ॥ ੬ ॥	Sawan is delightful for those[92] happy wives[93] whose mind[95] is bedecked with the necklace[96] of the Name of the pervading[94] God.	ਸਾਉਣ ਉਨ੍ਹਾਂ[92] ਪ੍ਰਸੰਨ ਪਤਨੀਆਂ[93] ਲਈ ਮੰਗਲਮਈ ਹੈ ਜਿਨ੍ਹਾਂ ਦਾ ਮਨ[95] ਵਿਆਪਕ ਵਾਹਿਗੁਰੂ[94] ਦੇ ਨਾਮ ਦੀ ਮਾਲਾ[96] ਨਾਲ ਸਜਿਆ ਹੈ।
ਭਾਦੁਇ ਭਰਮਿ[97] ਭੁਲਾਣੀਆ[98] ਦੂਜੈ[99] ਲਗਾ[100] ਹੇਤੁ[2] ॥	In Bhadon she, who cherishes[100] love[2] for another[99], is lost[98] in doubt[97].	ਭਾਦੋਂ ਵਿਚ ਜੋ ਹੋਰਸ[99] ਨਾਲ ਨੇਹੁੰ[2] ਗੰਢਦੀ[100] ਹੈ ਉਹ ਵਹਿਮ[97] ਅੰਦਰ ਘੁੱਸੀ[98] ਹੋਈ ਹੈ।
ਲਖ[3] ਸੀਗਾਰ[4] ਬਣਾਇਆ[5] ਕਾਰਜਿ[6] ਨਾਹੀ ਕੇਤੁ[7] ॥	Though she may make[5] lakhs[3] of decorations[4] but they are not of any[7] avail[6].	ਭਾਵੇਂ ਉਹ ਲੱਖਾਂ[3] ਹੀ ਹਾਰਸ਼ਿੰਗਾਰ[4] ਬਣਾ[5] ਲਵੇ, ਪ੍ਰੰਤੂ ਉਹ ਕਿਸੇ[7] ਭੀ ਲਾਭ[6] ਦੇ ਨਹੀਂ।
ਜਿਤੁ[8] ਦਿਨਿ[9] ਦੇਹ[10] ਬਿਨਸਸੀ[12] ਤਿਤੁ[13] ਵੇਲੈ[14] ਕਹਸਨਿ[15] ਪ੍ਰੇਤੁ[16] ॥	The[8] day[9] the body[10] perishes[12], at that[13] time[14] people call[15] him a ghost[16].	ਜਿਸ[8] ਦਿਹਾੜੇ[9] ਸਰੀਰ[10] ਨਾਸ[12] ਹੁੰਦਾ ਹੈ, ਉਸ[13] ਵਕਤ[14] ਲੋਕੀਂ ਉਸ ਨੂੰ ਭੂਤ[16] ਆਖਦੇ[15] ਹਨ।
ਪਕੜਿ[17] ਚਲਾਇਨਿ[18] ਦੂਤ[19] ਜਮ[20] ਕਿਸੈ ਨ ਦੇਨੀ[21] ਭੇਤੁ[22] ॥	The couriers[19] of death[20] seize[17] and despatch[18] the soul and acquaint[21] none with the secret[22].	ਮੌਤ[20] ਦੇ ਫ਼ਰਿਸ਼ਤੇ[19] ਰੂਹ ਨੂੰ ਫੜ[17] ਕੇ ਟੋਰ[18] ਦਿੰਦੇ ਹਨ ਅਤੇ ਮਰਮ[22] ਕਿਸੇ ਨੂੰ ਭੀ ਨਹੀਂ ਦਸਦੇ[21]।
ਛਡਿ[23] ਖੜੋਤੇ[24] ਖਿਨੈ[25] ਮਾਹਿ[26] ਜਿਨ[29] ਸਿਉ[27] ਲਗਾ[28] ਹੇਤੁ[30] ॥	They, with[27] whom[29] man is[28] in love[30], leave[23] him in[26] an instant[25] and stand[24] aside.	ਜਿਨ੍ਹਾਂ[29] ਨਾਲ[27] ਇਨਸਾਨ ਦਾ ਪਿਆਰ[30] ਹੈ[28], ਇਕ ਮੁਹਤ[25] ਵਿਚ[26] ਉਸ ਨੂੰ ਤਿਆਗ[23] ਕੇ ਪਰੇਡੇ ਜਾ ਖੜਦੇ[24] ਹਨ।
ਹਥ[31] ਮਰੋੜੈ[32] ਤਨੁ[33] ਕਪੇ[34] ਸਿਆਹਹੁ[35] ਹੋਆ[36] ਸੇਤੁ[37] ॥	He wrings[32] his hands[31] (tantalises) his body[33] reels in pain[34] and changes[36] from black[35] to white[37].	ਉਹ ਆਪਣੇ ਹੱਥ[31] ਨਪੀੜਦਾ[32] ਝੁਰਦਾ ਹੈ, ਉਸ ਦੀ ਦੇਹਿ[33] ਦਰਦ ਵਿਚ ਕੰਬਦੀ[34] ਹੈ ਤੇ ਉਹ ਕਾਲੇ[35] ਤੋਂ ਚਿੱਟਾ[37] ਹੋ ਜਾਂਦਾ[36] ਹੈ।
ਜੇਹਾ[38] ਬੀਜੈ[39] ਸੋ[40] ਲੁਣੈ[41] ਕਰਮਾ[42] ਸੰਦੜਾ[43] ਖੇਤੁ[44] ॥	As[38] the man sows[39] so[40] does he reap[41]. Such is the field[44] of[43] actions[42].	ਜੇਹੋ ਜੇਹਾ[38] ਇਨਸਾਨ ਬੀਜਦਾ[39] ਹੈ, ਉਹੋ ਜੇਹਾ[40] ਹੀ ਉਹ ਵੱਢਦਾ[41] ਹੈ। ਐਹੋ ਜੇਹੀ ਹੈ ਪੈਲੀ[44] ਅਮਲਾਂ[42] ਦੀ[43]।
ਨਾਨਕ ਪ੍ਰਭ ਸਰਣਾਗਤੀ[45] ਚਰਣ[46] ਬੋਹਿਥ[47] ਪ੍ਰਭ ਦੇਤੁ[48] ॥	Nanak has sought the Lord's protection[45]. The Master has given[48] him the boat[47] of His feet[46] to cross the world-ocean.	ਨਾਨਕ ਨੇ ਸੁਆਮੀ ਦੀ ਪਨਾਹ[45] ਲਈ ਹੈ। ਮਾਲਕ ਨੇ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਉਸ ਨੂੰ ਆਪਣੇ ਚਰਨਾਂ[46] ਦਾ ਜਹਾਜ਼[47] ਦਿੱਤਾ[48] ਹੈ।
ਸੇ[49] ਭਾਦੁਇ ਨਰਕਿ[50] ਨ	They[49], who enshrine affection[53]	ਜੋ ਬਚਾਉਣਹਾਰ[52] ਗੁਰਾਂ ਨੂੰ ਪਿਆਰ[53] ਕਰਦੇ ਹਨ

ਪਾਈਅਹਿ[51] ਗੁਰੁ ਰਖਣ-ਵਾਲਾ[52] ਹੇਤੁ[53] ॥ ੭ ॥	for the Guru, the saviour[52], are not consigned[51] to hell[50] in the month of Bhadon.	ਉਹ[49] ਭਾਦੋਂ ਦੇ ਮਹੀਨੇ ਅੰਦਰ ਦੋਜ਼ਖ਼[50] ਵਿਚ ਨਹੀਂ ਪਾਏ ਜਾਂਦੇ[51] ।
੧੩੫	**135**	**੧੩੫**
ਅਸੁਨਿ[54]ਪ੍ਰੇਮ[55] ਉਮਾਹੜਾ[56] ਕਿਉ[58] ਮਿਲੀਐ ਹਰਿ ਜਾਇ[57] ॥	In Assu[54] the Lord's love[55] is overflowing[56] from within me. How[58] shall I go[57] and meet God ?	ਅੱਸੂ[54] ਵਿਚ ਪ੍ਰਭੂ ਦੀ ਪ੍ਰੀਤ[55] ਮੇਰੇ ਅੰਦਰੋਂ ਉਛਲ ਉਛਲ[56] ਕੇ ਪੈ ਰਹੀ ਹੈ । ਮੈਂ ਕਿਸ ਤਰ੍ਹਾਂ[58] ਜਾ[57] ਕੇ ਵਾਹਿਗੁਰੂ ਨੂੰ ਮਿਲਾਂ ?
ਮਨਿ[59] ਤਨਿ[60] ਪਿਆਸ[61] ਦਰਸਨ[62] ਘਣੀ[63] ਕੋਈ ਆਣਿ ਮਿਲਾਵੈ ਮਾਇ[64] ॥	Within my mind[59] and body[60] is the great[63] thirst[61] for the Lord's sight[62]. Let some one come and cause me to meet Him, O' mother[64] !	ਮੇਰੀ ਆਤਮਾ[59] ਤੇ ਦੇਹਿ[60] ਅੰਦਰ ਸਾਹਿਬ ਦੇ ਦੀਦਾਰ[62] ਦੀ ਬਹੁਤੀ[63] ਤ੍ਰੇਹ[61] ਹੈ । ਕੋਈ ਆ ਕੇ ਮੈਨੂੰ ਉਸ ਨਾਲ ਮਿਲਾ ਦੇਵੇ, ਹੇ ਮਾਤਾ[64] !
ਸੰਤ ਸਹਾਈ[65] ਪ੍ਰੇਮ[66] ਕੇ ਹਉ[67] ਤਿਨ ਕੈ ਲਾਗਾ[68] ਪਾਇ[69] ॥	The saints are my helpers[65] in my love[66] march. I[67] fall[68] at their feet[69].	ਮੇਰੀ ਪ੍ਰੀਤ[66] ਦੀ ਮੰਜ਼ਲ ਅੰਦਰ ਸਾਧੂ ਮੇਰੇ ਸਹਾਇਕ[65] ਹਨ । ਮੈਂ[67] ਉਨ੍ਹਾਂ ਦੇ ਪੈਰੀਂ[69] ਪੈਂਦਾ[68] ਹਾਂ ।
ਵਿਣੁ ਪ੍ਰਭ ਕਿਉ ਸੁਖੁ[70] ਪਾਈਐ ਦੂਜੀ[71] ਨਾਹੀ ਜਾਇ[72] ॥	Without the Lord how can peace[70] be obtained? There is no place[72] besides[71].	ਸੁਆਮੀ ਦੇ ਬਗ਼ੈਰ ਆਰਾਮ[70] ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ ? ਹੋਰ[71] ਕੋਈ ਜਗ੍ਹਾ[72] ਹੈ ਹੀ ਨਹੀਂ ।
ਜਿੰਨ੍ਹੀ ਚਾਖਿਆ[73] ਪ੍ਰੇਮ[74] ਰਸੁ[75] ਸੇ[76] ਤ੍ਰਿਪਤਿ[77] ਰਹੇ ਆਘਾਇ[78] ॥	They[76], who have tasted[73] the ambrosia[75] of love[74], remain sated[77] and satiated[78].	ਜਿਨ੍ਹਾਂ ਨੇ ਪ੍ਰੀਤ[74] ਦਾ ਅੰਮ੍ਰਿਤ[75] ਪਾਨ[73] ਕੀਤਾ ਹੈ, ਉਹ[76] ਰਜੇ[77] ਅਤੇ ਧ੍ਰਾਪੇ[78] ਰਹਿੰਦੇ ਹਨ ।
ਆਪੁ[79] ਤਿਆਗਿ[80] ਬਿਨਤੀ[81] ਕਰਹਿ[82] ਲੇਹੁ ਪ੍ਰਭੂ ਲੜਿ[83] ਲਾਇ[84] ॥	Stilling[80] their self-conceit[79], they make[82] the supplication[81], "O' Lord, attach[84] us to Thine skirt[83]."	ਸਵੈ-ਹੰਗਤਾ[79] ਨੂੰ ਨਵਿਰਤ[80] ਕਰਕੇ, ਉਹ ਪ੍ਰਾਰਥਨਾ[81] ਕਰਦੇ[82] ਹਨ, "ਹੇ ਸੁਆਮੀ, ਸਾਨੂੰ ਆਪਣੇ ਪੱਲੇ[83] ਨਾਲ ਜੋੜ[84] ਲੈ ।"
ਜੋ ਹਰਿ ਕੰਤਿ[85]ਮਿਲਾਈਆ ਸਿ[86] ਵਿਛੁੜਿ[87] ਕਤਹਿ ਨ ਜਾਇ[88] ॥	They[86], whom God, the Spouse[85], has united with Himself, neither separate[87] nor go[88] anywhere else.	ਜਿਹੜੀਆਂ ਭਗਵਾਨ ਪਤੀ[85] ਨੇ ਆਪਣੇ ਨਾਲ ਮਿਲਾ ਲਈਆਂ ਹਨ ਉਹ[86] ਕਦੇ ਭੀ ਜੁਦਾ[87] ਹੋ ਕੇ ਹੋਰ ਕਿਧਰੇ ਨਹੀਂ ਜਾਂਦੀਆਂ[88] ।
ਪ੍ਰਭ ਵਿਣੁ ਦੂਜਾ ਕੋ[89] ਨਹੀ ਨਾਨਕ ਹਰਿ ਸਰਣਾਇ[90] ॥	Without the Lord there is no other second[89]. Nanak has entered God's sanctuary[90].	ਸਾਹਿਬ ਦੇ ਬਾਝੋਂ ਹੋਰ ਕੋਈ[89] ਦੂਸਰਾ ਨਹੀਂ । ਨਾਨਕ ਨੇ ਵਾਹਿਗੁਰੂ ਦੀ ਸ਼ਰਣਾਗਤ[90] ਸੰਭਾਲੀ ਹੈ ।
ਅਸੂ ਸੁਖੀ[91] ਵਸੰਦੀਆ[92] ਜਿਨਾ ਮਇਆ[93] ਹਰਿ ਰਾਇ[94] ॥ ੮ ॥	In Assu they, on whom is the grace[93] of God, the[94] King, dwell[92] in peace[91].	ਅੱਸੂ ਵਿਚ ਜਿਨ੍ਹਾਂ ਉਤੇ ਵਾਹਿਗੁਰੂ ਪਾਤਸ਼ਾਹ[94] ਦੀ ਮਿਹਰ[93] ਹੈ, ਉਹ ਆਰਾਮ[91] ਅੰਦਰ ਰਹਿੰਦੀਆਂ[92] ਹਨ ।
ਕਤਿਕਿ ਕਰਮ[95]ਕਮਾਵਣੇ[96] ਦੋਸੁ[97] ਨ ਕਾਹੂ[98] ਜੋਗੁ[99] ॥	In Katak do[96] thou good deeds[95]. It is not advisable to[99] impute[97] blame to any other[98].	ਕੱਤਕ ਵਿਚ ਤੂੰ ਚੰਗੇ ਅਮਲ[95] ਕਰ[96] । ਕਿਸੇ[98] ਹੋਰ ਉਤੇ ਇਲਜ਼ਾਮ[97] ਲਾਉਣਾ ਮੁਨਾਸਬ[99] ਨਹੀਂ ।

ਪਰਮੇਸਰ[100] ਤੇ ਭੁਲਿਆਂ[2] ਵਿਆਪਨਿ[3] ਸਭੇ[4] ਰੋਗ[5] ॥	By forgetting[2] the supreme Lord[100], all[4] the ailments[5] cling[3] to the man.	ਪਾਰਬ੍ਰਹਿਮ[100] ਨੂੰ ਭੁਲਾਉਣ[2] ਕਰਕੇ ਇਨਸਾਨ ਨੂੰ ਸਾਰੀਆਂ[4] ਬੀਮਾਰੀਆਂ[5] ਚਿਮੜ[3] ਜਾਂਦੀਆਂ ਹਨ।
ਵੇਮੁਖ[6] ਹੋਏ ਰਾਮ[7] ਤੇ ਲਗਨਿ ਜਨਮ[8] ਵਿਜੋਗ[9] ॥	The non-believers[6] in the Omnipresent[7] Lord suffer separation[9] from Him, birth after birth[8].	ਸਰਬ-ਵਿਆਪਕ[7] ਸੁਆਮੀ ਵਿਚ ਭਰੋਸਾ ਨਾ ਰਖਣ[6] ਵਾਲੇ ਉਸ ਨਾਲੋਂ ਜਨਮ ਜਨਮਾਤ੍ਰਾਂ[8] ਲਈ ਵਿਛੜ[9] ਜਾਂਦੇ ਹਨ।
ਖਿਨ[10] ਮਹਿ[12] ਕਉੜੇ[13] ਹੋਇ ਗਏ ਜਿਤੜੇ[14] ਮਾਇਆ[15] ਭੋਗ[16] ॥	In[12] an instant[10] all[14] the pleasures[16] of wealth[15] become bitter[13].	ਇਕ ਮੁਹਤ[10] ਵਿਚ[12] ਧਨ ਦੌਲਤ[15] ਦੇ ਸਾਰੇ[14] ਰੰਗ ਰਸ[16] ਤਲਖ਼[13] ਹੋ ਜਾਂਦੇ ਹਨ।
ਵਿਚੁ[17] ਨ ਕੋਈ ਕਰਿ ਸਕੈ ਕਿਸ ਥੈ[18] ਰੋਵਹਿ[19] ਰੋਜ[20] ॥	For them none can play the role of an intermediary[17]. Before whom[18] shall they daily[20] bewail[19] ?	ਉਨ੍ਹਾਂ ਲਈ ਕੋਈ ਭੀ ਵਿਚੋਲਗੀ[17] ਨਹੀਂ ਕਰ ਸਕਦਾ। ਉਹ ਨਿਤਾ ਪ੍ਰਤੀ[20] ਕੀਹਦੇ ਮੂਹਰੇ[18] ਜਾ ਕੇ ਵਿਰਲਾਪ[19] ਕਰਨਗੇ ?
ਕੀਤਾ[21] ਕਿਛੂ ਨ ਹੋਵਈ[22] ਲਿਖਿਆ[23] ਧੁਰਿ[24] ਸੰਜੋਗ॥	Nothing can be done[22] by man's doing[21]. In the very beginning[24] the destiny[25] was recorded[23].	ਆਦਮੀ ਦੇ ਕਰਨ[21] ਨਾਲ ਕੁਝ ਭੀ ਨਹੀਂ ਹੋ[22] ਸਕਦਾ, ਐਨ ਆਰੰਭ[24] ਵਿਚ ਹੀ ਕਿਸਮਤ[25] ਲਿਖੀ[23] ਗਈ ਸੀ
[26]ਵਡਭਾਗੀ[27] ਮੇਰਾ ਪ੍ਰਭੁ ਮਿਲੈ ਤਾਂ[28] ਉਤਰਹਿ[29] ਸਭਿ[30] ਬਿਓਗ[31] ॥	Through the greatest[26] good luck[27] my Lord is met. Then[28] do all[30] the pangs of separation[31] depart[29].	ਭਾਰੇ[26]ਚੰਗੇ ਕਰਮਾਂ[27] ਰਾਹੀਂ ਮੇਰਾ ਮਾਲਕ ਮਿਲਦਾ ਹੈ। ਤਦ[28] ਵਿਛੋੜੇ ਦੇ ਦੁਖੜੇ[31] ਸਮੂਹ[30] ਦੂਰ[29] ਹੋ ਜਾਂਦੇ ਹਨ।
ਨਾਨਕ ਕਉ ਪ੍ਰਭ[32] ਰਾਖਿ ਲੇਹਿ[33] ਮੇਰੇ ਸਾਹਿਬ[34] ਬੰਦੀ[35] ਮੋਚ[36] ॥	Do Thou protect[33] Nanak, O' my Lord[32] Master[34], the fetter[35] cutter[36].	ਤੂੰ ਨਾਨਕ ਦੀ ਰਖਿਆ[33] ਕਰ, ਹੇ ਮੇਰੀਆਂ ਬੇੜੀਆਂ[35] ਕੱਟਣ ਵਾਲੇ[36] ਸੁਆਮੀ[32] ਮਾਲਕ[34] !
ਕਤਿਕ ਹੋਵੈ[37] ਸਾਧ ਸੰਗੁ[38] ਬਿਨਸਹਿ[39]ਸਭੇ ਸੋਚ[40]॥੯॥	In Katik by obtaining[37] the society[38] of the saints all the anxieties[40] of the mortal depart[39].	ਕੱਤਕ ਵਿਚ ਸਤਿਸੰਗਤ[38] ਪਰਾਪਤ[37] ਕਰਨ ਦੁਆਰਾ ਪ੍ਰਾਣੀ ਦੇ ਸਮੂਹ ਫ਼ਿਕਰ ਅੰਦੇਸ਼ੇ[40] ਦੂਰ[39] ਹੋ ਜਾਂਦੇ ਹਨ।
ਮੰਘਿਰਿ ਮਾਹਿ[41] ਸੋਹੰਦੀਆ[42] ਹਰਿ ਪਿਰ[43] ਸੰਗਿ[44] ਬੈਠੜੀਆਹ[45] ॥	In[41] Maghar beautiful[42] are they who sit[45] with[44] their Beloved[43] God.	ਮੱਘਰ ਵਿਚ[41] ਸੁੰਦਰ[42] ਉਹ ਹਨ ਜੋ ਆਪਣੇ ਵਾਹਿਗੁਰੂ ਪ੍ਰੀਤਮ[43] ਦੇ ਨਾਲ[44] ਬਹਿੰਦੀਆਂ[45] ਹਨ।
ਤਿਨ ਕੀ ਸੋਭਾ[46] [47]ਕਿਆ ਗਣੀ[48] ਜਿ ਸਾਹਿਬਿ ਮੇਲੜੀਆਹ[49] ॥	How[47] can their glory[46] be measured[48] whom the Lord blends[49] with Himself ?	ਉਨ੍ਹਾਂ ਦੀ ਮਹਿਮਾ ਪਰਤਾਪ[46] ਕਿਸ ਤਰ੍ਹਾਂ[47] ਮਿਣਿਆ[48] ਜਾ ਸਕਦਾ ਹੈ ਜਿਨ੍ਹਾਂ ਨੂੰ ਸੁਆਮੀ ਆਪਣੇ ਨਾਲ ਅਭੇਦ[49] ਕਰ ਲੈਂਦਾ ਹੈ ?
ਤਨੁ[50] ਮਨੁ[51] ਮਉਲਿਆ[52] ਰਾਮ[56] ਸਿਉ[53] ਸੰਗਿ[54] ਸਾਧ ਸਹੇਲੜੀਆਹ[55] ॥	The body[50] and mind[51] of those, who have the companionship[55] of[54] saints, bloom[52] with[53] the Pervading[56] God.	ਜਿਨ੍ਹਾਂ ਦਾ ਸਹੇਲਪਣਾ[55] ਸੰਤਾਂ ਦੇ ਨਾਲ[54] ਹੈ, ਉਨ੍ਹਾਂ ਦੀ ਦੇਹਿ[50]ਤੇ ਆਤਮਾ[51] ਵਿਆਪਕ ਵਾਹਿਗੁਰੂ[56] ਨਾਲ[53] ਪਰਫੁਲਤ[52] ਹੁੰਦੀਆਂ ਹਨ।
ਸਾਧ[57] ਜਨਾ ਤੇ ਬਾਹਰੀ[58] ਸੇ[59] ਰਹਨਿ[60]	They[59], who are without[58] the society of the pious persons[57], dwell[60]	ਜੋ ਪਵਿੱਤ੍ਰ ਪੁਰਸ਼ਾਂ[57] ਦੀ ਸੰਗਤ ਤੋਂ ਵਾਂਝੇ[58] ਹੋਏ ਹਨ ਉਹ[59] ਕੱਲਮਕੱਲੇ[61] ਹੀ ਵਸਦੇ[60] ਹਨ।

ਇਕੇਲੜੀਆਹ[61] ॥	all alone[61].	
ਤਿਨ ਦੁਖੁ[62] ਨ ਕਬਹੂ ਉਤਰੈ[63] ਸੇ ਜਮ[64] ਕੈ ਵਸਿ[65] ਪੜੀਆਹ[56] ॥	Their pain[62] never departs[63], and they fall[66] under the clutches[65] of the death's minister[64].	ਉਨ੍ਹਾਂ ਦੀ ਤਕਲੀਫ਼[62] ਕਦਾਚਿੱਤ ਦੂਰ[63] ਨਹੀਂ ਹੁੰਦੀ ਅਤੇ ਉਹ ਮੌਤ ਦੇ ਦੂਤ[64] ਦੇ ਪੰਜੇ[65] ਵਿਚ ਫ਼ਸ[66] ਜਾਂਦੇ ਹਨ।
ਜਿਨੀ ਰਾਵਿਆ[67] ਪ੍ਰਭੁ ਆਪਣਾ ਸੇ ਦਿਸਨਿ[68] ਨਿਤ[69] ਖੜੀਆਹ[70] ॥	They, who have enjoyed[67] their Lord, are ever[69] seen[68] standing[70] in His service.	ਜਿਨ੍ਹਾਂ ਨੇ ਆਪਣੇ ਸਾਹਿਬ ਨੂੰ ਮਾਣਿਆਂ[67] ਹੈ, ਉਹ ਉਸ ਦੀ ਸੇਵਾ ਅੰਦਰ ਸਦਾ[69] ਹੀ ਖਲੋਤੀਆਂ[70] ਦਿਸਦੀਆਂ[68] ਹਨ।
ਰਤਨ[71] ਜਵੇਹਰ[72] ਲਾਲ[73] ਹਰਿ[77] ਕੰਠਿ[74] ਤਿਨਾ[75] ਜੜੀਆਹ[76] ॥	Their[75] neck[74] is set with[76] the jewels[71], emeralds[72] and rubies[73] of God's Name[77].	ਉਨ੍ਹਾਂ[75] ਦਾ ਗਲਾ[74] ਵਾਹਿਗੁਰੂ ਦੇ ਨਾਮ[77] ਦੇ ਜਵਾਹਿਰਾਤ[71], ਮਾਣਕਾਂ[72] ਤੇ ਹੀਰਿਆਂ[73] ਨਾਲ ਜੜਿਆ[76] ਹੋਇਆ ਹੈ।
ਨਾਨਕ ਬਾਂਛੈ[77]* ਧੂੜਿ[78] ਤਿਨ ਪ੍ਰਭ ਸਰਣੀ[79] ਦਰਿ[80] ਪੜੀਆਹ[81] ॥	Nanak desires[77]* the dust[78] of the feet of those who fall[81] for shelter[79] at the Lord's door[80].	ਨਾਨਕ ਉਨ੍ਹਾਂ ਦੇ ਪੈਰਾਂ ਦੀ ਖ਼ਾਕ[78] ਲੋੜਦਾ[77]* ਹੈ ਜੋ ਪਨਾਹ[79] ਲੈਣ ਲਈ ਸਾਹਿਬ ਦੇ ਬੂਹੇ[80] ਤੇ ਡਿਗਦੇ[81] ਹਨ।
ਮੰਘਿਰਿ ਪ੍ਰਭੁ ਆਰਾਧਣਾ[82] ਬਹੁੜਿ[83] ਨ ਜਨਮੜੀਆਹ[84] ॥ ੧੦ ॥	They, who meditate[82] on the Master in the month of Maghar, are not born[84] again[83].	ਜੋ ਮਘਰ ਦੇ ਮਹੀਨੇ ਅੰਦਰ ਮਾਲਕ ਦਾ ਸਿਮਰਣ[82] ਕਰਦੇ ਹਨ ਉਹ ਮੁੜ[83] ਕੇ ਜਨਮ[84] ਨਹੀਂ ਧਾਰਦੇ।
ਪੋਖਿ[85] ਤੁਖਾਰੁ[86] ਨ ਵਿਆਪਈ[87] ਕੰਠਿ[88] ਮਿਲਿਆ[89] ਹਰਿ ਨਾਹੁ[90] ॥	In Poh[85] cold[86] affects[87] not those, whom God, the Husband[90], hugs[89] to His bosom[88].	ਪੋਹ[85] ਵਿਚ ਪਾਲਾ[86] ਉਹਨਾਂ ਨੂੰ ਨਹੀਂ ਪੋਂਹਦਾ[87], ਜਿਨ੍ਹਾਂ ਨੂੰ ਵਾਹਿਗੁਰੂ ਪਤੀ[90] ਆਪਣੀ ਛਾਤੀ[88] ਨਾਲ ਲਾਉਂਦਾ[89] ਹੈ।
ਮਨੁ[91] ਬੇਧਿਆ[92] ਚਰਨਾਰ-ਬਿੰਦ[93] ਦਰਸਨਿ[94] ਲਗੜਾ[95] ਸਾਹੁ[96] ॥	They, whose soul[91] is pierced[92] through with His lotus feet[93], remain attached[95] to the Sovereign's[96] sight[94].	ਜਿਨ੍ਹਾਂ ਦੀ ਆਤਮਾ[91] ਉਸਦੇ ਕੰਵਲ[93] ਰੂਪੀ ਪੈਰਾਂ ਨਾਲ ਵਿੰਨ੍ਹੀ[92] ਗਈ ਹੈ ਉਹ ਪਾਤਸ਼ਾਹ[96] ਦੇ ਦੀਦਾਰ[94] ਨਾਲ ਜੁੜੇ[95] ਰਹਿੰਦੇ ਹਨ।
ਓਟ[97] [98]ਗੋਵਿੰਦ[99] [100]ਗੋਪਾਲ[2] ਰਾਇ[3] ਸੇਵਾ[4] ਸੁਆਮੀ ਲਾਹੁ[5] ॥	Seek the protection[97] of the King[3] God, who is the Master[99] of the world[98] and the cherisher[2] of the universe[100]. The Lord's service[4] is profitable[5].	ਵਾਹਿਗੁਰੂ[3] ਰਾਜੇ ਦੀ ਪਨਾਹ[97] ਲੈ ਜੋ ਜਗਤ[98] ਦਾ ਮਾਲਕ[99] ਅਤੇ ਆਲਮ[100] ਦਾ ਪਾਲਣ-ਪੋਸਣਹਾਰ[2] ਹੈ। ਸਾਹਿਬ ਦੀ ਟਹਿਲ[4] ਸੇਵਾ ਲਾਭਦਾਇਕ[5] ਹੈ।
ਬਿਖਿਆ[6] ਪੋਹਿ[7] ਨ ਸਕਈ ਮਿਲਿ[8] ਸਾਧੂ ਗੁਣ[9] ਗਾਹੁ[10] ॥	On meeting[8] the saints sing[10] the praises[9] of the Lord and sin[6] shall not be able to touch[7] thee.	ਸੰਤਾਂ ਨੂੰ ਭੇਟ[8] ਕੇ ਪ੍ਰਭੂ ਦੀ ਸਿਫ਼ਤ-ਸ਼ਲਾਘਾ[9] ਗਾਇਨ[10] ਕਰ ਅਤੇ ਪਾਪ[6] ਤੈਨੂੰ ਛੂਹ[7] ਨਹੀਂ ਸਕੇਗਾ।
ਜਹ ਤੇ ਉਪਜੀ[13] ਤਹ ਮਿਲੀ[12] ਸਚੀ ਪ੍ਰੀਤਿ[14] ਸਮਾਹੁ[15] ॥	Being absorbed[15] in the True love[14] the soul gets blended[12] with what it has sprung[13] from.	ਸੱਚੇ ਸਨੇਹ[14] ਅੰਦਰ ਲੀਨ[15] ਹੋਣ ਦੁਆਰਾ, ਆਤਮਾ ਉਸ ਅੰਦਰ ਅਭੇਦ[12] ਹੋ ਜਾਂਦੀ ਹੈ ਜਿਥੋਂ ਇਹ ਪੈਦਾ[13] ਹੋਈ ਹੈ।
ਕਰੁ[16] ਗਹਿ[17] ਲੀਨੀ ਪਾਰ-ਬ੍ਰਹਮਿ[18] ਬਹੁੜਿ[19] ਨ	She, whom the Supreme Lord[18] has grasped[17] by hand[16] separates[20] not	ਸ਼੍ਰੋਮਣੀ ਸਾਹਿਬ[18] ਨੇ ਜਿਸ ਦਾ ਹੱਥ[16] ਪਕੜ[17] ਲਿਆ ਹੈ, ਉਹ ਮੁੜ[19] ਕੇ ਜੁਦਾ[20] ਨਹੀਂ ਹੁੰਦਾ।

ਵਿਛੁੜੀਆਹੁ[20] ॥	again[19].	
ਬਾਰਿ[21] ਜਾਉ ਲਖ[22] ਬੇਰੀਆ[23] ਹਰਿ ਸਜਣੁ[24] ਅਗਮ[25] ਅਗਾਹੁ[26] ॥	A hundred thousand[22] times[23] I am a sacrifice[21] unto God, the unapproachable[25] and unfathomable[26] friend[24].	ਲੱਖਾਂ[22] ਵਾਰੀ[23] ਮੈਂ ਪਹੁੰਚ ਤੋਂ ਪਰੇ[25] ਅਤੇ ਅਥਾਹ[26] ਦੋਸਤ[24] ਵਾਹਿਗੁਰੂ ਉਤੋਂ ਕੁਰਬਾਨ[21] ਜਾਂਦਾ ਹਾਂ ।
ਸਰਮ[27] ਪਈ[28] ਨਾਰਾਇਣੈ[29] ਨਾਨਕ ਦਰਿ[30] ਪਈਆਹੁ[31] ॥	Nanak has fallen[31] at the Primal Being's[29] door[30], and He had to preserve[28] the honour[27] of one lying at His door.	ਨਾਨਕ ਪ੍ਰਿਥਮ[29] ਪੁਰਖ ਦੇ ਬੂਹੇ[30] ਤੇ ਢਹਿ[31] ਪਿਆ ਹੈ ਅਤੇ ਉਸ ਨੂੰ ਆਪਣੇ ਦਰਵਾਜ਼ੇ ਤੇ ਢੱਠੇ ਹੋਏ ਦੀ ਲਜਿਆ[27] ਪਾਲਣੀ[28] ਪਈ ਹੈ ।
ਪੋਖੁ ਸੁੋਹੰਦਾ[32] ਸਰਬ[33] ਸੁਖ[34] ਜਿਸੁ[35] ਬਖਸੇ[36] ਵੇਪਰਵਾਹੁ[37] ॥ ੧੧ ॥	Poh is beauteous[32] and the giver of all[33] peace[34] to him, whom[35] the Care-free Lord[37] grants pardon[36].	ਪੋਹ ਉਸ ਲਈ ਸੁੰਦਰ[32] ਤੇ ਸਾਰੇ[33] ਆਰਾਮ[34] ਦੇਣਹਾਰ ਹੈ, ਜਿਸ[35] ਨੂੰ ਬੇਮੁਥਾਜ[37] ਸੁਆਮੀ ਮਾਫ਼ੀ ਦੇ ਦਿੰਦਾ[36] ਹੈ ।
ਮਾਘਿ ਮਜਨੁ[38] ਸੰਗਿ ਸਾਧੂਆ[39] ਧੂੜੀ[40] ਕਰਿ ਇਸਨਾਨੁ[41] ॥	In Magh deem the bath[38] in the dust[40] of the saint's congregation[39] as an ablution[41] at shrines.	ਮਾਘ ਵਿਚ ਸਤਿਸੰਗਤ[39] ਦੀ ਰੇਣ[40] ਅੰਦਰ ਨ੍ਹਾਉਣ[38] ਨੂੰ ਧਰਮ ਅਸਥਾਨਾਂ ਦੇ ਗ਼ੁਸਲ[41] ਸਮਾਨ ਜਾਣ ।
ਹਰਿ ਕਾ ਨਾਮੁ ਧਿਆਇ[42] ਸੁਣਿ[43] ਸਭਨਾ ਨੋ ਕਰਿ ਦਾਨੁ[44] ॥	Remember[42] and hear[43] God's Name and bestow it as alms[44] unto all.	ਵਾਹਿਗੁਰੂ ਦੇ ਨਾਮ ਨੂੰ ਸਿਮਰ[42] ਤੇ ਸਰਵਣ[43] ਕਰ ਅਤੇ ਖ਼ੈਰਾਤ[44] ਵਜੋਂ ਇਸ ਨੂੰ ਸਾਰਿਆਂ ਨੂੰ ਦੇ ।
ਜਨਮ[45] ਕਰਮ[46] ਮਲੁ[47] ਉਤਰੈ[48] ਮਨ[49] ਤੇ ਜਾਇ[50] ਗੁਮਾਨੁ[51] ॥	So shall thy filth[47] of evil actions[46] of many births[45] be removed[48], and pride[51] vanish[50] from thy heart[49].	ਇਸ ਤਰ੍ਹਾਂ ਤੇਰੀ ਅਨੇਕਾਂ ਜਨਮਾਂ[45] ਦੀ ਮੰਦੇ ਅਮਲਾਂ[46] ਦੀ ਗਿਲਾਜ਼ਤ[47] ਲਹਿ ਜਾਊਗੀ[48] ਅਤੇ ਹੰਕਾਰ[51] ਤੇਰੇ ਦਿਲ[49] ਤੋਂ ਦੂਰ[50] ਹੋ ਜਾਵੇਗਾ ।
੧੩੬	136	੧੩੬
ਕਾਮਿ[52] ਕਰੋਧਿ[53] ਨ ਮੋਹੀਐ[57] ਬਿਨਸੈ[54] ਲੋਭੁ[55] ਸੁਆਨੁ[56] ॥	Lust[52] and wrath[53] shall not seduce[57] thee and the dog[56] of greed[55] shall be destroyed[54].	ਭੋਗ ਵੇਗ[52] ਅਤੇ ਗੁੱਸਾ[53] ਤੈਨੂੰ ਗੁਮਰਾਹ[57] ਨਹੀਂ ਕਰਨਗੇ ਅਤੇ ਲਾਲਚ[55] ਦਾ ਕੁੱਤਾ[56] ਨਾਸ[54] ਹੋ ਜਾਏਗਾ ।
ਸਚੈ ਮਾਰਗਿ[58] ਚਲਦਿਆ[59] ਉਸਤਤਿ[60] ਕਰੇ ਜਹਾਨੁ[61] ॥	The world[61] praises[60] those who walk[59] along the true way[58].	ਦੁਨੀਆਂ[61] ਉਨ੍ਹਾਂ ਦੀ ਵਡਿਆਈ[60] ਕਰਦੀ ਹੈ ਜੋ ਸੱਚੇ ਰਸਤੇ[58] ਟੁਰਦੇ[59] ਹਨ ।
ਅਠਸਠਿ[62] ਤੀਰਥ[63] ਸਗਲ[64] ਪੁੰਨ[65] ਜੀਅ[66] ਦਇਆ[67] ਪਰਵਾਨੁ[68] ॥	To take pity[67] on the sentient beings[66] is more acceptable[68] than bathing at sixty-eight[62] places of pilgrimage[63] and giving all[64] alms[65].	ਅਠਾਹਟ[62] ਯਾਤ੍ਰਾ ਅਸਥਾਨਾਂ[63] ਤੇ ਇਸ਼ਨਾਨ ਕਰਨ ਅਤੇ ਸਮੂਹ[64] ਦਾਨ ਪੁੰਨ[65] ਦੇਣ ਨਾਲੋਂ ਪ੍ਰਾਣ-ਧਾਰੀਆਂ[66] ਤੇ ਤਰਸ[67] ਖਾਣਾ ਵਧੇਰੇ ਸਵੀਕਾਰ ਯੋਗ[68] ਹੈ ।
ਜਿਸ ਨੋ ਦੇਵੈ[69] ਦਇਆ[70] ਕਰਿ ਸੋਈ[71] ਪੁਰਖੁ[72] ਸੁਜਾਨੁ[73] ॥	He[71], on whom God mercifully[70] bestows[69] this virtue, is a wise[73] man[72].	ਜਿਸ ਨੂੰ ਮਿਹਰ[70] ਧਾਰ ਕੇ ਵਾਹਿਗੁਰੂ ਇਹ ਨੇਕੀ ਬਖ਼ਸ਼ਦਾ[69] ਹੈ ਉਹ[71] ਸਿਆਣਾ[73] ਪੁਰਸ਼[72] ਹੈ ।
ਜਿਨਾ ਮਿਲਿਆ[74] ਪ੍ਰਭੁ ਆਪਣਾ ਨਾਨਕ ਤਿਨ[75] ਕੁਰਬਾਨੁ[76] ॥	Nanak is a sacrifice[76] unto those[75] who have met[74] their Lord.	ਨਾਨਕ ਉਨ੍ਹਾਂ[75] ਉਤੋਂ ਘੋਲੀ[76] ਜਾਂਦਾ ਹੈ ਜੋ ਆਪਣੇ ਸੁਆਮੀ ਨੂੰ ਮਿਲ[74] ਪਏ ਹਨ ।

ਮਾਘਿ ਸੁਚੇ[77] ਸੇ[78] ਕਾਂਢੀਅਹਿ[79] ਜਿਨ ਪੂਰਾ[80] ਗੁਰੁ ਮਿਹਰਵਾਨੁ[81] ॥ ੧੨ ॥	In Magh they[78], to whom the perfect[80] Guru is merciful[81], are called[79] the pure[77].	ਮਾਘ ਵਿਚ ਉਹ[78] ਪਵਿੱਤ੍ਰ[77] ਕਹੇ ਜਾਂਦੇ[79] ਹਨ ਜਿਨ੍ਹਾਂ ਉਤੇ ਪੂਰਨ ਗੁਰਦੇਵ[80] ਜੀ ਮਹਿਆਵਾਨ[81] ਹਨ ।
ਫਲਗੁਣਿ[82] ਅਨੰਦ[83] ਉਪਾਰਜਨਾ[84] ਹਰਿ ਸਜਣ[85] ਪ੍ਰਗਟੇ[86] ਆਇ ॥	In Phagan[82] they, alone obtain[84] happiness[83], unto whom God, the Friend[85], has become manifest[86].	ਫਗਣ[82] ਵਿਚ ਕੇਵਲ ਉਹੀ ਖੁਸ਼ੀ[83] ਨੂੰ ਪਰਾਪਤ[84] ਹੁੰਦੇ ਹਨ ਜਿਨ੍ਹਾਂ ਅੱਗੇ ਵਾਹਿਗੁਰੂ, ਮਿੱਤ੍ਰ[85], ਪਰਤੱਖ[86] ਹੋਇਆ ਹੈ ।
ਸੰਤ ਸਹਾਈ[87] ਰਾਮ[88] ਕੇ ਕਰਿ ਕਿਰਪਾ[89] ਦੀਆ ਮਿਲਾਇ ॥	The saints, who render man assistance[87] with the Pervading Lord[88], have mercifully[89] united me with Him.	ਸਾਧੂਆਂ ਨੇ ਜੋ ਵਿਆਪਕ ਸੁਆਮੀ[88] ਸੰਬੰਧੀ ਇਨਸਾਨ ਨੂੰ ਸਹਾਇਤਾ[87] ਦਿੰਦੇ ਹਨ, ਮਿਹਰ[89] ਧਾਰ ਕੇ ਮੈਨੂੰ ਉਸ ਨਾਲ ਮਿਲਾ ਦਿੱਤਾ ਹੈ ।
ਸੇਜ[90] ਸੁਹਾਵੀ[91] ਸਰਬ[92] ਸੁਖ[93] ਹੁਣਿ[94] ਦੁਖਾ[95] ਨਾਹੀ ਜਾਇ[96] ॥	My couch[90] is beautiful[91], I possess all[92] the comforts[93] and now[94] there is no room[96] for aches[95].	ਮੇਰਾ ਪਲੰਘ[90] ਸ਼ੋਭਨੀਕ[91] ਹੈ, ਮੈਨੂੰ ਸਾਰੇ[92] ਆਰਾਮ[93] ਹਨ ਅਤੇ ਦੁੱਖ ਤਕਲੀਫ਼ਾਂ[95] ਲਈ ਹੁਣ[94] ਕੋਈ ਜਗ੍ਹਾ[96] ਨਹੀਂ ।
ਇਛ[97] ਪੁਨੀ[98] [99]ਵਡਭਾਗਣੀ[100] ਵਰੁ[2] ਪਾਇਆ ਹਰਿ ਰਾਇ[3] ॥	My desire[97] has been fulfilled[98] and I am exceedingly[99] lucky[100] in having God, the monarch[3], as my Spouse[2].	ਮੇਰੀ ਖ਼ਾਹਿਸ਼[97] ਪੂਰੀ[98] ਹੋ ਗਈ ਹੈ, ਵਾਹਿਗੁਰੂ, ਪਾਤਸ਼ਾਹ[3] ਮੈਨੂੰ ਆਪਣੇ ਕੰਤ[2] ਵਜੋਂ ਮਿਲਿਆ ਹੈ, ਤੇ ਮੈਂ ਬੜੇ[99] ਚੰਗੇ[100] ਕਰਮਾਂ ਵਾਲੀ ਹਾਂ ।
ਮਿਲਿ[4] ਸਹੀਆ[5] ਮੰਗਲੁ[6] ਗਾਵਹੀ[7] ਗੀਤ[8] [9]ਗੋਵਿੰਦ[10] ਅਲਾਇ[12] ॥	Meeting together[4], my fellow maids[5] sing[7] songs of rejoicing[6] and utter[12] the sermons[8] of the world[9]-Lord[10].	ਇਕੱਠੀਆਂ[4] ਹੋ ਕੇ ਮੇਰੀਆਂ ਸਹੇਲੀਆਂ[5] ਖ਼ੁਸ਼ੀ ਦੇ ਗੀਤ[6] ਗਾਇਨ[7] ਕਰਦੀਆਂ ਹਨ ਅਤੇ ਸ੍ਰਿਸ਼ਟੀ[9] ਦੇ ਸੁਆਮੀ[10] ਦੇ ਭਜਨ[8] ਉਚਾਰਣ ਕਰਦੀਆਂ[12] ਹਨ ।
ਹਰਿ ਜੇਹਾ[13] ਅਵਰੁ[14] ਨ ਦਿਸਈ[15] ਕੋਈ ਦੂਜਾ[16] ਲਵੈ[17] ਨ ਲਾਇ ॥	Like[13] God I perceive[15] no other[14]. No one else[16] is equal[17] to Him.	ਵਾਹਿਗੁਰੂ ਵਰਗਾ[13] ਮੈਨੂੰ ਹੋਰ ਕੋਈ[14] ਨਜ਼ਰ[15] ਨਹੀਂ ਆਉਂਦਾ । ਕੋਈ ਦੂਸਰਾ[16] ਉਸ ਦੇ ਬਰਾਬਰ[17] ਨਹੀਂ ।
ਹਲਤੁ[18] ਪਲਤੁ[19] ਸਵਾਰਿਓਨੁ[20] ਨਿਹਚਲ[21] ਦਿਤੀਅਨੁ[22] ਜਾਇ[23] ॥	He has embellished[20] my this world[18] and the next one[19], and has given[22] me a permanent[21] place[23].	ਉਸ ਨੇ ਮੇਰਾ ਇਹ[18] ਲੋਕ ਤੇ ਪਰਲੋਕ[19] ਸੁਧਾਰ[20] ਦਿਤੇ ਹਨ ਅਤੇ ਮੈਨੂੰ ਮੁਸਤਕਿਲ[21] ਥਾਂ[23] ਦੇ ਦਿੱਤੀ[22] ਹੈ ।
ਸੰਸਾਰ[24] ਸਾਗਰ[25] ਤੇ[26] ਰਖਿਅਨੁ[27] ਬਹੁੜਿ[28] ਨ ਜਨਮੇ[29] ਧਾਇ[30] ॥	He has rescued[27] me from[26] the world[24]-ocean[25] and I shall not again[28] have to run[30] through births[29].	ਉਸ ਨੇ ਮੈਨੂੰ ਜਗਤ[24]-ਸਮੁੰਦਰ[25] ਤੋਂ[26] ਬਚਾ[27] ਲਿਆ ਹੈ ਅਤੇ ਮੈਂ ਮੁੜ[28] ਕੇ ਜਨਮਾਂ[29] ਅੰਦਰ ਨਹੀਂ ਪਵਾਂਗਾ[30] ।
ਜਿਹਵਾ[31] ਏਕ[32] ਅਨੇਕ[33] ਗੁਣ[34] ਤਰੇ[35] ਨਾਨਕ ਚਰਣੀ[36] ਪਾਇ[37] ॥	I have but one[32] tongue[31] and manifold[33] are Thine excellences[34]. Nanak is saved[35] by falling[37] at Thine feet[36].	ਮੇਰੀ ਕੇਵਲ ਇਕ[32] ਜੀਭ[31] ਹੈ ਅਤੇ ਘਨੇਰੀਆ[33] ਹਨ ਤੇਰੀਆਂ ਉਤਕ੍ਰਿਸ਼ਟਤਾਈਆਂ[34] । ਤੇਰੇ ਪੈਰੀਂ[36] ਡਿਗ[37] ਕੇ ਨਾਨਕ ਪਾਰ ਉਤਰ[35] ਗਿਆ ਹੈ ।
ਫਲਗੁਣਿ ਨਿਤ[38] ਸਲਾਹੀਐ[39] ਜਿਸਨੋ ਤਿਲੁ[40] ਨ ਤਮਾਇ[41] ॥ ੧੩ ॥	In Phagan ever[38] praise[39] Him who has not even an iota[40] of avarice[41].	ਫਗਣ ਵਿਚ ਸਦਾ[38] ਹੀ ਉਸ ਦੀ ਉਸਤਤ[39] ਕਰ, ਜਿਸ ਨੂੰ ਇਕ ਭੋਰਾ[40] ਭਰ ਭੀ ਤਮ੍ਹਾਂ[41] ਨਹੀਂ ।

ਜਿਨਿ ਜਿਨਿ[42] ਨਾਮੁ ਧਿਆਇਆ[43] ਤਿਨ[44] ਕੇ ਕਾਜ[45] ਸਰੇ[46] ॥	The affairs[45] of those[44], who[42] have meditated[43] on the Name, have been adjusted[46].	ਜਿਨ੍ਹਾਂ ਜਿਨ੍ਹਾਂ[42] ਨੇ ਨਾਮ ਦਾ ਸਿਮਰਨ[43] ਕੀਤਾ ਹੈ ਉਨ੍ਹਾਂ[44] ਦੇ ਕਾਰਜ[45] ਸੌਰ[46] ਗਏ ਹਨ।
ਹਰਿ[47] ਗੁਰੁ ਪੂਰਾ[48] ਆਰਾਧਿਆ[49] ਦਰਗਹ[50] ਸਚਿ[51] ਖਰੇ[52] ॥	They, who contemplate[49] over God-incarnate[47] perfect[48] Guru, are judged as true[51] and genuine[52] in His Court[50].	ਜੋ ਵਾਹਿਗੁਰੂ ਸਰੂਪ[47] ਪੂਰਨ[48]—ਗੁਰਾਂ ਦਾ ਚਿੰਤਨ[49] ਕਰਦੇ ਹਨ, ਉਹ ਉਸ ਦੇ ਦਰਬਾਰ[50] ਅੰਦਰ ਸੱਚੇ[51] ਤੇ ਅਸਲੀ[52] ਕਰਾਰ ਦਿਤੇ ਜਾਂਦੇ ਹਨ।
ਸਰਬ[53] ਸੁਖਾ[54] ਨਿਧਿ[55] ਚਰਣ ਹਰਿ[56] [57]ਭਉਜਲੁ[58] ਬਿਖਮੁ[59] ਤਰੇ[60] ॥	God's feet[56] are the treasure[55] of all[53] the comforts[54]. Through them man crosses[60] the dreadful[57] and arduous[59] world-ocean[58].	ਵਾਹਿਗੁਰੂ ਦੇ ਪੈਰ[56], ਸਮੂਹ[53] ਆਰਾਮਾਂ[54] ਦਾ ਖ਼ਜ਼ਾਨਾ[55] ਹਨ। ਉਨ੍ਹਾਂ ਦੇ ਰਾਹੀਂ ਆਦਮੀ ਭੈ-ਦਾਇਕ[57] ਤੇ ਕਠਨ[59] ਸੰਸਾਰ-ਸਮੁੰਦਰ[58] ਤੋਂ ਪਾਰ[60] ਹੋ ਜਾਂਦਾ ਹੈ।
ਪ੍ਰੇਮ[61] ਭਗਤਿ[62] ਤਿਨ[63] ਪਾਈਆ[64] ਬਿਖਿਆ[65] ਨਾਹਿ ਜਰੇ[66] ॥	They[63] obtain[64] love[61] and devotion[62] and burn[66] not in mortal sins[65].	ਉਹ[63] ਪ੍ਰੀਤ[61] ਤੇ ਅਨੁਰਾਗ[62] ਨੂੰ ਪਰਾਪਤ[64] ਹੁੰਦੇ ਹਨ ਅਤੇ ਪ੍ਰਾਣ-ਨਾਸ਼ਕ ਪਾਪਾਂ[65] ਅੰਦਰ ਨਹੀਂ ਸੜਦੇ[66]।
ਕੂੜ[67] ਗਏ[68] ਦੁਬਿਧਾ[69] ਨਸੀ[70] ਪੂਰਨ[71] ਸਚਿ ਭਰੇ[72] ॥	The falsehood[67] has vanished[68], love for duality[69] has run away[70], and they are perfectly[71] brimful[72] with truth.	ਕੂੜ[67] ਅਲੋਪ[68] ਹੋ ਗਿਆ ਹੈ, ਦਵੈਤ-ਭਾਵ[69] ਦੌੜ ਗਿਆ[70] ਹੈ ਅਤੇ ਉਹ ਸੱਚ ਨਾਲ ਪੂਰੀ[71] ਤਰ੍ਹਾਂ ਲਬਾਲਬ[72] ਹਨ।
ਪਾਰਬ੍ਰਹਮੁ[73] ਪ੍ਰਭੁ[74] ਸੇਵਦੇ[75] ਮਨ[76] ਅੰਦਰਿ ਏਕੁ[77] ਧਰੇ[78] ॥	They serve[75] the Supreme Lord[73] Master[74] and place[78] the unique One[77] in their heart[76].	ਉਹ ਸ਼ਰੋਮਣੀ ਸਾਹਿਬ[73] ਮਾਲਕ[74] ਦੀ ਟਹਿਲ ਕਮਾਉਂਦੇ[75] ਹਨ ਅਤੇ ਅਦੁੱਤੀ ਪੁਰਖ[77] ਨੂੰ ਆਪਣੇ ਦਿਲ[76] ਵਿਚ ਟਿਕਾਉਂਦੇ[78] ਹਨ।
ਮਾਹ[79] ਦਿਵਸ[80] ਮੂਰਤ[81] ਭਲੇ[82] ਜਿਸ ਕਉ[83] ਨਦਰਿ[84] ਕਰੇ[85] ॥	The months[79], days[80] and moments[81] are auspicious[82] for those on whom[83] the Lord casts[85] His merciful glance[84].	ਮਹੀਨੇ[79], ਦਿਹਾੜੇ[80] ਅਤੇ ਮੁਹਤ[81] ਉਨ੍ਹਾਂ ਲਈ ਚੰਗੇ[82] ਹਨ ਜਿਨ੍ਹਾਂ[83] ਉਤੇ ਪ੍ਰਭੂ ਆਪਣੀ ਰਹਿਮਤ[84] ਦੀ ਨਜ਼ਰ ਧਾਰਦਾ[85] ਹੈ।
ਨਾਨਕੁ ਮੰਗੈ[86] ਦਰਸ[87] ਦਾਨੁ[88] ਕਿਰਪਾ[89] ਕਰਹੁ[91] ਹਰੇ[90] ॥ ੧੪ ॥ ੧ ॥	Nanak asks[86] for the boon[88] of Thine sight[87], O' God[90] ! Shower[91] Thine benediction[89] on him.	ਨਾਨਕ ਤੇਰੇ ਦੀਦਾਰ[87] ਦੀ ਦਾਤ[88] ਦੀ ਯਾਚਨਾ[86] ਕਰਦਾ ਹੈ, ਹੇ ਵਾਹਿਗੁਰੂ[90] ! ਆਪਣੀ ਰਹਿਮਤ[89] ਉਸ ਤੇ ਨਿਛਾਵਰ[91] ਕਰ।
ਮਾਝ ਮਹਲਾ ੫	Majh Fifth Guru.	ਮਾਝ, ਪੰਜਵੀਂ ਪਾਤਸ਼ਾਹੀ।
ਦਿਨ[92] ਰੈਣਿ[93]	Day[92] and night[93].	ਦਿਹੁੰ[92] ਅਤੇ ਰਾਤ੍ਰੀ[93]।
ੴ ਸਤਿਗੁਰ ਪ੍ਰਸਾਦਿ ॥	There is but one God. By the True Guru's favour He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਮਿਹਰ ਦੁਆਰਾ ਉਹ ਪ੍ਰਾਪਤ ਹੁੰਦਾ ਹੈ।
ਸੇਵੀ[94] ਸਤਿਗੁਰੁ ਆਪਣਾ ਹਰਿ ਸਿਮਰੀ[95] ਦਿਨ ਸਭਿ[97] ਰੈਣ[96] ॥	I serve[94] my True Guru and on God do I meditate[95] the entire[97] day and night[96].	ਮੈਂ ਆਪਣੇ ਸੱਚੇ ਗੁਰਾਂ ਦੀ ਟਹਿਲ[94] ਕਮਾਉਂਦਾ ਹਾਂ ਅਤੇ ਸਮੂਹ[97] ਦਿਹੁੰ ਤੇ ਰਾਤ੍ਰੀ[96] ਮੈਂ ਵਾਹਿਗੁਰੂ ਦਾ ਅਰਾਧਨ[95] ਕਰਦਾ ਹਾਂ।

ਆਪੁ[98] ਤਿਆਗਿ[99] ਸਰਣੀ[100] ਪਵਾਂ[2] ਮੁਖਿ[3] ਬੋਲੀ[4] ਮਿਠੜੇ[5] ਵੈਣ[6] ॥	Forsaking[99] my self-conceit[98], I seek[2] the Lord's refuge[100], and with my mouth[3] I utter[4] sweet[5] words[6].	ਆਪਣੀ ਸਵੈ-ਹੰਗਤਾ[98] ਨੂੰ ਨਵਿਰਤ[99] ਕਰਕੇ ਮੈਂ ਸਾਈਂ ਦੀ ਪਨਾਹ[100] ਲੈਂਦਾ[2] ਹਾਂ ਤੇ ਆਪਣੇ ਮੂੰਹ[3] ਨਾਲ ਮਿਠੇ[5] ਬਚਨ[6] ਉਚਾਰਦਾ[4] ਹਾਂ।
ਜਨਮ ਜਨਮ[7] ਕਾ ਵਿਛੁੜਿਆ[8] ਹਰਿ ਮੇਲਹੁ[9] ਸਜਣੁ[10] ਸੈਣ[12] ॥	Since many births[7] I am separated[8] from thee, O' God ! my friend[10] and relation[12]. Now, mercifully unite[9] me with Thee.	ਅਨੇਕਾਂ ਜਨਮਾਂ[7] ਤੋਂ ਮੈਂ ਤੇਰੇ ਨਾਲੋਂ ਵਿਛੁੰਨਾ ਹੋਇਆ[8] ਹਾਂ, ਹੇ ਮੇਰੇ ਮਿੱਤ੍ਰ[10] ਤੇ ਸਨਬੰਧੀ[12] ਵਾਹਿਗੁਰੂ ! ਹੁਣ ਰਹਿਮ ਧਾਰ ਕੇ ਮੈਨੂੰ ਆਪਣੇ ਨਾਲ ਮਿਲਾ[9] ਲੈ।
ਜੋ[13] ਜੀਅ[14] ਹਰਿ ਤੇ ਵਿਛੁੜੇ ਸੇ[15] ਸੁਖਿ[16] ਨ ਵਸਨਿ[17] ਭੈਣ[18] ॥	The[13] mortals[14] who are separated from God, they[15] abide[17] not in peace[16], O' my sister[18] !	ਜਿਹੜੇ[13] ਪ੍ਰਾਣੀ[14] ਰੱਬ ਨਾਲੋਂ ਵਿਛੁੰਨੇ ਹੋਏ ਹਨ, ਉਹ[15] ਆਰਾਮ[16] ਅੰਦਰ ਨਹੀਂ ਵਸਦੇ[17], ਹੇ ਮੇਰੀ ਅੰਮਾ ਜਾਈਏ[18] !
ਹਰਿ ਪਿਰ[19] ਬਿਨੁ ਚੈਨੁ[20] ਨ ਪਾਈਐ ਖੋਜਿ[21] ਡਿਠੇ[22] ਸਭਿ ਗੈਣ[23] ॥	Without God, the Spouse[19], solace[20] is not obtained. I have searched[21] and seen[22] all the spheres[23].	ਵਾਹਿਗੁਰੂ ਪਤੀ[19] ਦੇ ਬਗੈਰ ਆਰਾਮ[20] ਪਰਾਪਤ ਨਹੀਂ ਹੁੰਦਾ ਹੈ। ਮੈਂ ਸਾਰੇ ਮੰਡਲ[23] ਖੋਜ ਭਾਲ[21] ਕੇ ਵੇਖ[22] ਲਏ ਹਨ।
ਆਪ[24] ਕਮਾਣੈ[25] ਵਿਛੁੜੀ[26] ਦੋਸੁ[27] ਨ ਕਾਹੂ[28] ਦੇਣ ॥	My own[24] evil actions[25] have kept me away[26] from the Lord. Why should I accuse[27] others[28] ?	ਮੇਰੇ ਨਿੱਜ[24] ਦੇ ਮੰਦੇ ਅਮਲਾਂ[25] ਨੇ ਮੈਨੂੰ ਸਾਹਿਬ ਨਾਲੋਂ ਪਰੇਡੇ ਰਖਿਆ[26] ਹੋਇਆ ਹੈ। ਮੈਂ ਕਿਸੇ[28] ਉਤੇ ਇਲਜ਼ਾਮ[27] ਕਿਉਂ ਲਾਵਾਂ ?
ਕਰਿ ਕਿਰਪਾ[29] ਪ੍ਰਭ ਰਾਖਿ[30] ਲੇਹੁ ਹੋਰੁ ਨਾਹੀ ਕਰਣ[31] ਕਰੇਣ[32] ॥	Show mercy[29], O' Lord ! and save[30] me. There is no other bestower[32] of mercy[31].	ਰਹਿਮ[29] ਧਾਰ, ਹੇ ਸੁਆਮੀ ! ਤੇ ਮੇਰੀ ਰਖਿਆ[30] ਕਰ। ਹੋਰਸ ਕੋਈ ਰਹਿਮਤ[31] ਕਰਨ ਵਾਲਾ[32] ਨਹੀਂ।
ਹਰਿ ਤੁਧੁ ਵਿਣੁ[33] ਖਾਕੁ[34] ਰੂਲਣਾ[35] ਕਹੀਐ[36] ਕਿਥੈ[37] ਵੈਣ[38] ॥	Without[33] Thee, O' God ! it is to role[35] in dust[34]. To whom[37] shall I narrate[36] my wail[38] of distress ?	ਤੇਰੇ ਬਾਝੋਂ[33], ਹੇ ਵਾਹਿਗੁਰੂ ! ਮਿੱਟੀ[34] ਵਿਚ ਰੁਲਣਾ[35] ਹੈ। ਮੈਂ ਆਪਣੇ ਦੁਖੜੇ ਦੇ ਕੀਰਨੇ[38] ਕੀਹਦੇ[37] ਮੂਹਰੇ ਵਰਨਣ[36] ਕਰਾਂ ?
ਨਾਨਕ ਕੀ ਬੇਨੰਤੀਆ[39] ਹਰਿ [40]ਸੁਰਜਨੁ[41] ਦੇਖਾ ਨੈਣ[42] ॥ ੧ ॥	Nanak makes a supplication[39] "with mine eyes[42] may I see God, the Angelic[40] Person[41]".	ਨਾਨਕ ਪ੍ਰਾਰਥਨਾ[39] ਕਰਦਾ ਹੈ "ਆਪਣੀਆਂ ਅੱਖਾਂ[42] ਨਾਲ ਮੈਂ ਦੈਵੀ[40] ਪੁਰਸ਼[41] ਵਾਹਿਗੁਰੂ ਨੂੰ ਵੇਖਾਂ"।
ਜੀਅ[43] ਕੀ ਬਿਰਥਾ[44] ਸੋ[45] ਸੁਣੇ[46] ਹਰਿ[47] ਸੰਮ੍ਰਿਥ[48] ਪੁਰਖੁ[49] ਅਪਾਰੁ[50] ॥	He[45], who is the omnipotent[48] and infinite[50] Lord[49] God[47], listens[46] to the inner[43] anguish[44].	ਜੋ ਸਰਬ-ਸ਼ਕਤੀਵਾਨ[48] ਤੇ ਬੇਅੰਤ[50] ਵਾਹਿਗੁਰੂ[47] ਸੁਆਮੀ[49] ਹੈ, ਉਹ[45] ਹੀ ਅੰਦਰਲੀ[43] ਪੀੜਾ[44] ਨੂੰ ਸਰਵਣ[46] ਕਰਦਾ ਹੈ।
੧੩੭	137	੧੩੭
ਮਰਣਿ[51] ਜੀਵਣਿ[52] ਆਰਾਧਣਾ[53] ਸਭਨਾ[54] ਕਾ ਆਧਾਰੁ[55] ॥	In death[51] and life[52] meditate[53] on Him, who is the mainstay[55] of all[54]	ਮੌਤ[51] ਅਤੇ ਜ਼ਿੰਦਗੀ[52] ਅੰਦਰ ਉਸ ਦਾ ਸਿਮਰਣ[53] ਕਰ, ਜੋ ਸਾਰਿਆਂ[54] ਦਾ ਆਸਰਾ[55] ਹੈ।
ਸਸੁਰੈ[56] ਪੇਈਐ[62] ਤਿਸੁ[57] ਕੰਤ[58] ਕੀ[59] ਵਡਾ[60] ਜਿਸੁ[63] ਪਰਵਾਰੁ[61] ॥	In the world to come[56] and in this world[62] the bride belongs[59] to the[57] Spouse[58], who[63] has a big[60] family[61]	ਪ੍ਰਲੋਕ[56] ਅਤੇ ਇਸ[62] ਜਹਾਨ ਅੰਦਰ ਪਤਨੀ, ਉਸ[57] ਪਤੀ[58] ਦੀ ਮਲਕੀਅਤ[59] ਹੈ, ਜਿਸ[63] ਦਾ ਭਾਰਾ[60] ਟੱਬਰ[61] ਕਬੀਲਾ ਹੈ।

ਊਚਾ[64] ਅਗਮ[65] ਅਗਾਧਿ[66] ਬੋਧ[67] ਕਿਛੁ ਅੰਤੁ[68] ਨ ਪਾਰਾਵਾਰੁ[69] ॥	The Lord is lofty[64] and inaccessible[65]. His knowledge[67] is unfathomable[66]. and there is no limit[68] to His this and that end[69].	ਪ੍ਰਭੂ ਬੁਲੰਦ[64] ਅਤੇ ਪਹੁੰਚ ਤੋਂ ਪਰੇ[65] ਹੈ । ਉਸ ਦੀ ਗਿਆਤ[67] ਬੇ-ਥਾਹ[66] ਹੈ ਅਤੇ ਉਸ ਦੇ ਉਰਲੇ ਤੇ ਪਰਲੇ ਕਿਨਾਰੇ[69] ਦਾ ਕੋਈ ਓੜਕ[68] ਨਹੀਂ ।
ਸੇਵਾ[70] ਸਾ[71] ਤਿਸੁ[72] ਭਾਵਸੀ[73] ਸੰਤਾ ਕੀ ਹੋਇ ਛਾਰੁ[74] ॥	That[71] service[70] pleases[73] Him[72] which is rendered by becoming the dust[74] of the saint's feet.	ਟਹਿਲ[70] ਸੇਵਾ ਉਹੀ[71] ਉਸ[72] ਨੂੰ ਚੰਗੀ[73] ਲੱਗਦੀ ਹੈ ਜੋ ਸਾਧੂਆਂ ਦੀ ਚਰਨ ਧੂੜੀ[74] ਹੋ ਕੇ ਕੀਤੀ ਜਾਂਦੀ ਹੈ ।
ਦੀਨਾ[75] ਨਾਥ[76] ਦੈਆਲ[77] ਦੇਵ[78] ਪਤਿਤ[79] ਉਧਾਰਣਹਾਰੁ[80] ॥	The merciful[77] luminous[78] Lord is the Master[76] of the poor[75] and the saviour[80] of sinners[79].	ਮਿਹਰਬਾਨ[77] ਪ੍ਰਕਾਸ਼ਵਾਨ[78] ਪ੍ਰਭੂ, ਗਰੀਬਾਂ[75] ਦਾ ਮਾਲਕ[76] ਅਤੇ ਪਾਪੀਆਂ[79] ਨੂੰ ਤਾਰਣ[80] ਵਾਲਾ ਹੈ ।
ਆਦਿ[81] ਜੁਗਾਦੀ[82] ਰਖਦਾ[83] ਸਚੁ[84] ਨਾਮੁ ਕਰਤਾਰੁ[85] ॥	Since the very outset[81] and beginning of ages[82] the True Name[84] of the Creator[85] has been saving[83] the mortals.	ਐਨ ਆਰੰਭ[81] ਅਤੇ ਯੁਗਾਂ[82] ਦੇ ਸ਼ੁਰੂ ਤੋਂ ਸਿਰਜਣਹਾਰ[85] ਦਾ ਸੱਚਾ ਨਾਮ[84] ਪ੍ਰਾਣੀਆਂ ਦੀ ਰਖਿਆ[83] ਕਰਦਾ ਰਿਹਾ ਹੈ ।
ਕੀਮਤਿ[86] ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ[87] ॥	No one knows Master's worth[86] nor is there any weigher[87] of it.	ਮਾਲਕ ਦੇ ਮੁੱਲ[86] ਨੂੰ ਕੋਈ ਨਹੀਂ ਜਾਣਦਾ ਅਤੇ ਨਾ ਹੀ ਕੋਈ ਇਸ ਨੂੰ ਵਜ਼ਨ[87] ਕਰਨ ਵਾਲਾ ਹੈ ।
ਮਨ[88] ਤਨ[89] ਅੰਤਰਿ[90] ਵਸਿ[91] ਰਹੇ ਨਾਨਕ ਨਹੀ[92] ਸੁਮਾਰੁ[93] ॥	Nanak, He, who is beyond[92] reckoning[93], is dwelling[91] within[90] the mind[88] and body[89].	ਨਾਨਕ ਜੋ ਗਿਣਤੀ[93] ਤੋਂ ਪਰੇ[92] ਹੈ, ਉਹ ਆਤਮਾ[88] ਤੇ ਦੇਹਿ[89] ਅੰਦਰ[90] ਨਿਵਾਸ[91] ਕਰ ਰਿਹਾ ਹੈ ।
ਦਿਨੁ ਰੈਣਿ[94] ਜਿ ਪ੍ਰਭ ਕੰਉ ਸੇਵਦੇ[95] ਤਿਨ ਕੈ ਸਦ[96] ਬਲਿਹਾਰ[97] ॥ ੨ ॥	I am ever[96] a sacrifice[97] unto those who wait upon[95] their Lord day and night[94].	ਮੈਂ ਸਦੀਵ[96] ਹੀ ਉਨ੍ਹਾਂ ਉਤੋਂ ਘੋਲੀ[97] ਜਾਂਦਾ ਹਾਂ, ਜੋ ਆਪਣੇ ਸਾਹਿਬ ਦੀ ਦਿਨ[94] ਰਾਤ ਟਹਿਲ[95] ਕਮਾਉਂਦੇ ਹਨ ।
ਸੰਤ ਅਰਾਧਨਿ[98] ਸਦ ਸਦਾ[99] ਸਭਨਾ ਕਾ ਬਖਸਿੰਦੁ[100] ॥ ਜੀਉ[2] ਪਿੰਡੁ[3] ਜਿਨਿ[4] ਸਾਜਿਆ[5] ਕਰਿ ਕਿਰਪਾ[6] ਦਿਤੀਨੁ[7] ਜਿੰਦੁ[8] ॥	For ever and aye[99] the saints remember[98] Him, who is the Pardoner[100] of all and who[4] has created[5] the soul[2] and body[3] and has mercifully[6] granted[7] us the very life[8].	ਸਦੀਵ ਤੇ ਹਮੇਸ਼ਾਂ[99] ਲਈ ਸਾਧੂ ਉਸ ਦਾ ਸਿਮਰਨ[98] ਕਰਦੇ ਹਨ, ਜੋ ਸਾਰਿਆਂ ਨੂੰ ਮਾਫ਼ੀ ਦੇਣ ਵਾਲਾ[100] ਹੈ ਅਤੇ ਜਿਸ[4] ਨੇ ਆਤਮਾ[2] ਤੇ ਦੇਹਿ[3] ਰਚੇ[5] ਹਨ ਅਤੇ ਮਿਹਰ ਧਾਰ[6] ਕੇ ਜਿੰਦ-ਜਾਨ[8] ਬਖ਼ਸ਼ੀ[7] ਹੈ ।
ਗੁਰਸਬਦੀ[9] ਆਰਾਧੀਐ[10] ਜਪੀਐ[12] ਨਿਰਮਲ[13] ਮੰਤੁ[14] ॥	By the Guru's instruction[9] meditate[10] on the Lord and repeat[12] the pure[13] Name[14].	ਗੁਰਾਂ ਦੇ ਉਪਦੇਸ਼[9] ਦੁਆਰਾ ਸੁਆਮੀ ਦਾ ਸਿਮਰਨ[10] ਕਰ ਅਤੇ ਪਵਿੱਤ੍ਰ[13] ਨਾਮ[14] ਨੂੰ ਉਚਾਰ[12] ।
ਕੀਮਤਿ[15] ਕਹਣੁ[16] ਨ ਜਾਈਐ ਪਰਮੇਸੁਰੁ[17] ਬੇਅੰਤੁ[18] ॥	The worth[15] of the Infinite[18] Exalted Lord[17], cannot be described[16].	ਅਨੰਤ[18] ਉਤਕ੍ਰਿਸ਼ਟਤਾ[17] ਸੁਆਮੀ ਦਾ ਮੁੱਲ[15] ਬਿਆਨ[16] ਕੀਤਾ ਨਹੀਂ ਜਾ ਸਕਦਾ ।
ਜਿਸੁ ਮਨਿ[19] ਵਸੈ[20] ਨਰਾਇਣੁ[21] ਸੁ[22] ਕਹੀਐ[23]	He[22], in whose heart[19] the Pervading God[21] abides[20], is said[23] to be	ਜਿਸ ਦੇ ਦਿਲ[19] ਅੰਦਰ ਵਿਆਪਕ ਵਾਹਿਗੁਰੂ[21] ਵਸਦਾ[20] ਹੈ ਉਹ[22] ਪਰਮ ਚੰਗੇ ਭਾਗਾਂ ਵਾਲਾ[24] ਆਖਿਆ[23]

ਭਗਵੰਤੁ[24] ॥	very fortunate[24].	ਜਾਂਦਾ ਹੈ ।
ਜੀਅ[25]ਕੀ ਲੋਚਾ[26]ਪੂਰੀਐ[27] ਮਿਲੈ[28] ਸੁਆਮੀ[29] ਕੰਤੁ[30] ॥	By meeting[28] Lord[29], the Spouse[30], the mind's[25]desires[26]are fulfilled[27].	ਪ੍ਰਭੂ[29] ਪਤੀ[30] ਨੂੰ ਭੇਟਣ[28] ਦੁਆਰਾ ਚਿੱਤ[25] ਦੀਆਂ ਚਾਹਨਾਂ[26] ਪੂਰੀਆਂ[27] ਹੋ ਜਾਂਦੀਆਂ ਹਨ ।
ਨਾਨਕੁ ਜੀਵੈ[31] ਜਪਿ[32] ਹਰੀ ਦੋਖ[33] ਸਭੇ ਹੀ ਹੰਤੁ[34] ॥	Nanak lives[31] by remembering[32] God,and all his sins[33] are effaced[34].	ਨਾਨਕ ਵਾਹਿਗੁਰੂ ਦਾ ਅਰਾਧਨ[32] ਕਰਨ ਦੁਆਰਾ ਜੀਊਂਦਾ[31] ਹੈ ਤੇ ਉਸ ਦੇ ਸਾਰੇ ਪਾਪ[33] ਮਿਟ[34] ਗਏ ਹਨ ।
ਦਿਨੁ ਰੈਣਿ[35] ਜਿਸੁ[36] ਨ ਵਿਸਰੈ[37] ਸੋ[38] ਹਰਿਆ[39] ਹੋਵੈ[40] ਜੰਤੁ[41] ॥ ੩ ॥	Day and night[35] who[36] forgets[37] not God, that[38] being[41] becomes[40] ever green[39].	ਦਿਨ ਰਾਤ੍ਰੀ[35] ਜੋ[36] ਵਾਹਿਗੁਰੂ ਨੂੰ ਨਹੀਂ ਭੁਲਾਉਂਦਾ[37] ਉਹ[38] ਜੀਵ[41] ਸਰਸਬਜ਼[39]ਹੋ ਜਾਂਦਾ[40] ਹੈ ।
ਸਰਬ[42] ਕਲਾ[43] ਪ੍ਰਭ ਪੂਰਣੋ[44] ਮੰਞੁ[45] ਨਿਮਾਣੀ[46] ਥਾਉ[47] ॥	The Lord is brimful[44] with all[42] the mights[43]. Of me[45] dishonoured[46] He is the resting place[47].	ਸਾਰੀਆਂ[42] ਤਾਕਤਾਂ[43] ਨਾਲ ਸਾਹਿਬ ਪਰੀ ਪੂਰਨ[44] ਹੈ । ਮੈਂ[45] ਬੇਇਜ਼ਤ[46] ਦਾ ਉਹ ਆਰਾਮ ਦਾ ਟਿਕਾਣਾ[47] ਹੈ ।
ਹਰਿ ਓਟ[48] ਗਹੀ[49] ਮਨ ਅੰਦਰੇ[50] ਜਪਿ ਜਪਿ[51] ਜੀਵਾਂ[52] ਨਾਉ ॥	Within[50] my mind I have grasped[49] God's support[48]and I live[52]by repeating and remembering[51] the Name.	ਆਪਣੇ ਚਿਤ ਅੰਦਰ[50] ਮੈਂ ਵਾਹਿਗੁਰੂ ਦਾ ਆਸਰਾ[48] ਪਕੜਿਆ[49] ਹੈ ਤੇ ਮੈਂ ਨਾਮ ਦਾ ਉਚਾਰਨ[51] ਤੇ ਚਿੰਤਨ ਕਰਨ ਨਾਲ ਜੀਊਂਦਾ[52] ਹਾਂ ।
ਕਰਿ[53] ਕਿਰਪਾ[54] ਪ੍ਰਭ ਆਪਣੀ ਜਨ[55] ਧੂੜੀ[56] ਸੰਗਿ[58] ਸਮਾਉ[57] ॥	Shower[53] Thine bendiction[54], O' Lord that I may blend[57] with[58] the dust[56] of Thine slave's[55] feet.	ਆਪਣੀ ਰਹਿਮਤ[54] ਧਾਰ[53], ਹੇ ਸੁਆਮੀ ! ਤਾਂ ਜੋ ਮੈਂ ਤੇਰੇ ਗੋਲਿਆਂ[55] ਦੀ ਪੈਰਾਂ ਦੀ ਖ਼ਾਕ[56] ਦੇ ਨਾਲ[58] ਮਿਲ[57] ਜਾਵਾਂ ।
ਜਿਉ[59] ਤੂੰ ਰਾਖਹਿ ਤਿਉ[60] ਰਹਾ ਤੇਰਾ ਦਿਤਾ[61] ਪੈਨਾ[62] ਖਾਉ[63] ॥	As[59] Thou keepest me so[60] do I live. I wear[62] and eat[63] what Thou givest[61] me.	ਜਿਸ ਤਰ੍ਹਾਂ[59] ਤੂੰ ਮੈਨੂੰ ਰੱਖਦਾ ਹੈਂ ਉਸੇ ਤਰ੍ਹਾਂ[60] ਹੀ ਮੈਂ ਰਹਿੰਦਾ ਹਾਂ । ਮੈਂ ਉਹੀ ਪਹਿਨਦਾ[62] ਤੇ ਖਾਂਦਾ[63] ਹਾਂ ਜੋ ਤੂੰ ਮੈਨੂੰ ਦਿੰਦਾ[61] ਹੈਂ ।
ਉਦਮੁ[64] ਸੋਈ[65] ਕਰਾਇ[69] ਪ੍ਰਭ ਮਿਲਿ[66] ਸਾਧੂ ਗੁਣ[67] ਗਾਉ[68] ॥	Grant[69] me the[65] enterprise[64], O' Lord ! by which I may sing[68] Thine praises[67] by meeting[66] the saints.	ਮੈਨੂੰ ਉਹ[65] ਉਪਰਾਲਾ[64] ਬਖ਼ਸ਼[69] ਹੇ ਸਾਹਿਬ ! ਜਿਸ ਦੁਆਰਾ ਮੈਂ ਸੰਤਾਂ ਨੂੰ ਭੇਟ[66] ਕੇ ਤੇਰਾ ਜੱਸ[67] ਗਾਇਨ[68] ਕਰਾਂ ।
ਦੂਜੀ[70] ਜਾਇ[71]ਨ ਸੁਝਈ[72] ਕਿਥੈ[73] ਕੂਕਣ[74] ਜਾਉ[75] ॥	I can think[72] of no other[70] place[71]. Where[73] should I go[75] to lodge a complaint[74].	ਮੈਂ ਕਿਸੇ ਹੋਰਸ[70] ਥਾਂ[71] ਦਾ ਖ਼ਿਆਲ[72] ਹੀ ਨਹੀਂ ਕਰ ਸਕਦਾ । ਮੈਂ ਫ਼ਰਿਆਦ[74] ਕਰਨ ਲਈ ਕਿਧਰ[73] ਜਾਵਾਂ[75] ?
ਬਦਫੈਲੀ[41] ਗੈਬਾਨਾ[42] ਖਸਮੁ[43] ਨ ਜਾਣਈ ॥	The evil-doer[41] is a demon[42], who knows not the Master[43].	ਮੰਦੇ ਅਮਲ ਕਮਾਉਣ[41] ਵਾਲਾ ਭੂਤਨਾ[42] ਹੈ ਜੋ ਮਾਲਕ[43] ਨੂੰ ਨਹੀਂ ਜਾਣਦਾ ।
ਸੋ[48] ਕਹੀਐ[44] ਦੇਵਾਨਾ[45] ਆਪੁ[46] ਨ ਪਛਾਣਈ[47] ॥	He[48] is said to[44] be a mad-cap[45], who understands[47] not his ownself[46].	ਉਹ[48] ਝੱਲਾ[45] ਆਖਿਆ[44] ਜਾਂਦਾ ਹੈ ਜੋ ਆਪਣੇ ਆਪ[46] ਨੂੰ ਨਹੀਂ ਸਮਝਦਾ[47] ।
ਕਲਹਿ[49] ਬੁਰੀ[50] ਸੰਸਾਰਿ[51] ਵਾਦੇ[52] ਖਪੀਐ[53] ॥	Pernicious[50] is strife[49] in this world[51]. In contention[52] man is distracted[53].	ਹਾਨੀਕਾਰਕ[50] ਹੈ ਝਗੜਾ ਝਾਂਝਾ[49] ਇਸ ਜਹਾਨ[51] ਅੰਦਰ। ਬਹਿਸ ਮੁਬਾਹਿਸੇ[52] ਵਿਚ ਬੰਦਾ ਵਿਆਕੁਲ[53] ਹੋ ਜਾਂਦਾ ਹੈ।
ਵਿਣੁ ਨਾਵੈ[54] ਵੇਕਾਰਿ[55] ਭਰਮੇ[56] ਪਚੀਐ[57] ॥	Without God's Name[54], worthless[55] is the mortal. In scepticism[56] he is destroyed[57].	ਰੱਬ ਦੇ ਨਾਮ[54] ਦੇ ਬਾਝੋਂ ਫ਼ਜ਼ੂਲ[55] ਹੈ ਪ੍ਰਾਣੀ। ਸੰਦੇਹ[56] ਅੰਦਰ ਉਹ ਬਰਬਾਦ[57] ਹੋ ਜਾਂਦਾ ਹੈ।
ਰਾਹ[58] ਦੋਵੈ[59] ਇਕੁ[60] ਜਾਣੈ[61] ਸੋਈ[62] ਸਿਝਸੀ[63] ॥	He[62], who deems[61] both[59] the ways[58] lead to one Lord[60], shall be emancipated[63].	ਜੋ ਦੋਨਾਂ[59] ਮਾਰਗਾਂ[58] ਨੂੰ ਇਕ ਪ੍ਰਭੂ[60] ਵਲ ਲੈ ਜਾਂਦੇ ਸਮਝਦਾ[61] ਹੈ, ਉਹ[62] ਬੰਦ-ਖ਼ਲਾਸ[63] ਹੋ ਜਾਵੇਗਾ ।
ਕੁਫਰ[64] ਗੋਅ[65] ਕੁਫਰਾਣੈ[66] ਪਇਆ[67] ਦਝਸੀ[68] ॥	Fallen[67] in the blasphemer's hell[66], the utterer[65] of lies[64] shall burn[68] to ashes[69].	ਨਾਸਤਕਾਂ ਦੇ ਨਰਕ[66] ਵਿਚ ਪਿਆ ਹੋਇਆ[67] ਝੂਠ[64] ਬਕਣ ਵਾਲਾ[65] ਸੜ[68] ਕੇ ਸੁਆਹ ਹੋ ਜਾਏਗਾ ।
ਸਭ ਦੁਨੀਆ[69] ਸੁਬਹਾਨੁ[70] ਸਚਿ ਸਮਾਈਐ[71] ॥	In the whole world[69], the most sanctified[70] are they who remain absorbed[71] in truth.	ਸਾਰੇ ਸੰਸਾਰ[69] ਅੰਦਰ ਪਰਮ ਪਵਿੱਤਰ[70] ਹਨ ਉਹ ਜੋ ਸੱਚ ਅੰਦਰ ਲੀਨ[71] ਰਹਿੰਦੇ ਹਨ ।
ਸਿਝੈ[72] ਦਰਿ[73] ਦੀਵਾਨਿ[74] ਆਪੁ[75] ਗਵਾਈਐ[76] ॥ ੯ ॥	By eradicating[76] his self-conceit[75], man is exonerated[72] in[73] Lord's Court[74].	ਆਪਣੀ ਸਵੈ-ਹੰਗਤਾ[75] ਨੂੰ ਮੇਟਣ[76] ਦੁਆਰਾ, ਇਨਸਾਨ ਸਾਈਂ ਦੇ ਦਰਬਾਰ[74] ਅੰਦਰ[73] ਸੁਰਖ਼ਰੂ[72] ਹੋ ਜਾਂਦਾ ਹੈ ।
ਮ: ੧ ਸਲੋਕੁ ॥	Slok, First Guru.	ਪਹਿਲੀ ਪਾਤਸ਼ਾਹੀ, ਸਲੋਕ ।
ਸੋ[77] ਜੀਵਿਆ[78] ਜਿਸੁ ਮਨਿ[81] ਵਸਿਆ[79] ਸੋਇ[80] ॥	He[77] alone lives[78] within whose mind[81] that[80] Master abides[79].	ਕੇਵਲ ਉਹੀ[77] ਜੀਊਂਦਾ[78] ਹੈ ਜਿਸ ਦੇ ਚਿੱਤ[81] ਅੰਦਰ ਉਹ[80] ਮਾਲਕ ਨਿਵਾਸ[79] ਰੱਖਦਾ ਹੈ ।
ਨਾਨਕ ਅਵਰੁ[82] ਨ ਜੀਵੈ ਕੋਇ ॥ ਜੇ[82*] ਜੀਵੈ ਪਤਿ[83]	O' Nanak ! none else[82] is really alive. If[82*] some one lives, he shall	ਹੇ ਨਾਨਕ ! ਹੋਰ ਕੋਈ[82] ਅਸਲ ਵਿਚ ਜੀਊਂਦਾ ਹੀ ਨਹੀਂ । ਜੇਕਰ[82*] ਕੋਈ ਜੀਊਂਦਾ ਹੈ, ਉਹ ਆਪਣੀ

ਲਥੀ[84] ਜਾਇ[85] ॥	depart[85] [84]dishonoured[83].	ਇੱਜ਼ਤ[83] ਗੁਆ[84] ਕੇ ਦੂਰ[85] ਜਾਏਗਾ।
ਸਭੁ ਹਰਾਮੁ[86] ਜੇਤਾ ਕਿਛੁ ਖਾਇ ॥	All, that he eats, is forbidden[86].	ਸਾਰਾ ਕੁਝ ਜਿਹੜਾ ਉਹ ਖਾਂਦਾ ਹੈ, ਵਰਜਿਤ[86] ਹੈ।
ਰਾਜਿ[87] ਰੰਗੁ[88] ਮਾਲਿ[89] ਰੰਗੁ[90] ॥ ਰੰਗਿ[91] ਰਤਾ[92] ਨਚੈ[93] ਨੰਗੁ[94] ॥	Imbued[92] with the pleasure[91] of the intoxication[88] of authority[87] and revelments[90] of riches[89], the mortal dances[93] shamelessly[94].	ਹਕੂਮਤ[87] ਦੀ ਮਸਤੀ[88] ਅਤੇ ਧਨ-ਦੌਲਤ[89] ਦੀਆਂ ਰੰਗ ਰਲੀਆਂ[90] ਦੀ ਖ਼ੁਸ਼ੀ[91] ਨਾਲ ਰੰਗੀਜਿਆ[92] ਹੋਇਆ ਪ੍ਰਾਣੀ ਬੇਸ਼ਰਮ[94] ਹੋ ਕੇ ਨੱਚਦਾ[93] ਹੈ।
ਨਾਨਕ ਠਗਿਆ ਮੁਠਾ[95] ਜਾਇ ॥ ਵਿਣੁ ਨਾਵੈ[97] ਪਤਿ[96] ਗਇਆ[99] ਗਵਾਇ[98] ॥੧॥	Nanak, he is beguiled and defrauded[95]. Without the Lord's Name[97], he loses[98] his honour[96] and departs[99].	ਨਾਨਕ ਉਹ ਛਲਿਆ ਤੇ ਲੁੱਟਿਆ ਪੁੱਟਿਆ[95] ਜਾਂਦਾ ਹੈ। ਸਾਹਿਬ ਦੇ ਨਾਮ[97] ਦੇ ਬਾਝੋਂ ਉਹ ਆਪਣੀ ਇੱਜ਼ਤ ਆਬਰੂ[96] ਗੰਵਾ[98] ਕੇ ਤੁਰ[99] ਜਾਂਦਾ ਹੈ।
ਮ: ੧ ॥	First Guru.	ਪਹਿਲੀ ਪਾਤਸ਼ਾਹੀ।
ਕਿਆ[100] ਖਾਧੈ[2] ਕਿਆ ਪੈਧੈ[3] ਹੋਇ[4] ॥ ਜਾ[5] ਮਨਿ[6] ਨਾਹੀ ਸਚਾ[7] ਸੋਇ[8] ॥	What[100] can be achieved[4] by eating[2] and what by dressing[3], so long as[5] that[8] True Lord[7] abides not in the man's mind[6]?	ਖਾਣ[2] ਦੁਆਰਾ ਕੀ[100] ਬਣ ਸਕਦਾ[4] ਹੈ ਅਤੇ ਪਹਿਨਣ[3] ਦੁਆਰਾ ਕੀ, ਜਦ ਤਾਈਂ[5] ਉਹ[8] ਸੱਚਾ ਸੁਆਮੀ[7] ਮਨੁੱਖ ਦੇ ਚਿੱਤ[6] ਵਿਚ ਨਹੀਂ ਵਸਦਾ?
ਕਿਆ[9] ਮੇਵਾ[10] ਕਿਆ ਘਿਉ ਗੁੜੁ[12] ਮਿਠਾ ਕਿਆ ਮੈਦਾ[13] ਕਿਆ ਮਾਸੁ[14] ॥	What[9] is fruit[10], what clarified butter and sweet molasses[12], what fine flour[13] and what meat[14]?	ਕੀ[9] ਹੈ ਫਲ[10], ਕੀ ਘੀ ਤੇ ਮਿੱਠੜਾ ਗੁੜ[12], ਕੀ ਮਹੀਨ ਆਟਾ[13] ਅਤੇ ਕੀ ਗੋਸ਼ਤ[14]?
ਕਿਆ ਕਪੜੁ[15] ਕਿਆ ਸੇਜ[16] ਸੁਖਾਲੀ[17] ਕੀਜਹਿ[18] ਭੋਗ[19] ਬਿਲਾਸ[20] ॥	What is raiment[15] and what comfortable[17] couch[16], to enjoy[18] sexual intercourse[19] and revelments[20]?	ਕੀ ਹੈ ਪੁਸ਼ਾਕ[15] ਅਤੇ ਕੀ ਸੁਖਦਾਈ[17] ਪਲੰਘ[16], ਸੁਹਬਤ[19] ਤੇ ਰੰਗ-ਰਲੀਆਂ[20] ਮਾਨਣ[18] ਲਈ।
ਕਿਆ ਲਸਕਰ[21] ਕਿਆ ਨੇਬ[22] ਖਵਾਸੀ[23] ਆਵੈ[24] ਮਹਲੀ[25] ਵਾਸੁ[26] ॥	Of what use is an army[21] and of what the mace-bearers[22], servants[23] and coming[24] and dwelling[26] in mansions[25]?	ਕੀ ਲਾਭ ਹੈ ਸੈਨਾ[21] ਦਾ ਅਤੇ ਕੀ ਲਾਭ ਚੋਬਦਾਰਾਂ[22], ਨੌਕਰਾਂ[23] ਅਤੇ ਆ[24] ਕੇ ਮੰਦਰਾਂ[25] ਅੰਦਰ ਵਸਣ[26] ਦਾ?
ਨਾਨਕ ਸਚੇ ਨਾਮ ਵਿਣੁ[27] ਸਭੇ[28] ਟੋਲ[29] ਵਿਣਾਸੁ[30] ॥੨॥	Nanak, without[27] the True Name, the entire[28] paraphernalia[29] is perishable[30].	ਨਾਨਕ, ਸਤਿਨਾਮ ਦੇ ਬਾਝੋਂ[27], ਸਮੂਹ[28] ਸਾਜ਼ੋ-ਸਾਮਾਨ[29] ਨਾਸਵੰਤ[30] ਹੈ।
ਪਵੜੀ[31] ॥	Pauri[31].	ਪਉੜੀ[31]।
ਜਾਤੀ[32] ਦੈ ਕਿਆ ਹਥਿ[33] ਸਚੁ[34] ਪਰਖੀਐ[35] ॥	What is in the power[33] of caste[32]? Righteousness[34] is to be assayed[35].	ਜਾਤ[32] ਦੇ ਵੱਸ[33] ਵਿਚ ਕੀ ਹੈ? ਸੱਚਾਈ[34] ਪਰਖੀ ਤੇ ਪੜਤਾਲੀ[35] ਜਾਣੀ ਹੈ।
ਮਹੁਰਾ[36] ਹੋਵੈ[37] ਹਥਿ[38] ਮਰੀਐ[39] ਚਖੀਐ[40] ॥	High caste pride is like poison[36] by holding[37] in hand[38] and eating[40] which, the man dies[39].	ਉੱਚੀ ਜ਼ਾਤੀ ਦਾ ਹੰਕਾਰ ਜ਼ਹਿਰ[36] ਦੀ ਨਿਆਈਂ ਹੈ, ਜਿਸ ਨੂੰ ਕਰ[38] ਵਿਚ ਲੈਣ[37] ਅਤੇ ਖਾਣ[40] ਦੁਆਰਾ ਆਦਮੀ ਮਰ ਜਾਂਦਾ[39] ਹੈ।
ਸਚੇ[41] ਕੀ ਸਿਰਕਾਰ[42] ਜੁਗੁ	The sovereignty[42] of the True Lord[41]	ਸੱਚੇ ਸਾਹਿਬ[41] ਦੀ ਪਾਤਸ਼ਾਹੀ[42] ਸਾਰਿਆਂ ਯੁਗਾਂ[43]

ਜੁਗੁ[43] ਜਾਣੀਐ[44] ॥	is known[44] throughout all the ages[43].	ਅੰਦਰ ਜਾਣੀ ਜਾਂਦੀ[44] ਹੈ।
ਹੁਕਮੁ[45] ਮੰਨੇ[46] ਸਿਰਦਾਰੁ[47] ਦਰਿ[48] ਦੀਬਾਣੀਐ[49] ॥	He, who obeys[46] the Lord's order[45] becomes a noble[47] in[48] His Court[49].	ਜੋ ਉਸ ਦੇ ਫ਼ੁਰਮਾਨ[45] ਦੀ ਪਾਲਣਾ[46] ਕਰਦਾ ਹੈ, ਉਹ ਉਸ ਦੇ ਦਰਬਾਰ[49] ਅੰਦਰ[48] ਮਨਸਬਦਾਰ[47] ਹੋ ਜਾਂਦਾ ਹੈ।
ਫੁਰਮਾਨੀ[50] ਹੈ ਕਾਰ[51] ਖਸਮਿ[52] ਪਠਾਇਆ[53] ॥	Enjoining[50] the performance of His service[51], the Lord[52] has sent[53] the mortal in this world.	ਆਪਣੀ ਸੇਵਾ[51] ਕਮਾਉਣ ਦੀ ਆਗਿਆ[50] ਫ਼ੁਰਮਾ ਕੇ ਸਾਹਿਬ[52] ਨੇ ਬੰਦੇ ਨੂੰ ਸੰਸਾਰ ਵਿਚ ਭੇਜਿਆ[53] ਹੈ।
ਤਬਲਬਾਜ[54] ਬੀਚਾਰ[55] ਸਬਦਿ[56] ਸੁਣਾਇਆ[57] ॥	The Guru-drummer[54] has, by means of Gurbani[56], proclaimed[57] this meditation[55] of the Lord.	ਗੁਰੂ-ਨਗਾਰਚੀ[54] ਨੇ, ਗੁਰਬਾਣੀ[56] ਦੇ ਜ਼ਰੀਏ, ਇਸ ਸਾਹਿਬ ਦੇ ਸਿਮਰਨ[55] ਦੀ ਦੋਹੀ[57] ਫੇਰੀ ਹੈ।
ਇਕਿ[58] ਹੋਇ ਅਸਵਾਰ[59] ਇਕਨਾ ਸਾਖਤੀ[60] ॥	Hearing this some[58] have mounted[59] their horses and some are caparisoning[60] to them.	ਇਸ ਨੂੰ ਸੁਣ ਕੇ ਕਈ[58] ਆਪਣੇ ਘੋੜਿਆਂ ਤੇ ਚੜ੍ਹ[59] ਗਏ ਹਨ, ਤੇ ਕਈ ਉਨ੍ਹਾਂ ਨੂੰ ਤਿਆਰ[60] ਕਰ ਰਹੇ ਹਨ।
ਇਕਨੀ ਬਧੇ[61] ਭਾਰ[62] ਇਕਨਾ ਤਾਖਤੀ[63] ॥ ੧੦ ॥	Some have tied[61] their bundles[62] and some have even ridden off[63].	ਕਈਆਂ ਨੇ ਆਪਣੇ ਬੋਝ[62] ਬੰਨ੍ਹ[61] ਲਏ ਹਨ ਅਤੇ ਕਈ ਤਾਂ ਸਵਾਰ ਹੋ ਕੇ ਤੁਰ[63] ਭੀ ਗਏ ਹਨ।
ਸਲੋਕੁ ਮ: ੧ ॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ।
ਜਾ[64] ਪਕਾ ਤਾ[65] ਕਟਿਆ[66] ਰਹੀਸੁ[67] ਪਲਰਿ[68] ਵਾੜਿ[70]।	When[64] the crop is ripe, it is cut[66] then[65]. Only the straw[68] and hedge[70] remain[67].	ਜਦ[64] ਪੈਲੀ ਪੱਕ ਜਾਂਦੀ ਹੈ, ਤਦ[65] ਇਹ ਵੱਢ[66] ਲਈ ਜਾਂਦੀ ਹੈ। ਕੇਵਲ ਫੂਸ[68] ਤੇ ਵਾੜ[70] ਰਹਿ[67] ਜਾਂਦੀ ਹੈ।
ਸਣੁ[71] ਕੀਸਾਰਾ[72] ਚਿਥਿਆ[73] ਕਣੁ[74] ਲਇਆ[75] ਤਨੁ[76] ਝਾੜਿ[77] ॥	Along with[71] the bristled[72] ears the crop is thrashed[73], and by winnowing[77] the corn[74] is separated[75] from the crop[76].	ਕਸੀਰਾਂ[72] ਵਾਲੀਆਂ ਬੱਲੀਆਂ ਸਣੇ[71] ਫ਼ਸਲ ਗਾਹ[73] ਲਈ ਜਾਂਦੀ ਹੈ ਅਤੇ ਉਡਾ[77] ਕੇ ਫ਼ਸਲ[76] ਨਾਲੋਂ ਦਾਣੇ[74] ਵੱਖਰੇ ਕੱਢ[75] ਲਏ ਜਾਂਦੇ ਹਨ।
ਦੁਇ[78] ਪੁੜ[79] ਚਕੀ[80] ਜੋੜਿ[81] ਕੈ ਪੀਸਣ[82] ਆਇ[83] ਬਹਿਠੁ[84] ॥	Joining[81] together both[78] the quern[80]-stones[79] people come[83] and sit down[84] to grind[82] the corn.	ਚੱਕੀ[80] ਦੇ ਦੋਵੇਂ[78] ਪੱਥਰ[79] ਇਕੱਠੇ[81] ਕਰਕੇ, ਬੰਦੇ ਆ[83] ਕੇ ਦਾਣਿਆ ਨੂੰ ਪੀਹਣ[82] ਬਹਿ[84] ਜਾਂਦੇ ਹਨ।
ਜੋ ਦਰਿ[85] ਰਹੇ[86] ਸੁ[87] ਉਬਰੇ[88] ਨਾਨਕ ਅਜਬੁ[89] ਡਿਠੁ[90] ॥ ੧ ॥	They[87], which remain attached[86] to the central axle[85], are saved[88]. Nanak has seen[90] a wonderful[89] thing.	ਜਿਹੜੇ ਕੇਂਦਰੀ ਧੁਰੇ[85] ਨਾਲ ਜੁੜੇ ਰਹਿੰਦੇ[86] ਹਨ, ਉਹ[87] ਬਚ[88] ਜਾਂਦੇ ਹਨ। ਨਾਨਕ ਨੇ ਇਹ ਇਕ ਅਸਚਰਜ[89] ਗੱਲ ਦੇਖੀ[90] ਹੈ।
ਮ: ੧ ॥	First Guru.	ਪਹਿਲੀ ਪਾਤਸ਼ਾਹੀ।
੧੪੩	**143**	**੧੪੩**
ਵੇਖੁ[91] ਜਿ[92] ਮਿਠਾ[93] ਕਟਿਆ[94] ਕਟਿ[95] ਕੁਟਿ[96] ਬਧਾ[97] ਪਾਇ[98] ॥	See[91], that[92] the sugarcane[93] is sheared[94]. After cleansing[96] and chopping[95] off its plumes, its feet[98] are bound[97] to form it into bundles.	ਦੇਖ[91] ਕਿ[92] ਕਮਾਦ[93] ਵਢਿਆ[94] ਜਾਂਦਾ ਹੈ। ਇਸ ਨੂੰ ਸਾਫ਼ ਕਰਕੇ[96] ਤੇ ਇਸ ਦੇ ਆਗ ਉਤਾਰ[95] ਕੇ ਪੈਰਾਂ[98] ਤੋਂ ਬੰਨ੍ਹ[97] ਇਸ ਦੀਆਂ ਭਰੀਆਂ ਬਣਾਈਆਂ ਜਾਂਦੀਆਂ ਹਨ।
ਖੁੰਢਾ[99] ਅੰਦਰਿ[100] ਰਖਿ[2]	Placing[2] it in between[100] the wooden	ਘੁਲ੍ਹਾੜੀ ਦੀਆਂ ਲੱਕੜ ਦੀਆਂ[99] ਗੇਲੜਾਂ ਵਿਚ ਇਸ[100]

ਕੈ ਦੇਨਿ[3] ਸੁ[4] ਮਲ[5] ਸਜਾਇ[6] ॥	rollers[99] of the press, they[4] crush[5] and award[3] it punishment[6].	ਨੂੰ ਦੇ ਕੇ[2] ਉਹ[4] ਇਸ ਨੂੰ ਪੀੜਦੇ[5] ਤੇ ਡੰਡ[6] ਦਿੰਦੇ[3] ਹਨ ।
ਰਸੁ[7] ਕਸੁ[8] ਟਟਰਿ[9] ਪਾਈਐ ਤਪੈ[10] ਤੈ ਵਿਲਲਾਇ[12] ॥	Extracting[8] the juice[7], they put it in the cauldron[9] and it groans[12] as it burns[10].	ਰਹੁ[7] ਨੂੰ ਕਸ਼ੀਦ ਕਰ[8] ਕੇ ਉਹ ਇਸ ਨੂੰ ਕੜਾਹੇ[9] ਵਿਚ ਪਾਉਂਦੇ ਹਨ ਅਤੇ ਇਹ ਸੜਦਾ[10] ਹੋਇਆ ਚੀਕ-ਚਿਹਾੜਾ[12] ਪਾਉਂਦਾ ਹੈ ।
ਭੀ ਸੋ[18] ਫੋਗੁ[13] ਸਮਾਲੀਐ[14] ਦਿਚੈ[15] ਅਗਿ[17] ਜਾਲਾਇ[16] ॥	Even[18] the empty crushed cane[13] is collected[14] and is[15] burnt[16] in the fire[17].	ਖ਼ਾਲੀ ਪੀੜੇ ਹੋਏ ਤੱਥੇ[13] ਭੀ[18] ਇਕੱਠੇ[14] ਕਰਕੇ ਅੱਗ[17] ਵਿਚ ਸਾੜ[16] ਦਿੱਤੇ ਜਾਂਦੇ[15] ਹਨ ।
ਨਾਨਕ ਮਿਠੈ ਪਤਰੀਐ[19] ਵੇਖਹੁ[20] ਲੋਕਾ[21] ਆਇ[22] ॥ ੨ ॥	Nanak, how the sweet-leaved[19] sugar-cane is treated, come[22] and see[20], O' people[21] !	ਨਾਨਕ, ਮਿੱਠੜੇ ਪਤਿਆਂ ਵਾਲੇ[19] ਕਮਾਦ ਨਾਲ ਕੇਹੋ ਜੇਹਾ ਸਲੂਕ ਹੋਇਆ ਹੈ, ਹੇ ਪ੍ਰਾਣੀਓ[21] ! ਆ ਕੇ[22] ਦੇਖੋ[20] ।
ਪਵੜੀ ॥	Pauri.	ਪਉੜੀ ।
ਇਕਨਾ[23] ਮਰਣੁ[24] ਨ ਚਿਤਿ[25] ਆਸ[26] ਘਣੇਰਿਆ[27] ॥	Some[23] think[25] not of death[24] and entertain many[27] hopes[26].	ਕਈਆਂ[23] ਦੇ ਮੌਤ[24] ਚਿੱਤ ਚੇਤੇ[25] ਹੀ ਨਹੀਂ ਅਤੇ ਉਹ ਬਤੀਆਂ[27] ਉਮੀਦਾਂ[26] ਬੰਨ੍ਹੀ ਬੈਠੇ ਹਨ ।
ਮਰਿ ਮਰਿ[28] ਜੰਮਹਿ[29] ਨਿਤ[30] ਕਿਸੈ ਨ ਕੇਰਿਆ[31] ॥	They ever[30] die, perish[28], and are reborn[29] and are of[31] no avail.	ਉਹ ਸਦੀਵ[30] ਹੀ ਮਰਦੇ, ਬਿਨਸਦੇ[28] ਅਤੇ ਜੰਮਦੇ[29] ਹਨ ਅਤੇ ਕਿਸੇ ਕੰਮ[31] ਦੇ ਨਹੀਂ ।
ਆਪਨੜੈ[32] ਮਨਿ ਚਿਤਿ[33] ਕਹਨਿ[34] ਚੰਗੇਰਿਆ[35] ॥	In their[32] heart of heart[33] they call[34] themselves good[35].	ਆਪਣੇ[32] ਦਿਲ ਹੀ ਦਿਲ[33] ਅੰਦਰ ਉਹ ਆਪਣੇ ਆਪ ਨੂੰ ਚੰਗਾ[35] ਆਖਦੇ[34] ਹਨ ।
ਜਮ ਰਾਜੈ[36] ਨਿਤ ਨਿਤ[37] ਮਨਮੁਖ[37]* ਹੇਰਿਆ[38] ॥	The king of the angels[36] of death, for ever and aye[37], stalks[38] the apostate[37]*.	ਮੌਤ ਦੇ ਫ਼ਰਿਸ਼ਤਿਆਂ[36] ਦਾ ਰਾਜਾ ਸਦੀਵ ਤੇ ਹਮੇਸ਼ਾ[37] ਹੀ ਆਪ-ਹੁਦਰਿਆਂ[37]* ਨੂੰ ਤਕਾਉਂਦਾ[38] ਰਹਿੰਦਾ ਹੈ ।
ਮਨਮੁਖ ਲੂਣ ਹਾਰਾਮ[39] ਕਿਆ[41] ਨ ਜਾਣਿਆ[40] ॥	The perverse person is untrue[39] to his salt and feels not indebted[40] for the good done[41] to him.	ਪ੍ਰਤੀਕੂਲ ਪੁਰਸ਼ ਲੂਣ ਖਾ ਕੇ ਬੁਰਾ ਕਰਨ ਵਾਲਾ[39] ਹੈ ਅਤੇ ਆਪਣੇ ਉਤੇ ਕੀਤੀ[41] ਹੋਈ ਨੇਕੀ ਲਈ ਧੰਨਵਾਦੀ[40] ਨਹੀਂ ਹੁੰਦਾ ।
ਬਧੇ[42] ਕਰਨਿ ਸਲਾਮ[43] ਖਸਮ[44] ਨ ਭਾਣਿਆ[45] ॥	They, who pay homage[43] under compulsion[42], are not pleasing[45] to the Lord[44].	ਜੋ ਦਬਾ ਹੇਠ[42] ਪ੍ਰਣਾਮ[43] ਕਰਦੇ ਹਨ ਉਹ ਸਾਹਿਬ[44] ਨੂੰ ਚੰਗੇ[45] ਨਹੀਂ ਲਗਦੇ !
ਸਚੁ[46] ਮਿਲੈ[47] ਮੁਖਿ[48] ਨਾਮੁ ਸਾਹਿਬ ਭਾਵਸੀ[49] ॥	They, who obtain[47] the exalted[48] True[46] Name, are liked[49] by the Master.	ਜੋ ਸ਼੍ਰੋਮਣੀ[48] ਸਤਿਨਾਮ[46] ਨੂੰ ਪਰਾਪਤ[47] ਕਰਦੇ ਹਨ ਉਹ ਮਾਲਕ ਦੇ ਮਨ ਨੂੰ ਚੰਗੇ ਲਗਣ ਲਗ[49] ਜਾਂਦੇ ਹਨ ।
ਕਰਸਨਿ ਤਖਤਿ[50] ਸਲਾਮੁ[51] ਲਿਖਿਆ[52] ਪਾਵਸੀ[53] ॥੧੧	They, who obtain[53] good destiny[52], bow[51] before the Lord's throne[50].	ਜਿਨ੍ਹਾਂ ਨੂੰ ਚੰਗੀ ਪ੍ਰਾਲਬਧ[52] ਪ੍ਰਾਪਤ[53] ਹੁੰਦੀ ਹੈ, ਉਹ ਸਾਹਿਬ ਦੇ ਰਾਜ-ਸਿੰਘਾਸਣ[50] ਮੂਹਰੇ ਨਿਊਂਦੇ[51] ਹਨ ।
ਮ: ੧ ਸਲੋਕੁ ॥	First Guru, Slok.	ਪਹਿਲੀ ਪਾਤਸ਼ਾਹੀ, ਸਲੋਕ ।
ਮਛੀ[58] ਤਾਰੂ[54] ਕਿਆ[55] ਕਰੇ	What[56] can the deep[54] water do to	ਡੂੰਘਾ[54] ਪਾਣੀ ਮੀਨ[58] ਨੂੰ ਕੀ[56] ਕਰ ਸਕਦਾ ਹੈ ਅਤੇ

ਪੰਖੀ[56] ਕਿਆ ਆਕਾਸੁ[57] ॥	a fish[58] and what the sky[57] to the bird[56] ?	ਅਸਮਾਨ[57] ਪੰਛੀ[56] ਨੂੰ ਕੀ ?
ਪਥਰ[59] ਪਾਲਾ[60] ਕਿਆ ਕਰੈ ਖੁਸਰੇ[61] ਕਿਆ ਘਰ ਵਾਸੁ[62] ॥	What can cold[60] do to a stone[59], and what the married life[62] to an eunuch[61] ?	ਠੰਢਕ[60] ਪਾਹਨ[59] ਨੂੰ ਕੀ ਕਰ ਸਕਦੀ ਹੈ ਅਤੇ ਵਿਆਹੁਤਾ ਜੀਵਨ[62] ਹਿਜੜੇ[61] ਦਾ ਕੀ ?
ਕੁਤੇ[63] ਚੰਦਨੁ[64] ਲਾਈਐ[65] ਭੀ[66] ਸੋ ਕੁਤੀ[67] ਧਾਤੁ[68] ॥	Sandal[64]may be applied[65] to a dog[63], even[66] then he will preserve his canine[67] nature[68].	ਕੂਕਰ[63] ਨੂੰ ਚੰਨਣ[64] ਮਲ[65] ਦਿੱਤਾ ਜਾਵੇ ਤਾਂ ਭੀ[66] ਉਸ ਦੀ ਕੁੱਤੇ ਵਾਲੀ[67] ਖ਼ਸਲਤ[68] ਹੀ ਰਹੇਗੀ।
ਬੋਲਾ[69] ਜੇ[70] ਸਮਝਾਈਐ[71] ਪੜੀਅਹਿ[72] ਸਿੰਮ੍ਰਿਤਿ ਪਾਠ[73] ॥	Though[70] one may instruct[71] a deaf man[69] and read[72] for him Simirtis and other religious recitations[73],	ਭਾਵੇਂ[70] ਆਦਮੀ ਡੋਰੇ ਬੰਦੇ[69] ਨੂੰ ਸਿਖ-ਮਤ[71] ਦੇਵੇ ਅਤੇ ਉਸ ਨੂੰ ਸਿਮਰਤੀਆਂ ਤੇ ਹੋਰ ਧਰਮ ਅਨਵਾਦਨ[73] ਵਾਚ[72] ਕੇ ਸੁਣਾਵੇ।
ਅੰਧਾ[74] ਚਾਨਣਿ[75] ਰਖੀਐ[76] ਦੀਵੇ[77] ਬਲਹਿ[78] ਪਚਾਸ[79] ॥	Though one may place[76] a light[75] before a blind man[74] and burn[78] fifty[79] lamps[77] for him, but all is in vain.	ਬੰਦਾ ਭਾਵੇਂ ਮੁਨਾਖੇ ਮਨੁੱਖ[74] ਮੂਹਰੇ ਰੋਸ਼ਨੀ[75] ਧਰ[76] ਦੇਵੇ ਅਤੇ ਉਸ ਵਾਸਤੇ ਪੰਜਾਹ[79] ਲੈਂਪ[77] ਬਾਲ[78] ਦੇਵੇ, ਪਰ ਸਾਰਾ ਕੁਛ ਬੇਫ਼ਾਇਦਾ ਹੈ।
ਚਉਣੇ[80] ਸੁਇਨਾ[81] ਪਾਈਐ[84] ਚੁਣਿ ਚੁਣਿ[82] ਖਾਵੈ ਘਾਸੁ[83] ॥	Though one may put[84]gold[81] before a herd of cattle[80], but they will pick out and select[82] grass[83] to eat.	ਬੰਦਾ ਭਾਵੇਂ ਪਸ਼ੂਆਂ ਦੇ ਵੱਗ[80] ਮੂਹਰੇ ਸੋਨਾ[81] ਰੱਖ[84] ਦੇਵੇ, ਪਰ ਉਹ ਘਾਹ[83] ਨੂੰ ਹੀ ਚੁਗ ਤੇ ਛਾਂਟ[82] ਕੇ ਖਾਣਗੇ।
ਲੋਹਾ[84]* ਮਾਰਣਿ[85] ਪਾਈਐ ਢਹੈ[86] ਨ ਹੋਇ[87] ਕਪਾਸ[88] ॥	If flux[85] be put into iron[84]*, it will melt[86], but, will not become[87] cotton[88].	ਜੇਕਰ ਧਾਤ ਪਿਘਲਾਉਣ ਵਾਲਾ[85]ਮਸਾਲਾ ਸਾਰ[84]* ਵਿਚ ਪਾ ਦਿਤਾ ਜਾਵੇ ਇਹ ਢਲ[86] ਜਾਵੇਗਾ ਪੂੰਡ੍ਰ ਕਪਾਹ[88] ਨਹੀਂ ਬਣੇਗਾ[87]।
ਨਾਨਕ ਮੂਰਖ[89] ਏਹਿ[90] ਗੁਣ[91] ਬੋਲੇ[92] ਸਦਾ[93] ਵਿਣਾਸੁ[94] ॥ ੧ ॥	Nanak, the nature[91] of a fool[89] is this[90], that he, always[93], talks[92] of the mortal[94] sins.	ਨਾਨਕ, ਬੇਵਕੂਫ਼[89] ਦੀ ਖ਼ਸਲਤ[91] ਇਹ[90] ਹੈ ਕਿ ਉਹ ਹਮੇਸ਼ਾਂ[93] ਪ੍ਰਾਣ[94] ਲੇਵਾ ਪਾਪਾਂ ਦੀ ਗੱਲ[92] ਕਰਦਾ ਹੈ।
ਮ: ੧ ॥	First Guru.	ਪਹਿਲੀ ਪਾਤਸ਼ਾਹੀ।
ਕੈਹਾ[96] ਕੰਚਨੁ[97] ਤੁਟੈ[98] ਸਾਰੁ[99] ॥ ਅਗਨੀ[100] ਗੰਢੁ[2] ਪਾਏ[3] ਲੋਹਾਰੁ[4] ॥	When bronze[96], gold[97] and iron[99] break[98], the smith[4] effects[3] welding[2] with fire[100].	ਜਦ ਕਾਂਸੀ[96], ਸੋਨਾ[97] ਤੇ ਲੋਹਾ[99] ਟੁਟ[98] ਜਾਂਦੇ ਹਨ ਧਾਤ ਦਾ ਕਾਰੀਗਰ[4] ਅੱਗ[100] ਨਾਲ ਟਾਂਕਾ[2] ਲਾ ਦਿੰਦਾ[3] ਹੈ।
ਗੋਰੀ[5] ਸੇਤੀ[6] ਤੁਟੈ[7] ਭਤਾਰੁ[8] ॥ ਪੁਤੀ ਗੰਢੁ[9] ਪਵੈ ਸੰਸਾਰਿ[10] ॥	With[6] the wife[5], when the husband[8] falls out[7], through the son,reconciliation is effected[9] in this world[10].	ਵਹੁਟੀ[5] ਨਾਲ[6] ਜਦ ਖ਼ਸਮ[8] ਰੁੱਸ[7] ਜਾਂਦਾ ਹੈ ਪੁੱਤ ਦੇ ਰਾਹੀਂ ਇਸ ਜਗਤ[10] ਅੰਦਰ ਮੁੜ ਸੰਬੰਧ ਕਾਇਮ[9] ਹੋ ਜਾਂਦੇ ਹਨ।
ਰਾਜਾ ਮੰਗੈ[12] ਦਿਤੈ[13] ਗੰਢੁ[14] ਪਾਇ ॥	When the king makes a demand[12], by meeting[13] it, the bond[14] is established.	ਜਦ ਪਾਤਸ਼ਾਹ ਕੁਛ ਤਲਬ[12] ਕਰਦਾ ਹੈ, ਦੇ ਦੇਣ[13] ਦੁਆਰਾ, ਸੰਬੰਧ[14] ਕਾਇਮ ਹੋ ਜਾਂਦਾ ਹੈ।
ਭੁਖਿਆ[15] ਗੰਢੁ[16] ਪਵੈ ਜਾ	The hungry man[15] attains appease-	ਭੁੱਖੇ ਆਦਮੀ[15] ਨੂੰ ਠੰਢ ਚੈਨ[16] ਪ੍ਰਾਪਤ ਹੋ ਜਾਂਦੀ

ਖਾਇ ॥	ment[16], when he eats something.	ਹੈ, ਜਦ[17] ਉਹ ਕੁਛ ਖਾ ਲੈਂਦਾ ਹੈ।
ਕਾਲਾ[18] ਗੰਢੁ[19] ਨਦੀਆ[20] ਮੀਹ[21] ਝੋਲ[22] ॥	Relief[19] from famine[18] is attained, if it rains[21] and the stream[20] be overflowing[22].	ਕਹਿਰ[18] ਤੋਂ ਛੁਟਕਾਰਾ[19] ਪ੍ਰਾਪਤ ਹੋ ਜਾਂਦਾ ਹੈ ਜੇਕਰ ਬਾਰਸ਼[21] ਹੋਵੇ ਅਤੇ ਨਦੀਆਂ[20] ਨਾਲੇ ਛੱਲਾਂ[22] ਮਾਰਨ।
ਗੰਢੁ[23] ਪਰੀਤੀ[24] ਮਿਠੇ[25] ਬੋਲ[26] ॥	There is an affinity[23] between love[24] and sweet[25] words[26].	ਪਿਆਰ[24] ਤੇ ਮਿੱਠੜੇ[25] ਬਚਨ-ਬਿਲਾਸ[26] ਦਾ ਮੇਲ-ਜੋਲ[23] ਹੈ।
ਬੇਦਾ[27] ਗੰਢੁ[28] ਬੋਲੇ ਸਚੁ ਕੋਇ[29] ॥	If any one[29] speak the Truth, he establishes a link[28] with the holy scriptures[27].	ਜੇਕਰ ਕੋਈ ਜਣਾ[29] ਸੱਚ ਆਖੇ ਉਸ ਦਾ ਗੰਢ ਜੋੜ[28] ਪਵਿੱਤਰ ਪੁਸਤਕਾਂ[27] ਨਾਲ ਹੋ ਜਾਂਦਾ ਹੈ।
ਮੁਇਆ[30] ਗੰਢੁ ਨੇਕੀ[31] ਸਤੁ[32] ਹੋਇ ॥	By goodness[31] and truth[32], the dead[30] establish a bond with the living.	ਭਲਿਆਈ[31] ਤੇ ਸੱਚ[32] ਦੁਆਰਾ ਮਰਿਆਂ[30] ਹੋਇਆਂ ਦਾ ਜਿਊਂਦਿਆਂ ਨਾਲ ਸਾਕ ਸਨਬੰਧ ਹੋ ਜਾਂਦਾ ਹੈ।
ਏਤੁ[33] ਗੰਢਿ[34] ਵਰਤੈ[35] ਸੰਸਾਰੁ[36] ॥	Such[33] are the alliances[34] which prevail[35] in this world[36].	ਐਹੋ ਜੇਹੇ[33] ਮੇਲ-ਮਿਲਾਪ[34] ਇਸ ਜਹਾਨ[36] ਅੰਦਰ ਪਰਚਲਤ[35] ਹਨ।
ਮੂਰਖ[37] ਗੰਢੁ[38] ਪਵੈ[39] ਮੁਹਿ[40] ਮਾਰ[41] ॥	The fool[37] is mended[38] only on being[39] struck[41] in the face[40].	ਬੇਵਕੂਫ[37] ਦੇ ਸੁਧਾਰ[38] ਦਾ ਤਰੀਕਾ ਕੇਵਲ ਇਹ ਹੈ ਕਿ ਉਹ ਮੂੰਹ ਦੀ[40] ਮਾਰ[41] ਖਾਏ[39]।
ਨਾਨਕੁ ਆਖੈ[42] ਏਹੁ[43] ਬੀਚਾਰੁ[44] ॥	Nanak says[42] this[43] after due deliberation[44].	ਨਾਨਕ ਇਹ ਕੁਛ[43] ਯੋਗ ਸੋਚ ਵੀਚਾਰ[44] ਮਗਰੋਂ ਕਹਿੰਦਾ[42] ਹੈ।
ਸਿਫਤੀ[45] ਗੰਢੁ[46] ਪਵੈ[47] ਦਰਬਾਰਿ[48] ॥ ੨ ॥	Through the Lord's praise[45], the tie[46] with His Court[48] is established[47].	ਸਾਹਿਬ ਦੀ ਸਿਫ਼ਤ ਸਨਾ[45] ਰਾਹੀਂ ਉਸ ਦੀ ਦਰਗਾਹ[48] ਨਾਲ ਸੰਬੰਧ[46] ਕਾਇਮ[47] ਹੋ ਜਾਂਦਾ ਹੈ।
ਪਉੜੀ ॥	Pauri.	ਪਉੜੀ।
ਆਪੇ[49] ਕੁਦਰਤਿ[50] ਸਾਜਿ[51] ਕੈ ਆਪੇ ਕਰੇ ਬੀਚਾਰੁ[52] ॥	Himself[49] creating[51] the universe[50], God Himself gives it thought[52].	ਆਪੇ[49] ਆਲਮ[50] ਨੂੰ ਰਚ ਕੇ[51] ਵਾਹਿਗੁਰੂ ਆਪ ਹੀ ਇਸ ਦਾ ਖ਼ਿਆਲ[52] ਰੱਖਦਾ ਹੈ।
ਇਕਿ[53] ਖੋਟੇ[54] ਇਕਿ ਖਰੇ[55] ਆਪੇ ਪਰਖਣਹਾਰੁ[56] ॥	Some[53] are false[54] and some true[55]. The Lord Himself is the Assayer[56].	ਕਈ[53] ਕੂੜੇ[54] ਹਨ ਤੇ ਕਈ ਸੱਚੇ[55]। ਸਾਹਿਬ ਆਪ ਹੀ ਨਿਰਖ ਕਰਨ[56] ਵਾਲਾ ਹੈ।
ਖਰੇ[57] ਖਜਾਨੈ[58] ਪਾਈਅਹਿ[59] ਖੋਟੇ[60] ਸਟੀਅਹਿ[61] ਬਾਹਰਵਾਰਿ[62] ॥	The genuine[57] are consigned[59] to His Treasury[58], while the counterfeit[60] are thrown[61] outside[62].	ਅਸਲੀ[57] ਉਸ ਦੇ ਕੋਸ਼[58] ਅੰਦਰ ਪਾ[59] ਦਿਤੇ ਜਾਂਦੇ ਹਨ, ਜਦ ਕਿ ਜਾਲ੍ਹੀ[60] ਬਾਹਰ[62] ਸੁੱਟ[61] ਦਿਤੇ ਜਾਂਦੇ ਹਨ।
ਖੋਟੇ ਸਚੀ ਦਰਗਹ[63] ਸੁਟੀਅਹਿ ਕਿਸੁ[64] ਆਗੈ[65] ਕਰਹਿ ਪੁਕਾਰ[66] ॥	The false are cast aside from the True Court[63]. Before[65] whom[64] can they prefer a complaint[66] ?	ਝੂਠੇ ਸੱਚੇ ਦਰਬਾਰ[63] ਤੋਂ ਪਰੇ ਸੁਟੇ ਜਾਂਦੇ ਹਨ। ਉਹ ਕੀਹਦੇ[64] ਮੂਹਰੇ[65] ਫ਼ਰਿਆਦ[66] ਕਰ ਸਕਦੇ ਹਨ।
ਸਤਿਗੁਰ ਪਿਛੈ ਭਜਿ[67] ਪਵਹਿ ਏਹਾ[68] ਕਰਣੀ[69] ਸਾਰੁ[70] ॥	They should run[67] to the True Guru's sanctuary. This[68] is the rightful[70] way of life[69].	ਉਹ ਦੌੜ[67] ਕੇ ਸੱਚੇ ਗੁਰਾਂ ਦੀ ਸ਼ਰਣਾਗਤ ਜਾ ਡਿੱਗਣ, ਇਹ[68] ਹੀ ਦਰੁਸਤ[70] ਜੀਵਨ[69] ਰਹੁ-ਰੀਤੀ ਹੈ।
ਸਤਿਗੁਰੁ ਖੋਟਿਅਹੁ[73] ਖਰੇ[74]	The True Guru turns[76] the impure[73]	ਸੱਚਾ ਗੁਰੂ ਅਪਵਿੱਤ੍ਰਾਂ[73] ਨੂੰ ਪਵਿੱਤਰ[74] ਕਰ ਦਿੰਦਾ[76] ਹੈ।

ਕਰੇ[75] ਸਬਦਿ[71] ਸਵਾਰਣ-ਹਾਰੁ[72] ॥

into pure[74]. He is the embellisher[72] of man with God's Name[71].

ਉਹ ਆਦਮੀ ਨੂੰ ਵਾਹਿਗੁਰੂ ਦੇ ਨਾਮ[71] ਨਾਲ ਸਸ਼ੋਭਤ[72] ਕਰਨ ਵਾਲਾ ਹੈ ।

ਸਚੀ ਦਰਗਹ[76] ਮੰਨੀਅਨਿ[77] ਗੁਰ ਕੈ ਪ੍ਰੇਮ[78] ਪਿਆਰਿ[79] ॥

By enshrining affection[78] and love[79] for the Guru, the mortals are honoured[77] in the True Court[76].

ਗੁਰੂ ਨਾਲ ਪ੍ਰੀਤ[78] ਅਤੇ ਪਿਰਹੜੀ[79] ਪਾਉਣ ਦੁਆਰਾ ਪ੍ਰਾਣੀ ਸੱਚੇ ਦਰਬਾਰ[76] ਅੰਦਰ ਵਡਿਆਏ[77] ਜਾਂਦੇ ਹਨ ।

ਗਣਤ[80] ਤਿਨਾ ਦੀ ਕੋ ਕਿਆ ਕਰੇ ਜੋ[81] ਆਪਿ[82] ਬਖਸੇ[83] ਕਰਤਾਰਿ[84]॥੧੨॥

Who can reckon[80] the worth of those, who[81] have been pardoned[83] by the Creator[84] Himself[82] ?

ਜਿਨ੍ਹਾਂ[81] ਨੂੰ ਸਿਰਜਣਹਾਰ[84] ਨੇ ਖ਼ੁਦ[82] ਮਾਫ਼ੀ[83] ਦੇ ਦਿੱਤੀ ਹੈ, ਉਨ੍ਹਾਂ ਦੇ ਮੁੱਲ ਨੂੰ ਕੌਣ ਗਿਣ[80] ਸਕਦਾ ਹੈ ?

ਸਲੋਕੁ ਮ: ੧ ॥

Slok, First Guru.

ਸਲੋਕ, ਪਹਿਲੀ ਪਾਤਸ਼ਾਹੀ ।

ਹਮ[85] ਜੇਰ[86] ਜਿਮੀ[87] ਦੁਨੀਆ[88] ਪੀਰਾ[89] ਮਸਾਇਕਾ[90] ਰਾਇਆ[91] ॥

All[85] the spiritual guides[89], their disciples[90] and monarchs[91] of the world[88] are beneath[86] the earth[87].

ਸੰਸਾਰ[88] ਦੇ ਸਾਰੇ[85] ਰੂਹਾਨੀ ਰਹਿਬਰ[89], ਉਹਨਾਂ ਦੇ ਚੇਲੇ[90] ਅਤੇ ਮਹਾਰਾਜੇ[91] ਜ਼ਮੀਨ[87] ਦੇ ਹੇਠਾਂ[86] ਹਨ ।

ਮੇ ਰਵਦਿ[92] ਬਾਦਿਸਾਹਾ[93] ਅਫਜੂ[94]ਖੁਦਾਇ[95] ॥ ਏਕ[96] ਤੂਹੀ ਏਕ ਤੁਹੀ ॥ ੧ ॥

The kings[93] shall pass[92] away. God[95] alone is ever flourishing[94]. Thou alone[96] art, Thou alone art, O'Lord !

ਪਾਤਸ਼ਾਹ[93] ਟੁਰ[92] ਜਾਣਗੇ । ਕੇਵਲ ਵਾਹਿਗੁਰੂ[95] ਹੀ ਸਦੀਵ ਪ੍ਰਫੁਲਤ[94] ਹੋਣ ਵਾਲਾ ਹੈ । ਕੇਵਲ[96] ਤੂੰ ਹੀ ਹੈਂ, ਕੇਵਲ ਤੂੰ ਹੀ ਹੈਂ, ਹੇ ਪ੍ਰਭੂ !

ਮ: ੧ ॥

First Guru.

ਪਹਿਲੀ ਪਾਤਿਸ਼ਾਹੀ ।

ਨ ਦੇਵ[97] ਦਾਨਵਾ[98] ਨਰਾ[99] ॥ ਨ ਸਿਧ[100] ਸਾਧਿਕਾ[2] ਧਰਾ[3] ॥

Neither gods[97], demons[98] and men[99] nor men of miracles[100], seekers[2] and earth[3] shall stay.

ਨਾ ਦੇਵਤੇ[97], ਦੈਂਤ[98] ਅਤੇ ਮਨੁੱਖ[99], ਨਾ ਹੀ ਕਰਾਮਾਤੀ ਬੰਦੇ[100], ਅਭਿਆਸੀ[2] ਤੇ ਧਰਤੀ[3] ਰਹਿਣਗੇ ।

੧੪੪ / 144

ਅਸਤਿ[4] ਏਕ ਦਿਗਰਿ[5] ਕੁਈ[6] ॥ ਏਕ ਤੁਈ ਏਕ ਤੁਈ ॥ ੨ ॥

The Lord alone is[4]. Who[6] else[5] can there be ? Thou alone art, O' Lord ! Thou alone art.

ਕੇਵਲ ਸੁਆਮੀ ਹੀ[4] ਹੈ । ਹੋਰ[5] ਕੌਣ[6] ਹੋ ਸਕਦਾ ਹੈ ? ਕੱਲਮਕੱਲਾ ਤੂੰ ਹੀ ਹੈਂ, ਹੇ ਸਾਈਂ ! ਕੱਲਮਕਲਾ ਤੂੰ ਹੀ ਹੈਂ ।

ਮ: ੧ ॥

First Guru.

ਪਹਿਲੀ ਪਾਤਸ਼ਾਹੀ ।

ਨ ਦਾਦੇ[7] ਦਿਹੰਦ[8] ਆਦਮੀ[9] ॥ ਨ ਸਪਤ[10] ਜੇਰ[12] ਜਿਮੀ[13] ॥

Neither the just[7], nor the generous[8], nor other men[9], nor the seven[10] worlds beneath[12] the earth[13], shall remain.

ਨਾ ਨਿਆਇਕਾਰੀ[7], ਨਾ ਦਾਤੇ[8], ਨਾ ਹੋਰ ਇਨਸਾਨ[9], ਨਾ ਹੀ ਜ਼ਮੀਨ[13] ਦੇ ਹੇਠਾਂ[12] ਦੇ ਸਤ[10] ਲੋਅ ਰਹਿਣਗੇ ।

ਅਸਤਿ ਏਕ ਦਿਗਰਿ ਕੁਈ ॥

The Lord alone is. Who else can there be ?

ਕੇਵਲ ਸੁਆਮੀ ਹੀ ਹੈ । ਹੋਰ ਕੌਣ ਹੋ ਸਕਦਾ ਹੈ ?

ਏਕ ਤੁਈ ਏਕ ਤੁਈ ॥ ੩ ॥

Thou alone art, O' Lord ! Thou alone art.

ਕੱਲਮਕੱਲਾ ਤੂੰ ਹੀ ਹੈਂ, ਹੇ ਸਾਈਂ ! ਕੱਲਮਕੱਲਾ ਤੂੰ ਹੀ ਹੈਂ ।

ਮ: ੧ ॥

First Guru.

ਪਹਿਲੀ ਪਾਤਸ਼ਾਹੀ ।

ਨ ਸੂਰ[14] ਸਸਿ[15]ਮੰਡਲੋ[16] ॥ ਨ ਸਪਤ[17] ਦੀਪ[18] ਨਹ

Neither the solar[14] and lunar[15] regions[16], nor seven[17] continents[18],

ਨਾ ਸੂਰਜ[14] ਅਤੇ ਚੰਦਰਮਾ[15] ਦੀਆਂ ਪੁਰੀਆਂ,[16] ਨਾ ਹੀ ਸਤ[17] ਬਰਿ-ਆਜ਼ਮ,[18] ਨਾ ਹੀ ਸਮੁੰਦਰ,[19]ਅਨਾਜ[20]

ਜਲੋ[18] ॥ ਅੰਨ[20] ਪਉਣ[21] ਥਿਰੁ[22] ਨ ਕੁਈ[23] ॥	nor the oceans[19], corn[20] and the wind[21], no one[23] is stable[22].	ਅਤੇ ਹਵਾ[21], ਕੋਈ[23] ਭੀ ਸਥਿਰ[22] ਨਹੀਂ ।
ਏਕੁ ਤੁਈ ਏਕੁ ਤੁਈ ॥੪॥	Thou alone art, O' Lord ! Thou alone art.	ਕੇਵਲ ਤੂੰ ਹੀ ਹੈਂ, ਹੇ ਸੁਆਮੀ ! ਕੇਵਲ ਤੂੰ ਹੀ ਹੈਂ ।
ਮ: ੧ ॥	First Guru,	ਪਹਿਲੀ ਪਾਤਸ਼ਾਹੀ ।
ਨ ਰਿਜਕੁ[24] ਦਸਤ[25] ਆ[26] ਕਸੇ[27] ॥	The sustenance[24] is[26] not in the hands[25] of any one[27].	ਉਪਜੀਵਕਾ[24] ਕਿਸੇ ਇਨਸਾਨ[27] ਦੇ ਹੱਥ[25] ਵਿਚ ਨਹੀਂ[26] ਹੈ ।
ਹਮਾ[28] ਰਾ[29] ਏਕ[30] ਆਸ[31] ਵਸੇ[32] ॥	Hopes[31] of[29] all[28] abide[32] in the one Lord[30].	ਸਾਰਿਆਂ[28] ਦੀ[29] ਉਮੀਦ[31] ਇਕ ਸੁਆਮੀ[30] ਅੰਦਰ ਵਸਦੀ[32] ਹੈ ।
ਅਸਤਿ ਏਕੁ ਦਿਗਰ ਕੁਈ ॥	The Lord alone is, who else can there be ?	ਕੇਵਲ ਤੂੰ ਹੀ ਹੈਂ, ਹੇ ਸੁਆਮੀ ! ਹੋਰ ਕੌਣ ਹੋ ਸਕਦਾ ਹੈ ?
ਏਕੁ ਤੁਈ ਏਕੁ ਤੁਈ ॥੫॥	Thou alone art, O' Lord ! Thou alone art.	ਕੱਲਮਕੱਲਾ ਤੂੰ ਹੀ ਹੈਂ, ਹੇ ਸਾਈਂ ! ਕੱਲਮਕੱਲਾ ਤੂੰ ਹੀ ਹੈਂ ।
ਮ: ੧ ॥	First Guru.	ਪਹਿਲੀ ਪਾਤਸ਼ਾਹੀ ।
ਪਰੰਦਏ[33] ਨ ਗਿਰਾਹ[34] ਜਰ[35] ॥	The birds[33] have no money[35] in their pockets[34].	ਪੰਛੀਆਂ[33] ਦੀ ਗੰਢ[34] ਵਿਚ ਕੋਈ ਮਾਲ[35] ਧਨ ਨਹੀਂ ।
ਦਰਖਤ[36] ਆਬ[37] ਆਸ[38] ਕਰ[39] ॥	They rest[39] their hope[38] on water[37] and trees[36].	ਉਹ ਪਾਣੀ[37] ਅਤੇ ਬਿਰਛਾਂ[36] ਤੇ ਆਪਣੀ ਉਮੈਦ[38] ਰਖਦੇ[39] ਹਨ ।
ਦਿਹੰਦਿ[40] ਸੁਈ[41] ॥	He[41], alone is the Giver[40].	ਕੇਵਲ ਉਹੀ[41] ਦੇਣ ਵਾਲਾ[40] ਹੈ ।
ਏਕੁ ਤੁਈ ਏਕੁ ਤੁਈ ॥੬॥	Thou alone art, O' Lord!Thou alone art.	ਕੇਵਲ ਤੂੰ ਹੀ ਹੈਂ, ਹੇ ਸੁਆਮੀ ! ਕੇਵਲ ਤੂੰ ਹੀ ਹੈਂ !
ਮ: ੧ ॥	First Guru.	ਪਹਿਲੀ ਪਾਤਸ਼ਾਹੀ ।
ਨਾਨਕ ਲਿਲਾਰਿ[42] ਲਿਖਿਆ[43] ਸੋਇ[44] ॥ ਮੇਟਿ[45] ਨ ਸਾਕੈ ਕੋਇ[46] ॥	Nanak, no one[46] can erase[45] that[44] what is written[43] on the forehead[42].	ਨਾਨਕ ਕੋਈ[46] ਜਣਾ ਉਸ[44] ਨੂੰ ਮੇਸ[45] ਨਹੀਂ ਸਕਦਾ ਜਿਹੜਾ ਮਥੇ[42] ਉਤੇ ਲਿਖਿਆ[43] ਹੋਇਆ ਹੈ ।
ਕਲਾ[47] ਧਰੈ[48] ਹਿਰੈ[49] ਸੁਈ[50] ॥	That[50] Lord instals[48] power[47] in the mortal and then resumes[49] it.	ਉਹ[50] ਸਾਹਿਬ ਪ੍ਰਾਣੀ ਵਿਚ ਸਤਿਆ[47] ਸਥਾਪਨ[48] ਕਰਦਾ ਹੈ ਅਤੇ ਫੇਰ ਵਾਪਸ[49] ਲੈ ਲੈਂਦਾ ਹੈ ।
ਏਕੁ ਤੁਈ ਏਕੁ ਤੁਈ ॥ ੭ ॥	Thou alone art, O' Lord ! Thou alone art.	ਕੇਵਲ ਤੂੰ ਹੀ ਹੈਂ, ਹੇ ਸੁਆਮੀ ! ਕੇਵਲ ਤੂੰ ਹੀ ਹੈਂ ।
ਪਉੜੀ ॥	Pauri.	ਪਉੜੀ ।
ਸਚਾ ਤੇਰਾ ਹੁਕਮੁ[51] ਗੁਰਮੁਖਿ[52] ਜਾਣਿਆ ॥	True is Thine command[51], O' Lord ! Through the Guru[52], it is known.	ਸੱਚਾ ਹੈ ਤੇਰਾ ਫੁਰਮਾਨ,[51] ਹੇ ਸੁਆਮੀ ! ਗੁਰਾਂ ਦੁਆਰਾ[52] ਇਹ ਜਾਣਿਆ ਜਾਂਦਾ ਹੈ ।
ਗੁਰਮਤੀ[53] ਆਪੁ[54] ਗਵਾਇ[55] ਸਚੁ ਪਛਾਣਿਆ[56] ॥	Eradicating[55] self[54] by the Guru's instruction[53], I have recognised[56]the Truth.	ਗੁਰਾਂ ਦੇ ਉਪਦੇਸ਼[53] ਦੁਆਰਾ ਆਪਣਾ[54] ਆਪ ਗੁਆ[55] ਕੇ ਮੈਂ ਸੱਚ ਨੂੰ ਸਿੰਞਾਣ[56] ਲਿਆ ਹੈ ।

ਸਚੁ ਤੇਰਾ ਦਰਬਾਰੁ[57] ਸਬਦੁ[58] ਨੀਸਾਣਿਆ[59] ॥	True is Thine Court[57] which becomes manifest[59] through the Guru's gospel[58].	ਸੱਚੀ ਹੈ ਤੇਰੀ ਦਰਗਾਹ[57] ਜੋ ਗੁਰਾਂ ਦੇ ਉਪਦੇਸ਼[58] ਦੁਆਰਾ ਪਰਗਟ[59] ਹੁੰਦੀ ਹੈ।
ਸਚਾ ਸਬਦੁ[60] ਵੀਚਾਰਿ[61] ਸਚਿ[62] ਸਮਾਣਿਆ[63] ॥	By meditating[61] on the True Name[60], I have been absorbed[63] in the True One[62].	ਸੱਚੇ ਨਾਮ[60] ਦਾ ਸਿਮਰਨ[61] ਕਰਨ ਦੁਆਰਾ ਮੈਂ ਸਤਿ ਪੁਰਖ[62] ਅੰਦਰ ਲੀਨ[63] ਹੋ ਗਿਆ ਹਾਂ।
ਮਨਮੁਖ[64] ਸਦਾ[65] ਕੂੜਿਆਰ[66] ਭਰਮਿ[67] ਭੁਲਾਣਿਆ[68] ॥	Thy self-willed[64] are ever[65] false[66]. They are deluded[68] by doubt[67].	ਆਪ-ਹੁਦਰੇ[64] ਸਦੀਵ[65] ਹੀ ਝੂਠੇ ਹਨ[66], ਵਹਿਮ[67] ਨੇ ਉਨ੍ਹਾਂ ਨੂੰ ਕੁਰਾਹੇ ਪਾ ਛਡਿਆ[68] ਹੈ।
ਵਿਸਟਾ[69] ਅੰਦਰਿ ਵਾਸੁ[70] ਸਾਦੁ[71] ਨ ਜਾਣਿਆ ॥	In ordure[69] is their abode[70]. They know not the Name's relish[71].	ਗੰਦਗੀ[69] ਵਿਚ ਉਹਨਾਂ ਦਾ ਵਸੇਬਾ[70] ਹੈ। ਉਹ ਨਾਮ ਦੇ ਸੁਆਦ[71] ਨੂੰ ਨਹੀਂ ਜਾਣਦੇ।
ਵਿਣੁ[72] ਨਾਵੈ ਦੁਖੁ[73] ਪਾਇ[74] ਆਵਣ ਜਾਣਿਆ[75] ॥	Without[72] God's Name, they suffer[74] agony[73] in coming and going[75].	ਰੱਬ ਦੇ ਨਾਮ ਦੇ ਬਾਝੋਂ,[72] ਉਹ ਆਉਣ ਤੇ ਜਾਣ[75] ਦਾ ਕਸ਼ਟ[73] ਉਠਾਉਂਦੇ[74] ਹਨ।
ਨਾਨਕ ਪਾਰਖੁ[76] ਆਪਿ[77] ਜਿਨਿ ਖੋਟਾ[78] ਖਰਾ[79] ਪਛਾਣਿਆ[80] ॥ ੧੩ ॥	Nanak, the Lord Himself[77] is the Assayer[76], who distinguishes[80] the counterfeit[78] and the genuine[79].	ਨਾਨਕ, ਸਾਹਿਬ ਆਪੇ[77] ਹੀ ਪਰਖ ਕਰਣਹਾਰ[76] ਹੈ, ਜੋ ਨਕਲੀ[78] ਤੇ ਅਸਲੀ[79] ਨੂੰ ਸਿੰਞਾਣ[80] ਲੈਂਦਾ ਹੈ।
ਸਲੋਕੁ ਮ: ੧ ॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ।
ਸੀਹਾ[81] ਬਾਜਾ ਚਰਗਾ[82] ਕੁਹੀਆ[83] ਏਨਾ[84] ਖਵਾਲੇ[85] ਘਾਹ ॥	The tigers[81], hawks, kites[82] and falcons[83], them[84] the Lord causes to eat[85] grass.	ਸ਼ੇਰਾਂ,[81] ਬਾਜਾਂ, ਇੱਲਾਂ[82] ਤੇ ਬਹਿਰੀਆਂ[83], ਇਨ੍ਹਾਂ[84] ਨੂੰ ਸਾਹਿਬ ਘਾਸ ਖੁਆ[85] ਦਿੰਦਾ ਹੈ।
ਘਾਹੁ ਖਾਨਿ ਤਿਨਾ ਮਾਸੁ[86] ਖਵਾਲੇ ਏਹਿ ਚਲਾਏ[87] ਰਾਹ[88] ॥	Who eat grass, them He causes to eat meat[86]. This way of life[88] He can set agoing[87].	ਜੋ ਘਾਸ ਖਾਂਦੇ ਹਨ, ਉਨ੍ਹਾਂ ਨੂੰ ਉਹ ਗੋਸ਼ਤ[86] ਖੁਆ ਦਿੰਦਾ ਹੈ। ਇਹ ਜੀਵਨ ਦਾ ਮਾਰਗ[88] ਉਹ ਜਾਰੀ[87] ਕਰ ਸਕਦਾ ਹੈ।
ਨਦੀਆ[89] ਵਿਚਿ ਟਿਬੇ[90] ਦੇਖਾਲੇ[95] ਥਲੀ[91] ਕਰੇ[94] ਅਸਗਾਹ[93] ॥	He exhibits[95] mounds[90] in rivers[89], and the deserts[91] He makes[94] into unfathomable[93] oceans.	ਉਹ ਦਰਿਆਵਾਂ[89] ਅੰਦਰ ਉੱਚੇ ਟਿੱਲੇ[90] ਵਿਖਾਲ[95] ਦਿੰਦਾ ਹੈ ਅਤੇ ਰੇਗਿਸਤਾਨ[91] ਨੂੰ ਉਹ ਅਥਾਹ ਸਮੁੰਦਰ[93] ਬਣਾ[94] ਦਿੰਦਾ ਹੈ।
ਕੀੜਾ[96] ਥਾਪਿ[97] ਦੇਇ ਪਾਤਿਸਾਹੀ[100] ਲਸਕਰ[99] ਕਰੇ ਸੁਆਹ[98] ॥	A worm[96], He appoints[97] to kingship[100], and He reduces an army[99] to ashes[98].	ਇਕ ਕੀਟ[96] ਨੂੰ ਉਹ ਬਾਦਸ਼ਾਹੀ[100] ਤੇ ਸਥਾਪਨ[97] ਕਰ ਦਿੰਦਾ ਹੈ ਅਤੇ ਫ਼ੌਜ[99] ਨੂੰ ਉਹ ਰਾਖ[98] ਬਣਾ ਦਿੰਦਾ ਹੈ।
ਜੇਤੇ ਜੀਅ[2] ਜੀਵਹਿ ਲੈ ਸਾਹਾ[3] ਜੀਵਾਲੇ[7] ਤਾ[4] ਕਿ[5] ਅਸਾਹ[6] ॥	All the sentient[2] beings live by breathing[3]. What[5] can breath[6] do then[4], if He wishes to sustain life[7]?	ਸਾਰੇ ਪ੍ਰਾਣਧਾਰੀ[2] ਸੁਆਸ ਲੈ[3] ਕੇ ਜੀਉਂਦੇ ਹਨ। ਸੁਆਸ[6] ਤਦ[4] ਕੀ[5] ਕਰ ਸਕਦਾ ਹੈ ਜੇਕਰ ਉਹ ਜਿਵਾਉਣਾ[7] ਚਾਹੇ ?
ਨਾਨਕ ਜਿਉ[8] ਜਿਉ ਸਚੇ[9] ਭਾਵੈ[10] ਤਿਉ[12] ਤਿਉ ਦੇਇ[13] ਗਿਰਾਹ[14] ॥ ੧ ॥	Nanak, as[8] it pleases[10] the True Lord[9], so[12] does He give[13] sustenance[14].	ਨਾਨਕ, ਜਿਸ[8] ਤਰ੍ਹਾਂ ਸੱਚੇ ਸੁਆਮੀ[9] ਨੂੰ ਚੰਗਾ[10] ਲਗਦਾ ਹੈ, ਉਸੇ ਤਰ੍ਹਾਂ[12] ਹੀ ਉਹ ਰੋਜ਼ੀ[14] ਦਿੰਦਾ[13] ਹੈ।
ਮ: ੧ ॥	First Guru.	ਪਹਿਲੀ ਪਾਤਸ਼ਾਹੀ।
ਇਕਿ[15] ਮਾਸਹਾਰੀ[16] ਇਕਿ	Some[15] are meat eaters[16] and some	ਕਈ[15] ਗੋਸ਼ਤ ਖਾਣ[16] ਵਾਲੇ ਹਨ ਅਤੇ ਕਈ ਘਾਹ[17]

ਤ੍ਰਿਣੁ[17] ਖਾਹਿ[18] ॥	eat[18] grass[17].	ਭੂਸ ਖਾਂਦੇ[18] ਹਨ।
ਇਕਨਾ ਛਤੀਹ ਅੰਮ੍ਰਿਤ[19] ਪਾਹਿ[20] ॥	Some obtain[20] delicacies[19] of thirty-six sorts.	ਕਈਆਂ ਨੂੰ ਛੱਤੀ ਪਰਕਾਰ ਦੀਆਂ ਨਿਆਮਤਾਂ[19] ਪਰਾਪਤ[20] ਹੈਨ।
ਇਕਿ ਮਿਟੀਆ[21] ਮਹਿ[22] ਮਿਟੀਆ[23] ਖਾਹਿ ॥	Some abide in[22] the earth[21] and eat the mud[23].	ਕਈ ਧਰਤੀ[21] ਅੰਦਰ[22] ਰਹਿੰਦੇ ਹਨ ਅਤੇ ਮਿੱਟੀ[23] ਖਾਂਦੇ ਹਨ।
ਇਕਿ ਪਉਣ ਸੁਮਾਰੀ[24] ਪਉਣ[25] ਸੁਮਾਰਿ[26] ॥	Some are breath-controller[24] and count[26] their breaths[25].	ਕਈ ਪ੍ਰਾਣਾਯਾਮ ਦੇ ਅਭਿਆਸੀ[24] ਹਨ ਅਤੇ ਆਪਣੇ ਸੁਆਸ[25] ਗਿਣਦੇ[26] ਹਨ।
ਇਕਿ ਨਿਰੰਕਾਰੀ[27] ਨਾਮ ਆਧਾਰਿ[28] ॥	Some are the adorers of the Formless[27] Lord, and have the Name's support[28].	ਕਈ ਆਕਾਰ-ਰਹਿਤ ਸਾਈਂ[27] ਦੇ ਪੁਜਾਰੀ ਹਨ ਤੇ ਉਹਨਾਂ ਨੂੰ ਨਾਮ ਦਾ ਹੀ ਆਸਰਾ[28] ਹੈ।
ਜੀਵੈ[29] ਦਾਤਾ[30] ਮਰੈ ਨ ਕੋਇ ॥	The Donor[30] ever lives[29]. None dies of privation.	ਦਾਤਾਰ[30] ਸਦੀਵ ਹੀ ਜੀਉਂਦਾ[29] ਹੈ। ਥੁੜੋਂ ਕਾਰਨ ਕੋਈ ਨਹੀਂ ਮਰਦਾ।
ਨਾਨਕ ਮੁਠੇ ਜਾਹਿ[31] ਨਾਹੀ ਮਨਿ[32] ਸੋਇ[33] ॥ ੨ ॥	Nanak, they who keep not that[33] Lord in their mind[32], are beguiled[31].	ਨਾਨਕ, ਜੋ ਉਸ[33] ਸਾਹਿਬ ਨੂੰ ਆਪਣੇ ਚਿੱਤ[32] ਅੰਦਰ ਨਹੀਂ ਟਿਕਾਉਂਦੇ, ਉਹ ਠਗੇ[31] ਜਾਂਦੇ ਹਨ।
ਪਉੜੀ ॥	Pauri.	ਪੌੜੀ।
ਪੂਰੇ[34] ਗੁਰ ਕੀ ਕਾਰ[35] ਕਰਮਿ[36] ਕਮਾਈਐ[37] ॥	By good fortune[36] does man perform[37] the service[35] of the perfect[34] Guru.	ਚੰਗੇ ਭਾਗਾਂ[36] ਦੁਆਰਾ ਇਨਸਾਨ ਸੱਚੇ[34] ਗੁਰਾਂ ਦੀ ਟਹਿਲ ਸੇਵਾ[35] ਕਰਦਾ[37] ਹੈ।
ਗੁਰਮਤੀ[38] ਆਪੁ[39] ਗਵਾਇ[40] ਨਾਮੁ ਧਿਆਈਐ[41] ॥	Effacing[40] his self[39] under the Guru's instruction[38], the mortal meditates[41] on God's Name.	ਗੁਰਾਂ ਦੇ ਉਪਦੇਸ਼[38] ਤਾਬੇ ਆਪਣੇ[39] ਆਪ ਨੂੰ ਗੁਆ[40] ਕੇ ਪ੍ਰਾਣੀ ਵਾਹਿਗੁਰੂ ਦੇ ਨਾਮ ਦਾ ਸਿਮਰਨ[41] ਕਰਦਾ ਹੈ।
ਦੂਜੀ[42] ਕਾਰੈ[43] ਲਗਿ[44] ਜਨਮੁ[45] ਗਵਾਈਐ[46] ॥	By taking[44] to another[42] task[43], man wastes[46] his life[45].	ਹੋਰਸ[42] ਕੰਮ ਕਾਜ[43] ਨਾਲ ਜੁੜ[44] ਕੇ ਬੰਦਾ ਆਪਣਾ ਜੀਵਨ[45] ਵੰਞਾ[46] ਲੈਂਦਾ ਹੈ।
ਵਿਣੁ ਨਾਵੈ ਸਭ[47] ਵਿਸੁ[48] ਪੈਝੈ[49] ਖਾਈਐ[50] ॥	Without the Name all[47], which man wears[49] and eats[50], is poison[48].	ਨਾਮ ਦੇ ਬਾਝੋਂ ਸਾਰਾ[47] ਕੁਛ ਜੋ ਆਦਮੀ ਪਹਿਨਦਾ[49] ਤੇ ਖਾਂਦਾ[50] ਹੈ, ਜ਼ਹਿਰ[48] ਹੈ।
ਸਚਾ ਸਬਦੁ[51] ਸਾਲਾਹਿ[52] ਸਚਿ[53] ਸਮਾਈਐ[54] ॥	By praising[52] the True Name[51] one merges[54] in the True Master[53].	ਸੱਚੇ ਨਾਮ[51] ਦੀ ਸਿਫ਼ਤ ਸ਼ਲਾਘਾ[52] ਕਰਨ ਦੁਆਰਾ ਮਨੁੱਖ ਸੱਚੇ ਮਾਲਕ[53] ਵਿਚ ਲੀਨ[54] ਹੋ ਜਾਂਦਾ ਹੈ।
ਵਿਣੁ ਸਤਿਗੁਰੁ ਸੇਵੇ[55] ਨਾਹੀ ਸੁਖਿ[56] ਨਿਵਾਸੁ[57] ਫਿਰਿ ਫਿਰਿ[58] ਆਈਐ[59] ॥	Without serving[55] the True Guru, one attains not an abode[57] in peace[56], and is born[59] over and over[58] again.	ਸੱਚੇ-ਗੁਰਾਂ ਦੀ ਟਹਿਲ[55] ਕਮਾਉਣ ਦੇ ਬਗ਼ੈਰ ਇਨਸਾਨ ਨੂੰ ਆਰਾਮ[56] ਅੰਦਰ ਵਸੇਬਾ[57] ਨਹੀਂ ਮਿਲਦਾ ਅਤੇ ਉਹ ਮੁੜ[58] ਮੁੜ ਕੇ ਜੰਮਦਾ[59] ਰਹਿੰਦਾ ਹੈ।
ਦੁਨੀਆ[60] ਖੋਟੀ[61] ਰਾਸਿ[62] ਕੂੜੁ[63] ਕਮਾਈਐ[64] ॥	With the false[61] capital[62], the mortal earns[64] falsehood[63] in the world[60].	ਝੂਠੀ[61] ਪੂੰਜੀ[62] ਨਾਲ ਜੀਵ ਜਹਾਨ[60] ਅੰਦਰ ਝੂਠ[63] ਦੀ ਖੱਟੀ ਖੱਟਦਾ[64] ਹੈ।
ਨਾਨਕ ਸਚੁ[65] ਖਰਾ[66] ਸਾਲਾਹਿ[67] ਪਤਿ[68] ਸਿਉ[69] ਜਾਈਐ[70] ॥ ੧੪ ॥	Nanak, by singing the praises[67] of the pure[66] True Lord[65], man departs[70] with[69] honour[68].	ਨਾਨਕ, ਨਿਰਮਲ[66] ਸੱਚੇ ਸੁਆਮੀ[65] ਦਾ ਜੱਸ ਗਾਇਨ[67] ਕਰਨ ਦੁਆਰਾ ਇਨਸਾਨ ਇੱਜ਼ਤ[68] ਨਾਲ[69] ਜਾਂਦਾ[70] ਹੈ।

ਸਲੋਕੁ ਮ: ੧ ॥
ਤੁਧੁ[71] ਭਾਵੈ[72] ਤਾ[73] ਵਾਵਹਿ[74] ਗਾਵਹਿ[75] ਤੁਧੁ ਭਾਵੈ[76] ਜਲਿ[77] ਨਾਵਹਿ[78]॥

Slok, First Guru.

When it pleases[72] Thee[71] then[73] man plays[74] upon musical instruments and sings[75]. When it is Thine will[76] he bathes[78] in water[77].

ਸਲੋਕ, ਪਹਿਲੀ ਪਾਤਸ਼ਾਹੀ।

ਜਦ ਤੈਨੂੰ[71] ਚੰਗਾ[72] ਲਗਦਾ ਹੈ ਤਦ[73] ਆਦਮੀ ਸੰਗੀਤਕ ਸਾਜ਼ ਵਜਾਉਂਦਾ[74] ਅਤੇ ਗਾਉਂਦਾ[75] ਹੈ। ਜਦ ਤੇਰੀ ਰਜ਼ਾ[76] ਹੁੰਦੀ ਹੈ ਉਹ ਪਾਣੀ[77] ਵਿਚ ਨ੍ਹਾਉਂਦਾ[78] ਹੈ।

੧੪੫ — 145 — ੧੪੫

ਜਾ ਤੁਧੁ ਭਾਵਹਿ ਤਾ ਕਰਹਿ[79] ਬਿਭੂਤਾ[80] ਸਿੰਙੀ[81] ਨਾਦੁ[82] ਵਜਾਵਹਿ[83] ॥

When it pleases Thee, O' Lord ! then the mortal smears[79] his body with ashes[80], and sounds[83] the horn[81] and the shell[82].

ਜਦ ਤੈਨੂੰ ਚੰਗਾ ਲਗਦਾ ਹੈ, ਹੇ ਸੁਆਮੀ ! ਤਦ ਪ੍ਰਾਣੀ ਆਪਣੇ ਸਰੀਰ ਨੂੰ ਸੁਆਹ[80] ਮਲਦਾ[79] ਹੈ ਅਤੇ ਸਿੰਗ[81] ਅਤੇ ਸੰਖ[82] ਵਜਾਉਂਦਾ[83] ਹੈ।

ਜਾ ਤੁਧੁ ਭਾਵੈ ਤਾ ਪੜਹਿ[84] ਕਤੇਬਾ[85] ਮੁਲਾ ਸੇਖ ਕਹਾਵਹਿ[86] ॥

When it pleases Thee, one reads[84] then the Muslim texts[85], and is acclaimed[86] a Mullah and a Sheikh.

ਜਦ ਤੈਨੂੰ ਚੰਗਾ ਲਗਦਾ ਹੈ, ਬੰਦਾ ਮੁਸਲਮਾਨੀ[85] ਗ੍ਰੰਥ ਵਾਚਦਾ[84] ਹੈ ਅਤੇ ਮੁੱਲਾਂ ਅਤੇ ਸ਼ੇਖ਼ ਆਖਿਆ[86] ਜਾਂਦਾ ਹੈ।

ਜਾ ਤੁਧੁ ਭਾਵੈ ਤਾ ਹੋਵਹਿ[87] ਰਾਜੇ ਰਸ ਕਸ[88] ਬਹੁਤੁ[89] ਕਮਾਵਹਿ[90] ॥

When it is Thy will, then they become[87] kings and enjoy[90] good many[89] sweet and saltish savours[88].

ਜਦ ਤੇਰੀ ਰਜ਼ਾ ਹੁੰਦੀ ਹੈ, ਤਦ ਉਹ ਪਾਤਸ਼ਾਹ ਹੋ[87] ਜਾਂਦੇ ਹਨ ਅਤੇ ਘਣੇਰੇ[89] ਮਿਠੇ ਤੇ ਸਲੂਣੇ ਸਵਾਦ[88] ਮਾਣਦੇ[90] ਹਨ।

ਜਾ ਤੁਧੁ ਭਾਵੈ ਤੇਗ[91] ਵਗਾਵਹਿ[92] ਸਿਰ[93] ਮੁੰਡੀ[94] ਕਟਿ[95] ਜਾਵਹਿ ॥

When it is Thy will, men wield[92] the sword[91] and sever[95] the head[93] from the neck[94].

ਜਦ ਤੇਰੀ ਮਰਜ਼ੀ ਹੁੰਦੀ ਹੈ, ਇਨਸਾਨ ਤਲਵਾਰ[91] ਵਾਹੁੰਦੇ[92] ਹਨ ਤੇ ਸੀਸ[93] ਨੂੰ ਧੌਣ[94] ਨਾਲੋਂ ਵੱਢ[95] ਸੁਟਦੇ ਹਨ।

ਜਾ ਤੁਧੁ ਭਾਵੈ ਜਾਹਿ[96] ਦਿਸੰਤਰਿ[97] ਸੁਣਿ[98] ਗਲਾ[99] ਘਰਿ ਆਵਹਿ[100] ॥

When it is Thine will, O' Master ! people go[96] in foreign lands[97], and hearing[98] various news[99], return[100] home.

ਜਦ ਤੇਰੀ ਇਹ ਰਜ਼ਾ ਹੁੰਦੀ ਹੈ, ਹੇ ਮਾਲਕ ! ਲੋਕ ਪਰਾਏ ਦੇਸ਼ਾਂ ਅੰਦਰ[97] ਜਾਂਦੇ[96] ਹਨ ਅਤੇ ਅਨੇਕਾਂ ਖ਼ਬਰਾਂ[99] ਸਰਵਣ ਕਰਕੇ[98] ਗ੍ਰਿਹ ਨੂੰ ਮੁੜ ਆਉਂਦੇ[100] ਹਨ।

ਜਾ ਤੁਧੁ ਭਾਵੈ[6] ਨਾਇ[2] ਰਚਾਵਹਿ[3] ਤੁਧੁ ਭਾਣੇ[4] ਤੂੰ ਭਾਵਹਿ[5] ॥

When it is Thine pleasure[6], man is absorbed[3] in Thy Name[2]; and when it is Thy will[4] he becomes pleasing[5] to Thee.

ਜਦ ਤੇਰੀ ਇਹ ਖ਼ੁਸ਼ੀ[6] ਹੁੰਦੀ ਹੈ, ਮਨੁੱਖ ਤੇਰੇ ਨਾਮ[2] ਵਿਚ ਲੀਨ[3] ਹੋ ਜਾਂਦਾ ਹੈ ਅਤੇ ਜਦ ਤੇਰੀ ਰਜ਼ਾ[4] ਹੁੰਦੀ ਹੈ, ਉਹ ਤੈਨੂੰ ਚੰਗਾ ਲਗਣ[5] ਲਗ ਜਾਂਦਾ ਹੈ।

ਨਾਨਕੁ ਏਕ ਕਹੈ[7] ਬੇਨੰਤੀ[8] ਹੋਰਿ ਸਗਲੇ[9] ਕੂੜੁ[10] ਕਮਾਵਹਿ[12] ॥ ੧ ॥

Nanak makes[7] one supplication[8] (that he may walk according to Thy will). All else[9] is to practise[12] falsehood[10].

ਨਾਨਕ ਇਕ ਪ੍ਰਾਰਥਨਾ[8] ਕਹਿੰਦਾ[7] ਹੈ (ਕਿ ਉਹ ਤੇਰੀ ਰਜ਼ਾ ਅਨੁਸਾਰ ਟੁਰੇ)। ਹੋਰ ਸਭ ਕੁਛ[9] ਝੂਠ[10] ਦੀ ਕਮਾਈ ਕਰਨਾ[12] ਹੈ।

ਮ: ੧ ॥
ਜਾ[13] ਤੂੰ ਵਡਾ[14] ਸਭਿ[15] ਵਡਿਆਈਆ ਚੰਗੈ ਚੰਗਾ[16] ਹੋਈ[17] ॥

First Guru.

As[13] Thou art great[14] all[15] the greatness emanates from Thee. Being good Thou doest[17] nothing but good[16].

ਪਹਿਲੀ ਪਾਤਸ਼ਾਹੀ।

ਚੂੰਕਿ[13] ਤੂੰ ਵਿਸ਼ਾਲ[14] ਹੈਂ, ਸਾਰੀ[15] ਵਿਸ਼ਾਲਤਾ ਤੇਰੇ ਤੋਂ ਹੀ ਰਵਾਂ ਹੁੰਦੀ ਹੈ। ਸ੍ਰੇਸ਼ਟ ਹੋਣ ਕਰਕੇ, ਤੂੰ ਨਿਰੋਲ ਭਲਾ[16] ਹੀ ਕਰਦਾ[17] ਹੈਂ।

ਜਾ[18] ਤੂੰ ਸਚਾ ਤਾ ਸਭੁ ਕੋ ਸਚਾ ਕੂੜਾ[19] ਕੋਇ ਨ[20] ਕੋਈ ॥	When[18] Thou art true, then all, that flows from Thee, is true. Absolutely nothing[20] is false[19].	ਜਦ[18] ਤੂੰ ਸੱਚਾ ਹੈਂ ਤਦ ਸਾਰਾ ਕੁਛ ਜੋ ਤੇਰੇ ਪਾਸੋਂ ਵਗਦਾ ਹੈ, ਸੱਚਾ ਹੈ। ਝੂਠ[19] ਮੂਲੋਂ ਹੀ ਕੁਝ ਭੀ[20] ਨਹੀਂ।
ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ[21] ॥	Talking, seeing, uttering, living, walking, and perishing are from Thee, O' Lord[21] !	ਕਹਿਣਾ, ਦੇਖਣਾ, ਉਚਾਰਣਾ, ਤੁਰਨਾ, ਜੀਊਣਾ ਅਤੇ ਮਰ ਜਾਣਾ ਤੈਥੋਂ ਹੀ ਹਨ, ਹੇ ਸਾਹਿਬ[21] !
ਹੁਕਮੁ[22] ਸਾਜਿ[23] ਹੁਕਮੈ ਵਿਚਿ ਰਖੈ[24] ਨਾਨਕ ਸਚਾ[25] ਆਪਿ[26] ॥ ੨ ॥	Nanak, the True Lord[25] Himself[26] creates[23] by His order[22], and in His order He keeps[24] all the beings.	ਨਾਨਕ, ਸੱਚਾ ਸੁਆਮੀ[25] ਆਪੇ[26] ਹੀ ਆਪਣੇ ਅਮਰ[22] ਦੁਆਰਾ ਰਚਦਾ[23] ਹੈ ਤੇ ਆਪਣੇ ਅਮਰ ਅੰਦਰ ਹੀ ਸਾਰਿਆਂ ਜੀਵਾਂ ਨੂੰ ਰਖਦਾ[24] ਹੈ।
ਪਉੜੀ ॥	Pauri.	ਪਉੜੀ।
ਸਤਿਗੁਰੁ ਸੇਵਿ[27] ਨਿਸੰਗੁ[28] ਭਰਮੁ[29] ਚੁਕਾਈਐ[30] ॥	Fearlessly[28] serve[27] the True Guru, and thy wandering[29] shall cease[30].	ਨਿਧੜਕ[28] ਹੋ ਕੇ ਸੱਚੇ ਗੁਰਾਂ ਦੀ ਖ਼ਿਦਮਤ[27] ਕਰ ਅਤੇ ਤੇਰਾ ਭਟਕਣਾ[29] ਮੁੱਕ[30] ਜਾਵੇਗਾ।
ਸਤਿਗੁਰੁ ਆਖੈ[31] ਕਾਰ ਸੁ[32] ਕਾਰ[33] ਕਮਾਈਐ[34] ॥	Do[34] thou that[32] work[33], the work which the True Guru asks[31] thee to do.	ਤੂੰ ਉਹ[32] ਕੰਮ[33] ਕਰ[34] ਜਿਹੜਾ ਕੰਮ ਸੱਚੇ ਗੁਰੂ ਜੀ ਤੈਨੂੰ ਕਰਨ ਲਈ ਕਹਿੰਦੇ[31] ਹਨ।
ਸਤਿਗੁਰੁ ਹੋਇ ਦਇਆਲੁ[35] ਤ[36] ਨਾਮੁ ਧਿਆਈਐ[37] ॥	If the True Guru becomes merciful[35], then[36] alone, can we dwell[37] on the Name.	ਜੇਕਰ ਸੱਚੇ ਗੁਰਦੇਵ ਮਿਹਰਬਾਨ[35] ਹੋ ਜਾਣ, ਕੇਵਲ ਤਾਂ[36] ਹੀ, ਅਸੀਂ ਨਾਮ ਦਾ ਅਰਾਧਨ[37] ਕਰ ਸਕਦੇ ਹਾਂ।
ਲਾਹਾ[38] ਭਗਤਿ[39] ਸੁ[40] ਸਾਰੁ[41] ਗੁਰਮੁਖਿ[42] ਪਾਈਐ[43] ॥	The illustrious[40] and genuine[41] profit[38] of the devotional service[39] of God is obtained[43] through the Guru[42].	ਵਾਹਿਗੁਰੂ ਦੀ ਪ੍ਰੇਮ-ਮਈ[39] ਸੇਵਾ ਦਾ ਸੁਸ਼ੋਭਤ[40] ਅਤੇ ਖਰਾ[41] ਮੁਨਾਫ਼ਾ[38] ਗੁਰਾਂ ਦੇ ਰਾਹੀਂ[42] ਪ੍ਰਾਪਤ[43] ਹੁੰਦਾ ਹੈ।
ਮਨਮੁਖਿ[44] ਕੂੜੁ[45] ਗੁਬਾਰੁ[46] ਕੂੜੁ ਕਮਾਈਐ[47] ॥	The way-ward[44] person is in the inky darkness[46] of falsehood[45] and practises[47] falsehood.	ਆਪ-ਹੁਦਰਾ[44] ਪੁਰਸ਼ ਝੂਠ[45] ਦੇ ਅੰਨ੍ਹੇ ਅੰਨ੍ਹੇਰੇ[46] ਵਿਚ ਹੈ ਅਤੇ ਝੂਠ ਦੀ ਹੀ ਕਮਾਈ[47] ਕਰਦਾ ਹੈ।
ਸਚੇ[48] ਦੈ ਦਰਿ[49] ਜਾਇ[50] ਸਚੁ[51] ਚਵਾਂਈਐ[52] ॥	Arrive[50] at the True Guru's[48] gate[49] and repeat[52] the True Name[51], O' man.	ਸੱਚੇ ਗੁਰਾਂ[48] ਦੇ ਬੂਹੇ[49] ਉਤੇ ਪਹੁੰਚ[50] ਅਤੇ ਸਤਿਨਾਮ[51] ਦਾ ਉਚਾਰਣ[52] ਕਰ, ਹੇ ਬੰਦੇ !
ਸਚੈ[53] ਅੰਦਰਿ[54] ਮਹਲਿ[55] ਸਚਿ[56] ਬੁਲਾਈਐ[57] ॥	The true ones[56] are called[57] within[54] the mansion[55] of the True Master[53].	ਸਚਿਆਰ[56] ਸੱਚੇ ਮਾਲਕ[53] ਦੇ ਮੰਦਰ[55] ਵਿਚ[54] ਬੁਲਾ ਲਏ[57] ਜਾਂਦੇ ਹਨ।
ਨਾਨਕ ਸਚੁ[58] ਸਦਾ[59] ਸਚਿਆਰੁ[60] ਸਚਿ[61] ਸਮਾਈਐ[62] ॥ ੧੫ ॥	Nanak, the truthful person[58] is, for ever[59] true[60], and is absorbed[62] in the True Being[61].	ਨਾਨਕ ਸਤਿਵਾਦੀ ਪੁਰਸ਼[58] ਹਮੇਸ਼ਾਂ[59] ਲਈ ਸੱਚਾ[60] ਹੈ ਅਤੇ ਸਤਿਪੁਰਖ[61] ਅੰਦਰ ਲੀਨ[62] ਹੋ ਜਾਂਦਾ ਹੈ।
ਸਲੋਕੁ ਮ: ੧ ॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ।

ਕਲਿ[63] ਕਾਤੀ[64] ਰਾਜੇ ਕਾਸਾਈ[65] ਧਰਮੁ[66] ਪੰਖ[67] ਕਰਿ[68] ਉਡਰਿਆ[69] ॥	The dark-age[63] is the scalpel[64], the kings are the butchers[65], and righteousness[66] has taken[68] wings[67] and flown[69]	ਕਲਜੁਗ[63] ਛੁਰੀ[64] ਹੈ, ਬਾਦਸ਼ਾਹ ਬੁੱਚੜ[65] ਹਨ, ਸੱਚਾਈ[66] ਪਰ[67] ਲਾ ਕੇ[68] ਉਡ[69] ਗਈ ਹੈ।
ਕੂੜੁ[70] ਅਮਾਵਸ[71] ਸਚੁ ਚੰਦ੍ਰਮਾ[72] ਦੀਸੈ[73] ਨਾਹੀ ਕਹ[74] ਚੜਿਆ[75] ॥	In this no-moon night[71] of falsehood[70], the moon[72] of truth is not seen[73] to rise[75] anywhere[74].	ਝੂਠ[70] ਦੀ ਇਸ ਮਸਿਆ[71] ਦੀ ਰਾਤ ਅੰਦਰ ਸੱਚ ਦਾ ਚੰਦ[72] ਕਿਤੇ[74] ਉਦੇ ਹੋਇਆ[75] ਹੋਇਆ ਨਹੀਂ ਦਿਸਦਾ[73]।
ਹਉ ਭਾਲਿ[76] ਵਿਕੁੰਨੀ[77] ਹੋਈ ॥	In my search[76], I have become bewildered[77].	ਆਪਣੀ ਖੋਜ ਢੂੰਡ[76] ਅੰਦਰ, ਮੈਂ ਪਰੇਸ਼ਾਨ[77] ਹੋ ਗਿਆ ਹਾਂ।
ਆਧੇਰੈ[78] ਰਾਹੁ[79] ਨ ਕੋਈ ॥	In darkness[78], I find no path[79].	ਅਨ੍ਹੇਰੇ[78] ਵਿਚ ਮੈਨੂੰ ਕੋਈ ਰਸਤਾ[79] ਨਹੀਂ ਲੱਭਦਾ।
ਵਿਚਿ[80] ਹਉਮੈ[81] ਕਰਿ[82] ਦੁਖੁ[83] ਰੋਈ[84] ॥	By taking[82] pride[81], mortal bewails[84] in[80] pain[83].	ਹੰਕਾਰ[81] ਕਰ[82] ਕੇ ਪ੍ਰਾਣੀ ਤਕਲੀਫ[83] ਅੰਦਰ[80] ਵਿਰਲਾਪ[84] ਕਰਦਾ ਹੈ।
ਕਹੁ[85] ਨਾਨਕ ਕਿਨਿ[86] ਬਿਧਿ[87] ਗਤਿ[88] ਹੋਈ ॥੧॥	Says[85] Nanak, by what[86] means[87] can the mortal be delivered[88] ?	ਗੁਰੂ ਜੀ ਫੁਰਮਾਉਂਦੇ[85] ਹਨ, ਕਿਸ[86] ਤਰੀਕੇ[87] ਦੁਆਰਾ ਜੀਵ ਮੁਕਤ[88] ਹੋ ਸਕਦਾ ਹੈ ?
ਮ: ੩ ॥	Third Guru.	ਤੀਜੀ ਪਾਤਸ਼ਾਹੀ।
ਕਲਿ[89] ਕੀਰਤਿ[90] ਪਰਗਟੁ[91] ਚਾਨਣੁ[92] ਸੰਸਾਰਿ[93] ॥	In this dark age[89], the Lord's praise[90] has appeared[91] as a light[92] for the world[93].	ਇਸ ਕਾਲੇ ਸਮੇਂ[89] ਅੰਦਰ ਸਾਹਿਬ ਦੀ ਸਿਫ਼ਤ ਸ਼ਲਾਘਾ[90] ਜਗਤ[93] ਲਈ ਰੋਸ਼ਨੀ[92] ਵਜੋਂ ਜ਼ਹੂਰ[91] ਵਿਚ ਆਈ ਹੈ।
ਗੁਰਮੁਖਿ[94] ਕੋਈ[95] ਉਤਰੈ[96] ਪਾਰਿ ॥	Through the Guru[94], a few[95] swim across[96] the life-ocean.	ਗੁਰਾਂ ਦੇ ਰਾਹੀਂ[94], ਕੋਈ ਵਿਰਲਾ[95] ਹੀ ਜੀਵਨ ਦੇ ਸਮੁੰਦਰ ਨੂੰ ਤਰ ਕੇ ਪਾਰ[96] ਹੁੰਦਾ ਹੈ।
ਜਿਸ ਨੋ ਨਦਰਿ[97] ਕਰੇ[98] ਤਿਸੁ[99] ਦੇਵੈ[100] ॥	The Lord bestows[100] this light to him[99] on whom He casts[98] His merciful glance[97].	ਸਾਹਿਬ ਉਸ[99] ਨੂੰ ਇਹ ਰੋਸ਼ਨੀ ਬਖਸ਼ਦਾ[100] ਹੈ ਜਿਸ ਉਤੇ ਉਹ ਆਪਣੀ ਮਿਹਰ ਦੀ ਨਜ਼ਰ[97] ਧਾਰਦਾ[98] ਹੈ।
ਨਾਨਕ ਗੁਰਮੁਖਿ[2] ਰਤਨੁ[3] ਸੋ[4] ਲੇਵੈ[5] ॥ ੨ ॥	Nanak, through the Guru[2] he[4] (such a man) receives[5] the Name jewel[3].	ਨਾਨਕ, ਗੁਰਾਂ ਦੁਆਰਾ[2] ਉਹ[4] (ਐਸਾ ਇਨਸਾਨ) ਨਾਮ ਦੇ ਜਵੇਹਰ[3] ਨੂੰ ਪਾ[5] ਲੈਂਦਾ ਹੈ।
ਪਉੜੀ ॥	Pauri.	ਪਉੜੀ।
ਭਗਤਾ[6] ਤੈ[7] ਸੈਸਾਰੀਆ[8] ਜੋੜੁ[9] ਕਦੇ ਨ ਆਇਆ ॥	Between the devotees of God[6] and[7] worldly men[8] there can never be an alliance[9].	ਰੱਬ ਦੇ ਸ਼ਰਧਾਲੂਆਂ[6] ਅਤੇ[7] ਸੰਸਾਰੀ ਬੰਦਿਆਂ[8] ਦੇ ਵਿਚ ਕਦਾਚਿਤ ਮੇਲ ਮਿਲਾਪ[9] ਨਹੀਂ ਹੋ ਸਕਦਾ।
ਕਰਤਾ[10] ਆਪਿ[12] ਅਭੁਲੁ[13] ਹੈ ਨ ਭੁਲੈ[14] ਕਿਸੈ ਦਾ ਭੁਲਾਇਆ[15] ॥	The Creator[10] Himself[12] is inerrable[13]. Duped[15] by any one, he errs[14] not.	ਸਿਰਜਣਹਾਰ[10] ਖ਼ੁਦ[12] ਅਚੂਕ[13] ਹੈ। ਕਿਸੇ ਦੇ ਗੁਮਰਾਹ[15] ਕੀਤੇ ਉਹ ਚੋਂਧੀ[14] ਨਹੀਂ ਖਾਂਦਾ।
ਭਗਤ[21] ਆਪੇ[16] ਮੇਲਿਅਨੁ[17] ਜਿਨੀ[18] ਸਚੋ	His saints[21], who[18] practise[20] the whole truth[19], the Maker blends[17]	ਆਪਣੇ ਸਾਧੂਆਂ[21] ਨੂੰ ਜੋ[18] ਸਮੂਹ ਸੱਚ[19] ਦੀ ਕਮਾਈ[20] ਕਰਦੇ ਹਨ, ਰਚਣਹਾਰ ਅਪਣੇ ਆਪ[16] ਨਾਲ ਮਿਲਾ[17]

ਸਚੁ[19] ਕਮਾਇਆ[20] ॥	with His own self[19].	ਲੈਂਦਾ ਹੈ ।
ਸੈਸਾਰੀ[21] ਆਪਿ[22] ਖੁਆਇਨੁ[23] ਜਿਨੀ[28] ਕੂੜੁ[24] ਬੋਲਿ ਬੋਲਿ[25] ਬਿਖੁ[26] ਖਾਇਆ[27] ॥	The world-hardened[21] men, who[28] eat[27] poison[26] by repeatedly telling[25] lies[24], the Lord Himself[22] has led astray[23].	ਦੁਨੀਆਂ ਵਿੱਚ ਗ੍ਰਿਹਸਤੀ ਬੰਦਿਆਂ[21] ਨੂੰ ਜੋ[28] ਕੂੜ-ਕੁਸੱਤ[24] ਨੂੰ ਲਗਾਤਾਰ[25] ਬਕਕੇ ਜ਼ਹਿਰ[26] ਖਾਂਦੇ[27] ਹਨ, ਸੁਆਮੀ ਨੇ ਆਪੇ[22] ਹੀ ਕੁਰਾਹੇ[23] ਪਾ ਛਡਿਆ ਹੈ ।
ਚਲਣ[29] ਸਾਰ[30] ਨ ਜਾਣਨੀ[31] ਕਾਮੁ[32] ਕਰੋਧੁ[33] ਵਿਸੁ[34] ਵਧਾਇਆ[35] ॥	They know[31] not the ultimate reality[30] of departure[29], and increase[35] the poison[34] of lust[32] and wrath[33].	ਉਹ ਟੁਰ ਜਾਣ[29] ਦੀ ਆਖਰੀ ਅਸਲੀਅਤ[30] ਨੂੰ ਨਹੀਂ ਜਾਣਦੇ[31] ਅਤੇ ਉਹ ਵਿਸ਼ੇ ਭੋਗ[32] ਤੇ ਗੁੱਸੇ[33] ਦੀ ਜ਼ਹਿਰ[34] ਨੂੰ ਵਧੇਰੇ[35] ਕਰੀ ਜਾਂਦੇ ਹਨ ।
ਭਗਤ[36] ਕਰਨਿ[37] ਹਰਿ ਚਾਕਰੀ[38] ਜਿਨੀ ਅਨਦਿਨੁ[39] ਨਾਮੁ ਧਿਆਇਆ[40] ॥	The devotees[36], who night[39] and day meditate[40] on the Name, perform[37] God's service[38].	ਸ਼ਰਧਾਲੂ[36] ਜੋ ਰੈਣ[39] ਦਿਹੁੰ ਨਾਮ ਦਾ ਅਰਾਧਨ[40] ਕਰਦੇ ਹਨ, ਵਾਹਿਗੁਰੂ ਦੀ ਨੌਕਰੀ[38] ਬਜਾਉਂਦੇ[37] ਹਨ ।
ਦਾਸਨਿਦਾਸ[41] ਹੋਇ[42] ਕੈ ਜਿਨੀ[43] ਵਿਚਹੁ[44] ਆਪੁ[45] ਗਵਾਇਆ[46] ॥	Becoming the slave[42] of the Lord's slaves[41], they[43] efface[46] their self-conceit[45] from within[44] them.	ਸਾਹਿਬ ਦੇ ਗੋਲਿਆਂ ਦੇ ਗੋਲੇ[41] ਬਣ[42] ਕੇ ਉਹ[43] ਆਪਣੇ ਅੰਦਰੋਂ[44] ਆਪਣੀ ਸਵੈ-ਹੰਗਤਾ[45] ਨੂੰ ਮੇਟ[46] ਛੱਡਦੇ ਹਨ ।
ਓਨਾ ਖਸਮੈ[47] ਕੈ ਦਰਿ[48] ਮੁਖ[49] ਉਜਲੇ[50] ਸਚੈ ਸਬਦਿ[51] ਸੁਹਾਇਆ[52] ।੧੯।	Bright[50] are their countenances[49] in the Husband's[47] Court[48], and they are adorned[52] with the True Name[51].	ਰੋਸ਼ਨ[50] ਹਨ ਉਨ੍ਹਾਂ ਦੇ ਚਿਹਰੇ[49], ਕੰਤ[47] ਦੇ ਦਰਬਾਰ[48] ਵਿਚ, ਅਤੇ ਉਹ ਸੱਚੇ ਨਾਮ[51] ਦੇ ਨਾਲ ਸੁਸ਼ੋਭਤ[52] ਹੋਦੇ ਹਨ ।
ਸਲੋਕੁ ਮ: ੧॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ ।
ਸਬਾਹੀ[53] ਸਾਲਾਹ[54] ਜਿਨੀ ਧਿਆਇਆ[55] ਇਕਮਨਿ[56] ॥	Who praise[54] God in the early morn[53] and meditate[55] on Him with single mind[56];	ਜੋ ਅੰਮ੍ਰਿਤ[53] ਵੇਲੇ ਵਾਹਿਗੁਰੂ ਦਾ ਜੱਸ[54] ਕਰਦੇ ਅਤੇ ਇਕ ਚਿਤ[56] ਨਾਲ ਉਸ ਨੂੰ ਸਿਮਰਦੇ[55] ਹਨ;
ਸੇਈ[57] ਪੂਰੇ[58] ਸਾਹ[59] ਵਖਤੈ[60] ਉਪਰਿ[61] ਲੜ[62] ਮੁਏ[63] ॥	They[57] are the perfect[58] kings[59], and they die[63] fighting[62] against the deadly sins, at[61] the right time[60].	ਉਹ[57] ਪੂਰਨ[58] ਪਾਤਸ਼ਾਹ[59] ਹਨ ਅਤੇ ਠੀਕ ਵਕਤ[60] ਤੇ[61] ਪ੍ਰਾਣ-ਨਾਸਕ ਪਾਪਾਂ ਨਾਲ ਲੜਦੇ[62] ਮਰ[63] ਮਿਟਦੇ ਹਨ ।
ਦੂਜੈ[68] ਬਹੁਤੇ[64] ਰਾਹ[65] ਮਨ ਕੀਆ[66] ਮਤੀ[67] ਖਿੰਡੀਆ[69] ॥	In the second[68] watch, there are many[64] ways[65] in which the attention[67] of[66] the mind is scattered[69].	ਦੂਸਰੇ[68] ਪਹਿਰ ਵਿਚ ਘਨੇਰਿਆਂ[64] ਰਸਤਿਆਂ[65] ਅੰਦਰ ਚਿੱਤ[66] ਦੀ ਬ੍ਰਿਤੀ[67] ਖਿਲਰ[69] ਜਾਂਦੀ ਹੈ ।
ਬਹੁਤੁ ਪਏ[70] ਅਸਗਾਹ[71] ਗੋਤੇ[72] ਖਾਹਿ[73] ਨ ਨਿਕਲਹਿ[74] ॥	Many fall[70] into the unfathomable[71] water, suffer[73] immersions[72] and cannot emerge[74] out.	ਘਨੇਰੇ ਅਥਾਹ[71] ਪਾਣੀ ਵਿਚ ਡਿਗ[70] ਪੈਂਦੇ ਹਨ, ਡੁਬਕੀਆਂ[72] ਖਾਂਦੇ[73] ਹਨ ਅਤੇ ਬਾਹਰ ਨਹੀਂ ਨਿਕਲ[74] ਸਕਦੇ ।
੧੪੬	**146**	**੧੪੬**
ਤੀਜੈ ਮੁਹੀ[75] ਗਿਰਾਹ[76] ਭੁਖ[77] ਤਿਖਾ[78] ਦੁਇ[79] ਭਉਕੀਆ[80] ॥	In the third watch, when both[79] hunger[77] and thirst[78] bark[80], the morsels[76] of food are put in the mouth[75].	ਤੀਜੇ ਪਹਿਰ ਅੰਦਰ ਜਦ ਖੁਦਿਆ[77] ਅਤੇ ਪਿਆਸ[78] ਦੋਵੇਂ[79] ਟਊਂ ਟਊਂ ਕਰਦੀਆਂ[80] ਹਨ, ਭੋਜਨ ਦੀਆਂ ਬੁਰਕੀਆਂ[76] ਮੂੰਹ[75] ਵਿਚ ਪਾਈਆਂ ਜਾਂਦੀਆਂ ਹਨ ।

ਖਾਧਾ ਹੋਇ ਸੁਆਹੁ[81] ਭੀ[82] ਖਾਣੇ ਸਿਉ[83] ਦੋਸਤੀ[84] ॥	What is eaten becomes ashes[81], but still[82] man has got friendship[84] with[83] eating.	ਜੋ ਖਾ ਲਿਆ ਹੈ, ਉਹ ਭਸਮ[81] ਹੋ ਜਾਂਦਾ ਹੈ, ਪਰ ਤਾਂ ਭੀ[82] ਆਦਮੀ ਦੀ ਖਾਣ ਨਾਲ[83] ਯਾਰੀ[84] ਹੈ।
ਚਉਥੈ ਆਈ ਊਂਘ[85] ਅਖੀ[86] ਮੀਟਿ[87] ਪਵਾਰਿ[88] ਗਇਆ[89] ॥	In the fourth watch, drowsiness[85] comes, he closes[87] his eyes[86] and goes[89] into the dream-land[88].	ਚੌਥੇ ਪਹਿਰ ਅੰਦਰ ਆਦਮੀ ਨੂੰ ਨੀਂਦ੍ਰ[85] ਆ ਜਾਂਦੀ ਹੈ, ਉਹ ਆਪਣੀਆਂ ਅੱਖਾਂ[86] ਮੀਟ[87] ਲੈਂਦਾ ਹੈ ਅਤੇ ਸੁਪਨਿਆਂ ਦੇ ਮੰਡਲ[88] ਵਿਚ ਚਲਿਆ ਜਾਂਦਾ[89] ਹੈ।
ਭੀ[90] ਉਠਿ[91] ਰਚਿਓਨੁ[92] ਵਾਦੁ[93] ਸੈ[94] ਵਰਿਆ[95] ਕੀ ਪਿੜ[96] ਬਧੀ[97] ॥	Rising[91] up, he again[90] engages[92] in strife[93] and sets[97] the stage[96] as if he is to live for hundreds[94] of years[95].	ਉਠ[91] ਕੇ, ਉਹ ਮੁੜ[90] ਬਖੇੜਾ[93] ਖੜਾ ਕਰ ਦਿੰਦਾ[92] ਹੈ ਅਤੇ ਇਉਂ ਅਖਾੜਾ[96] ਬੰਨ੍ਹਦਾ[97] ਹੈ, ਜਿਸ ਤਰ੍ਹਾਂ ਉਸ ਨੇ ਸੈਂਕੜੇ[94] ਸਾਲ[95] ਜੀਊਣਾ ਹੈ।
ਸਭੇ[98] ਵੇਲਾ[99] ਵਖਤ[100] ਸਭਿ[2] ਜੇ[3] ਅਠੀ[4] ਭਉ[5] ਹੋਇ[6] ॥	If[3], at all[98] times[99] and every[2] moment[100], during the eight[4] watches of the day, man feels[6] fear[5] of God,	ਜੇਕਰ[3] ਦਿਨ ਦੇ ਅੱਠਾਂ[4] ਹੀ ਪਹਿਰਾਂ ਅੰਦਰ, ਸਾਰਿਆਂ[98] ਵਕਤਾਂ[99] ਅਤੇ ਹਰ[2] ਮੁਹਤ[100] ਵਿਚ, ਬੰਦਾ ਰੱਬ ਦਾ ਡਰ[5] ਮਹਿਸੂਸ[6] ਕਰੇ,
ਨਾਨਕ ਸਾਹਿਬੁ ਮਨਿ ਵਸੈ[7] ਸਚਾ ਨਾਵਣੁ[8] ਹੋਇ[9] ॥ ੧ ॥	O' Nanak ! the Lord abides[7] within his mind and true becomes[9] his ablution[8].	ਹੇ ਨਾਨਕ ! ਤਾਂ ਸੁਆਮੀ ਉਸ ਦੇ ਚਿੱਤ ਅੰਦਰ ਟਿਕ[7] ਜਾਂਦਾ ਹੈ ਤੇ ਸੱਚਾ ਹੋ ਜਾਂਦਾ[9] ਹੈ ਉਸ ਦਾ ਇਸ਼ਨਾਨ[8]।
ਮ: ੨ ॥	Second Guru	ਦੂਜੀ ਪਾਤਸ਼ਾਹੀ।
ਸੇਈ[10] ਪੂਰੇ[12] ਸਾਹ[13] ਜਿਨੀ ਪੂਰਾ[14] ਪਾਇਆ[15] ॥	They[10] are the perfect[12] bankers[13], who have found[15] the perfect[14] Lord.	ਉਹੀ[10] ਮੁਕੰਮਲ[12] ਸ਼ਾਹੂਕਾਰ[13] ਹਨ ਜਿਹਨਾਂ ਨੇ ਪੂਰਨ[14] ਪ੍ਰਭੂ ਨੂੰ ਪਾ ਲਿਆ[15] ਹੈ।
ਅਠੀ[16] ਵੇਪਰਵਾਹ[17] ਰਹਨਿ[18] ਇਕਤੈ[19] ਰੰਗਿ[20] ॥	Throughout the eight[16] watches of the day, they remain[18] unconcerned[17], and in the love[20] of one God[19].	ਦਿਨ ਦੇ ਅਠੇ[16] ਪਹਿਰ ਉਹ ਬੇਮੁਹਤਾਜ[17] ਅਤੇ ਇਕ ਵਾਹਿਗੁਰੂ[19] ਦੀ ਪ੍ਰੀਤ[20] ਅੰਦਰ ਰਹਿੰਦੇ[18] ਹਨ।
ਦਰਸਨਿ[21] ਰੂਪਿ[22] ਅਥਾਹ[23] ਵਿਰਲੇ[24] ਪਾਈਅਹਿ[25] ॥	Scarcely any[24] one can obtain[25] the sight[21] of the infinitely[23] beauteous[22] Lord.	ਕੋਈ ਵਿਰਲਾ[24] ਹੀ ਬੇਅੰਤ[23] ਸੁੰਦਰ[22] ਸੁਆਮੀ ਦਾ ਦੀਦਾਰ[21] ਪਾ[25] ਸਕਦਾ ਹੈ।
ਕਰਮਿ[26] ਪੂਰੈ[27] ਪੂਰਾ ਗੁਰੂ[28] ਪੂਰਾ[29] ਜਾ ਕਾ[30] ਬੋਲੁ[31] ॥	Through perfect[27] good fortune[26] man meets the Perfect Guru[28], whose[30] speech[31] is perfect[29]	ਪੂਰਨ[27] ਚੰਗੇ ਭਾਗਾਂ[26] ਰਾਹੀਂ ਇਨਸਾਨ ਪੂਰਨ[28] ਗੁਰਾਂ ਨੂੰ ਮਿਲਦਾ ਹੈ, ਜਿਨ੍ਹਾਂ[30] ਦੇ ਬਚਨ[31] ਬਿਲਾਸ ਪੂਰਨ[29] ਹਨ।
ਨਾਨਕ ਪੂਰਾ[34] ਜੇ[32] ਕਰੇ[33] ਘਟੈ[35] ਨਾਹੀ ਤੋਲੁ[36] ॥੨॥	Nanak, if[32] the Guru makes[33] man perfect[34], his weight[36] decreases[35] not.	ਨਾਨਕ, ਜੇਕਰ[32] ਗੁਰੂ ਜੀ ਮਨੁੱਖ ਨੂੰ ਮੁਕੰਮਲ[34] ਬਣਾ[33] ਦੇਣ ਤਾਂ ਉਸ ਦਾ ਵਜ਼ਨ[36] ਘਟ[35] ਨਹੀਂ ਹੁੰਦਾ।
ਪਉੜੀ ॥	Pauri.	ਪਉੜੀ।
ਜਾ[37] ਤੂੰ ਤਾ ਕਿਆ[38] ਹੋਰਿ ਮੈ ਸਚੁ ਸੁਣਾਈਐ[39] ॥	When[37] Thou art mine, what[38] more do I desire ? I tell[39] the truth, O' my Lord !	ਜਦ[37] ਤੂੰ ਮੇਰਾ ਹੈਂ, ਮੈਨੂੰ ਬਾਕੀ ਹੋਰ ਕੀ[38] ਚਾਹੀਦਾ ਹੈ ? ਮੈਂ ਸੱਚ ਆਖਦਾ[39] ਹਾਂ, ਹੇ ਮੇਰੇ ਸਾਈਂ।
ਮੁਠੀ[40] ਧੰਧੈ[41] ਚੋਰਿ[42]	She, who is defrauded[40] by the	ਜਿਸ ਨੂੰ ਚੋਰਟੇ[42] ਸੰਸਾਰੀ ਕਾਰਾਂ[41] ਵਿਹਾਰਾਂ ਨੇ ਠੱਗ[40]

ਮਹਲੁ[43] ਨ ਪਾਈਐ ॥	thievish[42] worldly affairs[41], obtains not her Lord's palace[43].	ਲਿਆ ਹੈ, ਉਹ ਆਪਣੇ ਸੁਆਮੀ ਦੇ ਮੰਦਰ[43] ਨੂੰ ਪਰਾਪਤ ਨਹੀਂ ਹੁੰਦੀ।
ਏਨੈ[44] ਚਿਤਿ[45] ਕਠੋਰਿ[46] ਸੇਵ[47] ਗਵਾਈਐ[48] ॥	Her mind[45] is so much[44] stone-hearted[46] that she loses[48] the chance of His service[47].	ਉਸ ਦਾ ਮਨ[45] ਇਤਨਾ[44] ਪੱਥਰ ਦਿਲ[46] ਹੈ ਕਿ ਉਹ ਉਸ ਦੀ ਚਾਕਰੀ[47] ਦਾ ਅਉਸਰ ਗੁਆ[48] ਲੈਂਦੀ ਹੈ।
ਜਿਤੁ[49] ਘਟਿ[50] ਸਚੁ[51] ਨ ਪਾਇ[55] ਸੁ[52] ਭੰਨਿ[53] ਘੜਾਈਐ[54] ॥	The heart[50], where-in[49] the True Lord[51] is not found[55] that[52] should be destroyed[53] and re-built[54].	ਜਿਸ[49] ਦਿਲ[50] ਅੰਦਰ ਸੱਚਾ ਸਾਹਿਬ[51] ਪਾਇਆ[55] ਨਹੀਂ ਜਾਂਦਾ ਉਸ[52] ਨੂੰ ਭੰਨ[53] ਕੇ ਨਵੇਂ ਸਿਰਿਓਂ, ਬਨਾਉਣਾ[54] ਉਚਿੱਤ ਹੈ।
ਕਿਉਕਰਿ[56] ਪੂਰੈ[57] ਵਟਿ[58] ਤੋਲਿ[59] ਤੁਲਾਈਐ[60] ॥	When weighed[60] with the perfect[57] weights[58], how[56] can her weight[59] be found to be correct ?	ਜਦ ਉਹ ਪੂਰੇ[57] ਵਟਿਆਂ[58] ਨਾਲ ਜੋਖੀ[60] ਜਾਂਦੀ ਹੈ ਉਸ ਦਾ ਵਜ਼ਨ[59] ਕਿਸ ਤਰ੍ਹਾਂ[56] ਠੀਕ ਪਾਇਆ ਜਾ ਸਕਦਾ ਹੈ ?
ਕੋਇ ਨ ਆਖੈ[61] ਘਟਿ[62] ਹਉਮੈ[63] ਜਾਈਐ[64] ॥	If her ego[63] goes[64], no one will say[61], she is of short[62] weight.	ਜੇਕਰ ਉਸ ਦੀ ਹੰਗਤਾ[63] ਚਲੀ[64] ਜਾਵੇ ਕੋਈ ਜਣਾ ਨਹੀਂ ਕਹੇਗਾ[61] ਕਿ ਉਹ ਭਾਰੋਂ ਕੱਸੀ[62] ਹੈ।
ਲਈਅਨਿ ਖਰੇ[65] ਪਰਖਿ[66] ਦਰਿ[67] ਬੀਨਾਈਐ[68] ॥	The genuine[65] are assayed[66] and accepted in the Court[67] of the All-seeing Lord[68].	ਸਭ ਕੁਛ ਵੇਖਣਹਾਰ[68] ਸੁਆਮੀ ਦੇ ਦਰਬਾਰ[67] ਅੰਦਰ ਅਸਲੀ[65] ਜਾਂਚੇ ਪੜਤਾਲੇ[66] ਅਤੇ ਕਬੂਲ ਪੈ ਜਾਂਦੇ ਹਨ।
ਸਉਦਾ[69] ਇਕਤੁ[70] ਹਟਿ[71] ਪੂਰੈ[72] ਗੁਰਿ ਪਾਈਐ[73] ॥ ੧੭ ॥	The true merchandise[69] is in only one[70] shop[71]. It is obtained[73] from the perfect[72] Guru.	ਸੱਚਾ ਸੌਦਾ ਸੂਤ[69] ਕੇਵਲ ਇਕ[70] ਹੀ ਦੁਕਾਨ[71] ਵਿਚ ਹੈ। ਇਹ ਪੂਰਨ[72] ਗੁਰਾਂ ਪਾਸੋਂ ਪਰਾਪਤ[73] ਹੁੰਦਾ ਹੈ।
ਸਲੋਕ ਮ: ੨ ॥	Slok Second Guru.	ਸਲੋਕ ਦੂਜੀ ਪਾਤਸ਼ਾਹੀ।
ਅਠੀ ਪਹਰੀ[74] ਅਠ[75] ਖੰਡ[76] ਨਾਵਾ[77] ਖੰਡੁ[78] ਸਰੀਰੁ[79] ॥	During the eight watches[74] of the day and night, O' mortal ! destroy[76] eight[75] things (five deadly sins and three qualities) and in the ninth[77] place, do subdue[78] thy body[79].	ਦਿਹੁੰ ਰੈਣ ਦੇ ਅੱਠਾਂ ਪਹਿਰਾਂ[74] ਅੰਦਰ, ਹੇ ਜੀਵ ! ਤੂੰ ਅੱਠ[75] ਚੀਜ਼ਾਂ ਨੂੰ ਨਾਸ[76] ਕਰ। ਪੰਜ ਪ੍ਰਾਣ-ਨਾਸਕ ਪਾਪ ਅਤੇ ਤਿੰਨ ਗੁਣ। ਨੌਵੀਂ[77] ਥਾਂ ਤੇ ਤੂੰ ਆਪਣੀ ਦੇਹਿ[79] ਨੂੰ ਕਾਬੂ[78] ਕਰ।
ਤਿਸੁ[80] ਵਿਚਿ[81] ਨਉ[82] ਨਿਧਿ[83] ਨਾਮੁ ਏਕੁ[84] ਭਾਲਹਿ[85] ਗੁਣੀ[86] ਗਹੀਰੁ[87] ॥	Within[81] the[80] body are the nine[82] treasures[83] of the unique Lord's[84] Name. The virtuous[86] and profound[87] persons search[85] those treasures.	ਉਸ[80] ਦੇਹਿ ਅੰਦਰ[81] ਅਦੁਤੀ ਸਾਹਿਬ[84] ਦੇ ਨਾਮ ਦੇ ਨੌ[82] ਖ਼ਜ਼ਾਨੇ[83] ਹਨ। ਨੇਕ[86] ਅਤੇ ਗੰਭੀਰ[87] ਪੁਰਸ਼ ਉਨ੍ਹਾਂ ਖ਼ਜ਼ਾਨਿਆਂ ਨੂੰ ਲੱਭਦੇ[85] ਹਨ।
ਕਰਮਵੰਤੀ[88] ਸਾਲਾਹਿਆ[89] ਨਾਨਕ ਕਰਿ[90] ਗੁਰੁ ਪੀਰੁ[91] ॥	Making[90] the Guru their spiritual[91] guide, the fortunate[88] sing the praises[89] of the Lord, O' Nanak !	ਗੁਰਾਂ ਨੂੰ ਆਪਣਾ ਰੂਹਾਨੀ ਰਹਿਬਰ[91] ਬਣਾ[90] ਕੇ ਭਾਗਾਂ[88] ਵਾਲੇ, ਸਾਹਿਬ ਦਾ ਜੱਸ ਗਾਇਨ[89] ਕਰਦੇ ਹਨ, ਹੇ ਨਾਨਕ !
ਚਉਥੈ ਪਹਰਿ ਸਬਾਹ[92] ਕੈ ਸੁਰਤਿਆ[93] ਉਪਜੈ[94] ਚਾਉ[95] ॥	In the fourth watch of the early morn[92], yearning[95] arises[94] in the mind of the men of exalted understanding[93].	ਅੰਮ੍ਰਿਤ[92] ਵੇਲੇ ਦੇ ਚੌਥੇ ਪਹਿਰ ਅੰਦਰ ਉਤਕ੍ਰਿਸ਼ਟਤ ਸਮਝ ਵਾਲੇ[93] ਬੰਦਿਆਂ ਦੇ ਮਨ ਵਿਚ ਉਮਾਹ[95] ਪੈਦਾ ਹੁੰਦਾ[94] ਹੈ।

ਤਿਨਾ ਦਰੀਆਵਾ[96]ਸਿਉ[97] ਦੋਸਤੀ[98] ਮਨਿ[99] ਮੁਖਿ[100] ਸਚਾ ਨਾਉ ॥	They have friendship[98] with[97] the streams[96], and in their mind[99] and mouth[100] is the True Name.	ਉਨ੍ਹਾਂ ਦੀ ਯਾਰੀ[98] ਦਰਿਆਵਾਂ[96] ਨਾਲ[97] ਹੈ ਅਤੇ ਉਨ੍ਹਾਂ ਦੇ ਚਿੱਤ[99] ਅਤੇ ਮੂੰਹ ਵਿਚ ਸੱਚਾ[100] ਨਾਮ ਹੈ ।
ਓਥੈ ਅੰਮ੍ਰਿਤੁ ਵੰਡੀਐ[2] ਕਰਮੀ[3] ਹੋਇ[4] ਪਸਾਉ[5] ॥	There ambrosia is distributed[2] and the fortunate[3] receive[4] Name's gift[5].	ਉਥੇ ਸੁਧਾ-ਰਸ ਵਰਤਾਇਆ[2] ਜਾਂਦਾ ਹੈ ਅਤੇ ਭਾਗਾਂ ਵਾਲਿਆਂ[3] ਨੂੰ ਨਾਮ ਦੀ ਦਾਤ[5] ਮਿਲਦੀ[4] ਹੈ ।
ਕੰਚਨ[6] ਕਾਇਆ[7] ਕਸੀਐ[8] ਵੰਨੀ[9] ਚੜੈ[10] ਚੜਾਉ[12] ॥	The body[7] is assayed[8] like gold[6] and takes[10] on the colour[9] of spiritual progress[12].	ਸਰੀਰ[7] ਸੋਨੇ[6] ਦੀ ਤਰ੍ਹਾਂ ਪਰਖਿਆ[8] ਜਾਂਦਾ ਹੈ ਅਤੇ ਉਹ ਆਤਮਕ ਉੱਨਤੀ[12] ਦਾ ਰੰਗ[9] ਧਾਰਨ[10] ਕਰ ਲੈਂਦਾ ਹੈ ।
ਜੇ[13] ਹੋਵੈ ਨਦਰਿ[14] ਸਰਾਫ[15] ਕੀ ਬਹੁੜਿ[16] ਨ ਪਾਈ[17] ਤਾਉ[18] ॥	If[13] the jeweller[15] casts His merciful[14] glance, it is not, again[16], put[17] in the fire[18].	ਜੇਕਰ[13] ਜਵਾਹਰੀ[15] ਆਪਣੀ ਮਿਹਰ ਦੀ ਨਜ਼ਰ[14] ਕਰੇ ਤਾਂ ਇਹ ਮੁੜ[16] ਕੇ ਅੱਗ[18] ਵਿਚ ਨਹੀਂ ਪਾਇਆ[17] ਜਾਂਦਾ ।
ਸਤੀ[24] ਪਹਰੀ ਸਤੁ[19] ਭਲਾ[20] ਬਹੀਐ[21] ਪੜਿਆ[22] ਪਾਸਿ[23] ॥	During the other seven[24] watches, it is good[20] to speak the truth[19] and sit[21] with[23] the literates[22].	ਬਾਕੀ ਦਿਆਂ ਸੱਤਾਂ[24] ਪਹਿਰਾਂ ਅੰਦਰ ਸੱਚ[19] ਬੋਲਣਾ ਅਤੇ ਵਿਦਵਾਨਾਂ[22] ਦੇ ਕੋਲ[23] ਬੈਠਣਾ[21] ਚੰਗਾ[20] ਹੈ ।
ਓਥੈ ਪਾਪੁ[25] ਪੁੰਨੁ[26] ਬੀਚਾਰੀਐ[27] ਕੂੜੈ[28] ਘਟੈ[29] ਰਾਸਿ[30] ॥	There vice[25] and virtue[26] are discriminated[27] and the capital[30] of falsehood[28] decreases[29].	ਉਥੇ ਬਦੀ[25] ਤੇ ਨੇਕੀ[26] ਦੀ ਪਹਿਚਾਨ[27] ਹੁੰਦੀ ਹੈ ਅਤੇ ਝੂਠ[28] ਦੀ ਪੂੰਜੀ[30] ਕਮ[29] ਹੁੰਦੀ ਹੈ ।
ਓਥੈ ਖੋਟੇ[31] ਸਟੀਅਹਿ[32] ਖਰੇ[33] ਕੀਚਹਿ ਸਾਬਾਸਿ[34] ॥	There the counterfeit[31] are cast aside[32] and the genuine[33] are applauded[34].	ਉਥੇ ਨਕਲੀ[31] ਪਰੇ ਸੁੱਟੇ[32] ਜਾਂਦੇ ਹਨ ਅਤੇ ਅਸਲੀਆਂ[33] ਨੂੰ ਵਾਹ ਵਾਹ[34] ਮਿਲਦੀ ਹੈ ।
ਬੋਲਣੁ[35] ਫਾਦਲੁ[36] ਨਾਨਕਾ ਦੁਖੁ[37] ਸੁਖੁ[38] ਖਸਮੈ[39] ਪਾਸਿ[40] ॥ ੧ ॥	Vain[36] is man's utterance[35], O' Nanak ! The weal[38] and woe[37] are near[40] (in the power of) the Master[39].	ਬੇਫ਼ਾਇਦਾ[36] ਹੈ ਇਨਸਾਨ ਦਾ ਬੋਲਣ ਚਲਣ[35] ਹੇ ਨਾਨਕ ! ਖ਼ੁਸ਼ੀ[38] ਤੇ ਗ਼ਮੀ[37] ਮਾਲਕ[39] ਦੇ ਕੋਲ[40] (ਵੱਸ ਵਿਚ) ਹਨ ।
ਮ: ੨ ॥	Second Guru.	ਦੂਜੀ ਪਾਤਸ਼ਾਹੀ ।
ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥	Air is the Guru, water the Father, earth the great Mother and day and night, the two, male nurse and female nurse, in whose lap the entire world plays.	ਹਵਾ ਗੁਰੂ ਹੈ, ਜਲ ਬਾਬਲ, ਧਰਤੀ ਵੱਡੀ ਅੰਮੜੀ ਅਤੇ ਦਿਹੁੰ ਤੇ ਰੈਣ ਦੋਵੇਂ ਉਪਪਿਤਾ ਤੇ ਉਪਮਾਤਾ ਹਨ ਜਿਨ੍ਹਾਂ ਦੀ ਗੋਦੀ ਵਿਚ ਸਾਰਾ ਜਹਾਨ ਖੇਡਦਾ ਹੈ ।
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥	The merits and demerits shall be read in the presence of the Righteous Justice.	ਨੇਕੀਆਂ ਅਤੇ ਬਦੀਆਂ ਧਰਮ ਰਾਜੇ ਦੀ ਹਜ਼ੂਰੀ ਵਿਚ ਪੜ੍ਹੀਆਂ ਜਾਣਗੀਆਂ ।

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥	According to their respective deeds some shall be near, some distant, from the Lord.	ਆਪੋ ਆਪਣੇ ਅਮਲਾਂ ਅਨੁਸਾਰ, ਕਈ ਸੁਆਮੀ ਦੇ ਨਜ਼ਦੀਕ ਅਤੇ ਕਈ ਦੁਰੇਡੇ ਹੋਣਗੇ ।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥	They who have pondered on the Name, and have departed after putting in toil,	ਜਿਨ੍ਹਾਂ ਨੇ ਨਾਮ ਦਾ ਸਿਮਰਨ ਕੀਤਾ ਹੈ ਅਤ ਜੋ ਕਰੜੀਆਂ ਘਾਲਾਂ ਕਮਾ ਕੇ ਤੁਰੇ ਹਨ,
ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥ ੨ ॥	Nanak, their faces shall be bright and many shall be emancipated along with them.	ਨਾਨਕ ਉਨ੍ਹਾਂ ਦੇ ਚਿਹਰੇ ਰੋਸ਼ਨ ਹੋਣਗੇ ਅਤੇ ਅਨੇਕਾਂ ਹੀ ਉਹਨਾਂ ਦੇ ਸਾਥ ਸੰਗ ਵਾਲੇ ਖਲਾਸੀ ਪਾ ਜਾਣਗੇ ।
ਪਉੜੀ ॥	Pauri.	ਪਉੜੀ ।
ਸਚਾ ਭੋਜਨੁ[41] ਭਾਉ[42] ਸਤਿਗੁਰਿ ਦਸਿਆ[43] ॥	The True food[41] is the Lord's love[42]. So says[43] the True Guru.	ਸੱਚੀ ਖ਼ੁਰਾਕ[41] ਪ੍ਰਭੂ ਦੀ ਪ੍ਰੀਤ[42] ਹੈ । ਸੱਚੇ ਗੁਰੂ ਇਸ ਤਰ੍ਹਾਂ ਦਸਦੇ[43] ਹਨ ।
ਸਚੇ ਹੀ ਪਤੀਆਇ[44] ਸਚਿ ਵਿਗਸਿਆ[45] ॥	With the True food I am appeased[44] and with Truth I am delighted[45].	ਸੱਚੇ ਖਾਣੇ ਨਾਲ ਮੈਂ ਤ੍ਰਿਪਤ[44] ਹੋ ਗਿਆ ਹਾਂ ਅਤੇ ਸੱਚ ਨਾਲ ਮੈਂ ਪ੍ਰਸੰਨ[45] ਹੋਇਆ ਹਾਂ ।
ਸਚੈ ਕੋਟਿ[46] ਗਿਰਾਂਇ[47] [48]ਨਿਜਘਰਿ[49] ਵਸਿਆ[50] ॥	True are the citadels[46] and hamlets[47] of him, who abides[50] in his own[48] home[49].	ਸੱਚੇ ਹਨ ਕਿਲ੍ਹੇ[46] ਤੇ ਪਿੰਡ[47], ਉਸ ਦੇ, ਜੋ ਆਪਣੇ ਨਿੱਜ[48] ਦੇ ਗ੍ਰਹਿ[49] ਅੰਦਰ ਵਸਦਾ[50] ਹੈ ।
ਸਤਿਗੁਰਿ ਤੁਠੈ[51] ਨਾਉ ਪ੍ਰੇਮਿ[52] ਰਹਸਿਆ[53] ॥	When the True Guru is pleased[51] man receives the Name and flowers[53] in the Lord's love[52].	ਜਦ ਸੱਚਾ ਗੁਰੂ ਪ੍ਰਸੰਨ[51] ਹੁੰਦਾ ਹੈ, ਇਨਸਾਨ ਨੂੰ ਨਾਮ ਦੀ ਪਰਾਪਤੀ ਹੋ ਜਾਂਦੀ ਹੈ ਅਤੇ ਉਹ ਸਾਈਂ ਦੇ ਸਨੇਹ[52] ਅੰਦਰ ਪ੍ਰਫੁਲਤ[53] ਹੁੰਦਾ ਹੈ ।
ਸਚੈ[54] ਦੈ ਦੀਬਾਣਿ[55] ਕੂੜਿ[56] ਨ ਜਾਈਐ[57] ॥	In the Court[55] of the True Lord[54], one cannot enter[57] through falsehood[56]	ਸੱਚੇ ਸਾਹਿਬ[54] ਦੇ ਦਰਬਾਰ[55] ਅੰਦਰ ਬੰਦਾ ਝੂਠ[56] ਦੇ ਰਾਹੀਂ ਪ੍ਰਵੇਸ਼[57] ਨਹੀਂ ਕਰ ਸਕਦਾ ।
ਝੂਠੋ ਝੂਠੁ[58] ਵਖਾਣਿ[59] ਸੁ[60] ਮਹਲੁ[61] ਖੁਆਈਐ[62] ॥	By telling[59] nothing but untruth[58], that[60] mansion[61] of the Lord is lost[62].	ਨਿਰੋਲ ਕੂੜ[58] ਬੋਲਣ[59] ਦੁਆਰਾ, ਬੰਦਾ ਸਾਹਿਬ ਦੇ ਉਸ[60] ਮੰਦਰ[61] ਤੋਂ ਵਾਂਝਿਆਂ ਰਹਿ[62] ਜਾਂਦਾ ਹੈ ।
੧੪੭	147	੧੪੭
ਸਚੈ ਸਬਦਿ[63] ਨੀਸਾਣਿ[64] ਠਾਕੁ[65] ਨ ਪਾਈਐ ॥	No one obstructs[65] the way of him, who goes with the True Name's[63] flag[64].	ਜੋ ਸੱਚੇ ਨਾਮ[63] ਦੇ ਝੰਡੇ[64] ਨਾਲ ਜਾਂਦਾ ਹੈ ਉਸ ਦੇ ਮਾਰਗ ਵਿਚ ਕੋਈ ਜਣਾ ਰੁਕਾਵਟ[65] ਨਹੀਂ ਪਾਉਂਦਾ ।
ਸਚੁ[66] ਸੁਣਿ[67] ਬੁਝਿ[68] ਵਖਾਣਿ[69] ਮਹਲਿ[70] ਬੁਲਾਈਐ[71] ॥ ੧੮ ॥	By hearing[67], realising[68] and uttering[69] the True Name[66], one is called[71] to the Lord's palace[70].	ਸੱਚੇ ਨਾਮ[66] ਨੂੰ ਸਰਵਣ[67], ਅਨੁਭਵ[68] ਅਤੇ ਉਚਾਰਣ[69] ਕਰਨ ਦੁਆਰਾ ਇਨਸਾਨ ਸਾਈਂ ਦੇ ਮੰਦਰ[70] ਅੰਦਰ ਬੁਲਾ[71] ਲਿਆ ਜਾਂਦਾ ਹੈ ।
ਸਲੋਕੁ ਮਃ ੧ ॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ ।
ਪਹਿਰਾ[72] ਅਗਨਿ[73] ਹਿਵੈ[74] ਘਰੁ ਬਾਧਾ[75] ਭੋਜਨੁ[76]	If I put on the dress[72] of fire[73], found[75] a house in snow[74] and	ਜੇਕਰ ਮੈਂ ਅੱਗ[73] ਦੀ ਪੁਸ਼ਾਕ ਪਾ ਲਵਾਂ[72], ਬਰਫ਼[74] ਅੰਦਰ ਗ੍ਰਹਿ ਬੰਨ੍ਹ ਲਵਾਂ[75] ਅਤੇ ਲੋਹੇ[77] ਨੂੰ ਆਪਣਾ

ਸਾਰੁ[77] ਕਰਾਈ[78] ॥	make[78] iron my food[76];	ਖਾਣਾ[76] ਬਣਾ[78] ਲਵਾਂ;
ਸਗਲੇ ਦੂਖ[79] ਪਾਣੀ[80] ਕਰਿ[81] ਪੀਵਾ ਧਰਤੀ[82] ਹਾਕ ਚਲਾਈ[83] ॥	All the troubles[79] if I drink as[81] water[80] and drive[83] before me the earth[82];	ਸਾਰੀਆਂ ਤਕਲੀਫ਼ਾਂ[79] ਨੂੰ ਜੇਕਰ ਮੈਂ ਜਲ[80] ਦੀ ਤਰ੍ਹਾਂ[81] ਪੀ ਜਾਵਾਂ ਅਤੇ ਜ਼ਮੀਨ[82] ਨੂੰ ਹਿਕ ਕੇ[83] ਆਪਣੇ ਮੂਹਰੇ ਲਾ ਲਵਾਂ ;
ਧਰਿ[84] ਤਾਰਾਜੀ[85] ਅੰਬਰੁ[86] ਤੋਲੀ[87] ਪਿਛੈ[88] ਟੰਕੁ[89] ਚੜਾਈ[90] ॥	By placing[84] the firmament[86] in the balance[85] pan, were I to weight[87] it with a mere copper[89] put[90] in the hind[88] pan ;	ਅਸਮਾਨ[86] ਨੂੰ ਤੱਕੜੀ[85] ਦੇ ਪੱਲੜੇ ਵਿਚ ਧਰ[84] ਕੇ, ਜੇਕਰ ਮੈਂ ਇਸ ਨੂੰ ਪਿਛਲੇ[88] ਪੱਲੜੇ ਵਿਚ ਰਖੇ[90] ਹੋਏ ਚਾਰ ਮਾਸ਼ੇ[89] ਦੇ ਵੱਟੇ ਨਾਲ ਜੋਖ[87] ਲਵਾਂ ;
ਏਵਡੁ ਵਧਾ[91] ਮਾਵਾ[92] ਨਾਹੀ ਸਭਸੈ[93] ਨਥਿ[94] ਚਲਾਈ[95] ॥	Were I to become so large[91] that I could nowhere be contained[92]; and were I to snaffle[94] and lead[95] by the nose one and all[93];	ਜੇਕਰ ਮੈਂ ਐਡਾ ਵੱਡਾ[91] ਹੋ ਜਾਵਾਂ ਕਿ ਕਿਤੇ ਭੀ ਨਾ ਸਮਾ[92] ਸਕਾਂ, ਤੇ ਜੇਕਰ ਮੈਂ ਸਾਰਿਆਂ[93] ਨੂੰ ਨਕੇਲ[94] ਪਾ ਨੱਕ ਤੋਂ ਫੜ[95] ਕੇ ਟੋਰੀ ਫਿਰਾਂ ;
ਏਤਾ[96] ਤਾਣੁ[97] ਹੋਵੈ ਮਨ ਅੰਦਰਿ ਕਰੀ ਭਿ[98] ਆਖਿ[99] ਕਰਾਈ[100] ॥	If I possess so much[96] power[97] within my mind that I perform and also[98] at my bidding[99] cause others to perform[100] such things, but all this is in vain.	ਜੇਕਰ ਮੇਰੇ ਚਿਤ ਅੰਦਰ ਐਨਾ[96] ਬਲ[97] ਹੋਵੇ ਕਿ ਇਹੋ ਜੇਹੀਆਂ ਗੱਲਾਂ ਮੈਂ ਕਰਾਂ ਅਤੇ ਆਪਣੇ ਕਹਿਣ[99] ਦੁਆਰਾ ਹੋਰਨਾਂ ਤੋਂ[98] ਭੀ ਕਰਾਵਾਂ[100], ਪਰ ਇਹ ਸਾਰਾ ਕੁਛ ਬੇਫ਼ਾਇਦਾ ਹੈ ।
ਜੇਵਡੁ[2] ਸਾਹਿਬੁ ਤੇਵਡੁ[3] ਦਾਤੀ[4] ਦੇ ਦੇ[5] ਕਰੇ ਰਜਾਈ[6] ॥	As great[2] as the Lord is so great[3] are His gifts[4]. He bestows[5] them according to His pleasure[6].	ਜਿੱਡਾ[2] ਵੱਡਾ ਸੁਆਮੀ ਹੈ, ਓਡੀਆਂ[3] ਵੱਡੀਆਂ ਹੀ ਹਨ ਉਸ ਦੀਆਂ ਬਖ਼ਸ਼ਸ਼ਾਂ[4] । ਉਹ ਆਪਣੀ ਰਜ਼ਾ[6] ਅਨੁਸਾਰ ਦਾਤਾਂ ਦਿੰਦਾ[5] ਹੈ ।
ਨਾਨਕ ਨਦਰਿ[7] ਕਰੇ[8] ਜਿਸੁ ਉਪਰਿ ਸਚਿ ਨਾਮਿ ਵਡਿਆਈ[9] ॥ ੧ ॥	Nanak, he on whom the Lord casts[8] His merciful[7] glance, obtains the glory[9] of the True Name.	ਨਾਨਕ ਜਿਸ ਉਤੇ ਸਾਈਂ ਆਪਣੀ ਮਿਹਰ[7] ਦੀ ਨਜ਼ਰ ਧਾਰਦਾ[8] ਹੈ, ਉਸ ਨੂੰ ਸੱਚੇ ਨਾਮ ਦੀ ਵਡਿਆਈ[9] ਪਰਾਪਤ ਹੁੰਦੀ ਹੈ ।
ਮ: ੨ ॥	Second Guru.	ਦੂਜੀ ਪਾਤਸ਼ਾਹੀ ।
ਆਖਣੁ[10] ਆਖਿ[12] ਨ ਰਜਿਆ[13] ਸੁਨਣਿ ਨ ਰਜੇ ਕੰਨ ॥	The mouth[10] is not sated[13] with speech[12] and the ears are not sated with hearing.	ਮੂੰਹ[10] ਬਚਨ ਬਿਲਾਸ[12] ਕਰਦਾ ਨਹੀਂ ਧ੍ਰਾਪਦਾ[13] ਅਤੇ ਕੰਨ ਸਰਵਣ ਕਰਨ ਨਾਲ ਨਹੀਂ ਰੱਜਦੇ ।
ਅਖੀ[14] ਦੇਖਿ ਨ ਰਜੀਆ ਗੁਣ[15] ਗਾਹਕ[16] ਇਕ ਵੰਨ[17] ॥	The eyes[14] are not sated with what they see. Each organ is the purchaser[16] of one sort[17] of trait[15].	ਨੇਤ੍ਰ[14] ਵੇਖਣ ਨਾਲ ਤ੍ਰਿਪਤ ਨਹੀਂ ਹੁੰਦੇ । ਹਰ ਅੰਗ ਇਕ ਕਿਸਮ[17] ਦੀ ਖ਼ੂਬੀ[15] ਦਾ ਖ਼ਰੀਦਾਰ[16] ਹੈ ।
ਭੁਖਿਆ[18] ਭੁਖ[19] ਨ ਉਤਰੈ[20] ਗਲੀ[21] ਭੁਖ ਨ ਜਾਇ[22] ॥	The hunger[19] of the hungry[18] departs[20] not. By mere words[21] of mouth the hunger goes[22] not.	ਖੁਦਿਆਵੰਤਾਂ[18] ਦੀ ਖੁਦਿਆ[19] ਦੂਰ[20] ਨਹੀਂ ਹੁੰਦੀ । ਮੂੰਹ-ਜ਼ਬਾਨੀ ਗੱਲਾਂ[21] ਦੁਆਰਾ ਖੁਦਿਆ ਨਹੀਂ ਜਾਂਦੀ[22] ।

ਨਾਨਕ ਭੁਖਾ ਤਾ[23] ਰਜੈ ਜਾ[24] ਗੁਣ[25] ਕਹਿ[26] ਗੁਣੀ[27] ਸਮਾਇ[28] ॥ ੨ ॥	O' Nanak! only then[23], is the hungry man satiated when[24], by uttering[26] His praises[25], he gets absorbed[28] in the Praise-worthy[28] Lord[27].	ਹੇ ਨਾਨਕ ! ਕੇਵਲ ਤਦ[23] ਹੀ, ਭੁੱਖਾ ਆਦਮੀ ਰੱਜਦਾ ਹੈ ਜਦ[24] ਉਸ ਦੀਆਂ ਸਿਫ਼ਤਾਂ[25] ਨੂੰ ਆਖਣ[26] ਦੁਆਰਾ ਉਹ ਸਿਫ਼ਤਾਂ ਵਾਲੇ ਸਾਹਿਬ[27] ਅੰਦਰ ਲੀਨ[28] ਹੋ ਜਾਂਦਾ ਹੈ।
ਪਉੜੀ ॥	Pauri.	ਪਉੜੀ।
ਵਿਣੁ ਸਚੇ[29] ਸਭੁ ਕੂੜੁ[30] ਕੂੜੁ ਕਮਾਈਐ[31] ॥	Without the True Lord[29], all are false[30] and practise[31] falsehood.	ਸੱਚੇ ਸਾਹਿਬ[29] ਦੇ ਬਾਝੋਂ ਸਾਰੇ ਝੂਠੇ[30] ਹਨ ਅਤੇ ਝੂਠ ਦੀ ਹੀ ਕਿਰਤ ਕਰਦੇ[31] ਹਨ।
ਵਿਣੁ ਸਚੇ ਕੂੜਿਆਰੁ[32] ਬੰਨਿ[33] ਚਲਾਈਐ[34] ॥	Without the True One, the false[32] are bound[33] down and goaded on[34].	ਸਤਿਪੁਰਖ ਦੇ ਬਗ਼ੈਰ ਝੂਠੇ[32] ਨਰੜ[33] ਕੇ ਅੱਗੇ ਨੂੰ ਧਕੇ ਜਾਂਦੇ[34] ਹਨ।
ਵਿਣੁ ਸਚੇ ਤਨੁ[35] ਛਾਰੁ[36] ਛਾਰੁ ਰਲਾਈਐ[37] ॥	Without the True Master, the body[35] is dust[36] and is mingled[37] with dust.	ਸੱਚੇ ਮਾਲਕ ਦੇ ਬਾਝੋਂ, ਦੇਹਿ[35] ਮਿੱਟੀ[36] ਹੈ ਅਤੇ ਮਿੱਟੀ ਨਾਲ ਮਿਲ[37] ਜਾਂਦੀ ਹੈ।
ਵਿਣੁ ਸਚੇ ਸਭ ਭੁਖ ਜਿ ਪੈਝੈ[38] ਖਾਈਐ[39] ॥	Without the True Master, the dress[38] and food[39] are all hunger.	ਸੱਚੇ ਮਾਲਕ ਦੇ ਬਗ਼ੈਰ, ਪੁਸ਼ਾਕ[38] ਤੇ ਖ਼ੁਰਾਕ[39] ਸਮੂਹ ਭੁੱਖ ਹੀ ਹੈ।
ਵਿਣੁ ਸਚੇ ਦਰਬਾਰੁ[40] ਕੂੜਿ[41] ਨ ਪਾਈਐ[42] ॥	Without the True Lord, the false[41] attain[42] not God's Court[40].	ਸੱਚੇ ਸੁਆਮੀ ਦੇ ਬਗ਼ੈਰ, ਕੂੜਿਆਰ[41] ਵਾਹਿਗੁਰੂ ਦੀ ਦਰਗਾਹ[40] ਨੂੰ ਪਰਾਪਤ[42] ਨਹੀਂ ਹੁੰਦੇ।
ਕੂੜੈ ਲਾਲਚਿ[43] ਲਗਿ[44] ਮਹਲੁ[45] ਖੁਆਈਐ[46] ॥	Being attached[44] to false avarice[43], man loses[46] the Master's mansion[45].	ਝੂਠੇ ਲੋਭ[43] ਨਾਲ ਜੁੜ[44] ਕੇ, ਇਨਸਾਨ ਮਾਲਕ ਦੇ ਮੰਦਰ[45] ਨੂੰ ਗੁਆ[46] ਲੈਂਦਾ ਹੈ।
ਸਭੁ ਜਗੁ[47] ਠਗਿਓ[48] ਠਗਿ[49] ਆਈਐ ਜਾਈਐ[50] ॥	The whole world[47] is deceived[48] by the deceitful[49] mammon and continues coming and going[50].	ਸਾਰਾ ਸੰਸਾਰ[47] ਛਲਣੀ[49] ਮਾਇਆ ਨੇ ਛਲ[48] ਲਿਆ, ਅਤੇ ਆਉਂਦਾ ਤੇ ਜਾਂਦਾ[50] ਰਹਿੰਦਾ ਹੈ।
ਤਨ[51] ਮਹਿ[52] ਤ੍ਰਿਸਨਾ[53] ਅਗਿ[54] ਸਬਦਿ[55] ਬੁਝਾਈਐ[56] ॥ ੧੯ ॥	In[52] the body[51] is the fire[54] of desire[53]. With God's Name[55] it is quenched[56].	ਸਰੀਰ[51] ਅੰਦਰ[52] ਖ਼ਾਹਿਸ਼[53] ਦੀ ਅਗਨੀ[54] ਹੈ। ਇਹ ਵਾਹਿਗੁਰੂ ਦੇ ਨਾਮ[55] ਨਾਲ ਬੁਝਦੀ[56] ਹੈ।
ਸਲੋਕ ਮ: ੧ ॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ।
ਨਾਨਕ ਗੁਰੁ ਸੰਤੋਖੁ[57] ਰੁਖੁ[58] ਧਰਮੁ[59] ਫੁਲੁ[60] ਫਲ[61] ਗਿਆਨੁ[62] ॥	Nanak the Guru is the tree[58] of contentment[57], whose flower[60] is faith[59], and fruit[61] the Divine knowledge[62].	ਨਾਨਕ, ਗੁਰੂ ਸੰਤੁਸ਼ਟਤਾ[57] ਦਾ ਬਿਰਛ[58] ਹੈ, ਜਿਸ ਦਾ ਪੁਸ਼ਪ[60] ਈਮਾਨ[59] ਹੈ, ਅਤੇ ਮੇਵਾ[61] ਬ੍ਰਹਿਮ-ਗਿਆਨ[62]।
ਰਸਿ[63] ਰਸਿਆ[64] ਹਰਿਆ[65] ਸਦਾ[66] ਪਕੈ ਕਰਮਿ[67] ਧਿਆਨਿ[68] ॥	Irrigated[64] with the Lord's love[63], it remains [66]evergreen[65] and it ripens by virtuous deeds[67] and meditation[68].	ਪ੍ਰਭੂ ਦੀ ਪ੍ਰੀਤ[63] ਨਾਲ ਸਿੰਚਰਿਆ[64] ਹੋਇਆ, ਇਹ ਸਦੀਵ[66] ਹੀ ਸਰ-ਸਬਜ਼[65] ਰਹਿੰਦਾ ਹੈ ਅਤੇ ਨੇਕ ਅਮਲਾਂ[67] ਤੇ ਸਿਮਰਨ[68] ਦੁਆਰਾ ਇਹ ਪਕਦਾ ਹੈ।
ਪਤਿ[69] ਕੇ ਸਾਦ[70] ਖਾਦਾ[71]	Honour[69] is obtained[72] by partak-	ਜਿਸ ਦਾ ਸੁਆਦ[70] ਭੁੰਚਣ[71] ਦੁਆਰਾ ਇੱਜ਼ਤ ਆਬਰੂ[69]

ਲਹੈ[72] ਦਾਨਾ[73] ਕੈ ਸਿਰਿ[74] ਦਾਨੁ[75] ॥ ੧ ॥

ing[71] of its relish[70]. Of all the gifts[73], this is the greatest[74] gift[75].

ਮਿਲਦੀ[72] ਹੈ। ਸਾਰੀਆਂ ਦਾਤਾਂ[73] ਵਿਚੋਂ ਇਹ ਸ਼ਰੋਮਣੀ[74] ਦਾਤ[75] ਹੈ।

ਮ: ੧ ॥

First Guru.

ਪਹਿਲੀ ਪਾਤਸ਼ਾਹੀ।

ਸੁਇਨੇ[76] ਕਾ ਬਿਰਖੁ[77] ਪਤ[78] ਪਰਵਾਲਾ[79] ਫੁਲ[80] ਜਵੇਹਰ[81] ਲਾਲ[82] ॥

The Guru is the tree[77] of gold[76], its leaves[78] are corals[79], and its blossoms[80] jewels[81] and rubies[82].

ਗੁਰੂ ਸੋਨੇ[76] ਦਾ ਦਰਖ਼ਤ[77] ਹੈ, ਇਸ ਦੇ ਪੱਤੇ[78] ਮੂੰਗੇ[79] ਹਨ ਅਤੇ ਇਸ ਦੇ ਪੁਸ਼ਪ[80] ਜਵਾਹਿਰਾਤ[81] ਤੇ ਮਾਣਕ[82]।

ਤਿਤੁ[83] ਫਲ[84] ਰਤਨ[85] ਲਗਹਿ[86] ਮੁਖਿ[87] ਭਾਖਿਤ[88] ਹਿਰਦੈ ਰਿਦੈ[89] ਨਿਹਾਲੁ[90] ॥

That[83] plant bears[86] the fruit[84] of emerald[85] of the utterance[88] of the Guru's mouth[87]. Within the heart of his[89] heart the Guru beholds[90] the Lord.

ਉਸ[83] ਪੌਦੇ ਨੂੰ ਗੁਰੂ ਦੇ ਮੁਖਾਰਬਿੰਦ[87] ਦੇ ਕਥਨ[88] ਦੀ ਮਣੀ[85] ਦਾ ਮੇਵਾ[84] ਲੱਗਾ[86] ਹੋਇਆ ਹੈ। ਆਪਣੇ ਦਿਲ ਦੇ ਦਿਲਾਂ[89] ਅੰਦਰ ਗੁਰੂ ਸੁਆਮੀ ਨੂੰ ਵੇਖਦਾ[90] ਹੈ।

ਨਾਨਕ ਕਰਮੁ[91] ਹੋਵੈ ਮੁਖਿ[92] ਮਸਤਕਿ[93] ਲਿਖਿਆ[94] ਹੋਵੈ ਲੇਖੁ[95] ॥

Nanak it is obtained by him on whose face[92] and forehead[93] the writ[95] of good fortune[91] is recorded[94].

ਨਾਨਕ ਇਹ ਉਸ ਨੂੰ ਪਰਾਪਤ ਹੁੰਦਾ ਹੈ ਜਿਸ ਦੇ ਚਿਹਰੇ[92] ਅਤੇ ਮੱਥੇ[93] ਉਤੇ ਚੰਗੇ ਭਾਗਾਂ[91] ਦੀ ਲਿਖਤਾਕਾਰ[95] ਲਿਖੀ[94] ਹੋਈ ਹੈ।

ਅਠਿਸਠਿ[96] ਤੀਰਥ[97] ਗੁਰ ਕੀ ਚਰਣੀ[98] ਪੂਜੈ[99] ਸਦਾ[100] ਵਿਸੇਖੁ[2] ॥

The sixty-eight[96] places of pilgrimage[97] seek the shelter of the most exalted[2] Guru's feet[98], whom they ever[100] worship[99].

ਅਠਾਹਟ[96] ਯਾਤ੍ਰਾ-ਅਸਥਾਨ[97] ਪਰਮ ਸ੍ਰੇਸ਼ਟ[2] ਗੁਰਾਂ ਦੇ ਪੈਰਾਂ[98] ਦੀ ਪਨਾਹ ਲੋੜਦੇ ਹਨ, ਜਿਨ੍ਹਾਂ ਦੀ ਉਹ ਸਦੀਵ[100] ਹੀ ਉਪਾਸ਼ਨਾ[99] ਕਰਦੇ ਹਨ।

ਹੰਸੁ[3] ਹੇਤੁ[4] ਲੋਭੁ[5] ਕੋਪੁ[6] ਚਾਰੇ ਨਦੀਆ[7] ਅਗਿ[8] ॥ ਪਵਹਿ[9] ਦਝਹਿ[10] ਨਾਨਕਾ ਤਰੀਐ[12] ਕਰਮੀ[13] ਲਗਿ[14] ॥ ੨ ॥

Cruelty[3], worldly love[4], avarice[5] and wrath[6] are the four streams[7] of fire[8]. By falling[9] into them, the mortal is burnt[10], O' Nanak! Emancipation[12] is obtained by cleaving[14] to good deed[13].

ਨਿਰਦਈਪਣਾ[3], ਸੰਸਾਰੀ ਮੋਹ[4], ਲਾਲਚ[5] ਤੇ ਗੁੱਸਾ[6] ਚਾਰੇ ਅਗਨੀ[8] ਦੇ ਦਰਿਆ[7] ਹਨ। ਉਨ੍ਹਾਂ ਵਿਚ ਡਿਗ[9] ਪੈਣ ਦੁਆਰਾ ਪ੍ਰਾਣੀ ਸੜ ਬਲ[10] ਜਾਂਦਾ ਹੈ, ਹੇ ਨਾਨਕ! ਚੰਗੇ ਅਮਲਾਂ[13] ਦੇ ਨਾਲ ਜੁੜਣ[14] ਦੁਆਰਾ ਕਲਿਆਣ[12] ਹੁੰਦੀ ਹੈ।

ਪਉੜੀ ॥

Pauri.

ਪਉੜੀ।

ਜੀਵਦਿਆ[15] ਮਰੁ[18] ਮਾਰਿ[16] ਨ ਪਛੋਤਾਈਐ[17] ॥ ਝੂਠਾ[19] ਇਹੁ ਸੰਸਾਰੁ[20] ਕਿਨਿ[21] ਸਮਝਾਈਐ[22] ॥ ਸਚਿ ਨ ਧਰੇ[23] ਪਿਆਰੁ[24] ਧੰਧੈ[25] ਧਾਈਐ[26] ॥ ਕਾਲੁ[27] ਬੁਰਾ[28] ਖੈ[29] ਕਾਲੁ[30] ਸਿਰਿ[31] ਦੁਨੀਆਈਐ[32] ॥

Whilst living[15] subdue[16] death[18] and thou shalt not regret[17] afterwards. False[19] is the world[20] but a few[21] understand[22] this. Man professes[23] not love[24] for truth and runs[26] after worldly affairs[25]. The inauspicious[28] time[27] of annihilating[29] death[30] stands over the head[31] of the world[32].

ਜੀਉਂਦੇ[15] ਜੀ, ਮੌਤ[18] ਤੇ ਕਾਬੂ[16] ਪਾ ਲੈ ਅਤੇ ਤੈਨੂੰ ਅਖ਼ੀਰ ਨੂੰ ਝੋਰਾ[17] ਨਹੀਂ ਹੋਵੇਗਾ। ਕੂੜੀ[19] ਹੈ ਇਹ ਦੁਨੀਆਂ[20] ਪ੍ਰੰਤੂ ਕਿਸੇ[21] ਨੂੰ ਹੀ ਇਹ ਸਮਝ[22] ਆਈ ਹੈ। ਇਨਸਾਨ ਸੱਚ ਨਾਲ ਪ੍ਰੀਤ[24] ਨਹੀਂ ਕਰਦਾ[23] ਅਤੇ ਸੰਸਾਰੀ ਕਾਰ-ਵਿਹਾਰਾਂ[25] ਮਗਰ ਨਸਿਆ[26] ਫਿਰਦਾ ਹੈ। ਸਤਿਆਨਾਸ[29] ਕਰ ਦੇਣ ਵਾਲੀ ਮੌਤ[30] ਦਾ ਚੰਦਰਾ[28] ਸਮਾਂ[27] ਸੰਸਾਰ[32] ਦੇ ਮੂੰਡ[31] ਉਤੇ ਖੜਾ ਹੈ।

ਹੁਕਮੀ[33] ਸਿਰਿ[34] ਜੰਦਾਰੁ[35] ਮਾਰੇ[36] ਦਾਈਐ[37] ॥	Under the Lord's command[33], seizing an opportunity[37], death's myrmidon strikes[36] the club[35] on man's head[34].	ਸਾਹਿਬ ਦੇ ਫੁਰਮਾਨ[33] ਤਾਬੇ, ਮੌਤ ਦਾ ਫ਼ਰਿਸ਼ਤਾ, ਦਾਅ ਲਾ[37] ਕੇ ਇਨਸਾਨ ਦੇ ਮੂੰਡ[34] ਉਤੇ ਡੰਡਾ[35] ਮਾਰਦਾ[36] ਹੈ।
ਆਪੇ[38] ਦੇਇ[39] ਪਿਆਰੁ[40] ਮੰਨਿ[41] ਵਸਾਈਐ[42] ॥	The Lord Himself[38] bestows[39] His love[40] and enshrines[42] it within the mortal's mind[41].	ਸਾਹਿਬ ਖ਼ੁਦ[38] ਹੀ ਆਪਣੀ ਪ੍ਰੀਤ[40] ਬਖ਼ਸ਼ਦਾ[39] ਹੈ ਅਤੇ ਇਸ ਨੂੰ ਪ੍ਰਾਣੀ ਦੇ ਚਿੱਤ[41] ਅੰਦਰ ਟਿਕਾਉਂਦਾ[42] ਹੈ।
ਮੁਹਤੁ[43] ਨ ਚਸਾ[44] ਵਿਲੰਮੁ[45] ਭਰੀਐ[46] ਪਾਈਐ[47] ॥	When the life's measure[47] is full[46] not a trice[43] or moment's[44] delay[45] is caused in departing.	ਜਦ ਜ਼ਿੰਦਗੀ ਦੀ ਪੜੋਪੀ[47] ਲਬਾਲਬ[46] ਹੋ ਜਾਂਦੀ ਹੈ, ਤਾਂ ਕੂਚ ਕਰਨ ਨੂੰ ਇਕ ਲਮ੍ਹੇ[43] ਜਾਂ ਪਲ[44] ਜਿੰਨੀ ਦੇਰ[45] ਭੀ ਨਹੀਂ ਲੱਗਦੀ।
ਗੁਰ ਪਰਸਾਦੀ[48] ਬੁਝਿ[49] ਸਚਿ[50] ਸਮਾਈਐ[51] ॥ ੨੦ ॥	Through the Guru's grace[48] by knowing[49] the True Lord[50] the mortal is absorbed[51] in Him.	ਗੁਰਾਂ ਦੀ ਦਇਆ[48] ਰਾਹੀਂ ਸੱਚੇ ਸਾਹਿਬ[50] ਨੂੰ ਜਾਨਣ[49] ਦੁਆਰਾ ਜੀਵ ਉਸ ਅੰਦਰ ਲੀਨ[51] ਹੋ ਜਾਂਦਾ ਹੈ।
ਸਲੋਕੁ ਮ: ੧ ॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ।
ਤੁਮੀ[52] ਤੁਮਾ[53] ਵਿਸੁ[54] ਅਕੁ[55] ਧਤੂਰਾ[56] ਨਿਮੁ[57] ਫਲੁ[58] ॥	The bitterness[54] of the gourd[52], colocynth[53], colotropis procera[55], thornapple[56] and the seed[58] of aza-dirachta[57] abides[61] in the	ਤੂੰਬੀ[52] ਜੰਗਲੀ ਕੱਦੂ[53], ਅੱਕ[55] ਧਤੂਰੇ[56] ਅਤੇ ਨਿੰਮ[57] ਦੀ ਨਮੋਲੀ[58] ਦੀ ਕੁੜੱਤਣ[54], ਉਸ[62] ਦੇ ਚਿੱਤ[59] ਤੇ
ਮਨਿ[59] ਮੁਖਿ[60] ਵਸਹਿ[61] ਤਿਸੁ[62] ਜਿਸੁ[63] ਤੂ ਚਿਤਿ[64] ਨ ਆਵਹੀ ॥	mind[59] and mouth[60] of him[62], who[63] remembers[64] Thee not, O' my Lord !	ਮੂੰਹ[60] ਵਿਚ ਰਹਿੰਦੀ[61] ਹੈ, ਜਿਸ[63] ਨੂੰ ਤੂੰ ਯਾਦ[64] ਨਹੀਂ ਆਉਂਦਾ, ਹੇ ਮੇਰੇ ਸੁਆਮੀ !
ਨਾਨਕ ਕਹੀਐ[65] ਕਿਸੁ[66] ਹੰਢਨਿ[67] ਕਰਮਾ[68] ਬਾਹਰੇ[69] ॥ ੧ ॥	Nanak, whom[66] should I tell[65] that who-so are without[69] good destiny[68] are annihilated[67].	ਨਾਨਕ ਮੈਂ ਕਿਸ[66] ਨੂੰ ਆਖਾਂ[65] ਕਿ ਜੋ ਚੰਗੀ ਕਿਸਮਤ[68] ਦੇ ਬਗੈਰ[69] ਹਨ, ਉਹ ਮਲੀਆਮੇਟ[67] ਹੋ ਜਾਂਦੇ ਹਨ।
ਮ: ੧ ॥	First Guru.	ਪਹਿਲੀ ਪਾਤਸ਼ਾਹੀ।
੧੪੮	148	੧੪੮
ਮਤਿ[70] ਪੰਖੇਰੂ[71] ਕਿਰਤੁ[72] ਸਾਥਿ[73] ਕਬ[74] ਉਤਮ[75] ਕਬ ਨੀਚ[76] ॥	The bird[71] soul[70] with[73] (on account of) its actions[72] is sometimes[74] exalted[75] and sometimes debased[76].	ਭੌਰ[70] ਪੰਛੀ[71] ਆਪਣੇ ਅਮਲਾਂ[72] ਦੇ ਨਾਲ[73] (ਸਬੱਬ) ਕਦੇ[74] ਸਰੇਸ਼ਟ[75] ਤੇ ਕਦੇ ਅਧਮ[76] ਹੁੰਦਾ ਹੈ।
ਕਬ ਚੰਦਨਿ[77] ਕਬ ਅਕਿ[78] ਡਾਲਿ[79] ਕਬ ਉਚੀ[80] ਪਰੀਤਿ[81] ॥	Sometimes it perches on the sandal[77] tree and sometimes on the branch[79] of colotropis[78] procera. Sometimes it loves[81] to soar high[80].	ਕਦੇ ਇਹ ਚੰਨਣ[77] ਦੇ ਬਿਰਛ ਅਤੇ ਕਦੇ ਅੱਕ[78] ਦੀ ਟਹਿਣੀ[79] ਤੇ ਬੈਠਦਾ ਹੈ। ਕਦੇ ਇਹ ਉਚੇ[80] ਉੱਡਣ ਨੂੰ ਪਿਆਰ[81] ਕਰਦਾ ਹੈ।

ਨਾਨਕ ਹੁਕਮਿ[82] ਚਲਾਈਐ[83] ਸਾਹਿਬ ਲਗੀ[84] ਰੀਤਿ[85] ॥ ੨ ॥	Nanak, the Lord sticks[84] to the habit[85] of driving[83] the beings according to His will[82].	ਨਾਨਕ, ਸੁਆਮੀ ਜੀਵਾਂ ਨੂੰ ਆਪਣੀ ਰਜ਼ਾ[82] ਦੇ ਅਨੁਸਾਰ ਟੋਰਣ[83] ਦੇ ਸੁਭਾਵ[85] ਨਾਲ ਸੰਬੰਧਤ[84] ਹੈ।
ਪਉੜੀ ॥	Pauri.	ਪਉੜੀ।
ਕੇਤੇ[86] ਕਹਹਿ ਵਖਾਣ[87] ਕਹਿ ਕਹਿ[88] ਜਾਵਣਾ[89] ॥	Some[86] explain and expound[87] on the Lord, and depart[89] whilst describing and narrating[88] Him.	ਕਈ[86] ਪ੍ਰਭੂ ਬਾਰੇ ਸਮਝਾਉਂਦੇ ਤੇ ਦਰਸਾਉਂਦੇ[87] ਹਨ ਅਤੇ ਉਸ ਨੂੰ ਵਰਨਣ[88] ਤੇ ਬਿਆਨ ਕਰਦੇ ਹੋਏ ਟੁਰ[89] ਜਾਂਦੇ ਹਨ।
ਵੇਦ ਕਹਹਿ[90] ਵਖਿਆਣ[91] ਅੰਤੁ[92] ਨ ਪਾਵਣਾ[93] ॥	The Vedas speak[90] of and interpret[91] the Lord, but know[93] not His limit[92].	ਵੇਦ, ਸਾਹਿਬ ਬਾਰੇ ਆਖਦੇ[90] ਤੇ ਉਸ ਦੀ ਵਿਆਖਿਆ[91] ਕਰਦੇ ਹਨ ਪਰ ਉਸ ਦੇ ਓੜਕ[92] ਨੂੰ ਨਹੀਂ ਜਾਣਦੇ[93]।
ਪੜਿਐ[94] ਨਾਹੀ ਭੇਦੁ[95] ਬੁਝਿਐ[96] ਪਾਵਣਾ[97] ॥	Not through studying[94], but through understanding[96], the Lord's secret[95] is found[97].	ਵਾਚਣ[94] ਰਾਹੀਂ ਨਹੀਂ, ਪ੍ਰੰਤੂ ਸਮਝਣ[96] ਰਾਹੀਂ ਸਾਹਿਬ ਦਾ ਭੇਤ[95] ਪਾਇਆ ਜਾਂਦਾ[97] ਹੈ।
ਖਟੁ[98] ਦਰਸਨ[99] ਕੈ ਭੇਖਿ[100] ਕਿਸੈ[2] ਸਚਿ[3] ਸਮਾਵਣਾ[4] ॥	Six[98] are the creeds[100] of the Shashtras[99], but rare[2] is the person who merges[4] in the True One[3] through them.	ਛੇ[98] ਹਨ ਮੱਤ[100] ਸ਼ਾਸਤਰਾਂ[99] ਦੇ, ਪਰ ਉਹਨਾਂ ਦੇ ਰਾਹੀਂ ਕੋਈ ਵਿਰਲਾ[2] ਹੀ ਸਤਿਪੁਰਖ[3] ਅੰਦਰ ਲੀਨ[4] ਹੁੰਦਾ ਹੈ।
ਸਚਾ ਪੁਰਖੁ[5] ਅਲਖੁ[6] ਸਬਦਿ[7] ਸੁਹਾਵਣਾ[8] ॥	The Name[7] of the True and Inscrutable[6] Person[5] embellishes[8] the man.	ਸੱਚੇ ਤੇ ਅਗਾਧ[6] ਪੁਰਸ਼[5] ਦਾ ਨਾਮ[7] ਮਨੁੱਖ ਨੂੰ ਸ਼ਸ਼ੋਭਤ[8] ਕਰ ਦਿੰਦਾ ਹੈ।
ਮੰਨੇ[9] ਨਾਇ ਬਿਸੰਖ[10] ਦਰਗਹ[12] ਪਾਵਣਾ[13] ॥	He, who believes[9] in the Name of the Infinite One[10], attains[13] to His Court[12].	ਜੋ ਬੇਅੰਤ[10] ਪੁਰਖ ਦੇ ਨਾਮ ਅੰਦਰ ਨਿਸਚਾ[9] ਧਾਰਦਾ ਹੈ, ਉਹ ਉਸ ਦੇ ਦਰਬਾਰ[12] ਨੂੰ ਪਰਾਪਤ[13] ਹੋ ਜਾਂਦਾ ਹੈ।
ਖਾਲਕ[14] ਕਉ[15] ਆਦੇਸੁ[16] ਢਾਢੀ[17] ਗਾਵਣਾ[18] ॥	I, the minstrel[17], make obeisance[16] unto[15] the Creator[14] and sing[18] His praises.	ਮੈਂ, ਕੀਰਤਨੀਆਂ[17], ਸਿਰਜਣਹਾਰ[14] ਨੂੰ[15] ਪਰਣਾਮ[16] ਕਰਦਾ ਅਤੇ ਉਸ ਦਾ ਜੱਸ ਅਲਾਪਦਾ[18] ਹਾਂ।
ਨਾਨਕ ਜੁਗ ਜੁਗ[19] ਏਕੁ[20] ਮੰਨਿ[21] ਵਸਾਵਣਾ[22] ॥ ੨੧ ॥	Within his mind[21], Nanak enshrines[22] the Lord, who is but one[20], all the ages[19] through.	ਆਪਣੇ ਚਿੱਤ[21] ਅੰਦਰ, ਨਾਨਕ ਸੁਆਮੀ ਨੂੰ ਵਸਾਉਂਦਾ[22] ਹੈ, ਜੋ ਸਮੂਹ ਯੁਗਾਂ[19] ਅੰਦਰ ਕੇਵਲ[20] ਇਕ ਹੀ ਹੈ।
ਸਲੋਕੁ ਮਹਲਾ ੨ ॥	Slok, Second Guru.	ਸਲੋਕ, ਦੂਸਰੀ ਪਾਤਸ਼ਾਹੀ।
ਮੰਤ੍ਰੀ[23] ਹੋਇ[24] ਅਠੂਹਿਆ[25] ਨਾਗੀ[26] ਲਗੈ[27] ਜਾਇ[28] ॥ ਆਪਣ ਹਥੀ[29] ਆਪਣੈ ਦੇ ਕੂਚਾ[30] ਆਪੇ ਲਾਇ[31] ॥	If one be[24] a charmer[23] of scorpions[25] and goes[28] to handle[27] serpents[26], With his own hands[29] he applies[31] a brand[30] to his ownself then.	ਜੇ ਕੋਈ ਬਿਛੂਆਂ[25] ਦਾ ਮਾਂਦ੍ਰੀ[23] ਹੋਵੇ[24] ਤੇ ਸੱਪਾਂ[26] ਨੂੰ ਜਾ ਕੇ[28] ਹੱਥ ਪਾ ਲਵੇ[27] ਤਾਂ ਉਹ ਆਪਣੇ ਹੱਥਾਂ[29] ਨਾਲ ਆਪਣੇ ਆਪ ਨੂੰ ਮੁਆਤਾ[30] ਲਾ ਲੈਂਦਾ[31] ਹੈ।

ਹੁਕਮੁ[32] ਪਇਆ[33] ਧੁਰਿ[34] ਖਸਮ[35] ਕਾ ਅਤੀ[36] ਹੁ ਧਕਾ[37] ਖਾਇ ॥	It is[33] the Master's[35] order[32] from the very beginning[34] that he suffers an exceedingly great[36] buffet[37].	ਐਨ ਆਰੰਭ[34] ਤੋਂ ਮਾਲਕ[35] ਦਾ ਇਹ ਫੁਰਮਾਨ[32] ਹੋਇਆ[33] ਹੈ ਕਿ ਉਹ ਮਹਾਨ[36] ਭਾਰੀ ਠੋਕਰ[37] ਖਾਂਦਾ ਹੈ।
ਗੁਰਮੁਖ[38] ਸਿਉ[39] ਮਨਮੁਖੁ[40] ਅੜੈ[41] ਡੁਬੈ[42] ਹਕਿ[43] ਨਿਆਇ[44] ॥	An apostate[40], who contends[41] with[39] a pious person[38], gets abrogated[42]. This is the True[43] justice[44].	ਅਧਰਮੀ[40] ਜੋ ਪਵਿੱਤ੍ਰ ਪੁਰਸ਼[38] ਨਾਲ[39] ਇਟ-ਖੜੱਕਾ[41] ਲੈਂਦਾ ਹੈ, ਉਹ ਨੇਸਤੋ-ਨਾਬੂਦ[42] ਹੋ ਜਾਂਦਾ ਹੈ। ਇਹ ਹੈ ਸੱਚਾ[43] ਇਨਸਾਫ਼[44]।
ਦੁਹਾ[45] ਸਿਰਿਆ[46] ਆਪੇ[47] ਖਸਮੁ[48] ਵੇਖੈ[49] ਕਰਿ ਵਿਉਪਾਇ[50] ॥	He Himself[47] is the Lord[48] of both[45] the ends[46], beholds[49] and discriminates[50].	ਉਹ ਖ਼ੁਦ[47] ਹੀ ਦੋਹਾਂ[45] ਪਾਸਿਆਂ[46] ਦਾ ਸੁਆਮੀ[48] ਹੈ, ਦੇਖਦਾ[49] ਅਤੇ ਨਿਰਣਾ ਕਰਦਾ[50] ਹੈ।
ਨਾਨਕ ਏਵੈ[51] ਜਾਣੀਐ[52] ਸਭ ਕਿਛੁ[53] ਤਿਸਹਿ[54] ਰਜਾਇ[55] ॥ ੧ ॥	Nanak, know[52] it like this[51], that everything[53] is according to His[54] will[55].	ਨਾਨਕ, ਇਸ ਨੂੰ ਐਸ[51] ਤਰ੍ਹਾਂ ਸਮਝ[52] ਕਿ ਸਾਰਾ[53] ਕੁਝ ਉਸ[54] ਦੀ ਰਜ਼ਾ ਮਰਜ਼ੀ[55] ਅਨੁਸਾਰ ਹੈ।
ਮਹਲਾ ੨ ॥	Second Guru.	ਦੂਸਰੀ ਪਾਤਸ਼ਾਹੀ।
ਨਾਨਕ ਪਰਖੇ[56] ਆਪ[57] ਕਉ ਤਾ[58] ਪਾਰਖੁ[59] ਜਾਣੁ[60] ॥	Nanak, if man assays[56] his own-self[57], then[58] alone deem[60] him an assayer[59].	ਨਾਨਕ, ਜੇਕਰ ਬੰਦਾ ਆਪਣੇ[57] ਆਪ ਦੀ ਸ਼ਿਨਾਖ਼ਤ[56] ਕਰ ਲਵੇ, ਕੇਵਲ ਤਦ[58] ਹੀ ਉਸ ਨੂੰ ਸ਼ਿਨਾਖ਼ਤ[59] ਕਰਨ ਵਾਲਾ ਸਮਝ[60]।
ਰੋਗੁ[61] ਦਾਰੂ[62] ਦੋਵੈ[63] ਬੁਝੈ[64] ਤਾ ਵੈਦੁ[65] ਸੁਜਾਣੁ[66] ॥	If one understands[64] both[63] the disease[61] and the medicine[62], then consider him a shrewd[66] physician[65].	ਜੇਕਰ ਬੰਦਾ ਬੀਮਾਰੀ[61] ਤੇ ਦਵਾਈ[62] ਦੋਹਾਂ[63] ਨੂੰ ਸਮਝਦਾ[64] ਹੋਵੇ ਤਦ ਹੀ ਉਹ ਪ੍ਰਬੀਨ[66] ਹਕੀਮ[65] ਜਾਣ।
ਵਾਟ[67] ਨ ਕਰਈ[68] ਮਾਮਲਾ[69] ਜਾਣੈ[70] ਮਿਹਮਾਣੁ[71] ॥	The mortal ought not to transact[68] idle business[69] in the way[67], but should deem[70] himself to be a guest[71].	ਪ੍ਰਾਣੀ ਨੂੰ ਰਾਹ[67] ਵਿਚ ਕੋਈ ਵਿਹਲਾ ਅਡੰਬਰ[69] ਰਚਨਾ[68] ਉਚਿਤ ਨਹੀਂ ਪਰੰਤੂ ਉਸ ਨੂੰ ਆਪਣੇ ਆਪ ਨੂੰ ਪ੍ਰਾਹੁਣਾ[71] ਸਮਝਣਾ[70] ਚਾਹੀਦਾ ਹੈ।
ਮੂਲੁ[72] ਜਾਣਿ[73] ਗਲਾ ਕਰੇ[74] ਹਾਣਿ ਲਾਏ[75] ਹਾਣੁ[76] ॥	He should converse[74] with the knowers[73] of the Primal[72] Lord and ought to abrogate[76] the harmful[75] sins.	ਉਸ ਨੂੰ ਆਦੀ[72] ਸਾਹਿਬ ਨੂੰ ਜਾਨਣ[73] ਵਾਲਿਆਂ ਨਾਲ ਗੱਲ[74] ਬਾਤ ਕਰਨੀ ਲੋੜੀਂਦੀ ਹੈ ਅਤੇ ਹਾਨੀ-ਕਾਰਕ[75] ਪਾਪਾਂ ਨੂੰ ਮਿਟਾ[76] ਦੇਣਾ ਚਾਹੀਦਾ ਹੈ।
ਲਬਿ[77] ਨ ਚਲਈ[78] ਸਚਿ ਰਹੈ[79] ਸੋ[80] ਵਿਸਟੁ[81] ਪਰਵਾਣੁ[82] ॥	The[80] virtuous person[81], who walks[78] not the way of avarice[77] and abides[79] in truth, becomes acceptable[82].	ਉਹ[80] ਨੇਕ ਪੁਰਸ਼[81] ਜੋ ਲਾਲਚ[77] ਦੇ ਰਸਤੇ ਨਹੀਂ ਟੁਰਦਾ[78] ਤੇ ਸੱਚ ਵਿਚ ਵਸਦਾ[79] ਹੈ, ਕਬੂਲ[82] ਪੈ ਜਾਂਦਾ ਹੈ।
ਸਰੁ[83] ਸੰਧੇ[84] ਆਗਾਸ[85] ਕਉ ਕਿਉ[86] ਪਹੁਚੈ[87] ਬਾਣੁ[88] ॥	If an arrow[83] be aimed[84] at the sky[85], how[86] can the arrow[88] reach[87] there?	ਜੇਕਰ ਤੀਰ[83] ਅਸਮਾਨ[85] ਨੂੰ ਮਾਰਿਆ[84] ਜਾਵੇ, ਉਹ ਤੀਰ[88] ਕਿਸ ਤਰ੍ਹਾਂ[86] ਉਥੇ ਪੁਜ[87] ਸਕਦਾ ਹੈ ?

ਅਗੈ[89] ਓਹੁ[91] ਅਗੰਮੁ[90] ਹੈ ਵਾਹੇਦੜੁ[92] ਜਾਣੁ[93] ॥ ੨ ॥	The[91] sky above[89] is inaccessible[90]. Know[93] that the arrow will recoil on the archer[92].	ਉਪਰ[89] ਉਹ[91] ਅਸਮਾਨ ਪਹੁੰਚ ਤੋਂ ਪਰੇਡੇ[90] ਹੈ। ਸਮਝ[93] ਲੈ ਕਿ ਤੀਰ, ਤੀਰ ਚਲਾਉਣ[92] ਵਾਲੇ ਨੂੰ ਹੀ ਮੁੜ ਕੇ ਲਗੇਗਾ।
ਪਉੜੀ ॥	Pauri.	ਪਉੜੀ।
ਨਾਰੀ[94] ਪੁਰਖੁ[95] ਪਿਆਰੁ[96] ਪ੍ਰੇਮਿ[97] ਸੀਗਾਰੀਆ[98] ॥	The bride[94] loves[96] her Spouse[95], and with His affection[97] she is embellished[98].	ਪਤਨੀ[94] ਆਪਣੇ ਪਤੀ[95] ਨੂੰ ਮੁਹੱਬਤ[96] ਕਰਦੀ ਹੈ ਅਤੇ ਉਸ ਦੀ ਪ੍ਰੀਤ[97] ਨਾਲ ਉਹ ਸ਼ਿੰਗਾਰੀ[98] ਹੋਈ ਹੈ।
ਕਰਨਿ[99] ਭਗਤਿ[100] ਦਿਨੁ ਰਾਤਿ ਨ ਰਹਨੀ[2] ਵਾਰੀਆ[3] ॥	She performs[99] His devotional service[100] day and night and is not held back[2] by restraining[3].	ਦਿਨੇ ਰੈਣ ਉਹ ਉਸ ਦੀ ਪ੍ਰੇਮ-ਮਈ[100] ਸੇਵਾ ਕਮਾਉਂਦੀ[99] ਹੈ ਅਤੇ ਰੋਕਣ[3] ਦੁਆਰਾ ਉਹ ਰੁਕਦੀ[2] ਨਹੀਂ।
ਮਹਲਾ[4] ਮੰਝਿ[5] ਨਿਵਾਸੁ[6] ਸਬਦਿ[7] ਸਵਾਰੀਆ[8] ॥	In[5] Lord's palace[4], she has her abode[6] and with His Name[7] she is bedecked[8].	ਸਾਈਂ ਦੇ ਮੰਦਰ[4] ਅੰਦਰ[5] ਉਸ ਦਾ ਵਸੇਬਾ[6] ਹੈ ਅਤੇ ਉਸ ਦੇ ਨਾਮ[7] ਨਾਲ ਉਹ ਸਜੀ[8] ਧਜੀ ਹੋਈ ਹੈ।
ਸਚੁ[9] ਕਹਨਿ[10] ਅਰਦਾਸਿ[12] ਸੇ[13] ਵੇਚਾਰੀਆ[14] ॥	She[13], the meek[14] one, makes[10] the hearty[9] supplication[12].	ਉਹ[13] ਮਸਕੀਨ[14] ਸੱਚੇ ਦਿਲੋਂ[9] ਪ੍ਰਾਰਥਨਾ[12] ਕਰਦੀ[10] ਹੈ।
ਸੋਹਨਿ[15] ਖਸਮੈ[16] ਪਾਸਿ[17] ਹੁਕਮਿ[18] ਸਿਧਾਰੀਆ[19] ॥	She looks beauteous[15] near[17] her Husband[16] and walks[19], according to His order[18].	ਉਹ ਆਪਣੇ ਮਾਲਕ[16] ਦੇ ਕੋਲ[17] ਸੁੰਦਰ[15] ਲੱਗਦੀ ਹੈ ਅਤੇ ਉਸ ਦੇ ਫੁਰਮਾਨ[18] ਅਨੁਸਾਰ ਤੁਰਦੀ[19] ਹੈ।
ਸਖੀ[20] ਕਹਨਿ[21] ਅਰਦਾਸਿ[22] ਮਨਹੁ[23] ਪਿਆਰੀਆ[24] ॥	With her dear[24] bosom[23] and friends[20], she says[21] prayers[22] before her Lord.	ਆਪਣੀਆਂ ਦਿਲੀ[23] ਤੇ ਸਨੇਹੀ[24] ਸਹੀਆਂ[20] ਨਾਲ ਉਹ ਆਪਣੇ ਸਿਰ ਦੇ ਸਾਈਂ ਅੱਗੇ ਬੇਨਤੀ[22] ਆਖਦੀ[21] ਹੈ।
ਬਿਨੁ[25] ਨਾਵੈ ਧ੍ਰਿਗੁ[26] ਵਾਸੁ[27] ਫਿਟੁ[28] ਸੁ ਜੀਵਿਆ[29] ॥	Accursed[26] is the abode[27], and reproachable[28] the life[29], of those who are without[25] the Lord's Name.	ਲਾਨ੍ਹਤ[26] ਮਾਰਿਆ ਹੈ ਵਾਸਾ[27], ਅਤੇ ਧ੍ਰਿਕਾਰ[28] ਯੋਗ ਹੈ ਜੀਵਨ[29], ਉਨ੍ਹਾਂ ਦਾ ਜੋ ਸਾਹਿਬ ਦੇ ਨਾਮ ਦੇ ਬਗੈਰ[25] ਹਨ।
ਸਬਦਿ[30] ਸਵਾਰੀਆਸੁ[31] ਅੰਮ੍ਰਿਤੁ[32] ਪੀਵਿਆ[33] ॥੨੨॥	She is ornamented[31] with her Lord's Name[30] and quaffs[33] Nectar[32].	ਉਹ ਆਪਣੇ ਸੁਆਮੀ ਦੇ ਨਾਮ[30] ਨਾਲ ਸ਼ਿੰਗਾਰੀ[31] ਹੋਈ ਹੈ ਅਤੇ ਸੁਧਾ-ਰਸ[32] ਪਾਨ[33] ਕਰਦੀ ਹੈ।
ਸਲੋਕੁ ਮ: ੧ ॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ।
ਮਾਰੂ[34] ਮੀਹਿ[35] ਨ ਤ੍ਰਿਪਤਿਆ[36] ਅਗੀ[37] ਲਹੈ[38] ਨ ਭੁਖ[39] ॥	The desert[34] is not satiated[36] with rain[35] and the hunger[39] of fire[37] is not quenched[38].	ਰੇਤਲਾ[34] ਥਲ ਬਾਰਸ਼[35] ਨਾਲ ਸੰਤੁਸ਼ਟ[36] ਨਹੀਂ ਹੁੰਦਾ ਅਤੇ ਅੱਗ[37] ਦੀ ਖੁਦਿਆ[39] ਨਵਿਰਤ[38] ਨਹੀਂ ਹੁੰਦੀ।
ਰਾਜਾ[40] ਰਾਜਿ[41] ਨ ਤ੍ਰਿਪਤਿਆ[42] ਸਾਇਰ[43] ਭਰੇ[44] ਕਿਸੁਕ[45] ॥	The king[40] is satiated[42] not with his dominion[41] and who[45] has ever filled[44] the oceans[43]?	ਪਾਤਸ਼ਾਹ[40] ਪਾਤਸ਼ਾਹਤ[41] ਨਾਲ ਨਹੀਂ ਰਜਦਾ[42] ਅਤੇ ਸਮੁੰਦਰ[43] ਕਦੋਂ ਕਿਸੇ[45] ਨੇ ਭਰਪੂਰ[44] ਕੀਤੇ ਹਨ ?

ਨਾਨਕ ਸਚੇ ਨਾਮ ਕੀ ਕੇਤੀ[46] ਪੁਛਾ ਪੁਛ[47] ॥ ੧॥	How many[46] inquiries and interrogations[47] should Nanak make regarding the true Name ? His hunger for it never appeases.	ਸੱਚੇ ਨਾਮ ਸੰਬੰਧੀ ਨਾਨਕ ਕਿੰਨੀਆਂ[46] ਪੁੱਛਾਂ ਗਿੱਛਾਂ[47] ਕਰੇ ? ਇਸ ਲਈ ਉਸ ਦੀ ਭੁੱਖ ਕਦਾਚਿਤ ਤ੍ਰਿਪਤ ਨਹੀਂ ਹੁੰਦੀ।
ਮਹਲਾ ੨ ॥	Second Guru.	ਦੂਜੀ ਪਾਤਸ਼ਾਹੀ ।
ਨਿਹਫਲੰ[48] ਤਸਿ[49] ਜਨਮਸਿ[50] ਜਾਵਤੁ[51] ਬ੍ਰਹਮ[52] ਨ ਬਿੰਦਤੇ[53] ॥	Until[51] the mortal knows[53] the Pervading[52] God, his[49] human birth[50] is unprofitable[48].	ਜਦ[51] ਤਾਈਂ ਪ੍ਰਾਣੀ ਵਿਆਪਕ ਵਾਹਿਗੁਰੂ[52] ਨੂੰ ਨਹੀਂ ਜਾਣਦਾ[53], ਉਸ ਦਾ[49] ਮਨੁੱਖਾ ਜਨਮ[50] ਨਿਸਫਲ[48] ਹੈ।
ਸਾਗਰੰ[54] ਸੰਸਾਰ[55] ਸਿ[56] ਗੁਰ ਪਰਸਾਦੀ[57] ਤਰਹਿ[58] ਕੇ[59] ॥	That[56] world[55]-ocean[54] few[59] cross over[58] by the Guru's grace[57].	ਜਗਤ[55] ਸਮੁੰਦਰ[54], ਉਸ[56] ਤੋਂ ਗੁਰਾਂ ਦੀ ਦਇਆ[57] ਦੁਆਰਾ ਵਿਰਲੇ[59] ਹੀ ਪਾਰ[58] ਹੁੰਦੇ ਹਨ।
ਕਰਣ[60]ਕਾਰਣ[61] ਸਮਰਥੁ[62] ਹੈ ਕਹੁ[63] ਨਾਨਕ ਬੀਚਾਰਿ[64] ॥	Potent[62] to do[60] all the works[61] is the Lord. After deep deliberation[64] Nanak says[63] this.	ਸਾਰੇ ਕੰਮ[61] ਨੇਪਰੇ ਚਾੜ੍ਹਨ[60] ਦੇ ਯੋਗ[62] ਹੈ ਸੁਆਮੀ। ਗੂੜ੍ਹੀ ਸੋਚ ਵਿਚਾਰ[64] ਮਗਰੋਂ ਨਾਨਕ ਇਹ ਆਖਦਾ[63] ਹੈ।
ਕਾਰਣੁ[65] ਕਰਤੇ[66] ਵਸਿ[67] ਹੈ ਜਿਨਿ[68] ਕਲ[69] ਰਖੀ ਧਾਰਿ[70] ॥੨॥	The creation[65] is in the control[67] of the Creator[66], who[68] by His might[69] is sustaining[70] it.	ਰਚਨਾ[65] ਰਚਣਹਾਰ[66] ਦੇ ਅਖ਼ਤਿਆਰ[67] ਵਿਚ ਹੈ। ਜੋ[68] ਆਪਣੀ ਸ਼ਕਤੀ[69] ਦੁਆਰਾ ਇਸ ਨੂੰ ਆਸਰਾ[70] ਦੇ ਰਿਹਾ ਹੈ।
ਪਉੜੀ ॥	Pauri.	ਪਉੜੀ ।
ਖਸਮੈ[71] ਕੈ ਦਰਬਾਰਿ[72] ਢਾਢੀ[73] ਵਸਿਆ[74] ॥	In the Court[72] of the Lord[71], the minstrel[73] abides[74].	ਸਾਹਿਬ[71] ਦੀ ਦਰਗਾਹ[72] ਅੰਦਰ ਭੱਟ[73] ਵਸਦਾ[74] ਹੈ।
ਸਚਾ ਖਸਮੁ[75] ਕਲਾਣਿ[76] ਕਮਲੁ[77] ਵਿਗਸਿਆ[78] ॥	By singing the praises[76] of the True Master[75], his heart lotus[77] has bloomed[78].	ਸੱਚੇ ਮਾਲਕ[75] ਦੀ ਮਹਿਮਾ[76] ਗਾਇਨ ਕਰਨ ਦੁਆਰਾ ਉਸ ਦਾ ਦਿਲ-ਕੰਵਲ[77] ਖਿੜ[78] ਗਿਆ ਹੈ।
ਖਸਮਹੁ ਪੂਰਾ[79] ਪਾਇ[80] ਮਨਹੁ[81] ਰਹਸਿਆ[82] ॥	By obtaining[80] perfect[79] understanding from the Master in his mind[81], he is transported[82].	ਮਾਲਕ ਪਾਸੋਂ ਪੂਰਨ[79] ਗਿਆਤ ਪਰਾਪਤ[80] ਕਰਨ ਦੁਆਰਾ ਆਪਣੇ ਚਿੱਤ[81] ਵਿਚ ਉਹ ਪਰਮ[82] ਪਰਸੰਨ ਹੋ ਗਿਆ ਹੈ।
ਦੁਸਮਨ[83] ਕਢੇ[84] ਮਾਰਿ[85] ਸਜਣ[86] ਸਰਸਿਆ[87] ॥	The enemies[83] have been beaten[85] off[84], so the friends[86] are pleased[87].	ਵੈਰੀ[83] ਮਾਰ ਕੁਟ[85] ਕੇ ਪਰੇ[84] ਹਟਾ ਦਿਤੇ ਹਨ, ਸੋ ਮਿਤ੍ਰ[86] ਖ਼ੁਸ਼[87] ਹੋ ਗਏ ਹਨ।
੧੪੯	149	੧੪੯
ਸਚਾ ਸਤਿਗੁਰੁ ਸੇਵਨਿ[88] ਸਚਾ[89] ਮਾਰਗੁ[90] ਦਸਿਆ[91] ॥	The right[89] path[90] is shown[91] unto them, who serve[88] the True Sat Guru.	ਸਹੀ[89] ਰਸਤਾ[90] ਉਹਨਾਂ ਨੂੰ ਦਿਖਾਲ[91] ਦਿਤਾ ਜਾਂਦਾ ਹੈ, ਜੋ ਸੱਚੇ ਸਤਿਗੁਰਾਂ ਦੀ ਟਹਿਲ[88] ਕਮਾਉਂਦੇ ਹਨ।

ਸਚਾ ਸਬਦੁ[92] ਬੀਚਾਰਿ[93] ਕਾਲੁ[94] ਵਿਧਉਸਿਆ[95] ॥	By meditating[93] on the True Name[92], the fear of death[94] is annulled[95].	ਸੱਚੇ ਨਾਮ[92] ਦਾ ਸਿਮਰਨ[93] ਕਰਨ ਦੁਆਰਾ, ਮੌਤ[94] ਦਾ ਡਰ ਮਿਟ[95] ਜਾਂਦਾ ਹੈ।
ਢਾਢੀ[96] ਕਥੇ[97] ਅਕਥੁ[98] ਸਬਦਿ ਸਵਾਰਿਆ[99] ॥	The eulogist[96] utters[97] the ineffable[98] Lord, and is adorned[99] with His Name.	ਜੱਸ ਕਰਨ ਵਾਲਾ[96] ਅਕਹਿ[98] ਸੁਆਮੀ ਦਾ ਉਚਾਰਣ[97] ਕਰਦਾ ਹੈ ਅਤੇ ਉਸ ਦੇ ਨਾਮ ਨਾਲ ਸ਼ਿੰਗਾਰਿਆ[99] ਗਿਆ ਹੈ।
ਨਾਨਕ ਗੁਣ[100] ਗਹਿ[2] ਰਾਸਿ[3] ਹਰਿ[4] ਜੀਉ[5] ਮਿਲੇ[6] ਪਿਆਰਿਆ[7] ॥ ੨੩ ॥	By holding fast[2] the capital[3] of virtue[100], Nanak has met[6] the venerable[5] Beloved[7] Lord[4].	ਨੇਕੀ[100] ਦੀ ਪੂੰਜੀ[3] ਨੂੰ ਘੁੱਟ ਕੇ ਫੜ[2] ਰੱਖਣ ਦੁਆਰਾ ਨਾਨਕ ਨੇ ਪੂਜਨ[5] ਪ੍ਰੀਤਮ[7] ਪ੍ਰਭੂ[4] ਨੂੰ ਭੇਟ[6] ਲਿਆ ਹੈ।
ਸਲੋਕੁ ਮ: ੧ ॥	Slok, First Guru.	ਸਲੋਕ, ਪਹਿਲੀ ਪਾਤਸ਼ਾਹੀ।
ਖਤਿਅਹੁ[8] ਜੰਮੇ[9] ਖਤੇ ਕਰਨਿ[10] ਤ[12] ਖਤਿਆ ਵਿਚਿ ਪਾਹਿ[13] ॥	Born[9] from the sins[8] and by committing[10] sins man ever[12] falls[13] into sins.	ਪਾਪਾਂ[8] ਤੋਂ ਪੈਦਾ[9] ਹੋ ਤੇ ਪਾਪ ਕਮਾਉਣ[10] ਦੁਆਰਾ ਬੰਦਾ ਹਮੇਸ਼ਾਂ[12] ਪਾਪਾਂ ਵਿਚ ਪੈਂਦਾ[13] ਹੈ।
ਧੋਤੇ[14] ਮੂਲਿ ਨ ਉਤਰਹਿ[15] ਜੇ[16] ਸਉ[17] ਧੋਵਣ[18] ਪਾਹਿ[20] ॥	By washing[14], the sins are never removed[15], even though[16] hundreds[17] of washings[18] be had[20].	ਧੋਣ[14] ਦੁਆਰਾ, ਪਾਪ ਕਦਾਚਿੱਤ ਦੂਰ[15] ਨਹੀਂ ਹੁੰਦੇ, ਭਾਵੇਂ[16] ਸੈਂਕੜੇ[17] ਧੋਆਂ[18] ਪਾਈਆਂ[20] ਜਾਣ।
ਨਾਨਕ ਬਖਸੇ[21] ਬਖਸੀਅਹਿ[22] ਨਾਹਿ[23] ਤ ਪਾਹੀ[24] ਪਾਹਿ[25] ॥ ੧ ॥	Nanak, if the Master forgives[21], the mortals are forgiven[22], otherwise[23] they are shoe[24]-beaten[25].	ਨਾਨਕ, ਜੇਕਰ ਮਾਲਕ ਮਾਫ਼ੀ[21] ਦੇਵੇ, ਪ੍ਰਾਣੀ ਬਖ਼ਸ਼ੇ[22] ਜਾਂਦੇ ਹਨ, ਨਹੀਂ[23] ਤਾਂ ਉਹਨਾਂ ਨੂੰ ਜੁੱਤੀਆਂ[24] ਪੈਂਦੀਆਂ[25] ਹਨ।
ਮ: ੧ ॥	First Guru.	ਪਹਿਲੀ ਪਾਤਸ਼ਾਹੀ।
ਨਾਨਕ ਬੋਲਣੁ[26] ਝਖਣਾ[27] ਦੁਖ[28] ਛਡਿ[29] ਮੰਗੀਅਹਿ[30] ਸੁਖ[31] ॥	Absurd[27] is the request[26], O' Nanak, to ask[30] for weal[31] by abandoning[29] woe[28].	ਤਕਲੀਫ਼[28] ਤਿਆਗ[29] ਕੇ, ਆਰਾਮ[31] ਦੀ ਯਾਚਨਾ[30] ਕਰਨ ਦੀ ਪ੍ਰਾਰਥਨਾ[26] ਫ਼ਜ਼ੂਲ[27] ਹੈ, ਹੇ ਨਾਨਕ!
ਸੁਖੁ ਦੁਖੁ ਦੁਇ[32] ਦਰਿ[33] ਕਪੜੇ[34] ਪਹਿਰਹਿ[35] ਜਾਇ ਮਨੁਖ[36] ॥	Pleasure and pain are the two[32] raiments[34], given to the mortal[36] from the Lord's Court[33], to be worn[35].	ਖ਼ੁਸ਼ੀ ਤੇ ਗ਼ਮੀ ਦੋ[32] ਪੁਸ਼ਾਕਾਂ[34] ਸਾਈਂ ਦੇ ਦਰਬਾਰ[33] ਤੋਂ ਪ੍ਰਾਣੀ[36] ਨੂੰ, ਪਹਿਨਣ[35] ਲਈ ਮਿਲੀਆਂ ਹਨ।
ਜਿਥੈ[37] ਬੋਲਣਿ[38] ਹਾਰੀਐ[39] ਤਿਥੈ[40] ਚੰਗੀ[41] ਚੁਪ[42] ॥੨॥	Where[37] one is bound to lose[39] by utterance[38], it is good[41] to keep mum[42] there[40].	ਜਿਥੇ[37] ਇਨਸਾਨ ਨੇ ਆਖਣ[38] ਦੁਆਰਾ ਸ਼ਿਕਸਤ[39] ਹੀ ਖਾਣੀ ਹੈ, ਉਥੇ[40] ਖ਼ਾਮੋਸ਼[42] ਰਹਿਣਾ ਹੀ ਭਲਾ[41] ਹੈ।
ਪਉੜੀ ॥	Pauri.	ਪਉੜੀ
ਚਾਰੇ ਕੁੰਡਾ[43] ਦੇਖਿ[44] ਅੰਦਰੁ[45] ਭਾਲਿਆ[46] ॥	Looking[44] around in four directions[43] I searched[46] my inner-self[45].	ਚਾਰਾਂ ਹੀ ਪਾਸਿਆਂ[43] ਵੱਲ ਵੇਖ[44] ਕੇ ਮੈਂ ਆਪਣੇ ਅੰਤ੍ਰੀਵ[45] ਦੀ ਖੋਜ ਭਾਲ[46] ਕੀਤੀ।
ਸਚੈ ਪੁਰਖਿ[47] ਅਲਖਿ[48]	There I saw[50] the invisible[48] True	ਉਥੇ ਮੈਂ ਅਦ੍ਰਿਸ਼ਟ[48] ਸੱਚਾ ਸਾਹਿਬ ਸਿਰਜਣਹਾਰ[49]

ਸਿਰਜਿ[49] ਨਿਹਾਲਿਆ[50] ॥	Lord[47], the Creator[49].	ਤੱਕ[50] ਲਿਆ ।
ਉਝੜਿ[51] ਭੁਲੇ[52] ਰਾਹੁ[53] ਗੁਰਿ ਵੇਖਾਲਿਆ[54] ॥	I strayed[52] in the wilderness[51]. The Guru has shown[54] me the way[53].	ਮੈਂ ਬੀਆਬਾਨ[51] ਵਿਚ ਕੁਰਾਹੇ ਪੈ[52] ਗਿਆ ਸਾਂ । ਗੁਰਾਂ ਨੇ ਮੈਨੂੰ ਮਾਰਗ[53] ਦਿਖਾ ਦਿੱਤਾ[54] ਹੈ ।
ਸਤਿਗੁਰ ਸਚੇ ਵਾਹੁ[55] ਸਚੁ[56] ਸਮਾਲਿਆ[57] ॥	Hail[55] unto the true Sat Guru through whom I have remembered[57] the True Lord[56].	ਸ਼ਾਬਾਸ਼[55] ਹੈ, ਸੱਚੇ ਸਤਿਗੁਰਾਂ ਨੂੰ, ਜਿਨ੍ਹਾਂ ਦੇ ਰਾਹੀਂ ਮੈਂ ਸੱਚੇ ਸਾਹਿਬ[56] ਦਾ ਸਿਮਰਨ[57] ਕੀਤਾ ਹੈ ।
ਪਾਇਆ[58] ਰਤਨੁ[59] ਘਰਾਹੁ[60] ਦੀਵਾ[61] ਬਾਲਿਆ[62] ॥	The Guru has lighted[62] the lamp[61] and within my home[60] I have found[58] the emerald[59].	ਗੁਰਾਂ ਨੇ ਦੀਪ[61] ਜਗਾ ਦਿਤਾ[62] ਹੈ ਅਤੇ ਆਪਣੇ ਘਰ[60] ਵਿਚ ਹੀ ਮੈਂ ਮਾਣਕ[59] ਲੱਭ[58] ਲਿਆ ਹੈ ।
ਸਚੈ ਸਬਦਿ[63] ਸਲਾਹਿ[64] ਸੁਖੀਏ[65] ਸਚ ਵਾਲਿਆ[66]॥	The true persons[66], who praise[64] the True Name[63], remain in peace[65].	ਸੱਚੇ ਪੁਰਸ਼[66] ਜੋ ਸੱਚੇ ਨਾਮ[63] ਦੀ ਮਹਿਮਾ[64] ਕਰਦੇ ਹਨ, ਆਰਾਮ[65] ਵਿਚ ਰਹਿੰਦੇ ਹਨ ।
ਨਿਡਰਿਆ[67] ਡਰੁ[68]ਲਗਿ[69] ਗਰਬਿ[70] ਜਿ[71] ਗਾਲਿਆ[72] ॥	Awe[68] overtakes[69] them who are without the Lord's fear[67]. They[71] are destroyed[72] by self-conceit[70].	ਜਿਹੜੇ ਪ੍ਰਭੂ ਦੇ ਭੈ ਤੋਂ ਬਿਨਾਂ[67] ਹਨ, ਉਨ੍ਹਾਂ ਨੂੰ ਭੈ[68] ਚਿਮੜਦਾ[69] ਹੈ । ਉਨ੍ਹਾਂ[71] ਨੂੰ ਸਵੈ-ਹੰਗਤਾ[70] ਨੇ ਬਰਬਾਦ[72] ਕਰ ਦਿਤਾ ਹੈ ।
ਨਾਵਹੁ ਭੁਲਾ[73] ਜਗੁ[74] ਫਿਰੈ[75] ਬੇਤਾਲਿਆ[76] ॥ ੨੪ ॥	Having forgotten[73] the Name, the world[74] is roaming[75] about like a demon[76].	ਨਾਮ ਨੂੰ ਵਿਸਾਰ[73] ਕੇ ਦੁਨੀਆਂ[74] ਭੂਤਨੇ[76] ਦੀ ਮਾਨਿੰਦ ਭਟਕਦੀ ਫਿਰਦੀ[75] ਹੈ ।
ਸਲੋਕੁ ਮ: ੩ ॥	Slok, Third Guru.	ਸਲੋਕ, ਤੀਜੀ ਪਾਤਸ਼ਾਹੀ ।
ਭੈ[77] ਵਿਚਿ ਜੰਮੈ[78] ਭੈ ਮਰੈ ਭੀ[79] ਭਉ ਮਨ[82] ਮਹਿ[80] ਹੋਇ[81] ॥	In fear[77] the man is born[78], in fear he dies, and fear ever[79] abides[81] within[80] his mind[82].	ਡਰ[77] ਵਿਚ ਆਦਮੀ ਜੰਮਦਾ[78] ਹੈ, ਡਰ ਵਿਚ ਮਰਦਾ ਹੈ ਅਤੇ ਡਰ ਸਦਾ[79] ਉਸ ਦੇ ਚਿੱਤ[82] ਅੰਦਰ[80] ਵਸਦਾ[81] ਹੈ ।
ਨਾਨਕ ਭੈ ਵਿਚਿ ਜੇ[83] ਮਰੈ[84] ਸਹਿਲਾ[85] ਆਇਆ[86] ਸੋਇ[87] ॥	Nanak if[83] man dies[84] in the Lord's fear, fruitful[85] becomes his[87] advent[86].	ਨਾਨਕ, ਜੇਕਰ[83] ਬੰਦਾ ਪ੍ਰਭੂ ਦੇ ਡਰ ਅੰਦਰ ਫੌਤ[84] ਹੋ ਜਾਏ, ਉਸ[87] ਦਾ ਆਗਮਨ[86] ਸਫਲ[85] ਹੋ ਜਾਂਦਾ ਹੈ ।
ਮ: ੩ ॥	Third Guru.	ਤੀਜੀ ਪਾਤਸ਼ਾਹੀ ।
ਭੈ ਵਿਣੁ[88] ਜੀਵੈ ਬਹੁਤੁ ਬਹੁਤੁ[89] ਖੁਸੀਆ[90] ਖੁਸੀ ਕਮਾਇ[91] ॥	Without[88] God's fear the mortal lives very long[89] and enjoys[91] pleasure of pleasures[90].	ਵਾਹਿਗੁਰੂ ਦੇ ਡਰ ਦੇ ਬਗੈਰ[88] ਜੀਵ ਬਹੁਤ ਜ਼ਿਆਦਾ[89] ਚਿਰ ਜਿਊਂਦਾ ਹੈ ਅਤੇ ਮੌਜਾਂ[90] ਹੀ ਮੌਜਾਂ ਮਾਣਦਾ[91] ਹੈ ।
ਨਾਨਕ ਭੈ ਵਿਣੁ ਜੇ[92] ਮਰੈ ਮੁਹਿ[93] ਕਾਲੈ[94] ਉਠਿ[95] ਜਾਇ[96] ॥ ੨ ॥	Nanak, if[92] he dies without God's fear he will get up[95] and depart[96] with the blackened[94] face[93].	ਨਾਨਕ, ਜੇਕਰ[92] ਉਹ ਵਾਹਿਗੁਰੂ ਦੇ ਡਰ ਦੇ ਬਗੈਰ ਮਰ ਜਾਵੇ ਉਹ ਸਿਆਹ[94] ਚਿਹਰੇ[93] ਨਾਲ ਖੜਾ[95] ਹੋ ਟੁਰ[96] ਜਾਏਗਾ ।
ਪਉੜੀ ॥	Pauri.	ਪਉੜੀ ।
ਸਤਿਗੁਰੁ ਹੋਇ[97] ਦਇਆਲੁ[98] ਤ[99] ਸਰਧਾ[100] ਪੂਰੀਐ[2] ॥	When the True Guru becomes[97] merciful[98], desire[100] is fulfilled[2] then[99].	ਜਦ ਸੱਚੇ ਗੁਰੂ ਮਿਹਰਬਾਨ[98] ਹੋ ਜਾਂਦੇ[97] ਹਨ, ਤਾਂ[99] ਸੱਧਰ[100] ਪੂਰੀ[2] ਹੋ ਜਾਂਦੀ ਹੈ ।

ਸਤਿਗੁਰੁ ਹੋਇ ਦਇਆਲੁ ਨ ਕਬਹੂੰ[3] ਝੂਰੀਐ[4] ॥	When the True Guru becomes merciful, man grieves[4] not ever[3].	ਜਦ ਸੱਚੇ ਗੁਰੂ ਮਿਹਰਬਾਨ ਹੋ ਜਾਂਦੇ ਹਨ, ਬੰਦਾ ਕਦਾਚਿੱਤ[3] ਪਛਤਾਉਂਦਾ[4] ਨਹੀਂ।
ਸਤਿਗੁਰੁ ਹੋਇ ਦਇਆਲੁ ਤਾ ਦੁਖੁ[5] ਨ ਜਾਣੀਐ ॥	When the True Guru becomes merciful, man knows no pain[5] then.	ਜਦ ਸੱਚੇ ਗੁਰੂ ਮਿਹਰਬਾਨ ਹੋ ਜਾਂਦੇ ਹਨ, ਤਦ ਬੰਦਾ ਤਕਲੀਫ਼[5] ਨੂੰ ਜਾਣਦਾ ਹੀ ਨਹੀਂ।
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ[6] ਮਾਣੀਐ[7] ॥	When the True Guru becomes merciful then man enjoys[7] God's love[6].	ਜਦ ਸੱਚੇ ਗੁਰੂ ਮਿਹਰਬਾਨ ਹੋ ਜਾਂਦੇ ਹਨ, ਤਦੋਂ ਆਦਮੀ ਰੱਬ ਦੀ ਪ੍ਰੀਤ[6] ਦਾ ਆਨੰਦ[7] ਲੈਂਦਾ ਹੈ।
ਸਤਿਗੁਰੁ ਹੋਇ ਦਇਆਲੁ ਤਾ ਜਮ[8] ਕਾ ਡਰੁ[10] ਕੇਹਾ[9] ॥	When the True Guru becomes merciful, then what[9] fear[10] has man of death[8] ?	ਜਦ ਸੱਚੇ ਗੁਰੂ ਮਿਹਰਬਾਨ ਹੋ ਜਾਂਦੇ ਹਨ, ਤਦ ਆਦਮੀ ਨੂੰ ਮੌਤ[8] ਦਾ ਤ੍ਰਾਹ[10] ਕਾਹਦਾ[9] ਹੈ ?
ਸਤਿਗੁਰੁ ਹੋਇ ਦਇਆਲੁ ਤਾ ਸਦ ਹੀ[12] ਸੁਖੁ[14] ਦੇਹਾ[13] ॥	When the True Guru becomes merciful, then the body[13] is ever[12] in peace[14].	ਜਦ ਸੱਚੇ ਗੁਰੂ ਮਿਹਰਬਾਨ ਹੋ ਜਾਂਦੇ ਹਨ, ਤਦ ਸਰੀਰ[13] ਨੂੰ ਹਮੇਸ਼ਾਂ[12] ਆਰਾਮ[14] ਹੁੰਦਾ ਹੈ।
ਸਤਿਗੁਰੁ ਹੋਇ ਦਇਆਲੁ ਤਾ ਨਵ[15] ਨਿਧਿ[16] ਪਾਈਐ[17] ॥	When the True Guru becomes merciful, then the nine[15] treasures[16] are obtained[17].	ਜਦ ਸੱਚੇ ਗੁਰੂ ਮਿਹਰਬਾਨ ਹੋ ਜਾਂਦੇ ਹਨ, ਤਦ ਨੌ[15] ਖ਼ਜ਼ਾਨੇ[16] ਪਰਾਪਤ[17] ਹੋ ਜਾਂਦੇ ਹਨ।
ਸਤਿਗੁਰੁ ਹੋਇ ਦਇਆਲੁ ਤ ਸਚਿ[18] ਸਮਾਈਐ[19] ॥ ੨੫ ॥	When the True Guru becomes merciful, then is the man absorbed[19] in the True Lord[18].	ਜਦ ਸੱਚੇ ਗੁਰੂ ਮਿਹਰਬਾਨ ਹੋ ਜਾਂਦੇ ਹਨ, ਤਦ ਇਨਸਾਨ ਸੱਚੇ ਸਾਹਿਬ[18] ਅੰਦਰ ਲੀਨ[19] ਹੋ ਜਾਂਦਾ ਹੈ।
ਸਲੋਕੁ ਮ: ੧ ॥	Slok First Guru.	ਸਲੋਕ, ਪਹਿਲੀ ਪਾਤਸ਼ਾਹੀ।
ਸਿਰੁ[20] ਖੋਹਾਇ[21] ਪੀਅਹਿ[22] ਮਲਵਾਣੀ[23] ਜੂਠਾ[24] ਮੰਗਿ ਮੰਗਿ[25] ਖਾਹੀ[26] ॥	They have their heads[20] plucked[21], drink[22] dirty water[23] and repeatedly beg[25] and eat[26] other's leavings[24].	ਉਹ ਆਪਣੇ ਮੂੰਡ[20] ਪੁਟਵਾਉਂਦੇ[21], ਮੈਲਾ ਪਾਣੀ[23] ਪੀਂਦੇ[22] ਅਤੇ ਉਹ ਹੋਰਨਾਂ ਦੀ ਜੂਠ[24] ਬਾਰ ਬਾਰ ਮੰਗਦੇ[25] ਅਤੇ ਖਾਂਦੇ[26] ਹਨ।
ਫੋਲਿ[27] ਫਦੀਹਤਿ[28] ਮੁਹਿ[29] ਲੈਨਿ[30] ਭੜਾਸਾ[31] ਪਾਣੀ[32] ਦੇਖਿ[33] ਸਗਾਹੀ[34] ॥	They spread[27] out ordure[28], with their mouths[29], suck[30] its ordure[31] and dread[34] to look[33] at water[32].	ਉਹ ਗੰਦਗੀ[28] ਨੂੰ ਖਿਲਾਰਦੇ[27] ਹਨ, ਆਪਣੇ ਮੂੰਹ[29] ਨਾਲ ਇਸ ਦੀਆਂ ਹਵਾੜਾਂ[31] ਅੰਦਰ ਖਿਚਦੇ[30] ਹਨ ਤੇ ਜਲ[32] ਵੇਖਣ[33] ਤੋਂ ਤਰਹਿੰਦੇ[34] ਹਨ।
ਭੇਡਾ ਵਾਗੀ[35] ਸਿਰੁ ਖੋਹਾਇਨਿ ਭਰੀਅਨਿ[36] ਹਥ[37] ਸੁਆਹੀ[38] ॥	With hands[37] smeared[36] with ashes[38], they have their heads plucked like[35] sheep.	ਰਾਖ[38] ਨਾਲ ਲਿਬੜੇ[36] ਹੋਏ ਹਥਾਂ[37] ਨਾਲ ਭੇਡਾਂ ਦੀ ਮਾਨਿੰਦ[35] ਉਹ ਆਪਣੇ ਮੂੰਡ ਪੁਟਵਾਉਂਦੇ ਹਨ।
ਮਾਊ[39] ਪੀਊ[40] ਕਿਰਤੁ[41] ਗਵਾਇਨਿ[42] ਟਬਰ[43] ਰੋਵਨਿ[44] ਧਾਹੀ[45] ॥	The daily routine[41] of their mothers[39] and fathers[40] they give up[42], and their kith and kin[43] bewail[44] loudly[45].	ਆਪਣੀਆਂ ਅੰਮੜੀਆਂ[39] ਤੇ ਬਾਬਲਾਂ[40] ਦੀ ਨਿੱਤ ਦੀ ਮਰਿਆਦਾ[41] ਉਹ ਛੱਡ[42] ਦਿੰਦੇ ਹਨ ਅਤੇ ਉਨ੍ਹਾਂ ਦੇ ਸਾਕ ਸੈਨ[43] ਭੁੱਬਾਂ[45] ਮਾਰ ਕੇ ਰੋਂਦੇ[44] ਹਨ।

ਓਨਾ ਪਿੰਡੁ[46] ਨ ਪਤਲਿ[47] ਕਿਰਿਆ[48] ਨ ਦੀਵਾ[49] ਮੁਏ[50] ਕਿਥਾਊ[51] ਪਾਹੀ[52]॥	For them none gives barley[46] rolls and food on leaves[47], nor performs last rites[48], nor lights earthen lamp[49]. After death[50] where[51] shall they be cast[52] ?	ਉਨ੍ਹਾਂ ਲਈ ਕੋਈ ਜਵਾਂ ਦੇ[46] ਪਿੰਨੇ ਅਤੇ ਪਤਿਆਂ[47] ਤੇ ਭੋਜਨ ਨਹੀਂ ਦਿੰਦਾ, ਨਾ ਹੀ ਮਿਰਤਕ ਸੰਸਕਾਰ[48] ਕਰਦਾ ਹੈ, ਨਾ ਹੀ ਮਿੱਟੀ ਦਾ ਦੀਵਾ[49] ਬਾਲਦਾ ਹੈ। ਮਰਨ[50] ਮਗਰੋਂ ਉਹ ਕਿਥੇ[51] ਸੁੱਟੇ[52] ਜਾਣਗੇ ?
ਅਠਸਠਿ[53] ਤੀਰਥ[54] ਦੇਨਿ ਨ ਢੋਈ[55] ਬ੍ਰਹਮਣ[56] ਅੰਨੁ[57] ਨ ਖਾਹੀ॥	The sixty-eight[53] places of pilgrimage[54] grant them no refuge[55], and Pandits[56] eat not their food[57].	ਅਠਾਹਟ[53] ਯਾਤ੍ਰਾ ਦੇ ਅਸਥਾਨ[54] ਉਨ੍ਹਾਂ ਨੂੰ ਪਨਾਹ[55] ਨਹੀਂ ਦਿੰਦੇ, ਅਤੇ ਪੰਡਤ[56] ਉਹਨਾਂ ਦਾ ਭੋਜਨ[57] ਨਹੀਂ ਖਾਂਦੇ।
ਸਦਾ[58] ਕੁਚੀਲ[59] ਰਹਹਿ ਦਿਨੁ ਰਾਤੀ[60] ਮਥੈ[61] ਟਿਕੇ[62] ਨਾਹੀ॥	They ever[58] remain filthy[59] day and night[60], and bear not sacrificial marks[62] on their brow[61].	ਉਹ ਹਮੇਸ਼ਾ[58] ਦਿਹੁੰ ਰੈਣ[60] ਮਲੀਨ[59] ਰਹਿੰਦੇ ਹਨ ਅਤੇ ਉਨ੍ਹਾਂ ਦੇ ਮਸਤਕ[61] ਉਤੇ ਤਿਲਕ[62] ਨਹੀਂ।
ਝੁੰਡੀ[63] ਪਾਇ ਬਹਨਿ[64] ਨਿਤਿ[65] ਮਰਣੈ[66] ਦੜਿ[67] ਦੀਬਾਣਿ[68] ਨ ਜਾਹੀ[69]॥	They ever[65] sit[64] in groups[63], as if in mourning[66], and go[69] not into[67] the True Court[68].	ਮਾਤਮ[66] ਕਰਨ ਵਾਲਿਆਂ ਦੀ ਮਾਨਿੰਦ ਉਹ ਸਦਾ[65] ਮਜਮਾ[63] ਬਣਾ ਕੇ ਬੈਠਦੇ[64] ਹਨ ਤੇ ਸੱਚੀ ਕਚਹਿਰੀ[68] ਵਿਚ[67] ਨਹੀਂ ਜਾਂਦੇ[69]।
ਲਕੀ[70] ਕਾਸੇ[71] ਹਥੀ[72] ਫੁੰਮਣ[73] ਅਗੋ ਪਿਛੀ[74] ਜਾਹੀ[75]॥	With begging bowls[71] slung round their loins[70], and a clew[73] in their hands[72], they walk[75] in single file[74].	ਮੰਗਣ ਵਾਲੇ ਠੂਠੇ[71] ਕਮਰਾਂ[70] ਨਾਲ ਲਟਕਦੇ ਹੋਏ ਤੇ ਹਥਾਂ[72] ਵਿਚ ਧਾਗਿਆਂ ਦੇ ਗੁਛਿਆਂ[73] ਨਾਲ ਉਹ ਅੱਗੜ ਪਿੱਛੜ[74] ਤੁਰਦੇ[75] ਹਨ।
ਨਾ ਓਇ[76] ਜੋਗੀ[77] ਨਾ ਓਇ ਜੰਗਮ[78] ਨਾ ਓਇ ਕਾਜੀ[79] ਮੁੰਲਾ[80]॥	They[76] are neither disciples[77] of Gorakh nor adorers of Shiva[78], nor Muslim judges[79] and Muslim preachers[80].	ਨਾਂ ਉਹ[76] ਗੋਰਖ ਦੇ ਸ਼ਿਸ਼[77], ਨਾਂ ਸ਼ਿਵ ਦੇ ਉਪਾਸ਼ਕ[78], ਨਾ ਹੀ ਮੁਸਲਿਮ ਮੁਨਸਫ[79] ਤੇ ਮੁਸਲਿਮ ਉਪਦੇਸ਼ਕ[80] ਹਨ।
੧੫੦	**150**	**੧੫੦**
ਦਯਿ[81] ਵਿਗੋਏ[82] ਫਿਰਹਿ[83] ਵਿਗੁਤੇ[84] ਫਿਟਾ[85] ਵਤੈ[86] ਗਲਾ[87]॥	Ruined[82] by God[81], they walk about[83] disgraced[84], and their entire multitude[87] goes[86] contaminated[85].	ਰੱਬ[81] ਦੇ ਮਾਰੇ[82] ਹੋਏ ਉਹ ਬੇਇਜ਼ਤ[84] ਹੋਏ ਫਿਰਦੇ[83] ਹਨ ਅਤੇ ਉਨ੍ਹਾਂ ਦਾ ਸਮੂਹ ਸਮੁਦਾਅ[87] ਭਰਿਸ਼ਟ[85] ਹੋ ਜਾਂਦਾ[86] ਹੈ।
ਜੀਆ[88] ਮਾਰਿ[89] ਜੀਵਾਲੇ[90] ਸੋਈ[91] ਅਵਰੁ[92] ਨ ਕੋਈ ਰਖੈ[93]॥	The beings[88], that[91] Lord alone kills[89] and restores[90] to life. None else[92] can protect[93] them.	ਪ੍ਰਾਣ ਧਾਰੀਆਂ[88] ਨੂੰ ਕੇਵਲ ਉਹੀ[91] ਸੁਆਮੀ ਮਾਰਦਾ[89] ਤੇ ਸੁਰਜੀਤ[90] ਕਰਦਾ ਹੈ। ਹੋਰ[92] ਕੋਈ ਉਨ੍ਹਾਂ ਨੂੰ ਬਚਾ[93] ਨਹੀਂ ਸਕਦਾ।
ਦਾਨਹੁ[94] ਤੈ[95] ਇਸਨਾਨਹੁ[96] ਵੰਜੇ[97] ਭਸੁ[98] ਪਈ[99] ਸਿਰਿ[2] ਖੁਥੈ[100]॥	They go without[97] giving alms[94] and[95] performing ablutions[96]. The dust[98] alights[99] on their plucked[100] heads[2].	ਉਹ ਪੁੰਨ[94] ਕਰਨੋਂ ਅਤੇ[95] ਮੱਜਨ[96] ਸਾਧਣੋਂ ਵਾਂਝੇ[97] ਰਹਿ ਜਾਂਦੇ ਹਨ। ਉਨ੍ਹਾਂ ਦੇ ਨੋਚਿਆ ਹੋਇਆਂ[100] ਮੂੰਡਾਂ[2] ਉਤੇ ਖੇਹ[98] ਪੈਂਦੀ[99] ਹੈ।

ਪਾਣੀ[3] ਵਿਚਹੁ[4] ਰਤਨ[5] ਉਪੰਨੇ[6] ਮੇਰੁ[7] ਕੀਆ[8] ਮਾਧਾਣੀ[9] ॥	From within[4] water[3] came out[6] the jewel[5], when the mountain of gold[7] was made[8] the churning staff[9].	ਜਦ ਸੁਮੇਰ ਪਰਬਤ[7] ਨੂੰ ਮਧਾਣੀ[9] ਬਣਾਇਆ[8] ਗਿਆ, ਤਾਂ ਜਲ[3] ਵਿਚੋਂ[4] ਜਵੇਹਰ[5] ਨਿਕਲੇ[6] ।
ਅਠਸਠਿ[10]ਤੀਰਥ[12]ਦੇਵੀ[13] ਥਾਪੇ[14] ਪੁਰਬੀ[15] ਲਗੈ[16] ਬਾਣੀ[17] ॥	The gods[13] appointed[14] the sixty-eight[10] places of pilgrimage[12], where festivals[15] are celebrated[16] and hymns[17] are recited.	ਦੇਵਤਿਆਂ[13] ਨੇ ਅਠਾਹਟ[10] ਯਾਤ੍ਰਾ ਅਸਥਾਨ[12] ਮੁਕੱਰਰ[14] ਕੀਤੇ ਹਨ, ਜਿਥੇ ਤਿਉਹਾਰ[15] ਮਨਾਏ[16] ਅਤੇ ਭਜਨ[17] ਗਾਏ ਜਾਂਦੇ ਹਨ ।
ਨਾਇ[18] ਨਿਵਾਜਾ[19] ਨਾਤੈ[20] ਪੂਜਾ[21] ਨਾਵਨਿ[22] ਸਦਾ[23] ਸੁਜਾਣੀ[24] ॥	After ablution[18] the Muslims say prayers[19], after wash[20], the Hindus perform worship[21] and the wise[24] ever[23] bathe[22].	ਗੁਸਲ[18] ਮਗਰੋਂ ਮੁਸਲਮਾਨ ਨਿਮਾਜ਼ਾਂ[19] ਪੜ੍ਹਦੇ ਹਨ, ਇਸ਼ਨਾਨ[20] ਮਗਰੋਂ ਹਿੰਦੂ ਉਪਾਸ਼ਨਾ[21] ਕਰਦੇ ਹਨ ਅਤੇ ਸਿਆਣੇ[24], ਸਦੀਵ[23] ਹੀ ਨ੍ਹਾਉਂਦੇ[22] ਹਨ ।
ਮੁਇਆ[25] ਜੀਵਦਿਆ[26] ਗਤਿ ਹੋਵੈ[27] ਜਾਂ[28] ਸਿਰਿ[29] ਪਾਈਐ[30] ਪਾਣੀ[31] ॥	The dead[25] and the living[26] are purified[27] when[28] water[31] is poured[30] on their heads[29].	ਮਰੇ[25] ਹੋਏ ਤੇ ਜੀਉਂਦੇ[26] ਪਵਿੱਤ੍ਰ ਹੋ ਜਾਂਦੇ[27] ਹਨ, ਜਦ[28] ਉਨ੍ਹਾਂ ਦੇ ਸੀਸਾਂ[29] ਉਤੇ ਜਲ[31] ਪਾਇਆ[30] ਜਾਂਦਾ ਹੈ ।
ਨਾਨਕ ਸਿਰ ਖੁਥੇ[32] ਸੈਤਾਨੀ[33] ਏਨਾ[34] ਗਲ[35] ਨ ਭਾਣੀ[36] ॥	Nanak, the head-plucked[32] are devils[33]. This word[35] of advice pleases[36] them[34] not.	ਨਾਨਕ, ਮੁੰਡ ਖੁਹਾਉਣ[32] ਵਾਲੇ ਭੂਤਨੇ[33] ਹਨ । ਮੱਤ ਦੀ ਗਲਬਾਤ[35] ਉਨ੍ਹਾਂ[34] ਨੂੰ ਚੰਗੀ[36] ਨਹੀਂ ਲੱਗਦੀ ।
ਵੁਠੈ[37] ਹੋਇਐ ਹੋਇ[38] ਬਿਲਾਵਲੁ[39] ਜੀਆ[40] ਜੁਗਤਿ[41] ਸਮਾਣੀ[42] ॥	When it rains[37], there is[38] happiness[39]. The key[41] to the life of beings[40] is contained[42] in water.	ਜਦ ਪਾਣੀ ਵਸਦਾ[37] ਹੈ; ਖੁਸ਼ੀ[39] ਹੁੰਦੀ[38] ਹੈ । ਜੀਵਾਂ[40] ਦੀ ਜ਼ਿੰਦਗੀ ਦੀ ਕੁੰਜੀ[41] ਪਾਣੀ ਵਿਚ ਸਮਾਈ[42] ਹੋਈ ਹੈ ।
ਵੁਠੈ[43] ਅੰਨੁ[44] ਕਮਾਦੁ[45] ਕਪਾਹਾ[46] ਸਭਸੈ[47] ਪੜਦਾ[48] ਹੋਵੈ[49] ॥	When it rains[43], there is corn[44], sugar cane[45] and cotton[46] which affords[49] covering[48] to all[47].	ਜਦ ਪਾਣੀ ਵਸਦਾ[43] ਹੈ, ਅਨਾਜ[44], ਗੰਨਾ[45] ਅਤੇ ਕਪਾਸ[46] ਹੁੰਦੀ ਹੈ, ਜੋ ਸਾਰਿਆਂ[47] ਨੂੰ ਕੱਜਣ ਵਾਲੀ ਚਾਦਰ[48] ਬਣਦੀ[49] ਹੈ ।
ਵੁਠੈ ਘਾਹੁ[50] ਚਰਹਿ[51] ਨਿਤਿ[52] ਸੁਰਹੀ[53] ਸਾਧਨ[54] ਦਹੀ[55] ਵਿਲੋਵੈ[56] ॥	When it rains the cows[53] ever[52] graze[51] grass[50] and the women[54] churn[56] the curd[55] of their milk.	ਜਦ ਮੀਂਹ ਵਰ੍ਹਦਾ ਹੈ, ਗਾਈਆਂ[53] ਸਦਾ[52] ਘਾਸ[50] ਚਰਦੀਆਂ[51] ਹਨ ਅਤੇ ਸੁਆਣੀਆਂ[54] ਉਨ੍ਹਾਂ ਦੇ ਦੁੱਧ ਦਾ ਖੱਟਾ[55] ਰਿੜਕਦੀਆਂ[56] ਹਨ ।
ਤਿਤੁ[57] ਘਿਇ[58] ਹੋਮ[59] ਜਗ[60] ਸਦ[61] ਪੂਜਾ[62] ਪਇਐ[63] ਕਾਰਜੁ[64] ਸੋਹੈ[65] ॥	By putting[63] that[57] clarified butter[58], havan[59], sacred feasts[60] and worships[62] are ever[61] performed and other ceremonies[64] are adorned[65].	ਉਸ[57] ਘਿਉ[58] ਦੇ ਪਾਣ[63] ਦੁਆਰਾ ਹਵਨ[59] ਪਵਿੱਤ੍ਰ ਭੰਡਾਰੇ[60] ਅਤੇ ਉਪਾਸ਼ਨਾਵਾਂ[62] ਨਿੱਤ[61] ਹੀ ਸਰੰਜਾਮ ਦਿੱਤੇ ਜਾਂਦੇ ਹਨ ਤੇ ਹੋਰ ਸੰਸਕਾਰ[64] ਸੁਸ਼ੋਭਤ[65] ਹੁੰਦੇ ਹਨ ।
ਗੁਰੂ ਸਮੁੰਦੁ[66] ਨਦੀ[67] ਸਭਿ[68] ਸਿਖੀ[69] ਨਾਤੈ[70] ਜਿਤੁ[71] ਵਡਿਆਈ[72] ॥	The Guru is the ocean[66], and all[68] his teachings[69] are the river[67], by bathing[70] where-in[71] greatness[72] is obtained.	ਗੁਰੂ ਸਮੁੰਦਰ[66] ਹੈ ਅਤੇ ਉਸ ਦੀਆਂ ਸਾਰੀਆਂ[68] ਸਿਖਸ਼ਾਵਾਂ[69] ਦਰਿਆ[67] ਹਨ, ਜਿਨ੍ਹਾਂ[71] ਵਿਚ ਨ੍ਹਾਉਣ[70] ਦੁਆਰਾ ਬਜ਼ੁਰਗੀ[72] ਪਰਾਪਤ ਹੁੰਦੀ ਹੈ ।

ਨਾਨਕ ਜੇ[73] ਸਿਰੁ[74] ਖੁਥੇ ਨਾਵਨਿ[75] ਨਾਹੀ ਤਾ[76] ਸਤ[77] ਚਟੇ[78] ਸਿਰਿ[79] ਛਾਈ[80] ॥ ੧ ॥

Nanak, if[73] the plucked-heads[74] bathe[75] not, then[76] seven[77] handfuls[78] of ashes[80] be on their heads[79].

ਨਾਨਕ, ਜੇਕਰ[73] ਮੁੰਡ-ਨੁਚਵਾਉਣ[74] ਵਾਲੇ ਇਸ਼ਨਾਨ[75] ਨਾ ਕਰਨ, ਤਦ[76] ਸਤ[77] ਬੁੱਕ[78] ਸੁਆਹ[80] ਦੇ ਉਹਨਾਂ ਦੇ ਝਾਟੇ[79] ਉਤੇ ਪੈਣ ।

ਮ: ੨ ॥

Second Guru.

ਦੂਜੀ ਪਾਤਸ਼ਾਹੀ ।

ਅਗੀ[81] ਪਾਲਾ[82] ਕਿ ਕਰੇ ਸੂਰਜ[83] ਕੇਹੀ[84] ਰਾਤਿ[85] ॥ ਚੰਦ[86] ਅਨੇਰਾ[87] ਕਿ ਕਰੇ ਪਉਣ[88] ਪਾਣੀ[89] ਕਿਆ ਜਾਤਿ[90] ॥

What can cold[82] do to fire[81] and how[84] can night[85] affect the sun[83] ? What effect can darkness[87] have on the moon[86] ? What effect has caste[90] on air[88] and water[89] ?

ਠੰਢ[82] ਅੱਗ[81] ਨੂੰ ਕੀ ਕਰ ਸਕਦੀ ਹੈ ਅਤੇ ਰੈਣ[85] ਸੂਰਜ[83] ਤੇ ਕਿਸ ਤਰ੍ਹਾਂ[84] ਅਸਰ ਕਰ ਸਕਦੀ ਹੈ ? ਅੰਧੇਰਾ[87] ਚੰਨ[86] ਤੇ ਕੀ ਅਸਰ ਕਰ ਸਕਦਾ ਹੈ ? ਜਾਤੀ[90] ਦਾ ਹਵਾ[88] ਅਤੇ ਜਲ[89] ਤੇ ਕੀ ਅਸਰ ਹੈ ?

ਧਰਤੀ[91] ਚੀਜੀ[92] ਕਿ ਕਰੇ ਜਿਸੁ ਵਿਚਿ[95] ਸਭੁ ਕਿਛੁ[93] ਹੋਇ[94] ॥

What should the earth[91] do with chattels[92], where-in[95] all the things[93] are produced[94] ?

ਜ਼ਮੀਨ[91] ਵਸਤੂਆਂ[92] ਨੂੰ ਕੀ ਕਰੇ, ਜੀਹਦੇ[95] ਅੰਦਰ ਸਾਰਾ[93] ਕੁਝ ਪੈਦਾ[94] ਹੁੰਦਾ ਹੈ ?

ਨਾਨਕ ਤਾ[96] ਪਤਿ[97] ਜਾਣੀਐ[98] ਜਾ[99] ਪਤਿ[100] ਰਖੈ[2] ਸੋਇ[3] ॥ ੨ ॥

Nanak, then[96] alone the mortal is deemed[98] honourable[97], when[99] that[3] Lord preserves[2] his honour[100].

ਨਾਨਕ, ਪ੍ਰਾਣੀ ਕੇਵਲ ਤਦ[96] ਹੀ ਪਤਵੰਤਾ[97] ਸਮਝਿਆ[98] ਜਾਂਦਾ ਹੈ, ਜਦ[99] ਉਹ[3] ਸਾਹਿਬ ਉਸ ਦੀ ਇਜ਼ਤ-ਆਬਰੂ[100] ਬਰਕਰਾਰ[2] ਰੱਖੇ ।

ਪਉੜੀ ॥

Pauri.

ਪਉੜੀ ।

ਤੁਧੁ[4] ਸਚੇ[5] ਸੁਬਹਾਨੁ[6] ਸਦਾ[7] ਕਲਾਣਿਆ[8] ॥ ਤੂੰ ਸਚਾ[9] ਦੀਬਾਣੁ[10] ਹੋਰਿ[12] ਆਵਣ ਜਾਣਿਆ[13] ॥

Thine[4], O' my wonderous[6] True Lord[5] ! I have ever[7] sung[8] the praises. Thou alone hast the eternal[9] court[10]. All others[12] are subject to coming and going[13].

ਤੇਰੀ[4], ਹੇ ਮੇਰੇ ਅਸਚਰਜ[6] ਸੱਚੇ ਸੁਆਮੀ[5] ! ਮੈਂ ਹਮੇਸ਼ਾਂ[7] ਕੀਰਤੀ ਗਾਇਨ[8] ਕੀਤੀ ਹੈ । ਤੇਰਾ ਸਦੀਵੀ ਸਥਿਰ[9] ਦਰਬਾਰ[10] ਹੈ । ਹੋਰ[12] ਸਾਰੇ ਆਉਣ ਤੇ ਜਾਣ[13] ਦੇ ਅਧੀਨ ਹਨ ।

ਸਚੁ[14] ਜਿ[15] ਮੰਗਹਿ[16] ਦਾਨੁ[17] ਸਿ[18] ਤੁਧੈ[19] ਜੇਹਿਆ[20] ॥ ਸਚੁ[23] ਤੇਰਾ ਫੁਰਮਾਨੁ[21] ਸਬਦੇ[22] ਸੋਹਿਆ[24] ॥

They[18], who[15] ask[16] for the gift[17] of the True Name[14], are like[20] Thee[19]. True[23] is Thine command[21]. With Thine Name[22] the man is bedecked[24].

ਜੋ[15] ਸਤਿਨਾਮ[14] ਦੀ ਦਾਤ[17] ਦੀ ਯਾਚਨਾ[16] ਕਰਦੇ ਹਨ, ਉਹ[18] ਤੇਰੇ[19] ਵਰਗੇ[20] ਹੀ ਹਨ । ਸਤਿ[23] ਹੈ ਤੇਰਾ ਹੁਕਮ[21] । ਤੇਰੇ ਨਾਮ[22] ਨਾਲ ਇਨਸਾਨ ਸ਼ਿੰਗਾਰਿਆ[24] ਜਾਂਦਾ ਹੈ ।

ਮੰਨਿਐ[25] ਗਿਆਨੁ[26] ਧਿਆਨੁ[27] ਤੁਧੈ[28] ਤੇ ਪਾਇਆ[29] ॥ ਕਰਮਿ[30] ਪਵੈ[31] ਨੀਸਾਨੁ[32] ਨ ਚਲੈ[33] ਚਲਾਇਆ[34] ॥

Believing[25] in Thee, O' Lord ! man receives[29] from Thee[28] Divine knowledge[26] and Thy meditation[27]. By Thine grace[30], man obtains[31] the mark[32] of honour which cannot be effaced[33] by effacing[34].

ਤੇਰੇ ਤੇ ਭਰੋਸਾ ਲਿਆਉਣ[25] ਦੁਆਰਾ, ਹੇ ਸਾਈਂ ! ਬੰਦਾ ਤੇਰੇ[28] ਪਾਸੋਂ ਬ੍ਰਹਿਮ[26] ਬੋਧ ਅਤੇ ਤੇਰਾ ਸਿਮਰਨ[27] ਪਰਾਪਤ[29] ਕਰ ਲੈਂਦਾ ਹੈ । ਤੇਰੀ ਦਇਆ[30] ਦੁਆਰਾ, ਆਦਮੀ ਤੇ ਇਜ਼ਤ ਆਬਰੂ ਦਾ ਚਿੰਨ੍ਹ[32] ਪੈ ਜਾਂਦਾ[31] ਹੈ, ਜਿਹੜਾ ਮਿਟਾਉਣ[34] ਦੁਆਰਾ ਮਿਟਦਾ[33] ਨਹੀਂ ।

ਤੂੰ ਸਚਾ ਦਾਤਾਰੁ[35] ਨਿਤ[36] ਦੇਵਹਿ[37] ਚੜਹਿ ਸਵਾਇਆ[38] ॥	Thou the True Bestower[35] ever[36] givest[37]. Thine gifts become more and[38] more.	ਤੂੰ ਸਚਾ ਦਾਤਾ[35] ਹੈਂ ਅਤੇ ਸਦੀਵ[36] ਹੀ ਦਿੰਦਾ[37] ਹੈਂ। ਤੇਰੀਆਂ ਦਾਤਾਂ ਵਧੇਰੇ ਹੀ ਵਧੇਰੇ[38] ਹੁੰਦੀਆਂ ਜਾਂਦੀਆਂ ਹਨ।
ਨਾਨਕੁ ਮੰਗੈ[39] ਦਾਨੁ[40] ਜੋ[41] ਤੁਧੁ[42] ਭਾਇਆ[43] ॥੨੬॥	Nanak asks[39] for the gift[40] which[41] is pleasing[43] unto Thee[42], O' Lord !	ਨਾਨਕ ਤੇਰੇ ਪਾਸੋਂ ਇਕ ਦਾਤ[40] ਦੀ ਯਾਚਨਾ [39]ਕਰਦਾ ਹੈ, ਜਿਹੜੀ[41] ਤੈਨੂੰ[42] ਚੰਗੀ ਲਗਦੀ[43] ਹੈ, ਹੇ ਸੁਆਮੀ!
ਸਲੋਕੁ ਮ: ੨ ॥	Slok, Second Guru.	ਸਲੋਕ, ਦੂਜੀ ਪਾਤਸ਼ਾਹੀ।
ਦੀਖਿਆ[44] ਆਖਿ[45] ਬੁਝਾਇਆ[46] ਸਿਫਤੀ[47] ਸਚਿ[48] ਸਮੇਉ[49] ॥	They, whom the instruction[44] (of Guru Nanak) has taught[45] and put on the right[46] path, remain absorbed[49] in the praises[47] of the True Lord[48].	ਜਿਨ੍ਹਾਂ ਨੂੰ (ਗੁਰੂ ਨਾਨਕ ਦੀ) ਸਿਖਿਆ[44] ਨੇ ਪੜ੍ਹਾਇਆ[45] ਅਤੇ ਠੀਕ ਰਸਤੇ[46] ਪਾਇਆ ਹੈ, ਉਹ ਸੱਚੇ ਸੁਆਮੀ[48] ਦੀ ਸਿਫ਼ਤ-ਸ਼ਲਾਘਾ[47] ਅੰਦਰ ਲੀਨ[49] ਰਹਿੰਦੇ ਹਨ।
ਤਿਨ ਕਉ ਕਿਆ[50] ਉਪਦੇਸੀਐ[51] ਜਿਨ ਗੁਰੁ ਨਾਨਕ ਦੇਉ[52] ॥ ੧ ॥	What[50] instruction[51] can be imparted to them, who have God-incarnate[52] Nanak as their Guru ?	ਉਨ੍ਹਾਂ ਨੂੰ ਕਿਹੜੀ[50] ਸਿੱਖ-ਮਤ[51] ਦਿੱਤੀ ਜਾ ਸਕਦੀ ਹੈ, ਜਿਨ੍ਹਾਂ ਦਾ ਗੁਰੂ ਰਬ-ਰੂਪ[52] ਨਾਨਕ ਹੈ।
ਮ: ੧ ॥	First Guru.	ਪਹਿਲੀ ਪਾਤਸ਼ਾਹੀ।
ਆਪਿ[53] ਬੁਝਾਏ ਸੋਈ[54] ਬੂਝੈ[55] ॥	He[54], whom He Himself[53] causes to understand, understands[55] Him.	ਜਿਸ ਨੂੰ ਉਹ ਖ਼ੁਦ[53] ਸਮਝਾਉਂਦਾ ਹੈ, ਉਹੀ[54] ਉਸ ਨੂੰ ਸਮਝਦਾ[55] ਹੈ।
ਜਿਸੁ ਆਪਿ ਸੁਝਾਏ[56] ਤਿਸੁ[58] ਸਭੁ[57] ਕਿਛੁ ਸੂਝੈ[59] ॥	Whom the Lord Himself gives knowledge[56], he[58] comes to know[59] every thing[57].	ਜਿਸ ਨੂੰ ਸਾਹਿਬ ਆਪੇ ਗਿਆਤ[56] ਦਿੰਦਾ ਹੈ, ਉਹ[58] ਸਾਰਾ ਕੁਝ[57] ਜਾਣ ਲੈਂਦਾ[59] ਹੈ।
ਕਹਿ[60] ਕਹਿ ਕਥਨਾ[61] ਮਾਇਆ[62] ਲੂਝੈ[63] ॥	The preacher regularly preaches[60] and sermons[61] but longs[63] for wealth[62].	ਪ੍ਰਚਾਰਕ ਬਰਾਬਰ ਉਪਦੇਸ਼[60] ਕਰਦਾ ਤੇ ਧਰਮ ਪ੍ਰਚਾਰਦਾ[61] ਹੈ, ਪ੍ਰੰਤੂ ਧਨ-ਦੌਲਤ[62] ਨੂੰ ਤਰਸਦਾ[63] ਹੈ।
ਹੁਕਮੀ[64] ਸਗਲ[65] ਕਰੇ[66] ਆਕਾਰ[67] ॥	The Commander[64] has created[66] the entire[65] creation[67].	ਹਾਕਮ[64] ਨੇ ਸਮੂਹ[65] ਰਚਨਾ[67] ਰਚੀ[66] ਹੈ।
ਆਪੇ ਜਾਣੈ ਸਰਬ[68] ਵੀਚਾਰ[69] ॥	He Himself understands the mental out-look[69] of all[68].	ਉਹ ਖ਼ੁਦ ਹੀ ਸਾਰਿਆਂ[68] ਦੇ ਆਤਮਕ ਨੁਕਤਾ-ਨਿਗਾਹ[69] ਨੂੰ ਸਮਝਦਾ ਹੈ।
ਅਖਰ[70] ਨਾਨਕ ਆਖਿਓ[71] ਆਪਿ[72] ॥	Nanak, the Lord Himself[72] has uttered forth[71] the Word[70].	ਨਾਨਕ, ਪ੍ਰਭੂ ਨੇ ਆਪੇ[72] ਹੀ ਬਾਣੀ[70] ਦਾ ਉਚਾਰਣ[71] ਕੀਤਾ ਹੈ।
ਲਹੈ[73] ਭਰਾਤਿ[74] ਹੋਵੈ[75] ਜਿਸੁ[76] ਦਾਤਿ[77] ॥ ੨ ॥	Doubt[74] departs[73] from Him, who[76] receives[75] the gift[77].	ਜਿਸ[76] ਨੂੰ ਬਖ਼ਸ਼ੀਸ਼[77] ਪਰਾਪਤ[75] ਹੁੰਦੀ ਹੈ, ਉਸ ਦਾ ਸੰਦੇਹ[74] ਦੂਰ[73] ਹੋ ਜਾਂਦਾ ਹੈ।
ਪਉੜੀ ॥	Pauri.	ਪਉੜੀ।
ਹਉ[78] ਢਾਢੀ[79] ਵੇਕਾਰੁ[80] ਕਾਰੈ[81] ਲਾਇਆ ॥	Me[78], the bard[79] out of work[80], the Lord has applied to His service[81].	ਮੈਂ[78], ਨਿਕੰਮੇ[80] ਭੱਟ[79] ਨੂੰ, ਪ੍ਰਭੂ ਨੇ ਆਪਣੀ ਸੇਵਾ[81] ਵਿਚ ਲਾ ਲਿਆ ਹੈ।

ਰਾਤਿ[82] ਦਿਹੈ[83] ਕੈ ਵਾਰ[84] ਧੁਰਹੁ[85] ਫੁਰਮਾਇਆ[86] ॥	In the very beginning[85] He gave me[86] the order to sing His praises[84] night[82] and day[83].	ਐਨ ਆਰੰਭ[85] ਵਿਚ ਉਸ ਨੇ ਰੈਣ[82] ਦਿਨ[83] ਆਪਣਾ ਜੱਸ[84] ਗਾਇਨ ਕਰਨ ਦਾ ਹੁਕਮ ਮੈਨੂੰ ਦੇ ਦਿੱਤਾ[86] ।
ਢਾਢੀ ਸਚੈ ਮਹਲਿ[87] ਖਸਮਿ[88] ਬੁਲਾਇਆ[89] ॥	The Master[88] summoned[89] the minstrel to His True Court[87].	ਮਾਲਕ[88] ਨੇ ਭੱਟ ਨੂੰ ਆਪਣੇ ਸੱਚੇ ਦਰਬਾਰ[87] ਅੰਦਰ ਸੱਦ[89] ਘਲਿਆ ।
ਸਚੀ ਸਿਫਤਿ[90] ਸਾਲਾਹ[91] ਕਪੜਾ[92] ਪਾਇਆ[93] ॥	He clothed[93] me with the robe[92] of His true honour[90] and eulogy[91].	ਉਸ ਨੇ ਆਪਣੀ ਸੱਚੀ ਕੀਰਤੀ[90] ਤੇ ਜੱਸ[91] ਦੀ ਪੁਸ਼ਾਕ[92] ਮੈਨੂੰ ਪਵਾ[93] ਦਿੱਤੀ ।
ਸਚਾ ਅੰਮ੍ਰਿਤ[94] ਨਾਮੁ ਭੋਜਨੁ[95] ਆਇਆ[96] ॥	Since then the True Name has become[96] my ambrosial[94] food[95].	ਤਦ ਤੋਂ ਸਤਿਨਾਮ ਮੇਰਾ ਸੁਧਾ[94]-ਸਰੂਪ ਖਾਣਾ[95] ਬਣ ਗਿਆ[96] ਹੈ !
ਗੁਰਮਤੀ[97] ਖਾਧਾ[98] ਰਜਿ[99] ਤਿਨਿ[100] ਸੁਖੁ[2] ਪਾਇਆ ॥	They[100], who under the Guru's instruction[97], eat[98] this food to their satisfaction[99], obtain peace[2].	ਜੋ ਗੁਰਾਂ ਦੇ ਉਪਦੇਸ਼[97] ਤਾਬੇ, ਇਸ ਖਾਣੇ ਨੂੰ ਰੱਜ[99] ਕੇ ਛਕਦੇ[98] ਹਨ ਉਹ[100] ਆਰਾਮ[2] ਪਾਉਂਦੇ ਹਨ ।
ਢਾਢੀ[6] ਕਰੇ ਪਸਾਉ[3] ਸਬਦੁ[4] ਵਜਾਇਆ[5] ॥	By singing[5] the Guru's hymns[4], I, the minstrel[6] spread[3] the Lord's glory.	ਗੁਰਬਾਣੀ[4] ਗਾਇਨ[5] ਕਰਨ ਦੁਆਰਾ, ਮੈਂ, ਜੱਸ ਗਾਉਣ[6] ਵਾਲਾ, ਸਾਹਿਬ ਦੀ ਵਡਿਆਈ ਵਿਸਤਾਰਦਾ[3] ਹਾਂ ।
ਨਾਨਕ ਸਚੁ[7] ਸਾਲਾਹਿ[8] ਪੂਰਾ[9] ਪਾਇਆ[10] ॥੨੭॥ ॥ ਸੁਧੁ ॥	Nanak, by praising[8] the True Name[7] I have obtained[10] the perfect Lord[9].	ਨਾਨਕ, ਸੱਚੇ ਨਾਮ[7] ਦੀ ਉਸਤਤੀ[8] ਕਰਨ ਦੁਆਰਾ ਮੈਂ ਮੁਕੰਮਲ ਮਾਲਕ[9] ਨੂੰ ਪਰਾਪਤ[10] ਕਰ ਲਿਆ ਹੈ ।